# 24ਵੇਂ ਤੀਰਥੰਕਰ



## ਵਰਧਮਾਨ ਭਗਵਾਨ ਮਹਾਵੀਰ

( 599-527 ਈ: ਪੂਰਵ )

A-1

# ਪੁਰਾਤਨ ਪੰਜਾਬ ਵਿਚ ਜੈਨ ਧਰਮ

ਅਤੇ

# ਭਗਵਾਨ ਮਹਾਵੀਰ ਪੁਸਤਕ ਦੀ ਪ੍ਰੇਰਿਕਾ



ਜੈਨ ਸਾਧਵੀ ਰਤਨ

## ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ

ਨੂੰ ਸਾਦਰ ਸਮਰਪਿਤ

A-2

ਅਰ੍ਹੰ

## ਪੁਰਾਤਨ ਪੰਜਾਬ ਵਿਚ

# ਜੈਨ ਧਰਮ



ਪ੍ਰੇਰਿਕਾ :

ਜਿਨ ਸ਼ਾਸਨ ਪ੍ਰਭਾਵਿਕਾ ਸਧਵੀ ਰਤਨ

**ਸ੍ਰੀ ਸਵਰਨ ਕਾਂਤਾ ਜੀ ਮਹਾਰਾਜ**


ਲੇਖਕ :

ਰਵਿੰਦਰ ਕੁਮਾਰ ਜੈਨ ਪੁਰਸ਼ੋਤਮ ਜੈਨ



ਪ੍ਰਕਾਸ਼ਕ :

**ਪੱਚੀਸਵੀਂ ਮਹਾਵੀਰ ਨਿਰਵਾਨ ਸ਼ਤਾਵਦੀ**

**ਸੰਯੋਜਿਕਾ ਸਮਿਤੀ, ਪੰਜਾਬ**

ਵਿਮਲ ਕੋਲ ਡਿਪੂ, ਮਹਾਵੀਰ ਸਟਰੀਟ ਮਾਲੇਰ ਕੋਟਲਾ (ਸੰਗਰੂਰ)


A-3

# ਸਮੱਰਪਨ

ਭਗਵਾਨ ਮਹਾਵੀਰ ਦੀ ਸਾਧਵੀ ਪ੍ਰੰਪਰਾ ਦਾ ਆਦਰਸ਼ 25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਕਮੇਟੀ ਪੰਜਾਬ ਜੈਨ ਏਕਤਾ ਦੀ ਪ੍ਰਤੀਕ, ਇੰਟਰਨੈਸ਼ਨਲ ਪਾਰਵਤੀ ਜੈਨ ਐਵਾਰਡ ਅਤੇ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਿਕਾ ਪ੍ਰਸਿਧ ਇਤਿਹਾਸਕਾਰ, ਪੰਜਾਬੀ ਸਾਧਵੀ ਪ੍ਰੰਪਰਾ ਸ਼੍ਰੀ ਪਾਰਵਤੀ ਜੀ ਮਹਾਰਾਜ ਦੀ ਸ਼ਿਸ਼ ਪਰੰਪਰਾ ਨੂੰ ਅੱਗੇ ਤੋਰਨ ਵਾਲੀ, ਸ਼ਾਧਵੀ ਸ਼੍ਰੀ ਰਾਜਮਤੀ ਜੀ ਮਹਾਰਾਜ ਤੋਂ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਕੇ, ਲੇਖਕਾਂ ਦੀ ਜੀਵਨ ਨਿਰਮਾਤਾ ਗੁਰਣੀ, ਗਰੀਬਾਂ, ਮਜਲੂਮਾ, ਯਤੀਮਾਂ ਅਤੇ ਵਿਧਵਾਂ ਦੀ ਸਹਾਇਕ, ਸਮਾਜਿਕ ਬੁਰਾਇਆਂ ਪ੍ਰਤਿ ਜਾਗਰੂਕ, ਅਨੇਕਾਂ ਸੰਸਥਾਵਾਂ ਦੀ ਸੰਸਥਾਪਕ, ਅਨੇਕਾਂ ਭਾਸ਼ਾਵਾਂ ਦੀ ਵਿਦਵਾਨ, ਕਵਿ, ਲੇਖਿਕਾ ਸਾਧਵੀ ਰਤਨ ਜਿਨ ਸ਼ਾਸਨ ਪ੍ਰਭਾਵਿਕਾ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਸਮਰਪਣ : ਸੇਵਕ

—ਰਵਿੰਦਰ ਜੈਨ, ਪੁਰਸ਼ੋਤਮ ਜੈਨ



# ਮੁੱਢਲੀ ਜਾਣ-ਪਹਿਚਾਣ

—ਸ: ਸ਼ਮਸ਼ੇਰ ਸਿੰਘ 'ਅਸ਼ੋਕ'

ਮੈਂ ਸ੍ਰੀ ਰਵਿੰਦਰ ਕੁਮਾਰ ਅਤੇ ਪੁਰਸ਼ੋਤਮ ਦਾਸ ਜੈਨ ਦੀ ਪੁਸਤਕ **"ਪੁਰਾਤਨ ਪੰਜਾਬ ਵਿਚ ਜੈਨ ਧਰਮ"** ਜੋ 250 ਸਫ਼ਿਆਂ ਦੀ ਹੈ, ਆਦਿ ਤੋਂ ਅੰਤ ਤਕ ਬੜੇ ਧਿਆਨ ਨਾਲ ਪੜ੍ਹੀ ਹੈ। ਇਹ ਇਸ ਸੰਬੰਧ ਵਿਚ ਆਪਣੀ ਕਿਸਮ ਦੀ ਇਕੋ ਇਕ ਇਤਿਹਾਸਿਕ ਪੜਚੋਲ ਹੋਣ ਕਰ ਕੇ, ਪੁਰਾਤਨ ਪੰਜਾਬ ਨਾਲ ਜੈਨ ਧਰਮ ਦੇ ਮੁੱਢਲੇ ਸੰਬੰਧਾਂ ਬਾਰੇ ਭਰਪੂਰ ਚਾਨਣਾ ਪਾਉਂਦੀ ਹੈ। ਵਿਦਵਾਨ ਲੇਖਕਾਂ ਨੇ ਇਸ ਨੂੰ ਬੜੇ ਕਲਾਤਮਕ ਢੰਗ ਨਾਲ ਚਾਰ ਭਾਗਾਂ ਵਿਚ ਵੰਡਿਆ ਹੈ। ਉਹ ਭਾਗ ਹਨ (1) ਤੀਰਥੰਕਰ ਯੁਗ (2) ਭਗਵਾਨ ਮਹਾਵੀਰ ਤੋਂ ਰਾਜਾ ਕੁਮਾਰ ਪਾਲ ਸੋਲੰਕੀ ਤਕ ਦਾ ਸਮਾਂ (3) ਮੁਗ਼ਲ ਕਾਲ ਵਿਚ ਜੈਨ ਧਰਮ ਦੀ ਸਥਿਤੀ ਤੇ (4) ਸਿੱਖ ਰਾਜ ਦੇ ਸਮੇਂ ਤੋਂ ਲੈ ਕੇ ਅੱਜ ਤਕ ਜੈਨ ਧਰਮ ਦੇ ਸਮਾਜਿਕ ਅੰਦੋਲਨ ਤੇ ਪਰਿਵਰਤਨ। ਇਸ ਤੋਂ ਪੰਜਾਬੀ ਪਾਠਕ ਸਹਿਜੇ ਹੀ ਇਸ ਗ੍ਰੰਥ ਦੀ ਅਹਿਮੀਅਤ ਦਾ ਸਹੀ ਅਨੁਮਾਨ ਲਗਾ ਸਕਦੇ ਹਨ।

ਇਸ ਪੁਸਤਕ ਦੇ ਸੰਕਲਨ ਵਿਚ ਵੈਦਿਕ, ਪੁਰਾਣਿਕ ਸਿਮ੍ਰਤੀ ਗ੍ਰੰਥਾਂ ਦੇ ਨਾਲ ਹੀ ਬੋਧੀ ਗ੍ਰੰਥਾਂ ਤੇ ਰਾਜ ਤਰੰਗਿਣੀ ਆਦਿ ਇਤਿਹਾਸਿਕ ਗ੍ਰੰਥਾਂ ਦੀ ਵੀ ਸਹਾਇਤਾ ਲਈ ਗਈ ਹੈ। ਫੇਰ ਜੈਨ ਸੂਤਰਾਂ ਦੇ ਮੁਤਾਬਿਕ, ਜਿਵੇਂ ਕਿ ਉਨ੍ਹਾਂ ਵਿਚ ਇਸ ਧਰਮ ਦੇ ਵਿਦਵਾਨ ਗਣਧਰਾਂ ਅਤੇ ਆਚਾਰੀਆਂ ਨੇ ਇਸ ਦੇਸ਼ ਦੇ ਹਰੇਕ ਸਥਾਨ ਤੇ ਪਰਯਟਨ ਕਰਕੇ ਉਥੋਂ ਦੇ ਰੀਤੀ-ਰਿਵਾਜਾਂ ਦੇ ਨਾਲ ਹੀ ਸਮਾਜਿਕ ਅਤੇ ਸੰਸਕ੍ਰਿਤਿਕ ਰਹਿਣ ਸਹਿਣ ਦਾ ਖ਼ਾਕਾ ਵੀ ਉਲੀਕਿਆ ਹੈ, ਇਸ ਪੁਸਤਕ ਦੀ ਤਿਆਰੀ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਬੜ ਖੋਜ ਭਰੇ ਢੰਗ ਨਾਲ ਮੂਰਤੀਮਾਨ ਕੀਤਾ ਹੈ।

ਪੁਰਾਤਨ ਪੰਜਾਬ ਦੀ ਇਤਿਹਾਸਿਕ ਰੂਪ-ਰੇਖਾ ਸਪਸ਼ਟ ਕਰਨ ਲਈ ਏਥੇ ਜਿਤਨੇ ਵੀ ਸ਼ਿਲਾ ਲੇਖ, ਮੂਰਤੀਆਂ, ਪੱਟਾਵਲੀਆਂ (ਕੁਰਸੀ ਨਾਮੇ), ਯਾਦ-ਦਾਸ਼ਤਾਂ, ਯਾਤਰਾ-ਵਿਵਰਣ, ਪੁਰਾਤਨ ਸਮਾਰਕਾਂ ਦੇ ਵੀ ਹਵਾਲੇ ਬੜੇ ਵਿਗਿਆਨਕ ਢੰਗ ਨਾਲ ਪੇਸ਼ ਕੀਤੇ ਹਨ।

ਪ੍ਰਾਚੀਨ ਜੈਨ ਰਾਜਿਆਂ ਨੇ ਸਮਰਾਟ ਚੰਦਰ ਗੁਪਤ ਮੌਰਯ ਤੋਂ ਲੈ ਕੇ 11ਵੀਂ-12ਵੀਂ ਸਦੀ ਤਕ ਜਿਤਨਾ ਵੀ ਸਮਾਜਿਕ ਸੁਧਾਰ ਤੇ ਧਰਮ ਪ੍ਰਚਾਰ ਕੀਤਾ ਤੇ ਇਥੋਂ ਦੇ ਲੋਕਾਂ ਨੂੰ ਸ਼ੈਵ ਤੇ ਸ਼ਾਕਤ ਸੰਪ੍ਰਦਾਵਾਂ ਦੇ ਹਿੰਸਾ ਪਰਕ ਸੁਭਾਉ ਤੋਂ ਭਲੀ ਪ੍ਰਕਾਰ ਜਾਣੂ ਕਰਾ ਕੇ ਬਚਾਇਆ, ਇਸਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਵੈਦਿਕ ਅਤੇ ਵੈਸ਼ਣਵ ਧਰਮਾਵਲੰਬੀ ਲੋਕ ਮਾਸ, ਸ਼ਰਾਬ ਆਦਿ ਅਯਾਸ਼ੀ ਦੇ ਪਰਤਵਾਰੇ ਤੋਂ ਪੂਰੀ ਤਰ੍ਹਾਂ ਬਚੇ

ਰਹੇ। ਪਸ਼ੂ ਬਲੀ, ਨਰ ਬਲੀ ਆਦਿ ਦੀ ਭੈੜੀ ਪ੍ਰਥਾ, ਜੋ ਇਨਸਾਨਾਂ ਨੂੰ ਹੈਵਾਨ ਬਣਾ ਰਹੀ ਸੀ, ਇਸ ਦੇਸ਼ ਤੋਂ ਹੁਣ ਤਕ ਸੌ ਕੋਹਾਂ ਦੂਰ ਰਹੀ।

ਜੈਨ ਧਰਮ ਜੋ ਕਿ ਇਕ ਅਹਿੰਸਾਵਾਦੀ ਧਰਮ ਹੈ, ਪੰਜਾਬ ਦੀ ਲੌਕਿਕ ਜ਼ਿੰਦਗੀ ਉੱਤੇ ਹਮੇਸ਼ਾ ਹਾਵੀ ਰਿਹਾ ਅਤੇ ਇਥੋਂ ਦੇ ਵੈਦਿਕ ਧਰਮੀ, ਵਿਸ਼ੇਸ਼ ਕਰ ਕੇ ਬ੍ਰਾਹਮਣ ਹਮੇਸ਼ਾ ਸ਼ੁੱਧ ਸ਼ਾਕਾਹਾਰੀ (ਫਲਾਹਾਰੀ) ਰਹੇ, ਹਾਲਾਂਕਿ ਇਨ੍ਹਾਂ ਦੇ ਮੁਕਾਬਲੇ ਤੇ ਪੰਜਾਬ ਤੋਂ ਛੁੱਟ ਦੇਸ਼ ਦੇ ਹੋਰ ਹਿੱਸਿਆਂ ਦੇ ਬ੍ਰਾਹਮਣ ਸ਼ਾਕਾਹਾਰੀ ਘੱਟ ਮਿਲਦੇ ਹਨ, ਜੋ ਕਿ ਪ੍ਰਾਚੀਨ ਪੰਜਾਬ ਵਿਚ ਜੈਨ ਧਰਮ ਦੇ ਇਸ ਮਾਨਵੀ ਪ੍ਰਚਾਰ ਦਾ ਇਕ ਖ਼ਾਸ ਸਿੱਟਾਂ ਹੈ।

ਜੈਨ ਧਰਮ ਦੇ ਤਿੰਨ ਤੀਰਥੰਕਰ (1) ਸ਼ਾਂਤੀ ਨਾਥ (2) ਕੁੰਥੂ ਨਾਥ ਅਤੇ (3) ਅਰਹਨ ਨਾਥ ਕੁਰੂ ਦੇਸ਼ ਦੀ ਰਾਜਧਾਨੀ ਹਸਤਨਾਪੁਰ ਦੇ ਜੰਮ ਪਲ ਅਤੇ ਇਥੋਂ ਦੇ ਹੀ ਭੂਪਤਿ (ਮਹਾਰਾਜੇ) ਸਨ। ਪਹਿਲੇ ਤੀਰਥੰਕਰ ਰਿਖਭ ਦੇਵ ਦਾ ਸਭ ਤੋਂ ਛੋਟਾ ਪੁਤਰ ਬਾਹੂ ਬਲੀ, ਜਿਸ ਦੇ ਨਾਂ ਤੋਂ ਬਹਾਵਲ ਪੁਰ ਆਬਾਦ ਹੋਇਆ ਮੰਨਿਆ ਜਾਂਦਾ ਹੈ, ਗੰਧਾਰ ਦੇਸ਼ ਦਾ ਮਹਾਰਾਜਾ ਸੀ ਅਤੇ ਉਸ ਦੀ ਰਾਜਧਾਨੀ ਪੱਛਮੀ ਪੰਜਾਬ ਦਾ ਪ੍ਰਸਿਧ ਨਗਰ ਤਕਸ਼ ਸ਼ਿਲਾ (ਟੈਕਸਿਲਾ) ਸੀ। 23ਵੇਂ ਤੀਰਥੰਕਰ ਪਾਰਸ਼ ਨਾਥ ਅਪਣੇ ਧਰਮ ਪ੍ਰਚਾਰ ਸਮੇਂ ਕਸ਼ਮੀਰ, ਗੰਧਾਰ ਅਤੇ ਪੁਰੂ ਦੇਸ਼ (ਰਾਜਾ ਪੋਰਸ ਦੀ ਰਾਜਧਾਨੀ) ਵਿਚ ਘੁੰਮੇ ਸਨ। ਉਨ੍ਹਾਂ ਦਾ ਜਨਮ ਈਸਾ ਤੋਂ 777 ਵਰ੍ਹੇ ਪਹਿਲਾਂ ਬਨਾਰਸ ਦੇ ਰਾਜਾ ਅਸ਼੍ਵ ਸੈਨ ਦੇ ਘਰ ਰਾਣੀ ਵਾਮਾ ਦੇਵੀ ਦੇ ਉਦਰੋਂ ਹੋਇਆ ਸੀ। ਅੰਤਿਮ ਤੇ 24ਵੇਂ ਤੀਰਥੰਕਰ ਭਗਵਾਨ ਮਹਾਵੀਰ (ਈ: ਪੂ: 599-527) ਪੰਜਾਬ ਵਿਚ ਕਈ ਵਾਰ ਆਏ ਸਨ। ਇਨ੍ਹਾਂ ਬਾਰੇ ਲੇਖਕਾਂ ਨੇ ਪੁਰਾਤਨ ਜੈਨ ਆਗਮ ਭਗਵਤੀ ਵਿਪਾਕ ਸੂਤਰ ਅਤੇ ਅਵਸ਼ਯਕ ਚੂਰਣੀ ਦੇ ਹਵਾਲੇ ਦਿਤੇ ਹਨ। ਭਗਵਾਨ ਮਹਾਵੀਰ ਪੰਜਾਬ ਦੇ ਹਸਤਨਾ ਪੁਰ, ਰੋਹਤਕ, ਥਾਨੇਸਰ, ਮੋਗਾ ਆਦਿ ਨਗਰਾਂ ਵਿਚ ਵੀ ਧਰਮ ਪ੍ਰਚਾਰ ਲਈ ਘੁੰਮੇ ਸਨ। ਇਸ ਦੇ ਨਾਲ ਹੀ ਉਹ ਸ਼੍ਵੇਤਾਂਬਿਕਾ (ਵਰਤਮਾਨ ਸਿਆਲਕੋਟ) ਵਿਖੇ ਵੀ ਪਧਾਰੇ ਸਨ ਜੋ ਕਿ ਜੈਨ ਗ੍ਰੰਥਾਂ ਅਨੁਸਾਰ ਉਸ ਸਮੇਂ ਅਰਧ ਕੈਕੇਯ ਦੇਸ਼ (ਪੱਛਮੀ ਪੰਜਾਬ) ਦੀ ਰਾਜਧਾਨੀ ਸੀ। ਇਸ ਤੋਂ ਛੁੱਟ ਭਗਵਾਨ ਮਹਾਵੀਰ ਦਾ ਇਕ ਚੁਮਾਸਾ ਇਲਾਕਾ ਸਿੰਧ ਤੇ ਸੌਵੀਰ ਦੇਸ਼ ਦੀ ਰਾਜਧਾਨੀ ਵੀਤ ਭੈ ਪੱਤਣ (ਅਰਥਾਤ ਭੇਰਾ) ਵੀ ਰਾਜਾ ਉਦੈਨ ਦੀ ਬੇਨਤੀ ਤੇ ਪਧਾਰੇ ਸਨ। ਇਸ ਦਾ ਜ਼ਿਕਰ ਵੀ ਭਗਵਤੀ ਸੂਤ੍ਰ ਵਿਚ ਵਿਸਤਾਰ ਸਹਿਤ ਦਿੱਤਾ ਹੈ।

ਮੁਗ਼ਲ ਕਾਲ ਵਿਚ ਸ਼੍ਵੇਤਾਂਬਰ ਸੰਪ੍ਰਦਾਯ ਦੇ ਖਰਤਰ ਗੱਛ, ਤਪਾ ਗੱਛ, ਬੜ ਗੱਛ ਅਤੇ ਲੋਕਾਗੱਛ ਦੇ ਜੈਨ ਅਚਾਰੀਆਂ ਪੂਜ ਜਤੀਆਂ ਅਤੇ ਮੁਨੀਆਂ ਦਾ ਮੁਗ਼ਲ ਬਾਦਸ਼ਾਹਾਂ ਨਾਲ ਚੰਗੇ ਸੰਬੰਧਾਂ ਦਾ ਜ਼ਿਕਰ ਇਸ ਗ੍ਰੰਥ ਵਿਚ ਇਤਿਹਾਸਿਕ ਪੱਖ ਤੋਂ ਬੜੇ ਸਪਸ਼ਟ ਤੌਰ ਤੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਦੇਸੀ ਰਾਜੇ-ਮਹਾਰਾਜਿਆਂ ਨਾਲ ਵੀ ਜੈਨ ਜਤੀਆਂ-ਮੁਨੀਆਂ ਦੇ ਸੰਬੰਧਾਂ ਦਾ ਵੇਰਵਾ ਵੀ ਕਈ ਥਾਈਂ ਦਿੱਤਾ ਹੈ, ਜੋ ਤਾਰੀਖ਼ੀ

ਨੁਕਤਾ-ਨਿਗਾਹ ਤੋਂ ਵਿਸ਼ੇਸ਼ ਅਹਮੀਅਤ ਰਖਦਾ ਹੈ। ਜੈਨੀਆਂ ਦਾ ਦਿਗੰਬਰ ਫ਼ਿਰਕਾ ਵੀ ਜੋਕਿ ਪੰਜਾਬ ਨਾਲ ਕੁਝ ਥੋੜਾ ਸੰਬੰਧ ਰਖਦਾ ਹੈ ਅਤੇ ਹਰਿਆਣਾ ਪ੍ਰਾਂਤ ਤਕ ਹੀ ਸੀਮਿਤ ਰਿਹਾ ਹੈ, ਇਤਿਹਾਸ ਦੇ ਪੱਖੋਂ ਪੰਜਾਬ ਨਾਲ ਜੋੜ ਦਿੱਤਾ ਗਿਆ ਹੈ ਕਿਉਂਕਿ ਪੱਛਮੀ ਪੰਜਾਬ ਦੇ ਨਗਰ ਮੁਲਤਾਨ ਤੇ ਹਰਿਆਣਾ ਪ੍ਰਾਂਤ ਦੇ ਪ੍ਰਸਿਧ ਨਗਰ ਦਿੱਲੀ ਵਿਚ ਦਿਗੰਬਰ ਜੈਨ ਭਟਾਰਕਾਂ ਦੀਆਂ ਗੱਦੀਆਂ ਸਨ। ਇਨ੍ਹਾਂ ਜਤੀਆਂ ਤੇ ਭਟਾਰਕਾਂ ਨੇ ਜੈਨ ਧਰਮ ਨੂੰ ਇਥੇ ਔਖੇ ਵੇਲੇ ਸੁਰੱਖਿਅਤ ਰਖਿਆ, ਸੰਸਕ੍ਰਿਤ ਤੇ ਪ੍ਰਾਕ੍ਰਿਤ (ਅਪਭ੍ਰੰਸ਼) ਤੇ ਆਮ ਲੋਕਾਂ ਦੀ ਭਾਸ਼ਾ ਵਿਚ ਕਾਫ਼ੀ ਬਹੁ ਪੱਖੀ ਸਾਹਿਤ ਲਿਖਿਆ, ਜਿਸ ਵਿਚ ਫਗਵਾੜੇ ਦੇ ਜੈਨ ਮੇਘ ਮੁਨੀ ਦੇ ਰਚੇ ਹੋਏ ਮੇਘ ਬਿਨੋਦ ਅਤੇ ਮੇਘ ਵਿਲਾਸ ਗ੍ਰੰਥ ਹਿਕਮਤ ਦੇ ਖੇਤਰ ਵਿਚ ਹੁਣ ਵੀ ਮਸ਼ਹੂਰ ਹਨ। ਇਸ ਦੇ ਨਾਲ ਹੀ ਜੈਨ ਸਾਧਵੀ ਪਰੰਪਰਾ ਦਾ ਵਰਨਣ ਵੀ ਇਸ ਵਿਚ ਕੀਤਾ ਗਿਆ ਹੈ।

ਆਧੁਨਿਕ ਕਾਲ ਦੇ ਜੈਨ ਮੁਨੀ ਆਚਾਰੀਆਂ ਦਾ ਵਰਨਣ ਵੀ ਸਰਲ ਅਤੇ ਸ਼ੰਖੇਪ ਢੰਗ ਨਾਲ ਆਮ-ਫ਼ਹਿਮ ਪੰਜਾਬੀ ਵਿਚ ਦਿੱਤਾ ਗਿਆ ਹੈ। ਸੰਨ-ਸੰਮਤ ਇਸ ਗ੍ਰੰਥ ਵਿਚ ਈਸਵੀ ਦੇ ਨਾਲ ਬਿਕ੍ਰਮੀ ਵੀ ਦਿੱਤੇ ਗਏ ਹਨ। ਇਸ ਲਈ ਪੰਜਾਬੀ ਪਾਠਕਾਂ ਨੂੰ ਬਿਨਾ ਸੰਨ-ਸੰਮਤ ਤੋਂ ਹਰ ਥਾਵੇਂ ਬਿਕ੍ਰਮੀ ਸੰਮਤ ਹੀ ਸਮਝਣਾ ਚਾਹੀਦਾ ਹੈ।

ਪੰਜਾਬ ਅਤੇ ਪੰਜਾਬੀਅਤ ਦਾ ਕੇਂਦਰ ਲਾਹੌਰ ਰਿਹਾ ਹੈ। ਇਸ ਸ਼ਹਿਰ ਦੀ ਜੰਮ ਪਲ ਹਨ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ। ਜੋ ਆਪ ਸੰਸਕ੍ਰਿਤ, ਪ੍ਰਾਕ੍ਰਿਤ, ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਦੇ ਚੰਗੇ ਵਿਦਵਾਨ, ਲੇਖਕ, ਵਕਤਾ ਅਤੇ ਕਵਿ ਹਨ। ਇਸ ਮਹਾਨ ਜੈਨ ਸਾਧਵੀ ਨੂੰ ਪੰਜਾਬੀ ਭਾਸ਼ਾ ਪਹਿਲੀ ਵਾਰ ਮੌਲਿਕ ਸਾਹਿਤ ਤਿਆਰ ਕਰਨ ਦਾ ਸੇਹਰਾ ਜਾਂਦਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਅਤੇ ਸ਼੍ਰੀ ਪੁਰਸ਼ੋਤਮ ਜੈਨ ਲੇਖਕਾਂ ਦੀ ਆਪ ਸਤਿਕਾਰ ਯੋਗ ਗੁਰੂਣੀ ਅਤੇ ਪ੍ਰੇਰਿਕਾ ਹਨ। ਆਪ ਦੀ ਪ੍ਰੇਰਣਾ ਸਦਕਾ ਜੈਨਗ੍ਰੰਥਾਂ ਦਾ ਅਨੁਵਾਦ, ਲੇਖਨ ਉਪਰੋਕਤ ਧਰਮਭਰਾਵਾਂ ਵਲੋਂ ਕੀਤਾ ਜਾ ਰਿਹਾ ਹੈ। ਮੈਂ ਇਸ ਮਹਾਨ ਸ਼ਾਧਵੀ ਨੂੰ ਇਸ ਕ੍ਰਾਂਤੀਕਾਰੀ ਕਦਮ ਲਈ ਧਨਵਾਦ ਪੇਸ਼ ਕਰਦਾ ਹਾਂ।

ਪੰਜਾਬੀ ਜ਼ਬਾਨ ਵਿਚ ਇਹ ਪੁਸਤਕ ਅਪਣੇ ਢੰਗ ਦੀ ਇਕ ਨਵੀਂ ਦੇਣ ਹੈ, ਇਸ ਲਈ ਪੰਜਾਬੀ ਪਾਠਕਾਂ ਨੂੰ ਇਕ ਨਵੀਂ ਲਭਤ ਹੋਣ ਦੇ ਕਾਰਨ, ਇਸ ਦਾ ਮਨ ਬਚਨ ਕਰਮ ਤੋਂ ਸਵਾਗਤ ਕਰਨਾ ਚਾਹੀਦਾ ਹੈ ਤਾਕਿ ਵਿਦਵਾਨ ਲੇਖਕਾਂ ਦਾ ਉਤਸਾਹ ਵਧੇ ਤੇ ਉਹ ਇਸ ਸੰਬੰਧ ਵਿਚ ਹੋਰ ਵੀ ਚੰਗਾ ਸਾਹਿਤ ਮਾਂ-ਬੋਲੀ ਪੰਜਾਬੀ ਵਿਚ ਪੇਸ਼ ਕਰ ਸਕਣ।

ਗੁਆਰਾ (ਸੰਗਰੂਰ)
29-1-1985

**—ਸ਼ਮਸ਼ੇਰ ਸਿੰਘ "ਅਸ਼ੋਕ"**
(ਸਿਖ ਸਕਾਲਰ)

# ਲੇਖਕਾਂ ਵਲੋਂ

—ਰਵਿੰਦਰ ਜੈਨ, ਪੁਰਸ਼ੋਤਮ ਜੈਨ

## ਜੈਨ ਸੰਸਕ੍ਰਿਤਿ ਦੀ ਸੰਖੇਪ ਰੂਪ ਰੇਖਾ

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁਖ ਰੂਪ ਵਿਚ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ (1) ਵੈਦਿਕ (2) ਸ਼੍ਰਮਣ। ਵੈਦਿਕ ਪਰੰਪਰਾ ਯੋਗ, ਵਰਨ ਆਸ਼ਰਮ, ਜਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰ ਧਾਰਾ, ਤਪੱਸਿਆ, ਪੁਨਰ ਜਨਮ ਨਿਰਵਾਨ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣਾਂ ਦੇ ਪ੍ਰਮੁੱਖ ਰੂਪ ਵਿਚ ਕਈ ਸੰਪਰਦਾਏ ਰਹੇ ਹਨ—ਜਿਨ੍ਹਾਂ ਵਿਚੋਂ ਜੈਨ (ਨਿਰਗਰੰਥ) ਬੋਧ, ਆਜੀਵਕ, ਗੇਰਿਕ, ਤਾਪਸ ਆਦਿ ਪ੍ਰਸਿਧ ਸਨ।[1]

ਸਾਂਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁਖ ਵਿਰੋਧੀ ਸੀ। ਉਸ ਦਰਸ਼ਨ ਦੇ ਕਠ, ਸਵੇਤਾਸ੍ਵਰ, ਪ੍ਰਸ਼ਨ ਮੈਤਰਯਾਣੀ ਜੇਹੇ ਪੁਰਾਤਨ ਉਪਨਿਸ਼ਦਾਂ ਨੂੰ ਪ੍ਰਭਾਵਿਤ ਕੀਤਾ ਸੀ। ਅੱਜ ਕਲ ਗੋਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ। ਅਜੀਵਕ ਸ਼ੰਪਰਦਾਏ ਵੀ ਅੱਜ ਕਲ ਖ਼ਤਮ ਹੋ ਗਿਆ ਹੈ। ਅੱਜ ਕਲ ਸ਼੍ਰਮਣਾਂ ਦੀਆਂ ਦੋ ਪ੍ਰਮੁਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁਧ।

## ਜੈਨ ਤੇ ਬੁੱਧ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗੱਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋ ਦੀਆਂ ਸਭਿਅਤਾਵਾਂ ਦਿੰਦੀਆਂ ਹਨ।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ। ਇਸ ਵਿਚੋਂ ਰਿਗ ਵੇਦ ਕਾਫ਼ੀ ਮਹੱਤਵ ਪੂਰਨ ਹੈ। ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ। ਰਿਗਵੇਦ ਵਿਚ 'ਵਾਤਰਸਨਾ ਮੁਨੀ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ "ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿਚ ਸਥਿਤ ਹੋ ਗਏ ਹਾਂ। ਦੋਸਤੋ ਤੁਸੀਂ ਸਾਡਾ ਸ਼ਰੀਰ ਹੀ ਵੇਖਦੇ ਹੋ"।[2]

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ। ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪਰਕਾਰ ਮਿਲਦਾ ਹੈ "ਭਗਵਾਨ ਰਿਸ਼ਵ ਸ਼੍ਰਮਣਾ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ

(1) ਪ੍ਰਵਚਨ ਸਾਰੋ ਦਵਾਰ ਗਾਥਾ 731-33।

(2) ਰਿਗਵੇਦ 10/11/136/2।

ਦੇ ਰੂਪ ਵਿਚ ਪ੍ਰਗਟ ਹੋਏ"।[1]

ਸ੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਦ[2] ਤੇ ਰਮਾਇਨ[3] ਵਿਚ ਵੀ ਮਿਲਦਾ ਹੈ।

तापसा भुंजते चापि श्रमणा भुंजते तथा

ਰਿਗਵੇਦ ਵਿਚ ਸ੍ਰਮਣਾਂ ਲਈ ਕੇਸ਼ੀ ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ। ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ। ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇਕੱਠਾ ਹੀ ਮਿਲਦਾ ਹੈ।[4]

ਅਥਰਵਵੇਦ ਜਿਸ ਵਿਚ 'ਵਰਾਤਿਆ' (व्रात्य) ਕਾਂਡ ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪੱਸਿਆ ਨਾਲ ਕੀਤੀ ਜਾ ਸਕਦੀ ਹੈ। ਵਰਾਤਿਆ ਬਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ੍ਰੀ ਸਾਯਨ ਦਾ ਕਥਨ ਹੈ "ਉਹ ਵਿਦਿਆ ਨਾਲ ਭਰਪੂਰ, ਮਹਾਨ ਅਧਿਕਾਰ ਵਾਲੇ, ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀਂ ਪੂਜਨ ਯੋਗ ਤੇ ਪ੍ਰਮੁਖ ਬ੍ਰਾਹਮਣ ਹਨ। ਇਹ ਵੈਦਿਕ ਸੰਸਕਾਰਾਂ ਤੋਂ ਰਹਿਤ ਹਨ"।

"ਜੇ ਕੋਈ 'ਵਰਾਤਿਆ' ਤਪੱਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜ਼ਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ।"[5]

ਰਿਗਵੇਦ ਵਿਚ ਭਗਵਾਨ ਰਿਸ਼ਵਦੇਵ ਦਾ ਕਾਫ਼ੀ ਜ਼ਿਕਰ ਆਉਂਦਾ ਹੈ।[6]

ਰਿਗਵੇਦ ਵਿਚ ਸ੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ 'ਅਰਹਨ' ਵੀ ਮਿਲਦਾ ਹੈ। ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ।[7]

---

(1) धर्मान् दिर्शयिसुकामो वातरशनाँ श्रमणाणामृषीचामूर्ध्वमनेथनां शुक्लया तनुनावततार।

(2) ਬ੍ਰਹਦਾਰ ਨਕ ਉਪਨਿਸ਼ਦ 4/3/22।

(3) ਬਾਲਕਾਂਡ ਸਰਗ 1422।

(4) ਰਿਗਵੇਦ 10/9/102/6।

(5) i) ਅਥਰਵਵੇਦ ਸਾਯਨ ਭਾਸ਼ਯ 15/1/1/1।
कञ्चिद,विद्वत्तमं
महाधिकार,पुण्यशीलं विश्वसंमान्यं ब्रह्माणविशिष्टे व्रात्यमनुलक्ष्य वचनमिति मंतव्यम्।
ii) 15/1/1/1।

(6) ਰਿਗਵੇਦ 1/24/140/1-2 4/3315-5/2/28-4
6/1/1/8,—6/2/19/11,—10/12/166/1।

(7) ਰਿਗਵੇਦ 24/33/10।

ਵੈਦਿਕ ਲੋਕ ਵੀ 'ਅਰਹਨ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। 'ਹਨੂਮਾਨ ਨਾਟਕ' ਵਿਚ ਆਖਿਆ ਗਿਆ ਹੈ :

अर्हन्नियथ जैनशासणरता ।

ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ। ਦਾਸ ਲੋਕ ਇੰਨੇ ਵਿਕਾਸਸ਼ੀਲ ਨਹੀਂ ਸਨ। ਇਨ੍ਹਾਂ ਜਾਤੀਆਂ ਨਾਲ ਹੀ ਆਰੀਆਂ ਦੇ ਕਈ ਯੁੱਧ ਹੋਏ।

ਪੁਰਾਨਾਂ[1] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਅਸੁਰ ਲੋਕ ਅਰਿਹੰਤਾਂ ਦੇ ਉਪਾਸਕ ਸਨ।

ਵਿਸ਼ਨੂੰ ਪੁਰਾਣ ਵਿਚ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਨੇ ਅਸੁਰਾਂ ਨੂੰ ਅਰਿਹੰਤ ਧਰਮ ਦੀ ਦੀਖਿਆ ਦਿੱਤੀ। ਉਹ ਵੇਦਾਂ ਵਿਚ ਵਿਸ਼ਵਾਸ ਨਹੀਂ ਰਖਦਾ ਸੀ। ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ ਰਖਦਾ ਸੀ।[2]

ਉਪਨਿਸ਼ਦਾਂ ਵਿਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖਤਰੀ ਸਨ। ਇਨ੍ਹਾਂ ਖਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵ-ਦੇਵ ਸੀ[3] ਜੋ ਨਾਭੀ ਤੇ ਮਰੂਦੇਵੀ ਦੇ ਪੁੱਤਰ ਸਨ। ਇਹ ਆਤਮ ਵਿਦਿਆ ਯੱਗ, ਜਾਤ ਪਾਤ ਤੋਂ ਰਹਿਤ ਸੀ। ਇਸ ਵਿਦਿਆ ਵਿਚ ਧਿਆਨ ਤੇ ਤਪੱਸਿਆ ਹੀ ਪ੍ਰਧਾਨ ਸੀ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਭਾਰਤ ਵਿਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ।[4]

---

(1) ਵਿਸ਼ਨੂੰ ਪੁਰਾਣ 3/17/18।
ਪਦਮ ਪੁਰਾਨ ਸ੍ਰਿਸ਼ਟੀ ਖੰਡ ਅਧਿਆਏ 13 170-410।
ਮਤਸਯ ਪੁਰਾਨ 24/43-49।
ਦੇਵੀ ਭਾਗਵਤ 4/13/54-57।

(2) ਵਿਸ਼ਨੂੰ ਪੁਰਾਨ 3/18/12—13-14—3/18/27
3/18/25—3/18/28-29—3/18/8-11।

(3) ੳ) ਵਾਯੂ ਪੁਰਾਣ ਪੂਰਵ ਅਰਧ ਅਨੁਸ਼ਪਾਦ 14/60।

(4) ऋषभादीना महायोगिनामाचारे
दृष्टव अर्हतादयो मोहिता
ਮਹਾਭਾਰਤ ਸ਼ਾਂਤੀ ਪੂਰਵ ਮੋਕਸ਼ ਧਰਮ ਅਧਿਆਏ 263/20।

## ਜ਼ੈਨ ਤੀਰਥੰਕਰ

ਜੈਨ ਪਰੰਪਰਾ ਵਿਚ 24 ਤੀਰਥੰਕਰ ਮੰਨੇ ਜਾਂਦੇ ਹਨ। ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਬਾਰੇ ਸ਼ਕ ਪ੍ਰਗਟ ਕਰਦੇ ਹਨ। ਕਈ ਲੋਕ ਜੈਨ ਤੇ ਬੁੱਧ ਧਰਮ ਨੂੰ ਵੈਦਿਕ ਧਰਮ ਵਿਰੁਧ ਇਕ ਬਗ਼ਾਵਤ ਸਮਝਦੇ ਹਨ। ਕਈ ਲੋਕ ਮਹਾਵੀਰ ਨੂੰ ਗੋਤਮ ਬੁੱਧ ਦਾ ਚੇਲਾ ਜਾਂ ਗੋਤਮ ਬੁੱਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ।

ਜੈਨ ਧਰਮ ਵਿਚ 6 ਆਰੇ ਮੰਨੇ ਜਾਂਦੇ ਹਨ। ਹਰ ਯੁਗ ਵਿਚ ਚੌਵੀ ਤੀਰਥੰਕਰ ਹੁੰਦੇ ਹਨ। ਵਰਤਮਾਨ ਸਮੇਂ ਹੋਏ ਤੀਰਥੰਕਰਾਂ ਬਾਰੇ ਜਿਥੇ ਵੇਦਾਂ ਵਿਚ ਵਰਨਣ ਮਿਲਦਾ ਹੈ ਉਥੇ ਪੁਰਾਣਾਂ[1] ਮਹਾਭਾਰਤ[2] ਤੇ ਬੋਧੀ ਗਰੰਥਾਂ ਵਿਚ ਕਾਫ਼ੀ ਜਾਨਕਾਰੀ ਮਿਲਦੀ ਹੈ ਡਾ: ਰਾਧਾ ਕ੍ਰਿਸ਼ਨ ਨੇ ਯਜੁਰਵੇਦ ਵਿਚ ਰਿਸ਼ਵ ਅਜੀਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿੱਤੀ ਹੈ।

ਬੋਧ ਗ੍ਰੰਥ ਅਗੁੱਤਰਨਿਕਾਏ ਵਿਚ ਅਰਕ ਨਾਮ ਦੇ ਤੀਰਥੰਕਰ ਦਾ ਵਰਨਣ ਹੈ[2]। ਇਸੇ ਪ੍ਰਕਾਰ ਬੁਧ ਥੇਰਗਾਥਾ ਵਿਚ ਅਜੀਤ ਨਾਂ ਦੇ ਪ੍ਰਤਯੇਕ ਬੁਧ ਦਾ ਵਰਨਣ ਹੈ।[3]

ਬੋਧ ਪਿਟਕਾਂ ਗਰੰਥਾਂ ਵਿਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗਠੇ ਨਾਯ ਪੁਤ (ਨਿਰਗਰੰਥ ਗਿਆਤਾ ਪੁਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ।

'ਸੋਰਸ਼ਨ' ਨੇ ਮਹਾਭਾਰਤ ਦੇ ਖਾਸ ਨਾਮਾਂ ਦਾ ਇਕ ਕੋਸ਼ ਬਨਾਇਆ ਹੈ। ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ। ਇਥੇ ਇਹ ਗੱਲ ਧਿਆਨ ਦੇਨ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸਕ ਸਨ। ਇਨ੍ਹਾਂ ਤਿੰਨਾਂ ਨੂੰ ਅਹਿੰਸਾ ਦਾ ਅਵਤਾਰ ਮੰਨਿਆ ਗਿਆ ਹੈ। ਸੁਮਤੀ ਨਾਂ ਦੇ ਇਕ ਰਿਸ਼ੀ ਦਾ ਵਰਨਣ ਵੀ ਆਇਆ ਹੈ।

ਭਾਗਵਤ ਵਿੱਚ ਰਿਸ਼ਰਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਅਵਤਾਰ ਦੇ ਰੂਪ ਵਿੱਚ ਤਾਂ ਨਹੀ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਭਾਰਤ ਵਿੱਚ ਦਰਜ ਹਨ ਉਨ੍ਹਾਂ ਵਿਚ ਵਿਸ਼ਨੂੰ ਦੇ ਸ਼ਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸ਼ੰਭਵ ਨਾਂ ਵੀ ਦਿੱਤੇ ਗਏ ਹਨ। ਸ਼ਿਵ ਦੇ ਨਾਉਂ ਵਿੱਚ ਅਜਿਤ ਤੇ ਰਿਸ਼ਵ ਦੇ ਨਾਉਂ ਆਉਂਦੇ ਹਨ ਜੋ ਸ਼ਭ ਤੀਰ-ਥੰਕਰਾਂ ਦੇ ਨਾਉਂ ਹਨ।[4]

---

(1) ਜੈ: ਸਾ: ਈ: ਪੁ: ਪੰਨਾ 108।

(2) ਦੀਰਘ ਨਿਕਾਏ 1/1 (5-15) 1/2 (21)

(3) ਥੇਰ ਗਾਥਾ (1-20)।

(4) ਜੈਨ ਸਾਹਿਤ ਦਾ ਇਤਿਹਾਸ ਭਾਗ: । ਪੰਨਾ ਨੂੰ3-24 -25।

"ਸ਼ਾਂਤੀ" ਵਿਸ਼ਨੂੰ ਦਾ ਨਾਂ ਵੀ ਕਿਹਾ ਗਿਆ ਹੈ। ਵਿਸ਼ਨੂੰ ਤੇ ਸ਼ਿਵ ਦਾ ਨਾਂ 'ਸੁਵਰਤ' ਵੀ ਹੈ। ਇਹ ਸਭ ਤੀਰਥੰਕਰਾਂ ਦੇ ਨਾਉਂ ਵੀ ਹਨ। ਇਨ੍ਹਾਂ ਨਾਵਾਂ ਦੀ ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ, ਅਸੁਰ ਸਨ। ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ।

ਚੌਬੀਸ ਤੀਰਥੰਕਰਾਂ ਤੋਂ ਭਾਵ ਹੈ ਧਰਮ ਰੂਪ ਤੀਰਥ ਦੀ ਸਥਾਪਨਾ ਕਰਨ ਵਾਲਾ। ਇਹ ਜੈਨ ਧਰਮ ਦਾ ਪਰਿਭਾਸ਼ਕ ਸ਼ਬਦ ਹੈ। ਇਕ ਯੁਗ ਵਿਚ ਭਰਤ ਖੰਡ ਵਿਚ 24 ਤੀਰਥੰਕਰ ਹੁੰਦੇ ਹਨ। ਤੀਰਥੰਕਰ ਕਰਮ ਅਪਣੇ ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦਾ ਫਲ ਹੈ। ਤੀਰਥੰਕਰ ਜਨਮ ਤੋਂ ਕੁਝ ਖ਼ਾਸ ਸ਼ਰੀਰਕ ਅਤੇ ਆਤਮਿਕ ਗੁਣਾਂ ਦੇ ਮਾਲਿਕ ਹੁੰਦੇ ਹਨ। ਤੀਰਥੰਕਰ ਹਮੇਸ਼ਾ ਰਾਜ ਕੁਲ ਵਿਚ ਜਨਮ ਲੈਂਦੇ ਹਨ। ਗਰਭ ਵਿਚ ਤਿੰਨ ਗਿਆਨ ਦੇ ਧਾਰਕ ਹੁੰਦੇ ਹਨ। ਤੀਰਥੰਕਰ ਦੀ ਮਾਤਾ 14 ਜਾਂ 16 ਸ਼ੁਭ ਸੁਪਨੇ ਵੇਖਦੀ ਹੈ। ਤੀਰਥੰਕਰ ਇਸੇ ਜਨਮ ਵਿਚ 5ਵਾਂ ਕੇਵਲ ਗਿਆਨ ਹਾਸਲ ਕਰਕੇ ਜਨਮ ਮਰਨ ਦਾ ਚੱਕਰ ਖਤਮ ਕਰਕੇ ਸਿੱਧ ਜਾਂ ਪਰਮਾਤਮਾ ਅਵਸਥਾ ਪ੍ਰਾਪਤ ਕਰਦੇ ਹਨ। ਤੀਰਥੰਕਰਾਂ ਦੇ ਗਰਭ, ਜਨਮ, ਦੀਖਿਆ, ਗਿਆਨ ਅਤੇ ਨਿਰਵਾਨ ਸਮੇਂ ਮਨੁੱਖਾਂ ਤੋਂ ਛੁੱਟ ਦੇਵੀ ਦੇਵਤੇ ਸਵਰਗਾਂ ਦੇ ਸੁਖ ਛੱਡ ਕੇ ਧਰਤੀ ਤੇ ਜਸ਼ਨ ਮਨਾਉਂਦੇ ਹਨ।

## ਪੁਰਾਤਨ ਜੈਨ ਸਾਹਿਤ

ਜੈਨ ਧਰਮ ਦੇ ਦੋ ਪ੍ਰਮੁਖ ਫ਼ਿਰਕੇ ਹਨ ਸ਼ਵੇਤਾਂਬਰ ਤੇ ਦਿਗੰਬਰ। ਸ਼ਵੇਤਾਂਬਰ ਪੁਰਾਤਨ ਜੈਨ ਆਗਮ ਨੂੰ ਭਗਵਾਨ ਮਹਾਵੀਰ ਦੀ ਬਾਣੀ ਮੰਨਦੇ ਹਨ। ਦਿਗੰਬਰ ਜੈਨ ਸਿਧਾਂਤਾਂ ਅਨੁਸਾਰ ਦਿਗੰਬਰ ਅਚਾਰੀਆਂ ਰਾਹੀਂ ਰਚੇ ਪ੍ਰਾਕ੍ਰਿਤ, ਸੰਸਕ੍ਰਿਤ ਅਤੇ ਅਪਭ੍ਰੰਸ਼ ਸਾਹਿਤ ਨੂੰ ਪੁਰਾਤਨ ਜੈਨ ਆਗਮਾਂ ਦੀ ਤਰ੍ਹਾਂ ਮੰਨਦੇ ਹਨ। ਸ਼ਵੇਤਾਂਬਰ ਜੈਨ ਸਾਹਿਤ ਦੀ ਮੂਲ ਭਾਸ਼ਾ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਹੈ।

ਦੋਵੇਂ ਫ਼ਿਰਕੇ 14 ਪੂਰਵਾਂ ਦੀ ਪਰੰਪਰਾ ਨੂੰ ਮੰਨਦੇ ਹਨ ਜੋ ਕਿ ਨਸ਼ਟ ਹੋ ਚੁਕੇ ਹਨ। ਦਿਗੰਬਰ ਫ਼ਿਰਕੇ ਵਾਲੇ ਸ਼ਵੇਤਾਂਬਰ ਪਰੰਪਰਾ ਵਾਲੇ 12 ਅੰਗਾਂ ਦੇ ਨਾਂ ਨੂੰ ਹੀ ਮੰਨਦੇ ਹਨ ਅੰਦਰਲੇ ਵਿਸ਼ੇ ਨੂੰ ਨਹੀਂ। ਦੋਵੇਂ ਫ਼ਿਰਕੇ ਇਕ ਗੱਲ ਤੇ ਸਹਿਮਤ ਹਨ ਕਿ ਪੁਰਾਤਨ ਜੈਨ ਸਾਹਿਤ ਕਾਫ਼ੀ ਨਸ਼ਟ ਹੋ ਚੁਕਿਆ ਹੈ।

ਸ਼ਵੇਤਾਂਬਰ ਪਰੰਪਰਾ ਅਨੁਸਾਰ ਪੁਰਾਤਨ ਜੈਨ ਸਾਹਿਤ ਵਿਚ ਇਕਸੁਰਤਾ ਲਿਆਉਣ ਲਈ ਅਜ ਤਕ ਪੰਜ ਕਾਨਫ਼ਰੰਸਾਂ ਹੋ ਚੁਕੀਆਂ ਹਨ। ਇਸ ਨੂੰ ਵਾਚਨਾ ਆਖਦੇ ਹਨ। ਪਹਿਲੀ ਵਾਚਨਾ ਪਾਟਲੀਪੁਤਰ ਵਿਖੇ ਮਹਾਂਵੀਰ ਸੰਮਤ 160 ਦੇ ਕਰੀਬ ਸਥੂਲੀਭੱਦਰ ਦੀ ਪ੍ਰਧਾਨਗੀ ਹੇਠ ਹੋਈ। ਉਸ ਸਮੇਂ ਜੈਨ ਧਰਮ ਦੇ ਦੋ ਸ਼ਵੇਤਾਂਬਰ ਦਿਗੰਬਰ ਰੂਪ ਪ੍ਰਗਟ ਹੋ ਗਏ। ਦੂਸਰੀ ਵਾਚਨਾ ਈ. ਪੂਰਵ (175-182) ਨੂੰ ਰਾਜਾ ਖਾਰਵੇਲ ਦੀ

ਦਿਲਚਸਪੀ ਕਾਰਨ ਹਾਥੀ ਗੁਫ਼ਾ ਕੁਮਾਰੀ ਪਰਵਤ (ਉੜੀਸਾ) ਵਿਖੇ ਹੋਈ। ਇਸ ਬਾਰੇ ਮਹਾਰਾਜਾ ਖਾਰਵੇਲ ਦਾ ਸ਼ਿਲਾਲੇਖ ਪ੍ਰਸਿਧ ਹੈ। ਤੀਸਰੀ ਵਾਚਨਾ ਮਹਾਵੀਰ ਨਿਰਵਾਨ ਸੰਮਤ 827 ਅਤੇ 840 ਦੇ ਵਿਚਕਾਰ ਅਚਾਰੀਆ ਸੰਕਦਿਲ ਦੀ ਪ੍ਰਧਾਨਗੀ ਹੇਠ ਮਥੁਰਾ ਵਿਖੇ ਹੋਈ। ਚੌਥੀ ਵਾਚਨਾ ਮਹਾਵੀਰ ਸੰਮਤ 827-840 ਵਿਚਕਾਰ ਅਚਾਰੀਆ ਨਾਗਾਰਜੁਨ ਦੀ ਪ੍ਰਧਾਨਗੀ ਹੇਠ ਬਲਭੀ (ਗੁਜਰਾਤ) ਵਿਖੇ ਹੋਈ।

ਪੰਜਵੀਂ ਅਤੇ ਆਖਰੀ ਵਾਚਨਾ ਬਲਭੀ ਵਿਖੇ ਅਚਾਰੀਆ ਦੇਵਾਅਰਧੀ ਗਣੀ ਕਸ਼ਮਾਸ਼੍ਰਮਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਬਚੇ ਖੁਚੇ ਆਗਮਾਂ ਨੂੰ 45 ਜਿਲਦਾਂ ਵਿਚ ਲਿਖ ਲਿਆ ਗਿਆ। ਦਿਗੰਬਰ ਪਰੰਪਰਾ ਸ਼ਵੇਤਾਂਬਰ ਆਗਮਾਂ ਨੂੰ ਨਹੀਂ ਮੰਨਦੀ।



# 24 ਤੀਰਥੰਕਰਾਂ ਦੇ ਸ਼ੁਭ ਨਾਂ

| ਲੜੀ ਨੰ: | ਤੀਰਥੰਕਰਾਂ ਦੇ ਨਾਂ | ਜਨਮ ਸਥਾਨ | ਮਾਤਾ (ਰਾਣੀ) | ਪਿਤਾ (ਰਾਜਾ) | ਚਿਨ | ਕੇਵਲ ਗਿਆਨ | ਮੁਕਤੀਸਥਾਨ |
|---|---|---|---|---|---|---|---|
| 1 | ਸ਼੍ਰੀ ਰਿਸ਼ਵ ਦੇਵ ਜੀ | ਅਯੋਧਿਆ | ਮਰੂ ਦੇਵੀ | ਨਾਭੀ | ਬਲਦ | ਅਯੋਧਿਆ | ਅਸਟਾਪੱਦ |
| 2 | ਸ਼੍ਰੀ ਅਜੀਤਨਾਥ ਜੀ | ਅਯੋਧਿਆ | ਵਿਜੈ | ਜਿੱਤਸ਼ਤਰੂ | ਹਾਥੀ | ਅਯੋਧਿਆ | ਸਮੇਤ ਸਿਖਰ |
| 3 | ਸ਼੍ਰੀ ਸੰਭਵ ਨਾਥ ਜੀ | ਸ਼੍ਰਾਵਸਤੀ | ਸੈਨਾ | ਜਿਤਾਰੀ | ਘੋੜਾ | ਸ਼੍ਰਾਵਸਤੀ | ,, |
| 4 | ਸ਼੍ਰੀ ਅਭਿਨੰਦਨ ਜੀ | ਅਯੋਧਿਆ | ਸਿਧਾਰਥਾ | ਸੰਬਰ | ਬਾਂਦਰ | ਅਯੋਧਿਆ | ,, |
| 5 | ਸ਼੍ਰੀ ਸੁਮਤਿਨਾਥ ਜੀ | ਅਯੋਧਿਆ | ਸੁਮੰਗਲਾ | ਮੇਘਰਥ | ਕਰੋਚ | ਅਯੋਧਿਆ | ,, |
| 6 | ਸ਼੍ਰੀ ਪਦਮਪ੍ਰਭ ਜੀ | ਕੌਸਾਂਬੀ | ਸੁਮਿਤਰਾ | ਸ਼੍ਰੀ ਧਰ | ਕਮਲ | ਕੌਸਾਂਬੀ | ,, |
| 7 | ਸ਼੍ਰੀ ਸੁਪਾਰਸਵਨਾਥ ਜੀ | ਬਾਰਾਣਸੀ | ਪ੍ਰਿਥਵੀ | ਪ੍ਰਤਿਸਭ | ਸਵਾਸਤਿਕ | ਬਾਰਾਣਸੀ | ,, |
| 8 | ਸ਼੍ਰੀ ਚੰਦਰ ਪ੍ਰਭੂ ਜੀ | ਚੰਦਰਪੁਰੀ | ਲਕਸਮਣਾ | ਮਹਾਸੇਨ | ਚੰਦਰਮਾ | ਚੰਦਰਪੁਰੀ | ,, |
| 9 | ਸ਼੍ਰੀ ਸੁਵਿਧਿਨਾਥ ਜੀ | ਕਾਕੰਦੀ | ਰਾਮਾਦੇਵੀ | ਸੁਗਰੀਵ | ਮੱਤਸਾਨ | ਕਾਕੰਦੀ | ,, |
| 10 | ਸ਼੍ਰੀ ਸ਼ੀਤਲਨਾਥ ਜੀ | ਭਦਿਲਪੁਰ | ਨੰਦਾ ਦੇਵੀ | ਦਰਿੜਰਥ | ਸ਼੍ਰੀ ਵਤਸ | ਭਦਿਲਪੁਰ | ,, |
| 11 | ਸ਼੍ਰੀ ਸ਼ਰੇਆਂਸਨਾਥ ਜੀ | ਸਿੰਹਪੁਰ | ਵਿਸਨੂੰ | ਵਿਸਨੂੰ | ਗੈਂਡਾ | ਸ਼ਿੰਹਪੁਰ | ,, |
| 12 | ਸ਼੍ਰੀ ਵਾਸੂ ਪੂਜ ਜੀ | ਚੰਪਾਪੁਰ | ਜੈ | ਵਾਸੂਪੁਜ | ਭੈਂਸ | ਚੰਪਾਪੁਰ | ਚੰਪਾਪੁਰੀ |
| 13 | ਸ਼੍ਰੀ ਵਿਮਲਨਾਥ ਜੀ | ਕਪਿਲਪੁਰ | ਸਿਆਮਾ | ਕਿਤਵਰਮਾ | ਸੂਅਰ | ਕਪਿਲਪੁਰ | ,, |
| 14 | ਸ਼੍ਰੀ ਅਨੰਤਨਾਥ ਜੀ | ਅਯੋਧਿਆ | ਸੁਯਸ਼ਾ | ਸਿਹਸੇਨ | ਸਿਕਰ | ਅਯੋਧਿਆ | ,, |
| 15 | ਸ਼੍ਰੀ ਧਰਮਨਾਥ ਜੀ | ਰਤਨਪੁਰੀ | ਸਵਰਤਾ | ਭਾਣੂ | ਬੱਜਰ | ਰਤਨਪੁਰੀ | ,, |
| 16 | ਸ਼੍ਰੀ ਸਾਂਤੀਨਾਥ ਜੀ | ਹਸਤਨਾਪੁਰ | ਅਚਿਰਾ | ਵਿਸ਼ਵਸੇਨ | ਮਿਰਗ | ਹਸਤਨਾਪੁਰ | ,, |
| 17 | ਸ਼੍ਰੀ ਕੁੰਥੂਨਾਥ ਜੀ | ਹਸਤਨਾਪੁਰ | ਸ਼੍ਰੀ | ਸੂਰ | ਬਕਰਾ | ਹਸਤਨਾਪੁਰ | ,, |
| 18 | ਸ਼੍ਰੀ ਅਰਤਨਾਥ ਜੀ | ਹਸਤਨਾਪੁਰ | ਦੇਵੀ | ਸੁਦਰਸ਼ਨਾ | ਨੰਦਾਵਰਤ | ਹਸਤਨਾਪੁਰ | ,, |
| 19 | ਸ਼੍ਰੀ ਮੱਲੀ ਸਵਾਮੀ ਜੀ | ਮਿਥਿਲਾ | ਪ੍ਰਭਾਵਤੀ | ਕੁੰਭ | ਘੜਾ | ਮਿਥਿਲਾ | ,, |
| 20 | ਮੁਨੀ ਸੁਵਰਤ ਸਵਾਮੀ | ਰਾਜਗ੍ਰਹਿ | ਪਦਮਾ | ਸਮਿਤੱਰ | ਕੱਛ | ਰਾਜ਼ਗ੍ਰਹਿ | ,, |
| 21 | ਸ਼੍ਰੀ ਨਮੀਨਾਥ ਜੀ | ਮਿਥਿਲਾ | ਵਿਪੁਰਾ | ਵਿਜੈ | ਨੀਲਕਮਲ | ਮਿਥਿਲਾ | ,, |
| 22 | ਸ਼੍ਰੀ ਅਰਿਸ਼ਟਨੇਮੀ ਜੀ | ਸੰਰਿਪੁਰ | ਸਿਵਾ | ਸਮੁਦਰ ਵਿਜੇ | ਸ਼ੰਖ | ਗਿਰਨਾਰ | ਗਿਰਨਾਰ |
| 23 | ਸ਼੍ਰੀ ਪਾਰਸ਼ਵਨਾਥ ਜੀ | ਬਾਰਾਣਸੀ | ਵਾਮਾ | ਅਸਵ ਸੈਨ | ਸੱਪ | ਗਿਰਨਾਰ | ਸਮੇਤਸਿਖਰ |
| 24 | ਸ਼੍ਰੀ ਵਰਧਮਾਨ ਮਹਾਵੀਰ ਜੀ | ਖਤਰੀ ਕੁੰਡਪੁਰ | ਤਿਰਸ਼ਲਾ | ਸਿਧਾਰਥਾ | ਸ਼ੇਰ | ਰਿਜੁਬਾਲਕਾ | ਪਾਵਾਪੁਰੀ |

# ਪੁਰਾਤਨ ਪੰਜਾਬ ਤੇ ਜੈਨ ਧਰਮ

ਪੰਜਾਬ ਦਾ ਪੁਰਾਤਨ ਨਾਉਂ ਸਪਤ ਸਿੰਧੂ ਜਾਂ ਆਰੀਆ ਵਰਤ ਹੈ। ਜੈਨ ਗ੍ਰੰਥਾਂ ਵਿਚ ਇਹ ਭਾਰਤ ਵਰਸ਼ ਦਾ ਹਿੱਸਾ ਸੀ। ਪੰਜਾਬ ਦੀ ਕਦੇ ਪੱਕੀ ਸਰਹੱਦ ਨਹੀਂ ਰਹੀ। ਇਹ ਇਲਾਕਾ ਭਾਰਤੀ ਇਤਿਹਾਸ ਦੀ ਰਾਜਨੈਤਿਕ ਹਲਚਲ ਦਾ ਪ੍ਰਮੁਖ ਹਿੱਸਾ ਰਿਹਾ ਹੈ। ਮਹਾਭਾਰਤ ਦੇ ਸਮੇਂ ਵਿਚ ਇਥੇ ਛੋਟੇ ਛੋਟੇ ਕਬੀਲੇ ਗਣਤੰਤਰ ਪ੍ਰਣਾਲੀ ਨਾਲ ਰਾਜ ਕਰਦੇ ਸੀ। ਜਿਸ ਵਿਚ ਪ੍ਰਸਿਧ ਕਬੀਲਾ ਅਗਰ ਸੀ। ਜਿਸ ਕਾਰਨ ਰਾਜਾ ਅਗਰ ਸੈਨ ਦੇ ਸਪੁਤਰ ਅਗਰਵਾਲ ਅਖਵਾਉਂਦੇ ਹਨ। ਜੋ ਹਿਸਾਰ ਜ਼ਿਲੇ ਤੋਂ ਸਾਰੇ ਭਾਰਤ ਵਿਚ ਫੈਲ ਚੁਕੇ ਹਨ।

ਪੁਰਾਤਨ ਪੰਜਾਬ ਵਿਚ ਉੱਤਰਾਪਥ ਦਾ ਕਰੀਬ ਸਾਰਾ ਹਿੱਸਾ ਮੰਨਿਆ ਜਾਂਦਾ ਹੈ। ਇਹ ਪੁਰਾਤਨ ਰਸਤਾ ਤਕਸ਼ਿਲਾ ਤੋਂ ਲੈਕੇ ਮਥੁਰਾ ਤਕ ਸੀ। ਪੰਜਾਬ ਕਿਸੇ ਬੋਲੀ ਤਕ ਹੀ ਨਹੀਂ, ਸਗੋਂ ਸਾਂਝੇ ਸਭਿਆਚਾਰ, ਸਾਂਝੀਆਂ ਰਸਮਾਂ ਦਾ ਨਾਂ ਹੈ। ਪੰਜਾਬ ਵਿਚ ਕਈ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਵੇਂ ਪੰਜਾਬੀ, ਪਹਾੜੀ, ਡੋਗਰੀ ਅਤੇ ਹਰਿਆਣਵੀ। ਪੰਜਾਬੀ ਵੀ ਕੋਈ ਇਕ ਭਾਸ਼ਾ ਨਹੀਂ, ਹਰ ਜ਼ਿਲੇ ਵਿਚ ਇਸ ਦਾ ਇਕ ਰੂਪ ਨਹੀਂ। ਇਸ ਭਾਸ਼ਾ ਵਿਚ ਕਈ ਭਾਸ਼ਾਵਾਂ ਦਾ ਸਾਂਝਾ ਭੰਡਾਰ ਹੈ। ਪੁਰਾਤਨ ਸਮੇਂ ਵਿਚ ਇਸ ਇਲਾਕੇ ਵਿਚ ਪ੍ਰਾਕ੍ਰਿਤ ਭਾਸ਼ਾ ਬੋਲੀ ਜਾਂਦੀ ਸੀ। ਜਿਸ ਦੀ ਲਿਪੀ ਬ੍ਰਾਹਮੀ ਖਰੋਸਟਰੀ ਸੀ। ਮੁਸਲਮਾਨਾਂ ਦੇ ਸਮੇਂ ਪੰਜਾਬੀ ਲਈ ਫ਼ਾਰਸੀ ਅਖਰਾਂ ਦਾ ਇਸਤੇਮਾਲ ਹੋਇਆ ਜੋ ਅਜ਼ਾਦੀ ਤੋਂ ਪਹਿਲਾਂ ਤਕ ਚਲਦਾ ਸੀ ਪਰ ਸਿਖ ਧਰਮ ਨੇ ਇਸ ਭਾਸ਼ਾ ਲਈ ਗੁਰੁਮੁਖੀ ਲਿਪੀ ਦੀ ਵਰਤੋਂ ਕੀਤੀ, ਜੋ ਅਜ਼ਾਦ ਭਾਰਤ ਵਿਚ ਪੰਜਾਬੀ ਲਈ ਮੰਨੀ ਗਈ ਹੈ। ਹੋਰ ਭਾਸ਼ਾਵਾਂ ਲਈ ਦੇਵਨਾਗਰੀ ਵਰਤੀ ਜਾਂਦੀ ਹੈ। ਪਾਕਿਸਤਾਨੀ ਪੰਜਾਬ ਵਿਚ ਹੁਣ ਵੀ ਫ਼ਾਰਸੀ ਲਿਪਿ ਵਿਚ ਪੰਜਾਬੀ ਬੋਲੀ ਲਿਖੀ ਜਾਂਦੀ ਹੈ। ਸੋ ਪੁਰਾਤਨ ਪੰਜਾਬ ਦੇ ਸ਼ਹਿਰਾਂ, ਦੇਸ਼ਾ ਅਤੇ ਨਦੀਆਂ ਦਾ ਜ਼ਿਕਰ ਹੋਰ ਭਾਰਤੀ ਗ੍ਰੰਥਾਂ ਦੀ ਤਰ੍ਹਾਂ ਜੈਨ ਗ੍ਰੰਥਾਂ ਵਿਚ ਵੀ ਮਿਲਦਾ ਹੈ। ਇਨ੍ਹਾਂ ਵਿਚ ਕੁਰੂ, ਜਾਂਗਲ, ਕੇਕਯ (ਸਿਆਲਕੋਟ) ਪੁਰੂ, ਸਿੰਧੂ, ਸੌਵਿਰ, ਕਸ਼ਮੀਰ, ਤਰਿਗਰਤ (ਜਾਲੰਧਰ ਦੇਸ਼ ਰਾਜਧਾਨੀ ਕਾਂਗੜਾ) ਹੀ ਪੁਰਾਤਨ ਪੰਜਾਬ ਦੇ ਹਿੱਸੇ ਰਹੇ ਹਨ। ਇਸ ਇਲਾਕੇ ਵਿਚ ਵਰਤਮਾਨ ਸਾਰਾ ਭਾਰਤੀ ਤੇ ਪਾਕਿਸਤਾਨੀ ਪੰਜਾਬ, ਸਿੰਧ ਦਾ ਕੁਝ ਹਿੱਸਾ, ਰਾਜਸਥਾਨ ਦਾ ਹਨੂਮਾਨ ਗੜ੍ਹ, ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਦਾ ਮੇਰਠ ਜ਼ਿਲਾ ਆਉਂਦੇ ਹਨ। ਇਨ੍ਹਾਂ ਸਾਰਿਆਂ ਇਲਾਕਿਆਂ ਦਾ ਜੈਨ ਧਰਮ ਨਾਲ ਸੰਬੰਧ ਹੈ। ਜੈਨ ਧਰਮ ਦੇ 24 ਧਰਮਸੰਸਥਾਪਕ ਤੀਰਥੰਕਰਾਂ ਵਿਚੋਂ 20 ਦਾ ਜਨਮ ਸਥਾਨ, ਪ੍ਰਚਾਰ ਸਥਾਨ ਵਰਤਮਾਨ ਉੱਤਰ ਪ੍ਰਦੇਸ਼ ਦੇ ਕਈ ਜ਼ਿਲੇ ਹਨ। 16ਵੇਂ ਸ਼ਾਂਤੀ ਨਾਥ, 17ਵੇਂ ਕੁੰਥੂ ਨਾਥ, 18ਵੇਂ ਅਰਹ ਨਾਥ ਦਾ ਜਨਮ ਸਥਾਨ ਕੁਰੂ

ਦੇਸ਼ ਦੀ ਰਾਜਧਾਨੀ ਹਸਤਨਾਪੁਰ ਸੀ। ਜੈਨ ਇਤਿਹਾਸ ਵਿਚ ਹਸਤਨਾਪੁਰ ਬਹੁਤ ਬੜਾ ਤੀਰਥ ਮੰਨਿਆ ਗਿਆ ਹੈ। ਇਥੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਨੂੰ ਪਹਿਲਾ ਵਰਤ ਖੋਲਣ ਦਾ ਸੁਭਾਗ ਹਾਸਲ ਹੋਇਆ ਸੀ। ਇਸੇ ਰਿਸ਼ਵਦੇਵ ਦਾ ਛੋਟਾ ਪੁੱਤਰ ਗੰਧਾਰ ਦਾ ਰਾਜਾ ਬਾਹੂਬਲੀ ਸੀ। ਜਿਸ ਨੇ ਅਪਣੇ ਬੜੇ ਭਰਾ ਭਰਤ ਨਾਲ ਯੁਧ ਕੀਤਾ ਸੀ ਮੁਨੀ ਸੁਵਰਤ, ਭਗਵਾਨ ਪਾਰਸ਼ਵ ਨਾਥ ਅਤੇ 24ਵੇਂ ਭਗਵਾਨ ਮਹਾਵੀਰ ਨੇ ਧਰਮ ਪ੍ਰਚਾਰ ਕੀਤਾ। ਹਸਤਨਾਪੁਰ ਸਿੰਧ ਸੌਵਿਰ ਦੇ ਰਾਜੇ ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋਕੇ ਸਾਧੂ ਬਣ ਗਏ ਸਨ। ਪੰਜਾਬ ਦੇ ਪੰਜ ਦਰਿਆਵਾਂ ਦੇ ਨਾਂ ਸਥਾਨਾਂਗ ਸੂਤਰ ਵਿਚ ਆਏ ਹਨ। ਪਰ ਸਿੰਧੂ, ਗੰਗਾ ਤੇ ਜਮੁਨਾ ਦਾ ਕੁਝ ਹਿੱਸਾ ਪੁਰਾਤਨ ਪੰਜਾਬ ਦਾ ਅੰਗ ਰਹੇ ਹਨ। ਭਗਵਤੀ ਸੂਤਰ, ਵਿਪਾਕ ਸੂਤਰ, ਆਵੱਸ਼ਕ ਚੂਰਨੀ ਤੇ ਆਵੱਸ਼ਕ ਨਿਰਯੁਕਤੀ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਦੇ ਇਸ ਵਿਸ਼ਾਲ ਖੇਤਰ ਵਿਚ ਤਪੱਸਿਆ ਅਤੇ ਧਰਮ ਪ੍ਰਚਾਰ ਕਰਨ ਦਾ ਜ਼ਿਕਰ ਹੈ। ਜੈਨ ਗ੍ਰੰਥਾਂ ਤੋਂ ਛੁੱਟ ਪ੍ਰਾਚੀਨ ਸ਼ਿਲਾਲੇਖ ਪਟਾਵਲੀਆਂ (ਕੁਰਸੀ ਨਾਮੇ) ਅਤੇ ਮੂਰਤੀਆਂ ਦੇ ਚਿੰਨ੍ਹ ਜੈਨ ਸਭਿਅਤਾ, ਕਲਾ ਤੇ ਸੰਸਕ੍ਰਿਤੀ ਦੇ ਜਿਉਂਦੇ ਜਾਗਦੇ ਚਿੰਨ ਹਨ। ਅਨੇਕਾਂ ਦੇਸ਼ੀ ਅਤੇ ਵਿਦੇਸ਼ੀ ਯਾਤਰੀਆਂ ਦੇ ਸਫ਼ਰਨਾਮਿਆਂ ਵਿਚ ਇਸ ਇਲਾਕੇ ਵਿਚ ਜੈਨ ਮੁਨੀਆਂ ਦੀ ਹੋਂਦ ਦਾ ਜ਼ਿਕਰ ਹੈ।

ਪੰਜਾਬ ਵਿਚ ਜੈਨ ਧਰਮ ਦੀ ਅਖੰਡ ਪਰੰਪਰਾ ਮੁਸਲਮਾਨਾਂ ਤੋਂ ਪਹਿਲਾਂ ਕਾਫ਼ੀ ਹੱਦ ਤਕ ਫੈਲ ਚੁਕੀ ਸੀ। ਇਸ ਸਮੇਂ ਦੌਰਾਨ ਚੰਦਰਗੁਪਤ ਮੌਰੀਆ, ਸਮਪ੍ਰਤਿ, ਕੁਮਾਰ-ਪਾਲ ਜੇਹੇ ਜੈਨ ਰਾਜੇ ਇਸ ਧਰਮ ਨੂੰ ਪੰਜਾਬ ਵਿਚ ਫੈਲਾ ਚੁਕੇ ਸਨ। ਮੁਸਲਮਾਨਾਂ ਦੇ ਹਮਲਿਆਂ ਨੇ ਸਮੁਚੇ ਪੰਜਾਬ ਦੀ ਸਭਿਅਤਾ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਸਮੇਂ ਦਾ ਚੱਕਰ ਅਜੇਹਾ ਸੀ ਕਿ ਜੈਨ ਮਨੀਆਂ ਅਤੇ ਯਤੀਆਂ ਨੇ ਅਪਣੀ ਵਿਦਿਅਕ ਯੋਗਤਾ ਅਤੇ ਤਪ ਤਿਆਗ ਰਾਹੀਂ ਮੁਸਲਮਾਨ ਬਾਦਸ਼ਾਹਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਜੋ ਕਿ ਉਨ੍ਹਾਂ ਵਲੋਂ ਜੈਨ ਮੁਨੀਆਂ ਨੂੰ ਸਤਿਕਾਰ ਵਜੋਂ ਦਿਤੇ ਫ਼ਰਮਾਨਾਂ ਅਤੇ ਪਦਵੀਆਂ ਤੋਂ ਜ਼ਾਹਿਰ ਹੈ।

ਔਰੰਗਜ਼ੇਬ ਦੇ ਸਮੇਂ ਨੂੰ ਛੱਡ ਕੇ ਪੰਜਾਬ ਵਿਚ ਜੈਨ ਧਰਮ ਕਾਫ਼ੀ ਚੰਗੀ ਸਥਿਤੀ ਵਿਚ ਰਿਹਾ। ਮੁਸਲਮਾਨ ਤੇ ਰਾਜਪੂਤ ਬਾਦਸ਼ਾਹਾਂ ਦੇ ਖਜ਼ਾਂਚੀ ਅਕਸਰ ਜੈਨ ਰਹੇ ਹਨ। ਜਿਨ੍ਹਾਂ ਦਿਲੀ ਦੇ ਤਖਤ ਨੂੰ ਪ੍ਰਭਾਵਿਤ ਕਰਕੇ ਜੈਨ ਤੀਰਥਾਂ ਦੀ ਤਰੱਕੀ ਲਈ ਅਪਣਾ ਅਸਰ ਰਸੂਖ ਵਰਤਿਆ।

## ਪੁਸਤਕ ਲਿਖਣ ਦਾ ਉੱਦੇਸ਼

ਸਾਡਾ ਵਿਸ਼ਾ ਜੈਨ ਧਰਮ ਦਾ ਇਤਿਹਾਸ ਅਤੇ ਕਲਾ ਹੈ। ਕਾਫ਼ੀ ਸਮੇਂ ਤੋਂ ਸਾਨੂੰ ਇਹ ਕਮੀ ਭਾਸਦੀ ਸੀ ਕਿ ਜੈਨ ਧਰਮ ਦੇ ਸਾਰੇ ਫ਼ਿਰਕਿਆਂ ਨਾਲ ਸੰਬੰਧਿਤ ਇਤਹਾਸਕ ਸਾਮਗਰੀ ਦਾ ਸੰਗ੍ਰਹਿ ਕੀਤਾ ਜਾਵੇ। ਪਰ ਇਸ ਬਾਰੇ ਪੰਜਾਬੀ ਵਿਚ ਤਾਂ ਕੀ, ਕਿਸੇ ਹੋਰ ਭਾਰਤੀ

ਭਾਸ਼ਾ ਵਿਚ ਵੀ ਪੁਸਤਕ ਨਹੀਂ ਸੀ। ਸਾਨੂੰ ਉਦੋਂ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਅਸੀਂ ਯੂਨੀਵਰਸਟੀਆਂ ਦੇ ਵਿਦਵਾਨਾਂ ਵਲੋਂ ਛਾਪਿਆ ਪੰਜਾਬ ਦਾ ਇਤਿਹਾਸ ਵੇਖਿਆ। ਸਾਨੂੰ ਜਾਣ ਕੇ ਦੁਖ ਤੇ ਹੈਰਾਨੀ ਹੋਈ ਕਿ ਇਹ ਇਤਿਹਾਸ ਨਹੀਂ ਸਗੋਂ ਇਤਹਾਸ ਨਾਲ ਮਜ਼ਾਕ ਸੀ। ਚਾਲਾਕੀ ਨਾਲ ਬਿਨਾ ਕਿਸੇ ਪ੍ਰਮਾਨ ਤੋਂ ਬੁਧ ਦਾ ਜ਼ਿਕਰ ਇਨ੍ਹਾਂ ਇਤਿਹਾਸਾਂ ਵਿਚ ਮਿਲਦਾ ਹੈ। ਪਰ ਫੇਰ ਅਚਾਨਕ ਹੀ ਇਹ ਇਤਿਹਾਸਕਾਰ 8-9 ਸਦੀਆਂ ਅਗੋਂ ਆਕੇ ਸ਼ੇਖ਼ ਫ਼ਰੀਦ ਤੇ ਆ ਟਿਕਦੇ ਹਨ। ਫੇਰ ਮੁਗ਼ਲ, ਸਿਖ ਅੰਗਰੇਜ਼ ਇਤਿਹਾਸ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਇਤਿਹਾਸਾਂ ਨੂੰ ਪੜ੍ਹ ਕੇ ਜਾਪਦਾ ਹੈ ਕਿ ਜੈਨ ਧਰਮ ਸ਼ਾਇਦ ਪੰਜਾਬ ਵਿਚ ਹੈ ਹੀ ਨਹੀਂ।

ਦਰ ਅਸਲ ਇਹ ਭਾਰਤੀ ਇਤਿਹਾਸਕਾਰਾਂ ਦੀ ਬਦਕਿਸਮਤੀ ਅਤੇ ਚਾਲਾਕੀ ਹੈ ਕਿ ਉਹ ਜੈਨ ਗ੍ਰੰਥਾਂ ਰਾਹੀਂ ਪੇਸ਼ ਕੀਤੇ ਪ੍ਰਮਾਣਾਂ ਨੂੰ ਸੱਚ ਨਹੀਂ ਮੰਨਦੇ। ਜੇ ਇਹੋ ਪ੍ਰਮਾਣਾਂ ਨੂੰ ਕੋਈ ਅੰਗਰੇਜ਼ ਸਾਹਿਬ ਸੱਚ ਆਖ ਦੇਵੇ ਤਾਂ ਇਹ ਠੀਕ ਮੰਨ ਲੈਣਗੇ। ਇਸ ਦਾ ਸਬੂਤ ਇਕ ਉਦਾਹਰਣ ਰਾਹੀਂ ਦਿੱਤਾ ਜਾ ਸਕਦਾ ਹੈ। ਜਰਮਨ ਵਿਦਵਾਨ ਡਾ: ਜੇਕੋਬੀ ਤੋਂ ਪਹਿਲਾਂ ਸਾਰੇ ਵਿਦਵਾਨ ਜੈਨ ਧਰਮ ਅਤੇ ਬੁਧ ਧਰਮ ਨੂੰ ਇਕ ਮੰਨਦੇ ਸਨ। ਮਹਾਵੀਰ ਤੇ ਬੁੱਧ ਨੂੰ ਇਕ ਆਖਦੇ ਸਨ। ਕੋਈ ਬੁੱਧ ਧਰਮ ਨੂੰ ਜੈਨ ਧਰਮ ਦੀ ਸ਼ਾਖਾ ਆਖਦਾ ਸੀ ਅਤੇ ਕੋਈ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਆਖਦਾ ਸੀ। ਪਰ ਡਾ: ਜੇਕੋਬੀ ਅਗੇ ਸਭ ਨੇ ਹਥਿਆਰ ਸੁੱਟ ਦਿਤੇ। ਸਾਡੇ ਵਿਦਵਾਨਾਂ ਨੂੰ ਬੁਧ ਧਰਮ ਨਾਲ ਜ਼ਰੂਰਤ ਤੋਂ ਜ਼ਿਆਦਾ ਲਗਾਵ ਹੈ ਭਾਵੇਂ ਉਨ੍ਹਾਂ ਨੂੰ ਕਿੰਨਾ ਵੱਡਾ ਝੂਠ ਬੋਲਨਾ ਪਵੇ। ਚੰਦਰ ਗੁਪਤ ਮੌਰੀਆ ਬਾਰੇ ਜੈਨ ਗ੍ਰੰਥ ਹੀ ਕੁਝ ਦੱਸਦੇ ਹਨ ਪਰ ਸਾਡੇ ਵਿਦਵਾਨ ਚੰਦਰ-ਗੁਪਤ ਨੂੰ ਜੈਨ ਸਮਝਣ ਤੋਂ ਇਨਕਾਰੀ ਹਨ। ਖਾਰਵੇਲ (2-BC) ਭਾਵੇਂ ਜੈਨ ਮੰਨਿਆ ਜਾਂਦਾ ਹੈ ਪਰ ਇਸ ਦਾ ਇਤਿਹਾਸ ਵਿਚ ਕਿਧਰੇ ਜ਼ਿਕਰ ਨਹੀਂ। ਰਾਜਾ ਕੁਮਾਰ ਪਾਲ, ਮੰਤਰੀ ਵਸਤੂ ਪਾਲ, ਤੇਜ ਪਾਲ, ਵਿਮਲ ਸ਼ਾਹ ਭਾਵੇਂ ਕਿੰਨੇ ਵੀ ਬਹਾਦਰ ਸਨ ਪਰ ਉਨ੍ਹਾਂ ਦਾ ਜ਼ਿਕਰ ਕਰਦੇ ਸਾਡੇ ਇਤਿਹਾਸਕਾਰ ਸ਼ਰਮਾਉਂਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਯੋਧਾ ਜੈਨ ਕਿਵੇਂ ਹੋ ਸਕਦਾ ਹੈ ? ਜੈਨੀ ਤਾਂ ਅਹਿੰਸਕ ਹੁੰਦੇ ਹਨ। ਅਹਿੰਸਕ ਇਨ੍ਹਾਂ ਇਤਿਹਾਸਕਾਰਾਂ ਦੀ ਭਾਸ਼ਾ ਵਿਚ ਕਾਇਰ ਹੈ ਸੋ ਜੈਨੀ ਰਾਜ ਕਰੇ ਇਹ ਅਸੰਭਵ ਹੈ। ਪਰ ਜੇ ਇਹੋ ਰਾਜੇ ਬੁਧ ਧਰਮ ਜਾਂ ਹਿੰਦੂ ਧਰਮ ਨਾਲ ਸੰਬੰਧਿਤ ਹੋਣ ਤਾਂ ਸਾਡੇ ਸਤਿਕਾਰ ਯੋਗ ਇਤਿਹਾਸਕਾਰ ਇਨ੍ਹਾਂ ਦਾ ਬੜੀ ਸ਼ਾਨ ਨਾਲ ਨਾਲ ਜ਼ਿਕਰ ਕਰਦੇ ਹਨ। ਇਸ ਸੰਬੰਧ ਵਿਚ ਮੌਰੀਆ ਰਾਜੇ ਬ੍ਰਹਦਰਥ ਅਤੇ ਪੁਸ਼ਪ ਮਿੱਤਰ ਦਾ ਵਰਨਣ ਮਸ਼ਹੂਰ ਹੈ। ਅਸ਼ੋਕ ਮਸ਼ਹੂਰ ਹੈ। ਪਰ ਪੁਸ਼ਪਮਿੱਤਰ (ਬ੍ਰਹਸਪਤਿਮਿੱਤ੍ਰ) ਦਾ ਖਤਮ ਕਰਨ ਵਾਲੇ ਮਹਾਨ ਜੇਤੂ ਜੈਨ ਰਾਜੇ ਖਾਰਵੇਲ ਦਾ ਜ਼ਿਕਰ ਨਹੀਂ ਕਰਦੇ। ਇਹ ਬੇ-ਇਨਸਾਫ਼ੀ ਚੋਲਾਕਿਆ ਕੁਮਾਰ-ਪਾਲ ਹੋਈ ਹੈ। ਜਿਸ ਨੇ ਭਾਰਤ ਦੇ ਮੁਸਲਮਾਨ ਦੇ ਪ੍ਰਵੇਸ਼ ਤੋਂ ਕੁਝ ਸਮਾਂ ਪਹਿਲਾਂ ਦੱਖਣ, ਪੱਛਮ ਅਤੇ ਕੁਝ ਉੱਤਰੀ ਭਾਰਤ ਨੂੰ ਜਿਤਿਆ ਸੀ।

ਪੁਰਾਤੱਤਵ ਵਿਭਾਗ ਦਾ ਇਹੋ ਹਾਲ ਹੈ। ਜ਼ਿਆਦਾ ਮੂਰਤੀਆਂ ਸ਼ਿਲਾਲੇਖ ਬੁਧ ਧਰਮ ਨਾਲ ਸੰਬੰਧਿਤ ਹਨ। ਗੁਪਤਾ ਨਾਲ ਸੰਬੰਧਿਤ ਹਨ। ਪੰਜਾਬ ਵਿਚ ਜੈਨ ਧਰਮ ਦੇ ਪ੍ਰਾਚੀਨ ਸੋਮਿਆਂ ਦੀ ਘਾਟ ਨਹੀਂ। ਸਾਡੇ ਵਿਦਵਾਨਾਂ ਨੂੰ ਮਥੁਰਾ ਦੇ ਜੈਨ ਸ਼ਿਲਾਲੇਖ ਅਤੇ ਖਾਰਵੇਲ ਦਾ ਸ਼ਿਲਾਲੇਖ ਜੈਨ ਇਤਿਹਾਸ ਤੇ ਕਾਫ਼ੀ ਚਾਨਣਾ ਪਾਵੇਗਾ। ਜੈਨ ਗ੍ਰੰਥਾਂ ਵਿਚ ਕਈ ਰਾਜਿਆਂ ਦੇ ਵਰਨਣ ਨਾਲ ਅਧੂਰਾ ਇਤਿਹਾਸ ਪੂਰਾ ਹੋਵੇਗਾ।

ਸਾਡੇ ਇਤਿਹਾਸਕਾਰ ਅੰਗਰੇਜ਼ ਸਾਹਿਬ ਰਾਹੀਂ ਲਿਖੀਆਂ ਗੱਲਾਂ ਨੂੰ ਜ਼ਿਆਦਾ ਪ੍ਰਮਾਣਿਤ ਮੰਨਦੇ ਹਨ। ਉਨ੍ਹਾਂ ਦੀ ਖੋਜ ਨੂੰ ਨਿਰਪੱਖ ਮੰਨਦੇ ਹਨ। ਵਿਦੇਸ਼ੀ ਵਿਦਵਾਨ ਦੀ ਖੋਜ ਨਿਰਪੱਖ ਤਾਂ ਮੰਨੀ ਜਾ ਸਕਦੀ ਹੈ ਪਰ ਅਗਿਆਨਤਾ ਕਾਰਣ ਖੋਜ ਅਧੂਰੀ ਵੀ ਰਹਿ ਸਕਦੀ ਹੈ ਇਹ ਉਹ ਨਹੀਂ ਮੰਨਦੇ। ਜੈਨ ਤੀਰਥੰਕਰਾਂ ਦੀ ਉਤਪੱਤੀ ਬਾਰੇ ਉਹ ਇਤਿਹਾਸਿਕ ਸਬੂਤ ਭਾਲਦੇ ਹਨ, ਪੁਰਾਤੱਤਵ ਦੇ ਚਿੰਨ੍ਹ ਭਾਲਦੇ ਹਨ, ਦੂਸਰੇ ਗ੍ਰੰਥਾਂ ਦੇ ਪ੍ਰਮਾਣ ਭਾਲਦੇ ਹਨ। ਕੀ ਜੈਨ ਸ਼ਾਸਤਰ ਦੇ ਪ੍ਰਮਾਣ ਕਾਫ਼ੀ ਨਹੀਂ ਹਨ ? ਜੇ ਜੈਨ ਤੀਰਥੰਕਰਾਂ ਲਈ ਜੈਨ ਸ਼ਾਸਤਰਾਂ ਦੇ ਪ੍ਰਮਾਣ ਅਧੂਰੇ ਹਨ, ਤਾਂ ਬੋਧ ਅਤੇ ਹਿੰਦੂ ਸੋਮਿਆਂ ਰਾਹੀਂ ਪ੍ਰਾਪਤ ਸਾਮਗਰੀ ਕਿਸ ਪ੍ਰਕਾਰ ਪੂਰੀ ਹੈ। ਸਾਡੇ ਇਤਿਹਾਸਕਾਰ ਹਿੰਦੂ ਇਤਿਹਾਸ ਲਈ ਪੁਰਾਣਾਂ ਦਾ ਸਹਾਰਾ ਲੈਂਦੇ ਹਨ ਜਿਨ੍ਹਾਂ ਦੀ ਰਚਨਾ ਦਾ ਸਮਾਂ ਜੈਨ ਅਤੇ ਬੁਧ ਗ੍ਰੰਥਾਂ ਤੋਂ ਬਾਅਦ ਦਾ ਹੈ। ਇਕ ਪੱਖੋਂ ਭਾਰਤ ਵਿਚ ਇਤਿਹਾਸਕਾਰਾਂ ਦੀ ਗੁਲਾਮੀ ਇੰਨੀ ਮਜ਼ਬੂਤ ਹੋ ਗਈ ਹੈ ਕਿ ਅੰਗਰੇਜ਼ ਸਾਹਿਬ ਦਾ ਭਾਰਤੀ ਚੇਲਾ, ਭਾਰਤੀ ਇਤਿਹਾਸਕਾਰਾ ਵਿਚ ਸਨਮਾਨ ਹਾਸਲ ਕਰਦਾ ਹੈ ਭਾਵੇਂ ਉਹ ਕਿੰਨਾ ਹੀ ਗਲਤ ਆਖਦਾ ਹੋਵੇ। ਅਜੇਹੇ ਭਾਰਤੀਆਂ ਦਾ ਅਪਣਾ ਅਧਿਐਨ ਕੁਝ ਨਹੀਂ ਹੁੰਦਾ, ਸਗੋਂ ਇਹ ਸਾਰੇ ਇਤਿਹਾਸਕਾਰ ਵਿਦੇਸ਼ੀਆਂ ਦੀ ਖੋਜ ਤੇ ਆਧਾਰਿਤ ਹਨ। ਇਹੋ ਕਾਰਨ ਹੈ ਕਿ ਬੁਧ ਅਤੇ ਮਹਾਵੀਰ ਨੂੰ ਇਕ ਮੰਨਣ ਵਾਲੇ ਵਿਦਵਾਨ ਹੁਣ ਪਾਰਸ਼ਵਨਾਥ ਨੂੰ ਵੀ ਇਤਿਹਾਸਿਕ ਮਹਾਪੁਰਸ਼ ਮੰਨਣ ਲਗ ਪਏ ਹਨ ਕਿਉਂਕਿ ਇਨ੍ਹਾਂ ਦੇ ਅੰਗਰੇਜ਼ ਗੁਰੂ ਅਜੇਹਾ ਆਖਦੇ ਹਨ। ਭਾਰਤੀ ਵਿਦਵਾਨਾਂ ਦੀ ਅਪਣੇ ਇਤਿਹਾਸ, ਸੰਸਕ੍ਰਿਤੀ, ਧਰਮ, ਕਲਾ ਪ੍ਰਤਿ ਵਿਵਹਾਰ ਮਹਾਨ ਘਾਤਕ ਹੈ। ਸਾਡਿਆਂ ਵਿਦਵਾਨਾਂ ਨੂੰ ਬੇਨਤੀ ਹੈ ਕਿ ਹਰ ਪਰੰਪਰਾ ਦੇ ਭਾਰਤੀ ਇਤਿਹਾਸ ਦਾ ਅਧਿਐਨ ਪਰੰਪਰਾਗਤ ਢੰਗ ਨਾਲ ਕਰਕੇ, ਆਪਸੀ ਵਿਚਾਰ ਨਾਲ ਕਿਸੇ ਸਿੱਟੇ ਤੇ ਪੁਜਨਾ ਚਾਹੀਦਾ ਹੈ। ਕਿਸੇ ਵੀ ਗੱਲ ਨੂੰ ਮਿਥਿਹਾਸਕ ਆਖਣਾ, ਅਪਣਾ ਹੀ ਮਜ਼ਾਕ ਕਰਨਾ ਹੈ। ਇਕੋ ਗ੍ਰੰਥ ਵਿਚ ਇਤਿਹਾਸ ਅਤੇ ਮਿਥਹਾਸ ਨਹੀਂ ਚਲਦੇ। ਸਾਡੇ ਅਜ਼ਾਦ ਦੇਸ਼ ਦੇ ਲੇਖਕ ਅਜੇ ਵੀ ਗੁਲਾਮ ਹਨ।

ਇਹ ਪੁਸਤਕ ਕੋਈ ਸੰਪੂਰਨ ਇਤਿਹਾਸ ਨਹੀਂ ਸਗੋਂ ਪੁਰਾਤਨ ਪੰਜਾਬ ਵਿਚ ਭਿੰਨ ਭਿੰਨ ਸੋਮਿਆਂ ਰਾਹੀਂ ਪ੍ਰਾਪਤ ਜੈਨ ਪਰੰਪਰਾ ਦਾ ਵਰਨਣ ਹੈ। ਸਾਰੀਆਂ ਪਰੰਪਰਾਵਾਂ ਦਾ ਇਤਿਹਾਸ ਪਰੰਪਰਾਗਤ ਢੰਗ ਨਾਲ ਦਿਤਾ ਗਿਆ ਹੈ।

# ਧਨਵਾਦ

ਪਿਛੇ ਦਿਲੀ ਵਿਖੇ ਹੋਏ ਪੰਜਾਬੀ ਵਿਸ਼ਵ ਸਮੇਲਨ ਵਿਚ ਪੰਜਾਬ ਅਤੇ ਪੰਜਾਬੀਅਤ ਬਾਰੇ ਕਾਫ਼ੀ ਵਿਦਵਾਨਾਂ ਵਿਚ ਚਰਚਾ ਹੋਈ। ਕਿਸੇ ਨੇ ਵੀ ਜੈਨ ਪਰੰਪਰਾ ਦਾ ਜ਼ਿਕਰ ਨਾ ਕੀਤਾ। ਲੇਖਕਾਂ ਨੂੰ ਇਹ ਕਮੀ ਦੂਰ ਕਰਨ ਦੀ ਬਹੁਤ ਇਛਾ ਹੋਈ। ਅਸੀਂ ਅਪਣੀ ਗੁਰੁਣੀ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ, ਇਛਾ-ਪ੍ਰੇਰਣਾ ਅਤੇ ਆਸ਼ੀਰਵਾਦ ਨਾਲ ਇਹ ਕੰਮ ਸ਼ੁਰੂ ਕੀਤਾ। ਮਹਾਰਾਜ ਸ੍ਰੀ ਖੁਦ ਜੈਨ ਇਤਿਹਾਸ ਦੇ ਚੰਗੇ ਵਿਦਵਾਨ ਹਨ। ਪੰਜਾਬ ਦੇ ਅਨੇਕਾਂ ਹੱਥਲਿਖਤ ਭੰਡਾਰਾਂ ਦੀਆਂ ਸੂਚੀਆਂ ਆਪ ਨੇ ਤਿਆਰ ਕੀਤੀਆਂ ਹਨ। ਥੋੜੇ ਸਮੇਂ ਵਿਚ ਹੀ ਪੁਸਤਕ ਦੀ ਰੂਪ ਰੇਖਾ ਤਿਆਰ ਹੋ ਗਈ। ਪੁਸਤਕ ਪੂਰੀ ਕਰਨ ਵਿਚ ਹਜ਼ਾਰਾਂ ਮੁਸ਼ਕਿਲਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦਾ ਪ੍ਰਮੁਖ ਕਾਰਣ ਜੈਨ ਸਾਮਗਰੀ ਦੀ ਅਣਹੋਂਦ ਹੈ। ਫੇਰ ਵੀ ਅਸੀਂ ਪੁਰਾਤੱਤਵ ਵਿਭਾਗ ਪੰਜਾਬ, ਹਰਿਆਣਾ, ਹਿਮਾਚਲ ਅਤੇ ਦਿੱਲੀ ਦੇ ਧਨਵਾਦੀ ਹਾਂ ਜਿਨ੍ਹਾਂ ਅਪਣੇ ਅਜਾਇਬ ਘਰਾਂ ਦੇ ਪੁਰਾਤੱਤਵ ਮੂਰਤੀਆਂ ਦੇ ਸਾਨੂੰ ਪ੍ਰਦਾਨ ਕੀਤੇ ਹਨ।

ਸਾਰੇ ਵਿਦਵਾਨ ਲੇਖਕਾਂ ਅਤੇ ਪ੍ਰਕਾਸ਼ਕਾਂ ਦੇ ਅਸੀਂ ਧਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਸਾਡੇ ਗ੍ਰੰਥ ਪ੍ਰਕਾਸ਼ਨ ਵਿਚ ਸਹਾਇਕ ਹੋਈਆਂ ਹਨ। ਪੁਸਤਕ ਲਈ ਸਵੇਤਾਂਬਰ ਸਾਮਗਰੀ ਕਾਫ਼ੀ ਪ੍ਰਾਪਤ ਹੋ ਗਈ। ਦਿਗੰਬਰ ਇਤਿਹਾਸ ਘੱਟ ਮਿਲਿਆ। ਸਾਨੂੰ ਦੁੱਖ ਹੈ ਕਿ ਅਸੀਂ ਦਿਗੰਬਰ ਪਰੰਪਰਾ ਦਾ ਪੂਰਾ ਵਰਨਣ ਨਹੀਂ ਕਰ ਸਕੇ। ਸਭ ਤੋਂ ਜ਼ਿਆਦਾ ਅਸੀਂ ਧਨਵਾਦੀ ਹਾਂ ਪ੍ਰਸਿਧ ਪੰਜਾਬ ਦੇ ਇਤਿਹਾਸਕਾਰ, ਭਾਸ਼ਾ ਵਿਗਿਆਨੀ, ਪੁਰਾਤੱਤਵ ਦੇ ਮਾਹਿਰ, ਸ਼ਿਖ ਧਰਮ ਸਕਾਲਰ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਜੀ, ਸ੍ਰੀ ਤਿਲਕਧਰ ਜੀ ਸ਼ਾਸਤਰੀ ਦੇ, ਜਿਨ੍ਹਾਂ ਅਪਣੇ ਬੁਢਾਪੇ ਵਿਚ ਸਾਨੂੰ ਹੱਲਾਸ਼ੇਰੀ ਹੀ ਨਹੀਂ, ਸਗੋਂ ਚੰਗੇ ਸੁਝਾਵ ਦਿਤੇ। ਅਪਣੇ ਕੀਮਤੀ ਸਮੇਂ ਵਿਚ ਮੁੱਢਲੀ ਜਾਣ ਪਛਾਣ ਹੇਠ ਅਪਣੇ ਕੀਮਤੀ ਵਿਚਾਰ ਦਿਤੇ। ਪੁਰਾਤਨ ਚਿਤਰਾਂ ਲਈ ਸ੍ਰੀ ਭੋਜ ਰਾਜ ਜੈਨ ਪਟਿਆਲਾ ਦੇ ਅਸੀਂ ਬਹੁਤ ਧਨਵਾਦੀ ਹਾਂ।

ਅੰਤ ਵਿਚ ਅਸੀਂ ਉਨ੍ਹਾਂ ਸਾਰੇ ਦਾਨੀ ਸੱਜਨਾਂ ਦੇ ਧਨਵਾਦੀ ਹਾਂ ਜਿਨ੍ਹਾਂ ਸਾਨੂੰ ਹਰ ਪ੍ਰਕਾਰ ਦਾ ਸਹਿਯੋਗ ਅਤੇ ਸਮਾਂ ਦੇ ਕੇ ਇਸ ਕੰਮ ਨੂੰ ਪੂਰਾ ਕਰਵਾਇਆ।

ਅਸੀਂ ਇਸ ਪੁਸਤਕ ਨੂੰ ਅਧੂਰੀ ਸਮਝਦੇ ਹਾਂ ਜੇ ਅਸੀਂ ਸ੍ਰੀ ਰਾਜ ਕੁਮਾਰ ਸ਼ਰਮਾ ਮੈਨੇਜਰ ਸ੍ਰੀ ਆਤਮ ਜੈਨ ਪ੍ਰਿੰਟਿੰਗ ਪ੍ਰੈਸ ਦਾ ਧਨਵਾਦ ਨਾ ਕਰੀਏ ਜਿਨ੍ਹਾਂ ਅਪਣੇ ਰੁਝਵਿਆਂ ਵਿਚੋਂ ਪਰੂਫ ਰੀਡਿੰਗ ਲਈ ਸਮਾ ਦਿਤਾ। ਸ੍ਰੀ ਆਤਮ ਜੈਨ ਪ੍ਰਿੰਟਿੰਗ ਪ੍ਰੈਸ ਦੇ ਸਾਰੇ ਸਟਾਫ਼ ਦੇ ਸਹਿਯੋਗ ਲਈ ਅਸੀਂ ਬੇਹਦ ਧਨਵਾਦੀ ਹਾਂ।

7. ਸ੍ਰੀ ਕਪਵੰਡਸਿਆ ਸੂਤਰ (ਅਪ੍ਰਕਾਸ਼ਿਤ)।
8. ਸ੍ਰੀ ਪੁਫੀਆ ਸੂਤਰ (ਅਪ੍ਰਕਾਸ਼ਿਤ)।
9. ਸ੍ਰੀ ਪੁਫ ਚੁਲੀਆ ਸੂਤਰ (ਅਪ੍ਰਕਾਸ਼ਿਤ)।
10. ਸ੍ਰੀ ਵਨਹੀ ਦਸ਼ਾਂਗ ਸੂਤਰ (ਅਪ੍ਰਕਾਸ਼ਿਤ)।
11. ਭਗਵਾਨ ਮਹਾਵੀਰ ਦੇ ਪੰਜ ਸਿਧਾਂਤ (ਲੇਖਕ ਸ੍ਰੀ ਗਿਆਨ ਮੁਨੀ ਜੀ ਅਪ੍ਰਕਾਸ਼ਿਤ)
12. ਸ਼੍ਰਮਣ ਸੂਤਰ (ਵਿਨੋਬਾ ਭਾਵੇ)
13. ਪੁਰਾਤਨ ਪੰਜਾਬ ਵਿਚ ਜੈਨ ਧਰਮ (ਪ੍ਰਕਾਸ਼ਿਤ)

ਉਪਰੋਕਤ 13 ਗ੍ਰੰਥਾਂ ਦਾ ਸ੍ਰੀ ਰਵਿੰਦਰ ਕੁਮਾਰ ਜੈਨ ਪੰਜਾਬੀ ਅਨੁਵਾਦ ਅਤੇ ਸ੍ਰੀ ਪੁਰਸ਼ੋਤਮ ਦਾਸ ਦੀ ਕਲਮ ਨੇ ਸੰਪਾਦਨ ਕੀਤਾ ਹੈ। ਇਨ੍ਹਾਂ ਨੂੰ ਛਪਵਾ ਕੇ ਆਮ ਲੋਕਾਂ ਤਕ ਪਹੁੰਚਾਇਆ ਹੈ।

ਇਨ੍ਹਾਂ ਦੋਵੇਂ ਧਰਮ ਭਰਾਵਾਂ ਦੇ ਵਿਚਾਰ, ਭਾਵ, ਕਲਪਨਾ ਪੇਸ਼ ਕਰਨ ਦੀ ਸ਼ੈਲੀ ਇਕੋ ਤਰ੍ਹਾਂ ਦੀ ਹੈ। ਇਸੇ ਕਾਰਨ ਇਨ੍ਹਾਂ ਦੋ ਦਿਲਾਂ ਦੀ ਇਕ ਕਲਮ ਨੇ ਹੇਠ ਲਿਖੇ ਸਾਹਿਤ ਦਾ ਨਿਰਮਾਣ ਕੀਤਾ ਹੈ।

(1) ਮੰਖਲੀ ਪੁੱਤਰ ਗੋਸ਼ਾਲਕ (ਹਿੰਦੀ)। (2) ਭਗਵਾਨ ਮਹਾਵੀਰ ਦੇ ਸਮੇਂ ਦੇ ਦੋ ਮਹਾਪੁਰਸ਼। (3) ਜੈਨ ਧਰਮ (4) ਭਾਰਤੀ ਸਾਹਿਤ ਵਿਚ ਭਗਵਾਨ ਮਹਾਵੀਰ। (5) ਭਗਵਾਨ ਮਹਾਵੀਰ ਦੇ ਚੋਣਵੇਂ ਉਪਦੇਸ਼। (6) ਜੈਨ ਸਾਹਿਤ ਤੇ ਸੰਸਕ੍ਰਿਤੀ ਦੀ ਸੰਖੇਪ ਰੂਪ ਰੇਖਾ। (7) ਨਵਕਾਰ ਮੰਤਰ ਦੀ ਵਿਆਖਿਆ (8) ਭਗਵਾਨ ਮਹਾਵੀਰ।

ਇਸ ਪ੍ਰਕਾਰ ਇਨ੍ਹਾਂ ਧਰਮ ਭਰਾਵਾਂ ਨੇ ਅਨੁਵਾਦ ਅਤੇ ਨਿੱਜੀ ਲਿਖਤਾਂ ਰਾਹੀਂ ਪੰਜਾਬੀ ਭਾਸ਼ਾ ਨੂੰ 20 ਗ੍ਰੰਥ ਦੇ ਕੇ ਪੰਜਾਬੀ ਭਾਸ਼ਾ ਦੇ ਵਿਰਸੇ ਨੂੰ ਭਰਪੂਰ ਬਨਾਇਆ ਹੈ ਅਤੇ ਨਾਲ-ਨਾਲ ਜੈਨ ਸੰਸਕ੍ਰਿਤੀ ਦੇ ਅਹਿੰਸਾ, ਪ੍ਰੇਮ, ਸੱਚ ਅਤੇ ਵਿਸ਼ਵ ਭਾਇ-ਚਾਰੇ ਦੇ ਸਿਧਾਂਤਾਂ ਨੂੰ ਆਮ ਲੋਕਾਂ ਤਕ ਪਹੁੰਚਾ ਕੇ ਜੈਨ ਸੰਸਕ੍ਰਿਤੀ ਦੀ ਮਹਾਨ ਸੇਵਾ ਕੀਤੀ ਹੈ।

## ਸਮਾਜਿਕ ਖੇਤਰ ਵਿਚ—

ਇਨ੍ਹਾਂ ਧਰਮ ਪ੍ਰਾਣ ਨੌਜਵਾਨਾਂ ਦੀ ਕਲਮ ਜਿਥੇ ਸਾਹਿਤ ਖੇਤਰ ਵਿਚ ਜਨਤਾ ਦੀ ਸੇਵਾ ਕਰਕੇ ਉਨ੍ਹਾ ਵਿਚ ਗਿਆਨ ਅਤੇ ਸ਼ੁਧ ਸੰਸਕਾਰ ਦਾ ਪ੍ਰਚਾਰ ਕਰ ਰਹੀ ਹੈ। ਉਥੇ ਇਨ੍ਹਾਂ ਦੀਆਂ ਸਮਾਜਿਕ ਖੇਤਰ ਵਿਚ ਕੀਤੀਆਂ ਸੇਵਾਵਾਂ ਅਭਿਨੰਦਨ ਯੋਗ ਹਨ, ਅਤੇ ਸਮਾਜ ਦੀ ਤਰੱਕੀ ਵਿਚ ਮਹੱਤਵ ਪੂਰਣ ਹਿਸੇ ਵਜੋਂ ਯੁਗਾਂ-ਯੁਗਾਂ ਤਕ ਯਾਦ ਰਹਿਨਗੀਆਂ, ਇਨ੍ਹਾਂ ਦੀ ਸਮਾਜ ਸੇਵਾ ਦੀ ਲਗਨ ਅਨੇਕ ਸੰਸਥਾਵਾਂ ਨੂੰ ਜਾਨ ਦੇ ਰਹੀ ਹੈ, ਤਰੱਕੀ ਵਿਚ ਸਹਾਇਕ ਸਿੱਧ ਹੋ ਰਹੀ ਹੈ ਅਤੇ ਨਾਲ ਹੀ ਅਪਣੇ ਕੰਮਾਂ ਲਈ ਮਸ਼ਹੂਰ ਹੈ। ਇਨ੍ਹਾਂ ਸੰਸਥਾਵਾਂ ਦੀ ਪ੍ਰੇਰਣਾ ਸ਼ਕਤੀ ਹਨ ਉੱਤਰ ਭਾਰਤ ਪ੍ਰਵਰਤਕ ਭੰਡਾਰੀ ਸ੍ਰੀ ਪਦਮ ਚੰਦਰ

ਜੀ ਮਹਾਰਾਜ ਅਤੇ ਜਿਨ ਸ਼ਾਸਨ ਪ੍ਰਭਾਵਿਕਾ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ।

1. ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ ਸੰਸਥਾਪਕ।

2. ਜੈਨੋਲਿਜਕਲ ਰਿਸਰਚ ਕੌਂਸਲ (ਡਾਈਰੇਕਟਰ) ਸੰਸਥਾਪਕ।

3. ਮਹਾਵੀਰ ਇੰਟਰ ਨੈਸ਼ਨਲ (ਸੰਯੋਜਕ) ਮਾਲੇਰ ਕੋਟਲਾ।

4. ਅਚਾਰੀਆ ਸ੍ਰੀ ਆਤਮਾ ਰਾਮ ਜੈਨ ਭਾਸ਼ਨ ਮਾਲਾ (ਮੈਂਬਰ) ਪੰਜਾਬ ਯੂਨੀ-ਵਰਸਿਟੀ ਪਟਿਆਲਾ।

5. ਅੰਤਰਰਾਸ਼ਟਰੀ ਪ੍ਰਵਰਤਨੀ ਸ੍ਰੀ ਪਾਰਵਤੀ ਜੈਨ ਐਵਾਰਡ।

ਇਨ੍ਹਾਂ ਸੰਸਥਾਵਾਂ ਤੋਂ ਛੁਟ, ਇਹ ਅਜਿਹੀਆਂ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਹਿਯੋਗ ਦੇ ਰਹੇ ਹਨ।

1. 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ (ਮੈਂਬਰ)।

2. ਸ੍ਰੀ ਮਹਾਵੀਰ ਜੈਨ ਸੰਘ ਪੰਜਾਬ (ਪੁਰਸ਼ੋਤਮ ਦਾਸ ਉਪ ਪ੍ਰਧਾਨ, ਰਵਿੰਦਰ ਕੁਮਾਰ ਜੈਨ ਮੰਤਰੀ)।

3. ਵਿਸ਼ਵ ਧਰਮ ਸਮੇਲਨ (ਮੈਂਬਰ)।

4. ਇੰਟਰ ਨੈਸ਼ਨਲ ਮਹਾਵੀਰ ਜੈਨ ਮਿਸ਼ਨ ਨਿਊਯਾਰਕ (U.S.A.)।

5. ਵਿਸ਼ਵ ਪੰਜਾਬੀ ਲੇਖਕ ਸਮੇਲਨ।

## ਇਹ ਪੁਸਤਕ—

ਹੱਥਲੀ ਪੁਸਤਕ 'ਪੁਰਾਤਨ ਪੰਜਾਬ ਵਿਚ ਜੈਨ ਧਰਮ' ਇਨ੍ਹਾਂ ਧਰਮ ਭਰਾਵਾਂ ਦੀ ਖ਼ਾਸ ਰਚਨਾ ਹੈ। ਇਤਿਹਾਸਿਕ ਅਤੇ ਖੋਜ ਦਾ ਕੰਮ ਬਹੁਤ ਔਖਾ ਹੈ ਕਿਉਂਕਿ ਇਸ ਲਈ ਠੋਸ ਪ੍ਰਮਾਣਾਂ ਦੀ ਜ਼ਰੂਰਤ ਹੁੰਦੀ ਹੈ। ਦੋਹਾਂ ਲੇਖਕਾਂ ਨੇ ਪੁਰਾਤਨ ਗ੍ਰੰਥਾਂ ਅਤੇ ਹੋਰ ਠੋਸ ਅਧਾਰਾਂ, ਮਾਨਤਾਵਾਂ, ਪੁਰਾਤੱਤਵ, ਪਟਾਵਲੀਆਂ, ਮੁਸਲਮਾਨ ਬਾਦਸ਼ਾਹਾਂ ਦੇ ਹੁਕਮ-ਨਾਮੇ ਆਦਿ ਠੋਸ ਪ੍ਰਮਾਣਾ ਦੇ ਅਧਾਰ ਤੇ ਅਪਣੀ ਇਤਿਹਾਸਿਕ ਖੋਜ ਤੱਥਾਂ ਨਾਲ ਪੇਸ਼ ਕੀਤੀ ਹੈ। ਨਾਲ ਹੀ ਪੰਜਾਬ ਦੇ ਉਨ੍ਹਾਂ ਲੇਖਕਾਂ, ਕਵੀਆਂ ਦੇ ਨਾਂਵਾਂ ਦੀ ਜਾਣਕਾਰੀ ਦਿੱਤੀ ਹੈ ਜਿਨ੍ਹਾਂ ਪੁਰਾਤਨ ਪੰਜਾਬ ਦੀ ਧਰਤੀ ਤੇ ਜੈਨ ਧਰਮ ਦੇ ਸਿਧਾਂਤਾਂ ਦੇ ਫੁਲ ਖਿਲਾਰੇ ਹਨ। ਕੁਝ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀ ਜਾਣਕਾਰੀ ਵੀ ਦਿਤੀ ਗਈ ਹੈ ਜਿਨ੍ਹਾਂ ਸਵਤੰਤਰਤਾ ਸੰਗਰਾਮ ਵਿਚ ਹਿੱਸਾ ਪਾ ਕੇ ਦੇਸ਼ ਦੀ ਸੇਵਾ ਕੀਤੀ।

ਪੁਸਤਕ ਅਪਣੇ ਆਪ ਵਿਚ ਸੰਪੂਰਨ ਹੈ, ਇਹ ਤਾਂ ਮੈਂ ਨਹੀਂ ਆਖ ਸਕਦਾ ਪਰ ਇਹ ਗੱਲ ਦਾਅਵੇ ਨਾਲ ਆਖ ਸਕਦਾ ਹਾਂ ਕਿ ਦੋਵੇਂ ਲੇਖਕਾਂ ਦੀ ਪ੍ਰਤੀਭਾ ਨੇ ਇਤਹਾਸਕ

## ਭੁਲ ਸੁਧਾਰ ਖਿਮਾ ਯਾਚਨਾ

(ੳ) ਜਿਵੇਂ ਭਗਵਾਨ ਰਿਸ਼ਵਦੇਵ ਦੇ ਵਰਨਣ ਪੰਨਾ 3 ਸਮੇਂ ਕੁਰੂ ਦੇਸ਼ ਦੀ ਰਾਜਧਾਨੀ ਹਸਤਨਾਪੁਰ ਦੀ ਥਾਂ ਕੁਰੂਖੇਤਰ ਲਿਖੀ ਗਈ ਹੈ।

ਅ) ਭਗਵਾਨ ਸ਼ਾਂਤੀ ਨਾਥ ਜੀ ਦੀ ਮਾਤਾ ਦਾ ਵਿਪੁਰਾ ਰਾਜਾ ਵਿਸ਼ਵਸੈਨ ਦੀ ਥਾਂ ਇਸੇ ਪੰਨੇ ਤੇ

(ੲ) ਭਗਵਾਨ ਪਾਰਸ਼ ਨਾਥ ਦੇ ਮਾਤਾ ਪਿਤਾ ਦਾ ਨਾਂ ਗਲਤੀ ਨਾਲ ਛਪ ਗਿਆ ਸੀ। ਭਗਵਾਨ ਪਾਰਸ਼ਨਾਥ ਦੇ ਮਾਤਾ ਵਾਮਾ ਦੇਵੀ ਅਤੇ ਪਿਤਾ ਅਸ਼ਵਸੈਨ ਸਨ।

(ਸ) 11 ਗਣਧਰਾਂ ਦੇ ਨਾਂ ਦੀ ਥਾਂ 10 ਨਾਂ ਗ਼ਲਤੀ ਨਾਲ ਛਪ ਗਏ ਹਨ।

(ਹ) ਸ੍ਰੀ ਚੰਦਨ ਮੁਨੀ ਜੀ ਦੇ ਗੁਰੂ ਸ੍ਰੀ ਪੰਨਾ ਲਾਲ ਜੀ ਮਹਾਰਾਜ ਦਾ ਨਾਂ ਛਪਨਾ ਰਹਿ ਗਿਆ ਹੈ। ਇਸੇ ਪ੍ਰਕਾਰ ਅਚਾਰੀਆ ਰਤੀ ਰਾਮ ਜੀ ਮਹਾਰਾਜ ਦਾ ਨਾਂ ਗ਼ਲਤੀ ਨਾਲ ਸ੍ਰੀ ਰਾਮ ਲਾਲ ਛਪ ਗਿਆ ਹੈ। ਪਾਠਕ ਇਹ ਗ਼ਲਤੀਆਂ ਸੁਧਾਰ ਕੇ ਪੜ੍ਹਨ।

ਇਨ੍ਹਾਂ ਗ਼ਲਤੀਆਂ ਲਈ ਅਸੀਂ ਅਪਣੇ ਵਲੋਂ ਅਤੇ ਪ੍ਰੈਸ ਵਲੋਂ ਖਿਮਾ ਦੇ ਯਾਚਕ ਹਾਂ। ਭਵਿਖ ਵਿਚ ਇਨ੍ਹਾਂ ਗ਼ਲਤੀਆਂ ਦਾ ਸੁਧਾਰ ਕੀਤਾ ਜਾਵੇਗਾ।

ਇਸ ਪੁਸਤਕ ਵਿਚ ਜੈਨ ਏਕਤਾ ਦਾ ਧਿਆਨ ਰਖਿਆ ਗਿਆ ਹੈ। ਹਰ ਗੱਲ ਉਸ ਫ਼ਿਰਕੇ ਦੀ ਮਾਨਤਾ ਅਨੁਸਾਰ ਲਿਖੀ ਗਈ ਹੈ। ਫੇਰ ਵੀ ਜੇ ਗੱਲ ਨਾਲ ਕੋਈ ਫ਼ਿਰਕਾ ਸਹਿਮਤ ਨਾ ਹੋਵੇ ਤਾਂ ਉਨ੍ਹਾਂ ਦੇ ਸੁਝਾਵਾਂ ਦਾ ਅਸੀਂ ਆਦਰ ਕਰਾਂਗੇ।

ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਕਰ-ਕਮਲਾਂ ਵਿਚ ਪੁਸਤਕ ਸਮਰਪਿਤ ਕਰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਅੱਗੋਂ ਲਈ ਇਹ ਆਸ਼ੀਰਵਾਦ ਚਾਹੁੰਦੇ ਹਾਂ ਕਿ ਦੇਵ, ਗੁਰੂ, ਧਰਮ ਅਤੇ ਜੈਨ ਏਕਤਾ ਲਈ ਅਸੀਂ ਕੁਝ ਕਰ ਸਕੀਏ। ਜੈਨ ਏਕਤਾ ਹੀ ਮਨੁੱਖੀ ਏਕਤਾ ਹੈ।

**ਸ਼ੁਭ ਚਿੰਤਕ**

ਰਵਿੰਦਰ ਕੁਮਾਰ ਜੈਨ

ਪੁਰਸ਼ੋਤਮ ਦਾਸ ਜੈਨ

ਮਹਾਵੀਰ ਭਵਨ
ਮਾਲੇਰ ਕੋਟਲਾ

# ਇੱਕ ਪ੍ਰਾਣ ਦੋ ਸ਼ਰੀਰ

## (ਕੁਝ ਲੇਖਕ ਬਾਰੇ)

ਅੱਜ ਤੋਂ 11 ਸਾਲ ਪਹਿਲਾਂ ਦੋ ਨੌ ਜਵਾਨਾਂ ਨੂੰ ਵੇਖਿਆ ਦੋ ਸ਼ਕਲਾਂ, ਇਕ ਅਕਲ, ਇਕ ਭਾਵ, ਇਕ ਸੁਭਾਵ, ਇਕ ਅਚਾਰ, ਇਕ ਵਿਚਾਰ। ਪਹਿਲਾ ਦੂਸਰੇ ਦੇ ਸਨਮਾਨ ਲਈ ਅਤੇ ਦੂਸਰਾ ਪਹਿਲੇ ਦੇ ਸਨਮਾਨ ਲਈ ਸਮਰਪਿਤ। ਦੋ ਹਸਤੀਆਂ ਦੀ ਇਕ ਰੂਪਤਾ। ਇਸ ਮਤਲਬ ਦੀ ਦੁਨੀਆ ਵਿਚ, ਅਜੇਹੀ ਏਕਤਾ, ਅਜੇਹੀ ਦੋਸਤੀ ਅਤੇ ਅਜੇਹੀ ਆਦਰਸ਼ ਜੀਵਨ ਦੀ ਪਹਿਲੀ ਝਲਕ ਪਾਕੇ ਮੈਂ ਹੈਰਾਣ ਹੋ ਗਿਆ। ਇਨ੍ਹਾਂ ਦੋਸਤਾਂ ਦੇ ਦੋ ਨਾਮ ਹਨ, ਕੰਮ ਇਕ ਹੈ। ਤਾਂ ਪਹਿਲਾਂ ਨਾਉਂ ਹੀ ਦੱਸ ਦੇਵਾਂ 'ਸ਼੍ਰੀ ਰਵਿੰਦਰ ਕੁਮਾਰ ਜੈਨ ਸ਼੍ਰੀ ਪੁਰਸ਼ੋਤਮ ਦਾਸ ਜੈਨ। ਦੋਹਾਂ ਨੂੰ ਧਰਮ ਭਰਾ ਆਖਣਾ ਹੀ ਠੀਕ ਜਾਪਦਾ ਹੈ।

### ਸ਼੍ਰੀ ਪੁਰਸ਼ੋਤਮ ਜੈਨ—

ਪੰਜਾਬ ਦਾ ਮਸ਼ਹੂਰ ਸ਼ਹਿਰ ਹੈ ਸੰਗਰੂਰ, ਇਸ ਤੋਂ ਥੋੜੀ ਹੀ ਦੂਰ ਤੇ ਇਕ ਕਸਬਾ ਹੈ ਧੂਰੀ। ਜੋ ਵਿਕਾਸ ਪੱਖੋਂ, ਹੁਣ ਖ਼ੁਸ਼ਹਾਲ ਨਗਰ ਦਾ ਰੂਪ ਲੈ ਰਿਹਾ ਹੈ। ਇਸੇ ਧੂਰੀ ਵਿਚ ਧਰਮ ਪ੍ਰਤਿ ਸਮਰਪਿਤ ਅਤੇ ਸ਼ਰਧਾਵਾਨ ਇਕ ਜੈਨ ਪਰਿਵਾਰ ਵਿਚ ਪ੍ਰਸਿਧ ਹਨ ਸ਼੍ਰੀ ਸਵਰੂਪ ਚੰਦ ਜੈਨ ਅਤੇ ਸ਼੍ਰੀਮਤੀ ਲਕਸ਼ਮੀ ਦੇਵੀ ਜੈਨ। ਜਿਨ੍ਹਾਂ ਨੂੰ 10 ਨਵੰਬਰ 1946 ਦੇ ਸ਼ੁਭ ਦਿਨ ਇਕ ਬਾਲਕ ਦੇ ਮਾਂ ਪਿਉ ਬਨਣ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਜਿਸ ਨੂੰ ਪਿਆਰਾ ਨਾਂ ਦਿਤਾ ਗਿਆ ਪੁਰਸ਼ੋਤਮ ਇਹੋ ਬਾਲਕ ਪਿਤਾ ਪੁਰਖੀ, ਧਰਮ ਸ਼ੰਸਕਾਰ ਨਾਲ ਸਿਖਿਆ ਦੇ ਖੇਤਰ ਵਿਚ ਵੀ ਤਰੱਕੀ ਕਰਦਾ ਗਿਆ ਅਤੇ ਇਸਨੇ ਸਨ 1968 ਵਿਚ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ। ਦਿਲ ਵਿਚ ਧਰਮ ਸੰਸਕਾਰ ਦੇ ਬੀਜੇ ਬੀਜਾਂ ਤੋਂ ਪ੍ਰੇਰਿਤ ਹੋ ਕੇ ਪੁਰਸ਼ੋਤਮ ਜੈਨ ਨੇ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਐਡੀਸ਼ਨਲ ਸਿਖਿਆ ਦੇ ਰੂਪ ਵਿਚ ਧਰਮ ਸਿਖਿਆ ਦੀ ਬੀ. ਏ. ਦੀ ਡਿਗਰੀ 1976 ਵਿਚ ਹਾਸਲ ਕੀਤੀ।

ਸ਼੍ਰੀ ਰਵਿੰਦਰ ਕੁਮਾਰ ਜੈਨ ਇਨ੍ਹਾਂ ਨੂੰ ਧਰਮ ਭਰਾ ਦੇ ਰੂਪ ਵਿਚ ਮਿਲ ਗਏ। ਠੀਕ ਉਸੇ ਪ੍ਰਕਾਰ, ਜਿਵੇਂ ਸ਼ਰੀਰ ਨੂੰ ਪ੍ਰਾਣ ਮਿਲ ਗਏ ਹੋਣ। ਦੋਹਾਂ ਦੀ ਧਰਮ ਪ੍ਰਕ੍ਰਿਤੀ ਦਾ ਵਹਾ, ਇਕ ਹੀ ਰਾਹ ਵੱਲ ਵਧਣ ਲੱਗੇ ਅਤੇ ਦੋਵੇਂ ਇਕ ਹੀ ਨਿਸ਼ਾਨੇ ਵਲ ਤਰੱਕੀ ਕਰਨ ਲੱਗੇ।

### ਸ਼੍ਰੀ ਰਵਿੰਦਰ ਕੁਮਾਰ ਜੈਨ—

ਮਾਲੇਰ ਕੋਟਲਾ ਕਦੇ ਪੰਜਾਬ ਦੀ ਇਕ ਮਸ਼ਹੂਰ ਮੁਸਲਿਮ ਰਿਆਸਤ ਰਹੀ ਹੈ। ਪਰ ਅਜ ਕਲ ਸੰਗਰੂਰ ਜ਼ਿਲੇ ਦਾ ਪ੍ਰਸਿਧ ਨਗਰ ਹੈ। ਇਹ ਸ਼ਹਿਰ ਜੈਨ ਸੰਸਕ੍ਰਿਤੀ ਦੇ



ਸ਼੍ਰੀ ਰਵਿੰਦਰ ਕੁਮਾਰ ਜੈਨ ਅਪਣੇ ਧਰਮ ਭਰਾ ਸ਼੍ਰੀ ਪੁਰਸ਼ੋਤਮ ਦਾਸ ਜੈਨ ਨੂੰ
ਜੈਨ ਸ਼ਾਸ਼ਤਰ ਭੇਟ ਕਰਦੇ ਹੋਏ ।

ਨੇ ਗੋਵਰਧਨ ਪਰਵਤ ਉਠਾਇਆ ਸੀ। ਉਸੇ ਤਰ੍ਹਾਂ ਇਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤਿ ਪੰਜ਼ਾਬ ਦੀ ਸਥਾਪਨਾ ਹੋਈ। ਜਿਸ ਦੀ ਹੋਂਦ ਨੇ ਜੈਨ ਸਮਾਜ ਨੂੰ ਪ੍ਰੇਰਣਾ ਦਿਤੀ। ਜੈਨ ਜਗਤ ਦੀ ਅੱਖ ਖੁਲ ਗਈ। ਸ੍ਰੀ ਮਹਾਵੀਰ ਜੈਨ ਸੰਘ ਦੀ ਸਥਾਪਨਾ ਹੋਈ, ਮਹਾਵੀਰ ਫਾਉਂਡੇਸ਼ਨ ਦੀ ਨੀਂਹ ਰਖੀ ਗਈ, ਅਤੇ ਪੰਜਾਬ ਸਰਕਾਰ ਨੇ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੀ ਸਥਾਪਨਾ ਕਰਕੇ ਮਹਾਵੀਰ ਨਿਰਵਾਨ ਸ਼ਤਾਬਦੀ ਨੂੰ ਸੰਪੂਰਨਤਾ ਬਖਸ਼ੀ। ਇਹ ਇਕ ਪ੍ਰੇਰਿਕ ਸੰਸਥਾ ਹੈ।

ਇਨ੍ਹਾਂ ਧਰਮ ਭਰਾਵਾਂ ਨੂੰ ਜਿਥੇ ਧਰਮ ਪ੍ਰਤਿ ਵਿਸ਼ਵਾਸ ਹੈ, ਇਨ੍ਹਾਂ ਕੋਲ ਸਾਹਿਤਕ ਪ੍ਰਤਿਭਾ ਹੈ ਕੰਮ ਕਰਨ ਦੀ ਸ਼ਕਤੀ ਹੈ, ਉਤਸਾਹ ਹੈ, ਹੌਸਲਾ ਹੈ, ਉਥੇ ਨਾਂ ਦੀ ਭੁੱਖ ਬਿਲਕੁਲ ਨਹੀਂ। ਨਿਮਰਤਾ ਅਤੇ ਸਰਲਤਾ ਰੂਪੀ ਦੋ ਭੈਣਾਂ, ਜਾਪਦਾ ਹੈ, ਇਨ੍ਹਾਂ ਦੀ ਅਪਣੇ ਆਪ ਸੇਵਾ ਕਰ ਰਹੀਆਂ ਹਨ।

ਕੋਈ ਕੁਝ ਵੀ ਆਖੇ, ਪਰ ਸਚਾਈ ਇਹੋ ਹੈ ਕਿ ਪੰਜਾਬੀ ਯੂਨੀਵਰਸਟੀ ਵਿਚ ਮਹਾਵੀਰ ਜੈਨ ਚੇਅਰ ਦੀ ਸਥਾਪਨਾ ਦਾ ਸੇਹਰਾ ਇਨ੍ਹਾਂ ਧਰਮ ਭਰਾਵਾਂ ਨੂੰ ਜ਼ਾਂਦਾ ਹੈ। ਚੇਅਰ ਦੇ ਨੀਂਹ ਪੱਥਰ ਦੇ ਉਪਰ ਖੁਦੇ ਨਾਂ ਨੂੰ ਕੋਈ ਮਿਟਾ ਨਹੀਂ ਸਕਦਾ।

ਮੇਰੀ ਹੁਣ ਤਕ ਦੀ ਜਾਣਕਾਰੀ ਦੇ ਅਨੁਸਾਰ ਜੈਨ ਸਾਹਿਤ ਨੂੰ ਪੰਜਾਬੀ ਵਿਚ ਪੇਸ਼ ਕਰਨ ਦਾ ਪੂਰਾ ਸੇਹਰਾ ਇਨ੍ਹਾਂ ਦੋ ਭਰਾਵਾਂ ਨੂੰ ਜਾਂਦਾ ਹੈ, ਹੁਣ ਤਕ ਇਨ੍ਹਾਂ ਰਾਹੀਂ ਲਿਖੇ ਗਏ ਜਾਂ ਅਨੁਵਾਦ ਕੀਤੇ, ਛਪੇ ਸਾਹਿਤ'ਚ, ਕੁਝ ਦੋਵੇਂ ਹੀ ਲੇਖਕ ਹਨ ਅਤੇ ਕੁਝ ਰਚਨਾਵਾਂ ਵਿਚ ਇਕ ਲੇਖਕ ਅਤੇ ਦੂਸਰਾ ਸੰਪਾਦਕ। ਹਰ ਹਾਲਤ ਵਿਚ ਸਾਰੀਆਂ ਰਚਨਾਵਾਂ ਵਿਚ ਦੋਵੇਂ ਹੀ ਲੇਖਕਾਂ ਦਾ ਪੂਰਾ ਸਹਿਯੋਗ ਰਿਹਾ ਹੈ। ਜਿਵੇਂ ਕਿ ਹੇਠ ਲਿਖੀ ਜਾਣਕਾਰੀ ਤੋਂ ਸਪਸ਼ਟ ਹੈ—

## ਸ੍ਰੀ ਰਵਿੰਦਰ ਕੁਮਾਰ ਜੈਨ ਰਾਹੀਂ ਅਨੁਵਾਦਿਤ ਅਤੇ ਸ੍ਰੀ ਪੁਰਸ਼ੋਤਮ ਜੈਨ ਰਾਹੀਂ ਸੰਪਾਦਿਤ ਸਾਹਿਤ :-

1. ਇਕ ਸਮਸਿਆ ਇਕ ਹਲ (ਲੇਖਕ ਸ੍ਰੀ ਹਰੀਸ਼ ਮੁਨੀ ਜੀ ਮਹਾਰਾਜ)
2. ਮਹਾਵੀਰ ਸਿਧਾਂਤ ਤੇ ਉਪਦੇਸ਼ (ਉਪਾਧਿਆਏ ਸ੍ਰੀ ਅਮਰ ਮੁਨੀ ਜੀ ਮਹਾਰਾਜ)।
3. ਸਵਰਨ ਸਵਾਧਿਆਏ ਮਾਲਾ (ਸੰਗ੍ਰਹਿ ਕਰਤਾ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ)।
4. ਸ੍ਰੀ ਉੱਤਰਾਧਿਐਨ ਸੂਤਰ।
5. ਸ੍ਰੀ ਉਪਾਸਕ ਦਸ਼ਾਂਗ ਸੂਤਰ।
6. ਸ੍ਰੀ ਨਿਰਯਾਵਲਿਕਾ ਸੂਤਰ (ਅਪ੍ਰਕਾਸ਼ਿਤ)

ਖੋਜ ਦੇ ਕੁਝ ਅਣਛੂਹੇ ਪਹਿਲੂਆਂ ਨੂੰ ਸਮਰਥਾ ਅਨੁਸਾਰ ਛੋਹਿਆ ਹੈ ਜਿਸ ਨਾਲ ਇਸ ਵਿਸ਼ੇ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਲਾਭ ਪੁਜੇਗਾ।

ਇਸ ਪੁਸਤਕ ਦੀ ਪ੍ਰੇਰਿਕਾ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਮੈਂ ਬੰਦਨਾ ਸਹਿਤ ਸਾਧੂਵਾਦ ਆਖਦਾ ਹਾਂ।

ਮੈਂ ਸੱਚੇ ਦਿਲੋਂ 'ਇਕ ਪ੍ਰਾਣ ਦੋ ਸ਼ਰੀਰ' ਰੂਪੀ ਇਨ੍ਹਾਂ ਦੋਹਾਂ ਭਰਾਵਾਂ ਦੀ ਸ਼ਰਧਾ, ਸਾਹਿਤ ਪ੍ਰਤਿਭਾ ਅਤੇ ਅਨੋਖੀ ਕਾਰਜ ਸ਼ਕਤੀ ਦੇ ਵਿਕਾਸ ਦੀ ਮੰਗਲ ਕਾਮਨਾ ਕਰਦਾ ਹਾਂ।

**—ਤਿਲਕ ਧਰ ਸ਼ਾਸਤਰੀ**

14 ਜੁਲਾਈ, 1986

ਸੰਪਾਦਕ ਆਤਮ ਰਸ਼ਮੀ (ਮਾਸਿਕ ਪਤ੍ਰਿਕਾ)



# ਸਹਿਯੋਗੀਆਂ ਦੀ ਸੂਚੀ ਅਤੇ ਧਨਵਾਦ

1. ਸ੍ਰੀ ਬਹਾਦਰ ਚੰਦ ਵਿਦਿਆ ਰਤਨ ਜੈਨ ਤਾਤੇੜ ਹਨੁਮਾਨ ਗੜ੍ਹ ਟਾਊਨ
   ਸਾਧਵੀ ਸ੍ਰੀ ਬੀਨਾ ਜੀ ਮਹਾਰਾਜ ਦੇ ਦੀਖਿਆ ਉਤਸਵ ਸਮੇਂ
2. ਸ੍ਰੀ ਸੁਰਿੰਦਰ ਕੁਮਾਰ ਜੈਨ, ਜੈਨ ਬੰਧੂ ਸਾੜੀ ਫਾਊਲ, ਦਿਲੀ
3. ਸ੍ਰੀਮਤੀ ਸੋਮਵਤੀ ਜੈਨ ਪਤਨੀ ਸ੍ਰੀ ਹਰਬੰਸ ਲਾਲ ਜੈਨ ਰਾਜਪੁਰਾ
4. ਸ੍ਰੀਮਤੀ ਵਿਮਲਾ ਵਤੀ ਜੈਨ ਪਤਨੀ ਸ੍ਰੀ ਬੈਣੀ ਪ੍ਰਸਾਦ ਜੈਨ ਰਾਜਪੁਰਾ
5. ਭੈਣ ਭਾਵਨਾ ਜੈਨ ਪਟਿਆਲਾ
6. ਸ੍ਰੀ ਪੰਨਾ ਲਾਲ ਪ੍ਰੇਮ ਚੰਦ ਜੈਨ ਅੰਬਾਲਾ
7. ਭੂਸ਼ਨ ਦੀ ਹੱਟੀ ਅੰਬਾਲਾ ਸ਼ਹਿਰ
   ਸਾਧਵੀ ਸ੍ਰੀ ਸਮਤਾ ਜੀ ਮਹਾਹਾਜ ਦੀ ਦੀਖਿਆ ਸਮੇਂ
8. ਜੈਨ ਮੁਨੀ ਵਿਮਲ ਸਨਮਤਿ ਜੈਨ ਚੈਰੀਟੇਬਲ ਟਰਸਟ, ਕੁਪ ਕਲਾਂ
9. ਸ੍ਰੀਮਤੀ ਵਿਜੈ ਕੁਮਾਰੀ ਜੈਨ ਧਰਮ ਪਤਨੀ ਸ੍ਰੀ ਪਵਨ ਕੁਮਾਰ ਜੈਨ ਸੋਨੀਪਤ
10. ਸ੍ਰੀ ਵਿਦਿਆ ਭੂਸ਼ਨ ਜੈਨ ਜੰਡਿਆਲਾ ਗੁਰੂ
11. ਸ੍ਰੀ ਸੁਦਰਸ਼ਨ ਜੈਨ ਬੰਗਾ
12. ਸ੍ਰੀ ਸ਼ਵੇਤਾਂਬਰ ਤੇਰਾਪੰਥ ਜੈਨ ਸਭਾ ਮਾਲੇਰ ਕੋਟਲਾ
13. ਸ੍ਰੀ ਸੋਮ ਨਾਥ ਜੈਨ ਬੰਗਾ
14. ਸ੍ਰੀ ਰਾਮ ਕ੍ਰਿਸ਼ਨ ਕਿੰਗਰ ਸਪੁਤਰ ਸਵਰਗਵਾਸੀ ਸ੍ਰੀ ਗੋਰਾਆ ਰਾਮ ਜੀ ਕਿੰਗਰ
    ਨਵਭਾਰਤ ਕਾਸਟੀਂਗ ਮਾਲੇਰ ਕੋਟਲਾ
15. ਸ੍ਰੀ ਹਜ਼ਾਰੀ ਲਾਲ ਜੈਨ ਬੰਗਾ
16. ਸ੍ਰੀ ਹਰਬੰਸ ਲਾਲ ਜੈਨ ਮਾਲੇਰ ਕੋਟਲਾ
17. ਸ੍ਰੀ ਸੁਖਚੈਨ ਲਾਲ ਜੈਨ ਬੰਗਾ
18. ਸ੍ਰੀ ਹੰਸ ਰਾਜ ਤੇਜ ਪਾਲ ਮਾਲੇਰ ਕੋਟਲਾ
19. ਸ੍ਰੀਮਤੀ ਕਮਲਾ ਜੈਨ ਹੋਸ਼ਿਆਰ ਪੁਰ
20. ਸ੍ਰੀ ਬਾਬੂ ਰਾਮ ਜੈਨ ਜਾਲੰਧਰ
21. ਸ੍ਰੀਮਤੀ ਰਘੋ ਦੇਵੀ ਜੈਨ ਪਤਨੀ ਸ੍ਰੀ ਵੇਦ ਪ੍ਰਕਾਸ਼ ਜੈਨ ਲੁਧਿਆਣਾ
22. ਸ੍ਰੀ ਮੁਨੀ ਲਾਲ ਲੋਹਟੀਆ ਜੈਨ ਲੁਧਿਆਣਾ
23. ਸ੍ਰੀ ਨਰੇਸ਼ ਜੈਨ ਰਾਮਾ ਮੰਡੀ
24. ਸ੍ਰੀ ਸ਼ਾਂਤੀ ਸਵਰੂਪ ਜੀ ਜੈਨ ਅੰਬਾਲਾ ਸ਼ਹਿਰ
25. ਸ੍ਰੀ ਮੁੰਨਾ ਲਾਲ ਜੈਨ ਭੱਠੇ ਵਾਲੇ ਮਾਲੇਰ ਕੋਟਲਾ
26. ਸ੍ਰੀ ਅਰਿਹੰਤ ਕੁਮਾਰ ਜੈਨ ਸਿਰਸਾ
27. ਸ੍ਰੀ ਵਿਵੇਕ ਜੈਨ ਜਾਲੰਧਰ
28. ਸ੍ਰੀ ਵਿਮਲ ਜੈਨ ਜਾਲੰਧਰ

ਸੁਭਚਿੰਤਕ

ਜੈਨ ਭਵਨ
ਮਲੇਰ ਕੋਟਲਾ

ਸੰਯੋਜਕ—**25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ**
**ਸੰਯੋਜਿਕਾ ਸਮਿਤੀ ਪੰਜਾਬ**

# ਜੈਨ ਧਰਮ ਤੇ ਪੰਪਰਾ

ਜੈਨ ਧਰਮ ਸੰਸਾਰ ਦੇ ਪੁਰਾਤਨ ਧਰਮਾਂ ਵਿਚੋਂ ਇਕ ਹੈ। ਜਰਮਨ ਵਿਦਵਾਨ ਡਾ. ਹਰਮਨ ਜੇਕੋਬੀ ਦੇ ਸ਼ਬਦਾਂ ਅਨੁਸਾਰ "ਜੈਨ ਧਰਮ ਇਕ ਸੁਤੰਤਰ ਧਰਮ ਹੈ ਇਹ ਕਿਸੇ ਹੋਰ ਧਰਮ ਦੀ ਨਕਲ ਨਹੀਂ।"

ਜੈਨ ਧਰਮ ਅਨੁਸਾਰ ਜੈਨ ਧਰਮ ਹੀ ਸ੍ਰਿਸ਼ਟੀ ਦਾ ਆਦਿ ਧਰਮ ਹੈ। ਜੈਨ ਧਰਮ ਵਿਚ 24 ਧਰਮ ਸੰਸਥਾਪਕਾਂ [ਤੀਰਥੰਕਰਾਂ] ਦੀ ਪ੍ਰੰਪਰਾ ਹੈ, ਜੋ ਜੰਬੂ ਦੀਪ ਦੇ ਭਾਰਤਵਰਸ਼ ਵਿਚ ਪ੍ਰਚਲਿਤ ਹੈ ਪਰ ਸ੍ਰਿਸ਼ਟੀ ਦੇ ਹੋਰ ਕਈ ਹਿੱਸੇ ਹਨ, ਜਿਨ੍ਹਾਂ ਨੂੰ ਜੈਨ ਸ਼ਾਸਤਰਾਂ ਵਿਚ ਮਹਾਵਿਦੇਹ ਆਖਿਆ ਗਿਆ ਹੈ, ਇਨ੍ਹਾਂ ਹਿੱਸਿਆਂ ਵਿਚ ਹਮੇਸ਼ਾ ਸਤਿਯੁਗ ਵਰਗਾ ਸਮਾਂ ਰਹਿੰਦਾ ਹੈ। ਇਥੇ ਹਮੇਸ਼ਾ ਤੀਰਥੰਕਰ ਘੁੰਮਦੇ ਰਹਿੰਦੇ ਹਨ ਪਰ ਭਾਰਤ ਦੇਸ਼ ਵਿਚ ਤੀਰਥੰਕਰਾਂ ਦੀ ਪ੍ਰੰਪਰਾ ਕੁਝ ਸਮੇਂ ਲਈ ਟੁਟ ਜਾਂਦੀ ਹੈ। ਪਰ ਭੈੜਾ [ਯੁਗ] ਵੀਤ ਜਾਣ ਤੇ ਫੇਰ ਤੀਰਥੰਕਰ ਜਨਮ ਲੈਂਦੇ ਹਨ।

ਤੀਰਥੰਕਰ ਹਿੰਦੂ ਧਰਮ ਦੀ ਤਰ੍ਹਾਂ ਰੱਬ ਜਾਂ ਕਿਸੇ ਦੇਵਤੇ ਦਾ ਅਵਤਾਰ ਨਹੀਂ ਹੁੰਦੇ। ਇਹ ਵੀ ਸਾਧਾਰਣ ਮਨੁੱਖਾਂ ਦੀ ਤਰ੍ਹਾਂ ਸ਼ੁਭ [ਤੀਰਥੰਕਰ ਯੋਗ] ਕਰਮਾਂ ਰਾਹੀਂ ਇਹ ਪਦਵੀ ਹਾਸਲ ਕਰਦੇ ਹਨ। ਤੀਰਥੰਕਰ ਹਮੇਸ਼ਾ ਖੱਤਰੀ ਕੁਲ ਵਿਚ ਜਨਮ ਲੈਂਦੇ ਹਨ। ਤੀਰਥੰਕਰ ਜਨਮ ਤੋਂ ਤਿੰਨ ਗਿਆਨ ਦੇ ਧਾਰਕ ਹੁੰਦੇ ਹਨ, ਜਦ ਕਿ ਆਮ ਮਨੁੱਖ ਦੋ ਗਿਆਨ ਦੇ ਧਾਰਕ ਹੁੰਦੇ ਹਨ।

ਅੱਜ ਤੋਂ 2500 ਸਾਲ ਪਹਿਲਾਂ ਜੈਨ ਧਰਮ ਦੇ ਆਖਰੀ ਤੀਰਥੰਕਰ ਭਗਵਾਨ ਵਰਧਮਾਨ ਮਹਾਵੀਰ ਸਨ। ਭਗਵਾਨ ਮਹਾਵੀਰ ਤੋਂ 250 ਸਾਲ ਪਹਿਲਾਂ ਬਨਾਰਸ ਦੇ ਰਾਜਾ ਅਸ਼ਵ ਸੇਨ ਰਾਣੀ ਵਾਮਾ ਦੇ ਸਪੁੱਤਰ ਭਗਵਾਨ ਪਾਰਸ਼ ਨਾਥ ਇਕ ਇਤਿਹਾਸਿਕ ਪੁਰਸ਼ ਮੰਨੇ ਜਾਂਦੇ ਹਨ। ਆਪ ਦੀ ਉਮਰ 100 ਸਾਲ ਸੀ।

ਜੈਨ ਧਰਮ ਦੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਸਨ ਜਿਨ੍ਹਾਂ ਦਾ ਵਰਨਣ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਹੈ। ਜੈਨ ਸ਼ਾਸਤਰਾਂ ਵਿਚ ਸਾਰੇ ਤੀਰਥੰਕਰਾਂ ਦਾ ਜੀਵਨ ਵਿਸਥਾਰ ਨਾਲ ਮਿਲਦਾ ਹੈ। ਭਗਵਾਨ ਰਿਸ਼ਵ ਦੇਵ ਸ੍ਰਿਸ਼ਟੀ ਦੇ ਆਦਿ ਪੁਰਸ਼ ਮੰਨੇ ਜਾਂਦੇ ਹਨ। ਉਨ੍ਹਾਂ ਮਨੁੱਖਾਂ ਨੂੰ ਖੇਤੀ ਕਰਨਾ, ਲਿਖਣਾ ਅਤੇ ਹਥਿਆਰ ਬਨਾਉਣ ਦੀ ਸਿੱਖਿਆ ਦਿੱਤੀ। ਇਨ੍ਹਾਂ ਤੀਰਥੰਕਰਾਂ ਵਿਚ

ਭਗਵਾਨ ਨੇਮੀ ਨਾਥ, ਭਗਵਾਨ ਮੁਨੀ ਸੁਵਰਤ ਅਤੇ ਭਗਵਾਨ ਮਹਾਵੀਰ ਸਵਾਮੀ ਨੂੰ ਛਡ ਕੇ, ਸਾਰੇ ਤੀਰਥੰਕਰਾਂ ਦਾ ਜਨਮ ਸਥਾਨ ਉੱਤਰ ਭਾਰਤ (U. P.) ਹੈ। ਸਾਰੇ ਤੀਰਥੰਕਰ ਅਤੇ ਉਨ੍ਹਾਂ ਦੇ ਚੇਲਿਆਂ ਨੇ ਦੇਸ਼ ਵਿਦੇਸ਼ ਵਿਚ ਧਰਮ ਪ੍ਰਚਾਰ ਕੀਤਾ। ਪਰ ਕੁਝ ਪ੍ਰਮੁਖ ਤੀਰਥੰਕਰ ਅਜੇਹੇ ਹਨ ਜਿਨ੍ਹਾਂ ਦਾ ਕਾਫੀ ਸੰਬੰਧ ਪੁਰਾਣੇ ਪੰਜਾਬ ਨਾਲ ਰਿਹਾ।

ਇਨ੍ਹਾਂ ਪ੍ਰਮੁਖ ਤੀਰਥੰਕਰਾਂ ਵਿਚ ਭਗਵਾਨ ਰਿਸ਼ਵ ਦੇਵ, ਭਗਵਾਨ ਸ਼ਾਂਤੀ ਨਾਥ, ਭਗਵਾਨ ਕੁੰਥੂ ਨਾਥ, ਭਗਵਾਨ ਅਰ ਨਾਥ, ਭਗਵਾਨ ਨੇਮੀ ਨਾਥ, ਭਗਵਾਨ ਪਾਰਸ ਨਾਥ ਅਤੇ ਭਗਵਾਨ ਮਹਾਵੀਰ ਦੇ ਨਾਂ ਪ੍ਰਸਿੱਧ ਹਨ। ਜਿਨ੍ਹਾਂ ਅਪਣੇ ਜੀਵਨ ਦਾ ਕਾਫੀ ਭਾਗ ਇਨ੍ਹਾਂ ਇਲਾਕਿਆਂ ਵਿਜ ਧਰਮ ਪ੍ਰਚਾਰ ਕਰਦੇ ਗੁਜਾਰਿਆ।

## ਭਗਵਾਨ ਰਿਸ਼ਵ ਦੇਵ

ਜੈਨ ਧਰਮ ਦੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਦਾ ਜਨਮ ਅਯੋਧਿਆ ਨਗਰੀ ਵਿਖੇ ਮਹਾਰਾਜਾ ਨਾਭੀ ਅਤੇ ਰਾਣੀ ਮਰੂ ਦੇਵੀ ਦੇ ਘਰ ਹੋਇਆ। ਆਪ ਦੇ ਭਰਤ ਆਦਿ 100 ਪੁਤਰ ਸਨ। ਜਦ ਭਗਵਾਨ ਸਾਧੂ ਬਨਣ ਲਗੇ, ਤਾਂ ਆਪਨੇ ਅਪਣਾ ਸਾਰਾ ਰਾਜ ਇਨ੍ਹਾਂ ਪੁਤਰਾ ਵਿਚ ਵੰਡ ਦਿਤਾ। ਵੱਡਾ ਪੁੱਤਰ ਭਰਤ, ਚਕਰਵਰਤੀ ਬਨਣ ਦੀ ਇੱਛਾ ਰਖਦਾ ਸੀ। ਉਸਨੇ ਅਪਣੇ ਛੋਟੇ ਭਰਾਵਾਂ ਨੂੰ ਅਧੀਨਗੀ ਸਵੀਕਾਰ ਕਰਨ ਲਈ ਆਖਿਆ। ਇਕੱਲੇ ਬਾਹੂਵਲੀ ਨੂੰ ਛੱਡ ਕੇ ਸਾਰੇ ਭਰਾਵਾਂ ਨੇ ਸੰਸਾਰ ਨੂੰ ਠੋਕਰ ਮਾਰ ਕੇ ਭਗਵਾਨ ਰਿਸ਼ਵਦੇਵ ਪਾਸ ਸਾਧੂ ਦੀਖਿਆ ਗ੍ਰਹਿਣ ਕਰ ਲਈ। ਉਸ ਸਮੇਂ ਬਾਹੂਵਲੀ ਗੰਧਾਰ ਦੇਸ਼ ਦੇ ਰਾਜਾ ਸਨ। ਜਿਸ ਦੀ ਰਾਜਧਾਨੀ ਤਕਸ਼ਿਲਾ ਸੀ। ਬਾਹੂਵਲੀ ਨੂੰ ਅਪਣੀ ਸੁਤੰਤਰਤਾ, ਦੇਸ਼ ਪ੍ਰਤਿ ਕਰਤੱਵ, ਅਤੇ ਅਪਣੀ ਬਹਾਦਰੀ ਤੇ ਮਾਨ ਸੀ। ਉਨ੍ਹਾਂ ਸੱਤਾ ਦੇ ਨਸ਼ੇ ਵਿਚ ਡੁਬੇ ਭਰਤ ਦੀ ਲੜਾਈ ਦੀ ਧਮਕੀ ਸਵੀਕਾਰ ਕਰ ਲਈ। ਦੋਵੇਂ ਪਾਸਿਆਂ ਦੀਆਂ ਫੌਜਾਂ ਤਕਸ਼ਿਲਾ ਦੇ ਮੈਦਾਨ ਵਿਚ ਆ ਗਈਆਂ। ਪਰ ਸਿਆਨੇ ਮੰਤਰੀਆਂ ਨੇ ਸੋਚਿਆ "ਆਪਸੀ ਭਰਾਵਾਂ ਦੀ ਲੜਾਈ ਵਿਚ ਫਾਲਤੂ ਖੂਨ ਬਹਾਉਣਾ ਬੇਅਰਥ ਹੈ, ਦੋਵੇਂ ਆਪਸ ਵਿਚ ਲੜ ਲੈਣ ਜੋ ਵੀ ਬਹਾਦੁਰ ਹੋਵੇਗਾ, ਉਹ ਚੱਕਰਵਰਤੀ ਬਣ ਜਾਵੇਗਾ।" ਦੋਹਾਂ ਭਰਾਵਾਂ ਦੀ ਲੜਾਈ ਵਿਚ ਜਿੱਤ ਬਾਹੂਵਲੀ ਦੀ ਹੋਈ। ਪਰ ਭਰਤ ਨੇ ਧੋਖੇ ਨਾਲ ਬਾਹੂਵਲੀ ਤੇ ਚੱਕਰਵਰਤੀ ਦਾ ਚੱਕਰ ਚਲਾਇਆ, ਜੋ ਬੇਕਾਰ ਸਿੱਧ ਹੋ ਗਿਆ। ਭਰਤ ਦੀ ਇਸ ਹਰਕਤ ਨੇ ਬਾਹੂਵਲੀ ਦਾ ਮਨ ਬਦਲ ਦਿੱਤਾ। ਉਨ੍ਹਾਂ ਸੱਚੀ ਸੁਤੰਤਰਤਾ ਲਈ ਤਪੱਸਿਆ ਕਰਨੀ ਸ਼ੁਰੂ ਕਰ ਦਿੱਤੀ। ਇਹ ਉਹ ਆਤਮਿਕ ਸਵਰਾਜ ਸੀ, ਜਿਸ ਨੂੰ ਕਿਸੇ ਵੈਰੀ ਦਾ ਖਤਰਾ ਨਹੀਂ ਸੀ। ਉਨ੍ਹਾਂ ਲੰਬੀ ਤਪੱਸਿਆ ਬਾਦ ਕੇਵਲ ਗਿਆਨ ਹਾਸਲ ਕੀਤਾ ਧਰਮ ਪ੍ਰਚਾਰ ਦੌਰਾਨ ਆਪ ਕਸ਼ਮੀਰ, ਪੰਜਾਬ ਅਤੇ ਦਖਣ ਭਾਰਤ ਤਕ ਘੁਮੇਂ। ਜੈਨ ਧਰਮ ਅਨੁਸਾਰ ਪਹਿਲਾਂ ਮੁਕਤੀ ਪਾਉਣ ਵਾਲਾ ਪੰਜਾਬ ਦਾ ਰਾਜਾ ਬਾਹੂਵਲੀ ਸੀ

ਪੁਰਾਣਾਂ ਅਨੁਸਾਰ ਭਗਵਾਨ ਰਿਸ਼ਵਦੇਵ ਦੇ ਪੁਤਰ ਭਰਤ ਦੇ ਨਾਂ ਤੇ ਇਸ ਦੇਸ਼ ਦਾ ਨਾਂ ਭਾਰਤ ਵਰਸ਼ ਪਿਆ। ਉਨ੍ਹਾਂ ਦੇ 100 ਪੁਤਰਾਂ ਦੇ ਨਾਂ ਨਾਲ 100 ਦੇਸ਼ਾਂ ਦੀ ਉੱਤਪਤੀ ਹੋਈ। ਇਨ੍ਹਾਂ ਵਿਚ ਕੁਰੂ, ਪੁਰੂ ਆਦਿ ਪ੍ਰਸਿੱਧ ਸਨ। ਕੁਰੂ ਦੇਸ਼ ਦੀ ਰਾਜਧਨੀ ਕੁਰਖੇਤਰ ਸੀ। ਰਿਸ਼ਵ ਦੇਵ ਦੇ ਪੁਤਰ ਬ੍ਰਹਮੀ ਤੋਂ ਬ੍ਰਹਮੀ ਲਿਪੀ ਬਣੀ। ਖੁੱਦ ਭਗਵਾਨ ਰਿਸ਼ਵਦੇਵ ਪੁਰਾਤਨ ਪੰਜਾਬ, ਕਸ਼ਮੀਰ ਹੁੰਦੇ ਹੋਏ ਬਲੱਖ ਬੁਖਾਰਾ ਤਕ ਪਹੁੰਚੇ। ਭਗਵਾਨ ਰਿਸ਼ਵਦੇਵ ਤੋਂ ਛੁਟ ਹੋਰ ਤੀਰਥੰਕਰਾਂ ਦ ਸਾਧੂ ਸਾਧਵੀਆਂ ਧਰਮ ਪ੍ਰਚਾਰ ਹਿੱਤ ਇਸ ਖੇਤਰਾਂ ਵਿਚ ਘੁਮਦੇ ਰਹੇ। ਇਨ੍ਹਾਂ ਵਿਚ ਭਗਵਾਨ ਨੇਮੀ ਨਾਥ ਦੇ ਕਈ ਸਾਧੂ ਪ੍ਰਮੁਖ ਹਨ। ਭਗਵਾਨ ਰਿਸ਼ਵਦੇਵ ਨੂੰ ਤਪੱਸਿਆ ਪਿੱਛੋਂ ਪਹਿਲੀ ਭਿਖਿਆ ਵੀ ਹਸਤਨਾ ਪੁਰ ਤੋਂ ਮਿਲੀ ਸੀ।

## ਭਗਵਾਨ ਸ਼ਾਂਤੀ ਨਾਥ

ਆਪ ਦਾ ਗਰਭ, ਜਨਮ, ਦੀਖਿਆ ਅਤੇ ਕੇਵਲ ਗਿਆਨ ਕੁਰੂ ਦੇਸ਼ ਦੀ ਰਾਜਧਾਨੀ ਹਸਤਨਾ ਪੁਰ ਵਿਖੇ ਹੋਇਆ। ਉਸ ਸਮੇਂ ਕੁਰੂ ਦੇਸ਼ ਦਾ ਖੇਤਰ ਵਰਤਮਾਨ ਜਿਲਾ ਅੰਬਾਲਾ ਤੋਂ ਲੈਕੇ ਜਿਲਾ ਮੇਰਠ ਤਕ ਫੈਲਿਆ ਹੋਇਆ ਸੀ। ਆਪ ਦੇ ਪਿਤਾ ਰਾਜਾ ਅਸ਼ਵ ਸੇਨ ਅਤੇ ਰਾਣੀ ਵਾਮਾ ਦੇਵੀ ਸਨ। ਆਪ ਦਾ ਮੁਕਤੀ ਸਥਾਨ ਸਮੇਤ ਸ਼ਿਖਰ [ਪਾਰਸ਼ ਨਾਥ] ਬਿਹਾਰ ਹੈ। ਆਪ ਭਰਤ ਰਾਜੇ ਦੀ ਤਰਾਂ ਚੱਕਰਵਰਤੀ ਸਨ। ਜਿਨ੍ਹਾਂ ਸੰਸਾਰ ਦੇ ਕਈ ਦੇਸ਼ਾਂ ਨੂੰ ਜਿੱਤਿਆ। ਫੇਰ ਸਾਧੂ ਬਣ ਕੇ ਤੀਰਥੰਕਰ ਪਦਵੀ ਹਾਸਲ ਕੀਤੀ। ਆਪ ਦੇ ਕੇਂਦਰ ਪ੍ਰਚਾਰ ਉੱਤਰੀ ਭਾਰਤ, ਗੰਧਾਰ ਆਦਿ ਦੇਸ਼ ਹੀ ਸਨ।

## ਭਗਵਾਨ ਕੁੰਥੂ ਨਾਥ

ਆਪ ਜੀ ਦੇ ਮਾਤਾ ਦਾ ਨਾਂ ਸ੍ਰੀ ਦੇਵੀ ਸੀ, ਪਿਤਾ ਰਾਜਾ ਸਰ ਸਨ। ਤੀਰਥੰਕਰ ਪ੍ਰੰਪਰਾ ਅਨੁਸਾਰ ਆਪ ਦੇ ਜਨਮ ਤੋਂ ਪਹਿਲਾਂ ਆਪ ਦੀ ਮਾਤਾ ਨੇ ਵੀ 14 ਜਾਂ 16 ਸ਼ੁਭ ਸੁਪਨੇ ਦੇਖੇ। ਆਪ ਦਾ ਜਨਮ ਵੀ ਹਸਤਨਾ ਪੁਰ ਅਤੇ ਨਿਰਵਾਨ ਸਮੇਤ ਸ਼ਿਖਰ ਵਿਖੇ ਹੋਇਆ। ਆਪ ਦੇ ਕੇਂਦਰ ਭਾਰਤ ਵਰਸ਼ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

## ਭਗਵਾਨ ਅਰ ਨਾਥ

ਆਪ ਦੀ ਮਾਤਾ ਰਾਣੀ ਦੇਵੀ ਅਤੇ ਪਿਤਾ ਰਾਜਾ ਸੁਦਰਸ਼ਨ ਸਨ। ਆਪ ਦਾ ਜਨਮ ਸਥਾਨ ਵੀ ਹਸਤਨਾਪੁਰ ਸੀ। ਆਪ ਨੇ ਭਰੀ ਜਵਾਨੀ ਵਿਚ ਸੰਸਾਰਿਕ ਸੁੱਖਾਂ ਨੂੰ ਠੋਕਰ ਮਾਰ ਕੇ, ਸੰਸਾਰ ਦੇ ਕਲਿਆਣ ਲਈ ਤਪੱਸਿਆ ਸ਼ੁਰੂ ਕੀਤੀ। ਕੇਵਲ [ਬ੍ਰਹਮ] ਗਿਆਨ ਪਿਛੋਂ ਆਪ ਨੇ ਲੱਖਾਂ ਲੋਕਾਂ ਨੂੰ ਮੁਕਤੀ ਦਾ ਰਾਹ ਦਿਖਾਇਆ।

## ਭਗਵਾਨ ਪਾਰਸ਼ ਨਾਥ

ਭਗਵਾਨ ਪਾਰਸ਼ ਨਾਥ ਇਕ ਇਤਿਹਾਸਕ ਮਹਾਪੁਰਸ਼ ਹੋਏ ਹਨ। ਆਪ ਦਾ ਜਨਮ 777 ਈ. ਪੂ. ਨੂੰ ਬਨਾਰਸ ਦੇ ਰਾਜਾ ਅਸ਼ਵ ਸੈਨ ਅਤੇ ਰਾਣੀ ਵਾਮਾ ਦੇਵੀ ਦੇ ਘਰ ਹੋਇਆ। ਆਪ ਨੇ ਚਤੁਰਯਾਮ [ਅਹਿੰਸਾ, ਸੱਚ, ਚੋਰੀ ਨਾ ਕਰਨਾ, ਇਸਤਰੀ ਭੋਗ, ਜਰੂਰਤ ਤੋਂ ਵਧ ਵਸਤਾਂ ਦੇ ਇਕੱਠ ਦਾ ਤਿਆਗ] ਦਾ ਉਪਦੇਸ਼ ਦਿੱਤਾ। ਜਦੋਂ ਕਿ ਭਗਵਾਨ ਮਹਾਵੀਰ ਨੇ ਆਖਰੀ ਵਰਤ ਨੂੰ ਅਪਰਿਗ੍ਰਹਿ ਤੇ ਬ੍ਰਹਮਚਰਯ ਵਿਚ ਵੱਖ ਕਰ ਦਿੱਤਾ। ਇਸ ਸਿਧਾਂਤ ਦਾ ਵਰਨਣ ਬੁਧ ਗ੍ਰੰਥਾਂ ਅਤੇ ਜੈਨ ਗ੍ਰੰਥਾਂ ਵਿਚ ਭਰਿਆ ਪਿਆ ਹੈ। ਸ੍ਰੀ ਉੱਤਰਾਧਿਐਨ ਸੂਤਰ ਦਾ ਗੌਤਮ—ਕੇਸ਼ੀ ਅਧਿਐਨ ਭਗਵਾਨ ਪਾਰਸ਼ ਨਾਥ ਅਤੇ ਭਗਵਾਨ ਮਹਾਵੀਰ ਦੀ ਪ੍ਰੰਪਰਾ ਨੂੰ ਸਪਸ਼ਟ ਕਰਦਾ ਹੈ। ਜੈਨ ਗ੍ਰੰਥਾਂ ਵਿਚ ਮਹਾਤਮਾ ਬੁੱਧ ਦੇ ਇਸੇ ਪ੍ਰੰਪਰਾ ਵਿਚ ਸਾਧੂ ਬਣ ਕੇ ਛਡਣ ਦਾ ਵਰਨਣ ਮਿਲਦਾ ਹੈ।

100 ਦਿਨ ਦੀ ਤਪੱਸਿਆ ਦੇ ਬਾਅਦ ਆਪ ਨੂੰ ਕੇਵਲ-ਗਿਆਨ ਪ੍ਰਾਪਤ ਹੋਇਆ। ਆਪ ਨੇ ਕਸ਼ਮੀਰ, ਗੰਧਾਰ, ਕੁਰੂ ਤੇ ਪੁਰੂ ਦੇਸ਼ਾਂ ਵਿਚ ਜੈਨ ਧਰਮ ਦਾ ਬਹੁਤ ਪ੍ਰਚਾਰ ਕੀਤਾ। ਆਪ ਦੇ ਮੁਕਤੀ ਸਥਾਨ ਦਾ ਨਾਂ ਪਾਰਸ਼ ਨਾਥ ਹਿਲ ਹੈ। ਜੋ ਬਿਹਾਰ ਦੇ ਜਿਲਾ ਹਜਾਰੀ ਬਾਗ ਵਿਚ ਹੈ। ਜੈਨ ਧਰਮ ਦੇ 24 ਤੀਰਥੰਕਰਾਂ ਵਿਚੋਂ ਭਗਵਾਨ ਪਾਰਸ਼ ਨਾਥ ਦੇ ਮੰਦਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਪੰਜਾਬ ਵਿਚ ਪੁਰਾਣੇ ਯਤੀ ਤਾਂ ਭਗਵਾਨ ਪਾਰਸ਼ ਨਾਥ ਅਤੇ ਉਨ੍ਹਾਂ ਦੇ ਸੇਵਕ ਯਕਸ਼ ਧਰਨੇਂਦਰ ਤੇ ਪਦਮਾਵਤੀ ਉਪਾਸਨਾ ਕਰਦੇ ਹਨ। ਪਾਰਸ਼ ਨਾਥ ਨੇ ਬਹੁਤ ਸੁਤੰਤਰ ਸਾਹਿਤ ਰਚਿਆ ਹੈ। ਜੋ ਕਿ 14 ਪੂਰਵ ਅਖਵਾਉਂਦੇ ਸਨ।

## ਭਗਵਾਨ ਮਹਾਵੀਰ

ਅੰਤਮ ਤੀਰਥੰਕਰ ਭਗਵਾਨ ਮਹਾਵੀਰ ਦਾ ਜਨਮ ਵੈਸ਼ਾਲੀ ਖੱਤਰੀ ਕੁੰਡ ਨਾਮ ਦੇ ਰਾਜਾ ਸਿਧਾਰਥ ਅਤੇ ਰਾਣੀ ਤ੍ਰਿਸ਼ਲਾ ਦੇ ਘਰ ਈ. ਪੂ. 599 ਚੇਤ ਸੁਦੀ 13 ਨੂੰ ਹੋਇਆ। ਆਪ ਦਾ ਨਿਰਵਾਨ 527 ਈ. ਪੂ. ਪਾਵਾ (ਬਿਹਾਰ) ਵਿਚ ਹੋਇਆ। ਆਪ ਨੇ 30 ਸਾਲ ਦੀ ਉਮਰ ਵਿਚ ਸੰਸਾਰਿਕ ਸੁੱਖਾਂ ਨੂੰ ਤੁਛ ਸਮਝ ਕੇ 12½ ਸਾਲ ਤਪੱਸਵੀ ਜੀਵਨ ਗ੍ਰਹਿਣ ਕੀਤਾ। ਆਪਦੀ ਤਪੱਸਿਆ ਵਾਰੇ ਪੁਰਾਤਨ ਕਹਾਵਤ ਹੈ "ਸਾਰੇ ਤੀਰਥੰਕਰਾਂ ਦੀ ਤਪੱਸਿਆ ਇਕ ਪਾਸੇ ਹੈ ਅਤੇ ਇਕੱਲੇ ਮਹਾਵੀਰ ਦੀ ਇਕ ਪਾਸੇ।" ਤਪੱਸਿਆ ਵੇਲੇ ਭਗਵਾਨ ਮਹਾਵੀਰ ਦੋ ਵਾਰ ਪੁਰਾਤਨ ਪੰਜਾਬ ਵਿਚ ਘੁੰਮੇ ਸਨ। ਇਸ ਵਾਰੇ ਸਾਨੂੰ ਆਵੱਸ਼ਕ ਚੂਰਣੀ, ਤੇ ਨਿਯੁਕਤੀ ਨਾਂ ਦੇ ਪ੍ਰਸਿੱਧ ਗਰੰਥਾਂ ਵਿਚੋਂ ਕੁਝ ਸਹਾਇਤਾ ਲੈਣੀ ਪਵੇਗੀ। ਭਗਵਾਨ ਮਹਾਵੀਰ ਸਮੇਂ ਇਸ ਪ੍ਰਦੇਸ਼ ਦਾ ਨਾਂ ਉੱਤਰਾਪਥ ਸੀ। ਉਸ

ਵਿਚ ਮਥੁਰਾ ਤੋਂ ਲੈ ਕੇ ਗੰਧਾਰ ਤਕ ਦਾ ਸਾਰਾ ਪ੍ਰਦੇਸ਼ ਸ਼ਾਮਲ ਸੀ । ਗੰਧਾਰ ਵਿਚ ਕਸ਼ਮੀਰ ਦਾ ਇਲਾਕਾ ਸ਼ਾਮਲ ਸੀ । ਆਵੱਸ਼ਕ ਚੂਰਣੀ ਵਿਚ ਭਗਵਾਨ ਮਹਾਵੀਰ ਦੀ ਤਪੱਸਿਆ ਦਾ ਵਰਨਣ ਤਾਂ ਆਇਆ ਹੈ, ਪਿੰਡਾਂ, ਸ਼ਹਿਰਾਂ ਦੇ ਨਾਂ ਵੀ ਆਏ ਹਨ। ਘਟਨਾਵਾਂ ਹਨ ਪਰ ਦੇਸ਼ਾਂ ਦਾ ਕੋਈ ਵਰਨਣ ਨਹੀਂ । ਉਦਾਹਰਣ ਪਖੋਂ ਸਵੇਤਾਂਵਿਕਾ ਨਗਰੀ ਕੇਕਯ ਦੇਸ਼ ਦੀ ਰਾਜਧਾਨੀ ਸੀ । ਜੋ ਸਾਰਾ ਪੰਜਾਬ ਵਿਚ ਹੈ ਉਸਦੇ ਅੱਧੇ ਹਿੱਸ਼ੇ ਵਿਚ ਸਾਧੂ ਘੁਮ ਸਕਦੇ ਹਨ । ਪਰ ਅੱਧਾ ਹਿੱਸਾ ਮਾਸਾਹਾਰੀਆਂ ਮਨੁੱਖਾਂ ਦਾ ਹੋਣ ਕਰਕੇ ਸਾਧੂ ਉਧਰ ਨਹੀਂ ਜਾਂਦੇ ਸਨ । ਓਦਾਹਰਣ ਪੱਖੋਂ ਭਗਵਾਨ ਮਹਾਵੀਰ ਦੱਖਣੀ ਬਚਾਲਾ ਅਤੇ ਉੱਤਰੀ ਬਚਾਲਾ ਵਿਥੇ ਕਨਖਲ ਆਸ਼ਰਮ ਵਿਖੇ ਪਹੁੰਚਣ ਦਾ ਜਿਕਰ ਹੈ । ਕਨਖਲ ਨਾਂ ਦਾ ਇੱਕ ਹਿੱਸਾ ਹਰਿਦਵਾਰ ਵਿਖੇ ਅੱਜ ਵੀ ਹੈ । ਇਥੇ ਭਗਵਾਨ ਮਹਾਵੀਰ ਨੇ ਚੰਡ ਕੋਸ਼ਿਕਾ ਨਾਂ ਦੇ ਨਾਗ ਨੂੰ ਧਰਮ ਉਪਦੇਸ਼ ਦਿੱਤਾ ਸੀ । ਉਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਗੰਗਾ ਨਦੀ ਪਾਰ ਕਰਕੇ ਪੁੰਡਰੀਕ ਸਨੀਵੇਸ਼ ਪਹੁੰਚੇ । ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਸਾਰੇ ਵਿਦਵਾਨ ਵਰਤਮਾਨ ਥਾਨੇਸ਼ਵਰ ਨੂੰ ਪੁਰਾਤਨ ਸਥੁਨਾ ਮੰਨਦੇ ਹਨ । ਜੈਨ ਵਿਦਵਾਨ ਇਹ ਕਿਉਂ ਨਹੀਂ ਮੰਨਦੇ । ਇਸ ਇਲਾਕੇ ਵਿਚੋਂ 9 ਤੋਂ 12 ਸਦੀ ਦੇ ਸਮੇਂ ਦੀਆਂ ਜੈਨ ਮੂਰਤੀਆਂ ਮਿਲਦੀਆਂ ਹਨ । ਕਿ ਇਹ ਸੰਭਵ ਨਹੀਂ ਕਿ ਭਗਵਾਨ ਮਹਾਵੀਰ ਗੰਗਾ ਨਦੀ ਪਾਰ ਕਰਕੇ ਵਰਤਮਾਨ ਥਾਨੇਸਵਰ ਪਹੁੰਚੇ ਹੋਣ । ਕਿਉਂਕਿ ਗੰਗਾ ਨਦੀ ਆਪਣਾ ਰਸਤਾ ਬਦਲਦੀ ਰਹੀ ਹੈ । ਫੇਰ ਵੀ ਅਸੀਂ ਇਸ ਘਟਨਾ ਦਾ ਨਿਰਣਾ ਵਿਦਵਾਨਾਂ ਤੇ ਛੱਡਦੇ ਹਾਂ, ਘਟਨਾ ਇਸ ਪ੍ਰਕਾਰ ਹੈ ।

ਚੰਡਕੋਸ਼ਿਕ ਨਾਗ ਨੂੰ ਗਿਆਨ ਦੇ ਕੇ ਕਨਖਲ ਤੋਂ ਭਗਵਾਨ ਮਹਾਵੀਰ ਉੱਤਰ-ਬਾਚਾਲ ਪਧਾਰੇ । ਇਥੋਂ ਸਵੇਤਾਂਵਿਕਾ (ਪੁਰਾਤਨ ਸਿਆਲਕੋਟ) ਵਿਖੇ 15 ਦਿਨ ਦਾ ਵਰਤ ਖੋਲਿਆ । ਉਥੋਂ ਦੇ ਰਾਜਾ ਪ੍ਰਦੇਸੀ ਨੇ ਭਗਵਾਨ ਮਹਾਵੀਰ ਦਾ ਸਵਾਗਤ ਕੀਤਾ । ਫੇਰ ਸੁਰਭੀ ਪੁਰ ਪਧਾਰ ਗਏ ।

ਸੁਰਭੀ ਪੁਰ ਤੋਂ ਭਗਵਾਨ ਗੰਗਾ ਨਦੀ ਪਾਰ ਕਰਣ ਲਈ ਬੈਠੇ । ਸਿੱਧਦੱਤ ਦੀ ਕਿਸ਼ਤੀ ਸੀ । ਉਸ ਸਮੇਂ ਭਿਆਨਕ ਤੂਫਾਨ ਆਇਆ । ਪਰ ਸਾਰੇ ਯਾਤਰੀ ਭਗਵਾਨ ਮਹਾਵੀਰ ਦੀ ਕਿਰਪਾ ਨਾਲ ਕਿਨਾਰੇ ਤੇ ਲਗ ਗਏ ।

ਕਿਸ਼ਤੀ ਤੋਂ ਉਤਰ ਕੇ ਉਹ ਥੁਨਾਕ ਸਨੀਵੇਸ਼ (ਥਾਨੇਸ਼ਵਰ) ਪੈਦਲ ਰੇਤ ਤੇ ਚਲਦੇ ਹੋਏ ਪਹੁੰਚੇ । ਰਾਹ ਵਿਚ ਗੰਗਾ ਦੀ ਰੇਤ ਫੈਲੀ ਹੋਈ ਸੀ । ਉਸ ਰੇਤ ਤੇ ਭਗਵਾਨ ਮਹਾਵੀਰ ਦੇ ਪੈਰਾਂ ਦੇ ਚਿੰਨ੍ਹ ਵੇਖ ਕੇ, ਇਕ ਪੁਸ਼ਯ ਨਾਂ ਦਾ ਜੋਤਸ਼ੀ ਪੈੜਾਂ ਦੇ ਪਿੱਛੇ ਹੋ ਗਿਆ । "ਉਸ ਨੇ ਸੋਚਿਆ ਇਹ ਕੋਈ ਚੱਕਰਵਰਤੀ ਹੈ। ਮੁਸੀਬਤ ਕਾਰਣ ਘੁਮ ਰਿਹਾ ਹੈ। ਮੈਨੂੰ ਇਸਦੀ ਸੇਵਾ ਕਰਨੀ ਚਾਹੀਦੀ ਹੈ । ਜਦ ਇਹ ਰਾਜਾ ਬਣੇਗਾ ਮੇਰੀ ਜਰੂਰ ਮਦਦ

ਕਰੇਗਾ।" ਜਦ ਉਹ ਭਗਵਾਨ ਮਹਾਵੀਰ ਕੋਲ ਪੁਜਾ, ਤਾਂ ਉਸਨੂੰ ਆਪਣਾ ਜੋਤਸ਼ ਸ਼ਾਸਤਰ ਝੂਠਾ ਜਾਪਣ ਲਗਾ। ਪਰ ਸਵਰਗ ਦੇ ਰਾਜੇ ਇੰਦਰ ਉਸਨੂੰ ਧਰਮ ਵਿਚ ਸਥਾਪਿਤ ਕੀਤਾ। ਇਸ ਤੋਂ ਬਾਅਦ ਭਗਵਾਨ ਮਹਾਵੀਰ ਰਾਜਗ੍ਰਹਿ ਪੁਜ ਗਏ।

**ਵਿਸ਼ਲੇਸ਼ਨ—**

ਭਗਵਾਨ ਮਹਾਵੀਰ ਪਹਿਲਾਂ ਕਨਖਲ ਪਧਾਰੇ ਸਨ। ਫੇਰ ਉੱਤਰਾਪਥ ਰਾਹੀਂ ਸਿਆਲਕੋਟ ਪੁਜੇ। ਰਾਹ ਵਿਚ ਕਿਸੇ ਪਿੰਡ ਜਾਂ ਘਟਨਾ ਦਾ ਵਰਨਣ ਨਹੀਂ। ਉਨ੍ਹਾਂ ਅਪਣੇ ਭਗਤ ਨਾਗ ਸੈਣ ਤੋਂ ਭਿੱਖਿਆ ਲਈ। ਉਨ੍ਹਾਂ ਦੀ ਵਾਪਸੀ ਫੇਰ ਇਸੇ ਰਸਤੇ ਤੋਂ ਹੋਈ ਹੋਵੇਗੀ। ਫੇਰ ਹਸਤਨਾਪੁਰ ਦੇ ਆਸ ਪਾਸ ਕਿਸੇ ਸੁਰਭੀ ਪੁਰ ਨਗਰ ਵਿਚ ਪਹੁੰਚੇ ਹੋਣਗੇ। ਕਿਉਂਕਿ ਇਨ੍ਹਾਂ ਦੋਹਾਂ ਦਾ ਪੁਰਾਤੱਤਵ ਵਾਲਿਆਂ ਨੂੰ ਪਤਾ ਨਹੀਂ। ਸਿਆਲਕੋਟ ਨੂੰ ਬੁਧ ਗ੍ਰੰਥਾਂ ਵਿਚ ਸਾਂਕਲ ਆਖਿਆ ਗਿਆ ਹੈ। ਜੈਨ ਲੋਕ ਇਸੇ ਨੂੰ ਸਵੇਤਾਂਵਿਕਾ ਆਖਦੇ ਹਨ। ਇਹ ਕੇਕਯ ਦੇਸ਼ ਦੀ ਰਾਜਧਾਨੀ ਸੀ। ਇਸ ਦਾ ਅੱਧਾ ਹਿੱਸਾ ਆਰਿਆ (ਸਰੇਸ਼ਟ) ਲੋਕਾਂ ਦਾ ਅਤੇ ਅਧਾ ਅਨਾਰਿਆ (ਅਲੱਭਿਆ) ਸੀ। ਮਹਾਰਿਸ਼ੀ ਪਾਣਿਨੀ ਨੇ ਕੇਕਯ ਜਨਪਦ ਦੀ ਹੱਦ ਇਸ ਤਰ੍ਹਾਂ ਦੱਸੀ ਹੈ। ਜੇਹਲਮ, ਸਾਹਪੁਰ ਅਤੇ ਗੁਜਰਾਤ ਜਿਲੇ ਪੁਰਾਤਨ ਕੇਕਯ ਦੇਸ਼ ਵਿਚ ਸ਼ਾਮਲ ਸਨ। (ਵੇਖੋ ਪਾਨਣੀਕਾਲੀਨ ਭਾਰਤ ਪੰਨਾ 51-67) ਕੁਝ ਵਿਦਵਾਨ ਨੇਪਾਲ ਦੀ ਹੱਦ ਤੇ ਸੀਤਾ ਮੜ੍ਹੀ ਨੂੰ ਸਵੇਤਾਂਵਿਕਾ ਮੰਨਦੇ ਹਨ ਪਰ ਇਹ ਵਿਦੇਹ ਦੇਸ਼ ਵਿਚ ਹੈ। ਕੁਰੂ ਦੇਸ਼ ਵਾਰੇ ਮਹਾਭਾਰਤ ਦੇ ਬਣ ਪਰਵ ਅਤੇ ਗਿਆਤਾ ਧਰਮ (ਜੈਨ ਸ਼ਾਸਤਰ) ਵਿਚ ਇਸ ਪ੍ਰਕਾਰ ਆਖਿਆ ਗਿਆ ਹੈ। ਸਰਸਵਤੀ ਅਤੇ ਦਰਿਸ਼ਦਵਤੀ, ਇਸ ਦੀ ਉੱਤਰੀ ਸੀਮਾ ਵਿਚ ਸਾਰਾ ਹਰਿਆਣਾ, ਦਿੱਲੀ ਆ ਜਾਂਦੇ ਹਨ। ਇਸ ਦੀ ਰਾਜਧਾਨੀ ਹਸਤਨਾ ਪੁਰ ਸੀ। ਅਚਾਰਿਆ ਜਿਨਪ੍ਰਭ ਸੂਰੀ ਨੇ ਹਸਤਨਾਪੁਰ ਨੂੰ ਗੰਗਾ ਦੇ ਕਿਨਾਰੇ ਕਿਹਾ ਹੈ। ਅਜ ਕਲ ਗੰਗਾ ਨਦੀ ਹਸਤਨਾ ਪੁਰ ਤੋਂ ਕੁਝ ਮੀਲ ਦੂਰੀ ਤੇ ਬਹਿ ਰਹੀ ਹੈ। ਗੰਗਾ ਨਦੀ ਨੇ ਹਸਤਨਾ ਪੁਰ ਨੂੰ ਕਈ ਵਾਰ ਤਬਾਹ ਕੀਤਾ ਹੈ। ਹੁਣ ਵੀ ਹਸਤਨਾ ਪੁਰ ਜੰਗਲ ਅਤੇ ਸਫੇਦ ਰੇਤ ਦਾ ਇਲਾਕਾ ਹੈ।

ਦੂਸਰੇ ਜੈਨ ਗਰੰਥਾਂ ਵਿਚ ਸ਼ਹਿਰਾਂ ਦੀ ਆਪਸੀ ਦੂਰੀ ਦਾ ਵਰਨਣ ਵੀ ਨਹੀਂ ਹੈ। ਇਸੇ ਕਾਰਣ ਸਵੇਤਾਂਵਿਕਾ ਕਨਖਲ ਅਤੇ ਸੁਰਭੀ ਪੁਰ ਦੀ ਠੀਕ ਪਹਿਚਾਣ ਨਹੀਂ ਹੋਈ। ਹਾਂ ਥੂਣਾਕ ਅੱਜ ਕਲ ਦਾ ਥਾਨੇਸਰ ਜਿਲਾ ਕੁਰੂਖੇਤਰ ਹੈ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਸਿੱਧ ਹੈ ਕਿ ਭਗਵਾਨ ਮਹਾਵੀਰ ਅਪਣੀ ਤਪੱਸਿਆ ਦੇ ਦੂਸਰੇ ਸਾਲ ਸਿਆਲਕੋਟ ਅਤੇ ਕੁਰੂਖੇਤਰ ਪਧਾਰੇ ਸਨ। ਇਹ ਗੱਲ ਆਵੱਸ਼ਕ ਚੂਰਣੀ ਤੇ ਨਿਰਯੁਕਤੀ ਦੇ ਵਰਨਣ ਤੋਂ ਸਿੱਧ ਹੈ। ਪੁਰਾਤੱਤਵ ਦੇ ਚਿੰਨ੍ਹ ਇਸ ਇਲਾਕੇ ਵਿਚ

ਆਮ ਮਿਲਦੇ ਹਨ । ਜਿਨ੍ਹਾਂ ਵਿਚ ਜੀਂਦ ਨਾਰਨੌਲ, ਰੋਹਤਕ ਅਤੇ ਹਾਂਸੀ ਦੇ ਨਾਂ ਖਾਸ ਪ੍ਰਸਿਧ ਹਨ ।

ਦੂਜੀ ਵਾਰ ਆਪ ਰਾਜਾ ਉਦਐਨ ਦੀ ਬੇਨਤੀ ਤੇ ਸਿੰਧ ਨਦੀ ਦੇ ਪਾਰ ਵੀਤ ਭੈ ਪਤਨ ਨਗਰ ਪਧਾਰੇ । ਜੋ ਹੁਣ ਭੇਰਾ ਅਖਵਾਉਂਦਾ ਹੈ । ਇਹ ਰਸਤਾ 2000 ਮੀਲ ਲੰਬਾ ਸੀ, ਭਗਵਾਨ ਚੰਪਾ ਤੋਂ ਕੁਰੂ, ਜਾਂਗਲ ਤੇ ਮਰੂ ਦੇਸ਼ ਹੁੰਦੇ ਹੋਏ ਇਥੇ ਪਹੁੰਚੇ ਸਨ । ਹਸਤਨਾਪੁਰ ਅਤੇ ਸਿੰਧੂ, ਸੌਵਿਰ ਦੇਸ਼ ਦੇ ਰਾਜੇ ਭਗਵਾਨ ਮਹਾਵੀਰ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਸਾਧੂ ਬਣ ਗਏ ਸਨ । ਇਹ ਘਟਨਾ ਭਗਵਾਨ ਮਹਾਵੀਰ ਦੇ ਤੀਰਥੰਕਰ ਕਾਲ ਦੀ ਹੈ ।

ਤੀਜੀ ਵਾਰ ਭਗਵਾਨ ਮਹਾਵੀਰ ਰਾਜ ਗ੍ਰਹਿ ਤੋਂ ਚਲ ਕੇ ਮੋਕਾ ਨਗਰੀ ਪਧਾਰੇ ਜੋ ਅਜ ਕਲ ਦੀ ਮੋਗਾ ਮੰਡੀ ਹੀ ਹੈ । ਇਨ੍ਹਾਂ ਵਿਚੋਂ ਸ਼ਿੰਧੂ, ਸੌਵਿਰ, ਮੋਗਾ ਨਗਰੀ ਵਾਲਾ ਵਰਨਣ ਭਗਵਤੀ ਸੂਤਰ ਵਿਚ ਮਿਲਦਾ ਹੈ ।

ਵਿਪਾਕ ਸੂਤਰ ਅਨੁਸਾਰ ਭਗਵਾਨ ਮਹਾਵੀਰ ਇਕ ਵਾਰ ਰੋਹਤਕ ਨਗਰ ਵਿਚ ਪਧਾਰੇ ਸਨ । ਇਥੇ ਗਣਧਰ ਗੌਤਮ ਦਾ ਭਗਵਾਨ ਮਹਾਵੀਰ ਨਾਲ ਵਾਰਤਾਲਾਪ ਹੋਇਆ । ਮੋਗਾ ਨਗਰੀ ਦੀ ਪਹਿਚਾਨ ਸਭ ਤੋਂ ਪਹਿਲਾਂ ਪ੍ਰਸਿਧ ਜੈਨ ਇਤਿਹਾਸਕਾਰ ਗਣੀ ਕਲਿਆਣ ਵਿਜੈ ਨੇ ਕੀਤੀ । ਉਸ ਤੋਂ ਵਾਅਦ ਅਚਾਰਿਆ ਵਿਜੈਂਦਰ ਸੂਰੀ, ਸ੍ਰੀ ਦੇਵਿੰਦਰ ਮੁਨੀ ਜੀ ਸ਼ਾਸਤਰੀ ਨੇ ਵੀ ਇਸ ਗਲ ਦਾ ਸਮਰਥਨ ਕੀਤਾ ।

ਰੋਹਤਕ ਦੀ ਪਛਾਣ ਡਾ. ਜਗਦੀਸ਼ ਚੰਦਰ ਜੈਨ [ਪ੍ਰੋਫੈਸਰ ਹਿੰਦੀ ਪੀਕਿੰਗ ਯੂਨੀ-ਵਰਸਟੀ) ਨੇ ਅਪਣੀ ਪੁਸਤਕ ਜੈਨ ਧਰਮ ਤੇ ਪ੍ਰਾਚੀਨ ਤੀਰਥ ਨਾਮੀ ਪੁਸਤਕ ਵਿਚ ਕੀਤੀ ਹੈ । ਇਸ ਤੋਂ ਬਾਅਦ ਮਹਾਵੀਰ ਹਸਤਨਾਪੁਰ ਪਹੁੰਚੇ ।

ਭਗਵਾਨ ਮਹਾਵੀਰ ਨੇ ਕਸ਼ਮੀਰ ਵਿਚ ਵੀ ਅਪਣਾ ਧਰਮ ਪ੍ਰਚਾਰ ਕੀਤਾ ਸੀ । ਜਿਸ ਦਾ ਵਰਨਣ ਸ੍ਰੀਮਾਲ ਪੁਰਾਣ ਦੇ ਅਧਿਐਨ 73 ਸ਼ਲੋਕ 27-30 ਤਕ ਮਿਲਦਾ ਹੈ । ਜੋ ਇਸ ਪ੍ਰਕਾਰ ਹੈ :

महावीरस्तपोऽतिष्ठत्, वहुकाले गते सति
निराहारो जितात्मा च सर्ववस्त्रं त्यजेन्नृप ॥27॥

स्त्री-पुंभेदादि रहित: परम रूपोऽभवत्तदा ।
एवं च महावीरो महोग्रमकरोत्तप: ॥28॥

तस्य तप:-प्रभावेन, किंचित् जैनं प्रवर्तितं
महावीरो यदा यातो, देशे काश्मीरके यदा ॥29॥

तत: प्रभृतिमारभ्य, जैन धर्म: प्रवर्त्तते
ईदृशं जैन धर्म च वर्तते स्वल्प-मात्रकम् ॥30॥

**ਅਰਥ**—ਭਗਵਾਨ ਮਹਾਵੀਰ ਬਹੁਤ ਸਮੇਂ ਅਹਾਰ ਰਹਿਤ ਤੱਪ ਕਰਦੇ ਰਹੇ ਉਨ੍ਹਾਂ ਸਾਰੇ ਗਹਿਣੇ ਕਪੜੇ ਤਿਆਗ ਦਿਤੇ। ਉਹ ਇਸਤਰੀ ਪੁਰਸ਼ ਦੇ ਭੇਦ ਤੋਂ ਉਪਰ ਉਠ ਕੇ ਘੁਮਣ ਲਗੇ। ਇਸ ਪ੍ਰਕਾਰ ਉਨ੍ਹਾਂ ਕਠੋਰ ਤੱਪ ਕਰਕੇ ਜੈਨ ਧਰਮ ਦਾ ਪ੍ਰਭਾਵ ਵਧਾਇਆ ਜਦੋਂ ਮਹਾਵੀਰ ਕਸ਼ਮੀਰ ਦੇਸ਼ ਗਏ, ਤਾਂ ਉਥੇ ਜੈਨ ਧਰਮ ਦਾ ਪ੍ਰਚਾਰ ਹੋਇਆ।

ਸ੍ਰੀ ਮਾਲ ਪੁਰਾਣ ਦੇ ਇਸ ਕਥਨ ਤੋਂ ਸਿੱਧ ਹੈ ਕਿ ਭਗਵਾਨ ਮਹਾਵੀਰ ਕਸ਼ਮੀਰ ਜਾਣ ਤੋਂ ਪਹਿਲਾਂ ਰਾਹ ਵਿਚ ਪੈਂਦੇ ਪੰਜਾਬ ਵਿਚ ਭਾਰੀ ਸਮਾਂ ਧਰਮ ਪ੍ਰਚਾਰ ਕਰਦੇ ਰਹੇ।

# ਜੈਨ ਰਾਜਿਆਂ ਰਾਹੀਂ ਧਰਮ ਪ੍ਰਚਾਰ

## ( ੨ )

ਕਿਸੇ ਵੀ ਧਰਮ ਨੂੰ ਵਧਨ ਫੂਲਣ ਲਈ ਜਿਥੇ ਸੰਗਤਾਂ ਦੀ ਭਾਰੀ ਗਿਣਤੀ ਜ਼ਰੂਰੀ ਹੈ। ਉਥੇ ਸਰਕਾਰ ਦਾ ਸਹਿਯੋਗ ਵੀ ਜ਼ਰੂਰੀ ਹੈ। ਪੰਜਾਬ ਵਿੱਚ ਬਹੁਤ ਸਾਰੇ ਰਾਜਿਆਂ ਰਾਹੀਂ ਜੈਨ ਧਰਮ ਦਾ ਪ੍ਰਚਾਰ ਹੋਇਆ ਹੈ । ਜਿਨ੍ਹਾਂ ਦਾ ਇਤਿਹਾਸਕ ਵਰਨਣ ਭਾਰਤੀ ਇਤਿਹਾਸ ਦੇ ਭਿੰਨ ਭਿੰਨ ਸੋਮਿਆਂ ਤੋਂ ਪ੍ਰਾਪਤ ਹੁੰਦਾ ਹੈ।

ਭਗਵਾਨ ਮਹਾਵੀਰ ਦੇ ਸਮੇਂ ਪੰਜਾਬ ਦੇ ਮੋਗਾ, ਜਾਲੰਧਰ, ਕੁਰੂ, ਸਿੰਧੂ ਨਦੀ ਦੇ ਆਸ ਪਾਸ ਦਾ ਇਲਾਕਾ, ਤੇ ਗੰਧਾਰ ਵਿਚ ਜੈਨ ਧਰਮ ਰਾਜ-ਧਰਮ ਬਣ ਚੁਕਿਆ ਸੀ। ਖੁਦ ਸਿੰਧੂ, ਸੌਵਿਰ, ਕੂਰ ਦੇਸ਼ ਦੇ ਰਾਜਿਆਂ ਨੇ ਸਾਧੂ ਜੀਵਨ ਗ੍ਰਹਿਣ ਕਰਕੇ ਜੈਨ ਧਰਮ ਦਾ ਪ੍ਰਚਾਰ ਕੀਤਾ।

### ਚੰਦਰ ਗੁਪਤ ਮੋਰੀਆ—

ਸਮੁਚੇ ਭਾਰਤ ਉੱਪਰ ਰਾਜ ਕਰਨ ਵਾਲਾ ਇਹ ਭਾਰਤ ਦਾ ਪਹਿਲਾ ਰਾਜਾ ਸੀ । ਇਸ ਦੇ ਜੀਵਨ ਦਾ ਸਮੁਚਾ ਵਰਨਣ ਜੈਨ ਗਰੰਥਾਂ ਵਿਚ ਜ਼ਿਆਦਾ ਮਿਲਦਾ ਹੈ । ਕਈ ਪੱਛਮੀ ਲੇਖਕਾਂ ਦਾ ਵਿਚਾਰ ਹੈ ਕਿ ਚੰਦਰ ਗੁਪਤ ਜੀਵਨ ਦੇ ਆਖਰੀ ਸਮੇਂ ਜੈਨ ਮੁਨੀ ਸ੍ਰੀ ਭੱਦਰਵਾਹੂ ਕੋਲ ਸਾਧੂ ਬਣ ਗਿਆ। ਪਰ ਜੈਨ ਗਰੰਥਾਂ ਅਨੁਸਾਰ ਇਹ ਸ਼ੁਰੂ ਤੋਂ ਹੀ ਜੈਨ ਸੀ। ਇਥੇ ਹੀ ਬਸ ਨਹੀਂ ਇਸ ਨੂੰ ਗੱਦੀ ਵਿਚ ਸਹਾਇਤਾ ਕਰਨ ਵਾਲਾ ਚਣੀ (ਚਾਣਕਯ) ਬ੍ਰਾਹਮਣ ਵੀ 12 ਵਰਤ ਦਾ ਧਾਰਕ ਜੈਨ ਸੀ। ਉਸ ਦੇ ਸਮੁਚੇ ਰਾਜ ਪ੍ਰਬੰਧ ਦਾ ਵਰਨਣ ਭਾਰਤੀਆਂ ਤੋਂ ਛੁਟ ਯੁਨਾਨੀਆਂ ਨੇ ਵੀ ਕੀਤਾ ਹੈ। ਇਸ ਨੇ ਕਈ ਸਮਾਂਜਿਕ ਤੇ ਆਰਥਿਕ ਸੁਧਾਰ ਕੀਤੇ । ਇਸ ਮੋਰਿਆ ਖਾਨਦਾਨ ਨੇ ਜੈਨ ਧਰਮ ਦਾ ਪ੍ਰਚਾਰ ਪ੍ਰਸਾਰ ਮੱਧ ਏਸ਼ੀਆ ਤਕ ਕੀਤਾ। ਉਸ ਸਮੇਂ ਪੇਸ਼ਾਵਰ, ਤਕਸ਼ਿਲਾ ਜੈਨ ਧਰਮ ਦੇ ਪ੍ਰਮੁਖ ਪ੍ਰਚਾਰ ਕੇਂਦਰ ਸਨ। ਚੰਦਰ ਗੁਪਤ ਨੇ ਆਖਰੀ ਸਮੇਂ, ਅਚਾਰਿਆ ਭੱਦਰ ਵਾਹੂ ਤੋਂ ਜੈਨ ਮੁਨੀ ਦੀਖਿਆ ਗ੍ਰਹਿਣ ਕੀਤੀ ਅਤੇ ਉਹ ਦੱਖਣ ਵਲ ਚਲੇ ਗਏ। ਜਿਥੇ ਸ੍ਰਵਣ ਬੇਲਗੋਲਾ ਨਾਂ ਦੇ ਸ਼ਹਿਰ ਵਿਚ ਉਸ ਦਾ ਅਤੇ ਉਸ ਦੇ ਗੁਰੂ ਦਾ ਸਮਾਰਕ ਹੈ।[1]

## ਬਿੰਦੂਸਾਰ—

ਇਹ ਰਾਜਾ ਵੀ ਮੋਰਿਆ ਖਾਨਦਾਨ ਨਾਲ ਸੰਬੰਧਿਤ ਸੀ। ਇਸ ਨੇ ਜੈਨ ਧਰਮ ਨੂੰ ਰਾਜ ਧਰਮ ਦਾ ਦਰਜਾ ਦਿੱਤਾ।

## ਅਸ਼ੋਕ—

ਇਹ ਮੋਰਿਆ ਸਮਰਾਟ ਸ਼ੁਰੂ ਵਿਚ ਜੈਨ ਧਰਮ ਨੂੰ ਮੰਨਦਾ ਸੀ। ਪਰ ਕਲਿੰਗਾ ਯੁਧ ਸਮੇਂ ਉਹ ਬੁੱਧ ਭਿਕਸ਼ੂ ਉਪ ਗੁਪਤ ਤੋਂ ਪ੍ਰਭਾਵਿਤ ਹੋ ਕੇ ਬੁੱਧ ਬਣ ਗਿਆ। ਇਸ ਦੇ ਬਾਵਜੂਦ ਉਸ ਦੇ ਪਰਿਵਾਰ ਦੇ ਕਾਫੀ ਮੈਂਬਰ ਜੈਨ ਧਰਮ ਦੇ ਕੱਟੜ ਉਪਾਸਕ ਸਨ।

## ਸਮਪਰਤਿ

ਇਸ ਰਾਜੇ ਨੂੰ ਜੈਨ ਧਰਮ ਦਾ ਅਸ਼ੋਕ ਕਿਹਾ ਜਾਂਦਾ ਹੈ। ਇਸ ਨੇ ਪੰਜਾਬ ਵਿਚ ਹੀ ਨਹੀਂ, ਸਮੁਚੇ ਸੰਸਾਰ ਵਿਚ ਜੈਨ ਧਰਮ ਦੇ ਪ੍ਰਚਾਰ ਲਈ ਪ੍ਰਚਾਰਕ ਭੇਜੇ। ਅਨੇਕਾਂ ਜੈਨ ਮੰਦਿਰ ਅਤੇ ਉਪਾਸ਼ਰੇ ਬਣਵਾਏ। ਇਸ ਨੇ ਜੈਨ ਆਚਾਰਿਆ ਸੁਸਥਿਤ ਅਤੇ ਸੁਪ੍ਰਤਿ ਪਾਸੋਂ ਜੈਨ ਧਰਮ ਗ੍ਰਹਿਣ ਕੀਤਾ। 52 ਸਾਲ ਧਰਮ ਪ੍ਰਚਾਰ ਕੀਤਾ। ਗ਼ਰੀਬਾਂ, ਅਨਾਥਾਂ ਅਤੇ ਵਿਧਵਾਵਾਂ ਦੀ ਮਦਦ ਲਈ ਅਨੇਕਾਂ ਦਾਨਸਾਲਾਂ ਖੋਲੀਆਂ। ਅਸ਼ੋਕ ਦੇ ਕਈ ਸਤੰਬ ਵਾਰੇ ਚਰਚਾ ਹੈ ਕਿ ਇਹ ਰਾਜੇ ਸਮਪਰਤਿ ਦੇ ਹਨ। ਕਿਉਂਕਿ ਅਸ਼ੋਕ ਦੀ ਤਰ੍ਹਾਂ ਸਮਪਰਤਿ ਵੀ ਹੋਰ ਧਰਮਾਂ ਦੇ ਭਿਕਸ਼ੂਆਂ ਦਾ ਸਤਕਾਰ, ਅਪਣੇ ਧਰਮ ਦੀ ਤਰ੍ਹਾਂ ਕਰਦਾ ਸੀ। ਇਸ ਦਾ ਸੰਬੰਧ ਵੀ ਮੋਰਿਆ ਖਾਨਦਾਨ ਨਾਲ ਸੀ।

## ਖਾਰਵੇਲ—

ਜੈਨ ਧਰਮ ਨੂੰ ਰਾਜ ਧਰਮ ਦੇ ਰੂਪ ਵਿੱਚ ਗ੍ਰਹਿਨ ਕਰਨ ਵਾਲੇ ਖਾਰਵੇਲ ਨਾਂ ਦੇ ਰਾਜੇ ਦਾ ਜਨਮ ਉੜੀਸਾ ਵਿੱਚ ਹੋਇਆ ਸੀ। ਇਸ ਦਾ ਸਮਾਂ 2 ਈ. ਪੂ. ਹੈ। ਇਹ ਬਹੁਤ ਬਹਾਦਰ ਰਾਜਾ ਸੀ। 15 ਸਾਲ ਦੀ ਉਮਰ ਵਿਚ ਰਾਜਗਦੀ ਤੇ ਬੈਠਾ। ਸਭ ਤੋਂ ਪਹਿਲਾਂ ਇਸਨੇ ਮਗਧ ਸਾਮਰਾਜ ਦੇ ਨੰਦ ਰਾਜੇ ਦਾ ਨਾਸ਼ ਕੀਤਾ। ਇਸਨੇ ਉਥੋਂ ਪੁਰਾਤਨ ਕਲਿੰਗ ਜਿੰਨ ਮੂਰਤੀ ਪ੍ਰਾਪਤ ਕੀਤੀ। ਜੋ ਕਿ ਉਥੋਂ ਦੇ ਰਾਜੇ ਚੁੱਕ ਕੇ ਮਗਧ ਲੈ ਗਏ ਸਨ।

ਖਾਰਵੇਲ ਨੇ 161 ਈ. ਪੂਰਵ ਉੱਤਰ ਵੱਲ ਕਸ਼ਮੀਰ ਨੂੰ ਜਿਤਿਆ। ਇਸਨੇ ਪੰਜਾਬ, ਕਸ਼ਮੀਰ ਦੇ ਇਲਾਕਿਆਂ ਵਿਚ ਜੈਨ ਸਾਧੂਆਂ ਦਾ ਆਉਣਾ ਸੁਖਾਲਾ ਕਰ ਦਿਤਾ ਇਸਨੇ ਉੜੀਸਾ ਵਿਚ ਖੰਡ ਗਿਰੀ ਅਤੇ ਉਦੇ ਗਿਰੀ ਦੀ ਗੁਫਾਵਾਂ ਜੈਨ ਮੁਨੀਆਂ ਦੇ ਤਪ ਲਈ ਤਿਆਰ ਕੀਤੀਆਂ। ਇਸ ਵਾਰੇ ਪੁਰਾਤਨ ਵਰਨਣ ਇਸਦੇ ਆਪਣੇ ਸ਼ਿਲਾਲੇਖ ਵਿਚ ਹੀ ਮਿਲਦਾ ਹੈ।[2] ਪ੍ਰਸਿਧ ਕਸ਼ਮੀਰ ਦੇ ਇਤਿਹਾਸਕਾਰ ਕਲਹਣ ਨੇ ਅਪਣੀ ਰਾਜਤਰੰਗਨੀ ( 3 : 265 ) ਵਿਚ ਲਿਖਿਆ ਹੈ ਮਹਾਮੇਘ ਵਾਹਨ ਖਾਰਵੇਲ ਨੇ ਕਸ਼ਮੀਰ ਅਤੇ ਗੰਧਾਰ

ਤੇ ਰਾਜ ਕੀਤਾ। ਉਸਨੇ ਪਸ਼ੂ ਬਲੀ ਬੰਦ ਕਰਵਾ ਕੇ ਅਹਿੰਸਾ ਦਾ ਪ੍ਰਚਾਰ ਕੀਤਾ। ਉਸਨੇ ਨਰਬਲੀ ਬੰਦ ਕਰਵਾ ਕੇ ਕਸ਼ਮੀਰ ਅਤੇ ਗੰਧਾਰ ਵਿਚ ਅਨੇਕਾਂ ਜੈਨ ਮੰਦਰ ਬਣਵਾਏ। ਇਸ ਦਾ ਪੁਤਰ ਸ਼ਰੇਸ਼ਟਸੇਨ ਸੀ। ਉਸਦਾ ਪੁਤਰ ਤੋਰਮਾਨ ਸੀ ( 3 : 108) ਇਹ ਸਾਰ ਜੈਨ ਰਾਜਾ ਸਨ। ਤੋਰਮਾਨ ਦਾ ਪੁਤਰ ਪ੍ਰਵਰ ਸੇਨ ਵੀ ਸੀ ਜੋ ਅਪਣੀ ਮਾਤਾ ਨਾਲ ਜੈਨ ਤੀਰਥ ਯਾਤਰਾ ਕਰਨ ਗਿਆ ( 3 : 265 )

## ਮਹਾਰਾਜਾ ਕੁਮਾਰਪਾਲ—

ਸੋਲੰਕ ਵੰਸ਼ੀ ਇਹ ਰਾਜਾ 11-12 ਸ਼ਤਾਵਦੀ ਵਿਚ ਹੋਇਆ। ਇਸਦੇ ਰਾਜ ਗੁਰੂ ਪ੍ਰਸਿਧ ਜੈਨ ਸਾਹਿਤਕਾਰ ਕਲਿਕਾਲ ਸਰਵਗ ਅਚਾਰਿਆ ਹੇਮਚੰਦਰ ਮੁਨੀ ਜੀ ਸਨ। ਇਸਨੇ 1440 ਨਵੇਂ ਮੰਦਰ ਬਣਵਾਏ। 1600 ਪੁਰਾਣੇ ਜੈਨ ਮੰਦਰਾਂ ਦੀ ਮੁਰਮੱਤ ਕਰਵਾਈ। ਇਸਦੇ ਰਾਜ ਵਿਚ ਸਿੰਧੂ, ਸੋਵਿਰ, ਸਪਾਕ ਲਕਸ਼ (ਕਟਾਸ ਰਾਜ ਪਾਕਿਸਤਾਨ) ਉੱਚ ਨਾਗਰ (ਗੰਧਾਰ) ਜਾਲੰਧਰ, ਕਸ਼ਮੀਰ, (ਕਾਂਗੜਾ ਹਿਮਾਚਲ) ਦੇ ਇਲਾਕੇ ਸ਼ਾਮਲ ਸਨ। ਇਸਦਾ ਸੁਮਚੇ ਰਾਜ ਤੁਰਕੀਸਤਾਨ, ਲੰਕਾ, ਬਿਹਾਰ ਤਕ ਫੈਲਿਆ ਹੋਇਆ ਸੀ। ਇਸਨੇ ਅਪਣੇ ਰਾਜ ਵਿਚ ਸਦਾਚਾਰ ਦਾ ਪ੍ਰਚਾਰ ਕੀਤਾ। ਇਸ ਨੇ ਜੈਨ ਧਰਮ ਨੂੰ ਰਾਜ ਧਰਮ ਦਾ ਦਰਜਾ ਦਿਤਾ।[3]

---

## ਹਵਾਲੇ

(1) ਨਸਿਥ ਚੁਰਣੀ—'ਚੰਦਰ ਗੁਪਤ, ਬਿੰਦੂਸਾਰ, ਅਸ਼ੋਕ ਅਤੇ ਸਮਪਰਤਿ।

(2) ਸ਼ਿਲਾਲੇਖ ਮਗਰਾਜ ਖਰੇਵਾਲ ਦੇ ਕੁਝ ਅੰਸ਼।

(ੳ) [१] नमो अरहंतान [ । ] नमो सव सिधानं [ । ] ऐरेन महाराजेन महा-मेघ वाहनेन चेतराजवस-बधनेन पसथ सुभ लखनेन चतुरंतल थुन—गुनो पहितेन कलिंगाधिपतिना सिरि खारवेलेन।

[२] ···मंडे च पुब राजनिवेसित—पीथडग—द (ल) भ—नंगले नेका-सयाति जनपद-भावनं च तेरस—वस—सत—केतुभद—तितं मरदेह संघातं[ । ] वारसमे च वसे ···सेहि वितासयति **उत्तरापथ राजानो**।

[३] ···मगधान च विपुल भय जनेतो हथिसु गंगय पाययति [ । ] **मागधं च रजनं वहसतिमित पादे वंदायति** [ । ] नंदराज नीतं **कलिंग जिन** सनि-वेस··· गहरतनान पडिहारेहि अं—मागध—वसु च नेयाति।

(3) ਰਾਜਾ ਕੁਮਾਰ ਪਾਲ ਸੰਬੰਧੀ "ਕੁਮਾਰਪਾਲ ਪ੍ਰਬੋਧ ਪ੍ਰਬੰਧ" ਗ੍ਰੰਥ ਦੇ ਕੁਝ ਅੰਸ਼।

अत्रापि सपादलक्षदानम् । ततः पश्चादागच्छन द्वारिकासन्नं केनापि विज्ञप्तः । देवात्र कृष्णराजो वलि-निकन्दनो राज्यमकरोत् । तत्र देवदाये द्वादश ग्रामान् ददौ—अथोत्तरा प्रति प्रतस्थे । तत्र **काश्मीरोड्डुयान—जालन्धर—सपादलक्ष-पर्वत—खसादि** देशानां **हिमाचलम्** साधयत् ।

ਇਸ ਗਰੰਥ ਵਿਚ ਅਚਾਰਿਆ ਹੇਮ ਚੰਦਰ ਦੀ ਕਸ਼ਮੀਰ ਯਾਤਰਾ ਦਾ ਵਰਨਣ ਵੀ ਮਿਲਦਾ ਹੈ।

(ਅ) लोकोपकाराय परब्रह्म-परमपुरुष-प्रणीत मातृकाष्टादश-लिपिन्यास-प्रकटन-प्रवीणायाः ब्राह्म्याः आदि मूर्ति विलोकनाय काश्मीरदेशं प्रति प्रस्थितः श्री हेमचन्द्रः ।

# ਹਿੰਦੂ ਗ੍ਰੰਥ ਅਤੇ ਜੈਨ ਧਰਮ

## ( ੩ )

ਵੇਦਾਂ ਵਿਚ ਵਰਾਤਿਆ, ਵਾਂਤਰਸਨਾ, ਕੇਸ਼ੀ, ਅਰਹਨ ਸੁਰ ਆਦਿ ਅਵੈਦਿਕ ਲੋਕ ਇਸੇ ਸ਼ਮਣ ਧਰਮ ਨਾਲ ਸੰਬੰਧਿਤ ਸਨ। ਰਿਗਵੇਦ ਅਤੇ ਅਥਰਵਵੇਦ ਵਿਚ ਇਨ੍ਹਾਂ ਲੋਕਾਂ ਦੇ ਰਹਿਨ ਸਹਿਨ ਵਾਰੇ ਕਾਫੀ ਸਾਮਗਰੀ ਮਿਲਦੀ ਹੈ। ਵਾਅਦ ਵਿਚ ਪੁਰਾਣ ਕਾਰਾਂ ਨੇ ਅਸੁਰਾਂ ਨੂੰ ਅਰਹੰਤਾਂ ਦੇ ਉਪਾਸਕ ਅਤੇ ਵੇਦ, ਯੱਗ ਵਿਰੋਧੀ ਮੰਨਿਆ ਹੈ। ਇਨ੍ਹਾਂ ਵਿਚੋਂ ਕੁਝ ਪ੍ਰਸਿਧ ਜਾਤੀਆਂ ਦਰਾਵਿੜ ਅਤੇ ਨਾਗ ਅਜ ਭਾਰਤ ਵਿਚ ਮੌਜੂਦ ਹਨ। ਦਖਣ ਭਾਰਤ ਵਿਚ ਦਰਾਵਿੜ ਜ਼ਾਤੀ ਦੇ ਲੋਕਾਂ ਦਾ ਜੈਨ ਧਰਮ, ਕੁਲ ਧਰਮ ਹੈ। ਪੁਰਾਣਾਂ ਵਿਚ ਪਹਿਲੇ ਜੈਨ ਤੀਰਥੰਕਰ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਪੂਰਾ ਅਵਤਾਰ ਨਹੀਂ ਮਨਿਆ ਗਿਆ। ਸਗੋਂ ਅੰਸ਼ਾ ਅਵਤਾਰ ਆਖਿਆ ਗਿਆ ਹੈ। ਇਨ੍ਹਾਂ ਵੇਦਾਂ ਅਤੇ ਪੁਰਾਣਾਂ ਦੀ ਰਚਨਾ ਪੁਰਾਤਨ ਪੰਜਾਬ ਦੇ ਦਰਿਆਵਾਂ ਦੇ ਕੰਢੇ ਰਹੇ ਹਨ। ਪੁਰਾਣਾਂ ਦੇ ਸਮੇਂ ਤਾਂ ਜੈਨ ਧਰਮ ਭਾਰਤ ਵਿਚ ਕਾਫੀ ਫੈਲ ਚੁਕਿਆ ਸੀ। ਮਹਾਭਾਰਤ ਦੇ ਸ਼ਾਂਤੀਪਰਵ ਵਿਚ ਅਹਿੰਸਾ ਸੰਬੰਧੀ ਕਾਫੀ ਸਾਮਗਰੀ ਜੈਨ ਧਰਮ ਨਾਲ ਮਿਲਦੀ ਜੁਲਦੀ ਹੈ ਇਸੇ ਤਰ੍ਹਾਂ ਦੇ ਗੀਤਾ ਦੇ ਕਾਫੀ ਸ਼ਲੋਕ ਜੈਨ ਆਗਮ ਉਤਰਾਧਿਐਨ ਸੂਤਰ ਦੀ ਸੰਸਕ੍ਰਿਤ ਅਨੁਵਾਦ ਹੀ ਹਨ। ਇਨ੍ਹਾਂ ਸਾਰੇ ਹਿੰਦੂ ਗ੍ਰੰਥਾਂ ਦੀ ਰਚਨਾ ਸਥਾਨ ਪੰਜਾਬ ਹੈ ਅਤੇ ਇਨ੍ਹਾਂ ਗ੍ਰੰਥਾਂ ਤੋਂ ਜੈਨ ਧਰਮ ਆਮ ਲੋਕਾਂ ਦੇ ਧਰਮ ਹੋਣ ਦੀ ਪੁਸ਼ਟੀ ਹੁੰਦੀ ਹੈ।

ਪਦਮ ਪੁਰਾਣ ਵਿਚ ਤਾਂ ਜੈਨ ਧਰਮ ਦੀ ਬਹੁਤ ਆਲੋਚਨਾ ਕੀਤੀ ਗਈ ਹੈ। ਵਿਸ਼ਨੂ ਪੁਰਾਣ ਵਿਚ ਮਾਇਆ ਮੋਹ ਨਾਂ ਦੇ ਜੈਨ ਭਿਖਸ਼ੂ ਦਾ ਅਸੁਰਾਂ ਨੂੰ ਜੈਨ ਧਰਮ ਵਿਚ ਦੀਖੀਅਤ ਕਰਨ ਦਾ ਜਿਕਰ ਹੈ।

ਸ਼ਿਵ ਪੁਰਾਣ ਵਿਚ ਜੈਨ ਸਾਧੂਆਂ ਦੇ ਚਿਨ੍ਹਾਂ ਦੀ ਚਰਚਾ ਹੈ। ਜੈਨ ਧਰਮ ਨੂੰ ਕਲਿ-ਯੁਗ ਦਾ ਧਰਮ ਆਖਿਆ ਗਿਆ ਹੈ।

ਹਿੰਦੂ ਗ੍ਰੰਥਾਂ ਵਿਚ ਇਸ ਦੇਸ਼ ਦੇ ਨਾਂ ਉੱਤਪਤੀ ਭਗਵਾਨ ਰਿਸ਼ਵਦੇਵ ਦੇ ਬੜੇ ਪੁਤਰ ਭਰਤ ਦੇ ਨਾਂ ਨਾਲ ਹੋਈ ਹੈ। ਰਿਗਵੇਦ ਵਿਚ ਭਰਤਵੰਸ਼ੀਆਂ ਨਾਲ ਕਈ ਸੰਬੰਧਿਤ ਮੰਤਰ ਹਨ। ਅਗਨੀ ਪੁਰਾਣ ਨੇ ਇਸ ਸੰਬੰਧੀ ਸਾਫ ਆਖਿਆ ਹੈ।

जरा मृत्युभयं नास्ति, धर्माधर्मौ युगादिकम्,
न धर्म माध्यम तुल्या, हिमदेशात्तु नाभितः।

ऋषभो मरुदेव्याश्च ऋषभाद् भरतोऽभवत्,
ऋषभोऽदात् श्री पुत्रे शाल्यग्रामे हरिं गतः।
भरताद् भारतं वर्षं भरतात् सुमतिस्त्वभूत् ॥

ਅਗਨੀ ਪੁਰਾਨ (10—11)

**ਅਰਥ**—ਉਸ ਹਿਮਵਤ ਪ੍ਰਦੇਸ਼ (ਭਾਰਤ ਦਾ) ਪੁਰਾਤਨ ਨਾਂ, ਵਿੱਚ ਬੁਢਾਪੇ ਅਤੇ ਮੌਤ ਦਾ ਡਰ ਨਹੀਂ ਸੀ। ਧਰਮ ਅਤੇ ਅਧਰਮ ਨਹੀਂ ਸਨ ਸਗੋਂ ਸਮਭਾਵ (ਇਕਸੁਰਤਾ) ਸੀ। ਉਥੇ ਨਾਭੀ ਰਾਜਾ ਦੀ ਰਾਣੀ ਮਰੂ ਦੇਵੀ ਨੇ ਰਿਸ਼ਵ ਨੂੰ ਜਨਮ ਦਿਤਾ। ਰਿਸ਼ਵ ਤੋਂ ਭਰਤ ਹੋਏ। ਰਿਸ਼ਵ ਦੇਵ ਨੇ ਸਨਿਆਸ ਗ੍ਰਹਿਣ ਕਰਕੇ ਰਾਜ ਪਾਟ ਸਪੁਤਰ ਭਰਤ ਨੂੰ ਦਿਤਾ। ਉਹ ਭਰਤ ਦੇ ਨਾਂ ਹੇਠ ਇਸ ਦੇਸ਼ ਦਾ ਨਾਂ ਭਾਰਤਵਰਸ਼ ਪਿਆ। ਭਰਤ ਦਾ ਸੁਮਤਿ ਸਪੁਤਰ ਸੀ।

ਅਜੇਹੇ ਵਰਨਣ ਮਾਰਕੰਡੇ ਪੁਰਾਣ 50। 39-42, ਬ੍ਰਾਹਮਾਂਡ ਪੁਰਾਣ ਪੂਰਵ ਖੰਡ 2114, ਵਾਯੂਪੁਰਾਣ 30। 50-53, ਬ੍ਰਹਦ ਨਾਰਦ ਪੁਰਾਣ ਪੂਰਵ ਖੰਡ 4915-6, ਲਿੰਗ ਪੁਰਾਣ 49। 19-23, ਸਕੰਧ ਪੁਰਾਣ 37। 57 ਮਿਲਦੇ ਹਨ। ਹਿੰਦੂ ਵਿਦਵਾਨ ਅਨੁਸਾਰ ਪੁਰਾਣਾਂ ਦੀ ਰਚਨਾ ਰਿਸ਼ੀ ਵੇਦ ਵਿਆਸ ਨੇ 5000 ਸਾਲ ਪਹਿਲਾਂ ਕੀਤੀ ਸੀ। ਪਰ ਅੱਜਕੱਲ ਦੇ ਪਛਮੀ ਵਿਦਵਾਨ ਪੁਰਾਣਾਂ ਦੀ ਰਚਨਾ ਦਾ ਸਮਾਂ ਗੁਪਤ ਯੁਗ ਮੰਨਦੇ ਹਨ। ਇਨ੍ਹਾਂ ਸਾਰੇ ਪੁਰਾਣਾਂ ਦੀ ਰਚਨਾ ਕੁਰੂਖੇਤਰ ਦੇ ਨਜ਼ਦੀਕ ਸਰਸਵਤੀ ਨਦੀ ਅਤੇ ਹੋਰ ਪੰਜਾਬ ਦੇ ਖੇਤਰਾਂ ਵਿਚ ਹੋਈ ਹੈ। ਪੁਰਾਣਾਂ ਦਾ ਇਹ ਵਰਨਣ ਉਸ ਸਮੇਂ ਪੰਜਾਬ ਵਿਚ ਜੈਨ ਧਰਮ ਦੀ ਪ੍ਰਸਿਧੀ ਦਾ ਸਬੂਤ ਹੈ। ਕਿ ਜੈਨ ਧਰਮ ਵੇਦਾਂ ਦੇ ਸਮੇਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਇਸ ਖੇਤਰ ਵਿਚ ਫੈਲ ਚੁਕਿਆ ਸੀ।

ਬੜੇ ਦੁੱਖ ਦੀ ਗਲ ਹੈ ਕਿ ਜੈਨ ਧਰਮ ਤੇ ਪੰਜਾਬ ਦੇ ਸੰਬੰਧ ਵਿਚ ਇੰਨੀ ਸਾਮਗਰੀ ਹਿੰਦੂ ਗ੍ਰੰਥ ਵਿਚ ਹੋਣ ਦੇ ਬਾਵਜੂਦ ਕਿਸੇ ਵੀ ਭਾਰਤੀ ਜਾਂ ਵਿਦੇਸ਼ੀ ਵਿਦਵਾਨ ਨੇ ਇਸ ਦਾ ਜਿਕਰ ਕਰਨਾ ਮੁਨਾਸਿਬ ਨਹੀਂ ਸਮਝਿਆ।

## ਬੁਧ ਗ੍ਰੰਥ ਅਤੇ ਜੈਨ ਧਰਮ

ਬੁੱਧ ਗ੍ਰੰਥਾਂ ਵਿਚ ਜੈਨ ਧਰਮ ਦੇ ਪ੍ਰਚਾਰ ਪ੍ਰਸਾਰ ਦਾ ਵਰਨਣ ਬਹੁਤ ਮਿਲਦਾ ਹੈ। 23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਸਮੇਂ ਹੀ ਜੈਨ ਪ੍ਰਤੇਕ ਬੁੱਧ ਨੱਗਈ ਦਾ ਵਰਨਣ ਸ੍ਰੀ ਉਤਰਾਧਿਐਨ ਸੂਤਰ ਅਤੇ ਜਾਤਕ 408-15 ਵਿਚ ਇਕੋ ਹੀ ਤਰਾਂ ਨਾਲ ਮਿਲਦਾ ਹੈ। ਇਸਨੇ ਭਗਵਾਨ ਪਾਰਸ਼ਵਨਾਥ ਦੀ ਸ੍ਰਮਣ ਪਰੰਪਰਾ ਵਿਚ ਸਾਧੂ ਦੀਖਿਆ ਲੈ ਕੇ ਪੰਜਾਬ ਦੇ ਭਿੰਨ-ਭਿੰਨ ਹਿਸਿਆਂ ਵਿਚ ਧਰਮ ਪ੍ਰਚਾਰ ਕੀਤਾ। ਇਹ

ਪੰਚਾਲ ਦੇਸ਼ ਦਾ ਰਾਜਾ ਸੀ।

ਇਹ ਬੁੱਧ ਨਹੀਂ ਹੋ ਸਕਦਾ, ਕਿਉਂਕਿ ਜਿਸ ਸਮੇਂ ਇਹ ਰਾਜਾ ਪੰਚਾਲ ਦੇਸ਼ ਤੇ ਰਾਜ ਕਰਦਾ ਸੀ ਬੁੱਧ ਧਰਮ ਦੀ ਹੋਂਦ ਉਸ ਸਮੇਂ ਨਹੀਂ ਸੀ।

ਜੈਨ ਧਰਮ ਵਾਰੇ ਇਕ ਬਹੁਤ ਮਹੱਤਵ ਪੂਰਨ ਵਰਨਣ ਬੁਧ ਗ੍ਰੰਥ "ਮਿਲਿੰਦ ਪ੍ਰਸ਼ਨ ਕਿਹਾ' ਵਿਚ ਆਉਂਦਾ ਹੈ। ਮਿਲਿਦ ਇਕ ਯੂਨਾਨੀ ਰਾਜਾ ਸੀ ਜਿਸਨੇ ਇਕ ਬੁਧ ਨਾਗਸੈਨ ਭਿਖਸ਼ੂ ਤੋਂ ਭਗਵਾਨ ਬੁੱਧ ਅਤੇ ਬੁਧ ਧਰਮ ਵਾਰੇ ਅਨੇਕਾਂ ਪ੍ਰਸ਼ਨ ਕੀਤੇ ਸਨ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਤੋਂ ਪ੍ਰਭਾਵਿਤ ਹੋ ਕੇ ਉਸ ਰਾਜੇ ਨੇ ਬੁੱਧ ਧਰਮ ਗ੍ਰਹਿਣ ਕੀਤਾ ਇਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ।

"ਉਸ ਸਮੇਂ ਸਾਕਲ (ਸਿਆਲ ਕੋਟ) ਨਾਂ ਦੀ ਨਗਰੀ ਸੀ। ਉਥੇ ਰਾਜਾ ਮਿਲੀਦ ਦੀ ਭੇਂਟ ਇਸ ਵਿਦਵਾਨ ਭਿਖਸ਼ੂ ਨਾਲ ਹੋਈ। ਰਾਜਾ ਮਿਲਿਦ ਨੇ ਕਿਹਾ "ਮੈਂ ਨਿਰਗ੍ਰੰਥ ਗਿਆਤਾ ਪੁਤਰ, ਆਦਿ ਨਾਲ ਇਨ੍ਹਾਂ ਪ੍ਰਸ਼ਨਾਂ ਦੀ ਚਰਚਾ ਕਰ ਚੁਕਿਆ ਹਾਂ ਕੋਈ ਭੀ ਮੇਰੀ ਸੰਤੁਸ਼ਟੀ ਨਹੀਂ ਕਰ ਸਕਿਆ' ਜੈਨ ਗ੍ਰੰਥਾਂ ਦੇ ਜਾਣਕਾਰ ਜਾਨਦੇ ਹਨ ਕਿ ਨਿਰਗ੍ਰੰਥ ਗਿਆਤਾ ਪੁਤਰ ਭਗਵਾਨ ਮਹਾਂਵੀਰ ਦਾ ਇਕ ਉਪਨਾਮ ਹੈ ਨਿਰਗ੍ਰੰਥ ਜੈਨ ਧਰਮ ਦਾ ਪੁਰਾਤਨ ਨਾਉਂ ਹੈ।

**ਗਿਆਤਾ ਪੁਤਰ**—ਭਗਵਾਨ ਮਹਾਂਵੀਰ ਦਾ ਗੋਤ ਹੈ ਇਸ ਗ੍ਰੰਥ ਵਿਚ ਨਿਰਗ੍ਰੰਥ ਗਿਆਤਾ ਪੁਤਰ ਤੋਂ ਅਰਥ ਜੈਨ ਸਾਧੂ ਹੀ ਹੋ ਸਕਦਾ। ਇਸ ਤੋਂ ਸਿੱਧ ਹੈ ਕਿ ਸਿਆਲ ਕੋਟ ਜੈਨ ਪ੍ਰਚਾਰ ਦਾ ਕਾਫ਼ੀ ਬੜਾ ਕੇਂਦਰ ਸੀ। ਕਿਉਂਕਿ ਉਸ ਸਮੇਂ ਭਗਵਾਨ ਮਹਾਵੀਰ ਦਾ ਨਿਰਵਾਨ ਹੋ ਚੁਕਿਆ ਸੀ।

ਸਿਆਲਕੋਟ ਵਿਖੇ ਹੀ ਅਸ਼ੋਕ ਰਾਜੇ ਦੇ ਪੁਤਰ ਕੁਣਾਲ ਨੂੰ ਅੰਨ੍ਹਾ ਕੀਤਾ ਗਿਆ ਸੀ। ਇਸਦਾ ਸਪੁੱਤਰ ਰਾਜਾ ਸੰਮਪਰਤਿ ਸੀ। ਜਿਸਨੇ ਜੈਨ ਧਰਮ ਨੂੰ ਭਾਰਤ ਦਾ ਰਾਜ-ਧਰਮ ਘੋਸ਼ਿਤ ਕੀਤਾ। ਉਸਨੇ ਜੈਨ ਧਰਮ ਦੀ ਉਹ ਹੀ ਸੇਵਾ ਕੀਤੀ, ਜੋ ਕਿ ਅਸ਼ੋਕ ਨੇ ਬੁਧ ਧਰਮ ਦੀ ਕੀਤੀ ਸੀ।

# ਰਾਜਤਰੰਗਨੀ ਤੇ ਜੈਨ ਧਰਮ

## ਕਸ਼ਮੀਰ ਤੇ ਜੈਨ ਧਰਮ

ਕਸ਼ਮੀਰ ਦਾ ਪ੍ਰਸਿਧ ਇਤਿਹਾਸਕਾਰ ਕਲਹਣ ਨੇ ਅਪਣੀ ਰਾਜਤਰੰਗਣੀ ਨਾਉਂ ਦੀ ਪੁਸਤਕ ਵਿਚ ਕਸ਼ਮੀਰ ਦੇ ਅਨੇਕਾਂ ਰਾਜੇਆਂ ਦਾ ਵਰਨਣ ਕੀਤਾ ਹੈ ਜਿਨ੍ਹਾਂ ਕਸ਼ਮੀਰ ਵਿਚ ਹੀ ਨਹੀਂ ਸਗੋਂ ਮੱਧ ਏਸ਼ੀਆ, ਅਫਗਾਨਿਸਤਾਨ, ਪੰਜਾਬ ਤਕ ਜੈਨ ਧਰਮ ਦਾ ਪ੍ਰਚਾਰ

ਕੀਤਾ। ਉਨ੍ਹਾਂ ਵਿਚੋਂ ਕੁਝ ਪ੍ਰਸਿਧ ਰਾਜਿਆਂ ਦੇ ਨਾਂ ਅਤੇ ਸਮੇਂ ਵਾਰੇ ਅਸੀਂ ਵਿਚਾਰ ਕਰਾਂਗੇ। ਰਾਜਤੰਰਗਨੀ ਦਾ ਸਮਾਂ ਸਨ 1148-49 ਹੈ।

## ਮਹਾਰਾਜਾ ਅਸ਼ੋਕ

ਇਹ ਅਸ਼ੋਕ, ਮੋਰਿਆ ਸਮਰਾਟ ਅਸ਼ੋਕ ਤੋਂ ਪਹਿਲਾਂ ਹੋਇਆ ਹੈ ਇਹ ਸ਼ੁਕਨੀ ਨਾਂ ਦੇ ਰਾਜੇ ਦਾ ਪੜੋਤਾ ਸੀ। ਇਸਨੇ ਅਪਣੇ ਰਾਜ ਵਿਚ ਜੈਨ ਧਰਮ ਨੂੰ ਰਾਜ ਧਰਮ ਘੋਸ਼ਿਤ ਕੀਤਾ। ਇਸਦੇ ਕੰਮਾਂ ਦੀ ਪ੍ਰਸ਼ੰਸਾ ਕਰਦੇ ਕਲਹਣ ਕਵੀ ਆਖਦਾ ਹੈ।

"ਉਸਤੋਂ ਵਾਲਦ ਸਚੀਨਰ ਦੇ ਕੋਈ ਔਲਾਦ ਨਾ ਹੋਈ ਤਾਂ ਸ਼ਕੁਨੀ ਦਾ ਪੜੋਤਾ ਸੱਚ ਵਿਚ ਪੱਕਾ ਰਹਿਣ ਵਾਲਾ ਅਸ਼ੋਕ ਗੱਦੀ ਉਪਰ ਬੈਠਿਆ।[1] ਸੁਸਕਨੇਤਰ ਅਤੇ ਵਿਤਸਤੋਤਰ ਨਾਂ ਦੇ ਨਗਰ ਨੂੰ ਇਸਨੇ ਜੈਨ ਸਤੂਪਾਂ ਨਾਲ ਭਰ ਦਿਤਾ। ਅਨੇਕਾਂ ਜੈਨ ਮੰਦਰਾਂ ਦਾ ਨਿਰਮਾਣ ਕੀਤਾ।[2] ਇਨ੍ਹਾਂ ਵਿਚੋਂ **ਵਿਸਤਾਤਪੁਰ** ਦੇ ਧਰਮ ਸਥਾਨ ਵਿਚ ਜੈਨ ਮੰਦਰ ਇੰਨਾ ਉੱਚਾ ਸੀ ਕਿ ਅੱਖਾਂ ਇਸ ਉਚਾਈ ਨੂੰ ਵੇਖ ਨਹੀਂ ਸਕਦੀਆਂ ਸਨ।

ਇਸਨੇ ਪਰਗਨਾ ਬਾਦਰ ਵਿਚ ਇਕ ਸੁੰਦਰ ਨਗਰ ਵਸਾਇਆ। ਇਸ ਰਾਜੇ ਨੇ ਸ਼੍ਰੀ ਨਗਰ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਸਦੇ ਪੁੱਤਰ ਜਾਲੋਕ ਕਸ਼ਮੀਰ ਦਾ 48ਵਾਂ ਰਾਜਾ ਸੀ ਉਸਨੇ ਵੀ ਅਪਣੇ ਪਿਤਾ ਦੀ ਤਰ੍ਹਾਂ ਜੈਨ ਧਰਮ ਗ੍ਰਹਿਣ ਕੀਤਾ। ਇਸਤੋਂ ਬਾਅਦ ਅਸ਼ੋਕ ਦਾ ਭਤੀਜਾ ਜੈਨ ਧਰਮ ਦਾ ਮਹਾਨ ਉਪਾਸਕ ਸੀ। ਉਸਨੇ ਪੂਜਾ ਲਈ ਕਈ ਸਦਾਚਾਰ ਦੇ ਨਿਯਮ ਬਣਾਏ।

ਕਸ਼ਮੀਰ ਵਿਚ ਇਕ ਹੋਰ ਮਸ਼ਹੂਰ ਰਾਜਾ ਲਲਿਤਾ ਆਦਿੱਤ ਸੀ। ਇਹ ਭਗਵਾਨ ਮਹਾਵੀਰ ਦੇ ਸਮੇਂ ਹੋਇਆ ਸੀ। ਇਸਨੇ ਅਨੇਕਾਂ ਜੈਨ ਮੰਦਰਾਂ ਦਾ ਨਿਰਮਾਨ ਕਰਵਾਇਆ।[3]

---

१. प्रपौत्रः शकुनेस्तस्य भूपते प्रपितृव्यजः।
अथ बृहदशोकाख्यः सत्यसंधो बसुंधराम् ।। १--१०१ ।।

२. यः शांतवजिनो राजा प्रपन्नो जिन-शासनम्।
शुष्कक्षेत्र वितस्तात्र विस्तारः स्तूप मण्डलैः ।। १—१०२ ।।

धर्मारण्य विहारान्न जिनास्तत्र पुरे अभवत्।
यत्कृतं चैत्य मुत्सावधि प्राप्येक्षय क्षणम ।। १०३ ।।

३. चक्रे वृहच्चतुशाला बृहच्चैत्यं बृहज्जिनैः।
राजा राजविहार सतिरजा, सततो जिनम् ४ : २०२

# ਭਦਰਜਨਪਦ (ਜੰਮੂ) ਵਿੱਚ ਜੈਨ ਧਰਮ

ਇਸ ਸੰਬੰਧੀ ਸੂਚਨਾ ਕੁਬਲਯਮਾਲਾ ਦੇ ਗ੍ਰੰਥਕਾਰ ਅਚਾਰਿਆ ਸ਼੍ਰੀ ਉਦਯੋਤਨ ਸੂਰੀ ਨੇ ਦਿੱਤੀ ਹੈ। ਆਪਜੀ ਦਾ ਸਮਾਂ ਵਿਕਰਮ ਦੀ 9ਵੀਂ ਸਦੀ ਹੈ। ਆਪਨੇ ਆਪਣੇ ਗ੍ਰੰਥ ਦੇ ਅੰਤ ਵਿਚ ਇਸ ਪ੍ਰਕਾਰ ਲਿਖਿਆ ਹੈ।

"ਉਤਰਾਪਥ ਵਿੱਚ ਚੰਦਰਭਾਗਾ (ਝਨਾਵ) ਨਦੀ ਵਹਿੰਦੀ ਹੈ। ਇਥੇ ਤੋਰਮਾਣ ਰਾਜਾ ਰਾਜ ਕਰਦਾ ਸੀ। ਇਸਦੀ ਪਵਈਆ (ਜੰਮੂ) ਰਾਜਧਾਨੀ ਸੀ। ਉਸਦੇ ਰਾਜ ਗੁਰੂ ਹਰੀਗੁਪਤ ਅਚਾਰਿਆ ਸਨ। ਆਪਦਾ ਸਮਾਂ ਵਿਕਰਮ ਦੀ 6ਵੀਂ ਸਦੀ ਹੈ। ਉਨ੍ਹਾਂ ਦੇ ਚੇਲੇ ਦੇਵਗੁਪਤ ਅਤੇ ਸ਼੍ਰੀ ਦੇਵਗੁਪਤ ਨੇ ਜੈਨ ਤੀਰਥ ਯਾਤਰਾ ਸੰਪੂਰਨ ਕਰਕੇ ਰਾਜਸਥਾਨ ਵਿਚ ਠਹਿਰੇ। ਉਨ੍ਹਾਂ ਦੇ ਚੇਲੇ ਯਕਸ਼ਦਤ ਗ਼ਣਿ ਹੋਏ। ਜਿਨ੍ਹਾਂ ਗੁਜਰਾਤ ਦੇਸ਼ ਨੂੰ ਮੰਦਰਾਂ ਨਾਲ ਭਰਪੂਰ ਬਣਾਇਆ। ਉਨ੍ਹਾਂ ਦੇ ਛੇ ਚੇਲੇ ਸਨ। ਇਕ ਚੇਲੇ ਨੇ, ਅਮਰਕੋਟ (ਸਿੰਧ) ਵਿਖੇ ਇੱਕ ਜੈਨ ਮੰਦਰ ਦੀ ਸਥਾਪਨਾ ਆਪਣੀ ਅਧਿਆਤਮਕ ਸ਼ਕਤੀ ਰਾਹੀਂ ਕੀਤੀ।

ਇਥੇ ਹੀ ਅਚਾਰਿਆ ਵੀਰ ਭਦਰ ਅਤੇ ਹਰੀ ਭੱਦਰ ਹੋਏ। ਜੋ ਅਚਾਰਿਆ ਉਦੋਯਤਨ ਸੂਰੀ ਦੇ ਵਿਦਿਆ ਗੁਰੂ ਸਨ।"

ਤੋਰਮਾਨ ਹੂਣ ਜਾਤੀ ਦਾ ਵਿਦੇਸ਼ੀ ਰਾਜਾ ਸੀ। ਜਿਸਨੇ ਭਾਰਤ ਦੀ ਮਾਲਵਾ ਭੂਮੀ ਨੂੰ ਜਿਤ ਕੇ ਜੰਮੂ ਨੂੰ ਰਾਜਧਾਨੀ ਬਨਾਇਆ। ਇਸ ਦੇ ਰਾਜ ਦੇ ਵਿਸਥਾਰ ਬਲੋਚਿਸਥਾਨ, ਪੰਜਾਬ, ਉਤਰਪ੍ਰਦੇਸ਼ ਦਾ (ਮਥਰਾ) ਮੱਧਭਾਰਤ ਦਾ ਗਵਾਲੀਅਰ ਪ੍ਰਦੇਸ਼ ਤਕ ਸੀ। ਇਸ ਦਾ ਗੁਰੂ ਗੁਪਤ ਵੰਸ਼ੀ ਅਚਾਰਿਆ ਹਰੀਗੁਪਤ ਸੀ। ਇਸਨੇ ਆਪਣੀ ਰਾਜਧਾਨੀ ਵਿੱਚ ਭਗਵਾਨ ਰਿਸ਼ਵਦੇਵ ਦਾ ਇੱਕ ਮੰਦਰ ਬਨਵਾਇਆ।

ਇਸਦੇ ਪੁਤਰ ਮਿਹਰ ਕੁਲ ਨੇ ਸੰਬਤ 566 ਵਿੱਚ ਸਿਆਲਕੋਟ ਨੂੰ ਨਵੀਂ ਰਾਜਧਾਨੀ ਬਨਾਇਆ।

ਸਰ ਕਨਿੰਘਮ ਨੇ ਪਵਇਆ ਦੀ ਪਛਾਨ ਝੰਗ ਜਾਂ ਸ਼ਾਹਕੋਟ ਨਾਲ ਕੀਤੀ ਹੈ ਡਾ. ਸਮਿਥ ਅਤੇ ਪੰਡਤ ਹੀਰਾ ਲਾਲ ਦੁਗੜ ਨੇ ਜੰਮੂ ਨੂੰ ਸਹੀ ਮਨਿਆ ਹੈ। ਡਾ. ਫਲੀਟ ਹੜੱਪਾ

---

**ਅਰਥ**—ਇਸ ਨਿਰ ਅਭਿਆਨੀ ਰਾਜੇ ਨੇ ਬੜੇ-ਬੜੇ 4 ਮੰਜਲੇ ਮਕਾਨ, ਵਿਸ਼ਾਲ ਚੇਤਯ (ਜੈਨ ਮੰਦਰਾਂ ਅਤੇ ਵਿਸ਼ਾਲ ਜੈਨ ਮੂਰਤੀਆਂ ਦਾ ਨਿਰਮਾਨ ਕਰਵਾਇਆ) ਇਸ ਮੰਦਰ ਦੇ ਨਿਰਮਾਨ ਵਿਚ ਉਸਨੇ 84000 ਤੋਲੇ ਸੋਨੇ ਦੀ ਵਰਤੋਂ ਕੀਤੀ। ਇਸ ਰਾਜੇ ਨੇ ਅੰਵਤੀਪੁਰੇ ਦਾ ਸੂਰਜ ਮੰਦਰ, ਵਿਸ਼ਨੂੰ ਮੰਦਰਾਂ ਦੇ ਨਿਰਮਾਣ ਵਿਚ ਵੀ ਹਿੰਦੂ ਧਰਮੀਆਂ ਦੀ ਮਦਦ ਕੀਤੀ। ਇਸੇ ਰਾਜੇ ਦੇ ਰਾਜ ਸਮੇਂ ਚੜਕੁਣ ਮੰਤਰੀ ਨੇ ਇਕ ਜੈਨ ਸਤੂਪ ਦਾ ਨਿਰਮਾਨ ਕਰਵਾਇਆ। ਇਸਤੋਂ ਛੁਟ ਰਾਜਕੋ ਵੀ ਜੈਨ ਧਰਮ ਦਾ ਕਟੜ ਉਪਾਸਕ ਸੀ।

ਨੂੰ ਹੀ ਪਵਜਿਆ ਮੰਨਦੇ ਹਨ ਇਸ ਦਾ ਪੁੱਤਰ ਮਿਹਰ ਕੁਲ ਬੜਾ ਜਾਲਮ ਸੀ। ਇਸ ਸਿੱਟੇ ਵਜੋਂ ਜੈਨੀ ਰਾਜਸਥਾਨ ਵਿੱਚ ਆਉਣ ਲਈ ਮਜਬੂਰ ਹੋ ਗਏ।

ਪਵਜਿਆ ਨੂੰ ਉਸ ਸਮੇਂ ਤੋਰਮਣੀ ਵੀ ਆਖਦੇ ਸਨ।

ਅਚਾਰਿਆ ਹਰੀ ਗੁਪਤ ਸੂਰੀ ਵੀ ਅਹਿਛੱਤਰਾ ਨਗਰੀ ਦੇ ਰਾਜਾ ਸਨ। ਜਿਨ੍ਹਾਂ ਰਾਜਪਾਟ ਛੱਡ ਕੇ ਸਾਧੂ ਧਰਮ ਗ੍ਰਹਿਣ ਕੀਤਾ ਸੀ। ਉਨ੍ਹਾਂ ਦੇ ਪ੍ਰਚਾਰ ਦਾ ਖੇਤਰ ਪੰਜਾਬ, ਜੰਮੂ ਕਸ਼ਮੀਰ, ਗੰਧਾਰ ਰਿਹਾ।

# ਜੈਨ ਧਰਮ ਤੇ ਪੰਜਾਬ

ਜਿਵੇਂ ਅਸੀਂ ਪਿਛਲੇ ਅਧਿਐਨਾਂ ਵਿਚ ਜੈਨ ਧਰਮ ਦੀ ਹੋਂਦ ਦਾ ਜਿਕਰ ਹਿੰਦੂ ਅਤੇ ਬੁੱਧ ਗ੍ਰੰਥਾਂ ਸਹਾਰੇ ਕੀਤਾ ਹੈ। ਹੁਣ ਅਸੀਂ ਕੁਝ ਜੈਨ ਹਵਾਲਿਆਂ ਦਾ ਜਿਕਰ ਕਰਨਾ ਵੀ ਜਰੂਰੀ ਸਮਝਦੇ ਹਾਂ।

ਜੈਨ ਧਰਮ ਵਿੱਚ 45 ਸ਼ਾਸਤਰ ਮੰਨੇ ਗਏ ਹਨ। ਇਨ੍ਹਾਂ ਵਿਚੋਂ 11 ਅੰਗਾਂ ਪ੍ਰਮੁਖ ਹਨ। ਇਨ੍ਹਾਂ ਅੰਗਾਂ ਵਿਚੋਂ ਭਗਵਤੀ ਸੂਤਰ ਅਤੇ ਵਿਪਾਕ ਸੂਤਰ ਦੇ ਹਵਾਲੇ ਮਹਾਵੀਰ ਦੇ ਜੈਨ ਧਰਮ ਸੰਬੰਧੀ ਕੀਤੇ ਕੰਮਾਂ ਤੇ ਚਾਨਣਾ ਪਾਉਂਦੇ ਹਨ। ਅਸੀਂ ਪਿਛੇ ਕੁਝ ਜੈਨ ਰਾਜਿਆਂ ਦਾ ਜਿਕਰ ਵੀ ਕੀਤਾ ਹੈ। ਜਿੰਨ੍ਹਾਂ ਜੈਨ ਧਰਮ ਦਾ ਪ੍ਰਚਾਰ ਪੰਜਾਬ, ਕਸ਼ਮੀਰ, ਸਿੰਧ, ਸੋਵਿਰ ਅਤੇ ਮੱਧ ਏਸ਼ੀਆ ਤਕ ਕੀਤਾ।

ਪੁਰਾਤਨ ਜੈਨ ਗ੍ਰੰਥ ਪ੍ਰਸ਼ਨ ਵਿਆਕਰਣ ਸੂਤਰ ਵਿਚ ਅਨਾਰਜ ਦੇਸ਼ਾਂ ਦਾ ਜਿਕਰ ਹੈ। ਜਿਥੇ ਦੇ ਲੋਕ ਹਿੰਸਕ ਸੁਭਾਅ ਦੇ ਮਾਲਕ ਹਨ। ਇਨ੍ਹਾਂ ਦੇਸ਼ਾਂ ਵਿਚ ਜਿਥੇ ਦਖਣ ਭਾਰਤ ਮਧ ਪ੍ਰਦੇਸ਼ ਦੇ ਕਾਫੀ ਹਿਸਿਆਂ ਦੇ ਪੁਰਾਤਨ ਨਾਂ ਹਨ। ਇਥੇ ਮਾਲਵਾ, ਕੇਕਯ ਆਦਿ ਦੇ ਦੇਸ਼ਾਂ ਦੇ ਨਾਂ ਕਾਫੀ ਵਿਚਾਰ ਯੋਗ ਹਨ। ਜੈਨ ਗ੍ਰੰਥਾਂ ਵਿਚ 25½ ਚੰਗੇ (ਆਰਿਆ) ਦੇਸ਼ ਭਰਤ ਖੰਡ ਵਿੱਚ ਮੰਨੇ ਗਏ ਹਨ। ਜਿੱਥੇ ਸਾਧੂਆਂ ਦਾ ਸੰਜਮ ਠੀਕ ਢੰਗ ਨਾਲ ਪਲ ਸਕਦਾ ਹੈ। ਕੇਕਯ ਦੇਸ਼ ਦੇ ਦੋ ਹਿਸੇ ਸਨ। ਇੱਕ ਹਿਸਾ ਅਫਗਾਨਿਸਤਾਨ ਤੋਂ ਪਰੇ ਤੱਕ ਜਾਂਦਾ ਹੈ। ਇਕ ਹਿਸਾ ਜੇਲਹਮ ਦਰਿਆ ਤੋਂ ਸਿਆਲਕੋਟ ਦਾ ਹਿਸਾ ਹੈ। ਜੈਨੀ ਸਾਧੂਆਂ ਦੇ ਝਨਾਵ, ਜੇਹਲਮ, ਸਿੰਧ, ਰਾਵੀ, ਵਿਆਸ, ਸਤਲੁਜ, ਸਰਸਵਤੀ, ਗੰਗਾ, ਗੋਦਾਵਰੀ ਅਤੇ ਜਮਨਾ ਦੇ ਕਿਨਾਰੇ ਵਸੇ ਦੇਸ਼ਾਂ ਵਿਚ ਧਰਮ ਪ੍ਰਚਾਰ ਵਰਨਣ ਵੀ ਮਿਲਦਾ ਹੈ। ਜੈਨ ਸ਼ਾਸਤਰਾਂ ਵਿਚ ਗੰਧਾਰ ਦੇਸ਼ ਦਾ ਵਰਨਣ ਵੀ ਮਿਲਦਾ ਹੈ।

ਇਸ ਪ੍ਰਸ਼ਨ ਵਿਆਕਰਨ ਸੂਤਰ ਵਿੱਚ ਦਖਣੀ ਅਫਰੀਕਾ, ਈਰਾਨ, ਚੀਨ, ਤਿਬਤ (ਲਹਾਸਾ) ਰੂਸ (ਅਰੂਸ) ਦਾ ਉਪਰਲਾ ਹਿੱਸਾ, ਅਰਬ ਦੇਸ਼, ਯੂਨਾਨ, ਰੋਮ (ਇਟਲੀ) ਹੂਣ ਦੇਸ਼ ਨੂੰ ਹਿੰਸਕ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਜੈਨ

ਸ਼ਾਸਤਰ ਅਨੁਸਾਰ ਆਰਿਆ ਦੇਸ਼ਾਂ ਦੀਆਂ ਹੱਦਾਂ, ਅਨਾਰਿਆ ਦੇਸ਼ ਵਿੱਚ ਅਤੇ ਅਨਾਰਿਆ ਦੇਸ਼ਾਂ ਦੀਆਂ ਹੱਦਾਂ ਆਰਿਆ ਦੇਸ਼ ਵਿਚ ਬਦਲਦੀਆਂ ਰਹਿੰਦੀਆਂ ਹਨ। ਸੋ ਇਹੋ ਕਾਰਣ ਹੈ ਕਿ ਮਹਾਰਾਸ਼ਟਰ ਵਰਗੇ ਦਖਣੀ ਭਾਰਤ ਦੇ ਹਿਸਿਆਂ ਨੂੰ ਇਥੇ ਅਨਾਰਿਆ ਦੇਸ਼ ਆਖਿਆ ਗਿਆ ਹੈ।

ਚੰਦਰਗੁਪਤ ਮੌਰਿਆ ਦੇ ਗੁਰੂ ਭਦਰਵਾਹੂ ਸਵਾਮੀ ਜੀ ਨੇ ਅਪਣੀ ਮਿਹਨਤ ਨਾਲ ਸਾਰੇ ਦਖਣੀ ਭਾਰਤ ਅਤੇ ਉੱਤਰ ਵਿੱਚ ਨੇਪਾਲ ਦੇਸ਼ ਨੂੰ ਆਰੀਆ ਦੇਸ਼ ਬਣਾ ਦਿੱਤਾ। ਦੱਖਣ ਭਾਰਤ ਵਿੱਚ 12-13 ਸਦੀ ਤੱਕ ਜੈਨ ਧਰਮ ਨੂੰ ਰਾਜ ਧਰਮ ਦਾ ਦਰਜਾ ਮਿਲਦਾ ਰਿਹਾ। ਇਥੇ ਕਈ ਜੈਨ ਕਲਾ ਦੇ ਕੇਂਦਰ ਬਣੇ। ਸ਼ੰਕਰਾ ਅਚਾਰਿਆ ਅਤੇ ਕੁਮਾਰਿਲ ਭੱਟ ਆਦਿ ਸ਼ੈਵਧਰਮੀਆਂ ਦੇ ਜੈਨ ਧਰਮ ਨੂੰ ਕਾਫ਼ੀ ਨੁਕਸਾਨ ਪਹੁੰਚਾਣ ਦੇ ਬਾਵਜੂਦ ਜੈਨ ਧਰਮ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਆਈ। ਜੈਨ ਧਰਮ ਅਤੇ ਸ਼ਿਵ ਧਰਮ ਨੂੰ ਮੰਨਣ ਵਾਲਿਆਂ ਦੇ ਸੰਘਰਸ਼ ਚਲਦੇ ਰਹੇ। ਦੱਖਣ ਦੇ ਦਰਾਵਿੜਾਂ ਨੇ ਚੰਦਰਗੁਪਤ ਮੌਰਿਆ ਸਮੇਂ ਜੈਨ ਧਰਮ ਨੂੰ ਅਪਣਾ ਲਿਆ। ਮੁਗਲ ਕਾਲ ਦੀ 1000 ਸਾਲ ਹਨੇਰੀ ਵੀ ਇਥੇ, ਜੈਨ ਧਰਮ ਦਾ ਕੁੱਝ ਨਾ ਵਿਗਾੜ ਸਕੀ।

## ਪੰਜਾਬ ਵਿੱਚ ਜੈਨ ਧਰਮ

ਜੈਨ ਸ਼ਾਸਤਰਾਂ ਅਨੁਸਾਰ ਭਗਵਾਨ ਰਿਸ਼ਵਦੇਵ ਤੋਂ ਲੈਕੇ ਭਗਵਾਨ ਮਹਾਵੀਰ ਤਕ ਪੰਜਾਬ ਵਿੱਚ ਧਰਮ ਪ੍ਰਚਾਰ ਕਰਨ ਵਾਲੇ ਤੀਰਥੰਕਰਾਂ ਅਤੇ ਰਾਜਿਆਂ ਦਾ ਜਿਕਰ ਅਸੀਂ ਪਿੱਛੇ ਕਰ ਆਏ ਹਾਂ।

ਹੁਣ ਅਸੀਂ 45 ਆਗਮਾਂ ਤੋਂ ਹਟਕੇ ਜੈਨ ਅਚਾਰਿਆਂ ਰਾਹੀਂ ਰਚੇ ਗ੍ਰੰਥਾਂ, ਪਟਾਵਲੀਆਂ ਦੇ ਅਧਾਰ ਤੇ ਪੰਜਾਬ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਪੁਰਾਤਨ ਅਚਾਰਿਆਂ, ਮੁਨੀਆਂ, ਉਪਾਸਕਾਂ ਅਤੇ ਸਾਹਿਤਕਾਰਾਂ ਦਾ ਸੰਖੇਪ ਵਰਨਣ ਕਰਾਂਗੇ। ਅਸੀਂ ਆਪਣੀ ਸਾਰੀ ਚਰਚਾ ਨੂੰ 4 ਹਿਸਿਆਂ ਵਿਚ ਵੰਡਕੇ ਪਾਠਕਾਂ ਦੀ ਜਾਨਕਾਰੀ ਨੂੰ ਹੋਰ ਵਧਾਉਣਾ ਚਾਹੁੰਦੇ ਹਾਂ। ਇਹ ਚਾਰ ਹਿੱਸੇ ਹਨ।

1. ਤੀਰਥੰਕਰ ਯੁਗ।
2. ਭਗਵਾਨ ਮਹਾਵੀਰ ਤੋਂ ਲੈਕੇ ਕੁਮਾਰਪਾਲ ਦਾ ਸਮਾਂ।
   (ਵਰਨਣ ਕੀਤਾ ਜਾ ਚੁੱਕਾ ਹੈ)
3. ਮੁਗਲਕਾਲ ਵਿਚ ਜੈਨ ਧਰਮ ਦੀ ਸਥਿਤੀ।
4. ਮਹਾਰਾਜਾ ਰਣਜੀਤ ਸਿੰਘ ਤੋਂ ਲੈਕੇ ਅੱਜ ਤੱਕ ਦਾ ਜੈਨ ਸਮਾਜ।

## ਭਗਵਾਨ ਮਹਾਵੀਰ ਤੋਂ ਬਾਅਦ ਦਾ ਜੈਨ ਧਰਮ

ਭਗਵਾਨ ਮਹਾਵੀਰ ਦੇ ਬਾਅਦ ਜੈਨ ਧਰਮ ਦੀ ਪੰਜਾਬ ਵਿੱਚ ਸਥਿਤੀ ਬਾਰੇ ਅਸੀਂ

ਵੇਦ, ਪੁਰਾਣ, ਬੁੱਧ ਗ੍ਰੰਥਾਂ ਦੇ ਅਧਾਰ ਤੇ ਪਹਿਲਾਂ ਚਰਚਾ ਕਰ ਆਏ ਹਾਂ। ਜੈਨ ਆਗਮਾਂ ਵਿਚ ਵੀ ਭਗਵਾਨ ਮਹਾਵੀਰ ਦੇ ਪੰਜਾਬ ਆਉਣ ਦੀ ਚਰਚਾ ਵੀ ਅਸੀਂ ਕੀਤੀ ਹੈ।

ਭਗਵਾਨ ਮਹਾਵੀਰ ਤੋਂ ਬਾਅਦ ਜੈਨ ਧਰਮ ਕਈ ਪੂਰਬ ਪੰਜਾਬ ਵਿੱਚ ਬਹੁਤ ਫੈਲਿਆ। ਇਸਦੀ ਗਵਾਹੀ ਪੁਰਾਤਨ ਪਟਾਵਲੀਆਂ (ਕੁਰਸੀਨਾਮੇਂ) ਸ਼ਿਲਾਲੇਖ ਮੂਰਤੀਆਂ ਗ੍ਰੰਥ ਦਿੰਦੇ ਹਨ। ਮਥੁਰਾ ਟੀਲੇ ਵਿਚੋਂ ਮਿਲੀਆਂ ਜੈਨ ਮੂਰਤੀਆਂ ਵਿਚ ਕਈ ਜੈਨ ਮੁਨੀਆਂ ਦੀ ਸ਼ਾਖਾਵਾਂ ਦੇ ਨਾਂ ਆਏ ਹਨ। ਉਨ੍ਹਾਂ ਵਿਚ ਦੋ ਮਸ਼ਹੂਰ ਸ਼ਾਖਾਵਾਂ ਹਨ। (1) ਪ੍ਰਸ਼ਨਵਾਹਕ (ਪੇਸ਼ਾਵਰੀ) ਕੁਲ। (2) ਉਚਾ ਨਾਗਰ ਕੁਲ।

ਪੇਸ਼ਾਵਰ ਸ਼ਹਿਰ ਗੰਧਾਰ ਦੇਸ਼ ਦੀ ਰਾਜਧਾਨੀ ਦੇ ਸਮਾਨ ਨਗਰ ਰਿਹਾ ਹੈ। ਇਹ ਜੈਨ ਧਰਮ ਦਾ ਪ੍ਰਮੁੱਖ ਕੇਂਦਰ ਸੀ। ਸ਼ਵੇਤਾਂਬਰ ਜੈਨੀਆਂ ਦੇ 84 ਗੱਛਾ (ਸ਼ਾਖਾਵਾਂ) ਵਿਚੋਂ ਗੰਧਾਰੀ ਗੱਛ ਦਾ ਅਪਣਾ ਮਹੱਤਵ ਪੂਰਣ ਸਥਾਨ ਹੈ। ਇਹ ਗੱਛ ਵਿਕਰਮ ਦੀ 14ਵੀਂ ਸਦੀ ਤਕ ਇਥੇ ਧਰਮ ਪ੍ਰਚਾਰ ਕਰਦਾ ਰਿਹਾ। ਅਚਾਰਿਆ ਸੁਹਸਤੀ ਦੇ ਕੁਲ ਵਿਚੋਂ ਹੀ ਉਪਰੋਕਤ ਪੇਸ਼ਾਵਰੀ ਸ਼ਾਖਾ ਅਤੇ ਉਚਾ ਨਾਗਰ ਕੁਲ ਹੈ। ਸ਼ਤਰੂੰਜੈ ਤੀਰਥ ਬਿਕਰਮ ਦੀ 16-17 ਸ਼ਤਾਬਦੀ ਦੇ ਅਨੇਕਾਂ ਸ਼ਿਲਾਲੇਖ ਮਿਲਦੇ ਹਨ।[1] ਕਲਪ ਸੂਤਰ ਜਿਸਦੀ ਰਚਨਾ ਦਾ ਸਮਾਂ ਭਗਵਾਨ ਮਹਾਵੀਰ ਤੋਂ 500 ਸਾਲ ਵਾਅਦ ਹੈ ਉਸ ਵਿਚ ਦਰਜ ਹੈ ਕਿ ਆਰਿਆ ਸ਼ਾਂਤੀ ਸ੍ਰੇਵਿਕ ਨੇ ਉੱਚ ਨਾਗਰ ਨਾਂ ਦੇ ਕੁਲ ਦੀ ਸਥਾਪਨਾ ਕੀਤੀ। ਇਨ੍ਹਾਂ ਸ਼ਾਖਾਵਾਂ ਦਾ ਸਮਾਂ ਵਿਕਰਮ ਦੀ ਤੀਸਰੀ ਸ਼ਤਾਵਦੀ ਤੋਂ ਪਹਿਲਾਂ ਹੈ। ਇਸ ਸਮੇਂ ਪ੍ਰਸਿਧ ਜੈਨ ਰਾਜਾ ਸੰਮਪਰਤਿ ਦਾ ਰਾਜ ਸੀ, ਜਿਸਨੇ ਅਸ਼ੋਕ ਦੀ ਤਰ੍ਹਾਂ ਜੈਨ ਸਾਧੂਆਂ ਦੇ ਭੇਸ਼ ਵਿੱਚ ਅਨੇਕਾਂ ਪ੍ਰਚਾਰਕ ਜੈਨ ਧਰਮ ਦੇ ਪ੍ਰਚਾਰ ਲਈ ਵਿਦੇਸ਼ਾਂ ਵਿੱਚ ਭੇਜੇ। ਇਹ ਦੋ ਗੁਰੂ ਆਰਿਆ ਸੁਹਸਤੀ ਭਗਵਾਨ ਮਹਾਵੀਰ ਤੋਂ ਵਾਅਦ 8ਵੇਂ ਸਥਾਨ ਤੇ ਗੱਦੀ ਉਪਰ ਬੈਠੇ ਸਨ।

ਉਚ ਨਾਗਰ ਕੁਲ ਉੱਚਾ ਨਗਰ ਨਾਂ ਕਾਰਨ ਮਸ਼ਹੂਰ ਹੈ ਪ੍ਰਸਿਧ ਚੀਨੀ ਇਤਹਾਸਕਾਰ ਫਾਈਆਨ ਅਤੇ ਜੈਨ ਇਤਿਹਾਸਕਾਰ ਮੁਨੀ ਕਲਿਆਨ ਵਿਚੋਂ ਅਨੁਸਾਰ ਇਹ ਨਗਰ ਤਕਸ਼ਿਲਾ ਦੇ ਕਰੀਬ ਸੀ।

ਇਸ ਉੱਚੇ ਨਗਰ ਦਾ ਵਰਨਣ 12-13 ਸ਼ਤਾਵਦੀ ਵਿੱਚ ਹੋਣ ਵਾਲੇ **ਵਿਵਿਧ ਤੀਰਥ ਕਲਪ ਗ੍ਰੰਥ** ਦੇ ਰਚਿਅਤਾ **ਕਲਿਕਾਲ ਸ਼ੱਰਵਗ ਚਮਤਕਾਰੀ** ਅਚਾਰੀਆ

---

[1] ਵੇਖੋ ਸ਼ਤਰੂੰਜੈ (ਪਾਲੀਤਾਨਾ) ਗੁਜਰਾਤ ਸ਼ਿਲਾਲੇਖ ਨੰ: 306, 584, 574, 567, 568, 576, 133, 41, 2, 3, 6 ਦੇਹਰੀ ਨੰ: 280, 54, 79, 69, 72, 79, 42, 360, 51, 156, 445।

ਸ੍ਰੀ ਜਿਨਪ੍ਰਭਤ ਸੂਰੀ ਨੇ ਬਹੁਤ ਸੁਚੱਜੇ ਢੰਗ ਨਾਲ ਕੀਤਾ ਹੈ। ਉਨ੍ਹਾਂ ਇਸ ਨਗਰ ਨੂੰ ਜੈਨ ਧਰਮ ਦਾ ਤੀਰਥ ਅਸਥਾਨ ਮੰਨਿਆ ਹੈ।

ਵਿਕਰਮ 1280 ਵਿੱਚ ਅਚਾਰਿਆ ਜਿਨ ਚੰਦਰ ਸੂਰੀ ਨੇ ਇਥੇ ਅਨੇਕਾਂ ਲੋਕਾਂ ਨੂੰ ਜੈਨ ਧਰਮ ਵਿੱਚ ਸ਼ਾਮਲ ਕੀਤਾ। ਵਿਕਰਮ 1282 ਵਿੱਚ ਅਚਾਰਿਆ ਸਿੱਧ ਸੂਰੀ ਨੇ ਇਥੇ ਧਰਮ ਪ੍ਰਚਾਰ ਕੀਤਾ। ਵਿਕਰਮ 1667 ਵਿੱਚ ਸਮੇਂ ਸੁੰਦਰ ਜੀ ਮਹਾਰਾਜ ਨੇ ਸ਼੍ਰਾਵਕ ਅਰਾਧਨਾ ਨਾਮਕ ਗ੍ਰੰਥ ਦੀ ਇਥੇ ਰਚਨਾ ਕੀਤੀ।

ਵਿ. 13ਵੀਂ ਸ਼ਤਾਵਦੀ ਵਿੱਚ ਇਸ ਨਗਰ ਵਿੱਚ ਰਾਜਸਥਾਨ ਤੋਂ ਕਈ ਓਸਵਾਲ ਪਰਿਵਾਰ ਆਏ। ਉਸ ਸਮੇਂ ਵਿੱਚ ਇਥੇ 100 ਘਰ ਸਨ। ਇੱਕ ਵਾਰ ਇਸ ਸ਼ਹਿਰ ਵਿਚ ਮਹਾਮਾਰੀ ਫੈਲ ਗਈ ਤਕਸ਼ਿਲਾ ਤੋਂ ਇਹ ਸ਼ਹਿਰ 23 ਮੀਲ ਦੀ ਦੂਰੀ ਤੇ ਸੀ। ਤਕਸ਼ਿਲਾ ਵਿੱਚ ਵੀ ਇਹ ਬੀਮਾਰੀ ਫੈਲ ਗਈ।

ਉਸ ਸਮੇਂ ਅਚਾਰਿਆ ਮਾਨਦੇਵ ਸੂਰੀ ਨੇ ਲਘੂ ਸ਼ਾਂਤੀ ਸਤੋਤਰ ਨਾਂ ਦੇ ਮੰਤਰ ਦੀ ਰਚਨਾ ਕਰਕੇ, ਲੋਕਾਂ ਨੂੰ ਰੋਗ ਮੁਕਤ ਕਰ ਦਿੱਤਾ। ਇਥੇ ਅਸੀਂ ਸਿਕੰਦਰ ਦੀ ਜੈਨ ਮੁਨੀ ਕਲਿਆਨ ਨਾਲ ਭੇਂਟ ਨੂੰ ਨਹੀਂ ਭੁਲਾ ਸਕਦੇ। ਜੋ ਸਿਕੰਦਰ ਨਾਲ ਹੀ ਯੂਨਾਨ ਚਲਾ ਗਿਆ ਸੀ। ਯੂਨਾਨੀ ਇਸਨੂੰ ਕਾਲਨਸ਼ ਲਿਖਦੇ ਹਨ। ਇਸਦੀ ਸਮਾਧੀ ਏਥਨਜ਼ ਵਿਚ ਸੀ। ਇਹ ਮੁਨੀ ਪੰਜਾਬੀ ਸੀ ਅਤੇ ਜਿਨਕਲਪੀ (ਨਗਨ ਮੁਨੀ) ਸੀ। ਸਿਕੰਦਰ ਇਸ ਦੀ ਸਿਖਿਆ ਤੋਂ ਬੇਹਦ ਪ੍ਰਭਾਵਿਤ ਹੋਇਆ ਸੀ।

# ਪੁਰਾਤਨ ਪਟਾਵਲੀਆਂ ਅਤੇ ਪੰਜਾਬ

ਪਟਾਵਲੀ ਤੋਂ ਭਾਵ ਹੈ ਕੁਰਸੀਨਾਮਾ। ਸ਼ਵੇਤਾਂਵਰ ਜੈਨ ਇਹ ਗਿਣਤੀ ਭਗਵਾਨ ਮਹਾਵੀਰ ਦੇ ਪ੍ਰਮੁੱਖ ਚੇਲੇ ਗਣਧਰ ਗੌਤਮ ਤੋਂ ਸ਼ੁਰੂ ਕਰਦੇ ਹਨ ਜਦ ਕਿ ਦਿਗੰਵਰ ਜੈਨ ਇਹ ਗਿਣਤੀ ਭਗਵਾਨ ਮਹਾਵੀਰ ਤੋਂ ਸ਼ੁਰੂ ਕਰਦੇ ਹਨ। ਪਟਾਵਲੀਆਂ ਪੁਰਾਣੇ ਜਮਾਨੇ ਤੋਂ ਹੀ ਜੈਨ ਇਤਿਹਾਸ ਦੇ ਨਾਲ-ਨਾਲ ਭਾਰਤੀ ਇਤਿਹਾਸ ਦੀ ਜਾਣਕਾਰੀ ਕਰਾਉਂਦੀਆਂ ਰਹੀਆਂ ਹਨ। ਅਜ ਹਰ ਜੈਨ ਫਿਰਕੇ ਦੇ ਸਾਧੂਆਂ ਦੀ ਅਪਣੀ-ਅਪਣੀ ਪਟਾਵਲੀ ਹੈ। ਖਰ ਉਹਨਾਂ ਸਭ ਦਾ ਸ਼ੁਰੂ ਭਗਵਾਨ ਮਹਾਵੀਰ ਜਾਂ ਉਹਨਾਂ ਦੇ ਪ੍ਰਮੁਖ ਚੇਲੇ (ਇੰਦਰਭੂਤੀ) ਗਣਧਰ ਗੌਤਮ ਹੀ ਹਨ। ਇਨ੍ਹਾਂ ਪਟਾਵਲੀਆਂ ਦੇ ਲਿਖਣ ਦਾ ਨਾ ਇਕ ਸਮਾਂ ਹੈ, ਨਾ ਇਕ ਵਿਅਕਤੀ ਹੈ ਤੇ ਨਾ ਇਕ ਭਾਸ਼ਾ। ਪਰ ਸ਼ਵੇਤਾਂਵਰ ਜੈਨਾਂ ਵਿਚ ਨੰਦੀ ਸੂਤਰ ਦੀ ਪਟਾਵਲੀ ਨੂੰ ਸਾਰੇ ਮੰਨਦੇ ਹਨ। ਜਿਸਦੇ ਲਿਖਣ ਦਾ ਸਮਾਂ ਮਹਾਵੀਰ ਨਿਰਵਾਨ ਸੰਮਤ 998 ਹੈ। ਇਹ ਪਟਾਵਲੀ ਦੇਵ ਵਾਚਕ ਗਣੀ ਦੀ ਹੈ ਜਿਸ ਵਿੱਚ ਹਰ ਪ੍ਰਮੁਖ ਅਚਾਰਿਆਂ ਦਾ ਜੀਵਨ, ਕਾਰਨਾਮੇ, ਸੰਮਤਾਂ ਸਮੇਤ ਹਨ। ਜੈਨ ਇਤਿਹਾਸ ਅਨੁਸਾਰ ਚੰਦਰਗੁਪਤ ਮੌਰਿਆ ਦੇ ਸਮੇਂ 12 ਸਾਲ ਦਾ ਅਕਾਲ ਪਿਆ, ਉਸ ਸਮੇਂ ਜੈਨ ਧਰਮ ਨੂੰ ਕਾਫ਼ੀ ਮੁਸੀਬਤਾਂ ਦਾ ਸਾਹਮਨਾ ਕਰਨਾ ਪਿਆ। ਜੈਨੀ ਆਪਣੀ ਜਨਮ ਭੂਮੀ ਬਿਹਾਰ ਨੂੰ ਛੱਡ ਕੇ ਗੁਜਰਾਤ, ਰਾਜਸਥਾਨ ਦੱਖਣੀ ਭਾਰਤ ਅਤੇ ਨੇਪਾਲ ਵਰਗੇ ਸਥਾਨਾਂ ਤੇ ਚਲੇ ਗਏ। ਇਹ ਸਮਾਂ ਜੈਨ ਧਰਮ ਦੀ ਪ੍ਰੀਖਿਆ ਦਾ ਸਮਾਂ ਸੀ। ਹਜ਼ਾਰਾਂ ਸਾਧੂ, ਸਾਧਵੀ ਭੁਖ ਕਾਰਨ ਮਰ ਗਏ। ਕਲਪਸੂਤਰ ਵਿਚ ਵੀ ਇਕ ਪੁਰਾਤਨ ਪਟਾਵਲੀ ਹੈ।

ਆਖਰੀ ਮੌਰੀਆ ਰਾਜਾ ਬਹਦਰਥ ਸਮੇਂ ਜੈਨੀਆਂ ਨੂੰ ਆਪਣੇ ਪਵਿਤਰ ਸਥਾਨ ਛੱਡਣੇ ਸ਼ੁਰੂ ਕਰ ਦਿਤੇ। ਇਨ੍ਹਾਂ ਸਮੇਂ ਜੈਨ ਸ਼ਾਸਤਰਾਂ ਦੀਆਂ ਦੋ ਵਾਚਨਾ ਗੁਜਰਾਤ ਵਿਖੇ ਹੋਈਆਂ, ਰਾਜਸਥਾਨ, ਗੁਜਰਾਤ ਵਿੱਚ ਰਹਿਣ ਵਾਲੇ ਸ਼ਵੇਤਾਂਵਰ ਜੈਨ ਸਨ। ਦੱਖਣ ਭਾਰਤ ਵਿੱਚ ਦਿਗੰਵਰ ਫਿਰਕਾ ਫੈਲ ਗਿਆ।

## ਕਾਲਕਾ ਅਚਾਰਿਆ ਦੀ ਕਥਾ (ਸਮਾਂ ੨ ਸਦੀ ਈ. ਪੂ)

ਉਸਤੋਂ ਵਾਅਦ ਅਸੀਂ ਕਾਲਕਾ ਅਚਾਰਿਆ ਦੀ ਕਥਾ ਵੱਲ ਆਉਂਦੇ ਹਾਂ। ਹਰ ਪਟਾਵਲੀ ਵਿਚ ਇਸ ਕਥਾ ਦਾ ਜਿਕਰ ਬੜੇ ਮਾਨ ਨਾਲ ਆਇਆ ਹੈ। ਇਹ ਅਚਾਰਿਆ ਖੱਤਰੀ ਰਾਜਕੁਮਾਰ ਸਨ। ਇਨ੍ਹਾਂ ਨੇ ਆਪਣੀ ਭੈਣ ਸੁਰਸਵਤੀ ਨਾਲ ਦੀਖਿਆ ਲਈ ਸੀ।

ਉਸ ਸਮੇਂ ਉਜੈਨੀ ਵਿਖੇ ਗਰਧਭਿੱਲ ਨਾਂ ਦਾ ਰਾਜਾ ਸੀ। ਇਹ ਰਾਜਾ ਬਹੁਤ ਚਾਰਿਤਰ ਹੀਣ ਸੀ। ਇਸ ਨੇ ਸਾਧਵੀ ਸਰਸਵਤੀ ਦਾ ਅਪਹਰਨ ਕਰ ਲਿਆ। ਅਚਾਰਿਆ ਅਤੇ ਜੈਨ ਸੰਘ ਦੇ ਲੱਖ ਸਮਝਾਉਣ ਤੇ ਵੀ ਇਹ ਅੜਿਆ ਰਿਹਾ। ਸਾਰੇ ਹੀਲੇ ਖਤਮ ਹੋਣ ਤੇ ਮਜਬੂਰ ਹੋ ਕੇ ਕਾਲਕਾ ਅਚਾਰਿਆ ਆਪਣੇ ਕਾਫੀ ਭਗਤਾਂ ਨਾਲ ਪੰਜਾਬ ਦੇ ਸਿੰਧ ਦਰਿਆ ਵਾਲੇ ਇਲਾਕੇ ਵੱਲ ਆਏ। ਇਨ੍ਹਾਂ ਦੇ ਕਾਫੀ ਭਗਤ ਇਥੇ ਵਸ ਗਏ ਇਨ੍ਹਾਂ ਦੇ ਗੱਛ ਦਾ ਨਾਂ ਭਾਵੜ ਗੱਛ ਸੀ।[1] ਪੰਜਾਬ ਵਿੱਚ ਹੁਣ ਵੀ ਲੱਖਾਂ ਦੀ ਗਿਣਤੀ ਵਿਚ ਭਾਵੜੇ ਮੌਜੂਦ ਹਨ। ਅਚਾਰਿਆ ਜੀ ਭੇਸ ਵਟਾਕੇ ਈਰਾਨ ਗਏ। ਉਥੋਂ ਦੇ ਸ਼ਕ ਰਾਜਿਆਂ ਨੂੰ ਆਪਣੇ ਗਿਆਨ ਅਤੇ ਤਪ ਦੇ ਬਲ ਨਾਲ ਪ੍ਰਭਾਵਿਤ ਕੀਤਾ। ਉਸ ਸਮੇਂ ਕਿਸੇ ਭਾਰਤੀ ਰਾਜੇ ਨੇ ਜੈਨ ਧਰਮ ਦੀ ਮਦਦ ਨਾ ਕੀਤੀ। ਅਚਾਰਿਆ ਜੀ ਇਨਾਂ 52 ਸੱਕ ਪ੍ਰਮੁੱਖਾਂ ਦੀ ਫੌਜ ਨਾਲ ਸਿੰਧ ਦਰਿਆ ਪਾਰ ਕਰਕੇ ਉਜੈਨੀ ਪਹੁੰਚੇ। ਘਮਸਾਨ ਦੀ ਲੜਾਈ ਹੋਈ। ਜਿੱਤ ਅਚਾਰਿਆ ਜੀ ਦੀ ਹੋਈ। ਸਾਧਵੀ ਸਰਸਵਤੀ ਨੂੰ ਮੁਕਤੀ ਮਿਲੀ। ਗਰਧਭਿਲ ਨੂੰ ਕੈਦ ਕਰ ਲਿਆ ਗਿਆ।

ਅਚਾਰਿਆ ਜੀ ਨੇ ਅਪਣਾ ਫੌਜੀ ਭੇਸ ਤਿਆਗ ਕੇ ਸਾਧੂ ਜੀਵਨ ਮੁੜ ਗ੍ਰਹਿਣ ਕੀਤਾ, ਗਰਧਭਿਲ ਨੂੰ ਉਨ੍ਹਾਂ ਮੁਆਫ ਕਰ ਦਿਤਾ। ਉਨ੍ਹਾਂ ਉਜੈਨ ਦੀ ਗੱਦੀ ਤੇ ਅਪਣੇ ਭਾਣਜੇ ਵਿਕਰਮਦਿੱਤ ਨੂੰ ਬਿਠਾਇਆ। ਜਿਸਤੋਂ ਵਿਕਰਮ ਸੰਮਤ ਚੱਲਿਆ।

ਜੈਨ ਧਰਮ ਵਿਚ ਕਾਲਕਾ ਅਚਾਰਿਆ ਦੀ ਇਹ ਕਥਾ ਹਮੇਸ਼ਾ ਸੋਨੇ ਦੇ ਪਾਣੀ ਨਾਲ ਚਿੱਤਰਾਂ ਸਮੇਤ ਲਿਖੀ ਗਈ ਹੈ। ਅੱਜ ਭਾਵੜਿਆਂ ਵਿਚ ਕਈ ਹੋਰ ਜੈਨ ਜਾਤੀਆਂ ਓਸਵਾਲ, ਸ਼੍ਰੀ ਮਾਲ ਅਤੇ ਖੰਡੇਲਵਾਲ ਸ਼ਾਮਲ ਹਨ। ਪਰ ਪਹਿਲਾਂ ਭਾਵੜੇ ਦਾ ਅਰਥ ਜੈਨ ਹੀ ਸੀ।

---

(ੳ) (१) सं. १५०३ वर्षे मार्ग वदि २ शनौ श्री भावड़ार गच्छे श्री कलिकाचार्य संताने श्री माल सा० हमीर दे पुत्र आका भार्या कोई पु० कर्मण धीरा-उधरण उरभय- छांछाँ स्व पुण्यार्थं श्री वासु (सु) पुज्य बिंब कारित श्री वीर सूरिभि: (प्राचीन लेख संग्रहन १९२)

(ਅ) (२) सं. १५३९ वर्षे आषाढ़ सुदि ६ भावडार गच्छे प्राग्वाट तीनावी गोत्रे म० माकड भा० धीरो पु० राघव, भा० पुरी, पु० धारणा भा० जेठी० पु० सहसकिरण मांगा भा० पुतलीमति पुण्यार्थं श्री सुमतिनाथ बिंब का प्र० कालिकाचार्य संताने श्री भावदेव सुरिभि: (लेखन नं ५९३ प्राचीन लेख संग्रह भाग १ सं विजयधर्म सूरि)

[ਅ] ਭਾਰਤ ਦਾ ਪੁਰਾਤਨ ਨਾਂ ਸਭ ਤੋਂ ਪਹਿਲਾਂ ਈਰਾਨੀਆਂ ਨੇ ਹਿੰਦੂ ਦੇਸ਼ ਆਖਿਆ ਹੈ। ਨਸ਼ਿਥ ਚੂਰਣੀ ਭਾਗ 3 ਪੰਨਾ 59 ਵਿਚ ਅਚਾਰਿਆ ਕਾਲਕਾ ਇਸ ਪ੍ਰਕਾਰ ਆਖਦੇ ਹਨ एहि हिन्दुग देसं बच्चाओ।

## ਅਗਰਵਾਲ ਜੈਨ

ਦਿਗੰਵਰ ਪਟਾਵਲੀਆਂ ਅਨੁਸਾਰ ਭਗਵਾਨ ਮਹਾਵੀਰ ਦੇ 9 ਪਾਠ ਤੇ ਬੈਠੇ ਲੋਹਿਤ ਅਚਾਰਿਆ ਨੇ ਅਗਰੋਹਾ ਜਾਂ ਆਗਰਾ ਵਿਖੇ ਲੱਖਾਂ ਅਗਰਵਾਲਾਂ ਨੂੰ ਜੈਨ ਬਣਾਇਆ। ਹੁਣ ਵੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਲੱਖਾਂ ਅਗਰਵਾਲ ਜੈਨ ਹਨ। ਇਨ੍ਹਾਂ ਨੇ ਸ਼ਵੇਤਾਂਵਰ ਅਤੇ ਦਿਗੰਵਰ ਦੋਵੇਂ ਫਿਰਕੇ ਅਪਣਾ ਰਖੇ ਹਨ। ਪਰ ਦਿਗੰਵਰ ਜੈਨ ਵਿਚ ਅਗਰਵਾਲਾਂ ਦੀ ਗਿਣਤੀ ਜਿਆਦਾ ਹੈ।

ਜਿਵੇਂ ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਅਗਰਵਾਲ ਜਾਤੀ ਦਾ ਜਨਮ ਸਥਾਨ ਪੰਜਾਬ ਦੇ ਹਿਸਾਰ ਜਿਲੇ ਦਾ ਅਗਰੋਹਾ ਪਿੰਡ ਹੈ। ਇਸ ਲਈ ਜਾਤੀ ਦੀ ਉਤਪਤੀ ਦਾ ਵਰਨਣ ਮਹਾਭਾਰਤ ਵਿੱਚ ਹੈ। ਇਸ ਜ਼ਾਤੀ ਦੇ ਪ੍ਰਮੁੱਖ ਰਾਜਾ ਅਗਰਸੈਨ ਸਨ ਜਿਨਾਂ ਹਿੰਸਕਯੱਗ ਕਰਣ ਤੋਂ ਇਨਕਾਰ ਕਰ ਦਿਤਾ ਸੀ। ਜਾਪਦਾ ਹੈ ਇਹ ਰਾਜਾ ਜਰੂਰ ਭਗਵਾਨ ਨੇਮੀਨਾਥ ਦੀ ਅਹਿੰਸਕ ਪ੍ਰੰਪਰਾ ਤੋਂ ਪ੍ਰਭਾਵਿਤ ਹੋਵੇਗਾ। ਅਗਰਵਾਲਾਂ ਦੇ 17½ ਗੋਤਰ ਹਨ। ਇਹ ਜਾਤੀ ਪੰਜਾਬ ਦੀ ਪ੍ਰਮੁਖ ਵਿਉਪਾਰੀ ਜ਼ਾਤੀ ਹੈ ਇਸ ਜਾਤੀ ਵਿੱਚ ਮਾਸ, ਸ਼ਰਾਬ ਅਤੇ ਲੜਾਈ ਝਗੜੇ ਲਈ ਕੋਈ ਜਗ੍ਹਾ ਨਹੀਂ। ਇਸਤੋਂ ਪਤਾ ਚਲਦਾ ਹੈ ਕਿ ਅਗਰਵਾਲ ਜਾਤੀ ਨੇ ਮਹਾਵੀਰ ਨਿਰਵਾਨ ਦੇ 300 ਸੰਮਤ ਦੇ ਕਰੀਬ ਜੈਨ ਧਰਮ ਗ੍ਰਹਿਣ ਕਰ ਲਿਆ ਸੀ।

## ਪੂਜ (ਯਤੀ) ਪ੍ਰੰਪਰਾ

ਇਨ੍ਹਾਂ ਪਟਾਵਲੀਆਂ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ 12 ਸਦੀ ਤੱਕ ਕਈ ਪ੍ਰਮੁੱਖ ਅਚਾਰਿਆ ਜੈਨ ਧਰਮ ਦਾ ਪ੍ਰਚਾਰ ਕਰਦੇ ਰਹੇ। ਵਿਕਰਮ ਦੀ 8-9 ਸਦੀ ਵਿਚ ਯਤੀ ਪ੍ਰੰਪਰਾ ਵੀ ਚਾਲੂ ਹੋ ਚੁੱਕੀ ਸੀ ਜਿਸਨੂੰ ਪੰਜਾਬ ਵਿਚ ਪੂਜ ਆਖਦੇ ਹਨ। ਇਸ ਪ੍ਰੰਪਰਾ ਦੇ ਸਾਧੂ ਮਠਧਾਰੀ ਹੁੰਦੇ ਹਨ। ਜੰਤਰ, ਮੰਤਰ, ਜੋਤਿਸ਼ ਦਵਾਈਆਂ ਵਿਦਿਆ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਰਹੇ। ਅੱਜ ਵੀ ਪੰਜਾਬ ਦੇ ਹਰ ਸ਼ਹਿਰ ਵਿੱਚ ਪੂਜਾਂ ਦੇ ਡੇਰੇ ਮੌਜੂਦ ਹਨ। ਇਹ ਯਤੀ ਸਾਧੂ ਦਾ ਭੇਸ਼ ਧਾਰਨ ਕਰਦੇ ਹਨ। ਬ੍ਰਹਮਚਰਜ ਵਰਤ ਦਾ ਪਾਲਨ ਕਰਦੇ ਹਨ। ਇਨ੍ਹਾਂ ਯਤੀਆਂ ਦੀ ਜੈਨ ਸਮਾਜ ਨੂੰ ਬਹੁਤ ਦੇਣ ਹੈ। ਇਹਨਾਂ ਦੀ ਕ੍ਰਿਪਾ ਸਦਕਾ ਜੈਨ ਧਰਮ ਸਮਪਰਤਿ ਰਾਜੇ ਤੋਂ ਬਾਅਦ ਵੀ ਫਲਦਾ-ਫੂਲਦਾ ਰਿਹਾ। ਯਤੀਆਂ ਨੇ ਆਪਣੀ ਵਿਦਿਆ ਸਦਕਾ ਅਨੇਕਾਂ ਹਿੰਦੂ ਅਤੇ ਮੁਸਲਮਾਨ ਰਾਜਿਆਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਆਪਣੇ ਡੇਰਿਆਂ ਵਿੱਚ ਪੁਰਾਤਨ ਜੈਨ ਕਲਾ ਅਤੇ ਗ੍ਰੰਥਾਂ ਦੀ ਸੰਭਾਲ ਜਾਰੀ ਰਖੀ। ਯਤੀ ਲੋਕ ਸਮਾਜ ਦੇ ਦੁਖ-ਸੁਖ ਵਿੱਚ ਸਹਾਈ ਹੁੰਦੇ ਸਨ। ਜਦ ਕਿ ਤਿਆਗੀ ਜੈਨ ਮੁਨੀ ਆਤਮ ਕਲਿਆਣ ਵਿੱਚ ਲਗੇ ਰਹਿੰਦੇ ਸਨ। ਇਨ੍ਹਾਂ ਯਤੀਆਂ ਨੇ ਅਨੇਕਾਂ ਮੰਦਰ ਅਤੇ ਗ੍ਰੰਥ ਭੰਡਾਰ ਸਥਾਪਿਤ ਕੀਤੇ ਜੋ ਕਿ ਦੇਸ਼ ਦੇ ਭਿੰਨ-ਭਿੰਨ ਭਾਗਾਂ

ਵਿਚ ਹੁਣ ਵੀ ਮਿਲਦੇ ਹਨ।

## ਪੁਰਾਤਨ ਪੰਜਾਬ ਵਿੱਚ ਯਤੀਆਂ ਦੇ ਪ੍ਰਮੁਖ ਸਥਾਨ

ਪੁਰਾਤਨ ਜੈਨ ਯਤੀਆਂ ਦੇ ਪ੍ਰਮੁੱਖ ਗੱਛਾਂ ਵਿੱਚ ਬੜਗਛ, ਖਰਤਰਗਛ, ਤੱਪਾਗੱਛ ਅਤੇ ਲੌਂਕਾ ਗੱਛ ਦੀਆਂ ਗੱਦੀਆਂ ਹਨ। ਅਮ੍ਰਿਤਸਰ, ਪੱਟੀ, ਸੰਡੋਰਾ, ਲਾਹੌਰ, ਅੰਬਾਲਾ, ਮੁਲਤਾਨ, ਖਰੜ, ਲਰਕਾਨਾ, ਸੁਨਾਮ, ਜਗਰਾਵਾਂ, ਰਾਏਕੋਟ, ਬਲਾਚੌਰ, ਜੰਡਿਆਲਾ ਗੁਰੂ, ਕਸੂਰ, ਫਗਵਾੜਾ, ਰਾਮਪੁਰ, ਗੁਜਰਾਂਵਾਲਾ, ਥਾਨੇਸਰ, ਕਰਨਾਲ, ਸਹਾਰਨਪੁਰ, ਮਲੇਰਕੋਟਲਾ, ਲੁਧਿਆਣਾ, ਪਟਿਆਲਾ, ਸਿਰਸਾ, ਰਾਹੋਂ, ਸਮਾਨਾ, ਫਰੀਦਕੋਟ, ਰੋਪੜ, ਮੁਲਤਾਨ, ਹਨੂਮਾਨਗੜ੍ਹ, ।

## ਕੁਝ ਪ੍ਰਮੁਖ ਲਿਪਿਕਰਤਾ ਯਤੀ

(1) ਲਾਲ ਜੀ ਰਿਸ਼ੀ, (2) ਨਾਗਰ ਰਿਸ਼ੀ, (3) ਦਾਨ ਰਿਸ਼ੀ, (4) ਯਤੀ ਦਯਾ ਹੇਮ, (5) ਕੁਲਾਰਿਸ਼ੀ, (6) ਮਾਣਕ ਰਿਸ਼ੀ, (7) ਰਾਧਾ ਰਿਸ਼ੀ, (9) ਗੁਰਦਾਸ ਰਿਸ਼ੀ, (9) ਮਾਨਕਾ ਰਿਸ਼ੀ, (10) ਨਾਨਕ ਰਿਸ਼ੀ, (11) ਖਿਲੂਰਿਸੀ, (12) ਧਰਮਦਾਸ ਰਿਸ਼ੀ, (13) ਉੱਤਮ ਰਿਸੀ, (14) ਬੀਰੂ ਰਿਸ਼ੀ, (15) ਰਿਸ਼ੀ ਮੋਤੀ ਚੰਦ, (16) ਮਲਾਰਿਸ਼ੀ, (17) ਸ਼ਿਵ ਦਾਸ ਰਿਸ਼ੀ, (18) ਯਤੀ ਰੂਪ ਦੇਵ। (19) ਭਗੌਤੀ ਦਾਸ, (20) ਰਾਧਾ ਕ੍ਰਿਸ਼ਨ, (21) ਸੁਜਾਨ ਰਿਸ਼ੀ, (22) ਸ਼ੰਭੂ ਰਿਸ਼ੀ, (23) ਭਗਤ ਰਿਸ਼ੀ, (24) ਦੁਰਗਾ ਦਾਸ, (25) ਬਸਤਾ ਰਿਸ਼ੀ, (26) ਸ੍ਰੀ ਰਿਸ਼ੀ, (27) ਘਨੇਰਿਆ ਰਿਸ਼ੀ, (28) ਲਾਲਜੀ ਰਿਸੀ।

ਸਿੰਧ ਅਤੇ ਪੰਜਾਬ ਦੇ ਮੁੱਖ ਇਲਾਕਿਆਂ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਅਸੀਂ ਕੁਝ ਪ੍ਰਸਿਧ ਅਚਾਰਿਆਂ ਦਾ ਜਿਕਰ ਕਰਾਂਗੇ। ਇਨ੍ਹਾਂ ਦਾ ਜਿਕਰ ਮੁਨੀ ਗਿਆਨ ਸੁੰਦਰ ਜੀ ਨੇ ਪਾਰਸ਼ਵਨਾਥ ਦੀ ਪ੍ਰੰਪਰਾ ਨਾਂ ਦੇ ਗ੍ਰੰਥ ਵਿੱਚ ਕੀਤਾ ਹੈ ਇਹ ਸਾਰੇ ਅਚਾਰੀਆ 23ਵੇਂ ਤੀਰਥੰਕਰ ਭਗਵਾਨ ਪਾਰਸ਼ਵਨਾਥ ਦੀ ਪ੍ਰੰਪਰਾ ਦੇ ਸਨ।

# ਪੰਜਾਬ ਸਿੰਧ ਵਿਚ ਧਰਮ ਪਰਚਾਰ ਕਰਨ ਵਾਲੇ ਅਚਾਰਿਆਂ ਦੇ ਨਾਂ

| ਨਾਂ | ਵਿਕਰਮ ਸੰਬਤ ਤੋਂ ਪਹਿਲਾਂ | ਪ੍ਰਚਾਰ ਦੇ ਮੁਖ ਕੇਂਦਰ |
|---|---|---|
| ਸ਼੍ਰੀ ਯਕਸ਼ ਦੇਵ ਸੂਰੀ | 400 | ਸ਼ਿਵ ਨਗਰ |
| ਸ਼੍ਰੀ ਕੱਕ ਸੂਰੀ | 213 | ਸ਼ਿਵ ਨਗਰ, ਲਾਹੌਰ, ਮਰਕੋਟ |
| ਸ੍ਰੀ ਰਤਨ ਪ੍ਰਭ ਸੂਰੀ ਦੂਸਰਾ | 212 | ਸਿਆਲਕੋਟ, ਤਕਸ਼ਿਲਾ, ਮਾਲੀਪੁਰ |
| ਸ੍ਰੀ ਰਤਨ ਪ੍ਰਭ ਸੂਰੀ 3 | 115 | |
| ਸ਼੍ਰੀ ਯਕਸ਼ ਦੇਵ ਸੂਰੀ 3 | 150 | ਉਚਾਨਗਰ |
| ਸ਼੍ਰੀ ਕੱਕ ਸੂਰੀ 3 | ਵਿ.ਸੰ. 157 ਤੋਂ 174 | ਲਾਹੌਰ, ਤਕਸ਼ਿਲਾ |
| ਸ਼੍ਰੀ ਸਿੱਧ ਸੂਰੀ 3 | 177 ਤੋਂ 199 | ਪੱਮਾ ਨਗਰ, ਮਰੋਟ, ਤਕਸ਼ਿਲਾ |
| ਸ਼੍ਰੀ ਰਤਨ ਪ੍ਰਭ ਸੂਰੀ 4 | 199 ਤੋਂ 1268 | ਸਿੰਘਪੁਰ, ਵੀਰਪੁਰ, ਤਕਸ਼ਿਲਾ, ਸਿਆਲਕੋਟ, ਲਾਹੌਰ, ਬਡਿਆਰ, |
| ਸ੍ਰੀ ਕੱਕ ਸੂਰੀ | 232 ਤੋਂ 260 | ਤਕਸ਼ਿਲਾ, ਲਾਹੌਰ, ਸਿਆਲਕੋਟ |
| ਸ੍ਰੀ ਯਕਸ਼ਦੇਵ ਸੂਰੀ 5 | 310 ਤੋਂ 336 | ਵੀਰਪੁਰ,ਲਾਹੌਰ,ਸਿਆਲਕੋਟ,ਤਕਸ਼ਿਲਾ |
| ਸ਼੍ਰੀ ਕੱਕ ਸੂਰੀ 5 | 336 ਤੋਂ 357 | ਵੀਰਪੁਰ, ਲਾਹੌਰ, ਤਕਸ਼ਿਲਾ |
| ਸ਼੍ਰੀ ਸਿੱਧ ਸੂਰੀ 5 | 370 ਤੋਂ 400 | ਵੀਰਪੁਰ, ਮਰੋਟ, ਨਰੋਟ |
| ਸ਼੍ਰੀ ਰਤਨ ਪ੍ਰਭ ਸੂਰੀ | 400 ਤੋਂ 420 | ਡਮਰੇਲ ਨਗਰ (ਸਿੰਧ) ਮਰੋਟ |
| ਸ਼੍ਰੀ ਯਕਸ਼ਦੇਵ 6 | 424 ਤੋਂ 400 | ਡਮਰੇਲ ਨਗਰ, ਸਰੋਟਨ |
| ਸ਼੍ਰੀ ਕੱਕ ਦੇਵ 6 | 440 ਤੋਂ 480 | ਵੀਰਪੁਰ, ਨਰਾਇਣਪੁਰ |
| ਸ਼੍ਰੀ ਦੇਵਗੁਪਤ ਸੂਰੀ 6 | 480 ਤੋਂ 420 | ਵੀਰਪੁਰ, ਮਰੂਕੋਟ |
| ਸ੍ਰੀ ਸਿੱਧ ਸੂਰੀ 6 | 520 ਤੋਂ 558 | ਲਾਹੌਰ, ਡਮਰੇਲ, ਸਾਲੀਪੁਰ, ਵੀਰ-ਪੁਰ |
| ਸ਼੍ਰੀ ਕੱਕ ਸੂਰੀ 7 | 558 ਤੋਂ 561 | ਵੀਰਪੁਰ, ਡਮਰੇਲ, ਸਿਆਲਕੋਟ |
| ਸ਼੍ਰੀ ਦੇਵ ਗੁਪਤ 7 | 601 ਤੋਂ 631 | ਡਮਰੇਲ, ਸਿਆਲਕੋਟ, ਵੀਰਪੁਰ |
| ਸ਼੍ਰੀ ਸਿਧ ਸੂਰੀ 7 | 631 ਤੋਂ 661 | ਵੀਰਪੁਰ, ਲਾਹੌਰ |
| ਸ਼੍ਰੀ ਦੇਵ ਗੁਪਤ 8 | 680 ਤੋਂ 724 | ਗੋਮਲਪੁਰ |
| ਸਿੱਧ ਸੂਰੀ 8 | 724 ਤੋਂ 778 | ਸਿਆਲਕੋਟ, ਲਾਹੌਰ, ਡਮਰੇਲ ਵੀਰਪੁਰ, ਸ਼ਿਵਨਗਰ, ਉਚਾਨਗਰ |

# ਭਗਵਾਨ ਮਹਾਵੀਰ ਦੀ ਪ੍ਰੰਪਰਾ

| | | |
|---|---|---|
| ਸ੍ਰੀ ਕੱਕ ਸੂਰੀ | ਵਿ. ਸੰ. 778 ਤੋਂ 837 | ਗੋਸਲਪੁਰ, ਹਸਤਨਾਪੁਰ, ਕਾਂਗੜਾ ਨਗਰਕੋਟ, ਸਿਵਪੁਰ |
| ਸ੍ਰੀ ਵਾਦੀ ਦੇਵ | | ਕਸਮੀਰ |
| ਸ੍ਰੀ ਦੇਵ ਗੁਪਤ | 837 ਤੋਂ 892 | ਵੀਰਪੁਰ, ਡਮਰੇਲ |
| ਸ੍ਰੀ ਸਿਧ ਸੂਰੀ 9 | 892 ਤੋਂ 952 | ਵੀਰਪੁਰ |
| ਸ੍ਰੀ ਕੱਕ ਸੂਰੀ 10 | 952 ਤੋਂ 1011 | ਵੀਰਪੁਰ, ਡਮਰੇਲ |
| ਸ੍ਰੀ ਦੇਵਗੁਪਤ 10 | 1011 ਤੋਂ 1033 | ਵੀਰਪੁਰ, ਡਮਰੈਲ |
| ਸ੍ਰੀ ਸਿੱਧਸੂਰੀ 10 | 1033 ਤੋਂ 1014 | ਵੀਰਪੁਰ |
| ਸ੍ਰੀ ਕੱਕ ਸੂਰੀ 10 | 1033 ਤੋਂ 1074 | ਵੀਰਪੁਰ, ਡਮਰੈਲਪੁਰ |
| ਸ੍ਰੀ ਦੇਵ ਗੁਪਤ | 1108 ਤੋਂ 1229 | ਵੀਰਪੁਰ, ਸ਼ਿਵਪੁਰ, ਕੁਟੈਲ, ਮਰੋਟ |
| ਸ੍ਰੀ ਜਿਨ ਬਲਭ ਸੂਰੀ | 1229 ਤੋਂ 1130 | ਮਰੋਟ |
| ਸ੍ਰੀ ਪਦਮਪ੍ਰਭਵ | 1229 ਤੋਂ 1230 | ਸਿੰਧ, ਪੰਜਾਬ |
| ਸ੍ਰੀ ਸਿਧਸੂਰੀ 11 | 1228 ਤੋਂ 1174 | ਡਮਰੇਲ, ਰਣੂਕੋਟ—ਤਕਮਿਲਣ |
| ਸ੍ਰੀ ਜਿਨ ਚੰਦਰ ਸੂਰੀ | 1274 ਤੋਂ 1278 | ਸਿੰਧ ਪ੍ਰਦੇਸ਼,ਸਿਆਲਕੋਟ,ਉਚਾ ਨਗਰ |
| ਸ੍ਰੀ ਜਿਨ ਪ੍ਰਤਿ ਸੂਰੀ | 1277 ਤੋਂ 1278 | ਮਰੂਕੋਟ |
| ਸ੍ਰੀ ਸਿਧ ਸੂਰੀ | 1282 | ਉਚਾਨਗਰ |
| ਸ੍ਰੀ ਕੱਕ ਸੂਰੀ | 1293 | ਮਰੋਟ |
| ਸ੍ਰੀ ਦੇਵ ਗੁਪਤ ਸੂਰੀ 12 | 1317 | ਸਿੰਧ, ਰੇਣੂਕੋਟ |
| ਸ੍ਰੀ ਮੁਨੀ ਸੇਖਰ ਸੂਰੀ | 1400 | ਉਚਾ ਨਗਰ |
| ਸ੍ਰੀ ਜੈ ਕਲਸ ਬੜਗਛ ਉਪਾਧਿਆ | 1345 | ਸਿੰਧ, ਪੰਜਾਬ |
| ਸ੍ਰੀ ਜਿਨਦਤ ਸੂਰੀ | 1295 | ਸਿੰਧ, ਮਰੋਟ, ਉਚਾਨਗਰ, ਮੁਲਤਾਨ |
| ਸ੍ਰੀ ਜਿਨਪਤਿ ਸੂਰੀ | 1295 | ਹਾਸੀ, ਹਿਸਾਰ |
| ਸ੍ਰੀ ਜਿਨਕਸ਼ਲ ਸੂਰੀ | 1384 | ਉਚਾਨਗਰ, ਦੇਰਾਵਰ, ਕਿਆਸਪੁਰ |
| ਸ੍ਰੀ ਜੈ ਸਾਗਰੋ ਉਪਾਧਿਆ | 1483 | ਬਹਰਾਨਪੁਰ, ਮਲਿਕਪੁਰ, ਸਿੰਧ, ਮੁਬਾਰਕਪੁਰ, ਮਰੋਟ, ਕਾਂਗੜਾ, ਮੁਲ-ਤਾਨ |
| ਸ੍ਰੀ ਜਿਨਚੰਦਰ ਸੂਰੀ | 1600 | ਬਿੰਧ |
| ਸ੍ਰੀ ਜਿਨ ਲਾਭ ਸੂਰੀ | 1600 | ਹਸਤਨਾਪੁਰ, ਪੰਜਾਬ, ਹਿਮਾਚਲ |
| ਸ੍ਰੀ ਭਾਵਦੇਵ ਸੂਰੀ | 1604 | ਪੰਜਾਬ |
| ਸ੍ਰੀ ਹੀਰਾ ਵਿਜੈ (ਤਪਾ ਗਛ) | 1639 | ਪੰਜਾਬ, ਦਿੱਲੀ, ਹਰਿਆਣਾ, ਹਸਤਨਾ-ਪੁਰ, ਕਸ਼ਮੀਰ |
| ਸ੍ਰੀ ਜਿਨ ਚੰਦਰ ਸੂਰੀ | 1649-1652 | ਲਾਹੌਰ, ਪੰਜਾਬ |
| ਸ੍ਰੀ ਸਮੇਂ ਸੁੰਦਰ ਸੂਰੀ | 1667 | ਪੰਜਾਬ, ਸਿੰਧ |

ਉਪਰੋਕਤ ਸੂਚੀ ਵਿੱਚ ਅਸੀਂ ਕੁਝ ਪ੍ਰਮੁੱਖ ਜੈਨ ਧਰਮ ਦਾ ਪੰਜਾਬ ਪ੍ਰਚਾਰ ਕਰਨ ਵਾਲੇ ਅਚਾਰਿਆਂ ਦੇ ਨਾਂ ਦਿੱਤੇ ਹਨ। ਜਿਨ੍ਹਾਂ ਨੇ ਹਜਾਰਾ ਦੀ ਗਿਣਤੀ ਵਿੱਚ ਲੋਕਾਂ ਨੂੰ ਜੈਨ ਧਰਮ ਵਿਚ ਦਾਖਲ ਕੀਤਾ। ਇਨ੍ਹਾਂ ਸਮੇਂ ਅਨੇਕਾਂ ਜੈਨ ਮੰਦਰ, ਮੂਰਤੀ, ਉਪਾਸਰੇ ਬਣੇ। ਇਸ ਸੂਚੀ ਨੂੰ ਵੇਖਕੇ ਪਾਠਕਾਂ ਨੂੰ ਭਰਮ ਵਿਚ ਨਹੀਂ ਆਉਂਣਾ ਚਾਹੀਦਾ। ਕਿਉਂਕਿ ਕਈ ਅਚਾਰਿਆਂ ਦੇ ਨਾਂ ਵਾਰ-ਵਾਰ ਆਏ ਜਾਪਦੇ ਹਨ। ਪਰ ਅਸਲ ਵਿਚ ਇਨ੍ਹਾਂ ਸਾਰੇ ਅਚਾਰਿਆਂ ਦੇ ਇਹ ਨਾਂ ਸਾਧੂ ਬਣਨ ਤੋਂ ਬਾਅਦ ਦੇ ਹਨ। ਗ੍ਰਹਿਸਥ ਅਵਸਥਾ ਵਿੱਚ ਇਨ੍ਹਾਂ ਦੇ ਨਾਂ ਮਾਤਾ-ਪਿਤਾ ਜਨਮ ਸਥਾਨ ਵਖਰੇ ਹਨ। ਇਹ ਨਾਂ ਤਾਂ ਪਦਵੀਆਂ ਹਨ। ਦੱਖਣ ਭਾਰਤ ਵਿੱਚ ਰਾਜੇ ਦੇ ਨਾਂ ਮਸਹੂਰ ਰਾਜੇ ਦੇ ਨਾਂ ਹੇਠ ਚਲਦੇ ਆ ਰਹੇ ਹਨ ਇਨ੍ਹਾਂ ਅਚਾਰਿਆਂ ਨੇ ਅਨੇਕਾਂ ਰਾਜੇ, ਰਾਜ ਕੁਮਾਰ, ਮੰਤਰੀਆਂ ਅਤੇ ਸਧਾਰਨ ਲੋਕਾਂ ਨੂੰ ਜੈਨ ਧਰਮ ਵਿੱਚ ਦੀਖੀਅਤ ਕੀਤਾ। ਕਈ ਵਾਰ ਇਨ੍ਹਾਂ ਤੀਰਥਾਂ ਦੀ ਯਾਤਰਾ ਕੀਤੀ। ਉਸ ਸਮੇਂ ਪੰਜਾਬ, ਹਿਮਾਚਲ ਵਿਚ ਜੈਨੀਆਂ ਦੇ ਕਈ ਮਸ਼ਹੂਰ ਤੀਰਥ ਸਥਾਨ ਸਨ। ਜਿਸਦਾ ਸਬੂਤ ਕਾਂਗੜੇ ਦਾ ਪੁਰਾਤਨ ਕਿਲਾ ਹੈ। ਜਿਥੇ ਹੁਣ ਵੀ ਭਗਵਾਨ ਰਿਸ਼ਵ ਦੇਵ ਜੀ ਦੀ ਮੂਰਤੀ ਵਿਰਾਜਮਾਨ ਹੈ।

ਇਨ੍ਹਾਂ ਸਮੇਂ ਵਿਚ ਹੋਰ ਵੀ ਕਈ ਮਸ਼ਹੂਰ ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਅਚਾਰਿਆ ਹੋਵੇ ਹਨ। ਜਿਨ੍ਹਾਂ ਦਾ [ਜਿਕਰ ਅਸੀਂ ਆਪਣੇ ਅਗਲੇ ਪਾਠਾਂ ਵਿੱਚ ਕਰਾਂਗੇ। ਇਥੇ ਇਹ ਦਸਣਾ ਬਹੁਤ ਜਰੂਰੀ ਹੈ ਕਿ ਪੰਜਾਬ ਵਿੱਚ ਸ਼ਵੇਤਾਂਵਰ ਸਮਾਜ ਦੀਆਂ 5 ਪ੍ਰੰਪਰਾਵਾਂ ਦੀਆਂ ਪਟਾਵਲੀਆਂ ਹਨ। (1) ਸ਼ਵੇਤਾਂਵਰ ਮੂਰਤੀ ਪੂਜਕ ਤਪਾਗੱਛ। (2) ਲੋਕਾਂ ਵਿਜੈ ਗਛ। (3) ਉਤਰਾਧ ਗੱਛ। (4) ਨਾਗੋਰੀ ਗੱਛ। (5) ਖਰਤਰ ਗੱਛ ਪੰਜਾਬ ਵਿਚ ਤਪਾ ਗੱਛ ਦੇ ਸਾਧੂ ਕਾਫੀ ਮਸ਼ਹੂਰ ਹਨ। ਵਿਜੈ ਗੱਛ, ਮੂਰਤੀ ਪੂਜਾ ਵਿੱਚ ਫੇਰ ਵਿਸਵਾਸ ਕਰਨ ਲਗ ਪਿਆ। ਅਖੀਰੋ ਦੋ ਗੱਛਾਂ ਦਾ ਸੰਬੰਧ ਸਵੇਤਾਂਵਰ ਜੈਨ ਸਥਾਨਕ ਵਾਸੀ ਪ੍ਰੰਪਰਾ ਨਾਲ ਹੈ। ਅਜਕਲ ਪੰਸਾਬੀ ਸ਼ਵੇਤਾਂਵਰ ਸਥਾਨਕ ਵਾਸੀ ਜੈਨ ਪ੍ਰੰਪਰਾ ਦੇ ਤਿੰਨ ਭਾਗ ਹਨ।

(1) ਪੂਜ ਅਮਰ ਸਿੰਘ ਜੀ ਦਾ ਫਿਰਕਾ। (2) ਅਚਾਰਿਆ ਗੰਗਾਰਾਮ ਜੀ ਮਹਾਰਾਜ। (3) ਅਚਾਰਿਆ ਰਤੀ ਰਾਮ ਜੀ।

ਪੰਜਾਬ ਦੀ ਜੈਨ ਸਥਾਨਕ ਵਾਸੀ ਪ੍ਰੰਪਰਾ ਦੀ ਪਟਾਵਲੀ ਭਗਵਾਨ ਮਹਾਵੀਰ ਨਾਲ ਜਾ ਮਿਲਦੀ ਹੈ। ਮੁਗਲ ਕਾਲ ਵਿੱਚ ਪੰਜਾਬ ਵਿੱਚ ਪੂਜ (ਯਤੀ) ਪ੍ਰੰਪਰਾ ਨੇ ਹੀ ਜੈਨ ਧਰਮ ਨੂੰ ਸੰਭਾਲ ਕੇ ਰੱਖਿਆ। ਤੇਰਾਪੰਥੀ ਤੇ ਦਿਗੰਵਰ ਜੈਨ ਸੰਪਰਦਾਏ ਦੀ ਕੋਈ ਪੁਰਾਤਨ ਪਟਾਵਲੀ ਵੇਖਣ ਵਿੱਚ ਨਹੀਂ ਆਈ। ਦਿਗੰਵਰ ਜੈਨ ਪੰਜਾਬ ਵਿੱਚ ਘੱਟ ਗਿਣਤੀ ਤੇ ਹਨ।

ਇਥੇ ਇਹ ਗਲ ਵੀ ਵਰਨਣ ਯੋਗ ਹੈ ਕਿ ਅਨੇਕਾਂ ਗੁਜਰਾਤੀ ਉਪਾਸਕਾਂ ਨੇ ਦਿੱਲੀ ਦੇ ਮੁਗਲ ਸਮਰਾਟਾਂ ਨਾਲ ਬਹੁਤ ਚੰਗੇ ਸੰਬਧ ਰੱਖੇ। ਉਦਾਹਰਣ ਵਜੋਂ 1312-1315

ਵਿੱਚ ਗੁਜਰਾਤੀ ਔਸਵਾਲਾਂ ਨੇ ਸਿੰਧ ਦੇ ਰਾਜੇ ਪਧੀਰ ਨੂੰ 8000 ਬੋਰੀ, ਦਿੱਲੀ ਦੇ ਬਾਦਸ਼ਾਹ ਨੂੰ 21000 ਬੋਰੀ ਅਨਾਜ, ਗੰਧਾਰ ਦੇ ਸ਼ਾਹ ਨੂੰ 12000 ਬੋਰੀ ਚਾਵਲ ਦਾਨ ਦਿੱਤਾ। ਇਸਤੋਂ ਛੁੱਟ ਆਮ ਜਨਤਾ ਨੂੰ 80000 ਬੋਰੀਆਂ ਚਾਵਲ ਦਾਨ ਕੀਤਾ।

ਵਿਕਰਮ ਸੰਮਤ 1670 ਨੂੰ ਸ਼ਾ. ਗੋਕਲ ਦੇ ਪੁੱਤਰ ਹੇਮਰਾਜ ਨੇ ਦਿੱਲੀ ਵਿੱਚ ਕੈਦ ਕੀਤੇ ਅਨੇਕਾਂ ਹਿੰਦੂਆਂ ਨੂੰ ਕਰੋੜਾਂ ਰੁਪੈ ਦੇ ਕੇ ਛੁਡਵਾਇਆ ਸੀ। ਸੰਬਤ 1320 ਪੇਥੜ ਸ਼ਾਹ ਨੇ 84 ਜੈਨ ਮੰਦਰ ਬਣਵਾਏ, ਇਨ੍ਹਾਂ ਵਿੱਚ ਜਲੰਧਰ (ਕਾਂਗੜਾ) ਪਾਸਨਗਰ (ਪੇਸਾਵਰ) ਹਸਤਨਾਪੁਰ, ਵੀਰਪੁਰ, ਦਿੱਲੀ, ਉਚਾਨਗਰ ਆਦਿ ਪੰਜਾਬ ਦੇ ਅਨੇਕਾਂ ਨਗਰ ਸ਼ਾਮਲ ਸਨ।

ਵਿਕਰਮ 1329 ਨੂੰ ਗੁਲਾਮ ਦੇਸ਼ ਦੇ ਗਿਆਸੂਦੀਨ ਦੇ ਰਤਨ ਪ੍ਰੀਖਿਆ ਕਰਨ ਵਾਲੇ ਠਕਰ ਫੇਰੂ ਪੰਜਾਬ ਦੇ ਵਿਦਵਾਨ ਸਨ।

ਮੁਵਾਰਕਸ਼ਾਹ ਦੇ ਸਮੇਂ ਸੰਮਤ 1478-80 ਨੂੰ ਹੇਮਚੰਦ ਦਿਲੀ ਦਾ ਪਹਿਲਾ ਜੈਨ ਰਾਜਾ ਬਨਿਆ। ਉਸਨੇ ਅਨੇਕਾਂ ਜੈਨ ਮੰਦਰ ਬਣਵਾਏ। ਇਹ ਹੇਮੂ ਦੇ ਨਾਂ ਨਾਲ ਵੀ ਪ੍ਰਸਿਧ ਹੈ। ਮੁਹਮਦ ਤੁਗਲਕ ਦੇ ਸਮੇਂ ਅਚਾਰਿਆ ਜਿਨ ਪ੍ਰਭਵ ਸੂਰੀ ਨੇ ਦਿੱਲੀ ਵਿਖੇ **ਵਿਵਿਧ ਤੀਰਥ ਕਲਪ** ਗਰੰਥ ਸੰਪੂਰਨ ਕੀਤਾ।

## ਵਸਤੂਪਾਲ ਅਤੇ ਤੇਜਪਾਲ ਭਰਾ

ਇਸ ਪ੍ਰਸੰਗ ਵਿੱਚ ਅਸੀਂ ਗੁਜਰਾਤ ਦੇ ਜੈਨ ਮੰਤਰੀ ਭਰਾਵਾਂ ਵਸਤੂਪਾਲ ਅਤੇ ਤੇਜਪਾਲ ਦਾ ਜ਼ਿਕਰ ਜਰੂਰੀ ਸਮਝਦੇ ਹਾਂ ਇਨ੍ਹਾਂ ਦਾ ਸੰਬਤ ਵਿਕਰਮ 1275 ਤੋਂ 1303 ਦਾ ਹੈ। ਇਹ ਪੋਰਵਾਲ ਜਾਤ ਦੇ ਮਹਾਜਨ ਸਨ। ਉਸ ਸਮੇਂ ਸੋਲੰਕੀ ਦਾ ਰਾਜਾ ਵੀਰਧਵਲ ਸੀ। ਵਸਤੂਪਾਲ ਮਹਾਮੰਤਰੀ ਸੀ ਅਤੇ ਤੇਜਪਾਲ ਸੈਨਾਪਤੀ ਸੀ। ਦੋਵੇਂ ਭਰਾ ਮਹਾਦਾਨੀ ਅਤੇ ਬਹਾਦਰ ਸਨ। ਇਨ੍ਹਾਂ ਦੋਹੇ ਭਰਾਵਾਂ ਨੇ ਆਪਣੀ ਬਹਾਦਰੀ ਨਾਲ ਦੇਸ਼ ਦੀ ਰਖਿਆ ਕੀਤੀ। ਸਰਕਾਰੀ ਖਜਾਨੇ ਵਿੱਚ ਖਰਬਾਂ ਰੁਪਏ ਜਮਾ ਕਰਵਾਏ। ਦੇਸ਼ ਦੇ ਅਨੇਕਾਂ ਹਿਸਿਆਂ ਵਿੱਚ ਜੈਨ ਮੰਦਰ ਬਨਵਾਏ। ਸਾਸਤਰ ਭੰਡਾਰ ਬਨਵਾਏ। ਖੂਹ ਬਣਵਾਏ। ਹਿੰਦੂ ਮੰਦਰਾਂ ਦੀ ਮੁਰੰਮਤ ਕਰਵਾਈ। ਮਸੀਤਾਂ ਅਤੇ ਧਰਮਸ਼ਾਲਾ ਬਣਵਾਈਆਂ।

ਦੋਵੇਂ ਭਰਾਵਾਂ ਦੇ ਸਮੇਂ ਕਦੇ ਦੁਸ਼ਮਨ ਨੇ ਸਿਰ ਨਹੀਂ ਚੁਕ ਸਕਿਆ। ਸਾਂਗਣ, ਚਾਮੂੰਡ- ਬਨਸੱਖਲੀ ਦੇ ਰਾਜਾ ਭੀਮਸਿੰਘ, ਏਧਰੇ ਦੇ ਰਾਜਾ ਸੂਪਲੂ ਨੂੰ ਹਰਾ ਕੇ ਰਾਜ ਵਿੱਚ ਵਾਧਾ ਕੀਤਾ। ਖੰਭਾਤ ਦੇ ਮੁਸਲਮਾਨ ਸਦੀਕੀ ਨੂੰ ਲੜਾਈ ਵਿਚ ਹਰਾਕੇ 3 ਅਰਬ ਰੁਪਏ ਦੀ ਦੌਲਤ ਹਾਸਲ ਕੀਤੀ।

ਇਨ੍ਹਾਂ ਦੋਵੇਂ ਭਰਾਵਾਂ ਦੇ ਸਮੇਂ ਦਿੱਲੀ ਦੇ ਰਾਜਾ ਮੌਜੂਦੀਨ ਨੇ ਗੁਜਰਾਤ ਤੇ ਚੜਾਈ

ਕਰ ਦਿੱਤੀ। ਜਦ ਵਸਤੂਪਾਲ ਅਤੇ ਤੇਜਪਾਲ ਨੂੰ ਇਹ ਖਬਰ ਲਗੀ ਤਾਂ ਦੋਵੇਂ ਭਰਾ ਮੈਦਾਨ ਵਿੱਚ ਆ ਡੱਟੇ। ਭਿਅੰਕਰ ਲੜਾਈ ਤੋਂ ਵਾਅਦ ਮੋਜ਼ੂਦੀਨ ਮੈਦਾਨ ਵਿਚੋਂ ਭਜ ਗਿਆ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਵਸਤੂਪਾਲ ਅਤੇ ਤੇਜਪਾਲ ਉਨ੍ਹਾਂ ਦੇ ਸ਼ੰਸਕਾਰ ਜੈਨ ਸਨ। ਦੋਹੇਂ ਰਾਜਕਾਜ ਤੋਂ ਵੇਹਲੇ ਹੋ ਕੇ ਸਮਾਇਕ, ਪੂਜਾ ਅਤੇ ਪ੍ਰਤਿਕ੍ਰਮਣ ਕਰਦੇ ਸਨ। ਉਨ੍ਹਾਂ ਦਾ ਜੀਵਨ ਆਦਰਸ਼ ਸੀ। ਦੋਹਾਂ ਦੀ ਪਤਨੀਆਂ ਕਟੱੜ ਜੈਨ ਸਨ।

ਇਨ੍ਹਾਂ ਭਰਾਵਾਂ ਨੂੰ ਸ਼ਤ੍ਰੂਰਜੈ, ਗਿਰਨਾਰ (ਗੁਜਰਾਤ) ਆਬੂ (ਰਾਜਸਥਾਨ) ਕਾਂਗੜਾ ਅਤੇ ਕਸ਼ਮੀਰ ਵਿਚੋਂ ਅਨੇਕਾਂ ਨਵੇਂ ਜੈਨ ਮੰਦਰ ਬਨਵਾਏ। ਪੁਰਾਣਿਆਂ ਦੀ ਮੁਰੰਮਤ ਕੀਤੀ।

ਮੁਲਤਾਨ ਦੇ ਪ੍ਰਸਿਧ ਹਿੰਦੂ ਸੂਰਜ ਮੰਦਰ ਦੀ ਉਨ੍ਹਾਂ ਮੰਦਰ ਦੀ ਮੁਰੰਮਤ ਕਰਵਾਈ।[1] ਦੋਹੇ ਭਰਾ ਧਰਮ ਨਿਰਪਖਤਾ ਦੀ ਜਿਉਂਦੀ ਮਸਾਲ ਸਨ। ਉਨ੍ਹਾਂ ਅਨੇਕਾਂ ਵਾਰ ਜੈਨ ਤੀਰਥਾਂ ਦੀ ਯਾਤਰਾ ਕੀਤੀ। ਇਕੱਲੇ ਆਬੂ ਦੇ ਮੰਦਰਾਂ ਤੇ ਉਨ੍ਹਾਂ 13 ਕਰੋੜ ਸੋਨੇ ਦੀਆਂ ਮੋਹਰਾ ਖਰਚ ਕੀਤੀਆਂ। ਉਨ੍ਹਾਂ ਦੇ ਦਾਨ ਦੀ ਸੂਚੀ ਬਹੁਤ ਲੰਬੀ ਹੈ। ਇਨ੍ਹਾਂ ਨੇ ਜੈਨ ਧਰਮ ਦਾ ਪ੍ਰਚਾਰ ਗੰਧਾਰ ਕਸ਼ਮੀਰ. ਸਿੰਧੂ, ਸੋਵਿਰ ਅਤੇ ਪੰਜਾਬ ਵਿਚ ਕੀਤਾ।

## ਇੱਕ ਪ੍ਰਸਿਧ ਪੰਜਾਬ ਪਟਾਵਲੀ

ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਨਾਗੋਰੀ ਲੋਕਾਂ ਗੱਛ ਦੀ ਪਟਾਵਲੀ ਵਿੱਚ ਕੁਝ ਪ੍ਰਸਿਧ ਜੈਨ ਅਚਾਰਿਆ, ਘਟਨਾਵਾਂ ਦਾ ਸੰਮਤ ਵਾਰ ਜਿਕਰ ਹੈ। ਇਹ ਪਟਾਵਲੀ ਸੰਮਤ 1890 ਵਿੱਚ ਪਟਿਆਲੇ ਵਿਖੇ ਪੂਰੀ ਕੀਤੀ ਗਈ ਹੈ। ਜਿਸਦਾ ਸੰਖੇਪ ਸਾਰ ਅਸੀਂ ਘਟਨਾਵਾਂ ਸਮੇਤ ਹੇਠ ਦੇ ਰਹੇ ਹਾਂ।

"ਅਚਾਰਿਆ ਵਿਮਲਚੰਦ ਸੂਰੀ ਦੇ ਤਿੰਨ ਚੇਲੇ ਹਨ ਨਾਗਦੱਤ, ਭਾਡੇਲਚੰਦ ਅਤੇ ਨੇਮਚੰਦ। ਇਹ ਨਾਗਦਤ ਪਾਟਨ (ਗੁਜਰਾਤ) ਦਾ ਨਿਵਾਸੀ ਸੀ। ਇਨ੍ਹਾਂ ਦੇ ਨਾਂ ਤੇ ਨਾਗੋਰੀ ਗੱਛ ਚਲਿਆ।

ਇੱਕ ਵਾਰ ਵਿਕਰਮ ਸੰਮਤ 1278 ਨੂੰ ਇਹ ਲਾਹੋਰ ਆਏ ਫੇਰ ਇਹ ਗੁਰੂ ਤੋਂ ਅੱਡ ਹੋਕੇ 45 ਸਾਧੂਆਂ ਨਾਲ ਅਲਗ ਧਰਮ ਪ੍ਰਚਾਰ ਕਰਨ ਲੱਗੇ। ਇਨ੍ਹਾਂ ਇੱਕ ਜੈਨ ਗਰੰਥ ਦੀ ਰਚਨਾ ਕੀਤੀ। ਇਨ੍ਹਾਂ ਦੀ ਸੇਵਾ ਵਿੱਚ ਦੇਵਤੇ ਹਾਜਰ ਰਹਿੰਦੇ ਸਨ।

ਸ਼ੰਵਤ 1585 ਵਿੱਚ ਸ੍ਰੀ ਰੂਪਚੰਦ ਅਤੇ ਦੇਪਾਸਰ ਸੂਰੀ ਨੇ ਅਨੇਕਾਂ ਅਗਰਵਾਲਾਂ ਅਤੇ ਓਸਵਾਲਾਂ ਨੂੰ ਨਾਗੋਰੀ ਲੋਕਾਂ ਗੱਛ ਵਿੱਚ ਸ਼ਾਮਲ ਕੀਤਾ। ਫੇਰ ਸ੍ਰੀ ਰੂਪ ਚੰਦ ਜੀ ਦੀ

---

1. दशवित्ती की मेघनाथ प्रशस्ति श्लोक 92 से 111

ਥਾਂ ਤੇ ਦੀਪਾਗਰ ਸੂਰੀ ਧਰਮ ਗੱਦੀ ਤੇ ਬੈਠੇ। ਉਸ ਸਮੇਂ ਆਪਨੇ ਕੁਲ 184000 ਘਰਾਂ ਨੂੰ ਜੈਨ ਧਰਮ ਵਿੱਚ ਦੀਖਿਅਤ ਕੀਤਾ।

ਉਸ ਸਮੇਂ ਲੁਧਿਆਣੇ ਦੇ ਸ਼੍ਰੀ ਚੰਦ ਔਸਵਾਲ ਸੇਠ ਦਾ ਭਰਾ ਸਵੱਰਗ ਵਿੱਚ ਦੇਵਤਾ ਸੀ। ਉਸਨੇ ਅਪਣੀ ਦੇਵ ਸ਼ਕਤੀ ਨਾਲ ਆਪਣੇ ਭਰਾ ਨੂੰ ਕਰੋੜਾਂ ਪਤੀ ਬਨਾ ਦਿਤਾ। ਉਹ ਹਰ ਰੋਜ਼ ਆਪਣੇ ਭਰਾ ਨੂੰ ਮਿਲਨ ਆਉਂਦਾ। ਇਕ ਵਾਰ ਜਦ ਉਹ ਨਾ ਆਇਆ ਤਾਂ ਦੇਵਤੇ ਨੇ ਦੱਸਿਆ ਕਿ ਸਮਾਣੇ ਸ਼ਹਿਰ ਵਿਖੇ ਸ਼੍ਰੀ ਦੇਪਾਗਰ ਸਵਾਮੀ ਤਪਸਿਆ ਕਰ ਰਹੇ ਹਨ। ਸੇਠ ਨੇ ਆਪ ਨੂੰ ਲੁਧਿਆਣੇ ਪਧਾਰਨ ਦੀ ਬੇਨਤੀ ਕੀਤੀ। ਇਥੇ ਆਪ ਪੰਜਾਬ ਦੇ ਪਿੰਡਾਂ ਸਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਰਹੇ।

ਇਸਤੋਂ ਬਾਅਦ ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲੇ ਸ਼੍ਰੀ ਕਲਿਆਨ ਸੂਰੀ ਹੋਏ। ਜਿਨ੍ਹਾਂ ਦਾ ਸਵਰਗਵਾਸ ਲਾਹੌਰ ਵਿਖੇ ਹੋਇਆ ਇਨ੍ਹਾਂ ਤੋਂ ਬਾਅਦ ਭੇਰਵਾ-ਅਚਾਰਿਆ ਨੇ ਦਿੱਲੀ ਸਮਰਾਟ ਨੂੰ ਪ੍ਰਭਾਵਿਤ ਕਰਕੇ ਜਿੰਨ ਧਰਮ ਦਾ ਪ੍ਰਚਾਰ ਕੀਤਾ।

ਇਸੇ ਵੰਸ ਪ੍ਰੰਪਰਾ ਦੇ ਸ਼੍ਰੀ ਸਦਾਰੰਗ ਸੂਰੀ ਨੇ ਵੀ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਇਨ੍ਹਾਂ ਪਾਨੀਪਤ ਵਿੱਚ ਅਨੇਕਾਂ ਅਗਰਵਾਲ ਪ੍ਰਵਾਰਾਂ ਨੂੰ ਜੈਨ ਧਰਮ ਵਿੱਚ ਦੀਖਿਆ ਦਿੱਤੀ। ਸੰਬਤ 1760 ਨੂੰ ਆਪ ਲਾਹੌਰ ਆਏ। ਆਪਨੇ ਬਾਦਸ਼ਾਹ ਦੇ ਸਾਲੇ ਮਹਾਖਾਨ ਤੋਂ ਜੀਵ ਹੱਤਿਆ ਬੰਦ ਕਰਵਾਈ। ਆਪਦੇ 24 ਚੇਲੇ ਹੋਏ। ਜਿਨ੍ਹਾਂ ਵਿਚ ਸ਼੍ਰੀ ਆਨੰਦ ਰਾਮ ਜੀ ਬਨੂੜ ਦੇ ਰਹਿਣ ਵਾਲੇ ਸਨ।

ਫੇਰ ਪੰਜਾਬ ਵਿੱਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਜਗਜੀਵਨ ਦਾਸ ਜੀ ਸਨ। ਜਿਨ੍ਹਾਂ ਸਰਸਵਤੀ ਪਤਨ, ਸਰਸਾ, ਹਿਸਾਰ, ਬੁਡਲਾਡਾ, ਦੋਰਾਹਾ, ਸੁਨਾਮ, ਸਮਾਣਾ, ਰੋਪੜ, ਵੈਜਵਾੜਾ, ਰਾਹੋਂ, ਜਾਲੰਧਰ, ਗੁਜਰਾਤ (ਪਾਕਿਸਤਾਨ) ਰਾਵਲਪਿੰਡੀ ਅਤੇ ਲਾਹੌਰ ਵਿੱਚ ਧਰਮ ਪ੍ਰਚਾਰ ਕੀਤਾ। ਇਨ੍ਹਾਂ ਇਕ ਮੁਗਲ ਸਾਹਿਬਜਾਦੇ ਦਾ ਇਲਾਜ ਵੀ ਕੀਤਾ। ਅਟੱਕ ਨਦੀ ਵਿੱਚ ਰੁਕੀ ਕਿਸ਼ਤੀ ਪਾਰ ਕੀਤੀ। ਰੋਪੜ ਦੀ ਵਿਰਧ ਔਰਤ ਦਾ ਕੋਹੜ ਦੂਰ ਕੀਤਾ। ਸਰਸਵਤੀ ਪੱਤਨ ਦੇ ਕਰੀਵ ਮਹਮਦ ਹੁਸੈਨ ਦੀ ਜੈਨ ਸਾਧੂਆਂ ਪ੍ਰਤਿ ਘ੍ਰਿਣਾ ਨੂੰ ਦੂਰ ਕੀਤਾ। ਆਪਦੇ ਅਨੇਕਾਂ ਮੁਸਲਮਾਨ ਭਗਤ ਸਨ। ਸੰਬਤ 1816 ਨੂੰ ਆਪਦਾ ਸਵਰਗਵਾਸ ਹੋ ਗਿਆ। ਇਨ੍ਹਾਂ ਦੇ ਅਠ ਚੇਲੇ ਸਨ।

ਫਿਰ ਇਸੇ ਗੱਛ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੇ ਪੂਜ ਲਕਸ਼ੀ ਚੰਦ ਜੀ ਸਨ। ਜਿਨ੍ਹਾਂ ਸੁਨਾਮ, ਪਟਿਆਲਾ, ਅੰਬਾਲਾ, ਧਰਮ (ਕੁਰੂ) ਖੇਤਰ, ਰੋਪੜ, ਹੁਸ਼ਿਆਰ-ਪੁਰ, ਜੇਜੋਂ, ਜਗਰਾਵਾਂ, ਅਮ੍ਰਿਤਸਰ, ਲਾਹੌਰ, ਸਿਆਲਕੋਟ, ਰਾਜਪੁਰਾ, ਰੋੜੀ, ਬੁਡਲਾਡਾ, ਸਢੌਰਾ ਨਗਰਾਂ ਵਿੱਚ ਚੌਮਾਸੇ ਕਰਕੇ ਜੈਨ ਧਰਮ ਦਾ ਪ੍ਰਚਾਰ ਕੀਤਾ।

ਇਸ ਪ੍ਰਕਾਰ ਇਹ ਪਟਾਵਲੀ ਕਾਫ਼ੀ ਮਹਤੱਵ ਪੂਰਣ ਹੈ ਕਿਉਂਕਿ ਇਹ ਲਿਖੀ

ਵੀ ਪੰਜਾਬ ਵਿਚ ਹੀ ਗਈ ਹੈ। ਇਹ ਪਟਾਵਲੀ ਬਹੁਤ ਲੰਬੀ ਤੇ ਘਟਨਾਵਾਂ ਭਰਪੂਰ ਹੈ। ਪਰ ਅਸੀਂ ਇਥੇ ਉਨ੍ਹਾਂ ਅਚਾਰਿਆਂ ਦਾ ਹੀ ਜਿਕਰ ਕੀਤਾ ਹੈ ਜੋ ਪੰਜਾਬ ਵਿੱਚ ਜੈਨ ਧਰਮ ਫੈਲਾਂਦੇ ਰਹੇ। ਇਨ੍ਹਾਂ ਪਟਾਵਲੀਆਂ ਵਿੱਚ ਆਖਿਆ ਗਿਆ ਹੈ ਕਿ ਭਗਵਾਨ ਮਹਾਵੀਰ ਦੇ ਨਿਰਵਾਨ ਤੋਂ 1464 ਸਾਲ ਬਾਅਦ ਬੜਗਛ ਪੈਦਾ ਹੋਇਆ। 1629 ਸਾਲ ਬਾਅਦ ਪੂਨਮੀਆਂ ਗੱਛ, 1654 ਸਾਲ ਬਾਅਦ ਆਚਲੀਆਂ ਗੱਛ, 1670 ਸਾਲ ਬਾਅਦ ਖਰਤਰਗੱਛ, 1720 ਸਾਲ ਬਾਅਦ ਆਗਮੀਆਂ ਗੱਛ. 1755 ਸਾਲ ਬਾਅਦ ਤਪਾਗਛ ਅਤੇ 2023 ਸਾਲ ਬਾਅਦ ਲੋਂਕਾ ਗੱਛ ਪੈਦਾ ਹੋਈਆ।

## ਵਿਗੇ ਪਿਤੀ ਤ੍ਰਿਵੇਣੀ

ਕਾਂਗੜਾ ਤੀਰਥ ਪੰਜਾਬ ਦਾ ਸਭ ਤੋਂ ਪੁਰਾਤਨ ਸਥਾਨ ਹੈ। ਜੈਨ ਪ੍ਰੰਪਰਾ ਅਨੁਸਾਰ 22ਵੇਂ ਤੀਰਥੰਕਰ ਨੇਮੀਨਾਥ ਦੇ ਸਮੇਂ ਇਸਦਾ ਨਾਂ ਨਗਰਕੋਟ ਸੀ। ਇਸ ਤੀਰਥ ਦੀ ਸਥਾਪਨਾ ਰਾਜਾ ਸੰਸਾਰ ਚੰਦ ਨੇ ਮਹਾਭਾਰਤ ਦੇ ਸਮੇਂ ਕੀਤੀ ਸੀ। ਮੁਸਲਮਾਨਾਂ ਦੇ ਲਗਾਤਾਰ ਹਮਲਿਆਂ ਅਤੇ ਭੂਚਾਲਾਂ ਕਾਰਣ ਹੁਣ ਕਾਂਗੜੇ ਦੇ ਕਿਲੇ ਵਿੱਚ ਇਕ ਜੈਨ ਮੰਦਰ ਹੈ। ਕਿਸੇ ਸਮੇਂ ਇਥੇ 52 ਜੈਨ ਮੰਦਰ ਸਨ। ਦੂਰ ਦੁਰਾੜੇ ਦੇਸ਼ਾਂ ਦੇ ਲੋਕ ਇਥੇ ਤੀਰਥ ਦਰਸ਼ਨ ਨੂੰ ਆਉਂਦੇ ਸਨ। ਉਨ੍ਹਾਂ ਵਿਚੋਂ ਇਕ ਧਰਮ ਸੰਘ ਵਿਕਰਮ ਸੰਮਤ 1484 ਨੂੰ ਅਚਾਰਿਆ ਜਿਨ ਭਦਰ ਦੇ ਪ੍ਰਮੁਖ ਸ਼ਿਸ਼ ਜੈ ਸਾਗਰ, ਮੇਘਰਾਜ ਗਣੀ, ਸਤ੍ਰਿਆ ਰੂਚੀ, ਮਤੀਸੀਲ ਅਤੇ ਹੇਮ ਕੁੰਜਰ ਨਾਲ ਇਸਦੀ ਤੀਰਥ ਯਾਤਰਾ ਕਰਨ ਆਇਆ ਸੀ ਜਿਸਦਾ ਵਰਨਣ ਪ੍ਰਸਿਧ ਇਤਿਹਾਸਕਾਰ ਮੁਨੀ ਸ੍ਰੀ ਜਿਨ ਵਿਜੈ ਦੇ ਗ੍ਰੰਥ ਭੰਡਾਰ ਦੇ ਪੰਨੇ ਵਿਗੇਪਿਤੀ ਤਿਰਵੇਣੀ ਵਿਚ ਹੈ। ਉਸਦਾ ਸਾਰ ਸੰਖੇਪ ਰੂਪ ਵਿਚ ਇਸ ਪ੍ਰਕਾਰ ਹੈ।

ਅਚਾਰਿਆ ਜਿਨਭਦਰ ਦੀ ਇਜਾਜਤ ਲੈ ਜੈ ਸਾਗਰ ਉਪਾਧਿਆ ਆਦਿ 5 ਪ੍ਰਮੁੱਖ ਚੇਲੇ ਚੌਮਾਸਾ ਪੂਰਾ ਕਰਕੇ ਸਿੰਧ ਦੇ ਸ਼ਹਿਰ ਮਮਨ ਵਾਹਨ ਤੋਂ ਚਲੇ। ਉਹ ਪਹਿਲਾਂ ਫਰੀਦਪੁਰ (ਪਾਕਪਟਨ) ਪੁੱਜਾ। ਫਰੀਦਪੁਰ ਤੋਂ ਨਜਦੀਕ ਵਿਆਸ ਨਦੀ ਸੀ। ਇਸਦੇ ਕਿਨਾਰੇ ਚਲਦੇ-ਚਲਦੇ ਉਹ ਤਲਪਾਟਨ (ਤਲਵਾੜਾ-ਦੇਵਾਲਪੁਰ) ਪਹੁੰਚੇ। ਦੇਵਾਲਪੁਰ ਮੁਨੀਆਂ ਦੀ ਬਹੁਤ ਇਜਤ ਹੋਈ। ਉਥੋਂ ਫੇਰ ਕੰਗਨਪੁਰ ਤੋਂ ਵਾਪਸ ਹੋਕੇ ਹਰਿਆਣਾ ਵਿਖੇ ਪਹੁੰਚੇ। ਉਸ ਸਮੇਂ ਸੰਘ ਦਾ ਮੁਖਿਆ ਸ਼ਾਰ ਸੋਮ ਸੀ. ਇਥੇ ਬਹੁਤ ਸਮਾਰੋਹ ਹੋਇਆਂ, ਜਿਥੇ ਕਈ ਮੁਨੀਆਂ ਨੂੰ ਪਦਵੀਆਂ ਦਿੱਤੀਆਂ ਗਈਆਂ। ਧਰਮ ਸੰਘ ਇਥੇ ਪੰਜ ਦਿਨ ਰਿਹਾ। 6ਵੇਂ ਦਿਨ ਸੰਘ ਨਗਰਕੋਟ (ਕਾਂਗੜੇ) ਵਿਖੇ ਪਹੁੰਚੀਆਂ ਜਿਥੇ ਕਾਂਗੜਾ ਦੇ ਜੈਨ ਸ੍ਰਾਵਕਾਂ (ਉਪਾਸਕਾਂ) ਦੇ ਸੰਘ ਦੀ ਬੜੀ ਇੱਜਤ ਕੀਤੀ, ਸਨਮਾਨ ਕੀਤਾ। ਸ੍ਰੀ ਸੰਘ ਨੇ ਅਨੇਕਾਂ 13-14 ਸਦੀ ਦੇ ਬਨੇ ਮੰਦਰਾਂ ਦੇ ਦਰਸ਼ਨ ਕੀਤੇ। ਉਸ ਸਮੇਂ ਇਥੇ ਨਰੇਂਦਰ ਚੰਦਰ ਰਾਜਾ ਰਾਜ ਕਰਦਾ ਸੀ। ਉਸਨੇ ਆਪਣੇ ਕਿਲੇ ਵਿਚ ਸਥਾਪਤ ਅਨੇਕਾਂ ਜੈਨ

ਮੰਦਰਾਂ ਦੇ ਦਰਸ਼ਨ ਇਕ ਨੌਕਰ ਭੇਜ ਕੇ ਕਰੰਵਾਏ । ਸੰਘ ਇਥੇ ਦਸ ਦਿਨ ਰਿਹਾ ।

ਫੇਰ ਦੇਸ਼ ਵਾਪਸੀ ਦੇ ਖਿਆਲ ਨਾਲ ਸੰਘ ਵਾਪਸ ਹੁੰਦਾ ਹੋਇਆ ਗੋਪਾਚਾਲਪੁਰ (ਗੁਲੇਰ) ਪਹੁੰਚਿਆ । ਇਥੋਂ ਨੰਦਨਬਨ ਪੁਰ (ਨਾਦੌਨ) ਕੋਟਿਲ ਗ੍ਰਾਮ (ਕੋਟਲਾ) ਕੋਠੀਪੁਰ ਪਹੁੰਚਿਆ । ਇਥੋਂ 40 ਮੀਲ ਦਾ ਸਫਰ ਸੰਘ ਨੇ ਕਿਸ਼ਤੀਆਂ ਰਾਹੀਂ ਕਰਕੇ ਸੰਘ ਦੀਵਾਲ-ਪੁਰ ਪਹੁੰਚਿਆ । ਇਥੇ 10 ਦਿਨ ਧਰਮ ਪ੍ਰਚਾਰ ਦੇ ਕੰਮ ਕਰਦੇ ਹੋਏ ਇਹ ਸੰਘ ਵਾਪਸ ਫਰੀਦਪੁਰ (ਪਾਕਪਟਨ) ਪਹੁੰਚ ਗਿਆ ।"

ਇਸ ਸੰਘ ਨੇ 24 ਤੀਰਥੰਕਰਾਂ ਦੇ ਬਨੇ ਹੋਏ ਮੰਦਰਾਂ ਦੇ ਦਰਸ਼ਨ ਕੀਤੇ ।

ਇਸੇ ਪ੍ਰਕਾਰ ਸੰ. 1345 ਵਿੱਚ ਸ੍ਰੀ ਹਰੀਚੰਦ ਨੇ ਇਸ ਤੀਰਥ ਦੀ ਯਾਤਰਾ ਕੀਤੀ । ਸੰ: 1497, 1400, 1422, 1440, 1700 ਵਿੱਚ ਅਨੇਕਾਂ ਤੀਰਥ ਯਾਤਰੀਆਂ ਦੇ ਇਸ ਤੀਰਥ ਦੀ ਯਾਤਰਾ ਕਰਨ ਦਾ ਜਿਕਰ ਹੈ । ਕੀਰਗ੍ਰਾਮ, (ਵੈਜਨਾਥ, ਪਪਰੋਲਾ) ਦਾ ਪੁਰਾਣਾ ਨਾਂ ਹੈ ਜਿਥੇ ਹੁਣ ਵੀ ਇੱਕ ਸ਼ਿਵ ਮੰਦਰ ਵਿਚ ਕੁਝ ਜੈਨ ਮੂਰਤੀਆ ਵਿਰਾਜਮਾਨ ਸਨ । ਇਕ ਉਪਰੇ ਤਾ ਸੰਮਤ 1296 ਦਾ ਸ਼ਿਲਾਲੇਖ ਇਸ ਮੂਰਤੀ ਸਥਾਪਨਾ ਕਰਨ ਵਾਲੇ ਸ੍ਰੀ ਅਭੈਦੇਵ ਸੂਰੀ ਦੇ ਚੇਲੇ ਦੇਵਭਦਰ ਅਚਾਰਿਆ ਸਨ ।[2]

ਇਥੇ ਢੋਲਵਾਹਾ (ਜਿਲਾ ਹੁਸ਼ਿਆਰਪੁਰ) ਦੇ ਪੁਰਾਣੇ ਮੰਦਰਾਂ ਦਾ ਜਿਕਰ ਕਰਨਾ ਵੀ ਬਹੁਤ ਜਰੂਰੀ ਹੈ । ਜਿਨ੍ਹਾਂ ਦੀਆਂ ਮੂਰਤੀਆਂ ਸਾਧੂ ਆਸ਼ਰਮ ਹੁਸ਼ਿਆਰਪੁਰ ਵਿੱਚ ਪਈਆਂ ਹਨ ।

ਇੱਕ ਪੁਰਾਤਨ ਪਟਾਵਲੀ ਵਿਚ 84 ਗੱਛਾਂ ਦੇ ਨਾਂ ਹੇਠ ਨਗਰ ਕੋਠੀਆ ਗੱਛ ਅਤੇ ਕੋਠੀਪੁਰ ਗੱਛਾਂ ਦੇ ਨਾਂ ਆਏ ਹਨ । ਇਨ੍ਹਾਂ ਤੋਂ ਸਿੱਧ ਹੈ ਕਿ ਪੁਰਾਤਨ ਸਮੇਂ ਤੋਂ ਹੀ ਇਹ ਇਲਾਕੇ ਜੈਨ ਧਰਮ ਦਾ ਕੇਂਦਰ ਹਨ ।

ਨਦੌਨ ਵੀ ਜੈਨ ਧਰਮ ਦਾ ਕੇਂਦਰ ਰਿਹਾ ਹੈ । ਜਿਥੇ ਵਿਕਰਮ ਸੰਬਤ 1468 ਨੂੰ ਦੀਵਾਲੀ ਵਾਲੇ ਦਿਨ ਸ੍ਰੀ ਵਰਧਮਾਨ ਸੂਰੀ ਨੇ ਅਚਾਰਿਆ ਦਿਨਕਰ ਨਾਂ ਦੇ ਗ੍ਰੰਥ ਦੀ ਰਚਨਾ ਕੀਤੀ । 'ਉਸ ਸਮੇਂ ਇਥੇ ਅਨੰਦ ਪਾਲ ਦਾ ਰਾਜ ਸੀ ।[3]

ਪੰਜੋਰ ਦਾ ਪੁਰਾਣਾ ਨਾਂ ਪੰਚਪੁਰ ਆਇਆ ਹੈ ਪਿਛੇ ਜਿਹੇ ਪੰਜੋਰ ਬਾਗ ਦੇ ਕਰੀਬ ਗੁਗਾਮਾੜੀ ਇੱਕ ਟੀਲੇ ਦੀ ਖੁਦਾਈ ਵਿਚੋਂ ਵਿਕਰਮ ਦੀ 9-10 ਸਦੀ ਦੀਆਂ ਜੈਨ ਮੂਰਤੀਆਂ ਮਿਲੀਆਂ ਹਨ । ਜੈਨ ਕਵਿ ਸ੍ਰੀ ਮਾਲ ਨੇ ਵਿਕਰਮ ਦੀ 17 ਸਦੀ ਵਿੱਚ ਇਸ ਤੀਰਥ ਉਪਰ 52 ਜੈਨ ਮੰਦਰਾਂ ਦੀ ਸੂਚਨਾ ਦਿਤੀ ਹੈ । ਇਸੇ ਪ੍ਰਕਾਰ ਚੰਡੀਗੜ ਵਿਖੇ 9ਵੀਂ ਸਦੀ ਦੀਆਂ ਭਗਵਾਨ ਮਲੀਨਾਥ ਤੇ ਰਿਸ਼ਵਦੇਵ ਦੀ ਮੂਰਤੀਆਂ ਜੀਂਦ ਅਤੇ ਨਾਰਨੌਲ ਤੋਂ ਪ੍ਰਾਪਤ ਹੋਈਆਂ ਹਨ ।

ਬਠਿੰਡੇ ਵਿਖੇ ਭਗਵਾਨ ਨੇਮੀਨਾਥ ਦੀ ਅਤੇ ਇੱਕ ਜਿਨ ਕਲਪੀ ਮੁਨੀ ਦੀਆਂ 12-

13 ਸਦੀਆਂ ਦੀਆਂ ਮੂਰਤੀਆਂ ਮਿਲੀਆਂ ਸਨ। ਜੋ ਅਜ ਕਲ ਪਟਿਆਲੇ ਮੋਤੀ ਬਾਗ ਦੇ ਸਰਕਾਰੀ ਮਿਉਜ਼ਿਅਮ ਵਿੱਚ ਹਨ। ਇਸ ਸੰਬਧੀ ਇਕ ਲੇਖ ਹਿੰਦੀ ਦੈਨਿਕ ਟਿਰਵਿਊਣ ਵਿਚ, ਛੱਪ ਚੁਕਾ ਹੈ, ਇਸ ਮੂਰਤੀ ਦੇ ਸੰਮਤ ਵਾਰੇ ਕਾਫੀ ਸ਼ਕ ਹੈ ਕਿ ਇਹ ਸੰਮਤ ਵੀਰ ਸਮਤ ਹੈ ਜਾਂ ਵਿਕਰਮ ਸੰਮਤ।

---

## ਹਵਾਲੇ

बारह नेमिसर तणए,थपिथ राय सुसरमि
आदिनाह अंबिका, सहिये, कगडकोट सिहरमि

ਅਰਥ— ਸ੍ਰੀ ਨੇਮੀ ਨਾਥ ਪ੍ਰਭੂ ਦੇ ਸਮੇਂ ਰਾਜਾ ਸੁਸ਼ਰਮਾ ਨੇ ਕਾਂਗੜਾ ਕੋਟ ਦੇ ਸ਼ਿਖਰ ਤੇ ਤੀਰਥੰਕਰ ਆਦਿ (ਰਿਸ਼ਵ ਨਾਥ) ਅਤੇ ਸ਼ਾਸਨ ਦੇਵੀ ਦੀ ਸਥਾਪਨਾ ਕੀਤੀ।
(ਨਗਰ ਕੋਟ ਬਿਨਤੀ ਸਮਾਂ ਵਿ. ਸ. 1488)

(2) (3) ਕਾਂਗੜੇ ਦੇ ਇੰਦਰੇਸ਼ਵਰ ਮੰਦਰ ਵਿਖੇ ਰਿਸ਼ਵ ਦੇਵ ਦੀ ਮੂਰਤੀ ਹੇਠਾਂ ਇਹ ਸ਼ਿਲਾ ਲੇਖ ਹੈ।

(१) ओम् सवत् ३० गच्छे राजकुले सुरि भू च (द) (२) भयचन्द्र:
[१] तच्छिष्यो (५) मलचन्द्राख्य [स्त] (३) पदा (दां) भोजषटपद:
[२] सिद्धराजस्तत: ढङ्ग (४) ढड्गादजनि[ल]ष्टक। रल्हेतिगृ[हणी]
[त] (स्य) या—धर्म-यायिनी। अजनिष्ठाै सुतौ (६) [तस्य ं
[जैन] धर्म ध(प)रायणौ! ज्येष्ठो—कुंडलको (७[भ्रा] ा [ता] कनिष्ठ:
कुमाराभिद्य:। प्रतिमेयं [च] [७(—जिन १ नुज्ञया कारिता [[११]
डा वुल्नहर ऐपीग्राफी इंडिया

(३) ਬੈਜ ਨਾਥ ਪਪਰੋਲਾ ਦੀ ਮਹਾਵੀਰ ਦੀ ਮੂਰਤੀ ਦਾ ਡਾ. ਬੁਲਹਨਰ ਐਪੀਗ੍ਰਾਫੀ ਇੰਡੀਆ ਲੇਖ

[१) ओम् संवत्१२९६ वर्षे फाल्गुन वदि ५ रवौ कीरग्रामे ब्रह्म-क्षत्र गोत्रोत्पन्न व्यय० भानू पुत्राभ्यां व्व० दोल्हण आलहणाभ्यां स्वकारित श्री मन्महावीर जैनचैत्य श्री महावीर जिन बिम्ब आत्म श्रेयो (र्थे) कारितं। प्रतिष्ठतं च श्री जिन वल्लभ सूरिसंतानीय रुद्रपल्लीय श्रीमदभयदेव सूरि शिष्य श्री देवभद्र सूरिभि (एपिग्राफिया इंडिया-का भाग १ पृष्ठ ११८ डा० वुलहर)

(3) ਨਦੌਨ ਵਿਚ ਸੰਪੂਰਨ ਹੋਏ ਗਰੰਥ ਵਾਰੇ ਅਚਾਰਿਆ ਵਰਧਮਾਨ ਸੂਰੀ ਆਖਦੇ ਹਨ ।

पुरे नन्दनवनाख्ये श्री जालन्धर भूषणे ।
अन्नतपाल भूपाल राज्ये, कल्पद्रुमोपम में ४२७
श्री मद्विक्रम भूपालाद् अष्टण्मनु (१४६८) संख्यके
वर्षे कार्तिकाय ग्रंथोऽयं पूर्तिमाययौ

(ਅ) ਜਵਾਲਾ ਮੁਖੀ ਵਿਖੇ ਜੈਨ ਮੂਰਤੀ ਹੋਣ ਵਾਰੇ ਅਚਾਰਿਆ ਜੈ ਸਾਗਰਉਂ-ਪਾਧਿਆ ਸਮਾ (ਵਿਕਰਮ 15 ਸਦੀ) ਨੰਗਰ ਕੋਟ ਚੇਤ ਪਰਿਪਾਟੀ ਵਿਚ ਆਖਦੇ ਹਨ ।

इय नगरकोट पमुक्ख ठाणेहिं जये जिण भइ वंदिया
ते बीर लउंकङ देवी जाल मुखिय मन्नई वंदिया (१७।।

ਅਰਥ— ਇਹ ਕਾਂਗੜਾ ਆਦਿ ਦੀ ਖੇਤਰਾਂ ਸਮੇਂ ਮੈਂ ਜਿਨੇਸ਼ਵਰਾਂ ਨੂੰ ਨਮਸਕਾਰ ਕਰਦੇ ਸਮੇਂ ਇਸ ਖੇਤਰ ਵਿਚ ਵੀਰ ਲੋਕੜੀਆ ਅਤੇ ਦੇਵੀ ਜਵਾਲਾ ਮੁਖੀ ਦੀ ਮਾਨਤਾ ਵੀ ਵੇਖੀ।

# ਮੁਗਲ ਕਾਲ

ਅਤੇ

## ਕੁਝ ਪ੍ਰਮੁੱਖ ਗੱਠ

# ਖਰਤਰ ਗੱਛ ਦੇ ਪ੍ਰਸਿਧ ਅਚਾਰਿਆ

ਖਰਤਰ ਖਰ ਤੋਂ ਭਾਵ ਹੈ ਕਿ ਖਰੇ (ਸੱਚੇ) ਸਾਲ ਵਿ. ਸੰ. 9—10 ਦੇ ਸਮੇਂ ਪੰਜਾਬ ਦੇ ਭਿੰਨ ਭਿੰਨ ਅਤੇ ਸਿੰਧ ਦੇ ਇਲਾਕਿਆਂ ਵਿਚ ਖਰਤਰ ਗੱਛ ਦੇ ਮੁਨੀ ਅਤੇ ਯਤੀ ਧਰਮ ਪ੍ਰਚਾਰ ਕਰਦੇ ਸਨ । ਇਨ੍ਹਾਂ ਮੁਨੀਆਂ ਦਾ ਜ਼ਿਆਦਾ ਜ਼ੋਰ ਸਿੰਧ, ਹਰਿਆਣਾ, ਰਾਜਸਥਾਨ ਅਤੇ ਗੁਜਰਾਤ ਵਿੱਚ ਰਿਹਾ ਹੈ । ਖਰਤਰ ਗੱਛ ਦੀ ਉੱਤਪਤੀ ਦਾ ਕਾਰਣ ਯਤੀ ਲੋਕਾਂ ਪ੍ਰਤੀ ਬਗ਼ਾਵਤ ਸੀ, ਕਿਉਂਕਿ ਉਸ ਸਮੇਂ ਯਤੀ ਲੋਕ ਜੈਨ ਮੰਦਰਾਂ ਵਿਚ ਰਹਿਣ ਲਗ ਪਏ ਸਨ ।

ਇਨ੍ਹਾਂ ਯਤੀਆਂ ਵਿਰੁਧ ਅਚਾਰਿਆ ਸ੍ਰੀ ਜਿਨੇਸ਼ਵਰ ਸੂਰੀ ਨੇ ਅਪਣਾ ਅੰਦੋਲਨ ਸ਼ੁਰੂ ਕੀਤਾ । ਆਪ ਖੁਦ ਪਹਿਲਾ ਯਤੀ ਸ੍ਰੀ ਵਰਧਮਾਨ ਸੂਰੀ ਦੇ ਚੇਲੇ ਸਨ । ਉਨ੍ਹਾਂ ਸ਼ਾਸਤਰਾਂ ਅਨੁਸਾਰ ਸਾਧੂ ਜੀਵਨ ਗੁਜ਼ਾਰਨ ਦਾ ਫੈਸਲਾ ਕੀਤਾ । ਆਪ ਨੇ ਸਭ ਤੋਂ ਪਹਿਲਾਂ ਦਿੱਲੀ ਨੂੰ ਅਪਣੇ ਪ੍ਰਚਾਰ ਦਾ ਕੇਂਦਰ ਬਣਾਇਆ । ਆਪ ਦੇ ਪ੍ਰਭਾਵ ਅਧੀਨ ਹਜਾਰਾਂ ਲੋਕਾਂ ਵਿਚ ਧਰਮ ਜਾਗਰਿਤੀ ਆਈ ।

ਇਸੇ ਪ੍ਰੰਪਰਾ ਵਿਚ ਅਚਾਰਿਆ ਜਿਨ ਬਲੱਭ ਸੂਰੀ, ਸ਼ਾਸਤਰਾਂ ਦੇ ਸੰਸਕ੍ਰਿਤ ਟੀਕਾ-ਕਾਰ ਅਚਾਰਿਆ ਅਭੈ ਦੇਵ ਸੂਰੀ ਹੋਏ । ਫੇਰ ਅਚਾਰਿਆ ਸ੍ਰੀ ਜਿਨਦੱਤ ਸੂਰੀ ਨੇ ਹਰਿਆਣਾ, ਸਿੰਧ ਅਤੇ ਪੰਜਾਬ ਦੇ ਕੁਝ ਹਿਸਿਆਂ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ ।

ਇਸੇ ਪ੍ਰੰਪਰਾ ਨੇ ਆਚਾਰਿਆ ਜਿੱਨਦਤ ਸੂਰੀ ਨੂੰ ਪੈਦਾ ਕੀਤਾ । ਉਨ੍ਹਾਂ ਸੰਵਤ 1169 ਦੇ ਵੈਸਾਖ ਮਹੀਨੇ ਵਿਚ ਅਚਾਰਿਆ ਪੱਦਵੀ ਪ੍ਰਾਪਤ ਕੀਤੀ । ਆਪਨੇ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾ ਵਿਚ, ਅਨੇਕਾਂ ਵਿਸ਼ਿਆਂ ਤੇ ਗਰੰਥ ਲਿਖੇ ।

ਪੰਜਾਬ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲਿਆਂ ਵਿਚ ਮਣਿਧਾਰੀ ਦਾਦਾ ਸ੍ਰੀ ਜਿਨ ਦਤ ਦਾ ਨਾਂ ਮਸ਼ਹੂਰ ਹੈ । ਆਪ ਨੇ ਸੰ: 1203 ਵਿਚ ਸਾਧੂ ਦੀਖਿਆ ਗ੍ਰਹਿਣ ਕੀਤੀ । ਸੰ: 1205 ਵਿਚ ਆਪ ਅਚਾਰਿਆ ਵਰਗੇ ਮਹੱਤਵ ਪੂਰਣ ਪੱਦ ਤੇ ਪਹੁੰਚੇ । ਆਪ ਨੇ ਦਿੱਲੀ ਦੇ ਇਲਾਕੇ ਵਿਚ ਧਰਮ ਪ੍ਰਚਾਰ ਕੀਤਾ । ਆਪ ਦੇ ਭਗਤਾਂ ਵਿਚ ਦਿੱਲੀ ਦਾ ਰਾਜਾ ਅਨੰਗਪਾਲ (ਮਦਨ ਪਾਲ) ਪ੍ਰਮੁਖ ਸੀ । ਆਪ ਇਕ ਚਮਤਕਾਰੀ ਜੀਵ ਸਨ । ਸੰ: 1277 ਹਾੜ ਸ਼ੁਕਲ 10 ਨੂੰ ਆਪ ਦਿੱਲੀ ਦੇ ਕੋਲ ਮਹਿਰੌਲੀ ਵਿਖੇ ਸਵਰਗ ਸਿਧਾਰੇ ।

ਇਸੇ ਪ੍ਰੰਪਰਾ ਵਿਚ ਅਚਾਰਿਆ ਸ਼੍ਰੀ ਜਿਨ ਕੁਸ਼ਲ ਸੂਰੀ ਹੋਏ। ਆਪ ਨੇ ਕੁਤਬ ਦੀਨ ਐਬਕ ਨੂੰ ਪ੍ਰਭਾਵਿਤ ਕਰਕੇ ਕਈ ਜੈਨ ਤੀਰਥਾਂ ਦੀ ਯਾਤਰਾ ਲਈ ਹੁਕਮ ਨਾਮੇ ਜਾਰੀ ਕਰਵਾਏ। ਆਪਦਾ ਜਨਮ ਸੰ. 1337 ਮਘਰ ਕ੍ਰਿਸ਼ਨਾ 3 ਹੈ। ਆਪਨੇ ਸਿੰਧ, ਪੱਛਮੀ ਪੰਜਾਬ ਵਿਚ ਅਨੇਕਾਂ ਧਰਮ ਪ੍ਰਚਾਰ ਦੇ ਕੰਮ ਕੀਤੇ। ਆਪਨੇ ਹਸਤਨਾਪੁਰ ਦੀ ਯਾਤਰਾ ਵੀ ਕੀਤੀ। ਆਪ ਹਿੰਦੂ ਮੁਸਲਮਾਨ ਦੋਹਾਂ ਵਿਚ ਪ੍ਰਸਿਧ ਸਨ। ਆਪ ਦਾ ਸਵਰਗਵਾਸ ਸਿੰਧ ਦੇ ਦੇਰਾਵਰ ਕਸਬੇ ਵਿਚ ਹੋਇਆ। ਆਪਨੇ ਅਨਕਾਂ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਗਰੰਥਾਂ ਦੀ ਰਚਨਾ ਕੀਤੀ।

ਵਿਵਿਧ ਤੀਰਥ ਕਲਪ ਨਾਮਕ ਜੈਨ ਤੀਰਥ ਗਰੰਥ ਦੇ ਰਚਿਅਤਾ ਅਚਾਰਿਆ ਸ਼੍ਰੀ ਜਿਨਪ੍ਰਭਵ ਸੂਰੀ ਇਸੇ ਪ੍ਰੰਪਰਾ ਨਾਲ ਸੰਬੰਧਿਤ ਸਨ। ਆਪਨੇ ਸੰਸਕ੍ਰਿਤ,ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਫਾਰਸੀ ਵਿਚ ਅਨੇਕਾਂ ਗਰੰਥ ਲਿਖੇ। ਇਨ੍ਹਾਂ ਦਾ ਸੰਗ੍ਰਿਹ ਪ੍ਰਸਿਧ ਇਤਿਹਾਸਕਾਰ ਸਵਰਗਵਾਸੀ ਸ਼੍ਰੀ ਅਗਰ ਚੰਦ ਜੀ ਨਾਹਟਾ ਬੀਕਾਨੇਰ ਨੇ ਕੀਤਾ ਹੈ। ਅਚਾਰਿਆ ਜਿਨਪ੍ਰਭਵ ਸੂਰੀ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਕਾਂਗੜਾ ਦੇਸ਼ ਦੇ ਅਨੇਕਾਂ ਦੇਸ਼ਾਂ ਦੀ ਯਾਤਰਾ ਕੀਤੀ। ਉਨ੍ਹਾਂ ਆਪਣਾ ਇਹ ਗਰੰਥ ਦਿੱਲੀ ਵਿਖੇ ਹੀ ਖਤਮ ਕੀਤਾ। ਆਪ ਦੇ ਮੁਹੰਮਦ ਤੁਗਲਕ ਨਾਲ ਬਹੁਤ ਹੀ ਚੰਗੇ ਸੰਬੰਧ ਸਨ। ਉਹ ਅਕਸਰ ਆਪ ਨਾਲ ਧਰਮ ਚਰਚਾ ਕਰਦਾ ਸੀ। ਆਪਨੇ ਹਾਂਸੀ, ਸਿਰਸਾ ਵਿਖੇ ਕਾਫੀ ਧਰਮ ਕੇਂਦਰ ਸਥਾਪਿਤ ਕੀਤੇ। ਆਪ ਨੇ ਜੈਨ ਮੰਤਰ ਸਾਹਿਤ ਦੇ ਗਰੰਥਾਂ ਦੀ ਰਚਨਾ ਕੀਤੀ।

ਇਸ ਪਰੰਪਰਾ ਦੇ ਅਚਾਰਿਆ ਨੂੰ ਹੀ ਦਾਦਾ ਸਾਹਿਬ ਨਾਲ ਸਾਰੇ ਸ਼ਵੇਤਾਂਬਰ ਜੈਨ ਸਮਾਜ ਵਿਚ ਸਤਿਕਾਰ ਪ੍ਰਾਪਤ ਹੈ। ਭਾਰਤ ਦੇ ਕਾਫੀ ਜੈਨ ਮੰਦਰ ਵਿਚ ਦਾਦਾ ਵਾੜੀਆਂ ਸਥਾਪਿਤ ਹਨ। ਇਨ੍ਹਾਂ ਵਿਚੋਂ ਕਈ ਅਚਾਰਿਆ ਬਹੁਤ ਮਸ਼ਹੂਰ ਹਨ। ਜੋ ਦਾਦਾ ਵਲੋਂ ਸਤਿਕਾਰੇ ਜਾਂਦੇ ਹਨ। ਇਨ੍ਹਾਂ ਅਚਾਰਿਆਂ ਨੇ ਲੱਖਾਂ ਦੀ ਗਿਣਤੀ ਵਿਚ ਪੰਜਾਬ, ਹਰਿਆਣਾ ਰਾਜਸਥਾਨ, ਸਿੰਧ ਵਿਚ ਨਵੇਂ ਜੈਨੀ ਬਣਾਏ। ਇਨ੍ਹਾਂ ਵਿਚੋਂ ਪਹਿਲਾਂ ਅਸੀਂ ਅਚਾਰਿਆ ਜਿਨ ਚੰਦ ਸੂਰੀ ਦੀ ਚਰਚਾ ਕਰਦੇ ਹਾਂ। ਜਿਨ੍ਹਾਂ ਮਹਿਤਾ ਜਾਤੀ ਦੇ ਖਤਰੀਆਂ ਨੂੰ ਜੈਨ ਧਰਮ ਵਿਚ ਸ਼ਾਮਲ ਕਰਕੇ ਨਵੇਂ ਗੋਤਰ ਪ੍ਰਦਾਨ ਕੀਤੇ।

ਸੰਬਤ 1376 ਵਿਚ ਲਿਖੀ ਇਕ ਪਟਾਵਲੀ ਅਨੁਸਾਰ ਅਚਾਰਿਆ ਜਿਨ ਚੰਦਰ ਸੂਰੀ ਨੇ 525 ਨਵੇਂ ਜੈਨ ਘਰ ਬਣਵਾਏ। ਜੋ ਕਿ ਪੰਜਾਬ ਦੇ ਮਹਿਮ ਸ਼ਹਿਰ ਦੇ ਸਨ। ਕੁਰੂਖੇਤਰ ਦਾ ਰਾਜਾ ਮਲਸਿੰਘ, ਰਾਜਾ ਮੇਘ ਮਲ, ਚੰਪਕ ਸੈਨ ਅਤੇ ਆਪਣੇ ਵਜੀਰਾਂ ਸਮੇਤ ਜੈਨ ਧਰਮ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਅਨੇਕਾਂ ਧਰਮ ਪਰਚਾਰ ਦੇ ਕੰਮ ਕੀਤੇ। ਅਚਾਰਿਆ ਸ਼੍ਰੀ ਰਾਜਪੁਰਾ, ਕਰਨਾਲ, ਮਾਧੋਪੁਰ ਆਦਿ ਪੰਜਾਬ ਦੇ ਪ੍ਰਮੁਖ ਸ਼ਹਿਰਾਂ ਵਿਚ ਧਰਮ ਪਰਚਾਰ ਕਰਦੇ ਸਨ।

ਇਸੇ ਪ੍ਰਸੰਗ ਦੇ ਪ੍ਰਮੁਖ ਆਚਾਰਿਆ ਜਿਨ ਦੱਤ ਸੂਰੀ ਨੇ ਸਵਾ ਲੱਖ ਨਵੇਂ ਜੈਨੀ ਬਣਾਏ। ਆਪ ਪੰਜਾਬ ਦੇ ਅਨੇਕਾਂ ਖੇਤਰਾਂ ਵਿਚ ਘੁੰਮੇ। ਆਪ ਨੇ ਪੰਜਾਬ ਦੇ ਪੰਜ ਦਰਿਆਵਾਂ ਦੇ ਖੇਤਰਾਂ ਵਿਚ ਜੈਨ ਧਰਮ ਦਾ ਝੰਡਾ ਝੁਲਾਇਆ। ਇਸ ਜਿਨਦੱਤ ਸੂਰੀ ਨੇ 1000 ਪਿੰਡਾਂ ਦੇ ਮਾਲਕ ਸਿੰਧ ਦੇਸ਼ ਵਾਸੀ ਅਭੈ ਸਿੰਘ ਨੂੰ ਸੰਵਤ 1198 ਵਿਚ ਜੈਨ ਧਰਮ ਵਿਚ ਸ਼ਾਮਲ ਕੀਤਾ। ਉਨ੍ਹਾਂ ਸਿੰਧ ਵਾਸੀਆਂ ਦੀ ਮਾਂਸ ਅਤੇ ਸ਼ਿਕਾਰ ਦੀ ਆਦਤ ਛੁਡਾਈ। ਇਸੇ ਪ੍ਰਕਾਰ ਰਾਜਸਥਾਨ, ਗੁਜਰਾਤ ਅਤੇ ਉੱਤਰ ਪ੍ਰਦੇਸ਼ ਵਿਚ ਆਪਨੇ ਲੱਖਾਂ ਦੀ ਗਿਨਤੀ ਵਿਚ ਜੈਨ ਧਰਮ ਬਣਾ ਕੇ "ਨਵੇਂ" ਗੋਤਰ ਪ੍ਰਦਾਨ ਕੀਤਾ। ਆਪ ਦਾ ਜੀਵਨ ਅਨੇਕਾਂ ਚਮਤਕਾਰਾਂ ਨਾਲ ਭਰਿਆ ਪਿਆ ਹੈ। ਪਰ ਹਰ ਗੋਤਰ ਦੀ ਆਪਣੀ ਕਹਾਣੀ ਹੈ। ਪ੍ਰੰਪਰਾ ਅਨੁਸਾਰ ਆਪਨੇ ਪੰਜਾਂ ਦਰਿਆਵਾਂ ਦੇ ਪੰਜ ਪੀਰ ਕਾਬੂ ਕੀਤੇ।

ਸੰਵਤ 1214 ਵਿਚ ਅਚਾਰਿਆ ਜਿਨਚੰਦ ਸੂਰੀ ਸਿੰਧ ਦੇਸ਼ ਦੇ ਰਾਜਾ ਗੋਸਲ ਸਿੰਘ ਭਾਟੀ ਨੂੰ 1500 ਪਰਿਵਾਰਾਂ ਸਮੇਤ ਜੈਨ ਧਰਮ ਵਿਚ ਦਾਖਲ ਕੀਤਾ।

ਇਸ ਪ੍ਰਕਾਰ ਖਰਤਰ ਗੱਛ ਨੂੰ ਪੰਜਾਬ, ਗੁਜਰਾਤ, ਰਾਜਸਥਾਨ, ਉੱਤਰ ਪ੍ਰਦੇਸ਼,ਸਿੰਧ, ਹਰਿਆਣਾ ਅਤੇ ਦਿੱਲੀ ਦੇ ਖੇਤਰਾਂ ਵਿਚ ਲੱਖਾਂ ਨਵੇਂ ਜੈਨੀ ਬਣਾਉਣ ਦਾ ਮਾਨ ਹਾਸਲ ਹੈ।

ਇਸੇ ਗੱਛ ਵਿਚ ਅਕਬਰ ਨੂੰ ਜੈਨ ਧਰਮ ਵਲ ਸਭ ਤੋਂ ਪਹਿਲਾਂ ਪ੍ਰਭਾਵਿਤ ਕਰਨ ਵਾਲੇ ਅਚਾਰਿਆ ਜਿਨ ਚੰਦ ਸੂਰੀ ਹੋਏ ਹਨ। ਆਪਦਾ ਜਨਮ ਸੰਵਤ 1595 ਦੀ ਚੇਤਰ ਕ੍ਰਿਸ਼ਨਾ 12 ਨੂੰ ਖੇਤਰਸਰ [ਮਾਰਵਾੜ] ਵਿਖੇ ਸ੍ਰੀਬੰਡ ਸਾਰ ਅਤੇ ਸ੍ਰਿਆ ਦੇਵੀ ਦੇ ਘਰ ਹੋਇਆ। ਬਚਪਨ ਵਿਚ ਆਪ ਦਾ ਨਾਂ ਸੁਲਤਾਨ ਕੁਮਾਰ ਸੀ। ਸੰਬਤ 1604 ਵਿਚ ਆਪਨੇ ਜਿਨ ਮਾਨਿਕੀਆ ਸੂਰੀ ਤੋਂ ਸਾਧੂ ਜੀਵਨ ਗ੍ਰਹਿਨ ਕੀਤਾ। ਉਨ੍ਹਾਂ ਧਰਮ ਪਰਚਾਰ ਕਰਦੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕੀਤਾ। ਆਪ ਦੇ ਸਮੇਂ, ਯਤੀ ਵਰਗ ਸਾਧੂਆਂ ਲਈ ਸਮੱਸਿਆਵਾਂ ਬਣਾ ਚੁਕਾ ਸੀ। ਆਪਨੇ ਅਨੇਕਾਂ ਸ਼ਾਸਤਰ ਅਰਥਾਂ ਰਾਹੀਂ ਲੋਕਾਂ ਨੂੰ ਸੱਚੇ ਜੈਨ ਧਰਮ ਦਾ ਗਿਆਨ ਕਰਾਇਆ। ਆਪਨੇ ਹਸਤਨਾਪੁਰ, ਰੋਹਤਕ ਵਿਚ ਚੌਮਾਸੇ ਕੀਤੇ ਅਤੇ ਧਾਰਮਿਕ ਕੇਂਦਰ ਸਥਾਪਤ ਕੀਤੇ।

ਆਪਦੇ ਤੱਪ ਤਿਆਗ ਤੋਂ ਪ੍ਰਭਾਵਿਤ ਹੋ ਕੇ ਮੁਗਲ ਸਮਰਾਟ ਅਕਬਰ ਨੇ ਆਪ ਨੂੰ ਲਾਹੌਰ ਵਿਚ ਆ ਕੇ ਧਰਮ ਦਾ ਉਪਦੇਸ਼ ਕਰਨ ਦੀ ਬੇਨਤੀ ਕੀਤੀ। ਅਚਾਰਿਆ ਜੀ ਸੰਵਤ 1648 ਫਗਣ ਸੁਦੀ 12 ਨੂੰ 31 ਸਾਧੂਆਂ ਸਮੇਤ ਅਕਬਰ ਦੇ ਦਰਬਾਰ ਵਿਚ ਪਹੁੰਚੇ। ਬਾਦਸ਼ਾਹ ਨੇ ਆਪ ਜੀ ਦਾ ਸ਼ਾਹੀ ਸਵਾਗਤ ਕੀਤਾ। ਆਪ ਦੇ ਚਰਣਾਂ ਵਿਚ 100 ਮੋਹਰਾਂ ਰਖੀਆਂ। ਆਪਨੇ ਬਾਦਸ਼ਾਹ ਨੂੰ ਜੈਨ ਸਾਧੂ ਦੇ ਨਿਯਮ ਸਮਝਾਏ। ਬਾਦਸ਼ਾਹ ਨੇ ਆਪਨੂੰ ਖੁਸ਼ ਹੋਕੇ ਬੜਾ ਗੁਰੂ ਆਖਣਾ ਸ਼ੁਰੂ ਕਰ ਦਿਤਾ। ਚੇਤ ਸੁਦੀ 10 ਨੂੰ ਲਾਹੌਰ ਦੇ ਸ਼੍ਰੀ ਪਾਰਸ਼ਵ ਨਾਥ ਮੰਦਰ ਵਿਚ ਆਪ ਦੀ ਪ੍ਰੇਰਣਾ ਨਾਲ ਸਲੀਮ ਨੇ ਵੀ ਜੈਨ

ਪੂਜਾ ਕੀਤੀ। ਇਸ ਦਾ ਕਾਰਣ ਇਹ ਵੀ ਸੀ ਕਿ ਸਲੀਮ ਦੇ ਘਰ ਇਕ ਪੁਤਰੀ ਪੈਦਾ ਹੋਈ। ਉਸਦੇ ਅਸ਼ੁਭ ਗ੍ਰਹਿ ਦੂਰ ਕਰਨ ਲਈ ਬਾਦਸ਼ਾਹ ਨੇ ਅਚਾਰਿਆ ਜੀ ਦੀ ਪ੍ਰੇਰਣਾ ਨਾਲ ਸਲੀਮ ਤੋਂ ਇਹ ਪੂਜਾ ਕਰਵਾਈ। ਅਚਾਰਿਆ ਜਿਨ ਚੰਦਰ ਸੂਰੀ ਨੇ ਅਕਬਰ ਤੋਂ ਅਨੇਕਾਂ ਫਰਮਾਨ [ਹੁਕਮਨਾਮੇ] ਜਾਰੀ ਕਰਵਾਏ। ਇਨ੍ਹਾਂ ਦਾ ਸੰਬੰਧ ਜੀਵ ਰਖਿਆ ਨਾਲ ਸੀ। ਜੀਵ ਰੱਖਿਆ ਦੇ 12 ਫਰਮਾਨਾਂ ਰਾਹੀਂ 10 ਦਿਨ, 15 ਦਿਨ, 20 ਦਿਨ, ਮਹੀਨਾ ਦੋ ਮਹੀਨੇ ਤਕ ਬੁਚੜਖਾਨੇ ਬੰਦ ਕਰਵਾਏ। ਅਹਿੰਸਾ ਦਾ ਪ੍ਰਚਾਰ ਕੀਤਾ। ਅਕਬਰ ਨੇ ਕਸ਼ਮੀਰ ਦੀ ਜਿਤ ਸਮੇਂ, ਆਪ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ। ਆਪ ਨੇ ਕਸ਼ਮੀਰ ਯਾਤਰਾ ਸਮੇਂ ਆਪਣੇ ਦੋ ਚੇਲੇ ਮੁਨੀ ਸਵਿਸ਼ਾਲ ਅਤੇ ਪੰਚਾਨਨ ਨੂੰ ਭੇਜਿਆ। ਇਹਨਾਂ ਚੇਲਿਆਂ ਨੇ ਬਾਦਸਾਹ ਨੂੰ ਪ੍ਰੇਰਣਾ ਦੇ ਕੇ ਤਲਾਬ ਵਿਚੋਂ ਮੱਛੀਆਂ ਫੜਨ ਲਈ ਪਾਬੰਦੀ ਲਗਵਾ ਦਿਤੀ। ਸੰਬਤ 1649 ਵਿਚ ਆਪਦੇ ਚੇਲੇ ਵਾਪਸ ਲਾਹੌਰ ਆ ਗਏ। ਕਸ਼ਮੀਰ ਜਿੱਤ ਦੀ ਖੁਸ਼ੀ ਵਿਚ ਬਾਦਸ਼ਾਹ ਨੇ ਅਠ ਦਿਨ ਸ੍ਰੀਨਗਰ ਵਿਖੇ ਜੀਵ ਹਤਿਆ ਬੰਦ ਕਰਵਾ ਦਿਤੀ। ਅਕਬਰ ਨੇ ਸ਼ਤਰੁੰਜੇ ਤੀਰਥ ਨੂੰ ਟੈਕਸ ਤੋਂ ਮੁਕਤ ਕਰਵਾ ਦਿਤਾ। ਅਕਬਰ ਤੋਂ ਛੁੱਟ ਅਬੁਰਜਾ, ਆਜਮ ਖਾਨ, ਖਾਨਖਾਨਾ ਅਚਾਰਿਆ ਜੀ ਦੇ ਮਹਾਨ ਭਗਤ ਸਨ। 1652 ਵਿਚ ਆਪ ਪੰਜ ਦਰਿਆਵਾਂ ਦੇ ਪੰਜ ਪੀਰਾਂ ਨੂੰ ਕਾਬੂ ਕਰਨ ਵਾਸਤੇ ਮੁਲਤਾਨ ਆਏ।

ਇਕ ਵਾਰ ਬਾਦਸ਼ਾਹ ਸਲੀਮ ਨੇ ਸਾਰੇ ਯਤੀਆਂ ਨੂੰ ਹੁਕਮ ਦਿਤਾ ਕਿ 'ਗ੍ਰਹਿਸਥੀ ਬਣ ਜਾਵੋ।' ਆਪਨੇ ਬੁਢਾਪੇ ਵਿਚ, ਰਾਜਸਥਾਨ ਤੋਂ ਆਗਰੇ ਆ ਕੇ ਸਲੀਮ ਦਾ ਇਹ ਹੁਕਮ ਵਾਪਸ ਕਰਵਾਇਆ। ਅਕਬਰ ਬਾਦਸ਼ਾਹ ਨੇ ਆਪ ਨੂੰ ਅਤੇ ਅਨੇਕਾਂ ਚੇਲਿਆਂ ਨੂੰ ਪਦਵੀਆਂ ਪ੍ਰਦਾਨ ਕੀਤੀਆਂ। ਆਪਦੇ 2000 ਸਾਧੂ ਸਨ। ਆਪਨੇ ਪੰਜਾਬ ਵਿਚ 5, ਤੇ ਦਿੱਲੀ ਵਿਚ 5 ਚੌਮਾਸੇ ਕੀਤੇ। ਇਸ ਤਰਾਂ ਆਪਨੇ ਬਾਦਸ਼ਾਹ ਦੀ ਮਦਦ ਨਾਲ 10-12 ਸਾਲ ਜੈਨ ਧਰਮ ਦਾ ਪਰਚਾਰ ਕੀਤਾ। ਸਵਰਗਵਾਸ ਸਮੇਂ ਆਪਦਾ ਸਾਰਾ ਸ਼ਰੀਰ ਜਲ ਗਿਆ, ਪਰ ਮੂੰਹਪੱਟੀ ਸਾਬਤ ਰਹੀ। ਆਪਦਾ ਸਵਰਗਵਾਸ ਬਿਲਾੜਾ ਵਿਖੇ ਹੋਇਆ। ਆਪਨੇ ਅਨੇਕਾਂ ਧਾਰਮਿਕ, ਸਮਾਜਿਕ ਕੰਮ ਕੀਤੇ। ਜਿਸਦੇ ਸਿੱਟੇ ਵਜੋਂ ਅੱਜ ਵੀ ਪੰਜਾਬ ਵਿਚ ਹਰ ਥਾਂ ਤੇ ਦਾਦਾਵਾੜੀ ਮਿਲਦੀ ਹੈ। ਆਪ ਨੂੰ ਬਾਦਸ਼ਾਹ ਅਕਬਰ ਨੇ **ਯੁਗ ਪ੍ਰਧਾਨ** ਦੀ ਪਦਵੀ ਪ੍ਰਦਾਨ ਕੀਤੀ।

## ਤਪਾ ਗੱਛ

ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲੇ ਗੱਛਾਂ ਵਿਚ ਤਪਾ ਗੱਛ ਦਾ ਆਪਣਾ ਸਥਾਨ ਹੈ। ਇਸ ਨੇ ਮਹਾਨ ਅਚਾਰਿਆ ਅਤੇ ਸਾਧੂ ਪੈਦਾ ਕੀਤੇ। ਜਿਨ੍ਹਾਂ ਵਿਕਰਮ ਦੀ 13ਵੀਂ ਸਦੀ ਤੋਂ ਲੈਕੇ 18ਵੀਂ ਸਦੀ ਤਕ ਅਤੇ 20ਵੀਂ ਸਦੀ ਤੋਂ 21ਵੀਂ ਸਦੀ ਤਕ ਜੈਨ ਧਰਮ ਦੇ ਮਹਾਨ ਪ੍ਰਚਾਰਕ, ਸਾਹਿਤਕਾਰ ਅਤੇ ਤਪੱਸਵੀ ਪੈਦਾ ਕੀਤੇ। ਅਕਬਰ ਨੂੰ ਜੈਨ ਧਰਮ ਦੀ ਪਰੇਰਨਾ ਦੇਣ ਵਾਲੇ ਅਤੇ ਅਨੇਕਾਂ ਹੁਕਮਨਾਮੇ ਜਾਰੀ ਕਰਾਉਣ ਵਾਲੇ

ਸਾਧੂ ਵੀ ਇਸ ਗੱਛ ਨਾਲ ਸੰਬੰਧਿਤ ਹਨ। ਤਪੱਸਿਆ ਮੁੱਖ ਹੋਣ ਕਾਰਣ ਇਸ ਨੂੰ ਤਪਾ ਗੱਛ ਆਖਦੇ ਹਨ। ਇਸ ਗੱਛ ਦਾ ਮੂਲ ਜਨਮ ਸਥਾਨ ਗੁਜਰਾਤ ਰਿਹਾ ਹੈ। ਪਰ ਇਸ ਨੂੰ ਵਧਨ ਫੁਲਣ ਦਾ ਸਥਾਨ ਪੰਜਾਬ ਹੀ ਰਿਹਾ ਹੈ। ਅਨੇਕਾਂ ਦੇਸੀ ਅਤੇ ਵਿਦੇਸੀ ਗ੍ਰੰਥ-ਕਾਰਾਂ ਨੇ ਇਸ ਗੱਛ ਦੇ ਅਚਾਰਿਆਂ ਦੇ ਮੁਗਲ ਬਾਦਸ਼ਾਹ ਨਾਲ ਸੰਬੰਧ ਦਾ ਵਰਨਣ ਕੀਤਾ ਹੈ।

ਇਸ ਗੱਛ ਦੇ ਦਾਦਾ ਗੁਰੂ ਆਨੰਦ ਮੇਰੂ ਨੂੰ ਬਾਦਸ਼ਾਹ ਬਾਬਰ ਨੇ ਸਨਮਾਨਿਆ ਸੀ। ਮੁਨੀ ਪਦਮ ਸੁੰਦਰ ਜੀ ਦੇ ਗੁਰੂ ਪਦਮ ਮੇਰੂ ਨੂੰ ਹਮਾਯੂ ਨੇ ਸਨਮਾਨਿਤ ਕੀਤਾ ਸੀ। ਅਕਬਰ ਦੇ ਸਮੇਂ ਮੁਨੀ ਪਦਮ ਸੁੰਦਰ ਨੇ ਤਿੰਨ ਸੰਸਕ੍ਰਿਤ ਗਰੰਥਾ ਦੀ ਰਚਨਾ ਕੀਤੀ ਸੀ। ਇਸ ਤੋਂ ਇਸ ਗੱਛ ਨੇ ਅਚਾਰਿਆ ਹੀਰਾ ਵਿਜੈ ਸੂਰੀ ਨੂੰ ਜਨਮ ਦਿਤਾ। ਆਪਦੇ ਸਾਧੂਆਂ ਦੀ ਸੰਖਿਆ 2000 ਦੇ ਕਰੀਵ ਸੀ।

## ਲੋਂਕਾ ਗੱਛ

ਵਿਕਰਮ ਦੀ 15-16ਵੀਂ ਸਦੀ ਦਾ ਸਮਾਂ ਜੈਨ ਇਤਿਹਾਸ ਵਿਚ ਮਹੱਤਵ ਪੂਰਣ ਸਮਾਂ ਰਿਹਾ ਹੈ। ਉਸ ਸਮੇਂ ਸ਼ਵੇਤਾਂਵਰ ਜੈਨ ਸਮਾਜ ਯਤੀਆਂ ਦੇ ਅਧੀਨ ਸੀ ਅਤੇ ਦਿਗੰਵਰ ਸਮਾਜ ਭਟਾਰਕਾ ਦੇ ਅਧੀਨ ਸੀ। ਦੋਵੇਂ ਵਰਗ ਜੈਨ ਸਮਾਜ ਦੇ ਸਾਧੂ ਵਰਗ ਦੇ ਵਿਚਕਾਰਲਾ ਵਰਗ ਸਨ। ਸ਼ੁਧ ਸਾਧੂ, ਸਾਧਵੀ ਬਹੁਤ ਘੱਟ ਵਿਖਾਈ ਦਿੰਦੇ ਸਨ। ਕੁਝ ਯਤੀ ਧਰਮ ਦੇ ਨਾਂ ਤੇ ਜੈਨ ਧਰਮ ਤੋਂ ਉਲਟ ਕੰਮ ਕਰ ਰਹੇ ਸਨ। ਇਹ ਯੁਗ ਵਿਚ ਸੰਜਮ ਨਾਲ ਜਿਆਦਾ ਧਰਮ ਵਿਚ ਕ੍ਰਿਆ ਕਾਂਡ ਘੁਸ ਗਏ ਸਨ। ਇਹ ਸਮਾਂ ਸੀ ਜਦੋਂ ਭਾਰਤ ਦੀ ਧਰਤੀ ਤੇ ਭਗਤੀ ਲਹਿਰ ਉੱਠੀ। ਜੈਨ ਧਰਮ ਦੇ ਸ਼ਵੇਤਾਂਵਰ ਫਿਰਕੇ ਨੇ ਉਸ ਸਮੇਂ ਇਕ ਮਹਾਨ ਪੁਰਸ਼ ਨੂੰ ਜਨਮ ਦਿੱਤਾ।

ਲੋਂਕਾ ਸ਼ਾਹ ਦੇ ਜਨਮ ਸੰਬਤ ਵਾਰੇ ਭਿੰਨ ਭਿੰਨ ਮਾਨਤਾਵਾਂ ਹਨ। ਕੋਈ ਉਨ੍ਹਾਂ ਦਾ ਜਨਮ 1475 ਅਤੇ 1472 ਮੰਨਦਾ ਹੈ। ਕੋਈ 1482 ਮੰਨਦਾ ਹੈ। ਸਾਧਵੀ ਚੰਦਨਾ ਨੇ **ਹਮਾਰਾ ਇਤਿਹਾਸ** ਨਾਂ ਦੀ ਪੁਸਤਕ ਦੇ ਪੰਨਾ 90 ਤੇ ਲਿਖਿਆ ਹੈ ਕਿ ਲੋਂਕਾਸ਼ਾਹ ਦਾ ਜਨਮ ਸੰਬਤ 1482 ਠੀਕ ਹੈ।

ਲੋਂਕਾ ਸ਼ਾਹ ਓਸਵਾਲ ਜਾਤੀ ਦੇ ਸਨ। ਆਪ ਦੇ ਪਿਤਾ ਹੇਮਾ ਸ਼ਾਹ ਅਤੇ ਮਾਤਾ ਗੰਗਾ ਦੇਵੀ ਸੀ। ਲੋਂਕਾ ਸ਼ਾਹ ਨੂੰ ਬਚਪਨ ਤੋਂ ਧਾਰਮਿਕ ਸੰਸਕਾਰ ਮਿਲੇ ਸਨ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ, ਹਿੰਦੀ ਆਦਿ ਅਨੇਕ ਭਾਸ਼ਾ ਦੇ ਜਾਨਕਾਰ ਸਨ। ਆਪਦਾ

---

੧. ਸਲੀਮ ਵਾਲੀ ਜੈਨ ਪੂਜਾ ਦੀ ਘਟਨਾ ਤਪਾ ਗੱਛ ਦੇ ਮੁਨੀ ਭਾਨੂ ਚੰਦ ਨਾਲ ਵੀ ਜੋੜੀ ਗਈ ਹੈ। (ਵੇਖੋ ਮੱਧ ਏਸ਼ੀਆ ਤੇ ਪੰਜਾਬ ਵਿਚ ਜੈਨ ਧਰਮ)।

(ਪੰ. ਹੀਰਾ ਲਾਲ ਦੂਗੜ)

ਧੰਦਾ ਜੌਹਰੀ ਦਾ ਸੀ। ਆਪਦੀ ਸੁੰਦਰ ਲਿਖਾਈ ਦੇ ਕਾਰਣ ਯਤੀ ਗਿਆਨ ਸੁੰਦਰ ਜੀ ਨੇ ਆਪ ਨੂੰ ਸ਼ਾਸਤਰਾਂ ਦੀ ਨਕਲ ਕਰਨ ਦਾ ਕੰਮ ਸੌਂਪਿਆ। ਆਪ ਆਗਮ ਦੀਆਂ ਦੋ ਕਾਪੀਆਂ ਨਕਲ ਕਰਦੇ ਸਨ। ਇਕ ਯਤੀ ਜੀ ਲਈ, ਦੂਜੀ ਅਪਣੇ ਲਈ। ਨਕਲ ਕਰਦੇ ਸਮੇਂ ਆਪ ਨੂੰ ਜਾਪਿਆ ਕਿ ਅਜ ਕਲ ਦਾ ਸਾਧੂ ਜੀਵਨ ਭਗਵਾਨ ਮਹਾਵੀਰ ਦੇ ਸਮੇਂ ਵਾਲਾ ਨਹੀਂ। ਆਪਨੇ ਯਤੀ ਜੀ ਨਾਲ ਕਾਫੀ ਧਰਮ ਚਰਚਾ ਕੀਤੀ। ਪਰ ਤਸੱਲੀ ਵਾਲਾ ਜਵਾਬ ਨਾ ਮਿਲਨ ਕਾਰਣ, ਆਪਨੇ ਗ੍ਰਹਿਸਥ ਰੂਪ ਵਿਚ ਧਰਮ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਲੌਂਕਾ ਸ਼ਾਹ ਨੇ ਮੂਰਤੀ ਪੂਜਾ ਨੂੰ ਸਵੀਕਾਰ ਨਹੀਂ ਕੀਤਾ। ਉਹ ਆਪ ਸਾਧੂ ਨਾ ਬਣ ਸਕੇ ਪਰ ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੇ ਜੈਨ ਧਰਮ ਗ੍ਰਹਿਣ ਕੀਤਾ।

ਸ੍ਰੀ ਭਾਣਾ ਜੀ ਵਰਗੇ ਸੇਠ 45 ਦੋਸਤਾਂ ਨਾਲ ਜੈਨ ਮੁਨੀ ਬਣ ਗਏ। ਇਨ੍ਹਾਂ ਮੁਨੀਆਂ ਨੇ ਆਪਣੇ ਗੱਛ ਦਾ ਨਾਂ, ਅਪਣੇ ਪ੍ਰੇਰਕ ਲੌਂਕਾ ਸ਼ਾਹ ਤੇ ਰਖਿਆ। ਲੌਂਕਾ ਸ਼ਾਹ ਬਾਰੇ ਕੋਈ ਪ੍ਰਮਾਣਿਕ ਸਾਮੱਗਰੀ ਲੌਂਕਾ ਗੱਛ ਤੋਂ ਨਹੀਂ ਮਿਲਦੀ, ਸਗੋਂ ਲੌਂਕਾ ਸ਼ਾਹ ਦੇ ਵਿਰੋਧੀਆਂ ਨੇ ਲੌਂਕਾ ਸ਼ਾਹ ਵਾਰੇ ਕਾਫੀ ਕੁਝ ਲਿਖਿਆ ਹੈ। ਆਪ ਦੇ ਜੀਵਨ ਵਿਚ ਹੀ ਆਪ ਦੇ ਸਾਧੂਆਂ ਦੀ ਗਿਣਤੀ 1120 ਤਕ ਪਹੁੰਚ ਗਈ। ਲੌਂਕਾ ਸ਼ਾਹ ਦੇ ਇਸ ਗੱਛ ਨੂੰ ਪੰਜਾਬ ਤੋਂ ਬਹੁਤ ਸਮਰਥਨ ਪ੍ਰਾਪਤ ਹੋਇਆ। ਅੱਜ ਵੀ ਲੌਂਕਾ ਸ਼ਾਹ ਦੀ ਪ੍ਰੰਪਰਾ ਨਾਲ ਸੰਬੰਧਿਤ ਯਤੀਆਂ ਦੇ ਡੇਰੇ ਇਸ ਗਲ ਦਾ ਸਬੂਤ ਹਨ। ਬਾਅਦ ਵਿਚ ਇਹ ਯਤੀ ਵੀ ਮੂਰਤੀ ਪੂਜਾ ਨੂੰ ਸਵੀਕਾਰ ਕਰਨ ਲਗ ਪਏ। ਪੰਜਾਬ ਦੀ ਸ਼ਵੇਤਾਂਵਰ ਸਥਾਨਕਵਾਸੀ ਪ੍ਰੰਪਰਾ ਲੌਂਕਾ ਸ਼ਾਹ ਨੂੰ ਮਹਾਪੁਰਸ਼ ਮੰਨਦੀ ਹੈ, ਪਰ ਇਸ ਫਿਰਕੇ ਦੀ ਅਪਣੀ ਪੁਰਾਤਨ ਪਟਾਵਲੀ ਹੈ, ਜੋ ਕਿ ਇਤਿਹਾਸਿਕ ਪੱਖੋਂ ਕਾਫੀ ਮਹਾਨਤਾ ਰਖਦੀ ਹੈ। ਇਸ ਦਾ ਵਰਨਣ ਪਿਛੇ (ਪਰਿਸ਼ਿਸ਼ਟ) ਵਿਚ ਕੀਤਾ ਜਾਵੇਗਾ। ਇਸ ਦਾ ਸੰਬੰਧ ਸਿੱਧਾ ਸੁਧਰਮਾ ਸਵਾਮੀ ਨਾਲ ਹੈ। ਲੌਂਕਾ ਸ਼ਾਹ ਦੇ ਪ੍ਰਮੁਖ ਸਾਧੂ ਭਾਣਾ ਜੀ ਦੀ ਪ੍ਰੰਪਰਾ ਇਸ ਪ੍ਰਕਾਰ ਹੈ।

ਭਾਣਾ ਜੀ ਦੇ ਚੇਲੇ (1) ਭੀਦਾ ਜੀ, (2) ਨੂਨਾ ਜੀ, (3) ਭੀਮਾ ਜੀ, (4) ਜਗਮਾਲ ਜੀ (5) ਸਰਵਾ ਜੀ ਸਨ। ਸਰਵਾ ਜੀ ਦੇ ਦੋ ਚੇਲੇ ਸਨ। ਯਤੀ ਰਾਏ ਮਲ ਜੀ ਅਤੇ ਸ੍ਰੀ ਭਲੋ ਜੀ। ਦੋਵੇਂ ਸੰਬਤ 1560 ਨੂੰ ਲਾਹੌਰ ਆਏ। ਇਸੇ ਕਰਕੇ ਇਨ੍ਹਾਂ ਦੇ ਗੱਛ ਦਾ ਨਾਂ ਉੱਤਰਾਧ ਗੱਛ ਲਾਹੌਰੀ ਪਿਆ। ਇਸ ਸ਼ਾਖਾ ਦੀ ਪ੍ਰੰਪਰਾ ਇਸ ਪ੍ਰਕਾਰ ਹੈ:—

(1) ਅਚਾਰਿਆ ਸ੍ਰੀ ਬਜਰੰਗ ਜੀ, (2) ਸ੍ਰੀ ਲਵਜੀ ਰਿਸ਼ੀ, (3) ਸ੍ਰੀ ਸੋਮ ਜੀ, (4) ਸ੍ਰੀ ਹਰੀ ਦਾਸ ਜੀ (5) ਸ੍ਰੀ ਬਿੰਦਰਾਬਨ ਜੀ (6) ਸ੍ਰੀ ਭਵਾਨੀ ਦਾਸ ਜੀ (7) ਸ੍ਰੀ ਮਲੂਕ ਦਾਸ ਜੀ (8) ਸ੍ਰੀ ਮਨਸਾ ਰਾਮ ਜੀ (9) ਸ੍ਰੀ ਭੋਜ ਰਾਜ ਜੀ (10) ਸ੍ਰੀ

ਮਹਾ ਸਿੰਘ ਜੀ (11) ਸ਼੍ਰੀ ਖੁਸ਼ਹਾਲ ਚੰਦ ਜੀ (12) ਸ਼੍ਰੀ ਛੱਜੂ ਮਲ ਜੀ (13) ਸ਼੍ਰੀ ਰਾਮ ਲਾਲ ਜੀ (14) ਸ਼੍ਰੀ ਅਮਰ ਸਿਘ ਜੀ (15) ਸ਼੍ਰੀ ਰਾਮ ਬਖਸ਼ ਜੀ (16) ਸ਼੍ਰੀ ਮੋਤੀ ਰਾਮ ਜੀ (17) ਸ਼੍ਰੀ ਸੋਹਨ ਲਾਲ ਜੀ (18) ਸ਼੍ਰੀ ਕਾਂਸ਼ੀ ਰਾਮ ਜੀ (19) ਸ਼੍ਰੀ ਆਤਮਾ ਰਾਮ ਜੀ (20) ਸ਼੍ਰੀ ਆਨੰਦ ਰਿਸ਼ੀ ਜੀ।

ਯਤੀ ਰਾਏ ਮਲ ਤੋਂ ਇਕ ਹੋਰ ਪੰਜਾਬੀ ਯਤੀਆਂ ਦੀ ਪ੍ਰੰਪਰਾ ਹੈ : (1) ਸ਼੍ਰੀ ਸਿੰਘ ਰਾਜ ਜੀ (2) ਸ਼੍ਰੀ ਜਸੋਧਰ ਜੀ (3) ਸ਼੍ਰੀ ਮਨੋਹਰ ਰਿਸ਼ੀ ਜੀ (4) ਸ਼੍ਰੀ ਸੁੰਦਰ ਰਿਸ਼ੀ ਜੀ (5) ਸ਼੍ਰੀ ਸਦਾ ਨੰਦ ਰਿਸ਼ੀ ਜੀ (6) ਸ਼੍ਰੀ ਜਸਵੰਤ ਰਿਸ਼ੀ ਜੀ (7) ਸ਼੍ਰੀ ਵਰਧਮਾਨ ਰਿਸ਼ੀ ਜੀ (8) ਸ਼੍ਰੀ ਲਖਮੀ ਰਿਸ਼ੀ ਜੀ (9) ਸ਼੍ਰੀ ਰਿਖਵਾ ਰਿਸ਼ੀ ਜੀ (10) ਸ਼੍ਰੀ ਸੰਤੂ ਰਿਸ਼ੀ ਜੀ (11) ਸ਼੍ਰੀ ਹਰਦਿਆਲ ਰਿਸ਼ੀ ਜੀ।

ਫਗਵਾੜੇ ਦੀ ਗੱਦੀ ਦੇ ਮਸ਼ਹੂਰ ਯਤੀ ਸ਼੍ਰੀ ਮੇਘ ਰਾਜ ਜੀ ਅਪਣੇ ਆਪ ਨੂੰ ਸ਼੍ਰੀ ਸਿੰਘ ਰਿਸ਼ੀ ਦੀ ਪ੍ਰੰਪਰਾ ਵਿਚੋਂ ਮੰਨਦੇ ਹਨ। ਸ਼੍ਰੀ ਮੇਘ ਮੁਨੀ ਨੇ ਆਯੁਰਵੈਦਿਕ ਨੂੰ ਦੋ ਗਰੰਥ ਪ੍ਰਦਾਨ ਕੀਤੇ ਹਨ, ਮੇਘ ਵਿਨੋਦ ਅਤੇ ਮੇਘ ਵਿਲਾਸ।

ਇਸੇ ਪ੍ਰਕਾਰ ਫਰੀਦਕੋਟ, ਸੁਨਾਮ, ਪਟਿਆਲਾ, ਮਾਲੇਰਕੋਟਲਾ ਦੇ ਪੂਜਾਂ ਦੀ ਅਪਣੀ ਗੁਰੂ ਪ੍ਰੰਪਰਾ ਹੈ। ਇਨ੍ਹਾਂ ਸਾਰੇ ਪੂਜਾਂ ਦਾ ਅਪਣੇ ਅਪਣੇ ਰਾਜੇ, ਨਵਾਬਾਂ, ਸ਼ਾਹੂਕਾਰਾਂ ਅਤੇ ਆਮ ਜਨਤਾ ਤੇ ਬਹੁਤ ਪ੍ਰਭਾਵ ਸੀ। ਇਹ ਮਹਾਨ ਵਿਦਵਾਨ, ਜੋਤਸ਼ੀ ਅਤੇ ਜੈਨ ਸਮਾਜ ਦੇ ਪੁਰੋਹਿਤ ਦਾ ਕੰਮ ਕਰਦੇ ਸਨ। ਇਹ ਪੂਜ ਜੈਨ ਏਕਤਾ ਦਾ ਪ੍ਰਤੀਕ ਸਨ। ਕਿਉਂਕਿ ਇਨ੍ਹਾਂ ਦਾ ਕੰਮ ਸਾਰੇ ਜੈਨ ਸਮਾਜ ਨੂੰ ਇਕ ਮੁੱਠ ਰਖਣਾ ਸੀ। ਇਹ ਸ਼ਾਸਤਰ ਲਿਖਾਉਣ, ਨਵੇਂ ਤੇ ਪੁਰਾਣੇ ਮੰਦਰ ਉਸਾਰਣ ਤਕ ਦੇ ਕੰਮਾਂ ਦੀ ਪ੍ਰੇਰਣਾ ਦਿੰਦੇ ਸਨ।

ਇਸ ਪ੍ਰੰਪਰਾ ਦੇ ਪ੍ਰਸਿਧ ਸਾਧੂ ਸ਼੍ਰੀ ਜੀਵਾ ਰਿਸ਼ੀ ਜੀ ਹੋਏ ਸਨ। ਜੋ ਕਿ ਇਕ ਪ੍ਰਸਿਧ ਕਵਿ ਅਤੇ ਲੇਖਕ ਸਨ। ਆਪਨੇ 24 ਤੀਰਥੰਕਰਾਂ ਦਾ ਚਾਰਿਤਰ ਲਿਖਿਆ ਹੈ।

ਇਸੇ ਪ੍ਰੰਪਰਾ ਵਿਚ ਸ਼੍ਰੀ ਲਵਜੀ ਰਿਸ਼ੀ ਵਰਗੇ ਮਹਾਨ ਸਾਧੂ ਹੋਏ, ਜਿਨ੍ਹਾਂ ਯਤੀ ਪ੍ਰੰਪਰਾ ਛੱਡ ਕੇ ਸੰਬਤ 1694 ਨੂੰ ਖੰਬਾਤ ਵਿਖੇ ਸ਼ੁਧ ਸਾਧੂ ਭੇਸ਼ ਗ੍ਰਹਿਣ ਕੀਤਾ।

ਇਸੇ ਪ੍ਰੰਪਰਾ ਦੇ ਪ੍ਰਸਿਧ ਸੰਤ ਸਨ ਸਵਾਮੀ ਹਰੀ ਦਾਸ ਜੀ, ਜਿਨਹਾਂ ਪੰਜਾਬ ਦੀ ਰਾਜਧਾਨੀ ਲਾਹੌਰ ਨੂੰ ਅਪਣੇ ਧਰਮ ਪਰਚਾਰ ਦਾ ਕੇਂਦਰ ਚੁਣਿਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਉਰਦੂ ਤੇ ਫਾਰਸੀ ਦੇ ਮਹਾਨ ਲੇਖਕ ਸਨ। ਪੂਜ ਸ਼੍ਰੀ ਹਰੀ ਦਾਸ ਜੀ ਦੀ ਸਾਧੂ ਪ੍ਰੰਪਰਾ ਬਹੁਤ ਹੀ ਵਿਸ਼ਾਲ ਹੈ। ਅਨੇਕਾਂ ਪਟਾਵਲੀਆਂ ਪੂਜ ਹਰੀ ਦਾਸ ਤੋਂ ਬਾਅਦ ਲੋਂਕਾ ਗੱਛ ਵਿਚ ਸ਼੍ਰੀ ਬਿੰਦਰਾਬਨ ਜੀ, ਸ਼੍ਰੀ ਭਵਾਨੀ ਦਾਸ ਜੀ, ਸ਼੍ਰੀ ਮਲੂਕ ਚੰਦ ਜੀ ਬਹੁਤ ਵੱਡੇ ਅਚਾਰਿਆ ਹੋਏ ਹਨ। ਸ਼੍ਰੀ ਮਲੂਕ ਚੰਦ ਜੀ ਤੋਂ ਬਾਅਦ ਸ਼੍ਰੀ ਮਨਸਾ ਰਾਮ ਜੀ ਅਤੇ ਮਹਾ ਸ਼ਿਘ ਜੀ ਹੋਏ। ਸ਼੍ਰੀ ਮਹਾ ਸਿੰਘ ਜੀ ਦੀ ਸਮਾਧੀ ਸੁਨਾਮ ਵਿਖੇ ਹੈ। ਇਨ੍ਹਾਂ ਸਾਰੇ ਸਾਧੂਆਂ

ਦਾ ਮੁੱਖ ਕੇਂਦਰ ਸੁਨਾਮ ਹੀ ਰਿਹਾ ਹੈ। ਇਨ੍ਹਾਂ ਦਾ ਸਵਰਗਵਾਸ ਸੰਬਤ 1861 ਵਿਚ ਹੋਇਆ।[1] ਇਸ ਤੋਂ ਬਾਅਦ ਕੁਸ਼ਲ ਸਿੰਘ ਜੀ, ਛੱਜੂ ਮਲ ਜੀ, ਰਾਮ ਲਾਲ ਜੀ ਅਤੇ ਪੂਜ ਅਮਰ ਸਿੰਘ ਜੇਹੇ ਮਹਾਨ ਅਚਾਰਿਆ ਨੇ ਪੰਜਾਬ ਹੀ ਨਹੀਂ ਸਗੋਂ ਸਾਰੇ ਉੱਤਰ ਭਾਰਤ ਕਾਠੀਆਵਾੜ, ਰਾਜਸਥਾਨ ਤਕ ਧਰਮ ਪ੍ਰਚਾਰ ਕੀਤਾ। ਪੰਜਾਬ ਵਿਚ ਉੱਤਰਾਧ ਲੋਂਕਾ ਗੱਛ ਦੇ ਯਤੀ ਅਤੇ ਸਾਧੂ ਮੁਖ ਰੂਪ ਵਿਚ ਧਰਮ ਪ੍ਰਚਾਰ ਕਰਦੇ ਰਹੇ ਹਨ। ਲੋਂਕਾ ਗੱਛ ਦੇ ਇਕ ਵਿਜੈ ਗੱਛ ਨੇ ਫੇਰ ਮੂਰਤੀ ਪੂਜਾ ਸ਼ੁਰੂ ਕਰ ਦਿਤੀ। ਇਹੋ ਕਾਰਣ ਹੈ ਕਿ ਪੰਜਾਬ ਦੇ ਜਿਆਦਾ ਜੈਨ ਮੰਦਰ ਇਸ ਗੱਛ ਦੇ ਯਤੀਆਂ ਰਾਹੀਂ ਬਣਾਏ ਗਏ ਹਨ।

ਭਾਵੇਂ ਇਸੇ 10ਵੀਂ ਸਦੀ ਵਿਚ ਹੀ ਖਰਤਰ ਗੱਛ ਦੇ ਅਚਾਰਿਆ ਧਰਮ ਪਰਚਾਰ ਕਰਦੇ ਰਹੇ। ਪਰ ਪੰਜਾਬੀ ਜੈਨ ਅਚਾਰਿਆ ਦੀ ਪ੍ਰੰਪਰਾ ਵਿਚੋਂ ਪੂਜ ਸ਼੍ਰੀ ਮਨ ਜੀ, ਪੂਜ ਸ਼੍ਰੀ ਨਥੂ ਰਾਮ ਜੀ, ਪੂਜ ਸ਼੍ਰੀ ਰਤੀ ਰਾਮ ਜੀ, ਪੂਜ ਸ੍ਰੀ ਨੰਦ ਲਾਲ ਜੀ, ਮਹਾਨ ਤਪੱਸਵੀ ਸ਼੍ਰੀ ਰੂਪ ਚੰਦ ਜੀ ਦੀ ਪ੍ਰੰਪਰਾ ਮਹਾਨ ਰਹੀ ਹੈ। ਅਚਾਰਿਆ ਸ਼੍ਰੀ ਰਤੀ ਰਾਮ ਜੀ ਦਾ ਸਮਾਰਕ ਅੱਜ ਵੀ ਮਾਲੇਰਕੋਟਲਾ ਵਿਖੇ ਹੈ। ਆਪਨੇ ਮਹਾਨ ਤਪੱਸਵੀ ਸ਼੍ਰੀ ਰੂਪ ਚੰਦ ਜੀ ਨੂੰ ਦੀਖਿਆ ਦਿਤੀ ਸੀ। ਸ਼੍ਰੀ ਰਤੀ ਰਾਮ ਜੀ ਦੇ ਪ੍ਰਸਿਧ ਚੇਲੇ ਸਨ। ਸ਼੍ਰੀ ਨੰਦ ਲਾਲ ਜੀ ਜੋ ਕਸ਼ਮੀਰੀ ਬ੍ਰਾਹਮਣ ਸਨ। ਆਪਨੇ ਹਿੰਦੀ ਵਿਚ 15 ਗਰੰਥ ਲਿਖੇ। ਇਸ ਤੋਂ ਛੁਟ ਆਪਨੇ ਪ੍ਰਾਕ੍ਰਿਤ ਭਾਸ਼ਾ ਵਿਚ ਲਵਧੀ ਪ੍ਰਕਾਸ਼ ਗਰੰਥ ਪੂਰਣ ਕੀਤਾ। ਇਹ ਗਰੰਥ ਕਪੂਰਥਲਾ ਵਿਖੇ ਪੂਰਣ ਹੋਇਆ। ਆਪਦੀ ਪ੍ਰੰਪਰਾ ਵਿਚੋਂ ਹੀ ਵਿਸ਼ਵ ਧਰਮ ਸੰਮੇਲਨ ਦੇ ਸੰਸਥਾਪਕ, ਅੰਤਰਰਾਸ਼ਟਰੀ ਅਰਿਹੰਤ ਸੰਘ ਦੇ ਅਚਾਰਿਆ ਸ਼੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ ਹਨ। ਜਿਨ੍ਹਾਂ ਨੇ ਜੈਨ ਧਰਮ ਦਾ ਪਰਚਾਰ ਦੇ 58 ਕੇਂਦਰ ਸੰਸਾਰ ਵਿਚ ਸਥਾਪਿਤ ਕੀਤੇ ਹਨ।

ਖੁਸ਼ੀ ਦੀ ਗਲ ਹੈ ਕਿ ਇਨ੍ਹਾਂ ਵਿਚੋਂ ਬਹੁਤ ਅਚਾਰਿਆਂ ਦੀ ਜਨਮ ਭੂਮੀ ਪੰਜਾਬ ਹੈ। 19ਵੀਂ ਸਦੀ ਵਿਚ ਪੰਜਾਬ ਵਿਚ ਤਪਾ ਗੱਛ ਦੇ ਸਾਧੂ ਫੇਰ ਆਏ। ਜਿਨ੍ਹਾਂ ਵਿਚੋਂ ਪ੍ਰਮੁੱਖ ਸਨ। ਅਚਾਰਿਆ ਸ਼੍ਰੀ ਬੁਧੀ ਵਿਜੇ ਅਤੇ ਅਚਾਰਿਆ ਸ਼੍ਰੀ ਵਿਜੈ ਨੰਦ ਸੂਰੀ। ਆਪਨੇ ਪੰਜਾਬ ਦੀ ਧਰਤੀ ਤੇ ਨਹੀਂ, ਸਗੋਂ ਸਾਰੇ ਭਾਰਤ ਵਿਚ ਪੰਜਾਬ ਦਾ ਨਾਂ ਉੱਚਾ ਕੀਤਾ। ਅਚਾਰਿਆ ਵਿਜੈ ਨੰਦ ਪਹਿਲਾਂ ਸਥਾਨਕ ਵਾਸੀ ਜੈਨ ਸਾਧੂ ਸਨ। ਫੇਰ ਆਪ 16 ਸਾਧੂਆਂ ਸਮੇਤ ਮੂਰਤੀ ਪੂਜਕ ਸਾਧੂ ਬਣੇ। ਆਪ ਮਹਾਨ ਲੇਖਕ ਸਨ। ਆਪ ਨੇ ਅਨੇਕਾਂ ਗ੍ਰੰਥਾਂ ਤੇ ਸੰਸਥਾਵਾਂ ਦੀ ਸਥਾਪਨਾ ਕੀਤੀ।

ਇਸ ਸਮੇਂ ਸਾਧਵੀ ਸ਼੍ਰੀ ਪਾਰਵਤੀ ਜੀ ਮਹਾਰਾਜ ਹਿੰਦੀ ਦੀ ਪਹਿਲੀ ਹਿੰਦੀ ਜੈਨ

---

ਸੰਬਤ 1894 ਦੀ ਲਿਖੀ ਇਕ ਪਟਾਵਲੀ ਦੀ ਪ੍ਰਤਿ P. R. ਜੈਨ ਸ਼ਾਸਤਰ ਭੰਡਾਰ ਮਾਲੇਰਕੋਟਲਾ ਵਿਖੇ ਹੈ।

ਲੇਖਿਕਾ ਦੇ ਰੂਪ ਵਿਚ ਘੁੰਮੇ। ਅੱਜ ਪੰਜਾਬ ਦੀਆਂ ਬਹੁਤ ਸਾਰੀਆਂ ਸਥਾਨਕਵਾਸੀ ਜੈਨ ਸਾਧਵੀਆਂ ਦਾ ਸੰਬੰਧ ਇਨਾਂ ਦੀ ਪ੍ਰੰਪਰਾ ਦੀਆਂ ਹਨ।

ਪੰਜਾਬ ਵਿਚ 17 ਸਦੀ ਤੋਂ ਹੁਣ ਤੱਕ ਘੁਮਣ ਵਾਲੇ 80% ਤੋਂ ਜਿਆਦਾ ਸਾਧੂ ਸਾਧਵੀ ਲੋਂਕਾ ਗੱਛ ਨਾਲ ਹੀ ਸੰਬੰਧਿਤ ਰਹੇ ਹਨ।

## ਬੜ ਗੱਛ ਅਤੇ ਮੁਗਲ ਸਮਰਾਟ

ਸੰਮਤ 1604 ਵਿੱਚ ਬੜ ਗੱਛ ਦੇ ਪੂਜ ਅਚਾਰਿਆ ਸ਼੍ਰੀ ਭਾਵ ਦੇਵ ਸੂਰੀ ਨੂੰ ਅਚਾਰਿਆ ਪੱਦਵੀ ਪ੍ਰਦਾਨ ਕੀਤੀ ਗਈ। ਆਪ ਦੀ ਗੱਦੀ ਭਟਨੇਰ ਗੜ (ਹਨੂਮਾਨ ਗੜ) ਵਿਖੇ ਕਿਲੇ ਵਿੱਚ ਸੀ। ਆਪਦੇ 18 ਚੇਲੇ ਸਨ।

ਉਸ ਸਮੇਂ ਭਟਨੇਰ, ਬੀਕਾਨੇਰ ਰਿਆਸਤ ਦਾ ਹਿੱਸਾ ਸੀ। ਉਥੇ ਖੇਤਸੀ ਨਾਂ ਦਾ ਪ੍ਰਧਾਨ ਮੰਤਰੀ ਸੀ। ਉਸਨੂੰ ਭੁੱਖ ਬਹੁੱਤ ਲਗਦੀ ਸੀ। ਉਸ ਨੇ ਜੈਨ ਸ਼੍ਰਾਵਕਾਂ ਨੂੰ ਜੇਲ ਵਿਚ ਬਿਨਾ ਕਸੂਰ ਕੈਦ ਕਰ ਲਿਆ।

ਹੁਣ ਦਸ ਸਾਲ ਬੀਤ ਗਏ। ਪਰ ਉਪਾਸਕ ਅਜੇ ਵੀ ਜੇਲ ਵਿਚ ਸਨ। ਉਸਨੇ ਅਪਣੇ ਰੋਗ ਦਾ ਇਲਾਜ ਅਚਾਰਿਆ ਸ਼੍ਰੀ ਭਾਵ ਦੇਵ ਜੀ ਨੂੰ ਪੁਛਿਆ।

ਅਚਾਰਿਆ ਜੀ ਨੇ ਫਰਮਾਇਆ "ਜੇ ਤੂੰ ਜੈਨ ਉਪਾਸਕਾਂ ਨੂੰ ਛੱਡ ਦੇਵੇਂ ਤਾਂ ਮੈਂ ਤੇਰਾ ਇਲਾਜ ਕਰ ਦੇਵਾਂਗਾ।

ਖੇਤਸੀ ਨੇ ਚਿੜਕੇ ਅਚਾਰਿਆ ਜੀ ਨੂੰ ਖੂਹ ਵਿਚ ਲਟਕਾ ਦਿੱਤਾ। ਅਚਾਰਿਆ ਜੀ ਨੂੰ ਬਹੁਤ ਸਾਰੀਆਂ ਵਿਦਿਆਵਾਂ ਸਿਧ ਸਨ। ਖੇਤਰਪਾਲ ਦੇਵਤਾ ਉਨ੍ਹਾਂ ਦਾ ਭਗਤ ਸੀ। ਉਸ ਨੇ ਅਚਾਰਿਆ ਜੀ ਨੂੰ ਖੂਹ ਵਿਚੋਂ ਕੱਢ ਕੇ ਚੌਂਕੀ ਤੇ ਬਿਠਾਇਆ।

ਖੇਤਰ ਪਾਲ ਨੇ ਪੁੱਛਿਆ "ਜੇ ਤੁਸੀ ਹੁਕਮ ਦੇਵੋ ਤਾਂ ਖੇਤਸੀ ਦਾ ਸਾਰਾ ਪਰਿਵਾਰ ਨਸ਼ਟ ਕਰ ਦੇਵਾਂ।"

ਪਰ ਅਚਾਰਿਆ ਜੀ ਨੇ ਅਹਿੰਸਕ ਹੋਣ ਦਾ ਸਬੂਤ ਦਿਤਾ। ਉਹ ਮੁਸੀਵਤ ਕਾਰਨ ਰਾਤ ਨੂੰ ਹੀ ਸ਼ਹਿਰ ਵਿੱਚੋਂ ਬਾਹਰ ਨਿਕਲ ਗਏ। ਉਨ੍ਹਾਂ ਅਪਣੇ ਇਨ੍ਹਾਂ ਉਪਾਸਕ ਦੀ ਮਦਦ ਨਾਲ ਲਾਹੌਰ ਵਲ ਰਵਾਨਾ ਹੋਏ। 11-12 ਮੀਲ ਜਾਣ ਤੇ ਉਨਾਂ ਉਪਾਸਕਾਂ ਨੂੰ ਵੀ ਮੋੜ ਦਿੱਤਾ। ਆਪ ਇੱਕ ਦਰੱਖਤ ਹੇਠਾਂ ਬੈਠ ਕੇ ਜਿਨੇਂਦਰ ਭਗਵਾਨ ਦਾ ਧਿਆਨ ਕੀਤਾ।

ਸਵੇਰ ਹੋਣ ਤੇ ਖੇਤਸੀ ਨੇ ਅਚਾਰਿਆ ਦੀ ਤਲਾਸ਼ ਕੀਤੀ। ਨੌਕਰਾਂ ਨੇ ਦੂਰੋਂ ਵੇਖਿਆ ਤਾਂ ਅਚਾਰਿਆ ਦਰਖਤ ਹੇਠ ਸਨ। ਪਰ ਜਦ ਨੌਕਰ ਨਜਦੀਕ ਆਏ ਤਾਂ ਕੁਝ ਵੀ ਨਹੀਂ

ਸੀ। ਖੇਤਸੀ ਨੇ ਤੰਗ ਆਕੇ ਸਾਰੇ ਚੇਲਿਆਂ ਨੂੰ ਜੇਲ ਵਿਚ ਡੱਕ ਦਿਤਾ। ਉਨ੍ਹਾਂ ਦੇ ਉਪਾਸਰਾਂ (ਰਹਿਣ ਦੀ ਜਗ੍ਹਾ) ਨੂੰ ਢਾਹ ਦਿਤਾ।

ਅਗਲੇ ਦਿਨ ਅਚਾਰਿਆ ਜੀ ਸਰਸਾ ਪਹੁੰਚੇ । ਉੱਥੋਂ ਉਹ ਅਪਣੇ ਚੇਲੇ ਮਾਲਦੇਵ ਸੂਰੀ ਨਾਲ, ਲਾਹੌਰ ਪਹੁੰਚ ਗਏ। ਉਥੋਂ ਦੇ ਪੰਜਾਬੀ ਉਪਾਸਕਾਂ ਨੇ ਆਪਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਦੇ ਪੈਰਾਂ ਹੇਠਾਂ ਅਪਣੀਆਂ ਪੱਗਾਂ ਧਰ ਦਿਤੀਆਂ।

ਅਚਾਰਿਆ ਜੀ ਨੇ ਉਥੋਂ ਦੇ ਬਾਦਸ਼ਾਹ ਦੇ ਮੰਤਰੀ ਦਾ ਕੋਹੜ ਦੂਰ ਕੀਤਾ। ਫੇਰ ਬਾਦਸ਼ਾਹ ਨੂੰ ਭੁੱਖ ਨਾ ਲਗਨ ਦੀ ਬੀਮਾਰੀ ਸੀ। ਉਸਦਾ ਇਲਾਜ ਵੀ ਅਚਾਰਿਆ ਨੇ ਕਰ ਕੇ ਸ਼ਾਹੀ ਦਰਵਾਰ ਵਿਚ ਅਪਣੀ ਜਗ੍ਹਾ ਬਣਾ ਲਈ। ਇਥੇ ਆਪਨੇ ਕਈ ਚਮਤਕਾਰ ਵਿਖਾਏ। ਜਿਵੇ ਦਰੱਖਤ ਨੂੰ ਤੋਰਨਾ, ਨਕਲੀ ਚੰਦਰਮਾ ਬਣਾ ਕੇ ਅਕਾਸ਼ ਤੇ ਚੜ੍ਹਾਉਣਾ।

"ਇਕ ਦਿਨ ਬਾਦਸਾਹ ਨੇ ਅਰਜ ਕੀਤੀ ਮੇਰੇ ਲਾਇਕ ਹੁਕਮ ਦਸੋ।" ਅਚਾਰਿਆ ਜੀ ਨੇ ਖੇਤਸੀ ਦਾ ਸਾਰਾ ਕਿੱਸਾ ਬਿਆਨ ਕਰ ਦਿੱਤਾ। ਬਾਦਸ਼ਾਹ ਨੇ ਖੇਤਸੀ ਤੇ ਹਮਲਾ ਕਰ ਦਿੱਤਾ। ਖੇਤਸੀ ਨੂੰ ਕੈਦ ਕਰਕੇ ਅਚਾਰਿਆ ਜੀ ਕੋਲ ਪੇਸ਼ ਕੀਤਾ ਗਿਆ। ਖੇਤਸੀ ਨੇ ਅਪਣੇ ਕੀਤੇ ਦੀ ਮੁਆਫੀ ਮੰਗੀ। ਅਚਾਰਿਆ ਜੀ ਨੇ ਉਸਨੂੰ ਛਡਣ ਦੀ ਸਿਫਾਰਸ਼ ਕੀਤੀ। ਬਾਦਸ਼ਾਹ ਨੇ ਕਿਲੇ ਵਿਚ ਅਪਣੇ ਖਜਾਨੇ ਵਿੱਚੋਂ ਪੋਸ਼ਧ ਸ਼ਾਲਾ ਦਾ ਨਿਰਮਾਨ ਕੀਤਾ। ਸਮਾਨੇ ਵਿਖੇ ਭਗਵਾਨ ਅਨੰਤਨਾਥ ਦਾ ਮੰਦਰ ਬਨਵਾਈਆ।

# ਤਪਾ ਗੱਛ ਅਤੇ ਮੁਗਲ ਸਮਰਾਟ

ਤਪਾ ਗੱਛ ਦੇ ਅਚਾਰਿਆ ਦਾ ਸਮਾਂ ਜੈਨ ਧਰਮ ਅਤੇ ਖਾਸ ਤੌਰ ਤੇ ਪੰਜਾਬ ਦਾ ਸੁਨੇਹਿਰੀ ਯੁਗ ਰਿਹਾ ਹੈ। ਇਸ ਗੱਛ ਦੇ ਮਹਾਨ ਤੱਪਸਵੀ, ਪ੍ਰਚਾਰਕ ਅਚਾਰਿਆ ਅਤੇ ਮੁਨੀਆਂ ਨੂੰ ਜਨਮ ਦਿਤਾ ਹੈ। ਭਾਵੇਂ ਮੁਗਲ ਸਮਰਾਟ ਬਾਬਰ ਨੇ ਅਚਾਰਿਆ ਆਨੰਦ ਮੇਰੂ ਨੂੰ ਸਨਮਾਨਿਤ ਕੀਤਾ ਸੀ ਅਤੇ ਉਸਦੇ ਪੁਤਰ ਹਮਾਯੂ ਨੇ ਅਚਾਰਿਆ ਪਦਮ ਮੇਰੂ ਨੂੰ ਸਨ-ਮਾਨਿਤ ਕਰਕੇ ਦਿਲੀ ਦਰਵਾਰ ਵਿਚ ਜੈਨ ਧਰਮ ਦੀ ਅਵਾਜ਼ ਪਹੁੰਚਾਈ ਸੀ। ਪਰ ਮੁਗਲਾਂ ਵਿਚੋਂ ਸਭ ਤੋਂ ਜਿਆਦਾ ਜੈਨ ਧਰਮ ਦਾ ਸਹਿਯੋਗੀ ਬਾਦਸ਼ਾਹ ਅਕਬਰ ਹੋਇਆ ਹੈ। ਜਿਸ ਦਾ ਨਾਂ ਜੈਨ ਇਤਿਹਾਸ ਦੇ ਪੰਨਿਆਂ ਤੇ ਸੁਨੇਹਰੀ ਅੱਖਰਾਂ ਨਾਲ ਦਰਜ ਹੈ।

## ਅਚਾਰਿਆ ਹੀਰਾ ਵਿਜੈ

ਅਕਬਰ ਦੀਨੇ ਇਲਾਹੀ ਮੱਤ ਦਾ ਸੰਸਥਾਪਕ ਸੀ। ਉਸਦੀ ਧਰਮ ਸਭਾ ਵਿਚ 140 ਮੈਂਬਰ ਸਨ। ਆਈਨੇ ਅਕਬਰੀ ਦੇ ਦੂਸਰੇ ਭਾਗ ਦੇ ਤੀਸਰੇ ਆਈਨੇ ਵਿਚ ਪਹਿਲੇ ਵਰਗ ਦੇ 21 ਮੈਂਬਰਾਂ ਵਿਚੋਂ 16ਵਾਂ ਨਾਉਂ ਅਚਾਰਿਆ ਹੀਰਾ ਵਿਜੈ ਸੂਰੀ ਦਾ ਹੈ।

ਬਾਦਸ਼ਾਹ ਅਕਬਰ ਦੀ ਜੈਨ ਅਚਾਰਿਆ ਹੀਰਾ ਵਿਜੈ ਨਾਲ ਭੇਂਟ ਦਾ ਇਕ ਇਤਿ-ਹਾਸਕ ਕਾਰਨ ਆਇਆ ਹੈ। ਇਕ ਵਾਰ ਦਿੱਲੀ ਦੀ ਜੈਨ ਧਰਮੀ ਉਪਾਸਿਕਾ ਚੰਪਾ ਬਾਈ ਨੇ ਮਹੀਨੇ ਦੀ ਲੰਬੀ ਤੱਪਸਿਆ ਕੀਤੀ। ਉਸ ਨੇ ਮਹੀਨੇ ਬਾਅਦ ਵਰਤ ਖੋਲਨ ਦਾ ਨਿਸ਼ਚਾ ਕੀਤਾ। ਦਿੱਲੀ ਦੇ ਜੈਨ ਸਮਾਜ ਨੇ ਉਸ ਦਾ ਬਾਜੇ-ਗਾਜੇ ਨਾਲ ਸ਼ਾਹੀ ਜਲੂਸ ਕਢਿਆ। ਉਸੇ ਰਾਹੋਂ ਅਕਬਰ ਲੰਘਿਆ। ਉਹ ਬਾਦਸ਼ਾਹਾਂ ਵਾਲਾ ਜਲੂਸ ਦੇਖਕੇ ਹੈਰਾਨ ਹੋ ਗਿਆ। ਸਾਰੀ ਪੁਛ ਪੜਤਾਲ ਤੋਂ ਉਸ ਨੂੰ ਚੰਪਾ ਬਾਈ ਦੀ ਤਪੱਸਿਆ ਦਾ ਪਤਾ ਚਲਿਆ। ਬਾਦਸ਼ਾਹ ਨੂੰ ਯਕੀਨ ਨਾ ਆਇਆ। ਉਸ ਨੇ ਇਸ ਤੱਪਸਿਆ ਨੂੰ ਪਾਖੰਡ ਸਮਝ ਕੇ ਚੰਪਾ ਬਾਈ ਨੂੰ ਜੇਲ ਵਿਚ ਡੱਕ ਦਿਤਾ। ਉਹ ਵੇਖਣਾ ਚਾਹੁੰਦਾ ਸੀ ਕਿ ਸਧਾਰਣ ਮਨੁੱਖ ਭੁੱਖਾ ਰਹਿ ਸਕਦਾ ਹੈ ਜਾਂ ਨਹੀਂ। ਆਖਿਰ ਬਾਦਸ਼ਾਹ ਨੂੰ ਯਕੀਨ ਆ ਗਿਆ। ਉਸਨੇ ਚੰਪਾ ਬਾਈ ਨੂੰ ਬਾ ਇਜਤ ਛੱਡ ਦਿੱਤਾ। ਅਕਬਰ ਨੇ ਚੰਪਾ ਵਾਈ ਤੋਂ ਉਸਦੇ ਗੁਰੂ ਦਾ ਨਾਂ ਪੁਛਿਆ। ਚੰਪਾ ਬਾਈ ਦਾ ਗੁਰੂ ਅਚਾਰਿਆ ਹੀਰਾ ਵਿਜੈ ਜੀ ਸਨ। ਉਸ ਤੱਪਸਿਆ ਨੇ ਅਕਬਰ ਦੇ ਮਨ ਤੇ ਜੈਨ ਧਰਮ ਅਤੇ ਜੈਨ ਸਾਧੂਆਂ ਪ੍ਰਤਿ ਸ਼ਰਧਾ ਭਰ ਦਿੱਤੀ। ਇਸ ਲਈ ਅਕਬਰ ਨੇ ਸੰਬਤ 1639 ਵਿਚ ਗੁਜਰਾਤ ਵਿਚ ਘੁਮ ਰਹੇ,ਹੀਰਾਵਿਜੈ ਜੀ ਨੂੰ ਪੰਜਾਬ ਵਿਚ

ਆ ਕੇ ਧਰਮ ਪ੍ਰਚਾਰ ਦਾ ਸੱਦਾ ਦਿਤਾ। ਇਸ ਇਤਿਹਾਸਕ ਘਟਨਾ ਤੋਂ ਅਕਬਰ ਨੇ ਜੈਨ ਸਾਧੂਆਂ ਪ੍ਰਤਿ ਸਬੰਧਾਂ ਦਾ ਪਤਾ ਚਲਦਾ ਹੈ।

ਸੰਬਤ 1639 ਵਿਚ ਅਕਬਰ ਦੀ ਬੇਨਤੀ ਤੇ ਅਚਾਰਿਆ ਹੀਰਾ ਵਿਜੈ ਅਪਣੇ 67 ਚੇਲਿਆਂ ਨਾਲ ਫਤੇਪੁਰ ਸਿਕਰੀ ਪੁੱਜੇ। ਸੰਬਤ 1640 ਵਿਚ ਅਕਬਰ ਨੇ ਆਪਨੂੰ ਜਗਤ ਗੁਰੂ ਅਤੇ ਸ਼ਾਂਤੀ ਚੰਦ ਗਣੀ ਨੂੰ ਉਪਾਧਿਆ ਦੀ ਪੱਦਵੀ ਦਿੱਤੀ। ਸ਼ਾਂਤੀ ਚੰਦ ਮਹਾਨ ਵਿਦਵਾਨ ਸਾਧੂ ਸਨ। ਅਕਬਰ ਨੇ ਆਗਰੇ ਦੇ ਰੋਸ਼ਨਪੁਰ ਮੁਹੱਲੇ ਵਿਖੇ ਭਗਵਾਨ ਪਾਰਸ਼ਵ ਨਾਥ ਦਾ ਮੰਦਰ ਬਨਾਉਣ ਲਈ ਜਮੀਨ ਭੇਂਟ ਕੀਤੀ। ਜਿਥੇ ਉਥੋਂ ਦੇ ਜੈਨੀਆਂ ਨੇ ਵਿਸ਼ਾਲ ਮੰਦਰ ਬਨਵਾਇਆ। ਇਕ ਵਾਰ ਜਾਮਾ ਮਸਜਿਦ ਦੀ ਖੁਦਾਈ ਕਰਦੇ ਸਮੇਂ ਭਗਵਾਨ ਸ਼ੀਤਲ ਨਾਥ ਦੀ ਮੌਰਿਆ ਸਮੇਂ ਦੀ ਮੂਰਤੀ ਨਿਕਲੀ। ਅਕਬਰ ਨੇ ਉਹ ਵੀ ਅਚਾਰਿਆ ਸ਼੍ਰੀ ਨੂੰ ਭੇਂਟ ਕਰ ਦਿੱਤੀ। ਅਚਾਰਿਆ ਜੀ ਨੇ ਭਗਵਾਨ ਨੇਮੀ ਨਾਥ ਦੀ ਜਨਮ ਭੂਮੀ ਵਿਖੇ ਦੋ ਜੈਨ ਮੰਦਰ ਬਨਵਾਏ।

ਅਕਬਰ ਦੇ 9 ਰਤਨਾਂ ਵਿਚ ਜੈਨ ਵਿਦਵਾਨ ਮੁਨੀ ਪਦਮ ਸੁੰਦਰ ਵੀ ਇਕ ਸਨ। ਅਚਾਰਿਆ ਜੀ ਨੇ ਇਹ ਅਪਣਾ ਚੌਮਾਸਾ ਆਗਰਾ ਵਿਖੇ ਕੀਤਾ। ਦੂਸਰਾ ਲਾਹੌਰ ਅਤੇ ਤੀਸਰਾ ਫਤੇਹਪੁਰ ਸਿਕਰੀ ਕੀਤਾ। ਤਿੰਨ ਸਾਲ ਅਕਬਰ ਨੂੰ ਧਰਮ ਉਪਦੇਸ਼ ਦੇ ਕੇ ਆਪ ਗੁਜਰਾਤ ਚਲੇ ਗਏ। ਅਕਬਰ ਦੀ ਬੇਨਤੀ ਤੇ ਅਚਾਰਿਆ ਉਪਾਧਿਆ ਸ਼੍ਰੀ ਸ਼ਾਂਤੀ ਚੰਦਰ ਜੀ ਅਕਬਰ ਦੇ ਕੋਲ ਰਹੇ। ਸ਼ਾਂਤੀ ਚੰਦਰ ਜੀ ਆਪਣੇ ਗੁਰੂ ਦੀ ਤਰ੍ਹਾਂ ਫਤੇਹਪੁਰ ਸਿਕਰੀ, ਆਗਰਾ, ਦਿੱਲੀ, ਲਾਹੌਰ ਅਤੇ ਕਸ਼ਮੀਰ ਵਿਚ ਕਾਫ਼ੀ ਸਮੇਂ ਜੈਨ ਧਰਮ ਦਾ ਪ੍ਰਚਾਰ ਕਰਦੇ ਰਹੇ। ਫੇਰ ਆਪ ਵੀ ਭਾਨੂਚੰਦ ਅਤੇ ਸਿਧੀ ਚੰਦ ਨੂੰ ਪੰਜਾਬ ਛੱਡ ਕੇ ਅਪਣੇ ਗੁਰੂ ਨੂੰ ਮਿਲਣ ਗੁਜਰਾਤ ਚਲੇ ਗਏ। ਇਹ ਘਟਨਾ ਸੰਬਤ 1645 ਦੀ ਹੈ। ਅਕਬਰ ਨੇ ਮੁਨੀ ਭਾਨੂੰ ਚੰਦ ਨੂੰ ਉਪਾਧਿਆ ਪਦ ਪ੍ਰਦਾਨ ਕੀਤਾ।

ਸੁਭਾਗ ਵਿਜੇ ਰਾਹੀਂ ਲਿਖੀ **ਤੀਰਥ ਮਾਲਾ** ਵਿਚ ਇਸ ਮੰਦਰ ਦੀ ਮੂਰਤੀ ਸਥਾਪਨਾ ਦਾ ਸਮਾਂ 1639 ਹੈ। ਅਤੇ ਮੂਰਤੀ ਸਥਾਪਨਾ ਕਰਨ ਵਾਲਾ ਰਾਜਾ ਮਾਨ ਸਿੰਘ ਹੈ। ਜੋ ਅਕਬਰ ਦਾ ਸੈਨਾਪਤੀ ਸੀ। ਅਚਾਰਿਆ ਹੀਰਾ ਵਿਜੈ ਦੇ ਚੇਲਿਆਂ ਦੀ ਗਿਣਤੀ 2000 ਤੱਕ ਪੁੱਜ ਚੁੱਕੀ ਸੀ।

ਅਕਬਰ ਦੇ ਦੋਵਾਰਾ ਬੇਨਤੀ ਤੇ ਆਪਨੇ ਅਪਣੇ ਗੱਦੀ ਨਸ਼ੀਨ ਚੇਲੇ ਅਚਾਰਿਆ ਵਿਜੈ ਸੈਨ ਨੂੰ ਲਾਹੌਰ ਜਾਣ ਦਾ ਹੁਕਮ ਦਿਤਾ। ਗੁਰੂ ਦਾ ਹੁਕਮ ਮਨਕੇ ਅਚਾਰਿਆ ਵਿਜੈ ਸੈਣ ਸੰ: 1649 ਮਘਰ ਸ਼ੁਕਲਾ 5 ਨੂੰ ਰਾਧਨਪੁਰ (ਗੁਜਰਾਤ) ਤੋਂ ਚਲੇ।

ਰਾਹ ਵਿਚ ਅਨੇਕਾਂ ਜੈਨ ਤੀਰਥਾਂ ਦੇ ਦਰਸ਼ਨ ਕਰਦੇ, ਜੈਨ ਧਰਮ ਦਾ ਪ੍ਰਚਾਰ ਕਰਦੇ ਆਪ ਗੁਜਰਾਤ, ਰਾਜਸਥਾਨ, ਦਿਲੀ ਦੇ ਅਨੇਕਾਂ ਸ਼ਹਿਰਾਂ ਨੂੰ ਪਵਿਤਰ ਕਰਦੇ ਰਿਵਾੜੀ,

ਵਿਕਰਮਪੁਰ, ਝੱਜਰ, ਸਹਿਨਨਗਰ, ਅੰਬਾਲਾ, ਸਰਹਿੰਦ, ਲੁਧਿਆਣਾ, ਅਮ੍ਰਿਤਸਰ ਹੁੰਦੇ ਲਾਹੌਰ ਪੁਜੇ । ਰਾਹ ਵਿਚ ਲੁਧਿਆਣਾ ਜੈਨ ਸੰਘ ਨੇ ਆਪਦਾ ਸ਼ਾਹੀ ਸਵਾਗਤ ਕੀਤਾ ।

ਜਦ ਆਪ ਲਾਹੌਰ ਤੋਂ 5 ਮੀਲ ਦੂਰੀ ਤੇ ਖਾਨਪੁਰ ਪੁਜੇ ਤਾਂ, ਭਾਨੂੰਚੰਦ ਅਤੇ ਸਿਧੀ ਚੰਦ ਮੁਨੀਆਂ ਨੇ ਆਪਦਾ ਸਵਾਗਤ ਕੀਤਾ । ਸੰਬਤ 1650 ਨੂੰ ਲਾਹੌਰ ਵਿਖੇ ਬਾਦਸ਼ਾਹ ਅਕਬਰ ਅਤੇ ਸਲੀਮ ਨੇ ਇਸ ਧਾਰਮਿਕ ਸਵਾਗਤੀ ਜਲੂਸਾਂ ਵਿਚ ਉਪਾਸਕਾਂ ਵਲੋਂ ਹਿੱਸਾ ਲਿਆ ।

ਅਕਬਰ ਦੀ ਬੇਨਤੀ ਤੇ ਆਪਦੇ ਚੇਲੇ ਮੁਨੀ ਨੰਦੀ ਵਿਜੈ ਨੇ ਅਕਬਰ ਦੇ ਅੱਠ ਵਿਦਵਾਨਾਂ ਦੇ ਅੱਠ ਪ੍ਰਸ਼ਨਾਂ ਦੇ ਉੱਤਰ ਦਿਤੇ । ਸਮਰਾਟ ਨੇ ਖੁਸ਼ ਹੋ ਕੇ ਨੰਦੀ ਵਿਜੈ ਨੂੰ **ਖੁਸ਼ ਫਹਿਮ** ਦੀ ਪਦਵੀ ਦਿਤੀ । ਇਸੇ ਰਾਤ ਦਰਬਾਰ ਵਿੱਚ ਈਸ਼ਵਰ, ਗੰਗਾ ਅਤੇ ਸੂਰਜ ਸੰਬੰਧੀ 336 ਬ੍ਰਾਹਮਣਾਂ ਨਾਲ ਅਚਾਰਿਆ ਵਿਜੈ ਸੈਨ ਸੂਰੀ ਦਾ ਸਾਸਤਰਾ ਅਰਥ ਹੋਇਆ । ਅਕਬਰ ਨੇ ਖੁਸ਼ ਹੋ ਕੇ ਅਚਾਰਿਆ ਨੂੰ ਸਵਾਈ ਪਦਵੀ ਦਿਤੀ ।

ਅਚਾਰਿਆ ਵਿਜੈ ਸੈਨ ਨੇ ਬਾਦਸ਼ਾਹ ਅਕਬਰ ਪਾਸੋਂ ਜੀਵ ਰਖਿਆ ਅਨੇਕਾਂ ਹੁਕਮਨਾਮੇਂ ਜਾਰੀ ਕਰਵਾਏ । ਉਪਾਧਿਆ ਭਾਨੂੰ ਚੰਦ ਤੋਂ ਅਕਬਰ ਸੂਰਿਆ ਸਹਿਸਤਰਨਾਮਾਂ ਦੇ ਗ੍ਰੰਥ ਦਾ ਜਾਪ ਹਰ ਐਤਵਾਰ ਸੁਨਣ ਆਉਂਦਾ ਸੀ ।

ਮੁਨੀ ਸਿਧੀ ਚੰਦ ਨੇ ਤੀਰਥਾਂ ਤੋਂ ਲਗੀਆਂ ਪਾਬੰਦੀਆਂ ਹਟਵਾਈਆਂ । ਉਸਨੇ ਬਾਦਸ਼ਾਹ ਨੂੰ ਅਨੇਕਾਂ ਫਾਰਸੀ ਗ੍ਰੰਥ ਪੜ੍ਹਾਏ । ਮੁਨੀ ਸਿਧੀ ਚੰਦ ਸ਼ਹਿਜਾਦਾ ਸਲੀਮ ਦੇ ਖਾਸ ਸਲਾਹਕਾਰ ਸਨ ।

ਇਕ ਵਾਰ ਜਹਾਂਗੀਰ ਨੇ ਆਪਨੂੰ ਸਾਧੂ ਜੀਵਨ ਛੱਡਨ ਦੀ ਸਲਾਹ ਦਿਤੀ । ਆਪਜੀ ਦੇ ਇਨਕਾਰ ਕਰਨ ਤੇ, ਜਹਾਂਗੀਰ ਆਪ ਤੋਂ ਨਰਾਜ ਹੋ ਗਿਆ । ਆਪਨੂੰ ਰਾਜ ਛੱਡਣ ਦਾ ਹੁਕਮ ਦਿੱਤਾ ਗਿਆ । ਆਪ ਮਾਲਪੁਰ ਦੇ ਠਾਕੁਰ ਕੋਲ ਚਲੇ ਗਏ ।

ਪਿਛੋਂ ਜਹਾਂਗੀਰ ਨੂੰ ਬਹੁਤ ਪਛਤਾਵਾ ਲੱਗਾ । ਉਸਨੇ ਮੁਨੀ ਸਿਧੀ ਚੰਦ ਨੂੰ ਦੋਵਾਰਾ ਸ਼ਾਹੀ ਠਾਠ ਨਾਲ ਬੁਲਾਇਆ । ਇਸ ਸਮੇਂ ਆਪ ਨੂੰ **ਜਹਾਂਗੀਰ ਪਸੰਦ** ਦੀ ਪਦਵੀ ਦਿਤੀ ।

ਦੋਵੇਂ ਸੰਤ ਅਕਬਰ ਦੀ ਮੌਤ ਤਕ ਅਕਬਰ ਦੇ ਨਾਲ ਸਨ । ਪਿਛੋਂ ਇਨ੍ਹਾਂ ਸਲੀਮ ਜਹਾਂਗੀਰ ਤੋਂ ਸਨਮਾਨ ਹਾਸਲ ਕੀਤਾ ।

# ਅਕਬਰ ਤੇ ਖਰਤਰ ਗੱਛ ਦੇ ਅਚਾਰਿਆ

卐

ਅਕਬਰ ਨੇ ਅਚਾਰਿਆ ਜਿਨਚੰਦਰ ਸੂਰੀ ਨਾਲ ਰਹਿ ਕੇ ਕਾਫੀ ਜੈਨ ਧਰਮ ਦੇ ਪ੍ਰਚਾਰ ਵਿਚ ਹੱਥ ਬਟਾਇਆ। ਅਕਬਰ ਨੇ ਅਚਾਰਿਆ ਜਿਨਚੰਦ ਸੂਰੀ ਵਾਰੇ ਅਪਣੇ ਜੈਨ ਮਤਰੀ ਕਰਮ ਚੰਦ ਤੋਂ ਸੁਨਿਆ ਸੀ। ਆਪ ਅਕਬਰ ਦੀ ਬੇਨਤੀ ਤੇ ਸੰਬਤ 1648 ਫਲਗੁਣ 12 ਨੂੰ ਲਾਹੌਰ ਪੁਜੇ। ਉਸ ਦਿਨ ਈਦ ਸੀ। ਆਪਦੇ ਨਾਲ 31 ਸਾਧੂ ਸਨ। ਸੰਬਤ 1649 ਨੂੰ ਆਪ ਨੂੰ **ਯੁਗ ਪ੍ਰਧਾਨ** ਦੀ ਪਦਵੀ ਦਿਤੀ ਗਈ। ਆਪ ਨਾਲ ਆਏ ਮੁਨੀ ਜਿਨ ਸਿੰਘ ਨੂੰ ਅਚਾਰਿਆ ਪਦਵੀ, ਮੁਨੀ ਗੁਣ ਵਿਜੈ ਅਤੇ ਮੁਨੀ ਸਮੇਂ ਸੁੰਦਰ ਨੂੰ ਵਾਚਨਾ ਅਚਾਰਿਆ ਦੀ ਪਦਵੀ ਦਿਤੀ। ਮੁਨੀ ਵਾਚਕ ਜੈ ਸੋਮ ਅਤੇ ਮੁਨੀ ਰਤਨ ਨਿਧਾਨ ਨੂੰ ਉਪਾਧਿਆਂ ਪਦਵੀ ਦਿੱਤੀ ਗਈ। ਉਨ੍ਹਾਂ ਦਿਨਾਂ ਵਿਚ ਅਕਬਰ ਕਸ਼ਮੀਰ ਵਲ ਜਾ ਰਿਹਾ ਸੀ। ਉਨ੍ਹਾਂ ਅਚਾਰੀਆ ਜੀ ਤੋਂ ਆਸ਼ੀਰਵਾਦ ਲਿਆ।

ਬਾਦਸ਼ਾਹ ਇਸਤੋਂ ਪਹਿਲਾਂ ਅਚਾਰਿਆ ਹੀਰਾ ਵਿਜੈ ਦੇ ਆਖਣ ਤੇ ਸੱਤ ਦਿਨ ਸੰਵਤਸਰੀ ਲਈ ਪਹਿਲਾਂ ਜੀਵ ਰਖਿਆ ਦਾ ਫ਼ਰਮਾਨ ਕਰ ਚੁੱਕਿਆ ਸੀ। ਆਪਨੇ ਇਕ ਸਾਲ ਸਮੁੰਦਰੀ ਹਿੰਸਾ ਬੰਦ ਕਰਵਾਈ। ਆਪ ਇਕ ਸਾਲ ਲਾਹੌਰ ਵਿੱਚ ਰਹੇ। ਫੇਰ ਆਪ ਵੀ ਗੁਜਰਾਤ ਨੂੰ ਚਲੇ ਗਏ।

ਇਨ੍ਹਾਂ ਜੈਨ ਮੁਨੀਆਂ ਦੇ ਪ੍ਰਭਾਵ ਹੇਠ ਬਾਦਸ਼ਾਹ ਅਕਬਰ ਨੇ ਹੇਠ ਲਿਖੇ ਪ੍ਰਮੁੱਖ ਕੰਮ ਕੀਤੇ।

(1) 12 ਦਿਨ ਭਾਦੋਂ ਦੇ, ਸਾਰੇ ਐਤਵਾਰ, ਅਕਬਰ ਦਾਜਨਮ ਦਿਨ, 3 ਪੁਤਰਾਂ ਦੇ ਜਨਮ ਦਿਨਾਂ ਦੇ ਮਹੀਨੇ, ਸੂਫੀਆਂ ਦੇ ਦਿਨ, ਈਦ ਦਾ ਦਿਨ, 12 ਸੂਰਜ ਸੰਕਰਾਂਤੀਆਂ ਰੋਜਿਆਂ ਦੇ ਦਿਨ ਕੁਲ ਮਿਲਾਕੇ 6 ਮਹੀਨੇ 6 ਦਿਨ ਜੀਵ ਹੱਤਿਆ ਬਿਲਕੁਲ ਬੰਦ ਕਰਵਾਉਣ ਦੇ ਸ਼ਾਹੀ ਫੁਰਮਾਨ ਜਾਰੀ ਕਰਵਾਏ।

(2) ਜਜੀਆ ਬੰਦ ਕਰ ਦਿਤਾ।

(3) ਤਲਾਬ ਦੇ ਸਮੁਦਰਾਂ ਵਿਚੋਂ ਮੱਛੀਆਂ ਫੜਨੀਆਂ ਬੰਦ ਕਰਵਾ ਦਿਤੀਆ।

(4) ਜੈਨ ਮੰਦਰਾਂ ਅੱਗੇ ਬਾਜੇ ਦਾ ਬੰਦ ਹੁਕਮ ਵਾਪਸ ਲਿਆ।

(5) ਰਾਜੇ ਨੇ ਸ਼ਿਕਾਰ ਛੱਡ ਦਿੱਤਾ।

(6) ਅਕਬਰ 500 ਚਿੜੀਆਂ ਦਾ ਭੋਜਨ ਕਰਦਾ ਸੀ। ਉਸਦਾ ਤਿਆਗ ਕੀਤਾ।

(7) ਜੈਨ ਤੀਰਥਾਂ ਦੇ ਆਸ ਪਾਸ ਹਰ ਪ੍ਰਕਾਰ ਦੀ ਜੀਵ ਹਿੰਸਾ ਦੀ ਪਾਬੰਦੀ ਲਗਵਾ ਦਿੱਤੀ ।

(8) ਕੈਦੀਆਂ ਨੂੰ ਜਬਰੀ ਮੁਸਲਮਾਨ ਬਨਾਉਣਾ ਬੰਦ ਕੀਤਾ ।

(9) ਜੈਨ ਤੀਰਥਾਂ ਦਾ ਟੈਕਸ ਮੁਆਫ ਕੀਤਾ ।

ਅਚਾਰਿਆ ਹੀਰਾ ਵਿਜੈ ਦੇ ਅਕਬਰ ਦੇ ਹੋਰ ਜੈਨ ਮੁਨੀਆਂ ਦੇ ਸੰਬੰਧਾਂ ਵਾਰੇ ਉਸ ਸਮੇਂ ਲਿਖੇ ਜੈਨ ਗ੍ਰੰਥਾਂ ਤੋਂ ਛੁਟ, ਆਈਨੇ ਅਕਬਰੀ, ਇਤਿਹਾਸਕਾਰ ਬਦਾਉਨੀ, ਡਾ: ਸਮਿਥ, ਅਕਬਰ ਦੇ ਸਮੇਂ ਦਾ ਪੁਰਤਗੇਜ ਯਾਤਰੀ ਪਿਨਹਰੇ ਨੇ ਅਪਣੇ ਗ੍ਰੰਥਾਂ ਵਿਚ ਵਿਸਥਾਰ ਨਾਲ ਦਿਤਾ ਹੈ ।

ਬਾਅਦ ਵਿਚ ਜਹਾਂਗੀਰ ਅਤੇ ਸ਼ਾਹਜਹਾਂ ਦੇ ਸਮੇਂ ਵੀ. ਜੈਨ ਅਚਾਰਿਆ ਨਾਲ ਚੰਗੇ ਸੰਬੰਧ ਰਹੇ । ਸ਼ਾਹਜਹਾਂ ਦੇ ਸਮੇਂ ਦਿਲੀ ਦਾ ਦਿਗੰਵਰ ਜੈਨ ਲਾਲ ਮੰਦਰ ਬਨਿਆ ।

ਔਰੰਗਜੇਬ ਬਾਦਸ਼ਾਹ ਅਪਣੀ ਧਾਰਮਿਕ ਕਟੜਤਾ ਲਈ ਮਸ਼ਹੂਰ ਰਿਹਾ ਹੈ । ਪਰ ਉਸ ਸਮੇਂ ਪੰਜਾਬ ਵਿਚ ਲੋਂਕਾ ਗੱਛ ਦੇ ਯਤੀ ਅਤੇ ਸਥਾਨਕਵਾਸੀ ਸਾਧੂਆਂ ਨੇ ਜੈਨ ਧਰਮ ਦਾ ਪ੍ਰਚਾਰ ਕੀਤਾ ।

ਲੋਂਕਾ ਯਤੀ ਪ੍ਰੰਪਰਾ ਸੰ: 1560 ਵਿੱਚ ਲਾਹੌਰ ਵਿਖੇ ਪਹੁੰਚ ਚੁੱਕੇ ਸਨ । ਇਸ ਪ੍ਰੰਪਰਾ ਦੇ ਮੋਢੀ ਰਿਸ਼ੀ ਹਰੀ ਦਾਸ ਜੀ ਸਨ । ਕੁੱਝ ਯਤੀ ਪ੍ਰੰਪਰਾਵਾਂ, ਯਤੀ ਪ੍ਰਚਾਰ ਕੇਂਦਰ ਯਤੀ ਲੇਖਕਾਂ ਦਾ ਜਿਕਰ ਅਸੀਂ ਪਿਛੇ ਕਰ ਚੁੱਕੇ ਹਾਂ । ਇਨ੍ਹਾਂ ਯਤੀਆਂ ਵਿਚ ਕੁੱਝ ਖੱਰਤਰ ਗੱਛ ਦੇ ਪੂਜਾ ਦੀਆਂ ਗੱਦੀਆਂ ਸਨ । ਤਪਾ ਗੱਛ ਦੇ ਸਾਧੂ ਪੰਜਾਬ ਵਿਚ ਸੰਬਤ 17 ਸਦੀ ਤੋਂ ਬਾਅਦ 19ਵੀਂ ਸਦੀ ਵਿਚ ਆਏ ।

19ਵੀਂ ਸਦੀ ਵਿਚ ਹੋਏ ਤਪਾ ਗੱਛ ਤੇ ਲੋਂਕਾ ਗੱਛ (ਸਥਾਨਕ ਵਾਸੀ) ਸਾਧੂਆਂ ਦੀ ਜਨਮ ਭੂਮੀ ਜਿਆਦਾ ਤਰ ਪੰਜਾਬ ਹੀ ਰਿਹਾ ਹੈ । ਇਸ ਸਮੇਂ ਅੰਗਰੇਜਾਂ ਦਾ ਰਾਜ ਆ ਚੁੱਕਾ ਸੀ । ਜੈਨ ਧਰਮ ਦੇ ਸਾਰੇ ਫਿਰਕੇਆਂ ਦੇ ਉਪਾਸਕ ਅਤੇ ਉਨ੍ਹਾਂ ਨਾਲ ਸੰਬੰਧਿਤ ਸੰਸਥਾਵਾਂ ਕਾਇਮ ਹੋ ਚੁਕੀਆਂ ਸਨ ।

# ਲੋਂਕਾ ਸਾਹ ਦੀ ਪ੍ਰੰਪਰਾ

# ਲੋਂਕਾਂ ਸਾਹ ਦੀ ਪ੍ਰੰਪਰਾ

ਜਿਵੇਂ ਪਹਿਲਾਂ ਦਸਿਆ ਗਿਆ ਹੈ ਕਿ ਲੋਂਕਾਂਸਾਹ ਨੇ ਆਪ ਸਾਧੂ ਜੀਵਨ ਨਹੀਂ ਗ੍ਰਹਿਣ ਕੀਤਾ। ਪਰ ਕੁਝ ਪੱਟਾਵਲੀਆਂ ਵਿਚ ਆਪ ਨੂੰ ਸਾਧੂ ਦਸੀਆਂ ਗਿਆ ਹੈ। ਆਪ ਦੇ ਸਵਰਗਵਾਸ ਤੋਂ ਵਾਅਦ ਸੰ: 1551 ਮਾਘ ਕ੍ਰਿਸ਼ਨਾ 12 ਨੂੰ ਸ੍ਰੀ ਜੀਵ ਜੀ ਰਿਸ਼ੀ ਹੋਏ, ਆਪਨੇ ਸੰ. 1578 ਵਿਚ ਸਾਧੂ ਜੀਵਨ, ਸੰ. 1585 ਵਿਚ ਅਚਾਰਿਆ ਪਦਵੀ ਪ੍ਰਾਪਤ ਕੀਤੀ।

ਸ੍ਰੀ ਜੀਵਾਜੀ ਦੇ ਸ੍ਰੀ ਰੂਪ ਜੀ ਰਿਸ਼ੀ ਹੋਏ। ਇਹ ਸ੍ਰੀ ਜੀਵ ਰਿਸ਼ੀ, ਜੀਵਰਾਜ ਜੀ ਤੋਂ ਭਿੰਨ ਸਨ। ਲੋਂਕਾਂਸਾਹ ਦੇ ਜੀਵਨ ਵਿਚ ਲੋਂਕਾਂ ਗੱਛ ਦੇ 1120 ਸਾਧੂ ਬਣ ਗਏ ਸਨ। ਜੋ ਭਿੰਨ-ਭਿੰਨ ਦਿਸ਼ਾਵਾਂ ਅਤੇ ਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਲੱਗੇ। ਜੀਵਾ ਜੀ ਰਿਸ਼ੀ ਦੇ ਤਿੰਨ ਚੇਲੇ ਸਨ। (1) ਸ੍ਰੀ ਕੁੰਵਰ ਰਿਸ਼ੀ ਜੀ। (2) ਸ੍ਰੀ ਸ੍ਰੀਵਰ ਰਿਸ਼ੀ ਜੀ। (3) ਸ੍ਰੀ ਸ੍ਰੀ ਮਲ।

ਸਿਟੇ ਵਜੋਂ ਲੋਂਕਾਂ ਗੱਛ ਤਿੰਨ ਹਿਸੇਆਂ ਵਿਚ ਵੰਡ ਗਿਆ। ਭਾਵੇਂ ਕੁਝ ਮੁਨੀਆਂ ਦਾ ਪੰਜਾਬ ਨਾਲ ਸਿਧਾ ਜਾ ਅਸਿਧਾ ਸੰਬੰਧ ਨਹੀਂ। ਪ੍ਰੰਤੂ ਇਸ ਵੰਡ ਦੇ ਕਾਫੀ ਮੁਨੀਆਂ ਦੀ ਪ੍ਰੰਪਰਾ ਫੇਰ ਇਨ੍ਹਾਂ ਤਿੰਨ ਗੱਛਾ ਵਿਚ ਆ ਮਿਲਦੀ ਹੈ। ਇਹ ਗੱਛ ਸਨ—(1) ਗੁਜਰਾਤੀ (2) ਨਾਗੋਰੀ, (3) ਉਤਰਾਧ। ਇਨ੍ਹਾਂ ਤਿੰਨ ਗੱਛਾਂ ਵਿਚ—(1) ਰਤਨ ਸਿੰਘ ਜੀ (2) ਕੇਸ਼ਵ ਜੀ। (3) ਸ਼ਿਵ ਜੀ, (4) ਅਤੇ ਕਾਨ ਜੀ ਰਿਸ਼ੀ ਪੈਦਾ ਹੋਏ।

ਸ੍ਰੀ ਵਰ ਸਿੰਘ ਤੋਂ ਬਾਅਦ ਯਸ਼ਵੰਤ ਰਿਸ਼ੀ ਜੀ ਗੁਜਰਾਤੀ ਲੋਂਕਾਂ ਗੱਛ ਦੇ ਅਚਾਰਿਆ ਬਣੇ। ਆਪ ਤੋਂ ਵਾਅਦ ਬਜਰੰਗ ਰਿਸ਼ੀ ਜੀ ਇਸ ਗੱਛ ਦੇ ਅਚਾਰਿਆ ਬਣੇ ਸਨ। ਵਿਕਰਮ ਦੀ 17 ਵੀਂ ਸਦੀ ਵਿਚ ਯਤੀ ਦੀਆ ਬੁਰਾਇਆਂ ਪਹਿਲਾਂ ਤੋਂ ਜਿਆਦਾ ਵੱਧ ਗਈਆਂ ਸਨ। ਸੰ: 1610 ਵਿਚ ਰਿਸੀ ਕੁੰਵਰ ਜੀ ਅਚਾਰਿਆ ਬਣੇ। ਇਨ੍ਹਾਂ ਦੇ ਚੇਲੇ ਰਤਨ ਸਿੰਘ ਸੰ: 1648 ਵਿਚ ਸਾਧੂ ਬਣੇ। ਸੰ: 1688 ਵਿਚ ਸ਼ਿਵ ਜੀ ਰਿਸ਼ੀ ਇਸ ਪ੍ਰੰਪਰਾਂ ਦੇ ਵਾਰਸ ਸਨ। ਇਨ੍ਹਾਂ ਦੇ ਚੇਲੇ ਹੀਰਾ ਆਚਾਰ ਜੀ ਹੋਏ। ਆਪ ਨਾਗੋਰ ਸ਼ਹਿਰ ਦੇ ਸਨ। ਇਨ੍ਹਾਂ ਦੇ ਨਾਂ ਤੇ ਨਾਗੋਰੀ ਗੱਛ ਦੀ ਉਤਪੱਤੀ ਹੋਈ। ਇਸੇ ਗੱਛ ਵਿਚ ਅਚਾਰਿਆ ਮਨੋਹਰ ਰਿਸ਼ੀ ਹੋਏ। ਜਿਸਤੋਂ ਮਨੋਹਰੀ ਗੱਛ ਦੀ ਉਤਪੱਤੀ ਹੋਈ। ਉਤਰਾਧ ਗੱਛ ਦੀ ਸਥਾਪਨਾ ਕਿਸ ਮੁਨੀ ਨੇ ਕੀਤੀ। ਇਸ ਵਾਰੇ ਜੈਨ ਇਤਹਾਸ ਅਤੇ ਪਟਾਵਲੀਆਂ ਚੁੱਪ ਹਨ।

## ਕ੍ਰਿਆ ਉਦਾਰਕ ਮਹਾਪੁਰਸ਼

ਇਸੇ ਸਮੇਂ ਯਤੀ ਪ੍ਰੰਪਰਾ ਨੂੰ ਛੱਡ ਕੇ ਸ਼ਾਸਤਰਾਂ ਅਨੁਸਾਰ 5 ਮਹਾਪੁਰਸ਼ ਸਾਧੂ ਬਣੇ। ਸਵੇਤਾਂਬਰ ਜੈਨ ਸਥਾਨਕਵਾਸੀ ਇਨ੍ਹਾਂ ਨੂੰ ਕ੍ਰਿਆਉਦਾਰਕ ਮਹਾਪੁਰਸ਼ ਮਨਦੀ ਹੈ। (1) ਜੀਵਰਾਜ ਜੀ, (2) ਲਵ ਜੀ ਰਿਸ਼ੀ, (3) ਧਰਮ ਸਿੰਘ ਜੀ, (4) ਧਰਮ ਦਾਸ ਜੀ, (5) ਹਰਜੀ ਰਿਸ਼ੀ ਮਹਾਰਾਜ।

# ਸ਼੍ਰੀ ਜੀਵ ਰਾਜ ਜੀ ਤੋਂ ਸਾਧੂ ਪ੍ਰੰਪਰਾ

ਸ਼੍ਰੀ ਜੀਵ ਰਾਜ ਜੀ ਵਾਰੇ ਕੋਈ ਖਾਸ ਇਤਹਾਸਕ ਵਰਨਣ ਨਹੀਂ ਮਿਲਦਾ। ਸਿਰਫ਼ ਪਟਾਵਲੀਆਂ ਤੋਂ ਪਤਾ ਚਲਦਾ ਹੈ ਕਿ ਆਪਨੇ ਲੋਂਕਾਂ ਗੱਛ ਦੇ ਯੱਤੀ ਤੇਜ ਰਿਸ਼ੀ ਪਾਸੋਂ ਦੀਖੀਆ ਗ੍ਰਹਿਣ ਕੀਤੀ। ਸੰ: 1661 ਵਿਚ ਆਪਨੇ ਯਤੀ ਜੀ ਦੀ ਆਗੀਆ ਨਾਲ ਸ਼ੁਧ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਨਾਲ ਅਮੀ ਪਾਲ, ਮਹਿਪਾਲ, ਹੀਰੋ ਜੀ, ਗਿਰਧਰ ਜੀ ਅਤੇ ਹਰਜੀ ਵੀ ਯਤੀ ਪ੍ਰੰਪਰਾ ਛੱਡ ਕੇ ਆਪਦੇ ਸਾਥੀ ਬਣ ਗਏ। ਸ਼੍ਰੀ ਜੀਵ ਰਾਜ ਜੀ ਨੇ 45 ਆਗਮਾਂ ਦੀ ਥਾਂ ਤੇ 32 ਆਗਮਾਂ ਨੂੰ ਮਾਨਤਾ ਦਿਤੀ, ਪੰਜਾਂ ਕ੍ਰਿਆ ਉਦਰਕਾਂ ਵਿਚੋਂ ਆਪਦਾ ਸਾਧੂ ਪਰਿਵਾਰ ਸਭ ਤੋਂ ਜਿਆਦਾ ਸੀ। ਆਪਦੇ ਕੁੱਝ ਪ੍ਰਸਿਧ ਚੇਲੇ ਸਨ, ਧਨਾ ਜੀ, ਲਾਲ ਚੰਦ ਜੀ, ਨਾਥੂਰਾਮ ਜੀ, ਨੰਦਲਾਲ ਜੀ, ਧਨ ਜੀ, ਅਮਰ ਸਿੰਘ ਜੀ ਅਤੇ ਦੂਸਰੇ ਲਾਲ ਚੰਦ। ਸ਼੍ਰੀ ਜੀਵ ਰਾਜ ਜੀ ਇਕ ਮਹਾਨ ਕਵਿ, ਲੇਖਕ ਅਤੇ ਸਾਸਤਰਾ ਦੇ ਜਾਣਕਾਰ ਸਨ। ਉਨ੍ਹਾਂ 24 ਤੀਰਥੰਕਰਾ ਦੀ ਸਤੂਤੀ ਸੰਬਤ 1676—1679 ਵਿਚ ਸੰਪੂਰਣ ਕੀਤੀ। ਆਪਦਾ ਸਵਰਗਵਾਸ ਸੰ: 1698 ਵਿਚ ਹੋ ਗਿਆ। ਉਨ੍ਹਾਂ ਵਾਰੇ ਸਾਡੀ ਵਾਕਫੀ **ਸਾਧਵੀ ਚੰਦਨਾ ਲਿਖਤ ਹਮਾਰਾ ਇਤਹਾਸ** ਹੈ।

## ਜੀਵ ਜੀ ਰਾਜ ਦੇ ਚੇਲੇ ਧਨਰਾਜ ਜੀ ਦੀ ਪ੍ਰੰਪਰਾ

ਸ਼੍ਰੀ ਧਨਰਾਜ ਜੀ ਬੀਕਾਨੇਰ ਦਰਵਾਰ ਵਿਚ ਮਹਾਰਾਜਾ ਦਾ ਰਾਹੀ ਸਨਮਾਨੇ ਸੰਤ ਧਨਾ ਆਪਦੇ ਵਾਅਦ ਦੀ ਪ੍ਰੰਪਰਾ ਇਸ ਪ੍ਰਕਾਰ ਹੈ ਇਹ ਸਥਾਨਕਵਾਸੀ ਜੈਨ ਸਮਾਜ ਦੇ ਪੁਰਾਤਨ ਪ੍ਰੰਪਰਾਵਾਂ ਵਿਚ ਇਕ ਹੈ।

- ਜੀਵ ਰਾਜ ਜੀ
  - ਸ਼੍ਰੀ ਧਨ ਜੀ
    - ਸ਼੍ਰੀ ਵਿਸ਼ਨੂ ਜੀ
    - ਸ਼੍ਰੀ ਮਨ ਜੀ
      - ਸ਼੍ਰੀ ਨਾਥੂ ਰਾਮ ਜੀ
        - ਸ਼੍ਰੀ ਲਛਮੀ ਚੰਦ ਜੀ
        - ਸ਼੍ਰੀ ਰਾਏ ਚੰਦ ਜੀ
  - ਸ਼੍ਰੀ ਲਾਲ ਚੰਦ ਜੀ

ਸ਼੍ਰੀ ਰਾਮਾ ਅਚਾਰਿਆ ਜੀ ਸ਼੍ਰੀ ਉੱਤਮਾਚਾਰਿਆ ਜੀ

ਸ਼੍ਰੀ ਰਾਮ ਲਾਲ ਜੀ ਸ਼੍ਰੀ ਰਤਨ ਚੰਦ ਜੀ

ਸ਼੍ਰੀ ਫਕੀਰ ਚੰਦ ਜੀ ਸ਼੍ਰੀ ਭਜੂ ਲਾਲ (ਜਤੀ ਪ੍ਰਕਾਸ਼ ਗ੍ਰੰਥ ਦੇ ਲੇਖਕ)

ਸ਼੍ਰੀ ਫੂਲਚੰਦ ਜੀ ਕਰਾਚੀ ਵਾਲੇ ਸ਼੍ਰੀ ਮੋਤੀਲਾਲ ਜੀ

## ਸ਼੍ਰੀ ਜੀਵ ਰਾਜ ਜੀ ਦੀ ਪ੍ਰੰਪਰਾ

ਅਚਾਰਿਆ ਰਾਮ ਚੰਦਰ ਜੀ

ਅਚਾਰਿਆ ਸੰਤ ਰਾਮ ਜੀ

ਸ਼੍ਰੀ ਨੰਦ ਲਾਲ ਜੀ

ਸ਼੍ਰੀ ਜੋਕੀ ਰਾਮ ਜੀ

ਸ਼੍ਰੀ ਕਿਸ਼ਨ ਚੰਦ ਜੀ ਸ਼੍ਰੀ ਰੂਪ ਚੰਦ ਜੀ

ਸ਼੍ਰੀ ਜੋਕੀ ਰਾਮ ਜੀ

ਸ਼੍ਰੀ ਚੈਨ ਦਾਸ ਜੀ ਸ਼੍ਰੀ ਘਾਸੀ ਲਾਲ ਜੀ

ਸ਼੍ਰੀ ਗੋਬਿੰਦ ਰਾਮ ਜੀ ਸ਼੍ਰੀ ਜੀਵਨ ਲਾਲ ਜੀ ਸ਼੍ਰੀ ਕੁੰਦਨ ਲਾਲ ਜੀ

ਸ਼੍ਰੀ ਛੋਟੇ ਲਾਲ ਜੀ

**ਅਚਾਰਿਆ ਸੁਸ਼ੀਲ ਕੁਮਾਰ ਜੀ** ਸ਼੍ਰੀ ਸੁਭਾਗ ਮੁਨੀ ਜੀ ਸ਼੍ਰੀ ਧਰਮ ਕੀਰਤੀ ਜੀ

## ਸ਼੍ਰੀ ਜੀਵ ਰਾਜ ਜੀ ਦੇ ਦੂਸਰੇ ਚੇਲੇ ਸ਼੍ਰੀ ਲਾਲ ਚੰਦ ਜੀ ਦੀ ਪ੍ਰੰਪਰਾ

ਸ਼੍ਰੀ ਅਮਰ ਸਿੰਘ(ਮਾਰਵਾੜ) ਸ਼੍ਰੀ ਸੀਤਲ ਦਾਸ ਜੀ ਸ਼੍ਰੀ ਗੰਗਾ ਰਾਮ ਜੀ ਸ਼੍ਰੀ ਦੀਪ ਚੰਦ ਜੀ

ਸ਼੍ਰੀ ਤੁਲਸੀ ਰਾਮ ਜੀ

ਸ਼੍ਰੀ ਸੁਜਾਨ ਮਲ ਜੀ

ਸ਼੍ਰੀ ਜੀਤ ਮਲ ਜੀ

ਸ਼੍ਰੀ ਗਿਆਨ ਮਲ ਜੀ

ਸ਼੍ਰੀ ਪੂਨਮ ਚੰਦ ਜੀ

ਸ਼੍ਰੀ ਜੇਠ ਮਲ ਜੀ

ਸ਼੍ਰੀ ਨੇਨ ਮਲ ਜੀ

ਸ਼੍ਰੀ ਦਿਆਲ ਚੰਦ ਜੀ

ਸ਼੍ਰੀ ਤਾਰਾ ਚੰਦ ਜੀ

ਉਪਾਧਿਆ ਪੁਸ਼ਕਰ ਮੁਨੀ

## ਅਚਾਰਿਆ ਗੰਗਾ ਰਾਮ ਜੀ ਦੀ ਪ੍ਰੰਪਰਾ

ਸ਼੍ਰੀ ਜੀਵਨ ਰਾਮ ਜੀ

ਸ਼੍ਰ ਚੰਦ ਜੀ

ਸ਼੍ਰੀ ਜਵਾਹਰ ਲਾਲ ਜੀ

ਉਪਪ੍ਰਵਰਤਕ ਕਵੀ ਸ਼੍ਰੀ ਚੰਦਨ ਮੁਨੀ (ਪੰਜਾਬੀ)

## ਅਚਾਰਿਆ ਦੀਪ ਚੰਦ ਜੀ ਦੀ ਪ੍ਰੰਪਰਾ

ਸਵਾਮੀ ਦਾਸ ਜੀ — ਸ਼੍ਰੀ ਮਲੂਕ ਚੰਦ ਜੀ

ਸਵਾਮੀ ਦਾਸ ਜੀ: ਉਗਰ ਸੈਨ ਜੀ — ਘਾਸੀ ਰਾਮ ਜੀ — ਕਨੀ ਰਾਮ ਜੀ — ਰਿਸ਼ੀ ਰਾਏ ਜੀ — ਰੰਗ ਲਾਲ ਜੀ — ਫਤੇ ਚੰਦ ਜੀ

## ਸ੍ਰੀ ਮਲੂਕ ਚੰਦ ਜੀ ਦੀ ਪ੍ਰੰਪਰਾ

ਸ਼੍ਰੀ ਨਾਨਕ ਰਾਮ ਜੀ

ਸ਼੍ਰੀ ਨਿਹਾਲ ਚੰਦ ਜੀ (1836)

ਸ੍ਰੀ ਵੀਰ ਭਾਨ (1858)

ਸ੍ਰੀ ਸੁਖ ਲਾਲ ਜੀ (1861)

ਸ੍ਰੀ ਲਛਮਨ ਦਾਸ ਜੀ

ਸ੍ਰੀ ਮਘਰ ਲਾਲ ਜੀ

ਸ੍ਰੀ ਮੋਤੀ ਰਾਮ ਜੀ

ਸ੍ਰੀ ਪੰਨਾ ਲਾਲ ਜੀ

## ਸ੍ਰੀ ਸੁਖ ਲਾਲ ਜੀ ਦੀ ਪ੍ਰੰਪਰਾ

ਸ੍ਰੀ ਅਭੈ ਰਾਜ ਜੀ — ਸ੍ਰੀ ਹਰਕ ਚੰਦ ਜੀ

# ਲਵ ਜੀ ਰਿਸ਼ੀ

ਲਵ ਜੀ ਰਿਸ਼ੀ ਮਹਾਨ ਕ੍ਰਾਂਤੀਕਾਰੀ ਅਚਾਰਿਆ ਸਨ। ਉਨ੍ਹਾਂ ਬਜਰੰਗ ਰਿਸ਼ੀ ਨਾਂ ਦੇ ਯਤੀ ਪਾਸੋਂ ਸੰ: 1694 ਵਿਚ ਅਹਿਮਦਾਬਾਦ ਵਿਖੇ ਯਤੀ ਦੀਖਿਆ ਲਈ। ਉਨ੍ਹਾਂ ਬੜੀ ਜਲਦ ਜੈਨ ਗ੍ਰੰਥਾਂ ਦਾ ਸੂਖਮ ਅਧਿਐਨ ਕੀਤਾ। ਉਨ੍ਹਾਂ ਨੂੰ ਉਸ ਸਮੇਂ ਦੇ ਯਤੀ ਸਮਾਜ ਅਤੇ ਪੁਰਾਣੇ ਸਾਧੂ ਸਮਾਜ ਦੇ ਨਿਯਮਾਂ ਵਿਚ ਜਮੀਨ ਅਸਮਾਨ ਦਾ ਫਰਕ ਲਗਾ। ਉਨ੍ਹਾਂ ਅਪਣੇ ਗੁਰੂ ਦਾ ਧਿਆਨ ਇਸ ਪਾਸੇ ਵਲ ਦਿਵਾਇਆ। ਪਰ ਗੁਰੂ ਜੀ ਨੇ ਆਖਿਆ "ਮੈਂ ਬੁਢਾਪੇ ਕਾਰਣ ਤੇਰਾ ਸਾਥ ਨਹੀਂ ਦੇ ਸਕਾਂਗਾ।" ਲਵ ਜੀ ਰਿਸ਼ੀ ਨੇ 21 ਯਤੀਆਂ ਨਾਲ ਨਵੇਂ ਸਿਰੇ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਆਪਨੇ ਲੋਂਕਾਂ ਸ਼ਾਹ ਦੀ ਪ੍ਰੰਪਰਾ ਨੂੰ ਮੁੜ ਜਿੰਦਾ ਕਰ ਦਿਤਾ। ਉਨ੍ਹਾਂ ਨੇ ਯਤੀ ਪ੍ਰੰਪਰਾ ਵਿਚ ਆਈਆਂ ਬੁਰਾਈਆਂ ਨੂੰ ਖਤਮ ਕਰਨ ਦਾ ਬੀੜਾ ਉਠਾਇਆ। ਉਨ੍ਹਾਂ ਦੇ ਧਰਮ ਪ੍ਰਚਾਰ ਦਾ ਖੇਤਰ ਗੁਜਰਾਤ, ਰਾਜਸਥਾਨ ਅਤੇ ਪੰਜਾਬ ਸੀ। ਇਹੋ ਕਾਰਣ ਸੀ ਕਿ ਆਪ ਦੀ ਪ੍ਰੰਪਰਾ ਹੁਣ ਤੱਕ ਪੰਜਾਬ ਵਿਚ ਬਣ ਰਹੀ ਹੈ।

ਆਪ ਮਹਾਨ ਲੇਖਕ ਅਤੇ ਧਰਮ ਪ੍ਰਚਾਰਕ ਸਨ। ਆਪ ਨੂੰ ਧਰਮ ਪ੍ਰਚਾਰ ਕਰਦੇ ਸਮੇਂ ਅਨੇਕਾਂ ਸੰਕਟਾ ਦਾ ਸਾਹਮਣਾ ਕਰਨਾ ਪਿਆ। ਅੱਜ ਦੇ ਸਵੇਤਾਂਵਰ ਸਥਾਨਕ ਵਾਸੀ ਜੈਨ ਸਮਾਜ ਵਿਚ ਆਪਦਾ ਮਹੱਤਵ ਪੂਰਨ ਸਥਾਨ ਹ।

## ਸ੍ਰੀ ਲਵਜੀ ਰਿਸ਼ੀ ਦੀ ਪ੍ਰੰਪਰਾ

ਸ੍ਰੀ ਸੋਮ ਜੀ

ਸ੍ਰੀ ਕਾਨਰਿਸ਼ੀ ਦੇ ਪ੍ਰਮੁਖ ਚੇਲੇ

ਤਾਰਾ ਰਿਸ਼ੀ — ਰਣਛੋੜ ਜੀ — ਗਿਰਧਰ ਜੀ — ਮਾਣਕ ਜੀ — ਕਾਲੂ ਜੀ

ਸ੍ਰੀ ਵਕਸ਼ੂ ਰਿਸ਼ੀ

ਸ੍ਰੀ ਧਨ ਰਿਸ਼ੀ — ਸ੍ਰੀ ਪ੍ਰਿਥਵੀ ਰਿਸ਼ੀ

ਸ੍ਰੀ ਸੋਮ ਰਿਸ਼ੀ | ਸ੍ਰੀ ਜੀਵਾ ਜੀ | ਸ੍ਰੀ ਭੀਮ ਰਿਸ਼ੀ

ਸ੍ਰੀ ਸੋਮ ਰਿਸ਼ੀ

ਸ੍ਰੀ ਸੁਖ ਰਿਸ਼ੀ

ਸ੍ਰੀ ਅਮੀ ਰਿਸ਼ੀ

ਕਵੀ ਤਿਰਲੋਕ ਰਿਸ਼ੀ

ਸ੍ਰੀ ਅਮੋਲਕ ਰਿਸ਼ੀ (32 ਸ਼ਾਸਤਰਾਂ ਦੇ ਹਿੰਦੀ ਅਨੁਵਾਦਕ)

ਅਚਾਰਿਆ ਆਨੰਦ ਰਿਸ਼ੀ
(ਵਰਤਮਾਨ ਸਥਾਨਕਵਾਸੀ ਅਚਾਰਿਆ)

## ਪੰਜਾਬੀ ਸਥਾਨਕਵਾਸ਼ੀ ਜੈਨ ਪ੍ਰੰਪਰਾ (ਪੂਜ ਅਮਰ ਸਿੰਘ ਜੀ)

ਸੋਮ ਰਿਸ਼ੀ ਜੀ

ਹਰੀ ਦਾਸ ਜੀ

ਵਿੰਦਰਾਵਨ ਜੀ

ਭਵਾਨੀ ਦਾਸ ਜੀ

ਮਲੂਕ ਚੰਦ ਜੀ

ਮਹਾ ਸਿੰਘ ਜੀ

ਕੁਸ਼ਾਲ ਸਿੰਘ ਜੀ

ਛੱਜੂ ਮਲ ਜੀ

ਰਾਮ ਲਾਲ ਜੀ

ਅਮਰ ਸਿੰਘ ਜੀ

ਰਾਮ ਬਖ਼ਸ਼ ਜੀ

ਮੋਤੀ ਰਾਮ ਜੀ
|
ਸੋਹਣ ਲਾਲ ਜੀ
|
ਕਾਂਸ਼ੀ ਰਾਮ ਜੀ
|
ਆਤਮਾ ਰਾਮ ਜੀ



# ਅਚਾਰਿਆ ਧਰਮ ਦਾਸ ਜੀ ਮਹਾਰਾਜ ਤੇ ਪ੍ਰੰਪਰਾ

ਆਪਦਾ ਜਨਮ ਸੰ. 1701 ਚੇਤਰ ਸ਼ੁਕਲਾ 11 ਨੂੰ ਅਹਿਮਦਾਬਾਦ ਦੇ ਕਰੀਵ ਸਰਖੇਜ ਪਿੰਡ ਵਿੱਚ ਹੋਈਆ। ਆਪ ਜੀ ਦੇ ਪਿਤਾ ਜੀਵਨ ਭਾਈ ਪਟੇਲ ਸਨ ਮਾਤਾ ਜੀ ਦਾ ਨਾਂ ਹੀਰਾਵਾਈ ਸੀ। ਆਪਣੇ ਯਤੀ ਤੇਜਸਿੰਘ ਜੀ ਪਾਸੋਂ ਜੈਨ ਧਰਮ, ਦਰਸ਼ਨ ਦਾ ਡੂੰਘਾ ਅਧਿਐਨ ਕੀਤਾ,

ਆਪ ਸਮੇਂ ਗੁਜਰਾਤ ਵਿਚ ਇਕ ਨਵਾਂ ਫਿਰਕਾ ਚੱਲ ਰਿਹਾ ਸੀ ਇਸਦਾ ਨਾਂ ਸੀ "ਪਾਤਰਿਆ ਸੰਘ"। ਇਸਦੇ ਉਪਾਸਕ ਗ੍ਰਹਿਸਥੀ ਪ੍ਰਚਾਰਕ ਸਨ। ਉਨ੍ਹਾਂ ਦੀ ਮਾਨਤਾ ਸੀ "ਇਸ ਯੁੱਗ ਵਿਚ ਸ਼ੁਧ ਸੰਜਮ ਨਹੀਂ ਦਲ ਸਕਦਾ। ਸੋ ਕੋਈ ਵੀ ਸੱਚਾ ਸਾਧੂ ਨਹੀਂ। ਇਸ ਪੰਥ ਦਾ ਨੇਤਾ ਸ਼੍ਰੀ ਕਲਿਆਣ ਜੀ ਭਾਈ ਸੀ। ਇਸ ਪੰਥ ਦੀ ਉੱਤਪਤੀ ਸੰ: 1690 ਕ੍ਰਿਸ਼ਨਾ ਮਾਘ 7 ਨੂੰ ਸਰਵਾ੍ਨੀਆਂ ਪਿੰਡ ਵਿੱਚ ਹੋਈ। ਇਸਦੇ ਸੰਸਥਾਪਕ ਸ਼੍ਰੀ ਪ੍ਰੇਮਚੰਦ ਅਤੇ ਸ਼੍ਰੀ ਮਾਲ ਜੀ ਸਨ। ਜਿਨ੍ਹਾਂ ਦਾ ਝਗੜਾ ਲੋਂਕਾਗੱਛੀ ਯਤੀ ਸ਼੍ਰੀ ਕੁਵਰ ਨਾਲ ਹੋਈਆ ਸੀ। ਇਸ ਝਗੜੇ ਦਾ ਸਿਟਾ ਇਹ ਨਵਾ ਪੰਥ ਸੀ। ਪੂਜ ਧਰਮ ਦਾਸ ਤੇ ਇਸ ਪੰਥ ਦਾ ਬਹੁਤ ਅਸਰ ਸੀ।

ਸੰ: 1716 ਸਾਵਨ ਸ਼ੁਕਲਾ 11 ਨੂੰ ਆਪਨੇ ਅਪਣੇ ਯਤੀ ਗੁਰੂ ਸੀ ਤੇਜ ਸਿੰਘ ਦੀ ਆਗਿਆ ਨਾਲ ਅਤੇ ਲਵ ਜੀ ਰਿਸ਼ੀ ਦੇ ਸੁਝਾਵ ਨਾਲ ਮੁਨੀ ਧਰਮ ਗ੍ਰਹਿਣ ਕੀਤਾ। ਆਪ ਨਾਲ 17 ਆਦਮੀਆਂ ਨੇ ਦੀਖੀਆ ਗ੍ਰਹਿਣ ਕੀਤੀ। ਸੰ: 1721 ਮਾਘ ਸ਼ੁਕਲਾ 5 ਨੂੰ ਆਪਨੂੰ ਉਜੈਨੀ ਵਿਖੇ ਅਚਾਰਿਆ ਪਦਵੀ ਹਾਸਲ ਹੋਈ। ਆਪਨੇ 38 ਸਾਲ ਧਰਮ ਪ੍ਰਚਾਰ ਕੀਤਾ। ਆਪਦੇ 99 ਚੇਲੇ ਸਨ ਜਿਨ੍ਹਾਂ ਨੂੰ ਆਪਨੇ ਪ੍ਰਚਾਰ ਹਿੱਤ 22 ਟੋਲੀਆਂ ਵਿਚ ਵੰਡ ਦਿਤਾ। ਇਹ ਗੱਲ ਸੰ: 1772 ਚੇਤਰ ਸੁਕਲਾ 13 ਦੀ ਹੈ। ਆਪਦੇ ਗੱਛ ਨੂੰ 22 ਟੋਲਾਂ ਵੀ ਆਖਦੇ ਹਨ। ਇਨ 22 ਟੋਲੀਆਂ ਦੇ ਮੁੱਖੀ ਸਨ।

(1) ਪੂਜ ਧਰਮ ਦਾਸ ਜੀ, (2) ਪੂਜ ਧਨਰਾਜ ਜੀ। (3) ਪੂਜ ਲਾਲ ਚੰਦ ਜੀ (4) ਪੂਜ ਹਰੀਦਾਸ ਜੀ। (5) ਪੂਜ ਜੀਵਾ ਜੀ। (6) ਸ਼੍ਰੀ ਪ੍ਰਿਥਵੀ ਰਾਜ ਜੀ ਮਹਾਰਾਜ (7) ਪੂਜ ਪ੍ਰਿਥਵੀ ਰਾਜ (ਛੋਟੇ) (8) ਛੋਟੇ ਹਰੀਦਾਸ ਜੀ। (9) ਸ਼੍ਰੀ ਮੂਲ ਚੰਦ ਜੀ। (10) ਸ਼੍ਰੀ ਭਾਗਚੰਦ ਜੀ, (11) ਸ਼੍ਰੀ ਪ੍ਰੇਮਰਾਜ ਜੀ, (12) ਸ਼੍ਰੀ ਖੇਤਸੀ। (13) ਸ਼੍ਰੀ ਪਦਾਰਥ ਜੀ, (14) ਸ਼੍ਰੀ ਲੋਕਮਲ ਜੀ। (15) ਸ਼੍ਰੀ ਭਵਾਨੀ ਦਾਸ, (16) ਸ਼੍ਰੀ ਮਲੂਕ

ਚੰਦ ਜੀ । (17) ਸ੍ਰੀ ਪੁਰਸ਼ੋਤਮ ਦਾਸ ਜੀ । (18) ਸ੍ਰੀ ਮੁਕਟ ਰਾਮ । (19) ਸ੍ਰੀ ਮਨੋਹਰ ਦਾਸ ਜੀ । (20) ਸ੍ਰੀ ਗੁਰੂ ਸਹਾਇ ਜੀ । (21) ਸ੍ਰੀ ਸਮਰਥ ਜੀ । (22) ਸ੍ਰੀ ਵਾਂਧ ਸਿੰਘ ।

ਆਪਦੇ 35 ਚੇਲੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਮਹਾਨ ਵਿਦਵਾਨ ਸਨ । ਆਪਦਾ ਸਵਰਗਵਾਸ ਇਕ ਮਹਾਨ ਬਲਿਦਾਨ ਹੈ । ਇਕ ਵਾਰ ਇਕ ਚੇਲੇ ਦੀ ਸਮਾਧੀ ਮਰਨ ਦੀ ਇੱਛਾ ਹੋਈ । ਪਰ ਕੁੱਝ ਸਮੇਂ ਵਾਅਦ ਉਹ ਇਸ ਨਿਅਮ ਤੋਂ ਹੱਟ ਗਿਆ । ਆਪਨੇ ਉਸ ਦੀ ਖਾਲੀ ਥਾਂ ਤੇ ਸਮਾਧੀ ਮਰਨ ਗ੍ਰਹਿਣ ਕੀਤਾ ਅਤੇ ਜੈਨ ਧਰਮ ਦੀ ਬਲਿਦਾਨ ਰਾਹੀਂ ਰਖਿਆ ਕੀਤੀ । ਜੈਨ ਇਤਿਹਾਸ ਵਿਚ ਧਰਮ ਹਿੱਤ ਅਜੇਹਾ ਬਲਿਦਾਨ ਦੇਨ ਵਾਲੇ ਘੱਟ ਹੀ ਮੁਨੀ ਹੋਏ ਹਨ ।

ਆਪਦੇ ਪੰਜ ਚੇਲਿਆਂ ਦੀਆਂ ਪ੍ਰੰਪਰਾ ਹੀ ਅੱਗੇ ਵਧੀ । ਉਹ ਸਨ (1) ਸ੍ਰੀ ਮੂਲ ਚੰਦ ਜੀ, (2) ਸ੍ਰੀਧਨ ਜੀ । (3) ਛੋਟੇ ਪ੍ਰਿਥਵੀ ਰਾਜ । (4) ਸ੍ਰੀ ਮਨੋਹਰ ਦਾਸ ਜੀ ।

ਆਪ ਦੀ ਪ੍ਰੰਪਰਾ ਵਿਚ ਸਤਾਵਧਾਨੀ ਸ੍ਰੀ ਰਤਨ ਚੰਦ ਜੀ ਮਹਾਰਾਜ ਪੈਦਾ ਹੋਏ । ਜਿਨ੍ਹਾਂ ਪ੍ਰਾਕ੍ਰਿਤ ਭਾਸ਼ਾ ਵਿਚ ਅਰਧ ਮਾਗਧੀ ਕੋਸ਼ ਤਿਆਗ ਕੀਤਾ । ਸਵੇਤਾਂਵਰ ਤੇਰਾਪੰਥੀ ਜੈਨ ਫਿਰਕੇ ਸੰਸਥਾਪਕ ਸ੍ਰੀ ਭਿਕਸ਼ੂ ਸਵਾਮੀ ਦੇ ਗੁਰੂ ਸ੍ਰੀ ਰਘੂਨਾਥ ਜੀ ਵੀ ਇਸੇ ਪ੍ਰੰਪਰਾ ਨਾਲ ਸੰਬੰਧਿਤ ਸਨ ।

ਪ੍ਰਸਿਧ ਮਹਾਵੀਰ ਜੀਵਨ ਚਾਰਿਤਰ ਦੇ ਲੇਖਕ ਸ੍ਰੀ ਚੌਥਮਲ ਜੀ ਮਹਾਰਾਜ, ਰਾਜਸ-ਥਾਨੀ ਕਵਿ ਅਚਾਰਿਆ ਜੈ ਮੱਲ ਜੀ ਇਸੇ ਪ੍ਰੰਪਰਾ ਨਾਲ ਸੰਬੰਧਿਤ ਸ੍ਰੀ ਹਸਤੀ ਮਲ ਵਰਗੇ ਜੈਨ ਇਤਹਾਸ ਕਾਰ ਪੂਜ ਧਰਮ ਦਾਸ ਦੀ ਪ੍ਰੰਪਰਾ ਨੂੰ ਅੱਗੇ ਵੱਧਾ ਰਹ ਹਨ ।

# ਅਚਾਰਿਆ ਮਨੋਹਰਦਾਸ ਦੀ ਪ੍ਰੰਪਰਾ

ਅਚਾਰਿਆ ਮਨੋਹਰਦਾਸ ਪਹਿਲਾਂ ਯਤੀ ਸਦਾਰੰਗ ਪਾਸ ਸਾਧੂ ਬਣੇ । ਬਾਅਦ ਵਿਚ ਪੂਜ ਧਰਮ ਦਾਸ ਦੇ ਚੇਲੇ ਬਣੇ । ਆਪ ਨਾਗੋਰ ਦੇ ਰਹਿਣ ਵਾਲੇ ਸਨ—

ਅਚਾਰਿਆ ਮਨੋਹਰ ਦਾਸ
|
ਸ਼੍ਰੀ ਭਾਗ ਮਲ
|
ਸ਼੍ਰੀ ਸੀਤਾ ਰਾਮ ਜੀ
|
ਸ਼੍ਰੀ ਸ਼ਿਵਰਾਮ ਦਾਸ

ਸ਼ਿਵਰਾਮ ਦਾਸ ਜੀ ਦੇ 4 ਪ੍ਰਮੁੱਖ ਚੇਲੇ ਹੋਏ । (1) ਅਚਾਰਿਆ ਲੂਣ ਕਰਨ । (2) ਪੂਜ ਸ਼੍ਰੀ ਰਾਮ ਸੁਖ ਜੀ । (3) ਤੱਪਸਵੀ ਖਿਆਲੀ ਰਾਮ । (4) ਮੰਗਲ ਸੇਨ ।

ਮੰਗਲ ਸੇਨ ਜੀ ਤੋਂ ਵਾਅਦ ਇਹ ਫਿਰਕਾ ਦੋ ਹਿਸਿਆਂ ਦੇ ਵਿਚ ਵੰਡੀਆ ਗਿਆ । ਪਹਿਲੇ ਹਿਸੇ ਵਿੱਚ ਸ਼੍ਰੀ ਰਘੂਨਾਥ, ਉਨ੍ਹਾਂ ਦੇ ਚੇਲੇ ਖੁਸ਼ਾਲ ਚੰਦ ਹੋਏ । ਦੂਸਰੇ ਹਿਸੇ ਦੇ ਮਾਲਕ ਅਚਾਰਿਆ ਮੋਤੀ ਰਾਮ ਜੀ ਹੋਏ । ਆਪਦੇ ਚੇਲੇ ਅਚਾਰਿਆ ਪਿਰਥਵੀ ਰਾਜ ਜੀ ਹੋਏ । ਆਪਦੇ ਸ਼ਿਸ਼ ਰਾਸ਼ਟਰ ਸੰਤ ਕਵਿ ਉਪਾਧਿਆ ਸ਼੍ਰੀ ਅਮਰ ਮੁਨੀ ਜੀ ਮਹਾਰਾਜ ਹਨ ।

# ਪੂਜ ਸ਼੍ਰੀ ਹਰੀਦਾਸ ਜੀ ਤੇ ਪ੍ਰੰਪਰਾ

## ਪੂਜ ਹਰੀ ਦਾਸ ਜੀ

●

ਆਪ ਪਹਿਲਾਂ ਉਤਰਅਰਧ ਲੌਂਕਾਂ ਗੱਛ ਦੇ ਯਤੀ ਸਨ। ਇਕ ਵਾਰ ਆਪ ਅਹਿਮਦਾਵਾਦ ਗਏ। ਉਥੇ ਆਪ ਦੀ ਮੁਲਾਕਾਤ ਸੰਬਤ 1729-30 ਨੂੰ ਸ਼੍ਰੀ ਸ਼ੋਮ ਜੀ ਰਿਸ਼ੀ ਨਾਲ ਹੋਈ। ਆਪਨੇ ਸੋਮ ਜੀ ਰਿਸ਼ੀ ਕੋਲ ਯੱਤੀ ਪ੍ਰੰਪਰਾ ਤਿਆਗ ਕੇ ਸਾਧੂ ਜੀਵਨ ਗ੍ਰਹਿਣ ਕਰ ਲਿਆ। ਆਪਨੇ ਪੰਜਾਬ ਹੀ ਨਹੀਂ, ਸਗੋਂ ਸਾਰੇ ਉੱਤਰਭਾਰਤ ਰਾਜਸਥਾਨ ਵਿਚ ਭਗਵਾਨ ਮਹਾਵੀਰ ਦਾ ਉਪਦੇਸ਼ ਫੈਲਾਇਆ। ਆਪਦੇ ਪ੍ਰਚਾਰ ਦਾ ਸਿਟਾ ਸੀ ਕਿ ਹੁਣ ਤੱਕ ਜੈਨ ਧਰਮ ਪੰਜਾਬ ਵਿਚ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਿਹਾ ਹੈ। ਆਪ ਉੱਚ ਕੋਟੀ ਦੇ ਲੇਖਕ ਅਤੇ ਕਵੀ ਸਨ। ਆਪਦੀ ਪ੍ਰੰਪਰਾ ਦਾ ਸਿੱਧਾ ਸੰਬੰਧ ਅਚਾਰਿਆ ਆਤਮਾ ਰਾਮ ਜੀ ਮਹਾਰਾਜ ਨਾਲ ਹੈ।

## ਸ਼੍ਰੀ ਵਰਿੰਦਾਵਨ ਦਾਸ ਜੀ

ਆਪਦੇ ਪ੍ਰਮੁਖ ਚੇਲੀਆਂ ਵਿਚੋਂ ਸ਼੍ਰੀ ਵਰਿਦਾਵਨ ਦਾਸ 1779 (2) ਭਗਵਾਨ ਦਾਸ (1780) ਸ਼੍ਰੀ ਮਲੂਕ ਚੰਦ (1804) 1781 ਜੇਹੇ ਮਹਾਨ ਅਚਾਰਿਆ ਹੋਏ। ਆਪਦੇ ਫਿਰਕੇ ਨੂੰ ਪੰਜਾਬੀ ਪੂਜ ਆਖੀਆ ਜਾਂਦਾ ਹੈ।

# ਅਚਾਰਿਆ ਮਲੂਕ ਚੰਦ ਜੀ

ਆਪ ਇਕ ਮਹਾਨ ਅਚਾਰਿਆ ਅਤੇ ਤਪਸਵੀ ਸਨ। ਆਪ ਦੇ ਸਮੇਂ ਵਿਕਰਮ ਸੰਬਤ 1810 ਵੈਸਾਖ ਸ਼ੁਕਲ 5 ਮੰਗਲ ਵਾਰ ਸਮੇਲਨ ਪਚੇਵਰ ਪਿੰਡ ਵਿਚ ਹੋਈਆ। ਇਸ ਸੰਤ ਸੰਮੇਲਨ ਵਿਚ ਮਨਸਾ ਰਾਮ ਜੀ ਅਤੇ ਭੋਜਰਾਜ ਜੀ ਜਿਹੇ ਮਹਾਨ ਸੰਤ ਸ਼ਾਮਲ ਹੋਏ। ਇਸ ਸੰਮੇਲਨ ਵਿਚ ਸਾਧਵੀ ਖੇਮਾਂ ਜੀ ਦਾ ਸਾਧਵੀ ਸੰਘ ਸਾਧਵੀ ਦਯਾ ਜੀ, ਮੰਗਲਾ ਜੀ, ਅਤੇ ਫੂਲਾਂ ਜੀ ਸਮੇਤ ਸ਼ਾਮਲ ਹੋਈਆਂ। ਇਸ ਸੰਮੇਲਨ ਨੇ ਜੈਨ ਧਰਮ ਦੇ ਪ੍ਰਚਾਰ ਵਿਚ ਬਹੁਤ ਹਿਸਾ ਪਾਈਆ। ਆਪ ਸੰਬਤ 1840 ਤਕ ਜੈਨ ਧਰਮ ਦੀ ਸੇਵਾ ਕਰਦੇ ਰਹੇ।

# ਪੂੱਜ ਮਹਾ ਸਿੰਘ ਜੀ

ਆਪਦਾ ਪ੍ਰਚਾਰ ਕੇਂਦਰ ਮੁੱਖ ਰੂਪ ਵਿਚ ਸੁਨਾਮ ਸੀ। ਜਿਥੇ ਆਪਦਾ ਸਵਰਗਵਾਸ [ਸੁਨਾਮ ਵਿਖੇ] ਸੰਬਤ 1861 ਨੂੰ ਹੋਈਆ। ਆਪ ਜੀ ਦੀ ਯਾਦ ਵਿਚ ਇਕ ਸਮਾਧ ਬਨੀ ਹੋਈ ਹੈ। ਜਿਸਤੇ ਲਿਖੀਆ ਹੈ "**ਪੁਜ ਮਹਾ ਸਿੰਘ ਜੀ ਮਹਾਰਾਜ 1861 ਮੇਂ ਸੰਥਾਰਾ ਅਸੋਜ ਸ਼ੁਦਿਹਸੀਜੇ ਕਾਰੰਤਕ ਪ੍ਰਭਾਤ ਸ਼ਮੇਂ" 16 ਦਿਨ ਆਪ ਮਹਾਨ ਅਚਾਰਿਆ ਅਤੇ ਜੈਨ ਸ਼ਾਸਤਰਾਂ ਦੇ ਜਾਨਕਾਰ ਸਨ**। ਆਪ ਦੇ ਚਾਰ ਚੇਲੇ ਹੋਏ। (1) ਖੁਸਾਲ ਚੰਦ ਜੀ। (2) ਸਾਗਰ ਮਲ ਜੀ। (3) ਅਮੋਲਕ ਚੰਦ ਜੀ। (4) ਗੋਕਲ ਮੁਨੀ ਜੀ।

# ਸ਼੍ਰੀ ਕੁਸ਼ਲ ਸਿੰਘ (ਖੁਸ਼ਹਾਲ ਚੰਦ) ਜੀ

ਆਪ ਮਹਾਸਿੰਘ ਜੀ ਤੋਂ ਵਾਅਦ ਜੈਨ ਸੰਘ ਦੇ ਅਚਾਰਿਆ ਬਣੇ। ਆਪ ਸੰਬਤ 1868 ਤਕ ਮਾਜੂਦ ਸਨ। ਆਪ ਉੱਚ ਕੋਟੀ ਦੇ ਲੇਖਕ ਸਨ। ਆਪਨੇ ਕਈ ਗ੍ਰੰਥਾਂ ਦੀ ਨਕਲ ਕੀਤੀ, ਅਜ ਜੋ ਹੁਣ ਵੀ ਜੈਨ ਭੰਡਾਰਾਂ ਵਿਚ ਮਿਲਦੀਆਂ ਹਨ। ਆਪਦੇ ਗੁਰੂ ਭਰਾ ਸ਼੍ਰੀ ਗੋਕਲ ਚੰਦ ਜੀ ਨੇ ਵਿਕਰਮ ਸੰਮਤ 1828 ਵਿਚ ਫਰੀਦਕੋਟ ਵਿਖੇ ਵਿਪਾਕ ਸੂਤਰ ਦੀ ਨਕਲ ਕੀਤੀ।

ਆਪਨੇ ਅਪਣੀ ਪਦਵੀ ਪਹਿਲਾਂ ਅਪਣੇ ਭਰਾ ਤਪਸਵੀ ਸ਼੍ਰੀ ਨਾਗਰ ਮੱਲ ਜੀ ਨੂੰ ਦਿਤੀ। ਇਹ ਉਹੋ ਨਾਗਰਮਲ ਜੀ ਸਨ, ਜਿਨ੍ਹਾਂ ਕੋਲ ਸ਼੍ਰੀ ਬੂਟਾ ਰਾਏ ਜੀ ਅਤੇ ਮਹਾ-ਸਾਧਵੀ ਪਾਰਵਤੀ ਜੀ ਨੇ ਗਿਆਨ ਪ੍ਰਾਪਤ ਕੀਤਾ ਸੀ। ਨਾਗਰਮਲ ਜੀ ਰਾਹੀਂ ਲਿਖੇ ਦੋ ਗ੍ਰੰਥਾਂ ਦੀ ਨਕਲਾਂ ਵਾਰੇ ਸ਼੍ਰੀ ਸੁਮਨ ਮੁਨੀ ਜੀ ਮਹਾਰਾਜ ਨੇ ਜਾਨਕਾਰੀ ਦਿੱਤੀ ਹੈ। ਇਨ੍ਹਾਂ ਤੋਂ ਆਪਦੇ ਸੰ: 1890 ਤੱਕ ਅਚਾਰਿਆ ਪੱਦ ਤੇ ਬੈਠਣ ਦੀ ਜਾਨਕਾਰੀ ਮਿਲਦੀ ਹੈ। ਆਪ ਸੰ: 1893 ਨੂੰ ਦਿੱਲੀ ਵਿਖੇ ਸਵਰਗਵਾਸ ਹੋਏ।

ਆਪ ਵਾਰੇ ਜਿਆਦਾ ਜਾਣਕਾਰੀ ਆਪਦੇ ਚਲੇ ਸ਼੍ਰੀ ਬੂਟੇ ਰਾਏ ਜੀ ਨੇ ਅਪਣੀ ਮੁੱਖ ਪਟੀ ਚਰਚਾ ਵਿਚ ਦਿਤੀ ਹੈ। ਸ਼੍ਰੀ ਬੂਟੇ ਰਾਏ ਵਾਅਦ ਵਿਚ ਇਕ ਸਵੇਤਾਂਵਰ ਮੂਰਤੀ ਪੂਜਕ ਮੁਨੀ ਬਣ ਗਏ ਸਨ। ਜਿਥੇ ਆਪਦਾ ਨਾਂ ਸ਼੍ਰੀ ਬੁਧੀ ਵਿਜੈ ਪਇਆ। ਨਾਗਰ ਮੱਲ ਵਾਰੇ ਇਕ ਦੋਹੇ ਵਿਚ ਲਾਲਾ ਹਰਜਸ ਰਾਏ ਜੀ (ਕਸੂਰਵਾਸੀ) ਨੇ ਜਾਨਕਾਰੀ ਦਿਤੀ ਹੈ।

# ਅਚਾਰਿਆ ਸ੍ਰੀ ਛਜ ਮੱਲ ਜੀ

ਅਚਾਰਿਆ ਨਾਗਰ ਮਲ ਜੀ ਤਰ੍ਹਾਂ ਇਨ੍ਹਾਂ ਵਾਰੇ ਕੋਈ ਇਤਿਹਾਸਕ ਜਾਣਕਾਰੀ ਨਹੀਂ ਮਿਲਦੀ। ਇਹ ਆਖਿਆ ਜਾਂਦਾ ਹੈ ਕਿ ਆਪ ਜਾਤ ਦੇ ਘੁਮਾਰ ਸਨ। ਆਪਦੇ ਜਿਆਦਾ ਚੇਲੇ ਆਪਦੇ ਜਿਉਂਦੇ ਜੀਵਨ ਵਿਚ ਹੀ ਸਵਰਗਵਾਸ ਹੋ ਗਏ ਸਨ। ਸਿਰਫ ਇਕ ਸਾਧੂ ਰਿਹਾ, ਉਹ ਵੀ ਸੁਨਾਮ ਵਿਖੇ ਸਵਰਗਵਾਸ ਹੋ ਗਿਆ।

ਸ੍ਰੀ ਸੁਮਨ ਮੁਨੀ ਜੀ ਨੇ ਇਨ੍ਹਾਂ ਵਾਰੇ ਇਕ ਘਟਨਾ ਦਾ ਜਿਕਰ ਕੀਤਾ ਹੈ ਕਿ ਆਪ ਸਾਧਵੀ ਸ੍ਰੀ ਮੂਲਾ ਜੀ ਦੇ ਸੰਸਾਰ ਪੱਖੋਂ ਮਾਸੜ ਸਨ। ਸਾਧਵੀ ਜੀ ਦੀ ਦੀਖਿਆ ਸੰਬਤ 1897 ਅਤੇ ਸਵਰਗਵਾਸ ਸੰਬਤ 1903 ਵਿਚ ਹੋਇਆ।

# ਅਚਾਰਿਆ ਸ੍ਰੀ ਰਾਮ ਲਾਲ ਜੀ

ਆਪ ਵੀ ਸ਼ਵੇਤਾਂਵਰ ਜੈਨ ਸਥਾਨਕਵਾਸੀ ਪ੍ਰੰਪਰਾ ਦੇ ਅਚਾਰਿਆ ਸਨ। ਆਪਦੇ ਪਿਤਾ ਦਾ ਨਾਂ ਨਿਹਾਲ ਚੰਦ ਸੀ। ਆਪਦਾ ਜਨਮ ਸਥਾਨ ਸੁਨਾਮ ਦੇ ਨਜਦੀਕ ਕੋਈ ਪਿੰਡ ਹੈ। ਆਪ ਜਾਤ ਦੇ ਰਾਜਪੂਤ ਸਨ। ਆਪ ਵਾਰੇ ਇਹ ਬਹੁਤ ਹੀ ਮਹੱਤਵ ਪੂਰਨ ਕਥਾ ਪ੍ਰਚਲਿਤ ਹੈ। ਆਖਦੇ ਹਨ ਇਕ ਸਮਾਂ ਅਜਿਹਾ ਆਇਆ ਜੱਦ ਅਚਾਰਿਆ ਸ੍ਰੀ ਛੱਜ ਮਲ ਦਾ ਸਾਰਾ ਸਾਧੂ ਪਰਿਵਾਰ ਸਵਰਗਵਾਸ ਹੋ ਗਿਆ, ਗਿਆਨਾ ਜੀ ਆਦਿ ਕੁਝ ਸਾਧਵੀਆਂ ਹੀ ਜਿੰਦਾ ਰਹੀਆਂ। ਗਿਆਨਾ ਜੀ ਦੀ ਇਕ ਪੜਚੇਲੀ ਸ੍ਰੀ ਮੂਲਾਂ ਜੀ ਸਨ। ਉਨ੍ਹਾਂ ਸ੍ਰੀ ਨਿਹਾਲ ਚੰਦ ਪਾਸੋਂ ਆਪਨੂੰ ਮੰਗ ਲਿਆ। ਆਪਨੇ ਸ੍ਰੀ ਰਾਮ ਲਾਲ ਜੀ ਨੂੰ ਜੈਨ ਸ਼ਾਸਤਰ ਪੜਾਏ। ਗਣਿਤ, ਜੋਤਸ਼ ਦੇ ਗ੍ਰੰਥਾਂ ਦੀ ਸਿਖਿਆ ਦਿੱਤੀ ਆਪ ਛੇਤੀ ਹੀ ਇਨੇ ਵਿਦਵਾਨ ਹੋ ਗਏ ਕਿ ਲੋਕ ਆਪ ਨੂੰ ਪੰਡਤ ਆਖਣ ਲੱਗੇ। ਆਪ ਨੂੰ 32 ਸੂਤਰ ਜਬਾਨੀ ਯਾਦ ਸਨ। ਇਸ ਗੱਲ ਦੀ ਚਰਚਾ ਸ੍ਰੀ ਬੁਧੀ ਵਿਜੈ ਨੇ ਵੀ ਆਪਣੀ ਮੁਹਪੱਟੀ ਚਰਚਾ ਪੰਨਾ 504 ਤੇ ਕੀਤੀ ਹੈ। ਆਪ ਨੇ ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਪੰਜਾਬ ਵਿਖੇ ਖੂਬ ਧਰਮ ਪ੍ਰਚਾਰ ਕੀਤਾ। ਆਪ ਜੀ ਦਾ ਸਵਰਗਵਾਸ ਸੰ. 1898 ਨੂੰ ਦਿੱਲੀ ਵਿਚ ਚਾਂਦਨੀ ਚੌਕ ਵਿਖੇ ਹੋਇਆ।

# ਅਚਾਰਿਆ ਸ੍ਰੀ ਰੱਤੀ ਰਾਮ ਜੀ

ਅਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ ਦਾ ਸੰਬੰਧ ਇਸ ਅਚਾਰਿਆ ਜੀ ਨਾਲ ਹੀ ਹੈ। ਆਪ ਦਾ ਜਨਮ ਹਰਿਆਣੇ ਦੇ ਕਿਸੇ ਪਿੰਡ ਵਿਚ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਰਾਜਸਥਾਨੀ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ। ਆਪ ਮਹਾਨ ਯੁਗ ਪ੍ਰਵਰਤਕ ਸਨ। ਆਪ ਦੇ ਜੀਵਨ ਸਾਰੇ ਇਕ ਘਟਨਾ ਬਹੁਤ ਮਸ਼ਹੂਰ ਹੈ। ਸੰ. 1887 ਨੂੰ ਆਪ ਮਾਲੇਰਕੋਟਲਾ ਵਿਖੇ ਵਿਰਾਜਮਾਨ ਸਨ। ਭੈੜੇ ਕਰਮਾਂ ਦਾ ਸਿੱਟਾ ਸੀ ਕਿ ਆਪ ਦੇ ਸ਼ਰੀਰ ਤੋਂ ਦੁਰਗੰਧ ਸ਼ੁਰੂ ਹੋ ਗਈ। ਸ਼ਰੀਰ ਦੇ ਅੰਗ ਗਲਨ ਸੜਨ ਲਗੇ। ਲੋਕ ਆਪ ਨੂੰ ਘ੍ਰਿਣਾ ਨਾਲ ਵੇਖਣ ਲਗ ਪਏ। ਲੋਕਾਂ ਇਹ ਸ਼ਿਕਾਇਤ ਮਾਲੇਰਕੋਟਲਾ ਦੇ ਨਵਾਬ ਸੂਬਾ ਖਾਨ ਕੋਲ ਕੀਤੀ। ਜਦ ਉਹ ਅਪਣੇ ਮਹਿਲ ਤੋਂ ਇਸ ਘਟਨਾ ਦੀ ਪੜਤਾਲ ਲਈ ਚਲਿਆ, ਤਾਂ ਉਸਦੇ ਸ਼ਰੀਰ ਨੂੰ ਅਨੋਖੀ ਸੁਗੰਧ ਦਾ ਅਨੁਭਵ ਹੋਇਆ। ਉਸਨੇ ਲੋਕਾਂ ਦੇ ਆਖੇ ਜਦੋਂ ਜੈਨ ਸਥਾਨਕ ਵਿਚ ਪੈਰ ਪਾਇਆ ਤਾਂ ਉਸਦਾ ਸ਼ਰੀਰ ਅਲੌਕਿਕ ਸੁਗੰਧ ਨਾਲ ਮਹਿਕ ਉਠਿਆ। ਨਵਾਬ ਆਪ ਦਾ ਭਗਤ ਬਣ ਗਿਆ। ਆਪ ਦੇ ਚਮਤਕਾਰ ਦੀਆਂ ਬਹੁਤ ਕਹਾਣੀਆਂ ਹਨ। ਆਪ ਦੀ ਸਮਾਧੀ ਮਾਲੇਰਕੋਟਲਾ ਵਿਖੇ ਹੈ।

ਆਪ ਹੀ ਪ੍ਰਸਿੱਧ ਜੈਨ ਸੰਤ ਸ੍ਰੀ ਰੂਪ ਚੰਦ ਜੀ ਮਹਾਰਾਜ ਦੇ ਦਾਦਾ ਗੁਰੂ ਸਨ। ਆਪ ਨੇ ਅਨੇਕਾਂ ਸਾਧੂ, ਸਾਧਵੀਆਂ ਨੂੰ ਜੈਨ ਗ੍ਰੰਥਾਂ ਦਾ ਸੂਖਮ ਅਧਿਐਨ ਕਰਾਇਆ।

# ਅਚਾਰਿਆ ਸ੍ਰੀ ਨੰਦ ਲਾਲ ਜੀ

ਆਪ ਕਸ਼ਮੀਰੀ ਬ੍ਰਾਹਮਣ ਸਨ। ਆਪਨੇ ਸੰ. 1861 ਵਿਚ 18 ਸਾਲ ਦੀ ਭਰੀ ਜਵਾਨੀ ਵਿਚ ਸੰਸਾਰਿਕ ਸੁੱਖ ਤਿਆਗ ਕੇ ਜੈਨ ਫਕੀਰੀ ਗ੍ਰਹਿਣ ਕੀਤੀ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਰਾਜਸਥਾਨੀ, ਫਾਰਸੀ ਅਤੇ ਉਰਦੂ ਦੇ ਮਹਾਨ ਵਿਦਵਾਨ ਸਨ।

ਆਪ ਨੇ ਪ੍ਰਾਕ੍ਰਿਤ ਭਾਸ਼ਾ ਵਿਚ "ਲਬਧੀ ਪ੍ਰਕਾਸ਼" ਨਾਂ ਦਾ ਗ੍ਰੰਥ ਕਪੂਰਥਲੇ ਵਿਖੇ ਸੰਪੂਰਣ ਕੀਤਾ ਸੀ। ਆਪ ਨੇ ਕਵਿਤਾ ਰੂਪ ਵਿੱਚ 20 ਜੈਨ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਸਭ ਗ੍ਰੰਥਾਂ ਦੀ ਰਚਨਾ ਦਾ ਸਮਾਂ ਸੰ. 1870 ਤੋਂ ਲੈਕੇ 1906 ਤਕ ਦਾ ਹੈ। ਆਪ ਅਪਣੇ ਗੁਰੂ ਅਚਾਰਿਆ ਸ੍ਰੀ ਰਤੀ ਲਾਲ ਜੀ ਦੀ ਤਰਾਂ ਹੀ ਮਹਾਨ ਪ੍ਰਭਾਵਕ ਅਚਾਰਿਆ ਸਨ। ਆਪ ਨੇ ਹੀ ਸ੍ਰੀ ਰੂਪ ਚੰਦ ਜੀ ਮਹਾਰਾਜ ਨੂੰ ਦੀਖਿਅਤ ਕੀਤਾ। ਆਪ ਨੇ ਬਹੁਤ ਸਾਰੇ ਗਰੰਥਾਂ ਦੀਆਂ ਨਕਲਾਂ ਕੀਤੀਆਂ।

# ਪੂਜ ਧਰਮ ਸਿੰਘ ਜੀ ਅਤੇ ਪ੍ਰੰਪਰਾ

ਆਪ ਦਾ ਜਨਮ ਗੁਜਰਾਤ ਰਾਜ ਦੇ ਜਾਮ ਨਗਰ ਵਿਖੇ ਹੋਇਆ। ਆਪ ਜੀ ਦੀ ਮਾਤਾ ਸ਼੍ਰੀ ਸ਼ਿਵਾ ਦੇਵੀ ਅਤੇ ਪਿਤਾ ਜਿਨ ਦਾਸ ਕੱਟੜ ਜੈਨ ਧਰਮੀ ਸਨ। ਸੁਭ ਸੰਸਕਾਰਾਂ ਕਾਰਣ ਬਚਪਣ ਵਿਚ ਆਪ ਨੂੰ ਲੋਂਕਾਗੱਛ ਦੇ ਯਤੀ ਸ਼੍ਰੀ ਦੇਵ ਜੀ ਦੀ ਸੰਗਤ ਪ੍ਰਾਪਣ ਹੋਈ। ਪਰ ਆਪ ਯਤੀ ਪ੍ਰੰਪਰਾ ਦੀਆਂ ਬੁਰਾਈਆਂ ਤੋਂ ਛੇਤੀ ਹੀ ਜਾਣੂ ਹੋ ਗਏ। ਆਪ ਨੇ ਸ਼ਿਵ ਜੀ ਰਿਸ਼ੀ ਤੋਂ ਦੀਖਿਆ ਗ੍ਰਹਿਣ ਕੀਤੀ। ਸ਼ਿਵ ਜੀ ਰਿਸ਼ੀ ਨਾਲ ਕਾਫੀ ਵਾਰਤਾ-ਲਾਪ ਹੋਇਆ। ਉਨ੍ਹਾਂ ਇਕ ਸ਼ਰਤ ਤੇ ਆਪਨੂੰ ਸ਼ੁਧ ਸੰਜਮ ਗ੍ਰਹਿਣ ਕਰਨ ਦੀ ਇਜਾਜਤ ਦਿਤੀ। "ਜੇ ਤੂੰ ਇਕ ਰਾਤ ਦਰਿਆ ਖਾਨ ਪੀਰ ਦੀ ਕਬਰ ਤੇ ਗੁਜਾਰ ਆਵੇ ਮੈਂ ਤੈਨੂੰ ਸ਼ੁਧ ਸੰਜਮ ਗ੍ਰਹਿਣ ਕਰਨ ਦੀ ਆਗਿਆ ਦੇ ਦੇਵਾਂਗਾ।" ਧਰਮ ਸਿੰਘ ਜੀ ਸੱਚ ਮੁਚ ਧਰਮ ਦੇ ਸਿੰਘ (ਸ਼ੇਰ) ਸਨ। ਉਨ੍ਹਾਂ ਗੁਰੂ ਦੇ ਹੁਕਮ ਅਨੁਸਾਰ ਇਕ ਰਾਤ ਇਕ ਕਬਰ ਤੇ ਧਿਆਨ ਨਾਲ ਗੁਜਾਰ ਦਿਤੀ। ਲੋਕਾਂ ਦੇ ਮਨ ਵਿਚ ਇਸ ਪੀਰ ਪ੍ਰਤਿ ਫੈਲੇ ਡਰ ਨੂੰ ਦੂਰ ਕੀਤਾ। ਇਸੇ ਕਾਰਣ ਆਪਦੇ ਗੱਛ ਦਾ ਨਾਂ ਦਰਿਆਪੁਰੀ ਪੈ ਗਿਆ। ਆਪ ਨੇ ਲਵ ਜੀ ਰਿਸ਼ੀ ਦੀ ਪ੍ਰੇਰਣਾ ਨਾਲ ਸੰ. 1694 ਨੂੰ ਸ਼ੁਧ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਮਹਾਨ ਵਿਦਵਾਨ ਸਨ। ਆਪ ਨੇ 27 ਸ਼ਾਸਤਰਾਂ ਉੱਪਰ ਟੱਬੇ (ਸਰਲਾਰਥ) ਲਿਖੇ। ਇਸ ਤੋਂ ਛੁਟ 20 ਸਵਤੰਤਰ ਗ੍ਰੰਥਾਂ ਦੀ ਰਚਨਾ ਆਪ ਨੇ ਕੀਤੀ। ਸੰ. 1728 ਸਾਵਨ ਸ਼ੁਕਲਾ 4 ਨੂੰ ਆਪ ਦਾ ਸਵਰਗਵਾਸ ਹੋ ਗਿਆ।

## ਅਚਾਰਿਆ ਧਰਮ ਸਿੰਘ ਜੀ ਦੀ ਪ੍ਰੰਪਰਾ

|
ਸ਼੍ਰੀ ਸੋਮ ਜੀ
|
ਸ਼੍ਰੀ ਮਘ ਜੀ
|
ਸ਼੍ਰੀ ਦਵਾਰਕਾ ਦਾਸ ਜੀ
|
ਸ਼੍ਰੀ ਮੁਗਰ ਜੀ

ਸ੍ਰੀ ਨਾਥ ਜੀ

ਸ੍ਰੀ ਜੈ ਚੰਦ ਜੀ

ਸ੍ਰੀ ਮੁਰਾਰ ਜੀ (2)

ਸ੍ਰੀ ਨਾਥਾ ਜੀ — ਸ੍ਰੀ ਜੀਵਨ ਰਿਸ਼ੀ ਜੀ — ਸ੍ਰੀ ਪ੍ਰਾਗ ਰਿਸ਼ੀ ਜੀ

ਸ੍ਰੀ ਸ਼ੰਕਰ ਜੀ

ਸ੍ਰੀ ਖੁਸ਼ਹਾਲ ਜੀ

ਸ੍ਰੀ ਹਰਸ਼ ਸਿੰਘ ਜੀ

ਸ੍ਰੀ ਮੁਰਾਰ ਜੀ

ਇਸ ਪ੍ਰੰਪਰਾ ਵਿਚ 19ਵੇਂ ਸਥਾਨ ਤੇ ਸ੍ਰੀ ਮਲੂਕ ਚੰਦ ਜੀ ਮਹਾਰਾਜ ਸਨ।

# ਕੁਝ ਪੁਰਾਤਨ ਜੈਨ ਅਚਾਰਿਆਂ ਦਾ ਸੰਖੇਪ ਜੀਵਨ

●

ਜੈਨ ਧਰਮ ਦੇ 24 ਤੀਰਥੰਕਰ ਧਰਮ ਸਥਾਪਨਾ ਵੇਲੇ ਅਪਣੇ ਧਰਮ ਪ੍ਰਚਾਰਕ ਨਿਯੁਕਤ ਕਰਦੇ ਹਨ। ਜਿਨ੍ਹਾਂ ਨੂੰ ਗਣਧਰ ਆਖਦੇ ਹਨ। ਆਖਰੀ ਤੀਰਥੰਕਰ ਭਗਵਾਨ ਮਹਾਵੀਰ ਦੇ 11 ਗਣਧਰ ਸਨ। ਜੋ ਸਾਰੇ ਹੀ ਬ੍ਰਾਹਮਣ ਜਾਤੀ ਨਾਲ ਸੰਬੰਧਿਤ ਸਨ। ਇਨ੍ਹਾਂ 11 ਗਣਧਰਾਂ ਨੇ ਅਪਣੇ 4400 ਚੇਲਿਆਂ ਨਾਲ ਭਗਵਾਨ ਮਹਾਵੀਰ ਦੇ ਪਹਿਲੇ ਧਰਮ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਜੈਨ ਧਰਮ ਗ੍ਰਹਿਣ ਹੀ ਨਹੀਂ ਕੀਤਾ, ਸਗੋਂ ਧਰਮ ਦਾ ਸਰਬ ਉੱਚ ਦਰਜਾ ਗਣਧਰ ਪਦਵੀ ਵੀ ਹਾਸਲ ਕੀਤੀ। ਇਸ ਦੇ ਸ਼ੁਭ ਨਾਂ ਅਤੇ ਹੋਰ ਜਾਣਕਾਰੀ ਇਸ ਪ੍ਰਕਾਰ ਹੈ।

| ਨੰ. | ਗਣਧਰ ਦਾ ਨਾਂ | ਜਨਮ ਸਥਾਨ | ਮਾਤਾ | ਪਿਤਾ | ਨਿਰਵਾਨ ਸਥਾਨ | ਕੁਲ ਉਮਰ |
|---|---|---|---|---|---|---|
| 1. | ਸ੍ਰੀ ਇੰਦਰ ਭੂਤੀ ਗੌਤਮ | ਗੋਬਰ | ਪ੍ਰਿਥਵੀ | ਵਸੂ ਭੂਤੀ | ਗੁਣਸੀਲ ਰਾਜਗ੍ਰਹਿ | 92 ਸਾਲ |
| 2. | ਸ੍ਰੀ ਅਗਨੀ ਭੂਤੀ | ,, | ,, | ,, | ,, | 74 ,, |
| 3. | ਸ੍ਰੀ ਵਾਯੂ ਭੂਤੀ | ,, | ,, | ,, | ,, | 70 ,, |
| 4. | ਸ੍ਰੀ ਵਿਅਕਤ | ਕੋਲਾਗ ਸਨੀਵੇਸ਼ | ਵਾਰੁਣੀ | ਧਨਮਿਤਰ | ,, | 80 ,, |
| 5. | ਸ੍ਰੀ ਸੁਧਰਮਾ | ,, | ਭਦਿਲਾ | ਧਮਿਲ | ,, | 100 ,, |
| 6. | ਸ੍ਰੀ ਮੰਡੀਕ | ਮੋਰਿਆ ਸਨੀਵੇਸ਼ | ਵਿਜੈ ਦੇਵੀ | ਧਨਦੇਵ | ,, | 67 ,, |
| 7. | ਸ੍ਰੀ ਮੋਰਿਆ ਪੁੱਤਰ | ਮੋਰਿਆ ਸਨੀਵੇਸ਼ | ਵਿਜੈ ਦੇਵੀ | ਮੋਰਿਆ | ,, | 83 ,, |
| 8. | ਸ੍ਰੀ ਅਕੰਪਿਤ | ਮਿਥਿਲਾ | ਜੈਅੰਤੀ | ਦੇਵ | ,, | 78 ,, |
| 9. | ਸ੍ਰੀ ਮੇਤਾਰਿਆ | ਤੁੰਗਿਕ ਸਨੀਵੇਸ਼ | ਵਰੁਣ | ਦੱਤ | ,, | 62 ,, |
| 10. | ਸ੍ਰੀ ਪ੍ਰਭਾਸ | ਰਾਜਗ੍ਰਹਿ | ਅਤਭਦਰਾ | ਬਲ | ,, | 40 ,, |

ਭਗਵਾਨ ਮਹਾਵੀਰ ਦੇ 14000 ਸਾਧੂ ਅਤੇ 36000 ਸਾਧਵੀਆਂ ਦਾ ਪਰਿਵਾਰ ਇਨ੍ਹਾਂ ਗਣਧਰਾਂ ਦੇ ਦੇਖ ਰੇਖ ਹਠ ਚਲਦਾ ਸੀ। ਇਹ ਗਣਧਰ ਦੀਖਿਆ ਤੋਂ ਪਹਿਲਾਂ ਖੁਦ ਵੇਦਾਂ, ਸ਼ਾਸਤਰਾਂ ਅਤੇ ਸਿਮਰਤੀਆਂ ਦੇ ਜਾਣਕਾਰ ਸਨ। ਸਭ ਨੇ ਸਾਧੂ ਬਨਣ ਤੋਂ

ਪਹਿਲਾਂ ਭਗਵਾਨ ਮਹਾਵੀਰ ਨਾਲ ਪਾਵਾ ਪੁਰੀ ਵਿਖੇ ਧਰਮ ਚਰਚਾ ਕੀਤੀ ਸੀ । ਸਾਰੇ ਗਣਧਰ ਅਤੇ ਉਨ੍ਹਾਂ ਦਾ ਧਰਮ ਪਰਿਵਾਰ ਦੇਸ਼ ਦੇ ਦੂਸਰੇ ਹਿਸਿਆਂ ਦੀ ਤਰਾਂ ਪੰਜਾਬ ਵਿਚ ਵੀ ਘੁਮਿਆ ਸੀ । ਇੰਦਰਭੂਤੀ ਗੌਤਮ ਦੇ ਪ੍ਰਸ਼ਨ ਅਤੇ ਭਗਵਾਨ ਮਹਾਵੀਰ ਦੇ ਉੱਤਰ ਹੀ ਸਵੇਤਾਂਵਰ ਪੁਰਾਤਨ ਜੈਨ ਸਾਹਿਤ ਦੀ ਜਿੰਦ ਜਾਨ ਹਨ । ਇਕੱਲੇ ਭਗਵਤੀ ਸੂਤਰ ਵਿਚ ਗਣਧਰ ਗੌਤਮ ਇੰਦਰਭੂਤੀ ਨੇ 36000 ਪ੍ਰਸ਼ਨ ਪੁਛੇ ਹਨ ।

ਜੈਨ ਸ਼ਾਸਤਰਾਂ ਦੀ ਸ਼ਰੁਤ ਪ੍ਰੰਪਰਾ ਰਹੀ ਹੈ । ਇਸੇ ਸ਼ਰੁਤ ਪ੍ਰੰਪਰਾ ਤੇ ਵਰਤਮਾਨ ਸ਼ਵੇਤਾਂਵਰ ਆਗਮਾਂ ਦਾ ਸੰਕਲਨ ਹੋਇਆ ।

ਇਸ ਸ਼ਰੁਤ ਪ੍ਰੰਪਰਾ ਨੂੰ ਸੰਭਾਲਨ ਦਾ ਸੇਹਰਾ 5ਵੇਂ ਗਣਧਰ ਸੁਧਰਮਾ ਸਵਾਮੀ ਤੇ ਹੈ ਜਿਨ੍ਹਾਂ ਅਪਣੇ ਚੇਲੇ ਰਾਜਗ੍ਰਹਿ ਨਿਵਾਸੀ ਨੂੰ ਇਹ ਸ਼ਾਸਤਰ ਸੁਨਾਏ । ਗਣਧਰ ਸੁਧਰਮਾ ਹਰ ਸ਼ਾਸਤਰਾਂ ਵਿਚ ਆਖਦੇ ਹਨ ਕਿ ਮੈਂ ਅਜੇਹਾ ਕਗਵਾਨ ਮਹਾਵੀਰ ਦੇ ਮੁਖੋਂ ਸੁਣਿਆ ਹੈ ।"

ਅਚਾਰਿਆ ਜੰਬੂ ਸਵਾਮੀ ਮਹਾਨ ਤਿਆਗੀ ਸਨ ਆਪ ਦੀ ਪ੍ਰੇਰਣਾ ਨਾਲ ਪ੍ਰਭਵ ਆਦਿ 500 ਚੋਰਾਂ ਨੇ ਮੁਨੀ ਧਰਮ ਗ੍ਰਹਿਣ ਕੀਤਾ ।

ਅਚਾਰਿਆ ਪ੍ਰਭਵ ਤੋਂ ਵਾਅਦ ਦਸ਼ਵੈਕਾਲਿਕ ਸੂਤਰ ਦਾ ਸੰਕਲਣ ਕਰਨ ਵਾਲੇ ਸਯੰਭਵ ਅਚਾਰਿਆ ਹੋਏ । ਇਹ ਸ਼ਾਸਤਰ ਸ਼ਵੇਤਾਂਵਰ ਸਾਧੂਆਂ ਦਾ ਵਿਧਾਨ ਮੰਨਿਆ ਜਾਂਦਾ ਹੈ । ਅਚਾਰਿਆ ਯਸ਼ੋਭਦਰ ਅਤੇ ਸੰਭੂਤ ਵਿਜੈ ਦੇ ਅਨੇਕਾਂ ਚੇਲੇ ਇਸ ਉੱਤਰਾਪਥ ਦੇਸ਼ ਵਿਚ ਪ੍ਰਚਾਰ ਕਰਦੇ ਰਹੇ । ਇਹ ਸਮਾਂ ਨੰਦ ਵੰਸ਼ੀ ਰਾਜਿਆਂ ਦਾ ਸੀ ।

ਅਚਾਰਿਆ ਭੱਦਰ ਵਾਹੂ ਜੈਨ ਧਰਮ ਦੇ ਪ੍ਰਸਿਧ ਅਚਾਰਿਆ ਸਨ । ਜਿਨ੍ਹਾਂ ਦਾ ਪ੍ਰਤਿਸਠਾ ਪੁਰ ਸੀ । ਆਪਨੇ ਭਦਰਵਾਹੂ ਸੰਘਤਾ ਨਾਂ ਦਾ ਜੋਤਸ਼ ਗ੍ਰੰਥ ਬਣਾਇਆ । ਆਪ ਵਰਾਹ ਮਿਹਰ ਦੇ ਭਰਾ ਸਨ । 17 ਸਾਲ ਤਕ ਕਠੋਰ ਤੱਪ ਕਰਕੇ ਆਪ ਨੇ 14 ਪੂਰਵਾ ਦਾ ਗਿਆਨ ਹਾਸਲ ਕੀਤਾ । 62 ਸਾਲ ਦੀ ਉਮਰ ਵਿਚ ਆਪ ਅਚਾਰਿਆ ਬਣੇ । ਵੀਰ ਨਿਰਵਾਨ ਸੰਬਤ 170 ਨੂੰ ਆਪ ਸਵਰਗ ਸਿਧਾਰ ਗਏ । ਆਪ ਨੇ ਨੇਪਾਲ ਵਰਗੇ ਦੇਸ ਵਿਚ ਧਰਮ ਪ੍ਰਚਾਰ ਕੀਤਾ । ਆਪਨੇ ਕਲਪ ਸੂਤਰ ਲਿਖਿਆ, ਅਨੇਕਾਂ ਸ਼ਾਸਤਰਾਂ ਤੇ ਪ੍ਰਾਕ੍ਰਿਤ ਨਿਰਯੁਕਤੀਆਂ ਲਿਖੀਆਂ । ਆਪਨੇ ਹੋਰ ਕਈ ਵਿਸ਼ਿਆਂ ਤੇ ਗ੍ਰੰਥ ਲਿਖੇ ।

ਰਾਜਾ ਚੰਦਰ ਗੁਪਤ ਦੇ ਰਾਜ ਵਿਚ 12 ਸਾਲ ਦਾ ਅਕਾਲ ਪਿਆ । ਤਦ ਆਪ ਸਾਧੂਆਂ ਨਾਲ ਕਲਿੰਗਾ ਵਿਖੇ ਚਲੇ ਗਏ ।

ਆਪ ਤੋਂ ਵਾਅਦ ਦੋ ਅਚਾਰਿਆ ਸਥੂਲੀ ਭਦਰ ਨੰਦ ਰਾਜੇ ਦੇ ਮੰਤਰੀ ਸ਼ਕ ਡਾਲ ਦੇ ਪੁੱਤਰ ਸਨ । ਆਪ ਦਾ ਜਨਮ ਵੀਰ ਸੰ. 116 ਨੂੰ ਹੋਇਆ । ਆਪ ਨੇ ਸੰਭੂਤੀ ਵਿਜੈ

ਉਂ ਦੀਖਿਆ ਗ੍ਰਹਿਣ ਕੀਤੀ । ਆਪਨੇ ਭੋਗ ਵਿਲਾਸ ਨੂੰ ਠੋਕਰ ਮਾਰ ਕੇ ਮੁਨੀ ਜੀਵਨ ਗ੍ਰਹਿਣ ਕੀਤਾ । ਵੀਰ ਸੰ, 215 ਨੂੰ ਆਪ ਦਾ ਸਵਰਗਵਾਸ ਹੋ ਗਿਆ । ਆਪ ਜੀ ਦਾ ਚਾਣਕਿਆ ਚੇਲਾ ਬਣ ਗਿਆ ਸੀ । ਆਪ ਨੇ ਪਾਟਲੀਪੁਤਰ ਵਿਖੇ ਸ਼ਾਸ਼ਤਰ ਬਾਚਨਾ ਦਾ ਇਕੱਠ ਕੀਤਾ ।

ਅਚਾਰਿਆ ਮਹਾਗਿਰੀ ਦੇ ਚੇਲੇ ਹੋਏ ਜਿਨ੍ਹਾਂ ਤੋਂ ਕਈ ਸ਼ਾਖਾਵਾਂ ਚਲੀਆਂ । ਇਸ ਸਮੇਂ ਸ਼ਵੇਤਾਂਵਰ ਦਿਗੰਬਰ ਮਤਭੇਦ ਸਾਮ੍ਹਣੇ ਆ ਚੁੱਕੇ ਸਨ । ਦਿਗੰਵਰ ਪੱਟਾਵਲੀਆਂ ਅਨੁਸਾਰ ਭਦਰਵਾਹੂ ਪਾਸ ਚੰਦਰ ਗੁਪਤ ਮੋਰਿਆ ਨੇ ਦੀਖਿਆ ਗਹਿਣ ਕੀਤੀ । ਅਚਾਰਿਆ ਸੁਹਸਤੀ ਦੇ 12 ਚੇਲਿਆਂ ਦਾ ਜਿਕਰ ਹੈ, ਉਨ੍ਹਾਂ ਤੋਂ ਅਨੇਕਾਂ ਸ਼ਾਖਾਂ ਉਪ ਸ਼ਾਖਾਵਾਂ ਨਿਕਲੀਆਂ । ਆਪ ਦਾ ਸਵਰਗਵਾਸ ਵੀਰ ਨਿਰਵਾਨ ਸੰ. 319 ਨੂੰ ਹੋਇਆ । ਅਚਾਰਿਆ ਨਾਗਹਸਤੀ 10 ਪੂਰਵਾ ਦੇ ਜਾਨਕਾਰ ਸਨ ।

ਭਗਵਾਨ ਮਹਾਵੀਰ ਦੀ ਪੁਰਾਤਨ ਪੱਟਾਵਲੀ ਦੇ 25 ਸਥਾਨ ਸਕਦਿਲਾ ਅਚਾਰਿਆ ਦਾ ਨਾਂ ਪ੍ਰਸਿਧ ਹੈ । ਆਪ ਨੇ ਮਥੁਰਾ ਵਿਖੇ ਦੂਸਰੀ ਸ਼ਾਸਤਰ ਬਾਚਨਾ ਬੁਲਾਈ । ਇਸ ਦਾ ਸਮਾਂ ਮਹਾਵੀਰ ਦੀ ਨਿਰਵਾਨ ਸੰਬਤ ਦੀ 9 ਸਦੀ ਹੈ । ਨੰਦੀ ਸੂਤਰ ਦੀ ਪੱਟਾਵਲੀ ਵਿਚ ਦਰਜ 27ਵੇਂ ਅਚਾਰਿਆ ਨਾਗਾਅਰਜੁਣ ਹੈ ਆਪ ਦਾ ਸੰ. ਵੀਰ ਸੰ. 875 ਹੈ ।

ਨੰਦੀ ਸੂਤਰ ਦੇ 28ਵੇਂ ਸਥਾਨ ਅਚਾਰਿਆ ਦੇਵ ਅਰਧ ਖਿਨ੍ਹਾ ਸ਼੍ਰਮਣ ਦਾ ਨਾਂ ਖਾਸ ਵਰਨਣ ਯੋਗ ਹੈ । ਜਿਨ੍ਹਾਂ ਵੀਰ ਸੰ. 998 ਨੂੰ ਸਾਰੇ ਮੂੰਹ ਜਬਾਨੀ ਸਾਹਿਤ ਨੂੰ ਪੁਸਤਕ ਰੂਪ ਦੇ ਦਿਤਾ । ਇਹ ਉਨ੍ਹਾਂ ਦੇ ਉਪਕਾਰ ਦਾ ਸਿੱਟਾ ਹੈ ਕਿ ਅੱਜ ਸਾਨੂੰ ਭਗਵਾਨ ਮਹਾਵੀਰ ਦੀ ਪ੍ਰਾਚੀਨ ਬਾਣੀ ਪ੍ਰਾਪਤ ਹੈ । ਇਹ ਪ੍ਰੰਪਰਾ ਅਸੀਂ ਸ਼ਵੇਤਾਂਵਰ ਨੰਦੀ ਸੂਤਰ ਦੇ ਅਧਾਰ ਤੇ ਲਿਖੀ ਹੈ । ਮਹਾਰਾਜਾ ਖਾਰਵੇਲ ਨੇ ਉੜੀਸਾ ਦੀ ਖੰਡਗਿਰੀ ਵਾਲੇ ਸ਼ਿਲਾਲੇਖ ਤੇ ਇਕ ਸ਼ਾਸ਼ਤਰ ਵਾਚਨਾ ਦਾ ਜਿਕਰ ਕੀਤਾ ਹੈ।

ਇਨ੍ਹਾਂ ਸਾਰੇ ਅਚਾਰਿਆਂ ਦੇ ਵਰਨਣ ਕਰਨ ਤੋਂ ਭਾਵ ਇਹ ਹੈ ਕਿ ਪੁਰਾਤਨ ਪੱਟਾਵਲੀਆਂ ਦਾ ਸੰਬੰਧ ਪੰਜਾਬੀ ਪੱਟਾਵਲੀਆਂ ਨਾਲ ਜੋੜਿਆ ਜਾਵੇ । ਪੰਜਾਬੀ ਪੱਟਾ-ਵਲੀਆਂ ਇਨ੍ਹਾਂ ਅਚਾਰਿਆਂ ਨੂੰ ਅਪਣਾ ਪ੍ਰਮੁਖ ਮੰਨਦੀਆਂ ਹਨ । ਇਸ ਦਾ ਕਾਰਣ ਹੈ ਕਿ ਇਨ੍ਹਾਂ ਅਚਾਰਿਆਂ ਦੇ ਚੇਲੇ ਪੰਜਾਬ ਅਤੇ ਸਿੰਧ ਵਿਚ ਅਪਣੇ ਧਰਮ ਪ੍ਰਚਾਰ ਕੇਂਦਰ ਕਾਇਮ ਕਰਦੇ ਹਨ ।

ਪੱਟਾਵਲੀਆਂ ਵਿਚੋਂ ਮਸ਼ਹੂਰ ਅਸੀਂ ਕੁਝ ਹੀ ਅਚਾਰਿਆਂ ਦਾ ਵਰਨਣ ਕੀਤਾ ਹੈ । ਜਿਨ੍ਹਾਂ ਧਰਮ ਪ੍ਰਚਾਰ, ਵਿਦਿਆ ਦੇ ਖੇਤਰ ਵਿਚ ਮਹੱਤਵ ਪੂਰਣ ਯੋਗ ਦਾਨ ਪਾਇਆ ਹੈ ।

o—o

# ਪੁਰਾਤਨ ਪੱਟਾਵਲੀਆਂ

| ਨੰਬਰ | ਨੰਦੀ ਸੂਤਰ ਅਚਾਰਿਆਂ ਦੇ ਸ਼ੁਭ ਨਾਂ | ਵੀਰ ਸੰਬਤ 810 ਮਾਥੁਰੀ ਵਾਚਨਾ ਅਚਾਰਿਆਂ ਦੇ ਸ਼ੁਭ ਨਾਂ | ਵੀਰ ਸੰਬਤ 979 ਵਲਭੀ ਵਾਚਨਾ ਅਚਾਰਿਆਂ ਦੇ ਸ਼ੁਭ ਨਾਂ | ਉੱਤਰਾਰਧ ਲੋਂਕਾਗੱਛ ਪੱਟਾਵਲੀ ਵਿ. ਸੰ. 1861 ਲਿਖਤ ਅਮੋਲਕ ਚੰਦ ਸੁਨਾਮ |
|---|---|---|---|---|
| 1. | ਸ਼੍ਰੀ ਸੁਧਰਮਾ ਸਵਾਮੀ | ਸ਼੍ਰੀ ਸੁਧਰਮਾ ਸਵਾਮੀ | ਸ਼੍ਰੀ ਸੁਧਰਮਾ ਸਵਾਮੀ | ਸ਼੍ਰੀ ਸੁਧਰਮਾ ਸਵਾਮੀ |
| 2. | ਸ਼੍ਰੀ ਜੰਬੂ ਸ਼ਵਾਮੀ | ਸ਼੍ਰੀ ਜੰਬੂ ਸਵਾਮੀ | ਸ਼੍ਰੀ ਜੰਬੂ ਸਵਾਮੀ | ਸ਼੍ਰੀ ਜੰਬੂ ਸਵਾਮੀ |
| 3. | ਸ਼੍ਰੀ ਪ੍ਰਭਵ ਸਵਾਮੀ | ਸ਼੍ਰੀ ਪ੍ਰਭਵ ਸਵਾਮੀ | ਸ਼੍ਰੀ ਪ੍ਰਭਵ ਸਵਾਮੀ | ਸ਼੍ਰੀ ਪ੍ਰਭਵ ਸਵਾਮੀ |
| 4. | ਸ਼੍ਰੀ ਸ਼ਯੰਭਵ ਸਵਾਮੀ | ਸ਼੍ਰੀ ਸਯੰਭਵ ਸਵਾਮੀ | ਸ਼੍ਰੀ ਸ਼ਯੰਭਵ ਸਵਾਮੀ | ਸ਼੍ਰੀ ਸ਼ਯੰਭਵ ਸਵਾਮੀ |
| 5. | ਸ਼੍ਰੀ ਯਸ਼ੋਭਦਰ ਜੀ | ਸ਼੍ਰੀ ਯਸ਼ੋਭਦਰ ਜੀ | ਸ਼੍ਰੀ ਯਸ਼ੋਭਦਰ ਜੀ | ਸ਼੍ਰੀ ਯਸੋਭਦਰ ਜੀ |
| 6. | ਸ਼੍ਰੀ ਸੰਭੂਤ ਵਿਜੈ | ਸ਼੍ਰੀ ਸੰਭੂਤ ਵਿਜੈ | ਸ਼੍ਰੀ ਸੰਭੂਤ ਵਿਜੈ | ਸ਼੍ਰੀ ਸੰਭੂਤ ਵਿਜੈ |
| 7. | ਸ਼੍ਰੀ ਭਦਰਵਾਹੂ ਸਵਾਮੀ | ਸ਼੍ਰੀ ਭਦਰਵਾਹੂ ਸਵਾਮੀ | ਸ਼੍ਰੀ ਭਦਰਵਾਹੂ ਸਵਾਮੀ | ਸ਼੍ਰੀ ਭਦਰਵਾਹੂ ਸਵਾਮੀ |
| 8. | ਸ਼੍ਰੀ ਸਥੂਲੀ ਭਦਰ | ਸ਼੍ਰੀ ਸਥੂਲੀ ਭਦਰ | ਸ਼੍ਰੀ ਸਥੂਲੀ ਭਦਰ | ਸ਼੍ਰੀ ਸਥੂਲੀ ਭਦਰ |
| 9. | ਸ਼੍ਰੀ ਮਹਾਗਿਰੀ | ਸ਼੍ਰੀ ਮਹਾਗਿਰੀ | ਸ਼੍ਰੀ ਮਹਾਗਿਰੀ | ਸ਼੍ਰੀ ਸੁਹਸਤੀ ਜੀ |
| 10. | ਸ਼੍ਰੀ ਸੁਹਸਤੀ | ਸ਼੍ਰੀ ਸੁਹਸਤੀ | ਸ਼੍ਰੀ ਸੁਹਸਤੀ | ਸ਼੍ਰੀ ਗਰਗ ਅਚਾਰਿਆ |
| 11. | ਸ਼੍ਰੀ ਬਲਿਸਹ ਸਵਾਮੀ | ਸ਼੍ਰੀ ਬਲਿਸਹ ਸਵਾਮੀ | ਸ਼੍ਰੀ ਕਾਲਕਾ ਅਚਾਰਿਆ | ਸ਼੍ਰੀ ਸ਼ਿਆਮ ਸੂਰੀ |
| 12. | ਸ਼੍ਰੀ ਸਵਾਤੀ ਸਵਾਮੀ | ਸ਼੍ਰੀ ਸਵਾਤੀ ਸਵਾਮੀ | ਸ਼੍ਰੀ ਰੇਵਤੀ ਮਿਤਰ | ਸ਼੍ਰੀ ਸੰਡਲੀ ਸਵਾਮੀ |
| 13. | ਸ਼੍ਰੀ ਸ਼ਿਆਮਾ ਅਚਾਰਿਆ | ਸ਼੍ਰੀ ਸ਼ਿਆਮਾ ਅਚਾਰਿਆ | ਸ਼੍ਰੀ ਸਮੁਦਰ ਸਵਾਮੀ | ਸ਼੍ਰੀ ਕਾਲਕਾ ਅਚਾਰਿਆ |

| | | | | |
|---|---|---|---|---|
| 14. | ਸ਼੍ਰੀ ਸਾਂਡਲੀਆ ਸਵਾਮੀ | ਸ਼੍ਰੀ ਜਾਂਡਲੀਆ ਸਵਾਮੀ | ਸ਼੍ਰੀ ਮੰਗੂ ਸਵਾਮੀ | ਸ਼੍ਰੀ ਸਮੁਦਰ ਸਵਾਮੀ |
| 15. | ਸ਼੍ਰੀ ਸਮੁਦਰ ਸਵਾਮੀ | ਸ਼੍ਰੀ ਸਮੁਦਰ ਸਵਾਮੀ | ਸ਼੍ਰੀ ਧਰਮ ਸਵਾਮੀ | ਸ਼੍ਰੀ ਮੰਗੂ ਸਵਾਮੀ |
| 16. | ਸ਼੍ਰੀ ਮੰਗੂ ਸਵਾਮੀ | ਸ਼੍ਰੀ ਮੰਗੂ ਸਵਾਮੀ | ਸ਼੍ਰੀ ਭਦਰ ਗੁਪਤ | ਸ਼੍ਰੀ ਦਿੰਨ ਸਵਾਮੀ |
| 17. | ਸ਼੍ਰੀ ਧਰਮ ਸਵਾਮੀ | ਸ਼੍ਰੀ ਨੰਦਲ ਸਵਾਮੀ | ਸ਼੍ਰੀ ਗੁਪਤ ਸਵਾਮੀ | ਸ਼੍ਰੀ ਸ਼ਿੰਘ ਗਿਰੀ |
| 18. | ਸ਼੍ਰੀ ਭਦਰ ਗੁਪਤ ਸਵਾਮੀ | ਸ਼੍ਰੀ ਨਾਗ ਹਸਤੀ | ਸ਼੍ਰੀ ਬਜਰ ਸਵਾਮੀ | ਸ਼੍ਰੀ ਬਜਰ ਸਵਾਮੀ |
| 19. | ਸ਼੍ਰੀ ਬਜਰ ਸਵਾਮੀ | ਸ਼੍ਰੀ ਰੇਵਤ ਨਕਸ਼ਤਰ | ਸ਼੍ਰੀ ਰਕਸ਼ਿਤ ਸਵਾਮੀ | ਸ਼੍ਰੀ ਰਰਕੀ ਜਾਂ ਰੇਵਤੀ ਜੀ |
| 20. | ਸ਼੍ਰੀ ਰਕਸ਼ਿਤ ਸਵਾਮੀ | ਸ਼੍ਰੀ ਬ੍ਰਹਮ ਦੀਪਕ ਸਿੰਘ | ਸ਼੍ਰੀ ਪੁਸ਼ਪ ਮਿੱਤਰ | ਸ਼੍ਰੀ ਖਮਣ ਰਿਸ਼ੀ ਜੀ |
| 21. | ਸ਼੍ਰੀ ਨੰਦਲ ਸ਼ਪਣਕ | ਸ਼੍ਰੀ ਸੰਕਦਿਲ ਅਚਾਰਿਆਂ | ਸ਼੍ਰੀ ਬਜਰ ਸੇਨ ਜੀ | ਸ਼੍ਰੀ ਨੰਦਲ ਰਿਸ਼ੀ ਜੀ |
| 22, | ਸ਼੍ਰੀ ਰੇਵਤੀ ਸਵਾਮੀ | ਸ਼੍ਰੀ ਹਿਮਵੰਤ ਸਵਾਮੀ | ਸ਼੍ਰੀ ਨਾਗ ਹਸਤੀ ਜੀ | ਸ਼੍ਰੀ ਨਾਗ ਹਸਤੀ ਜੀ |
| 23. | ਸ਼੍ਰੀ ਨਾਗ਼ ਹਸਤੀ ਜੀ | ਸ਼੍ਰੀ ਨਾਗਾ ਅਰਜੁਨ ਜੀ | ਸ਼੍ਰੀ ਰੇਵਤੀ ਮਿਤਰ ਜੀ | ਸ਼੍ਰੀ ਨਕਸ਼ਤਰ ਸਵਾਮੀ |
| 24. | ਸ਼੍ਰੀ ਸਿਹੁ ਸਵਾਮੀ | ਸ਼੍ਰੀ ਭੂਤਦਿੰਨ ਸਵਾਮੀ | ਸ਼੍ਰੀ ਬ੍ਰਹਮ ਦੀਪਕ ਜੀ | ਸ਼੍ਰੀ ਵਭਦੀਵਨਾ ਸਵਾਮੀ |
| 25. | ਸ਼੍ਰੀ ਸੰਕਦਿਲ ਅਚਾਰਿਆ | ਸ਼੍ਰੀ ਲੋਹਿਤ ਸਵਾਮੀ | ਸ਼੍ਰੀ ਨਾਗ ਅਰਜੁਠ ਜੀ | ਸ਼੍ਰੀ ਖੰਦਿਲ ਸਵਾਸੀ |
| 26. | ਸ਼੍ਰੀ ਹਿਮਵਾਨ ਸਵਾਮੀ | ਸ਼੍ਰੀ ਦੁਸ਼ਯ ਰਾਣੀ ਜੀ | ਸ਼੍ਰੀ ਭੂਤਦਿੰਨ ਜੀ | ਸ਼੍ਰੀ ਹੇਮਵੰਤ ਸਵਾਮੀ |
| 27. | ਸ਼੍ਰੀ ਨਾਗ ਅਰਜੁਣ ਜੀ | ਸ਼੍ਰੀ ਦੇਵ ਅਰਧੀਖਿਮਾ ਸ਼ਰਮਣ | ਸ਼੍ਰੀ ਕਾਲਕਾ ਅਚਾਰਿਆ | ਸ਼੍ਰੀ ਦੇਵਗਣੀ ਸਵਾਮੀ |
| 28. | ਸ਼੍ਰੀ ਗੋਂਵਿਦ ਸ਼ਵਾਮੀ | | ਸ਼੍ਰੀ ਦੇਵਅਰਧੀਖਮਾ ਸ਼ਰਮਣ | |
| 29. | ਸ਼੍ਰੀ ਭੂਤ ਦਿੰਨ ਸਵਾਮੀ | | | |
| 30. | ਸ਼੍ਰੀ ਲੋਹਿਤ ਸਵਾਮੀ | | | |
| 31. | ਸ਼੍ਰੀ ਦੁਸ਼ਯਗਣੀ ਸਵਾਮੀ | | | |

# ਤਪਾ ਗੱਛ

## (ਸ਼ਵੇਤਾਂਵਰ ਜੈਨ ਮੂਰਤੀ ਪੂਜਕ ਫਿਰਕੇ ਦੀ ਪਟਾਵਲੀ)

1. ਸ੍ਰੀ ਸੁਧਰਮਾ ਸਵਾਮੀ
2. ਸ੍ਰੀ ਜੰਬੂ ਸਵਾਮੀ
3. ਸ੍ਰੀ ਪ੍ਰਭਵ ਸਵਾਮੀ
4. ਸ੍ਰੀ ਸਯੰਭਵ ਸਵਾਮੀ
5. ਸ੍ਰੀ ਯਸ਼ੋਭਦਰ ਸਵਾਮੀ
6. ,, ਸੰਭੂਤੀ ਵਿਜੈ ਸੂਰੀ ਤੇ ਭਦਰ ਵਾਹੂ
7. ,, ਸਥੂਲ ਭਦਰ ਸਵਾਮੀ
8. ,, ਆਰਿਆ ਸੁਸਥਤੀ ਤੇ ਸੁਪ੍ਰਤਿਬ
9. ,, ਸੁਸ਼ਥਤੀ ਸਵਾਮੀ
10. ,, ਇੰਦਰ ਦਿੰਨ ਸੂਰੀ
11. ,, ਦਿੰਨ ਸੂਰੀ
12. ,, ਸਿਹੁ ਗਿਰੀ
13. ,, ਬਜਰ ਸਵਾਮੀ
14. ,, ਬਜਰ ਸੇਨ
15. ,, ਚੰਦਰ ਸਵਾਮੀ 2
16. ,, ਸਮੰਤ ਭਦਰ 3
17. ,, ਵਰਿਧ ਦੇਵ ਸੂਰੀ
18. ,, ਪ੍ਰਦੋਤਰ ਸੂਰੀ
19. ,, ਮਾਨ ਦੇਵ ਸੂਰੀ
20. ,, ਮਾਨਤੁੰਗ ਸੂਰੀ
21. ,, ਵੀਰ ਸੂਰੀ
22. ,, ਜੈ ਦੇਵ ਸੂਰੀ
23. ,, ਦੇਵਾਨੰਦ ਮੁਨੀ
24. ,, ਵਿਕਰਮ ਸੂਰੀ
25. ,, ਨਰ ਸਿੰਘ ਸੂਰੀ
26. ,, ਸਮੁੰਦਰ ਸੂਰੀ
27. ,, ਮਾਨ ਦੇਵ ਸੂਰੀ
28. ,, ਵਿਵੁਧ ਸੂਰੀ
29. ,, ਜੈ ਨੰਦ ਸੂਰੀ
30. ,, ਰਵਿ ਪ੍ਰਭਵ ਸੂਰੀ
31. ,, ਯਸ਼ੋਦੇਵ ਸੂਰੀ
32. ,, ਪ੍ਰਦੁਮਨ ਸੂਰੀ
33. ,, ਮਾਨ ਦੇਵ ਸੂਰੀ
34. ,, ਵਿਮਲ ਚੰਦਰ
35. ,, ਦਯੋਤਨ ਸੂਰੀ
36. ,, ਸ੍ਰਦੇਵ ਸੂਰੀ
37. ,, ਦੇਵ ਸੂਰੀ
38. ,, ਸਰਵ ਦੇਵ ਸੂਰੀ
39. ,, ਯਸ਼ੋਭਦਰ ਤੇ ਨੇਮ ਚੰਦਰ
40. ,, ਮੁਨੀ ਚੰਦ ਸੂਰੀ
41. ,, ਅਜਿਤ ਦੇਵ ਸੂਰੀ
42. ,, ਵਿਜੈ ਸਿੰਘ ਸੂਰੀ
43. ,, ਸੋਮ ਪ੍ਰਭ ਤੇ ਮਨੀ ਰਤਨ
44. ,, ਜਗ ਚੰਦਰ 5
45. ਸ੍ਰੀ ਦੇਵਿੰਦਰ ਸੂਰੀ
46. ,, ਧਰਮ ਘੋਸ਼ ਸੂਰੀ
47. ,, ਸੋਮ ਤਿਲਕ ਸੂਰੀ
48. ,, ਦੇਵ ਸੁੰਦਰ ਸੂਰੀ
49. ,, ਮੁਨੀ ਸੁੰਦਰ ਸੂਰੀ
50. ,, ਸੋਮ ਸੁੰਦਰ ਸੂਰੀ
51. ,, ਮੁਨੀ ਸੁੰਦਰ ਸੂਰੀ
52. ,, ਰਤਨ ਸ਼ੇਖਰ ਸੂਰੀ
53. ,, ਲਕਸ਼ਮੀ ਸਾਗਰ ਸੂਰੀ
54. ,, ਸੁਮਤੀ ਸਾਗਰ ਸੂਰੀ

55. ,, ਹੇਮ ਵਿਮਲ ਸੂਰੀ
56. ,, ਆਨੰਦ ਵਿਮਲ ਸੂਰੀ
57. ,, ਵਿਜੈ ਦਾਨ ਸੂਰੀ
58. ,, ਹੀਰਾ ਵਿਜੈ ਸੂਰੀ
59. ,, ਸੈਨ ਸੂਰੀ
60. ,, ਵਿਜੈ ਦੇਵ ਸੂਰੀ
61. ,, ਵਿਜੈ ਸਿੰਘ ਸੂਰੀ
62. ,, ਸੱਤ ਵਿਜੈ ਗਣੀ
63. ,, ਕਪੂਰ ਵਿਜੈ ਗਣੀ
64. ,, ਖਿਮਾ ਵਿਜੈ ਗਣੀ
65. ,, ਜਿਨ ਵਿਜੈ ਗਣੀ
66. ,, ਉੱਤਮ ਵਿਜੈ ਗਣੀ
67. ,, ਪਦਮ ਵਿਜੈ ਗਣੀ
68. ,, ਰੂਪ ਵਿਜੈ ਗਣੀ
69. ,, ਕੀਰਤੀ ਵਿਜੈ ਗਣੀ
70. , ਕਸਤੂਰ ਵਿਜੈ ਗਣੀ
71 ,, ਮਣਿ ਵਿਜੈ ਗਣੀ
72. ,, ਬੁਧੀ ਵਿਜੈ (ਬੂਟਾ ਰਾਏ) 6
73. ,, ਵਿਜੈ ਨੰਦ ਸੂਰੀ 7
74: ,, ਵਿਜੈ ਬਲਭ ਸੂਰੀ
75: ,, ਸਮੁਦਰ ਵਿਜੈ ਸੂਰੀ
76: ,, ਵਿਜੇਂਦਰ ਦਿੰਨ ਸੂਰੀ

(1) ਇਨ੍ਹਾਂ ਤੋਂ ਕੋਟਿ ਗੱਛ ਪੈਦਾ ਹੋਇਆ
(2) ਇਨ੍ਹਾਂ ਤੋਂ ਚੰਦਰ ਗੱਛ ਪੈਦਾ ਹੋਇਆ
(3) ਇਨ੍ਹਾਂ ਤੋਂ ਬਨਵਾਸੀ ਗੱਛ ਪੈਦਾ ਹੋਇਆ
(4) ਇਨ੍ਹਾਂ ਤੋਂ ਬੜ ਗੱਛ ਪੈਦਾ ਹੋਇਆ
(5) ਇਨ੍ਹਾਂ ਤੋਂ ਤਪਾ ਗੱਛ ਪੈਦਾ ਹੋਇਆ।

(6-7) ਆਪ ਪਹਿਲਾ ਸਵੇ: ਸਥਾਨਕਵਾਸੀ ਸਾਧੂ ਸਨ।

(ਅਚਾਰਿਆ ਸ੍ਰੀ ਵਿਜੈ ਵਲਭ ਚੁਆਰਾ ਲਿਖੇ ਸ੍ਰੀ ਵਿਜੈ ਨੰਦ ਗੀਵਨ ਚਾਰਿਤਰ ਤੋਂ ਪ੍ਰਾਪਤ)

# ਪੰਜਾਬੀ ਸ਼ਵੇਤਾਂਵਰ ਸਥਾਨਕਵਾਸੀ ਜੈਨ ਪਟਾਵਲੀ

1. ਸ਼੍ਰੀ ਸੁਧਰਮਾ ਸ਼ਵਾਮੀ ਜੀ
2. ,, ਜੰਮੂ ਜਵਾਮੀ ਜੀ
3. ,, ਪ੍ਰਭਵ ਸਵਾਮੀ ਜੀ
4. ,, ਸਵੈਯੰਭ੍ਰ ਜੀ
5. ,, ਯਸ਼ਭਦਰ ਜੀ
6. ,, ਸੰਭੂਤ ਵਿਜੈ ਜੀ
7. ,, ਭੱਦਰ ਵਾਹੂ ਜੀ
8. ,, ਸਥੂਲੀ ਭੱਦਰ
9. ,, ਮਹਾਗਿਰੀ ਜੀ
10. ,, ਬਲ ਸਿੰਘ ਜੀ
11. ,, ਸੁਬਨ ਜੀ
11. ,, ਵੀਰ ਜੀ
13. ,, ਸਠਡੀਲ ਜੀ
14. ,, ਜੀਤਧਰ ਜੀ
1 . ,, ਸਮਦ ਜੀ
16. ,, ਨੰਦਿਲ ਜੀ
17. ,, ਨਾਗਹਸਤੀ ਜੀ
18. ,, ਰੇਵਤ ਜੀ
19. ,, ਸਿੰਘ ਗਣ ਜੀ
20, ,, ਸਥੰਡਲਾਚਾਰਿਆ ਜੀ
21. ,, ਹੇਮੰਤ ਜੀ
22. ,, ਨਾਗਜਿਨ ਜੀ
23. ,, ਗੋਂਵਿੰਦ ਜੀ
24. ,, ਭੂਤ ਦਿੰਨ ਜੀ
25. ,, ਛੋਹਗਣ ਜੀ
26. ,, ਦੂਸਗਣ ਜੀ
27. ,, ਦੇਵਅਰਧੀ ਗਣੀ ਜੀ
28. ,, ਵੀਰ ਭਦਰ ਜੀ
29. ਸ੍ਰੀ ਸੰਕਰ ਭਦਰ ਜੀ
30. ਸ੍ਰੀ ਯਸ਼ੋਭਦਰ ਜੀ
31. ,, ਵੀਰਸੇਨ ਜੀ
32. ,, ਵੀਰ ਨਾਗ ਸੇਨ ਜੀ
33. ,, ਜਯਸੇਨ ਜੀ
34. ,, ਹਰਿਸ਼ੈਣ ਜੀ
35. ,, ਜੈ ਸੈਣ ਜੀ
36. ,, ਜਗਮਲ ਜੀ
37. ,, ਦੇਵ ਰਿਸ਼ੀ ਜੀ
38. ,, ਭੀਮ ਰਿਸ਼ੀ ਜੀ
39. ,, ਕਰਮਾ ਜੀ
40. ,, ਰਾਜ ਰਿਸ਼ੀ
41. ,, ਦੇਵਸੇਨ ਜੀ
42. ,, ਸ਼ੰਕਰ ਸੈਨ ਜੀ
43. ,, ਲਕਸ਼ਮੀ ਸੈਠ ਜੀ
41. ,, ਰਾਮ ਰਿਸ਼ੀ ਜੀ ਮਹਾਰਾਜ
45. ,, ਪਦਮ ਸੂਰੀ ਜੀ
46. ,, ਹਰੀ ਸੈਨ ਜੀ
47. ,, ਕੁਸ਼ਲ ਦੱਤ ਜੀ
43. ,, ਜੀਵਨ ਰਿਸ਼ੀ
49. ,, ਜੈ ਸੈਣ ਜੀ
50. ,, ਵਿਜੈ ਰਿਸ਼ੀ ਜੀ
51. ,, ਦੇਵ ਰਿਸ਼ੀ ਜੀ
52. ,, ਸੂਰ ਸੈਨ ਜੀ
53. ,, ਮਹਾਸੂਰ ਸੇਨ ਜੀ
54. ,, ਮਹਾਸੇਨ ਜੀ
55. ,, ਜੈ ਰਾਜ ਜੀ
56. ,, ਰਾਜ ਸੇਨ ਜੀ

57. ,, ਮਿਸ਼ਰਸੇਨ
58. ,, ਵਿਜੈ ਸਿੰਘ ਜੀ
59. ,, ਸ਼ਿਵਰਾਜ ਰਿਸ਼ੀ ਜੀ
60. ,, ਲਾਲ ਜੀ
61. ,, ਗਿਆਨ ਰਿਸ਼ੀ ਜੀ
62. ,, ਭਾਣੂ ਲੂਣਾ ਜੀ
63. ,, ਰੂਪ ਜੀ
64. ,, ਜੀਵ ਰਾਜ ਜੀ
65. ,, ਭਾਵ ਸਿੰਘ ਜੀ
66. ,, ਲਘੁਵਰ ਸਿੰਘ ਜੀ
67. ,, ਜਸਵੰਤ ਜੀ
68. ,, ਰੂਪ ਸਿੰਘ
69. ,, ਦਾਮੋਦਰ ਸਿੰਘ
70. ,, ਧਨਰਾਜ ਜੀ
71. ,, ਚਿੰਤਾਮਣੀ ਜੀ
72. ,; ਖੇਮ ਕਰਨ ਜੀ
73. ,, ਧਰਮ ਸਿੰਘ ਜੀ
74. ,, ਨਾਗਰਾਜ ਜੀ
75. ਸ੍ਰੀ ਜਯਰਾਜ ਜੀ ਮਹਾਰਾਜ
76. ਸ੍ਰੀ ਲੰਜੀ ਰਿਸ਼ੀ
77. ਸ੍ਰੀ ਸੋਮ ਜੀ
78. ਸ੍ਰੀ ਹਰੀ ਦਾਸ
79. ਸ੍ਰੀ ਵਿੰਦਰਾਵਨ ਜੀ
80. ਸ੍ਰੀ ਭਵਾਨੀਦਾਸ਼ ਜੀ
81. ਸ੍ਰੀ ਮਲੂਕ ਚੰਦ ਜੀ
82. ਸ੍ਰੀ ਮਹਾਸਿੰਘ ਜੀ
83. ਸ੍ਰੀ ਕੁਸ਼ਾਲ ਚੰਦ ਜੀ
84. ਸ੍ਰੀ ਛੱਜਮੱਲ ਜੀ
85. ਸ੍ਰੀ ਰਾਮਲਾਲ ਜੀ
87. ਸ੍ਰੀ ਅਮਰ ਸਿੰਘ ਜੀ
87. ਸ੍ਰੀ ਰਾਮ ਬਖਸ ਜੀ
88. ਸ੍ਰੀ ਮੋਤੀ ਰਾਮ ਜੀ
89. ਸ੍ਰੀ ਸੋਹਨ ਲਾਲ ਜੀ
90. ਸ੍ਰੀ ਕਾਸੀ ਲਾਲ ਜੀ
91. ਸ੍ਰੀ ਆਤਮਾ ਰਾਮ ਜੀ

ਹਮਾਰੇ ਸਮਾਧਾਨ ਪੰਨਾ 235-36 ਲੇਖਕ ਸ੍ਰੀ ਗਿਆਨ ਮੁਨੀ ਜੀ ਮ:

## ਪੂਜ ਅਮਰ ਸਿੰਘ ਜੀ ਮਹਾਰਾਜ ਦੀ ਵਿਸ਼ਾਲ ਪ੍ਰੰਪਰਾ ਵਿਚੋਂ ਕੁੱਝ ਪ੍ਰਮੁੱਖ ਸ਼ਾਖਾਵਾਂ ਦਾ ਵਰਨਣ ਅਸੀਂ ਇਸ ਪੱਟਾਵਲੀ ਵਿਚ ਕਰਦੇ ਹਾਂ

- ਅਚਾਰਿਆ ਅਮਰ ਸਿੰਘ ਜੀ
  - ਅਚਾਰਿਆ ਰਾਮ ਬਖਸ਼ ਜੀ (ਆਪਦੇ ਪੰਜ ਚੇਲੇ ਹੋਏ)
    - ਸ਼੍ਰੀ ਨੀਲੋਪਦ ਜੀ
      - ਸ਼੍ਰੀ ਹਰਨਾਮ ਦਾਸ ਜੀ
        - ਸ਼੍ਰੀ ਮਾਇਆ ਰਾਮ ਜੀ
        - ਸ਼੍ਰੀ ਜਵਾਹਰ ਲਾਲ ਜੀ
        - ਸ੍ਰੀ ਸ਼ੰਭੂ ਰਾਮ ਜੀ

## ਸ਼੍ਰੀ ਮਾਇਆ ਰਾਮ ਜੀ ਦੀ ਪ੍ਰੰਪਰਾ

- ਸ਼੍ਰੀ ਨਾਨਕਚੰਦ ਜੀ
  - ਸ਼੍ਰੀ [illegible]ਹਯਾ ਲਾਲ ਜੀ
- ਸ਼੍ਰੀ ਦੇਵੀਚੰਦ ਜੀ
- ਸ਼੍ਰੀ ਛੋਟੇਲਾਲ ਜੀ
  - ਸ਼੍ਰੀ ਸੁਖੀ ਰਾਮ ਜੀ
- ਸ਼੍ਰੀ ਵਿਰਧੀਚੰਦ ਜੀ
- ਸ਼੍ਰੀ ਮਨੋਹਰਲਾਲ ਜੀ

## ਸ਼੍ਰੀ ਜਵਾਹਰ ਲਾਲ ਜੀ ਮਹਾਰਾਜ ਦੀ ਪ੍ਰੰਪਰਾ

- ਸ਼੍ਰੀ ਖੁਸ਼ੀ ਰਾਮ ਜੀ
- ਸ਼੍ਰੀ ਗਣੇਸੀ ਰਾਮ ਜੀ

ਅਤੇ

- ਸ਼੍ਰੀ ਬਨਵਾਰੀ ਲਾਲ
  - ਸ਼੍ਰੀ ਜੀਤ ਮਲ
  - ਸ਼੍ਰੀ ਟੇਕ ਚੰਦ
    - ਸ਼੍ਰੀ ਭਾਗਚੰਦ ਜੀ
- ਸ਼੍ਰੀ ਹਿਤਦੂ ਲਾਲ
- ਸ਼੍ਰੀ ਮੁਲਤਾਨ ਚੰਦ
  - ਸ਼੍ਰੀ ਮੇਲਾ ਰਾਮ ਜੀ
- ਸ਼੍ਰੀ ਫਕੀਰ ਚੰਦ
  - ਸ਼੍ਰੀ ਸਹਿਜ ਮੁਨੀ
    - ਸ਼੍ਰੀ ਸੁਸ਼ੀਲ ਮੁਨੀ

## ਸ੍ਰੀ ਨਾਨਕ ਚੰਦ ਜੀ ਦੀ ਪ੍ਰੰਪਰਾ

- ਸ੍ਰੀ ਕ੍ਰਿਪਾ ਰਾਮ
- ਸ੍ਰੀ ਜੜਾਵ ਚੰਦ
- ਸ੍ਰੀ ਮੋਹਰ ਸਿੰਘ
- ਸ੍ਰੀ ਸੁਗਨ ਚੰਦ

## ਸ੍ਰੀ ਛੋਟੇ ਲਾਲ ਜੀ ਦੀ ਪ੍ਰੰਪਰਾ

- ਸ੍ਰੀ ਰੂਪ ਲਾਲ
- ਸ੍ਰੀ ਨਾਥੂ ਲਾਲ
  - ਸ੍ਰੀ ਮਦਨ ਲਾਲ
    - ਸ੍ਰੀ ਜਗੂ ਮਲ
    - ਸੁਦਰਸ਼ਨ ਮੁਨੀ
      - ਸ੍ਰੀ ਪ੍ਰਕਾਸ਼ ਮੁਨੀ
        - ਸ੍ਰੀ ਨਰੇਸ਼ ਮੁਨੀ
      - ਪਦਮ ਮੁਨੀ
      - ਸ਼ਾਂਤੀ ਮੁਨੀ
        - ਸੁੰਦਰ ਜੀ
      - ਰਾਮ ਕੁਮਾਰ
        - ਰਾਜੇਂਦਰ ਮੁਨੀ
      - ਵਿਨੈ ਕੁਮਾਰ
      - ਜੈ ਮੁਨੀ ਤੇ
        - ਰਾਕੇਸ਼ ਮੁਨੀ
    - ਬਦਰੀ ਪ੍ਰਸਾਦ
    - ਪ੍ਰਕਾਸ਼ ਚੰਦ
    - ਰਾਮ ਪ੍ਰਸਾਦ
    - ਰਾਮ ਚੰਦ
  - ਸ੍ਰੀ ਮੂਲ ਚੰਦ
  - ਸ੍ਰੀ ਫੂਲ ਚੰਦ
- ਸ੍ਰੀ ਰਾਧਾ ਕ੍ਰਿਸ਼ਨ
- ਸ੍ਰੀ ਰਤਨ ਚੰਦ
- ਸ੍ਰੀ ਬਲਵੰਤ ਰਾਏ

## ਸ੍ਰੀ ਵਿਰਧੀ ਚੰਦ ਜੀ ਦੀ ਪ੍ਰੰਪਰਾ

- ਸ੍ਰੀ ਕੰਵਰ ਸੈਨ
- ਸ੍ਰੀ ਮਾਮ ਚੰਦ
- ਸ੍ਰੀ ਪ੍ਰੇਮ ਚੰਦ (ਪੰਜਾਬ ਕੇਸਰੀ
  - ਸ੍ਰੀ ਬਨਵਾਰੀ ਲਾਲ
    - ਸ੍ਰੀ ਪਾਰਸ ਮੁਨੀ
  - ਤੁਲਸੀ ਰਾਮ
  - ਦਿਆ ਚੰਦ
  - ਓਮ ਮੁਨੀ
  - ਜਿਨ ਦਾਸ
- ਸ੍ਰੀ ਬਾਰੂ ਮਲ

## ਸ੍ਰੀ ਮਲਕ ਚੰਦ ਜੀ ਦੀ ਪ੍ਰੰਪਰਾ -

- ਸ੍ਰੀ ਕ੍ਰਿਪਾ ਰਾਮ
- ਜੜਾਬ ਚੰਦ
- ਮੋਹਰ ਸਿੰਘ
- ਸੁਗਨ ਚੰਦ

ਮੋਹਰ ਸਿੰਘ

ਸ੍ਰੀ ਰਾਮ ਸਿੰਘ ਇੰਦਰ ਸੇਨ ਮਗਨ ਸਿੰਘ ਟੇਕ ਚੰਦ ਪੂਰਣ ਚੰਦ

ਸ੍ਰੀ ਨੌਬਤ ਰਾਏ ਮਨੋਹਰ ਲਾਲ ਨੇਮਚੰਦ ਤਿਰਲੋਕ ਚੰਦ ਭਗਵਾਨ ਦਾਸ ਮੰਗਤ ਮੁਨੀ

ਜਿਨੇਸ਼ ਮੁਨੀ ਪਦਮ ਮੁਨੀ ਨਵੀਨ ਮੁਨੀ

ਸੁਖੀ ਰਾਮ ਜੀ

ਸ੍ਰੀ ਅਮੀ ਲਾਲ ਸ੍ਰੀ ਰਾਮਲਾਲ ਸ੍ਰੀ ਨੇਕ ਚੰਦ ਜੀ

ਫੂਲਚੰਦ ਰੂਪਚੰਦ ਜਸਮੰਦਰ ਸ੍ਰੀ ਰਾਮ ਕ੍ਰਿਸ਼ਨ ਰਣ ਸਿੰਘ ਸ਼ਿਵਚੰਦ ਸ਼ਿਖਰ ਚੰਦ

ਸ੍ਰੀ ਸੁਭਦਰ ਮੁਨੀ

ਵਿਜੈ ਮੁਨੀ ਸੁਮਤਿ ਮੁਨੀ

## ਪੰਡਤ ਸ੍ਰੀ ਧਰਮ ਚੰਦ ਜੀ ਮਹਾਰਾਜ ਦੀ ਪ੍ਰੰਪਰਾ

ਸ੍ਰੀ ਧਰਮ ਚੰਦ ਜੀ

ਸ੍ਰੀ ਸ਼ਿਵਦਿਆਲ ਅਚਾਰਿਆ ਸੋਹਨ ਲਾਲ

ਸ੍ਰੀ ਧਨੀ ਰਾਮ ਜੀ

ਸ੍ਰੀ ਗੰਡੇਰਾਏ ਬਿਹਾਰੀਲਾਲ ਵਿਨੈਚੰਦ ਕਰਮਚੰਦ ਕਾਸ਼ੀਰਾਮ ਭਾਗਚੰਦ

ਅਚਾਰਿਆ ਕ੍ਰਿਸ਼ਨ ਚੰਦਰ
ਦੇਵ ਗੁਰੂਕੁਲ ਪੰਚਕੂਲਾ
ਦੇ
ਸੰਸਥਾਪਕ ਸਨ

ਟੇਕ ਚੰਦ ਲਾਭ ਚੰਦ ਜਮੀਤ ਰਾਏ ਚਿੰਤ ਰਾਮ ਗੋਵਿੰਦ ਰਾਮ ਰੂਪ ਚੰਦ

## ਸ੍ਰੀ ਗੈਂਡੇ ਰਾਏ ਜੀ ਦੀ ਪ੍ਰੰਪਰਾ

ਗਣੀ ਉਦੈ ਚੰਦ ਨੱਥੂ ਰਾਮ ਕਸਤੂਰ ਚੰਦ ਨਿਹਾਲ ਚੰਦ

ਕਪੂਰ ਚੰਦ ਜੌਹਰੀ ਲਾਲ

ਰਤਨ ਮੁਨੀ ਰਘਬਰ ਦਿਆਲ ਨਿਰੰਜਨ ਦਾਸ

ਛੱਜੂ ਰਾਮ

ਦੁਰਗਾ ਦਾਸ ਭਦਰ ਮੁਨੀ ਸਤੀਸ਼ ਚੰਦ

ਰਾਮ ਮੁਨੀ ਜੀ ਧਰਮ ਸਿੰਘ ਜੀ

## ਸ੍ਰੀ ਨਿਹਾਲ ਚੰਦ ਜੀ ਦੀ ਪ੍ਰੰਪਰਾ

ਸਵਰਗਵਾਸੀ ਪ੍ਰਵਰਤਕ ਸ਼ਾਂਤੀ ਸਵਰੂਪ ਜੀ

ਸ੍ਰੀ ਸੁਮਤੀ ਮੁਨੀ ਜੀ

ਸ੍ਰੀ ਬਿਹਾਰੀ ਲਾਲ ਜੀ ਦੇ ਚੇਲੇ ਸ੍ਰੀ ਮਾਣਕ ਚੰਦ ਜੀ ਸਨ। ਸ੍ਰੀ ਵਿਨੈ ਚੰਦ ਦੇ ਚੇਲੇ ਸ੍ਰੀ ਨਰਪਤ ਰਾਏ ਸਨ। ਆਪ ਦੇ ਚੇਲੇ ਸ੍ਰੀ ਸਤੇਂਦਰ ਮੁਨੀ, ਸ੍ਰੀ ਲਖਪਤ ਰਾਏ ਅਤੇ ਪਦਮ ਚੰਦਰ ਹਨ। ਸ੍ਰੀ ਸਤੇਂਦਰ ਮੁਨੀ ਦੇ ਸ਼੍ਰੀ ਸ਼ਿਆਮ ਲਾਲ ਜੀ ਸਨ। ਸ੍ਰੀ ਕਰਮ ਚੰਦ ਦੇ ਚੇਲੇ ਸ਼੍ਰੀ ਦੀਪ ਚੰਦ ਹੋਏ। ਇਨ੍ਹਾਂ ਦੇ ਚੇਲੇ ਖੂਬ ਚੰਦ, ਫੂਲ ਚੰਦ ਹਨ। ਸ੍ਰੀ ਫੂਲ ਚੰਦ ਜੀ ਦੇ ਚੇਲੇਨੇ ਜਿੰਦਰ ਮੁਨੀ ਹਨ।

## ਪੂਜ ਕਾਸ਼ੀ ਰਾਮ ਜੀ ਦੀ ਪ੍ਰੰਪਰਾ

ਈਸ਼ਵਰ ਦਾਸ ਹਰਸ਼ ਚੰਦ ਕਲਿਆਣ ਜੀ ਸੁਕਲ ਚੰਦ ਜੌਹਰੀ ਲਾਲ ਸੁਰਿੰਦਰ ਮੁਨੀ ਹਰੀ ਚੰਦ

ਸ੍ਰੀ ਸੁਦਰਸ਼ਨ ਲਾਲ ਰਾਜੇਂਦਰ ਕੁਮਾਰ ਮਹੇਂਦਰ ਮੁਨੀ ਸ੍ਰੀ ਚੰਦ ਸੰਤੋਸ਼ ਮੁਨੀ ਅਮਰੇਂਦਰ ਮੁਨੀ ਵਿਵੇਕ ਮੁਨੀ

ਦਾਤਾ ਰਾਮ ਸੁਮਨ ਮੁਨੀ (ਇਤਿਹਾਸਕਾਰ)

ਸ੍ਰੀ ਸੁਰਿੰਦਰ ਮੁਨੀ ਦੇ ਚੇਲੇ ਵਿਕਾਸ ਮੁਨੀ ਜੀ ਹੋਏ। ਸ੍ਰੀ ਹਰੀ ਚੰਦ ਜੀ ਦੇ ਚੇਲੇ ਵਿਵੇਕ ਮੁਨੀ ਅਤੇ ਦੇਵਿੰਦਰ ਮੁਨੀ ਹਨ। ਸ੍ਰੀ ਭਾਗ ਮਲ, ਸ੍ਰੀ ਸੋਹਨ ਲਾਲ ਦੀ ਆਗਿਆ

ਚਲਣ ਵਾਲੇ ਸੰਤ ਸਨ। ਆਪ ਦੇ ਤਿਰਲੋਕ ਮੁਨੀ, ਮੰਗਲ ਮੁਨੀ ਅਤੇ ਰਾਮ ਕਲਾ ਜੀ ਹੋਏ। ਤਿਰਲੋਕ ਮੁਨੀ ਜੀ ਦੇ ਸ੍ਰੀ ਗਿਆਨ ਮੁਨੀ ਅਤੇ ਰਾਮ ਕਲਾ ਜੀ ਦੇ ਪ੍ਰੇਮ ਸੁਖ ਹਨ।

## ਅਚਾਰਿਆ ਆਤਮਾ ਰਾਮ ਜੀ ਦੀ ਪ੍ਰੰਪਰਾ

ਸ੍ਰੀ ਖਜਾਨ ਚੰਦ | ਸ੍ਰੀ ਗਿਆਨ ਮੁਨੀ | ਪੰ. ਹੇਮ ਚੰਦ | ਸ੍ਰੀ ਮਨੋਹਰ ਮੁਨੀ | ਸ੍ਰੀ ਪ੍ਰਕਾਸ਼ ਚੰਦ | ਸ੍ਰੀ ਖਬ ਚੰਦ | ਸ੍ਰੀ ਰਤਨ ਮੁਨੀ | ਸ੍ਰੀ ਮਥੁਰਾ ਮੁਨੀ ਅਤੇ ਗਿਆਨ ਮੁਨੀ

ਸ੍ਰੀ ਸੁਰਜਨ ਦਾਸ | ਸ੍ਰੀ ਤੁਲਸੀ ਰਾਮ | ਸ੍ਰੀ ਲਾਭਚੰਦ | ਸ੍ਰੀ ਪ੍ਰੇਮ ਚੰਦ | ਸ੍ਰੀ ਫੂਲ ਚੰਦ ਸ਼੍ਰਮਣ | ਸ੍ਰੀ ਤ੍ਰਿਲੋਕ ਮੁਨੀ (ਆਤਮ ਨਿਧੀ)

ਪੰ. ਹੇਮ ਚੰਦ ਜੀ ਮ. ਦੇ ਚੇਲੇ ਵਰਤਮਾਨ ਉੱਤਰ ਭਾਰਤ ਪ੍ਰਵਰਤਕ ਸ੍ਰੀ ਭੰਡਾਰੀ ਪਦਮ ਚੰਦ ਜੀ ਹਨ, ਆਪ ਦੇ ਚੇਲੇ ਹਰਿਆਣਾ ਕੇਸਰੀ ਬਹੁਸ਼ਰੁਤ ਲੇਖਕ ਸ੍ਰੀ ਅਮਰ ਮੁਨੀ ਹਨ।

ਸ੍ਰੀ ਗਿਆਨ ਮੁਨੀ ਜੀ ਦੇ ਚੇਲੇ ਹਨ : ਸ੍ਰੀ ਕ੍ਰਾਂਤੀ ਮੁਨੀ, ਸ੍ਰੀ ਭਗਵਤ ਮੁਨੀ, ਡਾ. ਸ਼ਿਵ ਕੁਮਾਰ ਜੀ ਐਮ.ਏ., ਪੀ. ਐਚ. ਡੀ., ਸ੍ਰੀ ਸਰਪੰਚ ਮੁਨੀ।

ਪੂਜ ਅਮਰ ਸਿੰਘ ਜੀ ਦੇ, ਚੇਲੇ ਖੂਬ ਚੰਦ ਜੀ ਦੇ 12 ਚੇਲੇ ਤਪਾ ਗੱਛ ਵਿਚ ਮੂਰਤੀ ਸਾਧੂ ਬਣ ਗਏ ਸਨ। ਸ੍ਰੀ ਰਤਨ ਮੁਨੀ ਜੀ ਦੇ ਚੇਲੇ ਤਪਸਵੀ ਭਗਤ ਰਾਮ ਜੀ ਹਨ।

## ਅਚਾਰਿਆ ਸ੍ਰੀ ਅਮਰ ਸਿੰਘ ਜੀ ਦੀ ਇਕ ਹੋਰ ਪ੍ਰੰਪਰਾ

ਸ੍ਰੀ ਬਾਲਕ ਰਾਮ ਜੀ

ਸ੍ਰੀ ਲਾਲ ਚੰਦ | ਸ੍ਰੀ ਪ੍ਰੇਮ ਸੁਖ

ਸ੍ਰੀ ਗੋਕਲ ਚੰਦ | ਸ੍ਰੀ ਲਛਮੀ ਚੰਦ | ਸ੍ਰੀ ਸ਼ਾਦੀ ਲਾਲ

ਸ੍ਰੀ ਜਗਦੀਸ਼ ਮੁਨੀ | ਤਪਸਵੀ ਪੂਰਣ ਚੰਦ | ਪਿਆਰਾ ਲਾਲ

ਸ੍ਰੀ ਵਿਮਲ ਮੁਨੀ | ਦਰਸ਼ਨ ਮੁਨੀ | ਜਿਤੇਂਦਰ ਮੁਨੀ | ਰਾਮ ਸਰੂਪ ਜੀ

ਸ੍ਰੀ ਰਾਮ ਮੁਨੀ ਜੀ | ਸ੍ਰੀ ਅਮਰ ਮੁਨੀ ਜੀ

|

ਭੰਡਾਰੀ ਗਿਆਨ ਮੁਨੀ ਜੀ

|

ਸ਼੍ਰੀ ਅਰਿਹੰਤ ਮੁਨੀ ਜੀ

ਸਾਡੀ ਸ਼ਵੇਤਾਂਬਰ ਜੈਨ ਸਥਾਨਕਵਾਸੀ ਪ੍ਰੰਪਰਾਵਾਂ ਦਾ ਅਧਾਰ ਸ਼੍ਰੀ ਸੁਮਨ ਮੁਨੀ ਰਾਹੀਂ ਲਿਖਤ ਪੂਜ ਅਮਰਸਿੰਘ ਜੀ ਮਹਾਰਾਜ ਅਤੇ ਪਰੰਪਰਾ ਨਾਂ ਦੀ ਪੁਸਤਕ ਹੈ ਉਸ ਤੋਂ ਬਾਅਦ ਮੁਨੀਆਂ ਦਾ ਜ਼ਿਕਰ ਇਸ ਵਿਚ ਨਹੀਂ ਆਇਆ।

**ਨੋਟ :— ਖਰਤਰ ਗੱਛ** ਪੰਜਾਬ ਵਿਚ ਜੈਨ ਧਰਮ ਦਾ ਇਕ ਪੁਰਾਤਨ ਗੱਛ ਹੈ। ਸੰ. 10 ਸਦੀ ਤੋਂ ਲੈਕੇ ਅਕਬਰ ਦੇ ਸਮੇਂ ਤਕ ਦਾ ਕਾਲ ਇਸ ਗੱਛ ਦੇ ਮੁਨੀ ਪ੍ਰਮੁਖ ਰਹੇ ਹਨ। ਪਰ ਅੱਜ ਕਲ ਖਰਤਰ ਗੱਛ ਦੇ ਮੁਨੀਆਂ ਦੀ ਗਿਣਤੀ ਘੱਟ ਹੈ। ਇਨ੍ਹਾਂ ਮੁਨੀਆਂ ਦੀ ਪੱਟਾਵਲੀ ਕਾਫੀ ਕੋਸ਼ਿਸ਼ ਦੇ ਬਾਵਜੂਦ ਨਹੀ ਮਿਲ ਸਕੀ। ਪ੍ਰਮੁਖ ਅਚਾਰਿਆਂ ਦੀ ਜਾਣਕਾਰੀ ਮੁਗਲ ਕਾਲ ਵਿਚ ਦਿਣੀ ਜਾ ਚੁਕੀ ਹੈ। ★

# ਪੂਜ ਸ਼੍ਰੀ ਅਮਰ ਸਿੰਘ ਜੀ (ਮਾਰਵਾੜੀ)

★

ਪੂਜ ਅਮਰ ਸਿੰਘ ਜੀ ਨਾਂ ਦੇ ਦੋ ਸਥਾਨਕਵਾਸੀ ਜੈਨ ਅਚਾਰਿਆ ਹੋਏ ਹਨ। ਇਕ ਦਾ ਸੰਬੰਧ ਪੂਜ ਜੀਵਰਾਜ ਜੀ ਦੀ ਪ੍ਰੰਪਰਾ ਦੇ ਅਚਾਰਿਆ ਸ੍ਰੀ ਲਾਲ ਚੰਦ ਨਾਲ ਹੈ। ਦੂਸਰੇ ਅਚਾਰਿਆ ਪੂਜ ਸ੍ਰੀ ਹਰੀ ਦਾਸ ਦੇ ਨਾਲ ਸੰਬੰਧਿਤ ਸਨ। ਪੂਜ ਅਮਰ ਸਿੰਘ ਜੀ ਮਾਰਵਾੜੀ ਜਾਣਕਾਰੀ ਪ੍ਰਸਿੱਧ ਜੈਨ ਲੇਖਕ ਦੇਵਿੰਦਰ ਮੁਨੀ ਸ਼ਾਸਤਰੀ ਨੇ ਅਪਣੇ ਇਤਿਹਾਸਕ ਹਿੰਦੀ ਨਾਵਲ ਧਰਤੀ ਦਾ ਦੇਵਤਾ ਵਿਚ ਵਿਸਥਾਰ ਅਤੇ ਘਟਨਾਵਾਂ ਨਾਲ ਦਿਤੀ ਹੈ। ਪਰ ਇਥੇ ਅਸੀਂ ਸਿਰਫ ਇਤਿਹਾਸਕ ਪੱਖੋਂ ਸੰਖੇਪ ਵਰਨਣ ਕਰਾਂਗੇ।

ਬਿਕਰਮ ਸੰ. 1719 ਸਾਵਨ ਸ਼ੁਕਲਾ 14 ਦਿਨ ਐਤਵਾਰ ਨੂੰ ਆਪ ਦਾ ਜਨਮ ਦਿੱਲੀ ਵਿਖੇ ਹੋਇਆ। ਆਪ ਦੇ ਪਿਤਾ ਲਾਲਾ ਦੇਵੀ ਸਿੰਘ ਅਤੇ ਮਾਤਾ ਕਮਲਾ ਦੇਵੀ ਜੀ ਧਾਰਮਿਕ ਸੰਸਕਾਰਾਂ ਨਾਲ ਰੰਗੇ ਹੋਏ ਸਨ। ਦੇਵੀ ਸਿੰਘ ਦੇ ਬੜੇ ਵਡੇਰੇ ਮੁਗਲ ਬਾਦਸ਼ਾਹ ਦੇ ਸ਼ਾਹੀ ਜੌਹਰੀ ਸਨ। ਦੇਵੀ ਸਿੰਘ ਖੁਦ ਵੀ ਮੁਗਲ ਦਰਬਾਰ ਵਿਚ ਇੱਜਤ ਰਖਦੇ ਸਨ।

ਸੰ. 1741 ਨੂੰ ਅਚਾਰਿਆ ਅਮਰ ਸਿੰਘ ਸਾਧੂ ਬਣੇ। ਆਪ ਦੇ ਗੁਰੂ ਪ੍ਰਸਿੱਧ ਜੈਨ ਅਚਾਰਿਆ ਸ੍ਰੀ ਲਾਲ ਚੰਦ ਸਨ। ਆਪ ਨੇ ਬਚਪਨ ਵਿਚ ਹੀ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ ਫਾਰਸੀ ਅਤੇ ਉਰਦੂ ਭਾਸ਼ਾਵਾਂ ਦਾ ਅਧਿਐਨ ਕਰ ਲਿਆ ਸੀ। ਸ੍ਰੀ ਅਮਰ ਸਿੰਘ ਦੀ ਸ਼ਾਦੀ ਵੀ ਹੋਈ ਸੀ। ਆਪ ਨੇ ਇਨ੍ਹਾਂ ਬਹੁਪੱਖੀ ਵਿਸ਼ਾਲ ਛਡ ਕੇ ਤਿਆਗ ਦਾ ਰਸਤਾ ਗ੍ਰਹਿਣ ਕੀਤਾ। ਉਸ ਸਮੇਂ ਯਤੀ ਪ੍ਰੰਪਰਾ ਪੰਜਾਬ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿਚ ਆਮ ਸੀ। ਆਪ ਨੇ ਸਾਰੀ ਉਮਰ ਇਨ੍ਹਾਂ ਪ੍ਰਦੇਸ਼ਾਂ ਵਿਚ ਘੁਮ ਕੇ ਵੇਸ਼ਿਆ ਪ੍ਰਥਾ, ਮਰਿਤੂ ਭੋਜ, ਜਾਤ-ਪਾਤ, ਬਲੀ ਪ੍ਰਥਾ ਆਦਿ ਦਾ ਖੁਲ ਕੇ ਵਿਰੋਧ ਕੀਤਾ। ਸੋਜਤ (ਰਾਜਸਥਾਨ) ਵਿਖੇ ਯਤੀਆਂ ਨਾਲ ਧਰਮ ਚਰਚਾ ਕੀਤੀ। ਜੈਨ ਅਤੇ ਅਜੈਨ ਸਭ ਆਪ ਦੇ ਭਗਤ ਸਨ। ਸੰ. 1761 ਵਿਚ ਆਪ ਅਚਾਰਿਆ ਬਣੇ।

ਸੰ. 1767 ਵਿਚ ਆਪ ਦਾ ਚੌਮਾਸਾ ਦਿੱਲੀ ਵਿਖੇ ਸੀ। ਉਸ ਸਮੇਂ ਮੁਗਲ ਸਮਰਾਟ ਬਹਾਦਰ ਸ਼ਾਹ ਸੀ। ਚੌਮਾਸੇ ਤੋਂ ਪਹਿਲਾਂ ਆਪ ਦੀ ਭੇਂਟ ਜੋਧਪੁਰ ਦੇ ਮੰਤਰੀ ਖੀਬ ਸਿੰਘ ਭੰਡਾਰੀ ਨਾਲ ਹੋਈ। ਆਪ ਜੈਨ ਧਰਮ ਦੇ ਉਪਾਸਕ ਸਨ। ਬਾਦਸ਼ਾਹ ਨੂੰ ਖੀਬ ਸਿੰਘ ਤੇ ਸ਼ਹਿਜਾਦਾ ਅਜੀਮ ਦੀ ਮਾਰਫਤ ਮਿਲੇ ਸਨ। ਆਪ

ਬਾਦਸ਼ਾਹ ਨਾਲ ਲਾਹੌਰ ਹੁੰਦੇ ਹੋਏ ਦਿਲੀ ਪੁਜੇ । ਇਸ ਤਰਾਂ ਆਪ ਦਾ ਧਰਮ ਪ੍ਰਚਾਰ ਖੇਤਰ ਵਰਤਮਾਨ ਪੰਜਾਬ ਸੀ । ਸੋਜਤ ਅਤੇ ਜੋਧਪੁਰ ਵਿਖੇ ਅਨੇਕਾਂ ਕਸ਼ਟਾਂ ਦਾ ਸਾਹਮਣਾ ਕੀਤਾ । ਆਪ ਪੰਚਵੇਰ ਸੰਮੇਲਨ ਵਿਚ ਹਾਜਰ ਸਨ । ਇਸ ਸੰਮੇਲਨ ਵਿਚ ਤਾਰਾ ਚੰਦ ਜੀ ਅਚਾਰਿਆ ਹਰੀ ਦਾਸ ਦੇ ਚੇਲੇ ਸ੍ਰੀ ਮਲੂਕ ਚੰਦ, ਜੋਗ ਰਾਜ, ਤਿਲੋਕ ਚੰਦ ਮਹਾਰਾਜ, ਮੀਣਾ ਜੀ ਮਹਾਰਾਜ, ਰਾਧਾ ਜੀ ਮਹਾਰਾਜ, ਸਤੀ ਫੂੱਲਾ ਜੀ, ਪਰਸ ਰਾਮ ਜੀ ਮਹਾਰਾਜ, ਖੇਤਸੀ ਜੀ ਮਹਾਰਾਜ ਅਤੇ ਕੇਸ਼ਰ ਜੀ ਮਹਾਰਾਜ ਸ਼ਾਮਲ ਹੋਏ ਸਨ ।

ਸੰ. 1811 ਵਿਚ ਆਪ ਦਾ ਚੌਮਾਸਾ ਜੋਧ ਪੁਰ ਵਿਖੇ ਸੀ । ਆਪ ਨੇ ਇਸ ਚੌਮਾਸੇ ਵਿਚ ਅਪਣੀ ਮੌਤ ਦੀ ਭਵਿਖ ਬਾਣੀ ਕਰ ਦਿਤੀ ਸੀ । ਸੰ. 1812 ਸਾਵਣ ਸ਼ੁਕਲਾ ਪੂਰਨਮਾਸ਼ੀ ਨੂੰ ਆਪ ਦਾ ਸਵਰਗਵਾਸ ਹੋ ਗਿਆ । ਆਪ ਨੇ ਰੋਹਤਕ, ਜੰਮੂ ਅਤੇ ਪਟਿਆਲਾ ਵਿਖੇ ਚੌਮਾਸੇ ਕੀਤੇ । ਆਪ ਦਾ ਜੀਵਨ ਚਮਤਕਾਰ ਭਰਿਆ ਸੀ । ਅਨੇਕਾਂ ਰਾਜੇ, ਨਵਾਬ, ਮੰਤਰੀ ਅਤੇ ਸ਼ਹਿਜਾਦੇ ਆਪ ਦੇ ਭਗਤ ਬਣੇ । ਪਟਿਆਲੇ ਦੇ ਸਰਦਾਰ ਕੁਲਵੰਤ ਸਿੰਘ ਆਪ ਦੇ ਖਾਸ ਭਗਤ ਸਨ । ਜੋ ਹਰ ਰੋਜ ਆਪ ਦਾ ਉਪਦੇਸ਼ ਸੁਣਦੇ ।

# ਪੰਜਾਬ ਦੀ ਯਤੀ (ਪੂਜ) ਪ੍ਰੰਪਰਾ

*

ਪਿਛਲੇ ਅਧਿਐਨਾਂ ਵਿਚ ਅਸੀ ਕੁੱਝ ਪ੍ਰਸਿਧ ਯਤੀਆਂ ਅਤੇ ਉਹਨਾਂ ਦੇ ਪ੍ਰਚਾਰ ਕੇਂਦਰਾਂ ਦਾ ਸੰਖੇਪ ਜਿਕਰ ਕੀਤਾ ਹੈ। ਇਸ ਅਧਿਐਨ ਵਿਚ ਅਸੀਂ ਯਤੀਆਂ ਦੀਆਂ ਕੁੱਝ ਪਟਾਵਲੀਆਂ ਦਾ ਸੰਖੇਪ ਵਰਨਣ ਕਰਾਂਗੇ। ਮਧਕਾਲ ਵਿਚ ਜੈਨ ਧਰਮ, ਕਲਾ ਸਾਹਿਤ ਨੂੰ ਹਰ ਪਖੋਂ ਸੁਰਖਿਤ ਰਖਨ ਦਾ ਸੇਹਰਾ ਇਨ੍ਹਾਂ, ਯਤੀਆਂ ਦੇ ਸਿਰ ਹੈ। ਅਸੀਂ ਦਸਿਆ ਸੀ ਕਿ ਯਤੀ ਸਾਧੂ ਤੋਂ ਨਿਯਮ ਪਖੋਂ ਕਾਫੀ ਵਖਰੇ ਹੁੰਦੇ ਹਨ। ਇਹ ਭਾਵੇਂ ਜੈਨ ਸਾਧੂ ਦੇ ਭੇਖ ਵਿਚ ਬ੍ਰਹਮਚਾਰੀ ਰੂਪ ਰਹਿਦੇ ਹਨ, ਪਰ ਧਨ ਸੰਗ੍ਰਹਿ, ਮੱਠ, ਜੰਤਰ, ਮੰਤਰ ਦਵਾਈ ਦਾ ਪ੍ਰਯੋਗ ਕਰਦੇ ਹਨ। ਜੋ ਜੈਨ ਸਾਧੂ ਨੂੰ ਬਿਲਕੁਲ ਮਨਾ ਹੈ। ਅਸਲ ਵਿਚ ਯਤੀ ਜੈਨ ਸਾਧੂ ਅਤੇ ਗ੍ਰਹਿਸਥ ਵਿਚਕਾਰ ਤਿਆਗੀਆਂ ਦਾ ਮਾਰਗ ਹੈ। ਇਹਨਾਂ ਯਤੀਆ ਵਿਚ ਕੁੱਝ ਇਸਤਰੀਆਂ ਯਤੀ ਵੀ ਸਨ। ਇਹ ਲੋਕ ਅਪਣੇ-ਅਪਣੇ ਖੇਤਰ ਵਿਚ (ਬੜੇ ਪੂਜ) ਦੇ ਹੁਕਮ ਹੇਠ ਪ੍ਰਚਾਰ ਕਰਦੇ ਸਨ। ਇਕ ਯਤੀ ਨੂੰ ਦੂਸਰੇ ਦੇ ਖੇਤਰ ਵਿਚ ਘੁੱਮਨ ਦੀ ਆਗਿਆਂ ਨਹੀਂ ਸੀ। ਪੰਜਾਬ ਦੇ ਹਰ ਰਾਜੇ ਅਤੇ ਨਵਾਬ ਦੇ ਦਰਬਾਰ ਵਿੱਚ ਇਨ੍ਹਾਂ ਪੂਜਾਂ ਦੇ ਚਮਤਕਾਰਾਂ ਦੀ ਘਟਨਾਵਾਂ ਮਸ਼ਹੂਰ ਹਨ। ਇਹ ਲੋਕ ਬਹੁਤ ਭਾਸ਼ਾਵਾਂ ਦੇ ਵਿਦਵਾਨ, ਲੇਖਕ, ਲਿਪੀਕਾਰ ਅਤੇ ਗ੍ਰੰਥ ਸੰਗ੍ਰਹਿਕਾਰ ਸਨ।

ਪੰਜਾਬ ਸਿੰਧ ਵਿਚ ਬੜਗੱਛ, ਖਰਤਰ ਗੱਛ, ਤਪਾਗੱਛ, ਅਤੇ ਲੋਂਕਾ ਗੱਛ ਦੀਆਂ ਗਦੀਆਂ ਸਨ। ਸਾਡੀ ਜਾਨਕਾਰੀ ਦਾ ਅਧਾਰ ਸ੍ਰੀ ਹੀਰਾ ਲਾਲ ਜੀ ਦੁਗੜ ਦੀ ਪੁਸਤਕ ਮਧ ਏਸ਼ੀਆ ਔਰ ਪੰਜਾਬ ਮੇਂ ਜੈਨ ਧਰਮ ਹੈ।

## ਉਤਰਾਧ ਲੋਂਕਾਗੱਛ

ਇਨ੍ਹਾਂ ਦੀ ਪ੍ਰੰਪਰਾ ਸੰ: 1560 ਤੋਂ ਸ਼ੁਰੂ ਹੁੰਦੀ ਹੈ। ਜਦ ਯਤੀ ਸਰਵਰ ਦੇ ਚੇਲੇ ਰਾਏਮਲ ਅਤੇ ਭਲੋਜੀ ਲਾਹੌਰ ਆਏ ਸਨ। ਸੰ: 1871 ਮਾਘ ਸੁਦੀ 5 ਨੂੰ ਯਤੀ ਵਿਮਲ ਚੰਦ ਨੂੰ ਅਚਾਰਿਆ ਪੱਦਵੀ ਦੀ ਚਾਦਰ ਪੱਟੀ (ਹਿਆਤਪੁਰ) ਵਿਖੇ ਧੂਮਧਾਮ ਨਾਲ ਦਿਤੀ ਗਈ। ਯਤੀ ਜੀ ਦੇ 15 ਚੇਲੇ ਅਤੇ 3 ਚੇਲੀਆਂ ਦੇ ਨਾਂ ਤੇ ਪ੍ਰਚਾਰ ਖੇਤਰ ਇਸ ਪ੍ਰਕਾਰ ਹਨ।

| ਲੜੀ ਨੰ: | ਪੂਜ ਦਾ ਨਾਂ | ਖੇਤਰਾਂ ਦਾ ਨਾਂ |
|---|---|---|
| 1. | ਅਚਾਰਿਆ ਵਿਮਲਚੰਦ ਜੀ | ਹੁਸ਼ਿਆਰਪੁਰ, ਅੰਬਾਲਾ, ਪਟੀ, ਵੈਰੋਵਾਲ |
| 2. | ਲਾਲ ਰਿਸ਼ੀ ਜੀ | ਜਗਰਾਵਾਂ, ਰਾਏਕੋਟ |
| 3. | ਆਨੰਦ ਰੂਪ ਰਿਸ਼ੀ ਜੀ | ਮਾਲੇਰ ਕੋਟਲਾ, ਗੁਜਰਾਂਵਾਲਾ |
| 4. | ਪੂਜ ਦੀਪਚੰਦ ਰਿਸ਼ੀ ਜੀ | ਅਮਰਿਤਸਰ, ਸਨਖਤਰਾ |
| 5. | ਪੂਜ ਰੂਪਾ ਰਿਸ਼ੀ ਜੀ | ਪੱਟੀ, ਜਾਲੰਧਰ, ਲੁਧਿਆਨਾ |
| 6. | ਪੂਜ ਦਾਸ ਰਿਸ਼ੀ | ਅੰਬਾਲਾ ਅਬਦੁਲਾ ਕੀ ਗੱਛਾ, ਥਾਨੇਸਰ |
| 7. | ਮਾਨੇਕ ਰਿਸ਼ੀ ਜੀ | ਫਗਵਾੜਾ, ਜੈਜੋਂ, ਟਾਂਡਾ, ਕਰਨਾਲ, ਢੂਦੀਆ |
| 8. | ਮੰਗਲਰਿਸ਼ੀ ਜੀ | ਜੰਡੀਆਲਾ ਗੁਰੂ |
| 9. | ਸਹਜ ਰਿਸ਼ੀ ਜੀ | ਅੰਬਾਲਾ, ਸੰਢੋਰਾ |
| 10. | ਧਰਮਾ ਰਿਸ਼ੀ ਜੀ | ਲਾਹੌਰ |
| 11. | ਦੁਨੀਚੰਦ ਰਿਸ਼ੀ ਜੀ | ਗੁਜਰਾਂਵਾਲਾ |
| 12. | ਜੌਹਰੀ ਰਿਸ਼ੀ ਜੀ | ਪਟਿਆਲਾ, ਸੁਨਾਮ |
| 13. | ਦੇਵੀਆ ਰਿਸ਼ੀ ਜੀ | ਸਮਾਨਾ |
| 14. | ਤ੍ਰਿਪੁਰ ਰਿਸ਼ੀ ਜੀ | ਰਾਹੋਂ |
| 15. | ਭਵਾਨੀਆਂ ਰਿਸ਼ੀ ਜੀ | ਸਾਢੋਰਾ |
| 16. | ਸਾਧਵੀ ਧਨੋ ਜੀ | ਹੁਸ਼ਿਆਰਪੁਰ |
| 17. | ਸਾਧਵੀ ਲਛਮੀ ਜੀ | ਵੈਰੋਵਾਲਾ |
| 18. | ਸਾਧਵੀ ਸੁੱਖਮਨੀ ਜੀ | ਅੰਬਾਲਾ |

ਅਚਾਰਿਆ ਵਿਮਲਚੰਦ ਜੀ ਦੇ ਚੇਲੇ ਅਚਾਰਿਆ ਸ਼੍ਰੀ ਰਾਮ ਚੰਦ ਜੀ ਹੋਏ। ਆਪ ਸੰ: 1880 ਮਾਘ ਸੁਦੀ 5 ਨੂੰ ਅਚਾਰਿਆ ਬਣੇ। ਆਪਦੇ ਇਸ ਮਹੋਤਸਵ ਉਪਰ ਬਾਹਰਲੇ ਸ਼ਹਿਰਾਂ ਤੋਂ 16 ਸਾਧੂ ਅਤੇ 4 ਸਾਧਵੀਆਂ ਵੀ ਸਾਮਲ ਹੋਈਆਂ। ਬਾਹਰਲੇ ਗੱਛਾਂ ਵਿਚ ਖਰਤਰ ਗੱਛ, ਗੁਜਰਾਤੀ ਲੌਕਾਗੱਛ ਅਤੇ ਨਾਗੋਰੀ ਗੱਛ ਪ੍ਰਸਿਧ ਹਨ।

# ਅਚਾਰਿਆ ਰਾਮ ਚੰਦ ਦੇ ਖੇਤਰ

★

| ਲੜੀ ਨੰ: | ਪੂਜ ਦਾ ਨਾਂ | ਖ਼ੇਤਰਾਂ ਦਾ ਨਾਂ |
|---|---|---|
| 1. | ਅਚਾਰਿਆ ਰਾਮ ਚੰਦ ਜੀ | ਅਮਰਿਤਸਰ, ਪੱਟੀ, ਸਾਢੌਰਾ, ਅੰਬਰਟਾ ਲਾਹੌਰ ਅੰਬਾਲਾ |
| 2. | ਪੂਜ ਰੂਪਾ ਰਿਸ਼ੀ ਜੀ | ਪੱਟੀ, ਖਰੜ, ਨਾਲਾਗੜ |
| 3. | ਪੂਜ ਲਾਲੂ ਰਿਸ਼ੀ ਜੀ | ਜਗਰਾਵਾਂ ਰਾਏਕੋਟ, ਬਲਾਚੌਰ |
| 4. | ਪੂਜ ਦੀਪ ਚੰਦ ਜੀ | ਅਮਰਿਤਸਰ, ਜੰਡਿਆਲਾ ਗੁਰੂ, ਕਸੂਰ |
| 5. | ਪੂਜ ਮਾਣਕ ਰਿਸ਼ੀ ਜੀ | ਫਗਵਾੜਾ, ਟਾਂਡਾ, ਨਕੋਦਰ |
| 6. | ਪੂਜ ਰਾਜਾ ਰਾਮ ਰਿਸੀ ਜੀ | ਰਾਮਪੁਰ (ਪਾਕਿਸਤਾਨ) |
| 7. | ਪੂਜ ਦੂਨੀ ਚੰਦ ਰਿਸ਼ੀ ਜੀ | ਗੁਜਰਾਂਵਾਲਾ |
| 8. | ਪੂਜ ਸਹਿਜ ਰਿਸ਼ੀ ਜੀ | ਅੰਬਾਲਾ, ਮਨਹੂਰਪੁਰ |
| 9. | ਪੂਜ ਪ੍ਰੇਮਾਰਿਸ਼ੀ ਜੀ | ਅੰਬਰਹਥ |
| 10. | ਪੂਜ ਜੀਵਾ ਰਿਸ਼ੀ ਜੀ | ਥਾਨੇਸਰ, ਕਰਨਾਲ |
| 11. | ਪੂਜ ਮਾਹੂਬ ਰਿਸ਼ੀ ਜੀ | ਅਬਦੁਲਾ ਦੀ ਗਡੀ, ਸਹਾਰਨਪੁਰ |
| 12. | ਪੂਜ ਜੀਤਾ ਰਿਸ਼ੀ ਜੀ | ਮਾਲੇਰਕੋਟਲਾ, ਲੁਧਿਆਣਾ |
| 13. | ਪੂਜ ਜੌਹਰੀ ਰਿਸ਼ੀ ਜੀ | ਪਟਿਆਲਾ |
| 14. | ਪੂਜ ਨੌਬਤ ਰਿਸ਼ੀ ਜੀ | ਜੇਜੋਂ |
| 15. | ਪੂਜ ਬਨੂੜ ਰਿਸ਼ੀ ਜੀ | ਬਨੂੜ |
| 16. | ਪੂਜ ਦੀਵਾਨ ਰਿਸ਼ੀ ਜੀ | ਸਰਸਾਵਾ, ਸਰਸਾ |
| 17. | ਪੂਜ ਧਰਮਾ ਰਿਸ਼ੀ | ਅਮਰਿਤਸਰ |
| 18. | ਪੂਜ ਨਾਨਕ ਰਿਸ਼ੀ ਜੀ | ਸੁਨਾਮ |
| 19. | ਪੂਜ ਬਖਤਾ ਰਿਸ਼ੀ ਜੀ | ਰਾਹੋਂ |
| 20. | ਸਾਧਵੀ ਲਖਮੀ ਜੀ | ਹੋਸ਼ਿਆਰਪੁਰ |
| 21. | ਸਾਧਵੀ ਸੁਖਮਨੀ ਜੀ | ਥਾਨੇਸਰ, ਸਮਾਨਾ |

ਪੂਜ ਸ੍ਰੀ ਰਾਮ ਚੰਦ ਦੇ ਨਾਲ ਸ੍ਰੀ ਸੋਹਨ ਰਿਸ਼ੀ ਅਤੇ ਬਿਹਾਰੀ ਰਿਸ਼ੀ ਸ਼ਾਮਿਲ ਸਨ. ਇਨ੍ਹਾਂ ਪੂਜਾਂ ਸਮੇਂ ਪੰਜਾਬ ਦਿਲੀ ਅਤੇ ਸਿੰਧ ਵਿਚ 26 ਦੇ ਕਰੀਬ ਨਵੇਂ ਜੈਨ ਮੰਦਿਰ ਬਣੇ।

★

# ਯਤੀ ਵਿਮਲ ਚੰਦ ਅਤੇ ਯਤੀ ਰਾਮ ਚੰਦ ਦੀ ਪਟਾਵਲੀ

(1) ਭੂਨਾ ਰਿਸ਼ੀ (ਸੰ: 1531), (2) ਭੀਦਾ, (3) ਕੂਨਾ, (4) ਭੀਮਾ, (5) ਜਗਮਾਲ, (6) ਸਰਵਰ, (7) ਰਾਏਮਲ, (8) ਸਦਾਰੰਗ, (9) ਸਿੰਘਰਾਜ, (10) ਜੇਠਮਲ, (11) ਮਨੋਹਰ ਰਿਸ਼ੀ, (12) ਸੁੰਦਰਦਾਸ ਰਿਸ਼ੀ, (13) ਸਦਾਨੰਦ ਰਿਸ਼ੀ, (14) ਜਸਵੰਤ ਰਿਸ਼ੀ, 15) ਵਰਧਮਾਨ ਰਿਸ਼ੀ, (16) ਮਹਾਸਿੰਘ, (17) ਸ੍ਰੀ ਜੈ ਗੋਪਾਲ. (18) ਵਿਮਲ ਚੰਦ ਰਿਸ਼ੀ, (19) ਰਾਮਚੰਦ ਰਿਸ਼ੀ।

## ਸਮਾਨਾ

ਬ੍ਰਹਦ ਤਪਾਗੱਛੀ ਸ੍ਰੀ ਰੂਪਦੇਵ 19ਵੀਂ ਸਦੀ ਤਕ ਸਮਾਨੇ ਦੀ ਗੱਦੀ ਉਪਰ ਵਿਰਾਜਮਾਨ ਸਨ ਇਹ ਸਮਾਂ ਮਹਾਰਾਜਾ ਕਰਮ ਸਿੰਘ ਪਟਿਆਲੇ ਦਾ ਹੈ। ਇਨਾਂ ਯਤੀਆਂ ਨੇ ਪੁਰਾਤਨ ਹਥ ਲਿਖਤਾਂ ਦੀਆਂ ਨਕਲਾਂ ਨਾਲ ਭੰਡਾਰ ਭਰ ਦਿਤੇ।

ਤੱਪਾਗੱਛ ਦੇ ਸ੍ਰੀ ਵਿਜੈ ਪ੍ਰਭਵ ਸੂਰੀ ਨੇ ਸੰ: 1723 ਨੂੰ ਦੇਸ਼ ਪਟਕ ਤੋਂ ਯਤੀ ਤੇਜ ਸਾਗਰ ਨੂੰ ਸਮਾਨਾ ਅਤੇ ਲਾਹੌਰ ਦੀਆਂ ਗਦੀਆਂ ਏ ਭੇਜਿਆ ਸੀ।

ਇਥੇ ਬੜਗੱਛ ਦੇ ਅਚਾਰਿਆ ਭਾਵਦੇਵ ਸੂਰੀ ਨੇ ਵਿਕਰਮੀ ਦੇ 16-17 ਸ਼ਤਾਵਦੀ ਵਿਚ 14ਵੇਂ ਤੀਰਥੰਕਰ ਭਗਵਾਨ ਅਨੰਤ ਨਾਥ ਦਾ ਮੰਦਰ ਬਨਾਇਆ ਪ੍ਰਸਿਧ ਅਚਾਰਿਆ ਸ਼ੀਲਦੇਵ ਸੂਰੀ (ਅਕਬਰ ਪ੍ਰਤਿ ਬੋਧਕ) ਨੇ ਇਥੇ ਕਈ ਧਰਮ ਪ੍ਰਚਾਰ ਦੇ ਕੰਮ ਕੀਤੇ। ਇਥੇ ਹੀ ਹਿੰਦੀ, ਪੰਜਾਬੀ, ਅਤੇ ਰਾਜਸਥਾਨੀ ਦੇ ਕਵਿ ਮਾਲਦੇਵ ਨੇ ਅਨੇਕਾਂ ਭਗਤੀ ਪੱਦ ਰਚੇ।

## ਫਰੀਦਕੋਟ

ਇਹ ਖਰਤਰ ਗੱਛ ਦੀ ਗੱਦੀ ਸੀ। ਵਿਕਰਮ ਦੀ 19ਵੀਂ ਸਦੀ ਤਕ ਇਥੇ ਦੇਵਚੰਦ ਗੁਲਾਬ ਚੰਦ, ਖੁਸ਼ਾਲਚੰਦ ਯਤੀ ਵਿਰਾਜਮਾਨ ਸਨ। ਉਨ੍ਹਾਂ ਇਥੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਅਤੇ ਨਕਲਾਂ ਕੀਤੀਆਂ। ਇਸ ਗੱਦੀ ਦਾ ਸੰਬਧ ਭਟਨੇਰ (ਹਨੂਮਾਨ ਗੜ੍ਹ) ਦੀ ਗੱਦੀ ਨਾਲ ਹੈ।

## ਰੋਪੜ

ਇਹ ਗੱਦੀ ਬ੍ਰਹਦ ਤੱਪਾ ਗੱਛ ਨਾਲ ਕਾਫੀ ਸੰਬੰਧਿਤ ਰਹੀ ਹੈ । ਸੰ: 1743 ਤੱਕ ਇਥੇ ਯਤੀ ਪ੍ਰੇਮ ਵਿਜੈ ਵਿਰਾਜਮਾਨ ਸਨ ।

## ਮੁਲਤਾਨ

ਮੁਲਤਾਨ ਦੀ ਗੱਦੀ ਵੀ ਖਰਤੱਰ ਗੱਛ ਦੇ ਯਤੀਆਂ ਨਾਲ ਕਾਫੀ ਸੰਬੰਧਿਤ ਰਹੀ ਹੈ । ਅਤੇ ਸੰ: 2000 ਤੱਕ ਇਹ ਕਾਇਮ ਰਹੀ । ਇਸਦੇ ਅੰਤਮ ਯਤੀ ਰਾਏ ਮਲ ਜੀ ਸਨ । ਇਥੇ ਬ੍ਰਹਦ ਤਪਾਗੱਛ ਦੇ ਯਤੀ ਸ੍ਰੀ ਮੁਕਤ ਸੁੰਦਰ ਸੰ: 1743 ਦੇ ਕਰੀਵ ਵਿਰਾਜਮਾਨ ਰਹੇ ਹਨ ।

## ਹਨੁਮਾਨਗੜ

ਭਾਵੇਂ ਇਹ ਸ਼ਹਿਰ ਰਾਜਸਥਾਨ ਨਾਲ ਸੰਬੰਧਿਤ ਹੈ ਪਰ ਇਸ ਗੱਦੀ ਦੇ ਯਤੀਆਂ ਦਾ ਘੇਰਾ ਪੰਜਾਬ ਦੇ ਕਈ ਸ਼ਹਿਰ ਸਨ ਇਥੇ ਇਨ੍ਹਾਂ ਗੱਛਾਂ ਵਾਰੇ ਪਤਾ ਚਲਦਾ ਹੈ ।

1. ਬ੍ਰਹਦ ਤਪਾਗੱਛ ਦੇ ਅਚਾਰਿਆ ਸ੍ਰੀ ਵਿਜੇ ਪ੍ਰਭਵ ਸੂਰੀ ਨੇ ਯਤੀ ਮੁਕਤਸੁੰਦਰ ਨੂੰ ਮੁਲਤਾਨ, ਸਰਸਾ, ਭਟਨੇਰ ਦੀ ਗੱਦੀ ਦਿੱਤੀ ।

2. ਬੜਗੱਛ ਦੀ ਗੱਦੀ ਵੀ ਇਥੇ ਸੀ ਜੋ ਕਿ ਸਮਾਨਾ ਅਤੇ ਸਰਸੇ ਨਾਲ ਵੀ ਸੰਬੰਧਿਤ ਸੀ । ਇਸ ਵਾਰੇ ਪਹਿਲਾਂ ਜਿਕਰ ਆ ਚੁਕਾ ਹੈ । ਸ੍ਰੀ ਭਾਵ ਦੇਵ ਦੇ 28 ਚੇਲੇ ਸਨ । ਉਨ੍ਹਾਂ ਹੋਰ ਗੱਦੀਆਂ ਸਥਾਪਿਤ ਕੀਤੀਆਂ, ਪਰ ਕਿਸੇ ਦਾ ਜਿਕਰ ਨਹੀਂ ਮਿਲਦਾ ।

3. ਖਰਤਰ ਗੱਛ ਦੇ ਯਤੀਆਂ ਦਾ ਸ਼ੰਬੰਧ ਇਥੇ ਵੀ ਰਿਹਾ ਹੈ ਇਹ ਗੱਛ ਦੇ ਅਧੀਨ ਫਰੀਦਕੋਟ, ਮੁਲਤਾਨ, ਸਿਰਸਾ, ਹਿਸਾਰ ਅਤੇ ਹਾਸੀ ਦੀਆਂ ਗੱਦੀਆਂ ਸਨ । ਮੁਲਤਾਨ ਵਿਖੇ ਯਤੀ ਧਰਮ ਸੁੰਦਰ ਗਣੀ ਨੇ ਇਕ ਗ੍ਰੰਥ ਦੀ ਰਚਨਾ ਕੀਤੀ ਸੀ ।

ਉਪਰੋਕਤ ਗੱਲਾਂ ਤੋਂ ਪਤਾ ਚਲਦਾ ਹੈ ਕਿ ਜਦੋਂ ਭਾਰਤ ਉਪਰ ਮੁਗਲਾਂ ਦੇ ਹਮਲੇ ਹੋ ਰਹੇ ਸਨ । ਜੈਨ ਉਪਾਸਕਾਂ ਨੇ ਕਿਸ ਤਰਾਂ ਅਪਣਾ ਧਰਮ ਸੁੱਰਖਿਤ ਰਖਿਆ । ਇਨ੍ਹਾਂ ਯਤੀਆਂ ਦੇ ਰਾਜ ਦਰਵਾਰ ਨਾਲ ਡੂੰਘੇ ਸੰਬੰਧ ਸਨ । ਆਮ ਝੋਪੜੀ ਤੋਂ ਲੈ ਕੇ ਮਹਿਲਾਂ ਦੇ ਰਾਜੇ ਇਨ੍ਹਾਂ ਲਈ ਇਕ ਬਰਾਬਰ ਸਨ । ਭਾਵੇਂ ਯਤੀਆਂ ਕਾਰਣ ਜੈਨ ਧਰਮ ਦਾ ਤਿਆਗ ਸਵਰੂਪ ਕਾਫੀ ਧੁੰਧਲਾ ਪੈ ਗਿਆ, ਜਿਸਨੂੰ ਵਾਦ ਵਿਚ ਕਈ ਸਾਧੂਆਂ ਨੇ ਅਪਣੇ ਆਚਰਣ ਰਾਹੀਂ ਠੀਕ ਕੀਤਾ । ਜਿਨ੍ਹਾਂ ਦਾ ਪਿਛੋਂ ਵਰਨਣ ਕਰ ਦਿਤਾ ਗਿਆ ਹੈ ।

★

# ਮਨੋਹਰ ਗੱਛ (ਸਥਾਨਕ ਵਾਸੀ ਦੀ ਪਟਾਵਲੀ)

1. ਸ਼੍ਰੀ ਸੁਧਰਮਾ ਸਵਾਮੀ
2. ਸ਼੍ਰੀ ਜੰਬੂ ਸਵਾਮੀ
3. ਸ਼੍ਰੀ ਪ੍ਰਭਬ ਸਵਾਮੀ
4. ਸ਼੍ਰੀ ਸਯੰਭਵ ਸਵਾਮੀ
5. ਸ਼੍ਰੀ ਯਸ਼ੋਭਦਰ ਜੀ
6. ਸ਼੍ਰੀ ਸਭੂਤੀ ਵਿਜੇ
7. ਸ਼੍ਰੀ ਭੱਦਰ ਵਾਹੂ ਜੀ
8. ਸ਼੍ਰੀ ਸਥੂਲੀ ਭੱਦਰ
9. ਸ਼੍ਰੀ ਮਹਾਗਿਰੀ ਜੀ
10. ਸ਼੍ਰੀ ਸੁਹਸਤੀ ਜੀ
11. ਸ਼੍ਰੀ ਸੁਸਿਥਤ ਸੁਪ੍ਰਤਿ ਬੁੱਧ ਜੀ
12. ਸ਼੍ਰੀ ਇੰਦਰ ਦਿਨ ਜੀ
13. ਸ਼੍ਰੀ ਦਿੱਨ ਜੀ
14. ਸ਼੍ਰੀ ਸਿਹ ਗਿਰੀ ਜੀ
15. ਸ਼੍ਰੀ ਬਜਰ ਸਵਾਮੀ ਜੀ
16. ਸ਼੍ਰੀ ਬਜਰ ਸੇਣ ਜੀ
17. ਸ਼੍ਰੀ ਰੱਥ ਸਵਾਮੀ ਜੀ
18. ਸ਼੍ਰੀ ਪੁਸ਼ਪ ਗਿਰੀ ਜੀ
19. ਸ਼੍ਰੀ ਫਲਗੂ ਮਿਤਰ ਜੀ
20. ਸ਼੍ਰੀ ਧਨ ਰਿਸ਼ੀ ਜੀ
21. ਸ਼੍ਰੀ ਸ਼ਿਵ ਭੂਤੀ ਜੀ
22. ਸ਼੍ਰੀ ਭੱਦਰ ਸਵਾਮੀ ਜੀ
23. ਸ਼੍ਰੀ ਨੱਕਸ਼ਤਰ ਸਵਾਮੀ
24. ਸ਼੍ਰੀ ਰਕਸ਼ ਸਵਾਮੀ
25. ਸ਼੍ਰੀ ਨਾਗੇਂਦਰ ਜੀ
26. ਸ਼੍ਰੀ ਦੁਸ਼ਯ ਗਣੀ ਜੀ
27. ਸ਼੍ਰੀ ਦੇਵਰਧੀ ਗਣੀ ਜੀ
28. ਸ਼੍ਰੀ ਚੰਦਰ ਸਵਾਮੀ
29. ਸ਼੍ਰੀ ਸੱਮਤ ਭੱਦਰ ਜੀ (ਵਿਦਿਆਧਰ)
30. ਸ਼੍ਰੀ ਧਰਮਘੋਸ਼ ਸੂਰੀ ਜੀ
31. ਸ਼੍ਰੀ ਜੈ ਦੇਵ ਜੀ
32. ਸ਼੍ਰੀ ਵਿਕਰਮ ਸੂਰੀ ਜੀ (ਤੱਪਸਵੀ)
33. ਸ਼੍ਰੀ ਦੇਵਾਨੰਦ ਸੂਰੀ ਜੀ (ਧਾਰਾ ਨਗਰੀ ਦੇ ਰਾਜੇ ਦੇ ਗੁਰੂ)
34. ਸ਼੍ਰੀ ਵਿਦਿਆਪ੍ਰਭੂ ਜੀ
35. ਸ਼੍ਰੀ ਨਰਸਿੰਘ ਸੂਰੀ ਜੀ
36. ਸ਼੍ਰੀ ਸਮੁਦਰ ਸੂਰੀ ਜੀ
37. ਸ਼੍ਰੀ ਵਿਵਧ ਪ੍ਰਭੂ ਸੂਰੀ
38. ਸ਼੍ਰੀ ਪਰਮਾਨੰਦ ਜੀ ਸੂਰੀ
39. ਸ਼੍ਰੀ ਜੈ ਨੰਦ ਸੂਰੀ ਜੀ
40. ਸ਼੍ਰੀ ਰਵਿ ਪ੍ਰਭੂ ਸੂਰੀ
41. ਸ਼੍ਰੀ ਉਦਿਤ ਸੂਰੀ (ਸੰ: 1181 ਔਸਵਾਲ ਗੋਤ ਦੇ ਜਨਮ ਦਾਤਾ)
42. ਸ਼੍ਰੀ ਪ੍ਰਭਸੂਰੀ ਜੀ
43. ਸ਼੍ਰੀ ਵਿਮਲ ਚੰਦ ਜੀ
44. ਸ਼੍ਰੀ ਨਾਗਦਤ ਸੂਰੀ (ਸੁਰਾਣਾ ਗੋਤ ਦੇ ਪ੍ਰੇਰਕ ਸਨ) ਆਪਦਾ ਜਨਮ ਸਥਾਨ ਪਾਟਨ ਸੀ ਸੰ: 1278 ਨੂੰ ਆਪ ਵਿਉਪਾਰ ਲਈ ਲਾਹੌਰ ਆਏ। ਵਾਪਸੀ ਤੇ ਨਾਗੌਰ ਵਿਮਲਚੰਦ ਜੀ ਸੂਰੀ ਦੀ ਪ੍ਰੇਰਣਾ ਨਾਲ ਸਾਧੂ ਬਣ ਗਏ (ਸੰ: 1285 ਨੂੰ ਆਪਨੂੰ ਅਚਾਰਿਆ ਪਦਵੀ ਪ੍ਰਾਪਤ ਹੋਈ। ਮਹਾਨ ਤਪਸਵੀ ਸਨ। ਕੁਝ ਲੋਕ ਨਾਗੌਰੀ ਗੱਛ

ਦੀ ਉੱਤਪਤੀ ਆਪਤੋਂ ਮਨਦੇ ਹਨ ਆਪਦਾ ਧਰਮ ਪ੍ਰਚਾਰ ਦਾ ਖੇਤਰ ਸਾਰਾ ਪੰਜਾਬ ਅਤੇ ਉਤਰੀ ਭਾਰਤ ਸੀ।[1]

45. ਅਚਾਰਿਆ ਧਰਮ ਸੂਰੀ ਜੀ

46. ਅਚਾਰਿਆ ਰਤਨ ਸੂਰੀ ਜੀ

47. ਅਚਾਰਿਆ ਦੇਵੇਂਦਰ ਸੂਰੀ ਜੀ

48. ਅਚਾਰਿਆ ਰਤਨ ਪ੍ਰਭ ਸੂਰੀ

49. ਅਚਾਰਿਆ ਅਮਰ ਪ੍ਰਭੂ ਸੂਰੀ ਜੀ

50. ਅਚਾਰਿਆ ਗਿਆਨ ਚੰਦਰ ਜੀ

51. ਅਚਾਰਿਆ ਮੁਨੀ ਸ਼ੇਖਰ ਸੂਰੀ ਜੀ

52. ਅਚਾਰਿਆ ਸਾਗਰਚੰਦ ਸੂਰੀ ਜੀ

53. ਅਚਾਰਿਆ ਮਲੈ ਚੰਦਰ ਸੂਰੀ

54. ਅਚਾਰਿਆ ਵਿਜੈ ਚੰਦਰ ਸੂਰੀ

55. ਅਚਾਰਿਆ ਯਸ਼ਵੰਤ ਸੂਰੀ ਜੀ

56. ਸ੍ਰੀ ਕਲਿਆਣ ਸੂਰੀ ਜੀ

57. ਅਚਾਰਿਆ ਸ਼ਿਵ ਚੰਦਰ ਸੂਰੀ ਜੀ

58. ਅਚਾਰਿਆ ਹੀਰਾਗਰ ਜੀ ਆਪ ਦੀ ਭੇਂਟ ਲੋਂਕਾ ਸਾਹ ਨਾਲ ਹੋਈ ਸੀ। ਆਪਨੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਅਪਣੇ ਗੱਛ ਦਾ ਨਾਗੌਰੀ ਗੱਛ ਰਖਿਆ। ਆਪਦਾ ਜਨਮ ਰਾਜਸਥਾਨ ਦੇ ਨਾਲੋਈ ਪਿੰਡ ਪਿਤਾ ਮਾਲੋ ਅਤੇ ਮਾਤਾ ਸ੍ਰੀ ਮਾਣਕ ਦੇਵੀ ਦੇ ਘਰ ਹੋਈਆ। ਆਪਨੇ ਅਪਣੇ ਮਿਤਰ ਰੂਪ ਚੰਦ ਨਾਲ ਸਾਧੂ ਜੀਵਨ ਗਹਿਣ ਕੀਤਾ। ਆਪਦੇ ਤਿੰਨ ਚੇਲੇ ਹੋਏ। ਯਤੀ ਪ੍ਰੰਪਰਾ ਵੱਲ ਆਪਦਾ ਕਾਫੀ ਵਿਰੋਧ ਹੋਇਆ। ਆਪਦੇ ਕੁੱਝ ਚੇਲੇ ਧਰਮ ਪ੍ਰਚਾਰ ਕਰਦੇ ਸਿਆਲਕੋਟ ਤੱਕ ਪੁੱਜ ਗਏ। ਆਪਦੇ ਕੁੱਝ ਚੇਲੇ ਪੰਜਾਬ ਵਿਚ ਯਤੀ ਬਣ ਗਏ। ਜਿਨ੍ਹਾਂ ਵਿਚੋਂ ਪ੍ਰਸਿਧ ਵੈਦਿਕ ਗ੍ਰੰਥ ਰਚਿਤਾ ਗੰਗਾ ਰਾਮ ਜੀ ਵਿਚ ਹਨ, ਜਿਨ੍ਹਾਂ ਗੰਗਾ ਯਤਿ ਨਿਧਾਨ ਗ੍ਰੰਥ ਲਿਖਿਆ।

59. ਸ੍ਰੀ ਰੂਪ ਚੰਦ ਜੀ—ਆਪਦਾ ਜਨਮ ਸੰ: 1568 ਨੂੰ ਨਾਗੌਰ ਰਾਜ ਸਥਾਨ ਵਿਖੇ ਹੋਈਆ। ਪਿਤਾ ਰੇਣੂ ਸਾਹ ਅਤੇ ਮਾਤਾ ਸਿਵਾ ਦੇਵੀ ਜੀ ਸਨ। ਆਪਨੇ ਸ਼ਿਵ ਚੰਦ ਜੀ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਮੁਨੀ ਧਰਮ ਗ੍ਰਹਿਣ ਕੀਤਾ। ਫਿਰ ਸੰਘ ਨੇ ਆਪਨੂੰ ਅਚਾਰਿਆ ਪਦੱਵੀ ਦਿੱਤੀ। ਆਪ ਸ੍ਰੀ ਹੀਰਾ ਗਰ ਦੇ ਸਾਥੀ ਸਨ।

---

1. ਕਲਪ ਸੂਤਰ ਵਿਚ 25ਵੇਂ ਥਾਂ ਤੇ ਇਸ ਪ੍ਰਕਾਰ ਨਾਂ ਆਉਂਦੇ ਹਨ।
(1) ਸ੍ਰੀ ਨਾਗ ਸਵਾਮੀ, (2) ਸ੍ਰੀ ਜੇਹੀਲ ਜੀ, (3) ਸ੍ਰੀ ਵਿਸ਼ਨੂ ਜੀ, (25) ਸ੍ਰੀ ਕਾਲਕ ਸਵਾਮੀ (3) (29) ਸ੍ਰੀ ਸੰਧਾਲਿਤ ਭੱਦਰ (30) ਸ੍ਰੀ ਭੱਦਰ (ਵਰਿਧ) (31) ਸ੍ਰੀ ਸੰਘ ਪਾਲਿਤ (32) ਸ੍ਰੀ ਹਸਤੀ (33) ਸ੍ਰੀ ਧਰਮ ਜੀ (34) ਸ੍ਰੀ ਸਿੰਘ ਜੀ (35) ਸ੍ਰੀ ਧਰਮ ਜੀ (36) ਸ੍ਰੀ ਸਾਂਡੀਲਆ, (37) ਸ੍ਰੀ ਜੰਬੂ ਜੀ, (38) ਸ੍ਰੀ ਨੰਦੀ ਜੀ, (39) ਸ੍ਰੀ ਦੇਸੀ ਗਣੀ ਸ਼ਮਾਸ਼੍ਰਮਣ, (40) ਸ੍ਰੀ ਸਥਿਰ ਗੁਪਤ ਸ਼ਮਾਸ਼੍ਰਮਣ (41) ਕੁਮਾਰ ਧਰਮ ਗਣੀ ਅਤੇ ਸ੍ਰੀ ਦੇਵਰਧੀ ਗਣੀ ਸਮਾਸ਼੍ਰਮਣ (2) ਆਪਦੇ ਤਿਨ ਚੇਲੇ ਸਨ। (1) ਨਾਗਦਤ, (2) ਮਾੜਲਚੰਦ ਅਤੇ ਨੇਮਚੰਦ (3) ਬਾਕੀ ਅਚਾਰਿਆਂ ਦਾ ਸੰਖੇਪ ਵਰਨਣ ਹੀ ਪ੍ਰਾਪਤ ਹੁੰਦਾ ਹੈ।

60. ਸ੍ਰੀ ਦੀਪਾਗਰ ਜੀ—ਆਪਦਾ ਜਨਮ ਕੋਰਡਾ ਨਿਗਮ (ਰਾਜਸਥਾਨ) ਵਿਖੇ ਖੇਤਸ਼ੀ ਅਤੇ ਮਾਤਾ ਧਨਵਤੀ ਦੇ ਘਰ ਹੋਈਆ। ਸ੍ਰੀ ਰੂਘਚੰਦ ਜੀ ਤੋਂ ਦੀਖਿਆ ਲੈ ਕੇ ਆਪਨੇ ਰਾਜਸਥਾਨ ਵਿਚ ਹੀ 3500 ਘਰਾਂ ਨੂੰ ਜੈਨ ਧਰਮ ਵਿਚ ਦੀਖੀਅਤ ਕੀਤਾ, ਧਰਮ ਪ੍ਰਚਾਰ ਕਰਦੇ ਆਪ ਲੁਧਿਆਣਾ ਤੱਕ ਪਹੁੰਚੇ। ਦੇਸ਼ ਭਗਤ ਅਤੇ ਪ੍ਰਸਿਧ ਸੇਠ ਭਾਮਾਸ਼ਾਹ ਅਤੇ ਉਸਦਾ ਭਰਾ ਤਾਰਾ ਚੰਦ ਆਪਦੇ ਪ੍ਰਮੁੱਖ ਭਗਤ ਸਨ, ਧਰਮਵਤੀ ਨਾਂ ਦੀ ਇਕ ਧਾਰਮਿਕ ਔਰਤ ਅਪਣੀਆਂ ਤਿੰਨ ਸਹੇਲਿਆਂ ਨਾਲ ਜੈਨ ਸਾਧਵੀ ਬਣੀ। ਜੋ ਆਪਦੇ ਉਪਦੇਸ਼ ਦਾ ਸਿਟਾ ਸੀ। ਇਸ ਸਾਧਵੀ ਦਾ ਧਰਮ ਪ੍ਰਚਾਰ ਲੁਧਿਆਣੇ ਦੇ ਆਸ ਪਾਸ ਦਾ ਖੇਤਰ ਸੀ।

61. ਅਚਾਰਿਆ ਵੈਯਸਾਗਰ ਜੀ—ਆਪਦਾ ਜਨਮ ਸਥਾਨ ਨਾਗੋਰ ਸੀ ਪਿੱਤਾ ਸ੍ਰੀ ਭੱਲ ਰਾਜ ਅਤੇ ਮਾਤਾ ਸ੍ਰੀ ਰਤਨ ਵਤੀ ਸੀ। ਦੀਪਾ ਸਾਗਰ ਜੀ ਪਾਸੋਂ ਆਪ ਸਾਧੂ ਦੀਖਿਆ ਪ੍ਰਾਪਤ ਕੀਤੀ।

62. ਅਚਾਰਿਆ ਵਸਤੂ ਪਾਲ ਜੀ—ਨਾਗਰ ਨਿਵਾਸੀ ਸੇਠ ਮਹਾਰਨ ਅਤੇ ਮਾਤਾ ਹਰਸ਼ ਦੇਵੀ ਦੇ ਆਪ ਤਿਆਗੀ ਸਪੁਤਰ ਸਨ।

63. ਅਚਾਰਿਆ ਕਲਿਆਨ ਦਾਸ ਜੀ—ਰਾਜਲਦੇਸਰ (ਰਾਜਸਥਾਨ) ਦੇ ਸ੍ਰੀ ਸ਼ਿਵਦਾਸ ਅਤੇ ਮਾਤਾ ਕਮਲਾ ਦੇਵੀ ਦੇ ਲਾਡਲੇ ਸਪੁਤਰ ਸਨ। ਆਪਦਾ ਸਵਰਗਵਾਸ ਲਾਹੌਰ ਵਿਖੇ ਹੋਈਆ। ਆਪਦੇ 100 ਚੇਲੇ ਸਨ।

64. ਅਚਾਰਿਆ ਭੈਰਵਦਾਸ ਜੀ—ਨਾਗੌਰ ਨਿਵਾਸੀ ਸੇਠ ਤੇਜ ਸੀ ਅਤੇ ਲਖਮੀ ਦੇਵੀ ਦੇ ਸਪੁਤਰ ਸਨ। ਆਪਦੇ 100 ਚੇਲੇ ਸਨ।

65. ਅਚਾਰਿਆ ਨੇਮੀ ਚੰਦਰ—ਬੀਕਾਨੇਰ ਨਿਵਾਸੀ ਰਾਏਚੰਦ ਅਤੇ ਸਜਨਾ ਦੇਵੀ ਦੇ ਸਪੁਤਰ ਸਨ। ਆਪਦਾ ਸਵਰਗਵਾਸ ਉਦੇਪੁਰ ਵਿਖੇ ਹੋਈਆ।

66. ਆਚਾਰਿਆ ਆਸਕਰਣੀ:—ਸ਼ੇਡਤਾ (ਰਾਜ) ਨਿਵਾਸੀ ਲੱਬਧਾਮਲ ਅਤੇ ਮਾਤਾ ਤਾਰਾਬਾਈ ਦੇ ਸਪੁਤਰ ਸਨ। ਸੰ: 1724 ਦੇ ਫਲਗੁਣ ਵਿਚ ਆਪਦਾ ਸਵਰਗ-ਵਾਸ ਹੋਈਆ।

67. ਅਚਾਰਿਆ ਵਰਧਮਾਨ ਜੀ—ਜਾਖਸਰ (ਰਾਜਸਥਾਨ) ਨਿਵਾਸੀ ਸੂਰਮਲ ਅਤੇ ਮਾਤਾ ਨਾਰਮਦੇਵੀ ਦੇ ਸਪੁਤਰ ਸਨ।

68. ਅਚਾਰਿਆ ਸਦਾਰੰਗ ਜੀ—ਨਾਗੌਰ ਨਿਵਾਸੀ ਸੇਠ ਭਾਗ ਚੰਦ ਅਤੇ ਮਾਤਾ ਯਸ਼ੋਦਾ ਦੇਵੀ ਦੇ ਘਰ ਅਪਣਾ ਜਨਮ ਸੰ. 1705 ਨੂੰ ਹੋਈਆ। 9 ਸਾਲ ਦੀ ਉਮਰ ਵਿਚ ਜੈਨ ਸਾਧੂ ਬਣੇ। 29 ਸਾਲ ਦੀ ਉਮਰ ਦੇ ਵਿਚ ਅਚਾਰਿਆ ਬਣੇ। ਇਸ ਸਮੇਂ

ਹਿਸਾਰ ਨਿਵਾਸੀ ਨੇ 4000 ਚਾਂਦੀ ਦੇ ਸਿੱਕੇ ਦਾਨ ਕੀਤੇ। ਮੁਗਲ ਬਾਦਸ਼ਾਹ ਆਲਮਗੀਰ ਅਤੇ ਬੀਕਾਨੇਰ ਦੇ ਰਾਜੇ ਅਨੂਪ ਸਿੰਘ ਆਪਦੇ ਧਰਮ ਉਪਦੇਸ਼ ਤੋਂ ਪ੍ਰਭਾਵਿਤ ਸਨ। ਆਪਦੇ 24 ਚੇਲੇ ਸਨ। ਸਭ ਸਾਧੂਆਂ ਦਾ ਪ੍ਰਚਾਰ ਖੇਤਰ ਪੰਜਾਬ ਅਤੇ ਜੰਮੂ ਕਸ਼ਮੀਰ ਸੀ।

69. ਅਚਾਰਿਆ ਮਨੋਹਰ ਦਾਸ ਜੀ—ਆਪ ਨਾਗੋਰ ਨਿਵਾਸੀ ਸਨ। ਆਪਦਾ ਜਨਮ ਸੰ, 1680 ਦੀ ਕਰੀਵ ਹੋਈਆ। ਸੰਸਾਰਿਕ ਸੁਖਾਂ ਨੂੰ ਛੱਡ ਕੇ 1699 ਵਿੱਚ ਆਪ ਸਾਧੂ ਬਣੇ। ਆਪ ਮਹਾਨ ਤੱਪਸਵੀ ਸਨ। ਆਪ ਲਵਜੀ ਰਿਸ਼ੀ ਦੇ ਸਮੇਂ ਹੋਏ ਸਨ। ਆਪਨੇ ਅਪਣਾ ਧਰਮ ਪ੍ਰਚਾਰ ਖੇਤਰ ਸਾਰਾ ਭਾਰਤ ਵਰਸ਼ ਰਖਿਆ। ਪੰਜਾਬ ਨਾਲ ਆਪਦਾ ਵਿਸ਼ੇਸ ਸੰਬੰਧ ਸੀ। ਆਪਦੇ ਨਾਂ ਤੇ ਹੀ ਮਨੋਹਰ ਗੱਛ ਦੀ ਉਤਪਤੀ ਹੋਈ। ਆਪ ਮਹਾਂਨ ਲੇਖਕ ਸਨ, ਆਪ ਕਈ ਭਾਸ਼ਾਵਾਂ ਦੇ ਵਿਦਵਾਨ ਸਨ। ਸੰ: 1774 ਵਿਚ ਆਪਦਾ ਸਵਰਗਵਾਸ ਹੋ ਗਿਆ। ਆਪਦੇ 45 ਚੇਲੇ ਸਨ।

70. ਅਚਾਰਿਆ ਸ੍ਰੀ ਭਾਗਚੰਦ ਜੀ—ਆਪ ਬੀਕਾਨੇਰ ਨਿਵਾਸੀ ਸਨ। ਆਪਦੀ ਸ਼ਿਸ਼ ਪ੍ਰੰਪਰਾ ਬਹੁਤ ਲੰਬੀ ਹੈ। ਆਪ ਯਮੁਨਾ ਪਾਰ ਪੰਜਾਬ ਦੇ ਖੇਤਰਾਂ ਵਿਚ ਅਪਣੇ ਕਈ ਸਾਧੂ ਧਰਮ ਪ੍ਰਚਾਰਹਿਤ ਭੇਜੇ।

71. ਅਚਾਰਿਆ ਸੀਤਾ ਰਾਮ ਜੀ—ਆਪਦਾ ਜਨਮ ਨਾਰਨੌਲ ਵਿਖੇ ਹੋਈਆ। ਆਪ ਵਾਰੇ ਖਾਸ ਜਾਣਕਾਰੀ ਨਹੀਂ ਮਿਲਦੀ। ਪਰ ਆਪ ਭਾਗਚੰਦ ਜੀ ਦੇ ਵਿਦਵਾਨ ਚੇਲੇ ਸਨ।

72. ਅਚਾਰਿਆ ਸ੍ਰੀ ਸ਼ਿਵਰਾਮ ਦਾਸ—ਦਿੱਲੀ ਵਿਖੇ ਸੰ: 1763 ਨੂੰ ਆਪਦਾ ਜਨਮ ਹੋਈਆ। ਇਹ ਜਮਾਨਾ ਨਾਦਰ ਸਾਹ ਦਾ ਸੀ। ਆਪਦੀ ਦੀਖਿਆ ਲੜਾਈ ਦੇ ਸਮੇਂ ਹੋਈ। ਆਪਦੀ ਸ਼ਿਸ ਪ੍ਰੰਪਰਾ ਵੀ ਵਿਸਾਲ ਹੈ।

73. ਅਚਾਰਿਆ ਸ੍ਰੀ ਹਰਜੀਮੱਲ ਜੀ—ਆਪ ਮਲਕਪੁਰ (U.P.) ਦੇ ਚੌਧਰੀ ਸਹਿਜਰਾਮ ਅਤੇ ਭਾਗਵਤੀ ਦੇ ਸਪੁਤਰ ਸਨ। ਆਪਦੇ ਪਰਿਵਾਰ ਦੇ ਕਈ ਲੋਕਾਂ ਨੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪਨੇ ਪੰਜਾਬ ਦੇ ਅਨੇਕਾਂ ਹਿਸੇਆਂ ਵਿਚ ਖੁਦ ਧਰਮ ਪ੍ਰਚਾਰ ਕਰਕੇ ਨਵੇਂ ਧਰਮ ਕੇਂਦਰ ਸਥਾਪਿਤ ਕੀਤੇ। ਆਪਨੇ ਪੰਜਾਬ ਦੇ ਪ੍ਰਮੁੱਖ ਸ਼ਹਿਰ ਵਿਚ ਕਾਫੀ ਸਮਾਂ ਗੁਜਾਰਿਆ।

74. ਸ੍ਰੀ ਰਤਨ ਚੰਦ ਜੀ—ਆਪਦਾ ਜਨਮ 1850 ਭਾਦੋਂ 14 ਨੂੰ ਸੇਖਵਾਟੀ (ਰਾਜਸਥਾਨ) ਦੇ ਤਾਤੀਜਾ ਪਿੰਡ ਵਿੱਚ ਹੋਈਆ। ਪਿਤਾ ਗੰਗਾਰਾਮ ਅਤੇ ਮਾਤਾ ਸਰੂਪਾ ਦੇਵੀ ਜੀ ਸਨ 9 ਸਾਲ ਦੀ ਉਮਰ ਵਿਚ ਆਪ ਸਾਧੂ ਬਣੇ। ਆਪਨੇ ਅਮਿਰਤਸਰ

ਤੋਂ ਲੈਕੇ ਉਤਰਪ੍ਰਦੇਸ਼ ਦੇ ਲਖਨਊ ਉਜੈਨ (M. P.) ਤੋਂ ਰਾਜਸਥਾਨ ਦੇ ਜੈਸਲਮੇਰ ਤਕ ਘੁਮਕੇ ਧਰਮ ਪ੍ਰਚਾਰ ਕੀਤਾ। ਆਪਦਾ ਸਵਰਗਵਾਸ ਸੰ: 1920 ਨੂੰ ਲੋਹਾ ਮੰਡੀ ਆਗਰੇ ਵਿਖੇ ਹੋਈਆ। ਆਪਨੇ 45 ਦੇ ਕਰੀਬ ਗ੍ਰੰਥ ਲਿਖੇ। ਆਗਰੇ ਵਿਖੇ ਆਪਦੀ ਯਾਦਗਾਰ ਵਿਚ ਇਕ ਕਾਲੇਜ, ਹਸਪਤਾਲ ਅਤੇ ਸੜਕ ਦਾ ਨਾਂ ਵੀ ਚਲ ਰਿਹਾ ਹੈ।

75. ਪੂਜ ਕੰਵਰ ਸੇਨ ਜੀ —ਆਪ ਵਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੈ। ਸੰ: 1872 ਨੂੰ ਆਪ ਪਿੰਡ ਲੁਹਾਰੂ ਸਰਾਏ (ਉੱਤਰਪ੍ਰਦੇਸ਼ ਵਿਚ ਆਪ ਸ੍ਰੀ ਰਤਨ ਮੁਨੀ ਨੂੰ ਮਿਲੇ ਸੰ:1875 ਵਿਚ ਮਾਲੇਰ ਕੋਟਲਾ ਵਿਖੇ ਵੀ ਆਪ ਵੈਰਾਗੀ ਸਨ ਆਪਨੇ ਕਈ ਗ੍ਰੰਥ ਲਿਖੇ। ਸੰ: 1938 ਵਿਚ ਆਪਦਾ ਸਵਰਗਵਾਸ ਹੋ ਗਿਆ। ਆਪਦੇ ਅਨੇਕਾਂ ਚੇਲੇ ਸਨ।

76. ਸ੍ਰੀ ਰਿਸ਼ੀ ਰਾਜ ਜੀ —ਉੱਤਰ ਪ੍ਰਦੇਸ਼ ਦੇ ਸੋਰਾਈ ਨਿਵਾਸੀ ਧਨਪਤ ਸਿੰਘ ਅਤੇ ਅਯੋਧਿਆ ਦੇਵੀ ਦੇ ਆਪ ਸਪੁਤਰ ਸਨ। ਬਚਪਨ ਵਿਚ ਆਪਦਾ ਨਾਂ ਲੇਖਰਾਜ ਸੀ। 15-16 ਸਾਲ ਦੀ ਉਮਰ ਵਿਚ ਆਪ ਪੂਜ ਕੰਵਰ ਸੈਨ ਦੇ ਪਾਸ ਸਾਧੂ ਬਣੇ। ਆਪਨੇ ਭਾਰਤੀ ਦਰਸ਼ਨਾਂ ਅਤੇ ਅਨੇਕਾਂ ਭਾਸ਼ਾਵਾਂ ਦੇ ਸ਼ਾਸਤਰਾਂ ਦਾ ਡੂੰਗਾ ਅਧਿਐਨ ਕੀਤਾ। ਅਨੇਕਾਂ ਮੁਨੀਰਾਜਾਂ ਨੂ ਸ਼ਾਸਤਰ ਲਿਖ ਕੇ ਭੇਂਟ ਕੀਤੇ। ਕਈ ਨਵੇਂ ਗ੍ਰੰਥ ਵੀ ਲਿਖੇ। ਆਪਦਾ ਪ੍ਰਚਾਰ ਖੇਤਰ ਦਿਲੀ, ਜਮੁਨਾਨਗਰ, ਹਰਿਆਣਾ ਤੇ ਪੰਜਾਬ ਸੀ। ਸੰ: 1968 ਵਿਚ ਆਪਦਾ ਸਵਰਗਵਾਸ ਹੋ ਗਿਆ।

77. ਗਣੀ ਸਿਆਮ ਲਾਲ ਜੀ—ਆਪਦਾ ਜਨਮ ਸੰ: 1947 ਨੂੰ ਜੇਠ 11 ਨੂੰ ਸੋਹਵੀ ਦੇ ਚੌਧਰੀ ਟੋਡਰਮਲ ਅਤੇ ਰਾਮਪਿਆਰੀ ਮਾਤਾ ਦੇ ਘਰ ਹੋਈਆ। ਆਪਨੇ ਜੈਨ ਸ਼ਾਸਤਰਾਂ ਤੋਂ ਛੁੱਟ ਭਾਰਤੀ ਦਰਸ਼ਨਾਂ ਅਤੇ ਕਈ ਭਾਸ਼ਾਵਾ ਦਾ ਅਧਿਐਨ ਕੀਤਾ। ਅਨੇਕਾਂ ਗ੍ਰੰਥਾਂ ਲਿਖਕੇ ਧਰਮ ਪ੍ਰਚਾਰ ਕੀਤਾ। ਆਪਨੇ ਸਮਾਜਿਕਾਂ ਬੁਰਾਇਆ ਵਿਚ ਸਮਾਜ ਨੂੰ ਤਿਆਰ ਕੀਤਾ। ਆਪਦਾ ਵਿਸ਼ਾਲ ਪਰਿਵਾਰ ਹੈ। ਜਿਨ੍ਹਾਂ ਵਿਚੋਂ ਕੁਝ ਦਾ ਵਰਨਣ ਆਧੁਨਿਕ ਕਾਲ ਵਿਚ ਆਵੇਗਾ। ਆਪਦਾ ਪ੍ਰਚਾਰ ਖੇਤਰ ਸਮੁੱਚਾ ਉਤਰਭਾਰਤ ਹੈ।

★

# ਪੰਜਾਬ ਵਿਚ ਸ਼ਵੇਤਾਂਬਰ ਜੈਨ ਤੇਰਾਪੰਥ

★

ਜੈਨ ਧਰਮ ਦੇ ਚਾਰ ਪ੍ਰਮੁਖ ਫਿਰਕਿਆਂ ਵਿਚੋਂ ਤੇਰਾਪੰਥ ਫ਼ਿਰਕਾ ਸਭ ਤੋਂ ਨਵਾਂ ਹੈ। ਇਸ ਫ਼ਿਰਕੇ ਦੇ ਸੰਸਥਾਪਕ ਅਚਾਰੀਆ ਭੀਸ਼ਨ ਜੀ ਸਨ ਜੋ ਅਚਾਰੀਆ ਰਘੂਨਾਥ ਦੇ ਪ੍ਰਮੁਖ ਚੇਲੇ ਸਨ।

ਅਚਾਰੀਆ ਭੀਖਣ ਦਾ ਜਨਮ ਸੰ: 1783 ਨੂੰ ਹੋਇਆ। 1808-1815 ਤਕ ਆਪ ਸਥਾਨਕਵਾਸੀ ਅਚਾਰੀਆ ਸ੍ਰੀ ਰਘੂਨਾਥ ਪਾਸੋਂ ਜੈਨ ਧਰਮ ਦੀ ਸਿਖਿਆ ਗ੍ਰਹਿਣ ਕਰਦੇ ਰਹੇ। ਆਪ ਦਾ ਜਨਮ ਸਥਾਨ ਰਾਜਸਥਾਨ ਦਾ ਕਟਾਂਲੀਆ ਪਿੰਡ ਹੈ। ਸੰਮਤ 1815 ਨੂੰ ਆਪ ਨੇ ਤੇਰਾਪੰਥ ਫ਼ਿਰਕੇ ਦੀ ਸਥਾਪਨਾ ਕੀਤੀ। ਉਸ ਸਮੇਂ ਆਪ ਦੀ ਵਿਚਾਰਧਾਰਾ ਤੋਂ 13 ਸਾਧੂ ਅਤੇ 13 ਉਪਾਸਕ ਪ੍ਰਭਾਵਿਤ ਹੋਏ। ਇਸੇ ਕਾਰਣ ਇਸ ਫ਼ਿਰਕੇ ਨੂੰ ਤੇਰਾਪੰਥ ਆਖਿਆ ਜਾਂਦਾ ਹੈ। ਅਚਾਰੀਆ ਭੀਖਨ ਨੇ ਆਪਣੇ ਸਾਧੂਆਂ ਲਈ ਕੁਝ ਮਰਿਆਦਾਵਾਂ ਨਿਸ਼ਚਿਤ ਕੀਤੀਆਂ। ਜੋ ਮਰਿਆਦਾਵਾਂ ਮਹੋਤਸਵ ਤੇ ਪੜ੍ਹੀਆਂ ਜਾਂਦੀਆਂ ਹਨ। ਇਸ ਅਧੀਨ ਸਾਰੇ ਤੇਰਾਪੰਥੀ ਸਾਧੂ ਸਾਧਵੀ ਇਕ ਅਚਾਰੀਆ ਦੇ ਚੇਲੇ ਅਖਵਾਉਂਦੇ ਹਨ। ਸਾਰੇ ਗ੍ਰੰਥਾ ਦਾ ਅਲਗ ਧਰਮ ਸੰਘ ਹੈ। ਅਚਾਰੀਆ ਦੇ ਹੁਕਮ ਨਾਲ ਸਾਰੇ ਧਰਮ ਸੰਘ ਦਾ ਕੰਮ ਕਾਜ ਚਲਦਾ ਹੈ। ਸ਼ਵੇਤਾਂਬਰ ਜੈਨ ਤੇਰਾਪੰਥ ਦਾ ਇਕ ਅਚਾਰੀਆ ਹੁੰਦਾ ਹੈ ਅਤੇ ਉਹ ਧਰਮ ਹੁਕਮਾਂ ਦੀ ਪਾਲਨਾ ਕਰਾਉਣ ਵਿਚ ਆਖਰੀ ਅਥਾਰਟੀ ਹੈ। ਅਚਾਰੀਆ ਭੀਖਣ ਨੇ ਬਹੁਤ ਸਾਰੇ ਗ੍ਰੰਥਾ ਦੀ ਰਚਨਾ ਕੀਤੀ। ਜਿਨ੍ਹਾਂ ਦੀ ਭਾਸ਼ਾ ਰਾਜਸਥਾਨੀ ਸੀ। ਆਪ ਦਾ ਸਵਰਗਵਾਸ ਭਾਦੋਂ ਸ਼ੁਕਲਾ 13 ਸੰ: 1860 ਨੂੰ ਹੋਇਆ। ਆਪ ਦਾ ਪ੍ਰਚਾਰ ਖੇਤਰ ਰਾਜਸਥਾਨ ਦੇ ਭਿੰਨ-ਭਿੰਨ ਪਿੰਡ ਸਨ।

ਆਪ ਤੋਂ ਬਾਅਦ ਅਚਾਰਿਆ ਭਾਰ ਮਲ ਸੰ. 1804 ਵਿਖੇ ਮੁਹਾ (ਉਦੇ ਪੁਰ) ਵਿਖੇ ਹੋਏ। ਸੰ. 1832 ਮਾਘ ਕ੍ਰਿਸ਼ਨਾ 7 ਨੂੰ ਆਪ ਨੂੰ ਅਚਾਰਿਆ ਭੀਖਣ ਨੇ ਅਪਣਾ ਉਤਰਾਧਿਕਾਰੀ ਬਣਾਇਆ। ਆਪ ਦੇ ਭਗਤਾਂ ਵਿਚ ਉਦੇ ਪੁਰ ਦੇ ਮਹਾਰਾਨੀ ਦਾ ਨਾਂ ਪ੍ਰਸਿਧ ਹੈ। ਆਪ ਸੰ. 1860 ਭਾਦੋਂ ਸ਼ੁਕਲਾ 13 ਨੂੰ ਅਚਾਰਿਆ ਬਣੇ। ਸੰ. 1878 ਮਾਘ ਕ੍ਰਿਸ਼ਨਾ 8 ਨੂੰ ਆਪ 75 ਸਾਲ ਦੀ ਉਮਰ ਵਿਚ ਰਾਜ ਨਗਰ ਵਿਚ ਸਵਰਗਵਾਸ ਹੋਏ।

ਅਚਾਰਿਆ ਰਾਰ ਮਲ ਤੋਂ ਬਾਅਦ ਅਚਾਰਿਆ ਰਾਏ ਚੰਦ ਬਣੇ। ਆਪ ਦਾ ਜਨਮ ਸੰ. 1847 ਹੈ। ਜਨਮ ਬੜੀ ਰਾਬਲੀਆ ਹੈ। ਆਪ ਨੂੰ ਸੰ. 1878 ਮਾਘ ਕ੍ਰਿਸ਼ਨਾ 9 ਨੂੰ ਅਚਾਰਿਆ ਪਦਵੀ ਮਿਲੀ। ਆਪ ਦਾ ਸਵਰਗਵਾਸ ਸੰ. 1908 ਮਾਘ ਕ੍ਰਿਸ਼ਨਾ 14 ਨੂੰ ਹੋਇਆ। ਆਪ ਨੇ ਰਾਜਸਥਾਨ ਤੋਂ ਛੁਟ ਗੁਜਰਾਤ, ਮਾਲਵਾ, ਸੌਰਾਸ਼ਟਰ ਅਤੇ ਕੱਛ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

ਅਚਾਰਿਆ ਰਾਏ ਚੰਦ ਤੋਂ ਬਾਅਦ ਜੈ ਅਚਾਰਿਆ ਹੋਏ। ਜੋ ਕਿ ਰਾਜਸਥਾਨੀ ਭਾਸ਼ਾ ਵਿਚ ਜੈਨ ਸ਼ਾਸਤਰਾਂ ਦੇ ਸਭ ਤੋਂ ਬੜੇ ਟੀਕਾਕਾਰ ਸਨ। ਆਪ ਨੇ ਦਿੱਲੀ ਤਕ ਧਰਮ-ਪ੍ਰਚਾਰ ਕੀਤਾ। ਆਪ ਦਾ ਜਨਮ ਸੰ. 1860 ਸਾਵਨ ਸ਼ੁਕਲਾ 14 ਹੈ। ਸੰ. 1908 ਮਾਘ ਪੂਰਨਿਮਾ ਨੂੰ ਆਪ ਅਚਾਰਿਆ ਬਣੇ। ਆਪ ਦਾ ਜਨਮ-ਸਥਾਨ ਰੋਯਟ ਅਤੇ ਆਪਦਾ ਸਵਰਗਵਾਸ ਸੰ. 1938 ਭਾਦੋਂ ਕ੍ਰਿਸ਼ਨਾ 12 ਨੂੰ ਜੈ ਪੁਰ ਵਿਖੇ ਹੋਏ। ਆਪ ਨੇ ਤੇਰਾਪੰਥ ਸੰਘ ਵਿਚ ਕਈ ਨਵੀਆਂ ਸਾਧੂ ਮਰਿਆਦਾ ਜੋੜੀਆਂ। ਆਪ ਦਾ ਪ੍ਰਚਾਰ ਖੇਤਰ ਰਾਜਸਥਾਨ ਮਾਲਵ, ਗੁਜਰਾਤ, ਸੌਰਾਸ਼ਟਰ, ਕੱਛ, ਹਰਿਆਣਾ ਅਤੇ ਦਿੱਲੀ ਸੀ।

ਜੈ ਅਚਾਰਿਆ ਤੋਂ ਬਾਅਦ ਅਚਾਰਿਆ ਮਘਵਾਗਣੀ ਨੇ ਤੇਰਾ ਪੰਥ ਜੈਨ ਸੰਘ ਦੀ ਬਾਗਡੋਰ ਸੰਭਾਲੀ। ਆਪ ਦਾ ਜਨਮ ਸਥਾਨ ਵੀਦਾਸ਼ਰ ਵਿਖੇ ਸੰ. 1897 ਚੇਤਰ ਸ਼ੁਕਲਾ 11 ਨੂੰ ਹੋਇਆ। ਸੰ. 1938 ਭਾਦੋਂ ਸ਼ੁਕਲਾ 2 ਨੂੰ ਆਪ ਅਚਾਰਿਆ ਬਣੇ। ਸੰ. 1949 ਚੇਤਰ ਕ੍ਰਿਸ਼ਨਾ 5 ਨੂੰ ਆਪ ਦਾ ਸਵਰਗਵਾਸ ਸਰਦਾਰ ਸ਼ਹਿਰ ਵਿਖੇ ਹੋ ਗਿਆ।

ਮਘਵਾਗਣੀ ਤੋਂ ਬਾਅਦ ਅਚਾਰਿਆ ਮਾਣਕ ਗਣੀ ਨੇ ਸ਼ਵੇਤਾਂਵਰ ਜੈਨ ਤੇਰਾਪੰਥ ਨੂੰ ਸੰਭਾਲਿਆ। ਆਪ ਦਾ ਜਨਮ ਸੰ. 1912 ਭਾਦੋਂ ਕ੍ਰਿਸ਼ਨਾ 4 ਹੈ। ਸੰ. 1949 ਚੇਤ ਕ੍ਰਿਸ਼ਨਾ 8 ਨੂੰ ਆਪ ਅਚਾਰਿਆ ਬਣੇ। ਆਪ ਦੀ ਜਨਮ ਭੂਮੀ ਜੈ ਪੁਰ ਹੈ। ਸੰ. 1954 ਨੂੰ ਕੱਤਕ ਕ੍ਰਿਸ਼ਨਾ 3 ਨੂੰ ਆਪਦਾ ਸਵਰਗਵਾਸ ਸੁਜਾਨ ਗੜ੍ਹ ਵਿਖੇ ਹੋਇਆ। ਆਪ ਨੇ ਰਾਜਸਥਾਨ ਤੋਂ ਛੁਟ ਹਰਿਆਣੇ ਨੂੰ ਅਪਣਾ ਪ੍ਰਚਾਰ ਕੇਂਦਰ ਬਣਾਇਆ। ਸੰ. 1950 ਦਾ ਮਰਿਆਦਾ ਮਹੋਤਸਵ ਹਾਂਸੀ ਵਿਖੇ ਮਨਾਇਆ ਗਿਆ ਸੀ, ਜਿਸ ਤੋਂ ਆਪ ਦੇ ਹਰਿਆਣਾ ਵਿਖੇ ਪ੍ਰਭਾਵ ਦਾ ਪਤਾ ਚਲਦਾ ਹੈ।

ਮਘਵਾਗਣੀ ਤੋਂ ਬਾਅਦ, ਅਚਾਰਿਆ ਡਾਲਗਣੀ ਆਏ। ਆਪ ਦਾ ਜਨਮ ਸੰ. 1909 ਹਾੜ ਸ਼ੁਕਲਾ 4 ਨੂੰ ਉਜੈਨੀ ਵਿਖੇ ਹੋਇਆ। ਸੰ. 1954 ਪੋਹ ਕ੍ਰਿਸ਼ਨਾ 3 ਨੂੰ ਆਪ ਅਚਾਰਿਆ ਬਣੇ। ਆਪਦਾ ਸਵਰਗਵਾਸ ਸੰ. 1966 ਭਾਦੋਂ ਸ਼ੁਕਲਾ 12 ਨੂੰ ਲਾਡਨੂੰ ਵਿਖੇ ਹੋਇਆ। ਆਪ ਦਾ ਪ੍ਰਚਾਰ ਖੇਤਰ ਮਾਲਵ, ਗੁਜਰਾਤ, ਸੌਰਾਸ਼ਟਰ ਅਤੇ ਕੱਛ ਰਿਹਾ।

ਅਚਾਰਿਆ ਕਾਲੂ ਗਣੀ 9ਵੇਂ ਅਚਾਰਿਆ ਸਨ। ਆਪ ਦਾ ਜਨਮ ਸੰ. 1933

ਫਗਣ ਸ਼ੁਕਲਾ 2 ਨੂੰ ਛਾਪਰ ਵਿਖੇ ਹੋਇਆ। ਸੰ. 1966 ਭਾਦੋਂ ਪੂਰਨਿਮਾ ਨੂੰ ਆਪ ਅਚਾਰਿਆ ਬਣੇ। ਆਪ ਦੇ ਸਮੇਂ ਵਿਚ ਤੇਰਾਪੰਥ ਸਾਧੂਆਂ ਨੇ ਧਰਮ ਪ੍ਰਚਾਰ ਲਈ ਦੂਰ ਦੂਰ ਯਾਤਰਾ ਕੀਤੀਆਂ। ਆਪ ਦੇ ਬਹੁਤ ਸਾਰੇ ਵਿਦੇਸ਼ੀ ਭਗਤ ਸਨ। ਜਿਨ੍ਹਾਂ ਵਿਚੋਂ ਡਾ. ਹਰਮਨ ਜੈਕੋਬੀ (ਜਰਮਨੀ, ਏਸੀ ਟੋਰੀ (ਇਟਲੀ) ਡਾ. ਗਿਲਕੀ (ਅਮਰੀਕਾ) ਦੇ ਨਾਂ ਪ੍ਰਸਿਧ ਹਨ। ਆਪ ਦੇ ਸਮੇਂ ਤੇਰਾਪੰਥ ਸਾਧੂ, ਸਾਧਵੀਆਂ ਨੇ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਭਾਵੇਂ ਤੇਰਾ ਪੰਥ ਪ੍ਰੰਪਰਾ ਵਿਚ ਸੰਸਕ੍ਰਿਤ ਜੈ ਅਚਾਰਿਆ ਦੇ ਸਮੇਂ ਤੋਂ ਸ਼ੁਰੂ ਹੋ ਗਈ ਸੀ। ਅਚਾਰਿਆ ਡਾਲਗਣੀ ਨੇ ਪੰ. ਘਣਸ਼ਿਆਮ ਦਾਸ ਪਾਸੋਂ ਵਿਆਕਰਣ ਸਿਖਿਆ। ਸੰ. 1974 ਵਿਚ ਅਚਾਰਿਆ ਕਾਲੂਗਣੀ ਚੁਰੂ ਆਏ। ਉਨ੍ਹਾਂ ਦੀ ਮੁਲਾਕਾਤ ਪੰ. ਰਘੁਨੰਦਨ ਜੀ ਨਾਲ ਹੋਈ। ਆਪ ਮਹਾਨ ਵੈਦ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ। ਆਪ ਦੇ ਸਮੇਂ ਭਿਕਸ਼ੂ ਸ਼ਬਦਾਂ ਨੂੰ ਸ਼ਾਸਨ ਨ ਦੇ ਸੰਸਕ੍ਰਿਤ ਗਰੰਥ ਦੀ ਰਚਨਾ ਹੋਈ। ਉਸ ਸਮੇਂ ਪੰਡਤ ਜੀ ਤੋਂ ਅਨੇਕਾਂ ਤੇਰਾ ਪੰਥ ਸਾਧੂ, ਸਾਧਵੀ ਨੇ ਸੰਸਕ੍ਰਿਤ ਸਿਖੀ। ਜਿਸ ਦਾ ਸਿੱਟਾ ਹੈ ਕਿ ਅਜ ਕਲ ਤੇਰਾਪੰਥ ਸਮਾਜ ਵਿਚ ਅਨੇਕਾਂ ਸੰਸਕ੍ਰਿਤ ਬੋਲਣ ਅਤੇ ਲਿਖਣ ਵਾਲੇ ਸਾਧੂ, ਸਾਧਵੀਆਂ ਹਨ। ਇਹ ਪਰਉਪਕਾਰ ਤੇਰਾ ਪੰਥ ਦੇ ਪ੍ਰਸਿਧ ਵਿਦਵਾਨ ਅਚਾਰਿਆ ਕਾਲੂ ਗਣੀ ਦਾ ਹੈ।

ਮੁਨੀ ਚੌਥ ਮਲ, ਮੁਨੀ ਕਾਨ ਮਲ, ਮੁਨੀ ਨੱਥ ਮਲ, ਮੁਨੀ ਨਥ ਮਲ (ਦੂਸਰਾ), ਮੁਨੀ ਧਨ ਰਾਜ, ਮੁਨੀ ਚੰਦਨ ਮੁਨੀ, ਮੁਨੀ ਸ਼੍ਰੀ ਡੂਗਰ ਮਲ ਜੀ ਮਹਾਰਾਜ (1) ਮੁਨੀ ਸ਼੍ਰੀ ਡੂਗਰ ਮਲ ਜੀ, ਮੁਨੀ ਸ਼੍ਰੀ ਸੋਹਨ ਲਾਲ ਜੀ, ਮੁਨੀ ਸ਼੍ਰੀ ਨਥਮਲ ਜੀ (ੲ) ਮੁਨੀ ਸ਼੍ਰੀ ਛਤਰ ਮਲ ਜੀ (ਅ) ਮੁਨੀ ਸ਼੍ਰੀ ਛਤੱਰ ਮਲ ਜੀ, ਮੁਨੀ ਦੂਲਾ ਚੰਦ ਜੀ, ਮੁਨੀ ਸ਼੍ਰੀ ਬੁੱਧ ਮਲ ਜੀ, ਮੁਨੀ ਸ਼੍ਰੀ ਪਦਮ ਚੰਦ ਜੀ, ਮੁਨੀ ਸ਼੍ਰੀ ਨਗ ਰਾਜ ਜੀ, ਮੁਨੀ ਸ਼੍ਰੀ ਧਨਰਾਜ ਜੀ, ਮੁਨੀ ਸ਼੍ਰੀ ਮੀਠਾ ਲਾਲ ਜੀ, ਮੁਨੀ ਸ਼੍ਰੀ ਚੰਪਾਲਾਲ ਜੀ, ਮੁਨੀ ਸ਼੍ਰੀ ਮਹੇਂਦਰ ਕੁਮਾਰ ਜੀ, ਮੁਨੀ ਸ਼੍ਰੀ ਮੋਹਨ ਲਾਲ ਜੀ ਸਾਦਲ, ਮੁਨੀ ਸ਼੍ਰੀ ਪੁਸ਼ਪ ਰਾਜ ਜੀ, ਮੁਨੀ ਸ਼੍ਰੀ ਮਾਗੀ ਲਾਲ ਜੀ, ਮੁਨੀ ਸ਼੍ਰੀ ਸੁਖ ਲਾਲ ਜੀ ਮੁਨੀ ਬੱਛ ਰਾਜ ਜੀ, ਮੁਨੀ ਸ਼੍ਰੀ ਰਾਕੇਸ਼ ਕੁਮਾਰ ਜੀ, ਮੁਨੀ ਸ਼੍ਰੀ ਚੰਦ ਜੀ, ਸਾਧਵੀ ਫੂਲਕਵਰ, ਸਾਧਵੀ ਮੋਹਨ ਕੁਮਾਰੀ, ਸਾਧਵੀ ਮਾਲੂ ਜੀ, ਸਾਧਵੀ ਜਤਨ ਕਵਰ ਜੀ ਸਾਧਵੀ ਮਾਨ ਕੰਵਰ, ਸਾਧਵੀ ਸੋਹਨ ਜੀ, ਸਾਧਵੀ ਮੰਜੂਲਾ ਜੀ, ਸਾਧਵੀ ਕਨਕਪ੍ਰਭਾ ਜੀ, ਸਾਧਵੀ ਕਾਨਕੰਵਰ ਜੀ, ਸਾਧਵੀ ਕਨਕ ਜੀ, ਸਾਧਵੀ ਸ਼੍ਰੀ ਯਸ਼ੋਧਰਾ, ਸਾਧਵੀ ਕਮਲ ਸ਼੍ਰੀ ਜੀ, ਸਾਧਵੀ ਸ਼੍ਰੀ ਸੁਨੇਹ ਕੁਮਾਰੀ ਜੀ ਆਦਿ ਦੇ ਨਾਂ ਪ੍ਰਸਿਧ ਹਨ। ਕਿਸੇ ਵੀ ਪਰੰਪਰਾ ਵਿਚ ਸ਼ਾਇਦ ਹੀ ਇਨੇ ਸੰਸਕ੍ਰਿਤ ਤੇ ਪ੍ਰਾਕ੍ਰਿਤ ਭਾਸ਼ਾਵਾਂ ਦੇ ਲੇਖਕਾਂ ਦੀ ਗਿਣਤੀ ਹੋਵੇ। ਅਸਲ ਵਿਚ ਤੇਰਾਪੰਥ ਦਾ ਸਾਹਿਤਿਕ ਯੁਗ ਆਚਾਰਿਆ ਕਾਲੂ ਗਣੀ ਤੋਂ ਸ਼ੁਰੂ ਹੁੰਦਾ ਹੈ।

ਆਪ ਦਾ ਸਵਰਗਵਾਸ ਸੰਵਤ 1993 ਭਾਦੋਂ ਸ਼ੁਕਲਾਂ 6 ਨੂੰ ਹੋਇਆ।

# ਕੁਝ ਪ੍ਰਮੁਖ ਤੇਰਾਪੰਥੀ ਵਿਦਵਾਨ

# ਸਾਧੂ ਸਾਧਵੀ ਦੇ ਸ਼ੁਭ ਨਾਂ

●

1. ਅਚਾਰਿਆ ਸ੍ਰੀ ਤੁਲਸੀ
2. ਸਵਾਚਾਰਿਆ ਸ੍ਰੀ ਨਥ ਮਲ
3. ਸਾਧਵੀ ਪ੍ਰਮੁਖਾ ਕਨਕ ਪ੍ਰਭਾ
4. ਮਾਤਾ ਬੰਦਨਾ ਜੀ
5. ਸ੍ਰੀ ਅਮੋਲਕ ਚੰਦ ਜੀ
6. ਸਾਧਵੀ ਸ੍ਰੀ ਦੀਪਾ ਜੀ
7. ਸਾਧਵੀ ਸ੍ਰੀ ਚੁਣਾ ਜੀ
8. ਸਾਧਵੀ ਪਾਨ ਕੁਮਾਰੀ ਜੀ
9. ਸਾਧਵੀ ਸੁਖਦੇਵਾ ਜੀ
10. ਸਾਧੂ ਸ੍ਰੀ ਜੈ ਚੰਦ ਜੀ
11. ਮੁਨੀ ਰਾਵਤ ਮਲ ਜੀ
12. ਸ੍ਰੀ ਵਰਧਮਾਨ ਜੀ
13. ਮੁਨੀ ਸ੍ਰੀ ਗਣੇਸ਼ ਮਲ ਜੀ
14. ਸਾਧਵੀ ਸ਼ਿਰੇ ਕੁਮਾਰੀ ਜੀ
15. ਮੁਨੀ ਰੋਸ਼ਨ ਲਾਲ ਜੀ
16. ਸ੍ਰੀ ਸੁਮੇਰ ਮੁਨੀ ਜੀ
17. ਸਾਧਵੀ ਮੋਹਨਾ ਜੀ ਤਾਰਾਨਗਰ
18. ਸਾਧਵੀ ਮੋਹਨਾ ਜੀ ਡੂੰਗਰਗੜ੍ਹ
19. ਸਾਧਵੀ ਸੰਘ ਮਿਤਰਾ ਜੀ
20. ਸਾਧਵੀ ਸ੍ਰੀ ਸੁੰਦਰ ਜੀ
21. ਸਾਧਵੀ ਰਾਏ ਕੁੰਵਰ ਜੀ
22. ਸਾਧਵੀ ਕੰਚਨ ਕੁਮਾਰੀ ਜੀ
23. ਸਾਧਵੀ ਪਿਸਤਾ ਜੀ
24. ਸਾਧਵੀ ਮੋਹਨ ਜੀ (ਤਾਰਾਨਗਰ)
25. ਸਾਧਵੀ ਮੋਹਣਾ ਜੀ
26. ਸਾਧਵੀ ਰਤਨ ਕੁਮਾਰੀ ਜੀ
27. ਸਾਧਵੀ ਭੀਮ ਜੀ
28. ਸਾਧਵੀ ਨਗੀਨਾ ਜੀ
29. ਸਾਧਵੀ ਕਮਲ ਸ਼੍ਰੀ ਜੀ
30. ਮੁਨੀ ਸ੍ਰੀ ਵਿਸ਼ਧਾਰ
31. ਸਾਧਵੀ ਗੌਰਾਂ ਜੀ

# ਪੰਜਾਬ ਦੀ ਜੈਨ ਸਾਧਵੀ ਪਰੰਪਰਾ

ਜੈਨ ਧਰਮ ਦਾ ਇਕ ਪ੍ਰਮੁਖ ਸ਼ਬਦ ਹੈ ਸ੍ਰੀ ਸੰਘ। ਸ੍ਰੀ ਸੰਘ ਦੇ ਚਾਰ ਭਾਗ ਹਨ (1) ਸਾਧੂ (2) ਸਾਧਵੀ (3) ਉਪਾਸਿਕ (4) ਉਪਾਸਿਕਾ। ਹਰ ਤੀਰਥੰਕਰ ਕੇਵਲ ਗਿਆਨ ਤੋਂ ਬਾਅਦ ਸ੍ਰੀ ਸੰਘ ਦੀ ਸਥਾਪਨਾ ਕਰਦੇ ਹਨ। ਤੀਰਥੰਕਰ ਖ਼ੁਦ ਸੰਘ ਨੂੰ ਮਹਾਨ ਆਖਦੇ ਹਨ। ਸਾਧਵੀ, ਸ੍ਰੀ ਸੰਘ ਦਾ ਪ੍ਰਮੁਖ ਹਿੱਸਾ ਰਹੀ ਹੈ ਹਰ ਤੀਰਥੰਕਰ ਦੇ ਸਮੇਂ ਸਾਧੂਆਂ ਨਾਲੋਂ ਸਾਧਵੀਆਂ ਦੀ ਗਿਣਤੀ ਕਈ ਗੁਣਾ ਵਧ ਰਹੀ ਹੈ। ਇਹ ਪ੍ਰੰਪਰਾ ਹੁਣ ਵੀ ਚਲ ਰਹੀ ਹੈ। ਇਸ ਦਾ ਪ੍ਰਮੁਖ ਕਾਰਣ ਹੈ ਕਿ ਜੈਨ ਧਰਮ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਧਾਰਮਿਕ ਅਜ਼ਾਦੀ ਦਿਤੀ। ਉਸ ਨੂੰ ਭੋਗ ਦੀ ਸਾਮੱਗਰੀ ਨਾ ਸਮਝਦੇ ਹੋਏ, ਉਸ ਨੂੰ ਮੁਕਤੀ ਦਾ ਅਧਿਕਾਰੀ ਬਣਾਇਆ।

ਜੈਨ ਧਰਮ ਵਿਚ ਇਸਤਰੀ ਮਾਂ, ਭੈਣ, ਪਤਨੀ, ਧੀ ਆਦਿ ਹੀ ਨਹੀਂ, ਉਹ ਤੀਰ-ਥੰਕਰ, ਸਰਵੱਗ, ਪਰਮਾਤਮਾ, ਗਿਆਨਦਾਤਾ ਹੈ। ਉਹ ਵੀ ਉਪਾਸਨਾ ਕਰਕੇ ਜਨਮ ਮਰਨ ਦਾ ਚੱਕਰ ਕਟ ਸਕਦੀ ਹੈ। ਆਰਥਿਕ ਤੇ ਰਾਜਨੈਤਿਕ ਸੁਤੰਤਰਤਾ ਨਾਲ ਸਿਰਫ਼ ਭੋਗ ਪ੍ਰਾਪਤ ਹੁੰਦਾ ਹੈ ਜੋ ਖਤਮ ਹੋਣ ਵਾਲੇ ਹਨ। ਸੱਚੀ ਅਜਾਦੀ ਅਤੇ ਸੱਚਾ ਸੁਖ ਅਧਿਆਤਮ ਵਿਚ ਹੈ। ਇਹੋ ਕਾਰਣ ਹੈ ਕਿ ਇਸਤਰੀਆਂ ਜੈਨ ਧਰਮ ਵਲ ਸਭ ਤੋਂ ਵੱਧ ਦੀਖਿਅਤ ਹਨ। ਭਗਵਾਨ ਮਹਾਵੀਰ ਨੇ ਮਾਤਾ ਲਈ ਦੇਵ, ਗੁਰੂ ਆਦਿ ਸ਼ਬਦ ਵਰਤਿਆ ਹੈ। ਉਪਾਸਕ ਦਸ਼ਾਂਗ ਸੂਤਰ ਵਿਚ ਇਸਤਰੀ ਨੂੰ ਧਰਮ ਸਹਾਇਕਾ, ਧਰਮ ਵੈਦ ਆਦਿ ਵਿਸ਼ੇਸ਼ਨਾਂ ਨਾਲ ਸਤਿਕਾਰਿਆ ਗਿਆ ਹੈ।

ਸਾਧਵੀ ਬਣ ਕੇ ਇਸਤਰੀ ਮਹਿਤਰਾ, ਪ੍ਰਵਰਤਨੀ ਆਦਿ ਪ੍ਰਮੁਖ ਪਦਵੀ ਪ੍ਰਾਪਤ ਕਰ ਸਕਦੀ ਹੈ। ਤੀਰਥੰਕਰ ਦੀ ਮਾਤਾ ਦਾ ਸਤਿਕਾਰ ਜੈਨ ਗ੍ਰੰਥਾਂ ਅਨੁਸਾਰ ਖ਼ੁਦ ਸਵਰਗ ਦਾ ਇੰਦਰ ਕਰਦਾ ਹੈ।

## ਪੰਜਾਬੀ ਪਰੰਪਰਾ—

ਪੰਜਾਬ ਦੀ ਸਾਧਵੀ ਪਰੰਪਰਾ ਇਤਿਹਾਸ ਦੇ ਕਾਲ ਵਿਚ ਮਿਥੀ ਨਹੀਂ ਜਾ ਸਕਦੀ। ਪਹਿਲੇ ਤੀਰਥੰਕਰਾਂ ਦੀਆਂ ਦੋਵੇਂ ਪੁਤਰੀਆਂ ਨੇ ਜੈਨ ਸਾਧਵੀਆਂ ਬਣ ਕੇ ਪੰਜਾਬ, ਕਸ਼ਮੀਰ, ਗੰਧਾਰ ਤਕ ਧਰਮ ਪ੍ਰਚਾਰ ਕੀਤਾ। ਗੰਧਾਰ ਦੇ ਰਾਜਾ ਬਾਹੁਬਲੀ ਨੂੰ ਧਰਮ ਵਿਚ ਸਥਾਪਿਤ ਕਰਨ ਵਾਲੀਆਂ ਇਹ ਦੋਵੇਂ ਭੈਣਾਂ ਸਨ ਬ੍ਰਹਮੀ ਤੇ ਸੁੰਦਰੀ। ਬ੍ਰਹਮੀ ਨੇ ਬ੍ਰਹਮੀ ਲਿਪੀ

ਚਾਲੂ ਕੀਤੀ । ਸੁੰਦਰੀ ਨੇ ਬੀਜ ਗਣਿਤ ਦੀ ਸਿਖਿਆ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ । ਜਦੋਂ ਬਾਹੂਬਲੀ ਤਕਸ਼ਿਲਾ ਵਿਖੇ ਖੜੇ ਤਪ ਕਰ ਰਹੇ ਸਨ । ਉਨ੍ਹਾਂ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ ਸੀ । ਉਸ ਸਮੇਂ ਭਗਵਾਨ ਰਿਸ਼ਭ ਦੇਵ ਜੀ ਦੀ ਪ੍ਰੇਰਣਾ ਨਾਲ ਦੋਵੇਂ ਭੈਣਾਂ ਅਯੋਧਿਆ ਤੋਂ ਤਕਸ਼ਿਲਾ ਗਈਆਂ । ਦੋਹਾਂ ਸਾਧਵੀਆਂ ਦੀ ਪ੍ਰੇਰਣਾ ਨਾਲ ਬਾਹੂਬਲੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਭਗਵਾਨ ਕੁੰਥੂ ਨਾਥ, ਸ਼ਾਂਤੀ ਨਾਥ ਤੇ ਅਰਹ ਨਾਥ ਦੀਆਂ ਲੱਖਾਂ ਸਾਧਵੀਆਂ ਨੇ ਇਥੇ ਧਰਮ ਪ੍ਰਚਾਰ ਕੀਤਾ ।

19ਵੇਂ ਤੀਰਥੰਕਰ ਭਗਵਾਨ ਮੱਲੀ ਨਾਥ ਖੁਦ ਇਸਤਰੀ ਸਨ । ਜਿਨ੍ਹਾਂ ਦਾ 24 ਤੀਰਥੰਕਰਾਂ ਵਿਚ ਇਕ ਸਥਾਨ ਹੈ । ਇਸਤਰੀ ਦੀ ਇਜੱਤ ਦੀ ਐਸੀ ਬੜੀ ਉਦਾਹਰਨ ਕਿਸੇ ਹੋਰ ਧਰਮ ਵਿਚ ਨਹੀਂ ਮਿਲ ਸਕਦੀ ਜਿਥੇ ਇਸਤਰੀ ਧਰਮ ਸੰਸਥਾਪਿਕਾ ਰਹੀ ਹੋਵੇ ।

22ਵੇਂ ਤੀਰਥੰਕਰ ਨੇਮੀਨਾਥ ਦੇ ਭਰਾ ਨੂੰ ਸਿਧੇ ਰਾਹ ਪਾਉਣ ਵਾਲੀ ਰਾਜੁਲ ਦਾ ਜੈਨ ਇਤਿਹਾਸ ਵਿਚ ਮਹਾਨ ਸਥਾਨ ਹੈ ।

ਅਚਾਰਿਆ ਸਥੂਲੀਭੱਦਰ ਦੀਆਂ 7 ਭੈਣਾਂ ਨੇ ਦੀਖਿਆ ਲੈ ਕੇ ਜੈਨ ਧਰਮ ਦਾ ਚਹੁ ਪਾਸੇ ਪ੍ਰਚਾਰ ਕੀਤਾ । ਅਚਾਰੀਆ ਹਰੀਭੱਦਰ ਨੂੰ ਜੀਵਨ ਰਾਹ ਪ੍ਰਦਾਨ ਕਰਨ ਵਾਲੀ ਯਾਕਨੀ ਮਹਿਤਰਾਦਾ ਅਪਣਾ ਸਥਾਨ ਹੈ । 1444 ਗ੍ਰੰਥਾਂ ਦੇ ਲੇਖਕ ਹਰੀ ਭੱਦਰ ਇਸ ਸਾਧਵੀ ਨੂੰ ਆਪਣੀ ਮਾਤਾ ਆਖਦੇ ਸਨ ।

ਪੰਜਾਬੀ ਸਥਾਨਕਵਾਸੀ ਪਰੰਪਰਾ ਨੂੰ ਪੰਜਾਬ ਵਿਚ ਮੁੜ ਸੁਰਜੀਤ ਕਰਨ ਵਾਲੀ ਸੁਨਾਮ ਦੀ ਇਕ ਮਹਾਨ ਸਾਧਵੀ ਸੀ । ਪੁਰਸ਼ ਪ੍ਰਧਾਨ ਭਾਰਤੀ ਸਮਾਜ ਹੋਣ ਕਾਰਨ, ਸਾਧਵੀਆਂ ਦੀ ਕੋਈ ਪੁਰਾਤਨ ਪੱਟਾਵਲੀਆਂ ਨਹੀਂ, ਇਤਿਹਾਸ ਨਹੀਂ । ਮੱਧਕਾਲ ਵਿਚ ਕੁਝ ਸਾਧਵੀਆਂ ਦਾ ਜ਼ਿਕਰ ਮਿਲਦਾ ਹੈ । ਅਜ ਵੀ ਭਾਰਤ ਜੈਨ ਸ਼ਾਸਤਰ ਭੰਡਾਰਾਂ ਵਿਚ ਅਨੇਕਾਂ ਸਾਧਵੀਆਂ ਰਾਹੀਂ ਲਿਖੇ ਸ਼ਾਸਤਰ ਅਤੇ ਸੁਤੰਤਰ ਗ੍ਰੰਥ ਅਣਛਪੇ ਪਏ ਹਨ ।

ਇਹ ਸਾਰਾ ਇਤਿਹਾਸ 400 ਸਾਲ ਦਾ ਹੈ । ਜਿਸ ਨੂੰ ਸ਼੍ਰੀ ਸੁਮਨ ਮੁਨੀ ਜੀ ਮਹਾ-ਰਾਜ ਨੇ ਬੜੀ ਮੇਹਨਤ ਨਾਲ ਸੰਗ੍ਰਹਿਤ ਕੀਤਾ ਹੈ । ਤਪਗੱਛ ਵਾਰੇ ਪੰ. ਹੀਰਾ ਲਾਲ ਦੁਗੜ ਨੇ ਕੁਝ ਸਾਧਵੀਆਂ ਦੀ ਜਾਣਕਾਰੀ ਦਿਤੀ ਹੈ । ਖਰਤਰ ਗੱਛ ਦੀ ਇਕ ਸਾਧਵੀ ਦਾ ਜਿਕਰ ਸ੍ਰੀ ਅਗਰਚੰਦ ਨਾਹਟਾ ਨੇ ਕੀਤਾ ਹੈ । ਜਿਸਨੇ ਬਠਿੰਡਾ ਦੇ ਉਪਾਸਕਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਸਨ ।

## (ੳ) ਖ਼ੁਬਾ ਜੀ

- ਹੀਰਾ ਜੀ
- ਦੀਪੋ ਜੀ
- ਮੂਲਾ ਜੀ
  - ਬੋਥੜੀ ਜੀ
  - ਤਾਬੋ ਜੀ
  - ਮੱਲੋ ਜੀ
    - ਚੰਪਾ ਜੀ
      - ਆਸ਼ਾ ਜੀ
      - ਨਿਹਾਲ ਦੇਵੀ (ਨੰਦ ਕੌਰ)
        - ਚਮੇਲੀ ਜੀ
        - ਵਿਨੈ ਵੰਤੀ
        - ਪਰਮੇਸ਼ਵਰੀ
      - ਗੰਗੋ ਜੀ
    - ਪਾਰਵਤੀ ਜੀ
- ਆਸ਼ਾ ਦੇਵੀ
- ਨਿਹਾਲ ਦੇਵੀ

## (ਅ) ਸਾਧਵੀ ਖੰਡੀ ਜੀ ਦੀ ਪ੍ਰੰਪਰਾ

- ਮਲਾਵੀ ਜੀ
  - ਲਾਜਵੰਤੀ
  - ਜੈਅੰਤੀ
  - ਨਮੀ ਜੀ
  - ਪਰਜੀ
- ਪਰਜੀ ਜੀ
- ਮਾਇਆ ਦੇਵੀ

**ਵਰਤਮਾਨ ਜੈਨ ਸਾਧਵੀ ਪ੍ਰੰਪਰਾ ਸਥਾਨਕਵਾਸੀ ਨਾਲ ਜ਼ਿਆਦਾ ਸੰਬੰਧਿਤ ਹੈ। ਅਜ ਕਲ ਸਾਧਵੀ ਚੰਪਾ ਅਤੇ ਪਾਰਵਤੀ ਜੀ ਮਹਾਰਾਜ ਦੀ ਪ੍ਰੰਪਰਾ ਹੈ।**

## ਸਾਧਵੀ ਸ੍ਰੀ ਪਾਰਵਤੀ ਜੀ

- ਸ੍ਰੀ ਜੀਵੀ ਜੀ
  - ਬਸੰਤੀ ਜੀ
  - ਨਿਹਾਲੀ ਜੀ
- ਸ੍ਰੀ ਕਰਮੋ ਜੀ
  - ਚੰਦਨਬਾਲਾ ਜੀ
- ਸ੍ਰੀ ਭਗਵਾਨ ਦੇਵੀ ਜੀ
  - ਮਥਰਾ ਜੀ
- ਸ੍ਰੀ ਰਾਜਮਤੀ ਜੀ
  - ਹੀਰਾ ਦੇਵੀ ਜੀ

- ਪੂਰਨ ਦੇਵੀ ਜੀ
- ਦਰੋਪਦਾ ਜੀ
- ਲਕਸ਼ਮੀ ਜੀ

- ਪੰਨਾ ਦੇਵੀ ਜੀ
- ਚੰਦਾ ਜੀ
- ਮਾਣਕ ਦੇਵੀ
- ਰਤਨ ਦੇਵੀ ਜੀ
- ਈਸ਼ਰਾ ਦੇਵੀ ਜੀ
- ਰਾਧਾ ਜੀ

### ਸ੍ਰੀ ਮਥਰਾ ਜੀ

- ਸਾਧਵੀ ਜਮੁਨਾ ਜੀ
  - ਭਗਵਤੀ ਜੀ
  - ਜੈ ਮਾਲਾ ਜੀ
- ਮਾਨ ਕੌਰ ਜੀ
- ਪਰਮੇਰਰੀ ਜੀ

### ਦਰੋਪਦਾ ਜੀ

- ਧਨ ਦੇਵੀ ਜੀ
- ਮੋਹਨ ਦੇਵੀ ਜੀ
- ਸੋਮਾ ਜੀ
- ਹੇਮ ਦੇਵੀ ਜੀ

### ਸ੍ਰੀ ਧਨ ਦੇਵੀ ਜੀ

- ਸ਼ੀਤਲ ਮਤੀ ਜੀ
  - ਕੈਲਾਸ਼ ਵਤੀ ਜੀ
- ਮਨੋਹਰ ਮਤੀ ਜੀ
  - ਸੁਦਰਸ਼ਨਾ ਜੀ
    - ਫੂਲ ਵਤੀ ਜੀ
  - ਤਿਲਕਾ ਜੀ
  - ਜਗਦੀਸ਼ ਮਤੀ ਜੀ
    - ਕ੍ਰਿਸ਼ਨਾ ਜੀ
      - ਪ੍ਰਕਾਸ਼ ਵਤੀ ਜੀ
    - ਇੰਦਰਾਂ ਜੀ
    - ਕਮਲ ਸ੍ਰੀ ਜੀ
    - ਸੰਤੋਸ਼ ਜੀ
- ਧਰਮਵਤੀ ਜੀ
- ਲੋਚਨਵਤੀ ਜੀ

## ਸ੍ਰੀ ਕੈਲਾਸ਼ ਵਤੀ ਜੀ

- ਚੰਦਰ ਪ੍ਰਭਾ ਜੀ
- ਸ਼ਸ਼ੀ ਪ੍ਰਭਾ ਜੀ
  - ਸ਼ੋਭਾ ਜੀ
- ਕੁਸਮ ਪ੍ਰਭਾ ਜੀ
- ਓਮ ਪ੍ਰਭਾ ਜੀ
  - ਅਚਲ ਕੁਮਾਰੀ ਜੀ

## ਸ੍ਰੀ ਮੋਹਨ ਦੇਵੀ ਜੀ

- ਵਿਮਲ ਵਤੀ ਜੀ
- ਰੋਸ਼ਨ ਵਤੀ ਜੀ
- ਰੁਕਮਨੀ ਜੀ
- ਰਾਜੇਸ਼ਵਰੀ ਜੀ

ਗੋਪੀ ਜੀ

ਹੁਕਮ ਦੇਵੀ ਜੀ    ਕੇਸ਼ਰੀ ਦੇਵੀ

ਸਵਰਨ ਪ੍ਰਭਾ ਜੀ    ਪ੍ਰਵੀਨ ਕੁਮਾਰੀ    ਨਿਰਮਲ਼ ਕੁਮਾਰੀ    ਕੌਸ਼ਲਿਆ ਜੀ

ਵਿਮਲਾ ਜੀ    ਸਰੋਜ ਜੀ    ਮੰਜੂ ਜੀ

ਵਿਜੈ

ਸ੍ਰੀ ਰਾਜੇਸ਼ਵਰੀ ਜੀ

ਸਕੁੰਤਲਾ ਜੀ    ਪ੍ਰਮੋਦ ਕੁਮਾਰੀ ਜੀ    ਤ੍ਰਿਪਤਾ ਜੀ

## ਸ੍ਰੀ ਰਾਜਮਤੀ ਜੀ ਜੀ ਪ੍ਰੰਪਰਾ

ਹੀਰਾ ਦੇਵੀ    ਪੰਨਾ ਦੇਵੀ    ਚੰਪਾ ਜੀ    ਮਾਣਕ ਦੇਵੀ    ਰਤਨ ਦੇਵੀ    ਈਸ਼ਵਰਾ ਦੇਵੀ    ਰਾਧਾ ਜੀ

ਵਿਦਿਆ ਜੀ

ਜੈਅੰਤ    ਰਾਜਕਲੀ    ਹਰਸ਼ਵਤੀ    ਦੇਵਕੀ    ਸ਼੍ਰੀਮਤੀ    ਧਨ ਦੇਵੀ

ਪ੍ਰੇਮਾ

ਪਨਿਮਾ    ਵਿਜੈਂਦਰ    ਕਰਨਾ    ਸ਼ੀਲਾ    ਅਸ਼ਰਫੀ

ਸਨੇਹ ਲਤਾ

ਮਾਇਆ    ਪ੍ਰਮੋਦਕਾਂਤਾ    ਕਵਿਤਾ    ਕੁਸਮ (ਡਾ. ਸਾਧਨਾ ਜੀ)

ਸ੍ਰੀਮਤੀ ਜੀ ਦੀ ਚੇਲੀ ਹਾਕਮ ਦੇਵੀ ਅਤੇ ਉਨ੍ਹਾਂ ਦੀ ਚੇਲੀ ਲੱਜਾ ਵਤੀ ਸਨ। ਲੱਜਾਵਤੀ ਦੀਆਂ ਚਾਰ ਚੇਲੀਆਂ ਹਨ : (1) ਦਿਆਵਤੀ ਜੀ (2) ਅਭੈ ਕੁਮਾਰੀ ਜੀ (3) ਚੰਪਾ ਜੀ (4) ਦੀਪ ਮਾਲਾ ਜੀ। ਅਭੈ ਕੁਮਾਰੀ ਜੀਆਂ ਦੀ ਚੇਲੀਆਂ ਸ਼ਾਂਤੀ ਅਤੇ ਪਦਮਾ ਹਨ। ਸ਼ਾਂਤੀ ਦੀ ਚੇਲੀ ਕਾਂਤਾ ਹੈ।

ਧਨ ਦੇਵੀ ਦੀਆਂ ਦੋ ਚੇਲੀਆਂ ਗੁਣ ਮਾਲਾ ਅਤੇ ਸੁਭਾਗ ਵਤੀ ਸਨ। ਇਸ ਦੀਆਂ

ਚੇਲੀਆਂ ਸੀਤਾ ਜੀ ਅਤੇ ਕੌਮਿਲਾ ਹਨ । ਸੀਤਾ ਜੀ ਦੀਆਂ ਚੇਲੀਆਂ ਸਾਧਵੀ ਮਹਿੰਦਰਾ ਅਤੇ ਸਾਵਿਤਰੀ ਹਨ । ਸ੍ਰੀ ਸਾਵਿਤਰੀ ਜੀ ਦੀਆਂ ਚੇਲੀਆਂ ਸ਼ਿਮਲਾ ਜੀ ਅਤੇ ਵਿਨੈ ਜੀ ਹਨ । ਸਾਧਵੀ ਮਹਿੰਦਰਾ ਦੀ ਜਨਕ ਕੁਮਾਰੀ ਜੀ ਹਨ ।

ਸ੍ਰੀ ਕੌਸ਼ਲਿਆ ਜੀ ਮਹਾਰਾਜ ਦੀਆਂ ਪ੍ਰਮੁਖ ਚੇਲੀਆਂ ਹਨ ਵਿਮਲਾ ਜੀ ਅਤੇ ਪ੍ਰਮੋਲਿਆ ਜੀ ।

ਰਤਨ ਦੇਵੀ ਦੀ ਇਕ ਚੇਲੀ ਵਿਨੈਵੰਤੀ ਹੈ । ਵਿਨੈਵੰਤੀ ਵਿਨੈਵੰਤੀ ਦੀਆਂ ਦੋ ਚੇਲੀਆਂ ਸਤਿਆਵਤੀ ਅਤੇ ਅਮਰਾਵਤੀ ਸਨ । ਸਤਿਆਵਤੀ ਦੀਆਂ 4 ਚੇਲੀਆਂ ਹਨ : (1) ਰਾਮਾ ਦੇਵੀ (2) ਰਾਮ ਪਿਆਰੀ (3) ਸੁਭਾਸ਼ ਵਤੀ (4) ਵਿਸ਼ਾਲਾ । ਰਾਮ ਪਿਆਰੀ ਦੀ ਚੇਲੀ ਦੁਰਗੀ ਹੈ । ਸੁਭਾਸ਼ਵਤੀ ਦੀ ਚੇਲੀ ਉਨ੍ਹਾਂ ਦੀ ਸੰਸਾਰਿਕ ਪੁਤਰੀ ਸਵਰਗਵਾਸੀ ਸ੍ਰੀ ਪ੍ਰਵੇਸ਼ ਕੁਮਾਰੀ ਜੀ ਅਤੇ ਉਨ੍ਹਾਂ ਦਾ ਪਰਿਵਾਰ ।

ਮਾਣਕਵਤੀ ਦੀ ਪ੍ਰੰਪਰਾ
|
ਜੈ ਵੰਤੀ
|
ਪ੍ਰਕਾਸ਼ ਵਤੀ
|
ਵਲੱਭ ਵਤੀ

## ਸਾਧਵੀ ਈਸ਼ਵਰਾ ਦੇਵੀ ਜੀ

ਸ੍ਰੀ ਪਾਰਸ ਵਤੀ — ਸ੍ਰੀ ਜਿਨੇਸ਼ਵਰੀ — ਸ੍ਰੀ ਪ੍ਰਭਾਵਤੀ — ਸ੍ਰੀ ਆਸ਼ਾ ਦੇਵੀ

ਪ੍ਰਿਆ ਵਤੀ — ਜਿਨ ਸ਼ਾਸਨ ਪ੍ਰਭਾਵਿਕ ਸ ਧਵੀ ਰਤਨ

## ਸ੍ਰੀ ਸਵਰਨ ਕਾਂਤਾ ਜੀ ਮਹਾਰਾਜ

(ਪੰਜਾਬੀ ਸਾਹਿਤ ਦੀ ਪ੍ਰੇਰਿਕਾ ਸਾਧਵੀ ਅਤੇ ਉਨ੍ਹਾਂ ਦਾ ਪਰਿਵਾਰ)

ਸਾਧਵੀ ਸ੍ਰੀ ਸੁਖ ਦੇਵੀ ਜੀ ਅਚਾਰੀਆ ਨਾਗਰਮਲ ਜੀ ਦੀ ਪਰੰਪਰਾ ਵਿਚ ਸਨ । ਵਿ: ਸ: 1931 ਵਿਚ ਆਪ ਪੂਜ ਅ ਰ ਸਿੰਘ ਨਾਲ 15 ਸਾਧਵੀਆਂ ਨਾਲ ਸ਼ਾਮਲ ਹੋਈ (1) ਅਮਰ ਦੇਵੀ (2) ਨਿਹਾਲ ਦੇਵੀ (3) ਕਰਮੋ ਜੀ (4) ਗੁਰਦਿੱਤਾ ਜੀ (5) ਪਾਰੋ ਜੀ (6) ਅਕੋ ਜੀ (7) ਸ਼ਿਵਦਿਆਲੀ ਜੀ (8) ਸ੍ਰੀ ਭਾਗਵੰਡੀ ਜੀ (9) ਸ੍ਰੀ ਦਿਆ ਜੀ (10) ਸ੍ਰੀ ਜੀਵੀ ਜੀ (11) ਸ੍ਰੀ ਪਾਨੋ ਜੀ (12) ਸ੍ਰੀ ਪਾਲੋ ਜੀ (13) ਸ੍ਰੀ ਗੋਗੀ

ਜੀ (14) ਸ੍ਰੀ ਜਮਨਾ ਜੀ (15) ਸ੍ਰੀ ਰਾਧਾ ਜੀ।

ਸ੍ਰੀ ਨਿਹਾਲੀ ਦੇਵੀ ਜਾਲੰਧਰ ਨਿਵਾਸੀ ਸਨ। ਆਪ ਦੀਆਂ ਤਿੰਨ ਚੇਲੀਆਂ ਸਨ (1) ਗੰਗਾ ਦੇਵੀ ਜੀ (2) ਸ੍ਰੀ ਖੂਬਾ (3) ਸ੍ਰੀ ਜੀਵੀ ਜੀ। ਗੰਗਾ ਦੇਵੀ ਦੀਆਂ ਦੋ ਚੇਲੀਆਂ ਸਨ ਜਮੁਨਾ ਤੇ ਲਾਜਵੰਤੀ।

ਸਾਧਵੀ ਜਮੁਨਾ ਜੀ ਦਾ ਜਨਮ ਲੁਧਿਆਣੇ ਵਿਖੇ ਸ: 1929 ਮਾਘ ਸੁਦੀ 13 ਨੂੰ ਹੋਇਆ। ਸ: 1960 ਵੈਸਾਖ 5 ਨੂੰ ਆਪ ਲੁਧਿਆਣੇ ਵਿਖੇ ਸਾਧਵੀ ਬਣੇ। ਆਪ ਦਾ ਸਵਰਗਵਾਸ ਸ: 2008 ਪੋਹ 15 ਨੂੰ ਪਾਨੀਪਤ ਵਿਖੇ ਹੋਇਆ। ਆਪ ਦੀ ਚੇਲੀ ਪੰਨਾ ਦੇਵੀ ਹੋਈ। ਪੰਨਾ ਦੇਵੀ ਜੀ ਦਾ ਜਨਮ ਹਿਸਾਰ ਵਿਖੇ ਸ: 1946 ਮੱਘਰ ਕ੍ਰਿਸ਼ਨਾ 2 ਨੂੰ ਬੜੇ ਅਮੀਰ ਘਰਾਣੇ ਵਿਚ ਹੋਇਆ। ਆਪ ਦੀ ਦੀਖਿਆ ਸ: 1971 ਨੂੰ ਰਾਮਪੁਰਾ ਵਿਖੇ ਹੋਈ। ਆਪ ਦਾ ਸਵਰਗਵਾਸ ਦਿਲੀ ਵਿਖੇ ਸ: 2012 ਨੂੰ ਹੋਇਆ। ਆਪ ਦੀਆਂ ਪੰਜ ਚੇਲੀਆਂ ਸਨ (1) ਹੁਕਮੀ ਦੇਵੀ (2) ਪ੍ਰਿਆ ਵਤੀ (3) ਪ੍ਰੇਮ ਕੁਮਾਰੀ (4) ਪ੍ਰਕਾਸ਼ ਵਤੀ (5) ਚੰਦਰ ਕਲਾ।

ਹੁਕਮੀ ਦੇਵੀ ਦੀਆਂ ਪਦਮਾ ਅਤੇ ਸੁਮਤੀ ਜੀ ਚੇਲੀਆਂ ਸਨ। ਪਦਮਾ ਜੀ ਦੀਆਂ ਦੋ ਚੇਲੀਆਂ ਸ੍ਰੀ ਸਤਿਆ ਵਤੀ ਅਤੇ ਪਵਨ ਕੁਮਾਰੀ ਜੀ ਹੋਈਆਂ। ਸਤਿਆਵਤੀ ਦੀਆਂ ਚੰਪਕ ਮਾਲਾ, ਪ੍ਰਮੋਦ ਕੁਮਾਰੀ ਤੇ ਜਿਤੇਂਦਰ ਕੁਮਾਰੀ ਜੀ ਹੋਏ ਹਨ।

ਸੁਮਤੀ ਜੀ ਦੀ ਇਕ ਚੇਲੀ ਸ਼ਸ਼ੀਕਾਂਤਾ ਜੀ ਹਨ ਉਨ੍ਹਾਂ ਦੀਆਂ ਚੇਲੀਆਂ ਵਿਚੋਂ ਸ੍ਰੀ ਸਰਿਤਾ ਜੀ ਐਮ. ਏ. (ਹਿੰਦੀ ਸੰਸਕ੍ਰਿਤ) ਹਨ।

ਪ੍ਰਿਆ ਵਤੀ ਜੀ ਦੀਆਂ ਬਲਭਵਤੀ, ਵਿਜੇਂਦਰ ਕੁਮਾਰੀ, ਸੁਸ਼ੀਲਾ ਜੀ ਹਨ। ਪ੍ਰੇਮ ਕੁਮਾਰੀ ਜੀ ਦੀਆਂ ਵਿਜੈ ਕੁਮਾਰੀ ਅਤੇ ਸ਼ਾਂਤੀ ਦੇਵੀ ਹਨ।

ਸਾਧਵੀ ਲਾਜਵੰਤੀ ਰਾਵਲਪਿੰਡੀ ਦੇ ਰਹਿਨ ਵਾਲੇ ਸਨ। ਆਪ ਪ੍ਰਸਿੱਧ ਸਮਾਜ-ਸੁਧਾਰਕ ਖਜ਼ਾਨਚੰਦ ਜੀ ਮਹਾਰਾਜ ਦੇ ਰਿਸ਼ਤੇਦਾਰ ਸਨ।

ਸਾਧਵੀ ਜੀਵੀ ਜੀ ਨਿਹਾਲੀ ਦੇਵੀ ਜੀ ਮਹਾਰਾਜ ਦੀ ਚੇਲੀ ਸਨ। ਆਪ ਦੇ ਪ੍ਰੇਮ ਦੇਵੀ ਹੋਏ।

——

## ਲੋਂਕਾਗੱਛ ਦੀਆਂ ਕੁਝ ਪ੍ਰਮੁੱਖ ਸਾਧਵੀਆਂ

# ਸਾਧਵੀ ਸ਼੍ਰੀ ਖੇਤਾਂ ਜੀ

ਆਪਦਾ ਜਨਮ, ਮਾਤਾ, ਪਿਤਾ ਵਾਰੇ ਇਤਿਹਾਸ ਚੁੱਪ ਹੈ। ਆਪ ਅਚਾਰਿਆ ਹਰੀ ਦਾਸ ਜੀ ਜਾਂ ਅਚਾਰਿਆ ਵਿੰਦਰਾਵਨ ਪਾਸੋਂ ਸੰ: 1750 ਵਿਚ ਸਾਧਵੀ ਬਣੇ ਸਨ। ਆਪਦਾ ਪ੍ਰਚਾਰ ਪੰਜਾਬ, ਹਰਿਆਣਾ ਦੇ ਕੁਝ ਖੇਤਰ ਸਨ। ਆਪਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਉੱਚੇ ਘਰਾਣੇ ਦੀਆਂ ਇਸਤਰੀਆਂ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ।

ਆਪ ਜੀ ਦੀ ਇਕ ਚੇਲੀ ਬਰਾਤਾ ਜੀ ਦਾ ਜਿਕਰ ਆਇਆ ਹੈ। ਦੋ ਹੋਰ ਚੇਲੀਆਂ ਦੇ ਨਾਂ ਵੀ ਮਿਲਦੇ ਹਨ ਇਹ ਸਨ। (1) ਮੀਨਾ ਜੀ (2) ਕਕੋ ਜੀ।

# ਸਾਧਵੀ ਸ਼੍ਰੀ ਵਗਤਾ ਜੀ

ਆਪਦਾ ਜਨਮ ਸੰਮਤ ਵਾਰੇ ਇਤਿਹਾਸ ਚੁਪ ਹੈ। ਆਪਦੇ ਪਿਤਾ ਸ਼੍ਰੀ ਰਤਨ ਸਿੰਘ ਅਤੇ ਮਾਤਾ ਸ਼੍ਰੀਮਤੀ ਥੇਆ ਜੀ ਸਨ। ਆਪ ਰਾਜਪੂਤ ਕਿਸਾਨ ਸਨ। ਆਪਦੀ ਦੀਖਿਆ ਸੰ: 1750 ਹੈ।

ਆਪਦੀ ਪ੍ਰਮੁਖ ਚੇਲੀਆਂ ਸਨ—(1) ਦਿਆ ਜੀ, (`) ਸੀਤਾ ਜੀ, (3) ਫੂਲੋ ਜੀ। ਆਪ ਜੀ ਦੀ ਇਕ ਹੋਰ ਚੇਲੀ ਸ਼੍ਰੀ ਸੀਤਾ ਜੀ ਮਹਾਰਾਜ ਸਨ।

ਆਪਨੇ ਪੰਜਾਬ ਦੇ ਦੂਰ ਦੁਰਾਡੇ ਖੇਤਰਾਂ ਵਿਚ ਜੈਨ ਧਰਮ ਦਾ ਸੁਨੇਹਾ ਪਹੁੰਚਾਇਆ। ਆਪਦੀ ਇਕ ਹੋਰ ਸਾਧਵੀ ਸ਼੍ਰੀ ਸਜਨਾ ਜੀ ਸਨ। ਜਿਨ੍ਹਾਂ ਦੇ ਲਿਖੇ ਨਸਿਥ ਸੂਤਰ ਟਬਾ ਦੀ ਪ੍ਰਤਿ ਸੰ. 1765 ਸਾਵਨ ਵਦੀ 11 ਦੀ ਲਿਖੀ ਹੈ।

ਸਾਧਵੀ ਵਗਤਾ ਵਾਰੇ ਕਈ ਕਹਾਣੀਆਂ ਪ੍ਰਚਲਿਤ ਹਨ। ਇਕ ਵਾਰ ਆਪ ਇਕ ਪਿੰਡ ਵਿਚ ਪਹੁੰਚੇ। ਆਪ ਦੀਆਂ ਚੇਲੀਆਂ ਭੋਜਨ ਲਈ ਪਿੰਡ ਪਹੁੰਚੀਆਂ। ਭੋਜਨ ਆ ਗਿਆ। ਆਪਨੇ ਭੋਜਨ ਨੂੰ ਵੇਖਕੇ ਕਿਹਾ "ਇਹ ਭੋਜਨ ਸੁਟ ਦੇਵੋ" ਚੇਲੀਆਂ ਨੇ ਭੋਜਨ ਸੁਟ ਦਿਤਾ। ਵਾਅਦ ਵਿਚ ਪਤਾ ਲਗਾ ਕਿ ਸਾਰਾ ਪਿੰਡ ਮੁਸਲਮਾਨਾਂ ਦਾ ਹੋਣ ਕਾਰਣ ਭੋਜਨ ਅਸ਼ੁਧ ਸੀ ਅਤੇ ਇਸ ਵਿਚ ਆਂਡੇ ਦੀ ਜਰਦੀ ਸੀ।

ਆਪਦਾ ਸਵਰਗਵਾਸ ਸੰ: 1780 ਵਿਚ ਹੋਇਆ।

# ਧਰਮ ਪ੍ਰਚਾਰਿਕਾ ਸਾਧਵੀ ਸੀਤਾ ਜੀ

ਆਪ ਅਮਿਰਤਸਰ ਦੇ ਰਹਿਣ ਵਾਲੇ ਸਨ। ਆਪਦੀ ਮਾਤਾ ਸ੍ਰੀਮਤੀ ਅਮਰਿਤਾ ਦੇਵੀ ਬੜੀ ਧਾਰਮਿਕ ਲਗਨ ਦੀ ਮਾਲਿਕ ਸੀ। ਆਪਦਾ ਪਰਿਵਾਰ ਸਟਾਫੀ ਦਾ ਕੰਮ ਕਰਦਾ ਸੀ। ਇਸ ਲਈ ਆਪਦੇ ਪਰਿਵਾਰ ਨੂੰ ਜੌਹਰੀ ਪਰਿਵਾਰ ਆਖਦੇ ਸਨ।

ਆਪ ਅਪਣੀ ਮਾਤਾ ਜੀ ਦੀ ਪ੍ਰੇਰਣਾ ਨਾਲ ਜੈਨ ਸਾਧਵੀ ਬਣੇ। ਸੰ: 1755 ਵਿਚ ਆਪਣੇ ਸਾਧਵੀ ਵਗੜਾ ਪਾਸੋਂ ਦੀਖਿਆ ਗ੍ਰਹਿਣ ਕੀਤੀ। ਆਪ ਬਾਲ ਬ੍ਰਹਮਚਾਰਨੀ ਸਨ।

ਆਪਦਾ ਉਪਦੇਸ਼ ਆਮ ਲੋਕਾਂ ਦੀ ਮੁਕਤੀ ਦਾ ਉਪਦੇਸ਼ ਸੀ। ਇਕ ਵਾਰ ਆਪਨੇ 5000 ਇਕੱਠੇ ਇਸਤਰੀ ਪੁਰਸ਼ਾਂ ਦਾ ਮਾਂਸ ਸ਼ਰਾਬ ਦਾ ਤਿਆਗ ਕਰਵਾਇਆ।

ਆਪਦਾ ਸਵਰਗਵਾਸ ਸੰਬਤ ਦਾ ਪਤਾ ਨਹੀਂ।

# ਸਾਧਵੀ ਖੇਮਾ ਜੀ

ਆਪ ਸਾਧਵੀ ਸੀਤਾ ਜੀ ਦੀ ਪ੍ਰਮੁਖ ਚੇਲੀ ਸਨ। ਆਪਦਾ ਜਨਮ ਸਥਾਨ ਪਿੰਡ ਰੋੜਕਾ (ਰੋਹਤਕ) ਹੈ। ਆਪਨੇ ਘਰ ਗ੍ਰਹਿਸਥੀ ਛੱਡਕੇ ਬਡੇਰੀ ਉਮਰ ਵਿਚ ਸੰ. 1800 ਨੂੰ ਸਾਧਵੀ ਜੀਵਨ ਗ੍ਰਹਿਣ ਕੀਤਾ।

ਸੰ. 1809 ਵਿਚ ਆਪ ਇਕ ਸਾਧੂ ਸੰਮੇਲਨ ਵਿਚ ਹਿਸਾ ਲੈਣ ਲਈ ਸਿਆਲ-ਕੋਟ ਤੋਂ ਪਚੇਬਰ ਪਿੰਡ ਪਧਾਰੇ ਸਨ।

ਆਪ ਦੀਆਂ ਪ੍ਰਮੁੱਖ ਚੇਲੀਆਂ ਸਨ—(1) ਸ੍ਰੀ ਸਦਾ ਕੁੰਵਰ; (2) ਸ੍ਰੀ ਬੇਨਤੀ ਜੀ, (3) ਸ੍ਰੀ ਸਜਨਾ ਜੀ।

ਸਾਧਵੀ ਜੀ ਦੇ ਧਰਮ ਪ੍ਰਚਾਰ ਦਾ ਖੇਤਰ ਬਹੁਤ ਵਿਸ਼ਥਾਰ ਵਾਲਾ ਸੀ। ਆਪਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਕੇ 250 ਵਿਵਾਹਿਤ ਪੁਰਸ਼ਾਂ ਇਸਤਰੀਆਂ ਨੇ ਬ੍ਰਹਮਚਰਜ ਵਰਤ ਗ੍ਰਹਿਣ ਕੀਤਾ।

# ਸਾਧਵੀ ਫੂਲਾਂ ਜੀ

ਆਪਦੇ ਵਾਰੇ ਬਹੁਤ ਘੱਟ ਇਤਿਹਾਸਕ ਜਾਣਕਾਰੀ ਮਿਲਦੀ ਹੈ। ਆਪ ਸੰ. 1877 ਵਿਚ ਮਾਜੂਦ ਸਨ। ਸ਼ਾਇਦ ਆਪ ਸਾਧਵੀ ਬਖਤਾ ਜੀ ਦੀ ਚੇਲੀ ਸਨ।

ਪੰਚੇਵਰ ਦੇ ਰਿਸ਼ੀ ਸੰਮੇਲਨ ਵਿਚ ਆਪ ਹਾਜਰ ਹੋਏ ਸਨ।

ਆਪ ਵਾਰੇ ਜਾਣਕਾਰੀ ਦਾ ਆਧਾਰ ਆਪ ਰਾਹੀਂ ਹੱਥ ਲਿਖਤ ਔਪਪਾਤਿਕ ਸੂਤਰ ਦਾ ਆਖਰੀ ਨੋਟ ਹੈ।

ਆਪਦਾ ਪ੍ਰਚਾਰ ਖੇਤਰ ਸਾਰਾ ਪੰਜਾਬ, ਉਤਰਪ੍ਰਦੇਸ਼ ਸੀ। ਆਪ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੇ ਮਹਾਨ ਵਿਦਵਾਨ ਸਨ।

# ਸਾਧਵੀ ਸ਼੍ਰੀ ਗਿਆਨਾ ਜੀ

ਆਪਦਾ ਸ਼ਵੇਤਾਂਵਰ ਜੈਨ ਸਥਾਨਕਵਾਸੀ ਪ੍ਰੰਪਰਾ ਵਿਚ ਪ੍ਰਮੁੱਖ ਸਥਾਨ ਹੈ। ਆਪਦੀ ਸਾਧਵੀ ਦੀਖਿਆ ਸ਼ੰ. 1870 ਨੂੰ ਸੁਨਾਮ ਵਿਖੇ ਹੋਈ। ਆਪ ਬਹੁਤ ਸਰਲ, ਸ਼ਾਂਤ, ਤਪਸਵੀ ਅਤੇ ਗਿਆਨੀ ਸਨ।

ਸੰ. 1895 ਤੱਕ ਆਪ ਹਾਜਰ ਸਨ। ਆਪਦੇ ਸਮੇਂ ਸਦਾ ਕੁੰਵਰ ਨਾਂ ਦੀ ਸਾਧਵੀ ਦਾ ਵਰਨਣ ਮਿਲਦਾ ਹੈ। ਜਿਨ੍ਹਾਂ ਸ਼ੰ. 1898 ਵਿਚ **ਨੇਮੀਨਾਥ ਵਿਆਲਾ ਨਾਂ** ਦੀ ਪੁਸਤਕ ਦੀ ਨਕਲ ਕੀਤੀ। ਆਪ ਦੀ ਮਹਾਨਤਾ ਦਾ ਕਾਰਣ ਹੈ "ਇਕ ਵਾਰ ਪੰਜਾਬ ਵਿਚ ਸਾਰੇ ਸਾਧੂ ਮਰ ਗਏ। ਕੁੱਝ ਸਾਧਵੀਆਂ ਦੇ ਸਹਾਰੇ ਜੈਨ ਧਰਮ ਚਲ ਰਿਹਾ ਸੀ। ਆਪਨੂੰ ਇਸ ਵਾਰੇ ਬਹੁਤ ਚਿੰਤਾ ਸੀ। ਆਪਨੇ ਇਕ ਰਾਜਪੂਤ ਨਿਹਾਲਚੰਦ ਦੇ ਪੁੱਤਰ ਸ਼੍ਰੀ ਰਾਮ ਲਾਲ ਧਰਮ ਪ੍ਰਚਾਰ ਹਿੱਤ ਪ੍ਰਾਪਤ ਕੀਤਾ। ਸਾਧਵੀ ਮਰਿਆਦਾ ਦਾ ਪੂਰਾ ਧਿਆਨ ਰਖਦੇ ਹੋਏ ਉਸਨੂੰ ਜੈਨ ਸ਼ਾਸਤਰ, ਵਿਆਕਰਣ, ਜੋਤਸ਼ ਅਤੇ ਮੰਤਰ ਸ਼ਾਸ਼ਤਰ ਦੀ ਦੀਖਿਆ ਦਿਤੀ ਵਾਅਦ ਵਿਚ ਸ੍ਰੀ ਰਾਮਲਾਲ ਜੀ ਸਾਧੂ ਬਣ ਗਏ। ਇਹ ਮੁਨੀ ਰਾਮ ਲਾਲ, ਅਚਾਰਿਆ ਛੱਜ ਮਲ ਦੀ ਪੰਜਾਬੀ ਪ੍ਰੰਪਰਾ ਦੇ ਵਾਰਸ ਬਣੇ। ਅਚਾਰਿਆ ਰਾਮਲਾਲ ਜੀ ਪੂਜ ਅਮਰ ਸਿੰਘ ਜੀ ਦੇ ਗੁਰੂ ਸਨ। ਸਾਧਵੀ ਸ਼ੇਰਾ ਨੇ ਪੂਜ ਅਮਰਸਿੰਘ ਜੀ ਦੀ ਪ੍ਰੇਰਣਾ ਦੇ ਕੇ ਸਾਧੂ ਬਣਾਇਆ ਸੀ। ਇਸ ਸਾਧਵੀ ਦੇ ਸਵਰਗਵਾਸ ਸੰਬਤ ਵਾਰੇ ਕੁਝ ਪਤਾ ਨਹੀਂ ਚਲਦਾ।

# ਸਾਧਵੀ ਸਜਨਾ ਜੀ

ਆਪ ਦਿਲੀ ਦੇ ਰਹਿਣ ਵਾਲੇ ਸਨ। ਜਾਤੀ ਤੋਂ ਰਾਜਪੂਤ ਸਨ। ਆਪ ਵਾਰੇ ਕੋਈ ਇਤਿਹਾਸਕ ਜਾਣਕਾਰੀ ਨਹੀਂ ਮਿਲਦੀ। ਸੰ. 1865 ਵਿਚ ਆਪ ਜੈਨ ਸਾਧਵੀ ਬਣੇ। ਆਪਦੀਆਂ ਦੋ ਪ੍ਰਮੁਖ ਚੇਲੀਆ ਸਨ—(1) ਸ਼੍ਰੀ ਗਿਆਨਾ ਜੀ, (2) ਸ੍ਰੀ ਸ਼ੇਰਾ ਜੀ।

ਆਪਦਾ ਧਰਮ ਪ੍ਰਚਾਰ ਖੇਤਰ ਪੰਜਾਬ, ਹਰਿਆਣਾ ਤੇ ਉਤਰਪ੍ਰਦੇਸ਼ ਹੈ।

# ਸਾਧਵੀ ਮੂਲਾ ਜੀ

ਆਪ ਅਮਾਰਜਾਤੀ ਨਾਲ ਸੰਬੰਧਿਤ ਸਨ। ਭੱਪਸਵੀ ਸ਼੍ਰੀ ਛੱਜਮਲ ਜੀ ਸੰਸਾਰ ਪਖੋਂ ਆਪ ਮਾਸੜ ਮਨ ਆਪਦੀ ਦੀਖਿਆ ਸੰ 1897 ਵਿਚ ਹੋਈ। ਆਪਦੀ ਗੁਰੂਣੀ ਸਾਧਵੀ ਖੁਬਾਂ ਜੀ ਸ਼ਨ। ਆਪਨੇ ਜੈਨ ਅਜੈਨ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਆਪ ਦੀਆਂ ਤਿੰਨ ਪ੍ਰਮੁੱਖ ਚੇਲੀਆਂ ਸਨ। (1) ਸ੍ਰੀ ਵਢੋ ਜੀ, (2) ਸ੍ਰੀ ਤਾਭੋਜੀ, (3) ਸ੍ਰੀ ਮੇਲੋ ਜੀ।

# ਸਾਧਵੀ ਮੱਲੋ ਜੀ

ਆਪਦਾ ਜਨਮ ਗੁਜਰਾਂ ਵਾਲੇ ਵਿਖੇ ਲਾਲਾ ਪੰਨਾ ਲਾਲ ਦੇ ਘਰ ਹੋਈਆ। ਸੰਬਤ 1901 ਵਿਚ ਆਪਨੇ ਕਾਂਧਲਾ ਉਤਰਤੇਦੇਸ਼ ਵਿਚ ਜੈਨ ਸਾਧਵੀ ਦੀਖਿਆ ਗ੍ਰਹਿਣ ਕੀਤੀ। ਆਪਨੇ ਪੰਜਾਬ, ਹਰਿਆਣਾ, ਉਤਰਪ੍ਰਦੇਸ਼, ਰਾਜਸਥਾਨ ਵਿਚ ਧਰਮ ਪ੍ਰਚਾਰ ਕੀਤਾ। 84 ਸਾਲ ਦੀ ਉਮਰ ਵਿਚ ਆਪਦਾ ਸਵਰਗਵਾਸ ਮਘਰ ਸੁਕਲਾ ਸੰਬਤ 1964 ਨੂੰ ਰਾਏ-ਕੋਟ (ਲੁਧਿਆਣਾ) ਵਿਖੇ ਹੋਈਆ।

# ਸਾਧਵੀ ਸ਼੍ਰੀ ਚੰਪਾ ਜੀ

ਆਪ ਦਿੱਲੀ ਨਿਵਾਸੀ ਲਾਲਾ ਰੂਪਚੰਦ ਦੀ ਸੁਪੁੱਤਰੀ ਸਨ। ਆਪ ਲਾਲਾ ਗੁਲਾਬ ਚੰਦ ਜੌਹਰੀ ਦੀ ਨੂੰ ਸਨ। ਵਿਆਹ ਤੋਂ ਬਾਅਦ ਆਪਨੇ ਸੰਜਮ ਗ੍ਰਹਿਣ ਕੀਤਾ। ਆਪਦੀ ਦੀਖਿਆ ਸੰ. 1928 ਫਾਗੁਣ ਵਦੀ ਨੂੰ ਹੋਈ। ਸੰ. 1975 ਤੱਕ ਆਪ ਮਾਜੂਦ ਸਨ।

# ਪੰਜਾਬੀ ਜੈਨ ਸਾਧਵੀ ਪ੍ਰੰਪਰਾ

## ਮੁਖ ਧਾਰਾਵਾਂ (ਸਥਾਨਕਵਾਸੀ ਪ੍ਰੰਪਰਾ)

| | ਪਹਿਲੀ | ਦੂਸਰੀ | ਤੀਸਰੀ | ਚੌਥੀ |
|---|---|---|---|---|
| 1 | ਵਗਤਾ ਜੀ | ਵਗਤਾ ਜੀ | ਵਗਤਾ ਜੀ | ਵਗਤਾ ਜੀ |
| 2 | ਸੀਤਾ ਜੀ | ਸੀਤਾ ਜੀ | ਸ਼ੀਤਾ ਜੀ | ਸੀਤਾ ਜੀ |
| 3 | ਖੇਮਾ ਜੀ | ਖੇਮਾ ਜੀ | ਖੇਮਾ ਜੀ | ਖੇਮਾ ਜੀ |
| 4 | ਸਜ਼ਨਾ ਜੀ | ਸਜਨਾ ਜੀ | ਬੇਨਤੀ ਜੀ | — |
| 5 | ਗਿਆਨਾ ਜੀ | ਗਿਆਨਾ ਜੀ | ਜਿਆ ਜੀ | — |

| | | | | |
|---|---|---|---|---|
| 6 | ਖੂਬਾਂ ਜੀ | ਖੂਬਾਂ ਜੀ | ਬੀਨਾ ਜੀ | ਸੁਖਦੇਵੀ ਜੀ |
| 7 | ਮੂਲਾਂ ਜੀ | ਮੂਲਾਂ ਜੀ | ਵਖੋ ਜੀ | ਨਿਹਾਲਦੇਵੀ ਜੀ |
| 8 | ਮੇਲੋ ਜੀ | ਤਾਬੋ ਜੀ | ਗ਼ਾਂਗੋ ਜੀ | ਗੰਗਾ ਜੀ |
| 9 | ਪਾਰਵਤੀ | ਜੈ ਦੇਵੀ | ਪਨਾ ਜੀ | ਮੁਨਾ ਜੀ |
| 10 | ਰਾਜਮਤੀ | ਪਾਨ ਕੁਵਰ ਜੀ | ਚੰਦਾ ਜੀ | ਪੰਨਾ ਜੀ |
| 11 | — | ਕੇਵਲੀ ਜੀ | — | — |

## ਉਪਧਾਰਾਵਾਂ

| | ਪਹਿਲੀ | ਦੂਸਰੀ | ਤੀਸਰੀ | ਚੌਥੀ |
|---|---|---|---|---|
| 1 | ਸਜਨਾ ਜੀ | ਤਾਬੋ ਜੀ | ਬਖੋ ਜੀ | ਨਿਹਾਲ ਦੇਵੀ |
| 2 | ਸੇਤਾ ਜੀ | ਜੈ ਦੇਵੀ | ਲਖਮਾ ਜੀ | ਪ੍ਰੇਮ ਦੇਵੀ |
| 3 | ਪੂਰਨਦੇਵੀ | ਗੰਗੋ ਜੀ | ਦੇਵਾ ਜੀ | ਜੀਵਾ ਜੀ |
| 4 | ਪਰਮੇਸ਼ਵਰੀ ਜੀ | ਮਥੁਰਾ ਜੀ | — | ਹੁਕਮ ਦੇਵੀ |
| 5 | — | — | — | ਇੰਦਰਕੌਰ |

(ਖ) ਤਪਾਗੱਛ, ਖਰਤਰ ਗੱਛ ਦੀਆਂ ਸਾਧਵੀਆਂ ਦੀ ਵੀ ਕੋਈ ਪਟਾਵਲੀ ਨਹੀਂ।)

(1) ਖੂਬਾਂ ਜੀ
(2) ਨਿਹਾਲਦੇਵੀ (ਨੰਦਕੌਰ)
(3) ਬਚਨਾ ਜੀ
(4) ਵਿਨੈਵੰਤੀ ਜੀ
(5) ਪ੍ਰਭਾਵਤੀ ਜੀ

(ਅਚਾਰਿਆ ਅਮਰਸਿੰਘ ਜੀ ਜੀਵਨ ਚਰਿਤਰ 115 ਲੇ ਸ਼੍ਰੀ ਸੁਮਨ ਮੁਨੀ ਜੀ ਮ.)

# ਅਚਾਰਿਆ ਸ੍ਰੀ ਰੱਤੀ ਰਾਮ ਜੀ

ਅਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ ਦਾ ਸੰਬੰਧ ਇਸ ਅਚਾਰਿਆ ਨਾਲ ਹੀ ਹੈ। ਆਪਦਾ ਜਨਮ ਹਰਿਆਣੇ ਦੇ ਕਿਸੇ ਪਿੰਡ ਵਿਚ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਰਾਜਸਥਾਨੀ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ। ਆਪ ਮਹਾਨ ਯੁੱਗ ਪ੍ਰਵਰਤਕ ਸਨ। ਆਪਦੇ ਜੀਵਨ ਵਾਰੇ ਇਕ ਘਟਨਾ ਬਹੁਤ ਮਸ਼ਹੂਰ ਹੈ।

ਸੰ: 1887 ਨੂੰ ਆਪ ਮਾਲੇਰ ਕੋਟਲੇ ਵਿਖੇ ਵਿਰਾਜਮਾਨ ਸਨ। ਭੈੜੇ ਕਰਮਾਂ ਦਾ ਸਿਟਾ ਸੀ ਕਿ ਆਪ ਦੇ ਸ਼ਰੀਰ ਤੋਂ ਦੁਰਗੰਧ ਸ਼ੁਰੂ ਹੋ ਗਈ। ਸ਼ਰੀਰ ਦੇ ਅੰਗ ਗਲਨ ਸੜਨ ਲਗੇ। ਲੋਕ ਆਪ ਨੂੰ ਘ੍ਰਿਣਾ ਨਾਲ ਵੇਖਣ ਲਗ ਪਏ। ਲੋਕਾਂ ਨੇ ਇਹ ਸ਼ਿਕਾਇਤ ਮਾਲੇਰ ਕੋਟਲਾ ਦੇ ਨਵਾਬ ਸੂਬਾ ਖਾਨ ਕੋਲ ਕੀਤੀ। ਜੱਦ ਉਹ ਅਪਣੇ ਮਹਿਲ ਤੇ ਇਸ ਘਟਨਾ ਦੀ ਪੜਤਾਲ ਲਈ ਚਲਿਆ, ਤਾਂ ਉਸਦੇ ਸ਼ਰੀਰ ਨੂੰ ਅਨੋਖੀ ਸੁਗੰਧ ਦਾ ਅਨੁਭਵ ਹੋਇਆ, ਉਹਨੇ ਲੋਕਾਂ ਦੇ ਆਖੇ ਜੱਦ ਜੈਨ ਸਥਾਨਕ ਵਿਚ ਪੈਰ ਪਾਇਆ ਤਾਂ ਉਸਦਾ ਸ਼ਰੀਰ ਅਲੌਕਿਕ ਸੁਗੰਧ ਨਾਲ ਮਹਿਕ ਉਠਿਆ। ਨਵਾਬ ਆਪਦਾ ਭਗਤ ਬਨ ਗਿਆ। ਆਪਦੇ ਚਮਤਕਾਰ ਦੀਆਂ ਬਹੁੱਤ ਕਹਾਣੀਆਂ ਹਨ। ਆਪਦੀ ਸਮਾਧੀ ਮਾਲੇਰ ਕੋਟਲੇ ਵਿਖੇ ਹੈ।

ਆਪ ਹੀ ਪ੍ਰਸਿਧ ਜੈਨ ਸੰਤ ਸ੍ਰੀ ਰੂਪ ਚੰਦ ਜੀ ਮਹਾਰਾਜ ਦੇ ਦਾਦਾ ਗੁਰੂ ਸਨ। ਆਪਨੇ ਅਨੇਕਾਂ ਸਾਧੂ, ਸਾਧਵੀਆਂ ਨੂੰ ਜੈਨ ਗ੍ਰੰਥਾਂ ਦਾ ਸੁਖਮ ਅਧਿਐਨ ਕਰਾਇਆ।

# ਅਚਾਰਿਆ ਸ੍ਰੀ ਨੰਦਲਾਲ ਜੀ ਮਹਾਰਾਜ

ਆਪ ਕਸਮੀਰੀ ਬ੍ਰਾਹਮਣ ਸਨ। ਆਪਨੇ ਸੰ. 1861 ਵਿਚ 18 ਸਾਲ ਦੀ ਭਰੀ ਜਵਾਨੀ ਵਿਚ ਸੰਸਾਰਿਕ ਸੁਖ ਤਿਆਗ ਕੇ ਜੈਨ ਫਕੀਰੀ ਗ੍ਰਹਿਣ ਕੀਤੀ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ, ਰਾਜਸਥਾਨੀ, ਫਾਰਸੀ ਅਤੇ ਉਰਦੂ ਦੇ ਮਹਾਨ ਵਿਦਵਾਨ ਸਨ।

ਆਪਨੇ ਪ੍ਰਾਕ੍ਰਿਤ ਭਾਸ਼ਾ ਵਿਚ ਲਬਧੀ ਪ੍ਰਕਾਸ਼ ਨਾਂ ਦਾ ਗ੍ਰੰਥ ਕਪੂਰਥਲੇ ਵਿਖੇ ਸੰਪੂਰਣ ਕੀਤਾ ਸੀ। ਆਪਨੇ ਕਵਿਤਾ ਰੂਪ ਵਿਚ 20 ਜੈਨ ਗ੍ਰੰਥਾਂ ਦੀ ਰਚਨਾ ਕੀਤੀ। ਇਨਾਂ ਸਭ ਗ੍ਰੰਥਾਂ ਦੀ ਰਚਨਾ ਦਾ ਸਮਾਂ ਸੰ. 1870 ਤੋਂ ਲੈ ਕੇ ਸੰ. 1906 ਤਕ ਦਾ ਹੈ। ਆਪ ਅਪਣੇ ਗੁਰੂ ਅਚਾਰਿਆ ਸ੍ਰੀ ਰਤੀਲਾਲ ਦੀ ਤਰ੍ਹਾਂ ਹੀ ਮਹਾਨ ਅਚਾਰਿਆ ਸਨ। ਆਪਨੇ ਹੀ ਸ੍ਰੀ ਰੂਪ ਚੰਦ ਜੀ ਮਹਾਰਾਜ ਨੂੰ ਦੀਖੀਅਤ ਕੀਤਾ। ਆਪਨੇ ਬਹੁਤੇ ਸਾਰੇ ਗ੍ਰੰਥਾਂ ਦੀਆਂ ਨਕਲਾ ਕੀਤੀਆਂ।

# ਚਮਤਕਾਰੀ ਪ੍ਰਭਾਵਕ ਸ੍ਰੀ ਰੂਪਚੰਦ ਜੀ ਮਹਾਰਾਜ

ਪੰਜਾਬ ਵਿਚ ਮਾਲੇਰਕੋਟਲੇ ਦਾ ਜੈਨ ਇਤਿਹਾਸ ਵਿਚ ਆਪਣਾ ਸਥਾਨ ਹੈ। ਇਸ ਸ਼ਹਿਰ ਨੇ ਜੈਨ ਸਮਾਜ ਨੂੰ ਮਹਾਨ ਸਾਧੂ ਪ੍ਰਦਾਨ ਕੀਤੇ ਹਨ। ਉਨ੍ਹਾਂ ਵਿਚ ਸ਼੍ਰੀ ਰੂਪ ਚੰਦ ਜੀ ਮਹਾਰਾਜ ਦਾ ਆਪਣਾ ਸਥਾਨ ਹੈ। ਪੰਜਾਬ ਦੇ ਹੀ ਨਹੀਂ, ਸਾਰੇ ਭਾਰਤ ਵਰਸ਼ ਵਿਚ ਸ਼੍ਰੀ ਰੂਪ ਚੰਦ ਜੀ ਮਹਾਰਾਜ ਦੀ ਉਪਾਸਨਾ, ਅਚਾਰੀਆ ਸ਼੍ਰੀ ਜਿਨਦੱਤ ਸੂਰੀ ਦੀ ਤਰ੍ਹਾਂ ਹੈ।

ਆਪ ਦਾ ਜਨਮ ਸੰ: 1868 ਮਾਘ ਦੀ ਦਸਮੀ ਨੂੰ ਲੁਧਿਆਣਾ ਵਿਖੇ ਹੋਇਆ। ਇਹ ਸ਼ਹਿਰ ਆਪ ਦੇ ਨਾਨਕੇ ਘਰ ਸੀ। ਬਚਪਨ ਵਿਚ ਹੀ ਆਪ ਨੂੰ ਮਹਾਨ ਚਮਤਕਾਰੀ ਅਚਾਰੀਆ ਰਤੀ ਰਾਮ ਜੀ ਮਹਾਰਾਜ ਦੇ ਉਪਦੇਸ਼ ਸੁਨਣ ਦਾ ਮੌਕਾ ਮਿਲਿਆ।

ਸ਼ੁਭ ਕਰਮ ਸਦਕਾ ਸੰ: 1894 ਫਗੁਣ ਵਦੀ 12 ਨੂੰ ਆਪਨੇ ਬੜੌਦਾ ਹਰਿਆਣਾ ਵਿਖੇ ਆਪ ਨੇ ਸੰਸਕ੍ਰਿਤ ਪ੍ਰਾਕ੍ਰਿਤ ਵਿਦਵਾਨ ਸ਼੍ਰੀ ਨੰਦ ਲਾਲ ਜੀ ਮਹਾਰਾਜ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਦਾ ਜੀਵਨ ਚਮਤਕਾਰਾਂ ਨਾਲ ਭਰਿਆ ਪਿਆ ਹੈ। ਆਪ ਦੇ ਧਰਮ ਪ੍ਰਚਾਰ ਤੋਂ ਮਹਾਰਾਜਾ ਪਟਿਆਲਾ ਕਾਫ਼ੀ ਪ੍ਰਭਾਵਿਤ ਸਨ। ਤਪੱਸਿਆ ਹੀ ਆਪ ਦਾ ਜੀਵਨ ਸੀ। ਆਪ ਨੇ ਸਾਰੇ ਉੱਤਰ ਭਾਰਤ ਵਿਚ ਧਰਮ ਪ੍ਰਚਾਰ ਕੀਤਾ।

ਸੰ: 1937 ਜੇਠ ਸ਼ੁਦੀ 12 ਨੂੰ ਆਪ ਦਾ ਸਵਰਗਵਾਸ ਜਗਰਾਵਾਂ ਵਿਖੇ ਹੋਇਆ। ਆਪ ਦਾ ਸਮਾਰਕ ਜਗਰਾਵਾਂ ਵਿਖੇ ਅੱਜ ਵੀ ਲੋਕਾਂ ਨੂੰ ਅਹਿੰਸਾ, ਸੱਚ, ਤਪ ਅਤੇ ਧਿਆਨ ਦਾ ਸੰਦੇਸ਼ ਦੇ ਰਿਹਾ ਹੈ।

# ਅਚਾਰਿਆ ਪੂਜ ਸ਼੍ਰੀ ਅਮਰ ਸਿੰਘ ਜੀ

ਅਜ ਪੰਜਾਬ ਵਿਚ ਘੁਮਣ ਵਾਲੇ 95% ਸਥਾਨਕ ਵਾਸੀ ਪੂਜ ਸ਼੍ਰੀ ਅਮਰ ਸਿੰਘ ਜੀ ਦੇ ਪਰਿਵਾਰ ਨਾਲ ਸੰਬੰਧਿਤ ਹਨ। ਆਪਦਾ ਜਨਮ ਸੰ. 1862 ਵੈਸਾਖ ਕ੍ਰਿਸ਼ਨਾ 6 ਨੂੰ ਅਮਰਿਤਸਰ ਵਿਖੇ ਹੋਇਆ। ਆਪਦੇ ਪਿਤਾ ਸ਼੍ਰੀ ਬੁਧ ਸਿੰਘ ਜੀ ਸਨ ਅਤੇ ਮਾਤਾ ਸ਼੍ਰੀ ਕਰਮੋ ਦੇਵੀ ਜੀ ਸਨ। ਆਪਦੇ ਮਾਤਾ ਪਿਤਾ ਜੌਹਰੀ ਦਾ ਧੰਦਾ ਕਰਦੇ ਸਨ। ਉਸ ਸਮੇਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਆਪਦੇ ਤਿੰਨ ਭਰਾ ਸਨ। ਮੋਹਰ ਸਿੰਘ, ਮੇਹਰ ਚੰਦ ਅਤੇ ਅਮਰ ਸਿੰਘ। ਆਪ ਸਭ ਤੋਂ ਛੋਟੇ ਸਨ। ਆਪ ਨੂੰ ਵਿਉਪਾਰ ਸੰਬੰਧੀ ਕਈ ਵਾਰ ਦਿਲੀ, ਜੈ ਪੁਰ ਜਾਣਾ ਪੈਂਦਾ ਸੀ।

ਬਚਪਨ ਤੋਂ ਹੀ ਆਪ ਨੂੰ ਧਾਰਮਿਕ ਸੰਸਕਾਰ ਵਿਰਾਸਤ ਵਿਚ ਮਿਲੇ ਸਨ। ਆਪਨੇ ਛੋਟੀ ਉਮਰ ਵਿਚ ਉਰਦੂ, ਹਿੰਦੀ ਅਤੇ ਫਾਰਸੀ ਦਾ ਚੰਗਾ ਅਧਿਐਨ ਕਰ

ਲਿਆ।

16 ਸਾਲ ਦੀ ਉਮਰ ਵਿੱਚ ਆਪ ਜੀ ਦੀ ਸ਼ਾਦੀ ਸਿਆਲਕੋਟ ਨਿਵਾਸੀ ਸ੍ਰੀ ਹੀਰਾ ਲਾਲ ਅਤੇ ਆਤਮੀ ਦੇਵੀ ਦੀ ਸਪੁਤਰੀ ਜਵਾਲਾ ਦੇਵੀ ਨਾਲ ਕਰ ਦਿਤੀ ਗਈ। ਵਿਆਹ ਤੋਂ ਥੋੜਾ ਸਮਾਂ ਬਾਅਦ ਆਪ ਜੀ ਦੇ ਮਾਤਾ ਪਿਤਾ ਦਾ ਸਵਰਗਵਾਸ ਹੋ ਗਿਆ। ਕੰਮ ਦਾ ਸਾਰਾ ਭਾਰ ਆਪਦੇ ਸਿਰ ਆ ਗਿਆ। ਆਪਦੇ ਘਰ ਦੋ ਪੁਤਰੀਆਂ ਅਤੇ ਤਿੰਨ ਪੁੱਤਰ ਹੋਏ। ਪਰ ਬੱਦ ਕਿਸਮਤੀ ਨਾਲ ਤਿੰਨੋ ਪੁੱਤਰ ਛੋਟੀ ਉਮਰ ਦੇ ਵਿਚ ਮਰ ਗਏ। ਇਹੋ ਬੜਾ ਕਾਰਣ ਸੀ ਜਿਸ ਕਾਰਣ ਆਪ ਨੂੰ ਸੰਸਾਰ ਦੇ ਸੁੱਖ ਝੂਠੇ ਤੇ ਨਿਰਾ ਅਧਾਰ ਲਗਨ ਲਗ ਪਏ। ਕੁਝ ਸਮੇਂ ਵਾਅਦ ਆਪ ਜੀ ਦੀ ਧਰਮ ਪਤਨੀ ਦਾ ਸਵਰਗਵਾਸ ਹੋ ਗਿਆ। ਆਪਨੇ ਦੋਹਾਂ ਧੀਆਂ ਦੇ ਵਿਆਹ ਯੋਗ ਕੁਲਾਂ ਵਿਚ ਕਰਕੇ ਸਾਧੂ ਬਨਣ ਦਾ ਇਰਾਦਾ ਕੀਤਾ।

ਆਪਨੇ ਅਪਣੀ ਦੁਕਾਨ ਦਾ ਪ੍ਰਬੰਧ ਅਪਣੇ ਪੰਜ ਮੁਨੀਮਾਂ ਨੂੰ ਸੰਭਾਲ ਦਿਤੀ। ਸੰਪਤੀ ਅਪਣੇ ਦੋਹਤੇ ਕਿਰਪਾ ਰਾਮ ਨੂੰ ਸੰਭਾਲ ਕੇ ਦਿਲੀ ਵਿਚ ਵਿਰਾਜਮਾਨ ਅਚਾਰਿਆ ਸ੍ਰੀ ਰਾਮ ਲਾਲ ਜੀ ਮਹਾਰਾਜ ਪਾਸ ਦੀਖਿਆ ਗ੍ਰਹਿਣ ਕੀਤੀ। ਆਪਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਸੁਨਾਮ ਦੇ ਦੋ ਉਪਾਸਕ ਸ੍ਰੀ ਰਾਮ ਰਤਨ ਜੀ ਸ੍ਰੀ ਜੋਅਤੀ ਦਾਸ ਨੇ ਵੀ ਆਪਦੇ ਨਾਲ ਸਾਧੂ ਜੀਵਨ ਗ੍ਰਹਿਣ ਕੀਤਾ। ਇਹ ਸ਼ੁਭ ਦਿਹਾੜਾ ਸੰ: 1898 ਵੈਸਾਖ ਕ੍ਰਿਸ਼ਨਾ 2 ਸੀ। ਉਸ ਸਮੇਂ ਆਪਦੀ ਉਮਰ 36 ਸਾਲ ਦੀ ਸੀ। ਆਪ ਸ਼ਾਸਤਰਾਂ ਦੇ ਮਹਾਨ ਜਾਣਕਾਰ, ਮਹਾਨ ਪ੍ਰਚਾਰਕ ਸੰਤ ਹੋਏ ਹਨ। ਆਪਨੇ ਪੰਜਾਬ, ਰਾਜਸਥਾਨ, ਦਿੱਲੀ, ਉਤਰ ਪ੍ਰਦੇਸ਼ਆਵਾਂ ਦੇ ਖੇਤਰਾਂ ਵਿਚ ਜੈਨ ਧਰਮ ਦਾ ਝੰਡਾ ਝੁਲਾਇਆ। ਹਜ਼ਾਰਾਂ ਲੋਕਾਂ ਨੇ ਆਂਪਦੀ ਪ੍ਰੇਰਣਾ ਨਾਲ ਅਪਣੇ ਜੀਵਨ ਦਾ ਕਲਿਆਨ ਕੀਤਾ।

ਆਪ ਬੁੱਢੇ ਸਾਧੂਆਂ ਦੀ ਸੇਵਾ ਕਰਨ ਵਿਚ ਵੀ ਬਹੁਤ ਮਸ਼ਹੂਰ ਸਨ। ਆਪਨੇ ਮਾਰਵਾੜੀ ਸਾਧੂ ਗੰਗਾਰਾਮ ਜੀ ਦੀ ਤਦ ਤਕ ਸੇਵਾ ਕੀਤੀ, ਜੱਦ ਉਨ੍ਹਾਂ ਨੂੰ ਜੀਵਨ ਰਾਮ ਨਾਂ ਦਾ ਚੇਲਾ ਪ੍ਰਾਪਤ ਨਾ ਹੋ ਗਿਆ। ਇਹੋ ਜੀਵਨ ਲਾਲ ਜੀ, ਸ਼ਵੇਤਾਂਵਰ ਮੂਰਤੀ ਪੂਜਕ ਸੰਤ ਵਿਜੈ ਨੰਦ ਜੀ ਦੇ ਸਥਾਨਕਵਾਸੀ ਗੁਰੂ ਸਨ। ਸ੍ਰੀ ਵਿਜੈ ਨੰਦ ਦਾ ਸਥਾਨਕਵਾਸੀ ਨਾਂ ਸ੍ਰੀ ਆਤਮਾ ਰਾਮ ਸੀ।

ਸੰ. 1913 ਵੈਸ਼ਾਖ ਕ੍ਰਿਸ਼ਨ 2 ਨੂੰ ਦਿਲੀ ਵਿਖੇ ਆਪ ਨੂੰ ਅਚਾਰਿਆ ਪਦੱਵੀ ਪ੍ਰਾਪਤ ਹੋਈ। ਆਂਪਨੇ ਅਨੇਕਾਂ ਗ੍ਰੰਥਾਂ ਦੀਆਂ ਨਕਲਾਂ ਤਿਆਰ ਕੀਤੀਆਂ। ਆਪ ਅਪਣੇ ਸਮੇਂ ਦੇ ਮਹਾਨ ਚਰਚਾਵਾਦੀ ਸਨ। ਉਨ੍ਹਾਂ ਦੀ ਲਿਖਿਆ ਦਯਾਸਤਕ ਨਾਂ ਦਾ ਗ੍ਰੰਥ ਮਿਲਦਾ ਹੈ। ਆਪ ਦੇ ਚੇਲੇ ਚੇਲੀਆਂ ਦੀ ਗਿਣਤੀ 90 ਦੇ ਕਰੀਬ ਸੀ।

ਆਪਦਾ ਸਵਰਗਵਾਸ ਸੰ. 1939 ਨੂੰ ਹਾੜ ਕ੍ਰਿਸ਼ਨ ਦੂਜ ਨੂੰ ਅਮਰਿਤਸਰ ਵਿਖੇ ਹੋਇਆ। ਅੱਜ ਪੰਜਾਬ ਵਿਚ ਘੁਮਣ ਵਾਲੇ ਜਿਆਦਾ ਸਾਧੂ ਸਾਧਵੀਆਂ ਦਾ ਸੰਬੰਧ ਅਚਾਰਿਆ ਸ੍ਰੀ ਅਮਰਸਿੰਘ ਜੀ ਨਾਲ ਹੈ। ਜੋ ਆਪ ਨੂੰ ਅਪਣਾ ਗੁਰੂ ਮਨਦੇ ਹਨ।

# ਅਚਾਰਿਆ ਬੁੱਧੀ ਵਿਜੈ (ਬੂਟੇ ਰਾਏ) ਜੀ

ਆਪ ਪੰਜਾਬ ਵਿਚ ਤੱਪਾ ਗੱਛਾਂ ਦਾ ਪ੍ਰਚਾਰ ਕਰਨ ਵਾਲੇ ਪਹਿਲੇ ਜੈਨ ਮੁਨੀ ਸਨ ਆਪਦਾ ਜਨਮ ਸੰ: 1863 ਵਿਚ ਲੁਧਿਆਣਾ ਜਿਲੇ ਦੇ ਬਹਿਲੋਲਪੁਰ ਪਿੰਡ ਤੋਂ 7-8 ਮੀਲ ਦੂਰ ਦੁਲਵਾਂ ਪਿੰਡ ਵਿਖੇ ਹੋਇਆ, ਆਪਦੇ ਪਿਤਾ ਟੇਕ ਸਿੰਘ ਮਾਤਾ ਕਰਮੋ ਸੀ। ਆਪ ਜਾਤ ਦੇ ਜੱਟ ਸਿੱਖ ਸਨ।

ਆਪਨੇ ਸੰ: 1888 ਨੂੰ ਸ਼੍ਰੀ ਨਾਗਰ ਮੱਲ ਪਾਸੋਂ ਸ਼ਵੇਤਾਂਵਰ ਸਥਾਨਕਵਾਸੀ ਦੀਖਿਆ ਗ੍ਰਹਿਣ ਕੀਤੀ। ਉਸ ਸਮੇਂ ਸ਼੍ਰੀ ਨਾਗਰ ਮਲ ਜੀ ਮਹਾਰਾਜ ਦਿੱਲੀ ਵਿਖੇ ਵਿਰਾਜਮਾਨ ਸਨ। ਆਪਦਾ ਨਾਂ ਬੂਟੇ ਰਾਏ ਰਖਿਆ ਗਿਆ। ਆਪ 17 ਸਾਲ ਇਸ ਜੈਨ ਸਥਾਨਕਵਾਸੀ ਦੀਖਿਆ ਪਾਲ ਕੇ ਸੰਵਤ 1912 ਵਿਚ ਤਪਾ ਗੱਛ ਜੈਨ ਮੂਰਤੀ ਪੂਜਕ ਮੁਨੀ ਬਣੇ। ਉੱਥੇ ਆਪਦਾ ਨਾਂ ਸ਼੍ਰੀ ਬੁਧੀ ਵਿਜੈ ਪਿਆ। ਆਪਦੇ ਗੁਰੂ ਮੂਰਤੀ ਪੂਜਕ ਗੁਰੂ ਸ਼੍ਰੀ ਮਣੀ ਵਿਜੈ ਅਹਿਮਦਾਬਾਦ ਵਿਚ ਵਿਰਾਜਮਾਨ ਸਨ। ਆਪਦੇ ਨਾਲ ਆਪਦੇ ਦੋ ਹੋਰ ਮੁਨੀ ਮੂਲ ਚੰਦ ਜੀ ਅਤੇ ਵਿਰਧੀ ਚੰਦ ਵੀ ਇਸ ਸੰਪਰਦਾਏ ਵਿਚ ਸ਼ਾਮਲ ਹੋਏ। ਆਪਨੇ ਸੰ: 1831 ਵਿਚ ਤੇਰਾਪੰਥੀ ਜੈਨ ਅਚਾਰਿਆ ਸ਼੍ਰੀ ਜੀਤ ਮੱਲ ਜੀ ਨਾਲ ਜੋਧਪੁਰ ਵਿਖੇ ਚੌਮਾਸਾ ਕੀਤਾ। ਸੰ. 1892 ਤੋਂ 1893 ਤੱਕ ਆਪ ਦਿਲੀ ਵਿਖੇ ਅਪਣੇ ਗੁਰੂ ਜੀ ਦੀ ਸੇਵਾ ਵਿਚ ਰਹੇ।

ਆਪਨੇ ਸਥਾਨਕਵਾਸੀ ਅਚਾਰਿਆ ਸ੍ਰੀ ਰਾਮ ਲਾਲ ਜੀ ਨਾਲ ਵੀ ਧਰਮ ਚਰਚਾ ਕੀਤੀ। ਆਪਨੇ ਸੰ: 1932 ਵਿਚ ਸ਼੍ਰੀ ਆਤਮਾ ਰਾਮ ਸਮੇਤ 15 ਸਥਾਨਕਵਾਸੀ ਜੈਨ ਮੁਨੀਆਂ ਨੂੰ ਅਪਣੇ ਨਾਲ ਸ਼ਾਮਲ ਕੀਤਾ। ਆਪ ਇਕ ਤਰ੍ਹਾਂ ਨਾਲ ਮੂਰਤੀ ਪੂਜਕ ਫਿਰਕੇ ਦੇ ਮਹਤੱਵ ਪੂਰਣ ਅਚਾਰਿਆ ਸਨ। ਆਪਨੇ ਹੀ ਪਹਿਲਾਂ ਤਪਾਗੱਛ ਦੀ ਮਹਤੱਵ ਪੂਰਣ ਸਾਧੂ ਨਿਸ਼ਾਨੀ ਪੀਲੀ ਚੱਦਰ ਪੰਜਾਬ ਵਿਚ ਪਹਿਨਣੀ ਸ਼ੁਰੂ ਕੀਤੀ। ਆਪਨੇ ਅਪਣੇ ਜੀਵਨ ਵਿਚ 8 ਜੈਨ ਮੰਦਰਾਂ ਦੀ ਸਥਾਪਨਾ ਕਰਵਾਈ।

ਅੰਤ ਵਿਚ ਸੰ: 1938 ਨੂੰ ਆਪਦਾ ਸਵਰਗਵਾਸ ਅਹਿਮਦਾਵਾਦ ਵਿਖੇ ਹੋ ਗਿਆ।

# ਅਚਾਰਿਆ ਸ੍ਰੀ ਵਿਜੈ ਨੰਦ ਜੀ (ਆਤਮਾ ਰਾਮ ਜੀ)

ਆਪ ਦਾ ਜਨਮ ਲਹਿਰਾ ਪਿੰਡ ਵਿਚ ਤਹਿਸੀਲ ਜੀਰਾ (ਫਿਰੋਜਪੁਰ) ਵਿਖੇ ਸੰ. 1894 ਨੂੰ ਕਪੂਰ ਗੋਤਰ ਦੇ ਖੱਤਰੀ ਕੁੱਲ ਵਿਚ ਹੋਇਆ। ਆਪਦੇ ਪਿਤਾ ਗਣੇਸ਼ਚੰਦ ਅਤੇ ਮਾਤਾ ਰੂਪਾ ਦੇਵੀ ਜੀ ਸਨ। ਆਪਦੇ ਪਿਤਾ ਕੁੱਝ ਸਮਾਂ ਰਣਜੀਤ ਸਿੰਘ ਦੀ ਫੌਜ ਵਿਚ

ਨੌਕਰੀ ਕਰਦੇ ਰਹੇ। ਪਿਤਾ ਜੀ ਦੇ ਸਵਰਗਵਾਸ ਤੋਂ ਬਾਅਦ ਆਪ ਜੀਰਾ ਨਿਵਾਸੀ ਸ਼੍ਰੀ ਜੋਧਾ ਮੱਲ ਕੋਲ ਰਹਿਣ ਲਗੇ। ਜੋ ਆਪ ਦੇ ਪਿਤਾ ਦਾ ਪੁਰਾਣਾ ਮਿੱਤਰ ਸੀ। ਸ਼੍ਰੀ ਜੋਧਾ ਮੱਲ ਪੱਕੇ ਸਵੇਤਾਂਵਰ ਸਥਾਨਕਵਾਸੀ ਜੈਨ ਸਨ। ਇਹੋ ਕਾਰਣ ਸੀ ਕਿ ਸ਼੍ਰੀ ਆਤਮਾ ਰਾਮ ਜੀ ਦਾ ਪਾਲਨ ਪੋਸਨ ਜੈਨ ਸੰਸਕਾਰਾਂ ਵਿਚ ਹੋਇਆਂ। ਆਂਪ ਬਚਪਨ ਤੋਂ ਹੀ ਤੇਜ ਬੁੱਧੀ ਦੇ ਮਾਲਕ ਸਨ।

ਸੰ: 1910 ਨੂੰ 16 ਸਾਲ ਦੀ ਉਮਰ ਵਿੱਚ ਆਪਨੇ ਮਾਲੇਰ ਕੋਟਲੇ ਪੂਜ ਸ਼੍ਰੀ ਜੀਵਨ ਮਲ ਜੀ ਪਾਸ ਸ਼ਵੇਤਾਂਵਰ ਸਥਾਨਕ ਵਾਸੀ ਮੁਨੀ ਦੀਖਿਆ ਗ੍ਰਹਿਣ ਕੀਤੀ। 5-6 ਸਾਲ ਵਿਚ ਹੀ ਆਪਨੇ 32 ਸ਼ਾਸਤਰ ਪੜ ਲਏ। ਫੇਰ ਆਗਰੇ ਵਿਖੇ ਸ਼੍ਰੀ ਰਤਨ ਮੁਨੀ ਜੀ ਮਹਾਰਾਜ ਪਾਸੋਂ ਚੁਰਣੀ, ਨਿਰਯੁਕਤੀ ਟੀਕਾ ਅਤੇ ਭਾਸਯ ਪੜੇ।

ਆਪਨੇ 22 ਸਾਲ ਸਥਾਨਕਵਾਸੀ ਮੁਨੀ ਧਰਮ ਦਾ ਪਾਲਨ ਕੀਤਾ। ਸੰ. 1932 ਨੂੰ ਆਪਣੇ 15 ਸਾਥੀਆਂ ਨਾਲ ਅਹਿਮਦਾਬਾਦ ਵਿਖੇ ਸ਼੍ਰੀ ਬੁਧੀ ਵਿਜੈ ਤੋਂ ਸਵੇਤਾਂਵਰ ਮੂਰਤੀ ਪੂਜਕ ਤੱਪਾ ਗੱਛ ਦੀਖਿਆ ਗ੍ਰਹਿਣ ਕੀਤੀ। ਆਪਨੇ ਅਨੇਕਾਂ ਸਥਾਨਾਂ ਤੇ ਨਵੇਂ ਜੈਨ ਮੰਦਰ ਬਨਵਾਏ। ਪੁਰਾਣੇ ਮੰਦਰ ਦੀ ਮੁਰੰਮਤ ਦੀ ਪ੍ਰੇਰਣਾ ਦਿਤੀ।

ਸੰ. 1943 ਮਗਰ ਵਦੀ 5 ਨੂੰ ਆਪ ਨੂੰ ਪਾਲੀਤਾਨੇ ਵਿਖੇ ਅਚਾਰਿਆ ਪਦਵੀ ਮਿਲੀ ਆਪਦਾ ਆਨੰਦ ਵਿਜੈ ਤੋਂ ਅਚਾਰਿਆ ਵਿਜੈ ਆਨੰਦ ਹੋ ਗਿਆ। ਆਪਨੇ 12 ਚੇਲੀਆਂ ਨੂੰ ਮੁਨੀ ਦੀਖਿਆ ਦਿਤੀ। ਇਸਤੋਂ ਛੁਟ 27 ਹੋਰ ਸਾਧੂਆਂ ਨੂੰ ਆਪਨੇ ਦੀਖਿਆ ਦਾ ਪਾਠ ਪੜਾਇਆ।

ਆਪਦੀ ਪ੍ਰੇਰਣਾ ਨਾਲ ਪਹਿਲੇ ਵਿਸ਼ਵ ਧਰਮ ਸਮੇਲਨ ਵਿਚ ਸ਼੍ਰੀ ਵੀਰ ਜੀ ਰਾਘਵ ਜੀ ਗਾਂਧੀ ਅਮਰੇਕਾ ਗਏ। ਇਸ ਸਮੇਲਨ ਵਾਰੇ ਆਪਨੇ ਸ਼ਿਕਾਗੋ ਪ੍ਰਸ਼ਨੋਤਰ ਲਿਖੀ। ਇਸ ਸਮੇਂ ਆਰਿਆ ਸਮਾਜੀ ਅਤੇ ਈਸਾਈ, ਜੈਨ ਧਰਮ ਵਾਰੇ ਗਲਤ ਪ੍ਰਚਾਰ ਕਰ ਰਹੇ ਸਨ। ਆਪਨੇ ਅਗਿਆਨਤਿਮਰ ਭਾਸਕਰ ਆਦਿ ਮਹਾਨ ਗ੍ਰੰਥ ਰਾਹੀਂ ਇਸ ਪ੍ਰਚਾਰ ਦਾ ਮੁਕਾਬਲਾ ਕੀਤਾ।

ਆਪ ਮਹਾਨ ਕ੍ਰਾਂਤੀਕਾਰੀ ਲੇਖਕ, ਕਵਿ ਅਤੇ ਸਮਾਜ ਸੁਧਾਰਕ ਅਤੇ ਵਿਦਿਆ ਪ੍ਰਸਾਰਕ ਸਨ। ਆਪਨੇ ਕਈ ਧਰਮਾਂ ਦੇ ਮੁਖੀਆਂ ਨਾਲ ਸ਼ਾਸਤਰ ਅਰਥ ਕੀਤੇ। ਆਪ ਦਾ ਸਵਾਮੀ ਦਿਆ ਨੰਦ ਜੀ ਨਾਲ ਵੀ ਸ਼ਾਸਤਰ ਅਰਥ ਤਹਿ ਹੋ ਗਿਆ। ਪਰ ਸਵਾਮੀ ਜੀ ਜੋਧਪੁਰ ਪਹੁੰਚਨ ਤੋਂ ਪਹਿਲਾਂ ਅਜਮੇਰ ਵਿਚ ਰਸੋਈਏ ਰਾਹੀਂ ਜ਼ਹਿਰ ਦੇਣ ਕਾਰਣ ਮਾਰ ਦਿਤੇ ਗਏ। ਆਪ ਪੁਰਾਤਨ ਜੈਨ ਸਾਹਿਤ ਦੀ ਸੰਭਾਲ ਲਈ ਗ੍ਰੰਥ ਭੰਡਾਰ ਦਾ ਨਿਰਮਾਨ ਕੀਤਾ। ਜਿਨ੍ਹਾਂ ਦੇ ਨਿਰਮਾਨ ਦਾ ਸਮਾਂ ਸੰ. 1924 ਤੋਂ 1950 ਹੈ। ਆਪ ਉਤਰਪ੍ਰਦੇਸ਼, ਰਾਜਸਥਾਨ, ਗੁਜਰਾਤ, ਪੰਜਾਬ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਧਰਮ ਪ੍ਰਚਾਰ ਕੀਤਾ।

ਸੰ. 1953 ਜੇਠ ਸੁਦੀ 8 ਨੂੰ ਆਪਦਾ ਸਵਰਗਵਾਸ ਗੁਜਰਾਂਵਾਲੇ ਵਿਖੇ ਹੋਇਆ। ਜਿਥੇ ਅੱਜ ਵੀ ਆਪਦਾ ਸਮਾਧੀ ਮੰਦਰ ਹੈ।

# ਅਚਾਰਿਆ ਸੋਹਨ ਲਾਲ ਜੀ ਮਹਾਰਾਜ

ਆਪਦਾ ਜਨਮ ਸੰ: 1909 ਨੂੰ ਮੰਬਡਿਆਲ (ਜਿਲਾ ਪਸਰੂਰ) ਪਾਕਿਸਤਾਨ ਵਿਖੇ ਹੋਇਆ, ਆਪਦੇ ਪਿਤਾ ਸ਼੍ਰੀ ਮਥੁਰਾਦਾਸ ਅਤੇ ਮਾਤਾ ਸ਼੍ਰੀਮਤੀ ਲਛਮੀ ਦੇਵੀ ਸੀ। ਸੰ: 1933 ਵਿਚ ਆਪਨੇ ਅਚਾਰਿਆ ਸ਼੍ਰੀ ਰਾਮ ਬਖਸ਼ ਦੇ ਚੇਲੇ ਸ਼੍ਰੀ ਧਰਮ ਚੰਦ ਪਾਸੋਂ ਜੈਨ ਦੀਖਿਆ ਗ੍ਰਹਿਣ ਕੀਤੀ। ਸੰ: 1951 ਚੇਤ ਏਕਾਦਸ਼ੀ ਨੂੰ ਆਪ ਨੂੰ ਲੁਧਿਆਣਾ ਵਿਖੇ ਯੁਵਾਅਚਾਰਿਆ ਪੱਦਵੀ ਪ੍ਰਾਪਤ ਹੋਈ। ਸੰ. 1952 ਨੂੰ ਆਪਨੂੰ ਅਚਾਰਿਆ ਪਦਵੀ ਪ੍ਰਾਪਤ ਹੋਈ।

ਆਪਦੇ ਗੁਰੂਭਾਈ ਦੇ ਚੇਲੇ ਸ਼੍ਰੀ ਧਨੀਰਾਮ ਜੀ ਸਨ ਅਤੇ ਧਨੀਰਾਮ ਜੀ ਦੇ ਚੇਲੇ ਸ਼੍ਰੀ ਕ੍ਰਿਸ਼ਨਾ ਅਚਾਰਿਆ ਸਨ। ਇਨ੍ਹਾਂ ਸ਼੍ਰੀ ਜਿਨੇਂਦਰ ਪੰਚਕੂਲਾ ਦੀ ਸਥਾਪਨਾ ਕੀਤੀ। ਜੋ ਉੱਤਰ ਭਾਰਤ ਦੀ ਆਦਰਸ਼ ਜੈਨ ਵਿਦਿਅਕ ਸੰਸਥਾ ਹੈ। ਅਚਾਰਿਆ ਸੋਹਨਲਾਲ ਜੀ ਦੇ 12 ਚੇਲੇ ਸਨ। ਇਨ੍ਹਾਂ ਚੇਲੇ ਵਿਚੋਂ ਤਪਸਵੀ ਗੈਂਡੇ ਰਾਏ ਜੀ ਹੋਏ ਸਨ। ਉਨ੍ਹਾਂ ਗੈਂਡੇ ਰਾਏ ਦੇ ਚੇਲੇ ਗਣੀ ਉਦੇਚੰਦ ਜੀ ਮਹਾਰਾਜ ਸਨ, ਜੋ ਕਿ ਅਪਣੇ ਸਮੇਂ ਦੇ ਮਹਾਨ ਸ਼ਾਸਤਰ ਆਰਥੀ ਸਨ।

# ਅਚਾਰਿਆ ਸ਼੍ਰੀ ਮੋਤੀਰਾਮ ਜੀ ਮਹਾਰਾਜ

ਭਗਵਾਨ ਮਹਾਵੀਰ ਦੀ ਪ੍ਰੰਪਰਾ ਵਿਚੋਂ ਪੂਜ ਸ਼੍ਰੀ ਮੋਤੀ ਰਾਮ ਜੀ ਪੰਜਾਬ ਦੇ ਅਨਮੋਲ ਹੀਰੇ ਸਨ। ਆਪਦਾ ਜਨਮ ਖਤਰੀ ਕੁਲ ਵਿਖੇ ਸੇਠ ਲਾਲਾ ਪ੍ਰਸੱਧੀ ਲਾਲ ਦੇ ਘਰ ਹੋਇਆ ਆਪ ਜੀ ਦੀ ਮਾਤਾ ਦਾ ਨਾਂ ਯਸ਼ਵੰਤੀ ਸੀ। ਸੰ: 1880 ਹਾੜ ਸੁਕਲ ੭। ਬਚਪਨ ਤੋਂ ਹੀ ਆਪ ਦੀ ਮਹਾਨਤਾ ਦੇ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। ਆਪਦੀ ਜਨਮ ਭੂਮੀ ਲੁਧਿਆਣੇ ਦੇ ਕੋਲ ਪਿੰਡ ਬਹਿਲੋਲਪੁਰ ਸੀ।

ਕੁਝ ਸਮਾਂ ਪਾ ਕੇ ਆਪ ਲੁਧਿਆਣਾ ਆ ਕੇ ਦੁਕਾਨ ਕਰਨ ਲਗੇ। ਇਥੇ ਆਪਦੇ ਤਿੰਨ ਦੋਸਤ ਸ਼੍ਰੀ ਰਤਨ ਚੰਦ, ਸ਼੍ਰੀ ਮੋਹਨਲਾਲ ਅਤੇ ਸ਼੍ਰੀ ਖੇਤਾਰਾਮ ਆਪਦੀ ਧਾਰਮਿਕ ਭਾਵਨਾ ਤੋਂ ਬਹੁਤ ਪ੍ਰਿਤ ਸਨ।

ਇਥੇ ਹੀ ਆਪ ਨੂੰ ਪੂਜ ਅਚਾਰਿਆ ਸ਼੍ਰੀ ਅਮਰਸਿੰਘ ਦੇ ਧਰਮ ਉਪਦੇਸ਼ ਸੁਨਣ ਦਾ ਮੌਕਾ ਮਿਲਿਆ। ਧਰਮ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਆਪ ਤੇ ਆਪ ਦੇ ਤਿੰਨੋ ਦੋਸਤਾਂ ਨੇ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪਦੀ ਦੀਖਿਆ ਸੰ: 1911 ਹਾੜ ਕ੍ਰਿਸ਼ਨਾ ਦਸ਼ਮੀ ਹੈ। ਆਪਨੇ ਗੁਰੂ ਤੋਂ ਜੈਨ, ਅਜੈਨ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਆਪਨੇ ਮੁਨੀ ਵਿਲਾਸਰਾਏ, ਮੁਸਤਾਕ ਰਾਏ ਜੀ, ਰਾਮ ਬਖਸ਼ ਜੀ ਦੀ ਤਨੋ ਖਨੋ ਸੇਵਾ ਕੀਤੀ।

ਪੂਜ ਅਚਾਰਿਆ ਜੀ ਦੇ ਸਵਰਗਵਾਸ ਸਮੇਂ ਆਪ ਮਾਲੇਰਕੋਟਲਾ ਵਿਰਾਜਮਾਨ ਸਨ, ਪੂਜ ਅਮਰਸਿੰਘ ਜੀ ਤੋਂ ਬਾਅਦ ਅਚਾਰਿਆ ਰਾਮ ਬਖਸ਼ ਜੀ ਨੂੰ ਇਹ ਪਦਵੀ ਮਿਲੀ। ਪਰ ਆਪ 21 ਦਿਨ ਬਾਅਦ ਸਵਰਗ ਸਿਧਾਰ ਗਏ।

ਜੈਨ ਸੰਘ ਨੇ ਆਪ ਨੂੰ ਅਚਾਰਿਆ ਪਦਵੀ ਸੰ: 1939 ਜੇਠ ਦੇ ਸ਼ੁਕਲ ਪੱਖ ਨੂੰ ਦਿਤੀ।

ਸੰ: 1953 ਤੋਂ ਸੰ: 1958 ਤਕ ਆਪ ਲਗਾਤਾਰ ਲੁਧਿਆਣਾ ਰਹੇ। ਆਪਨੇ ਇਸ ਸਮੇਂ ਸ੍ਰੀ ਸੋਹਨ ਲਾਲ ਜੀ ਨੂੰ ਯੁਵਾ ਅਚਾਰਿਆ ਪਦਵੀ ਦਿਤੀ।

ਆਪਦਾ ਸਵਰਗਵਾਸ ਸੰ: 1958 ਭਾਦੋਂ ਕ੍ਰਿਸ਼ਨਾ 11 ਨੂੰ ਲੁਧਿਆਣਾ ਵਿਖੇ ਹੋ ਗਿਆ। ਜਿਥੇ ਆਪਦਾ ਸਮਾਰਕ ਅੱਜ ਵੀ ਜੈਨ ਸਮਾਜ ਨੂੰ ਭਗਵਾਨ ਮਹਾਵੀਰ ਦੇ ਸਿਧਾਂਤਾਂ ਤੇ ਚਲਨ ਦੀ ਪ੍ਰੇਰਣਾ ਦਿੰਦਾ ਹੈ।

# ਅਚਾਰਿਆ ਸ੍ਰੀ ਰਾਮ ਬਖਸ਼ ਜੀ

ਅਚਾਰਿਆ ਅਮਰ ਸਿੰਘ ਜੀ ਦੇ ਬਾਅਦ ਰਾਮ ਬਖਸ਼ ਜੀ ਪੰਜਾਬ ਜੈਨ ਸਥਾਨਕਵਾਸੀ ਸੰਘ ਦੇ ਅਚਾਰਿਆ ਬਣੇ। ਆਪਦਾ ਜਨਮ ਸੰ: 1908 ਵਿਚ ਅਲਬਰ (ਰਾਜਸਥਾਨ) ਵਿਖੇ ਸੰ: 1885 ਨੂੰ ਹੋਇਆ ਸੀ। ਇਨ੍ਹਾਂ 23 ਸਾਲ ਦੀ ਉਮਰ ਵਿਚ ਪਤਨੀ ਸਮੇਤ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪਦੇ ਪੰਜ ਚੇਲੇ ਸਨ। ਉਨ੍ਹਾਂ ਵਿਚੋਂ ਸ੍ਰੀ ਵਿਸ਼ਨ ਚੰਦ ਮੂਰਤੀ ਪੂਜਕ ਸਾਧੂ ਬਣ ਗਏ। ਤੱਪਸਵੀ ਮਾਯਾਰਾਮ ਜੀ ਵੀ ਆਪਦੇ ਚੇਲੇ ਸਨ। ਪੰਜਾਬ ਕੇਸਰੀ ਸ੍ਰੀ ਪ੍ਰੇਮ ਚੰਦ ਜੀ ਮਹਾਰਾਜ ਦੇ ਬਾਬਾ ਗੁਰੂ ਮਾਇਆ ਰਾਮ ਹੀ ਸਨ। ਆਪ ਨੂੰ ਅਚਾਰਿਆ ਪਦਵੀ ਸੰ. 1939 ਨੂੰ ਮਾਲੇਰ ਕੋਟਲਾ ਜੇਠ ਕ੍ਰਿਸ਼ਨਾ ਤੀਜ ਨੂੰ ਪ੍ਰਾਪਤ ਹੋਈ। ਪਰ ਇਸ ਮਹੱਤਵ ਪੂਰਣ ਪਦਵੀ ਤੇ 21 ਦਿਨ ਹੀ ਰਹਿ ਸਕੇ।

ਸੰ: 1939 ਜੇਠ ਕ੍ਰਿਸ਼ਨਾ 9 ਨੂੰ ਆਪਦਾ ਮਾਲੇਰਕੋਟਲਾ ਵਿਖੇ ਸਵਰਗਵਾਸ ਹੋ ਗਿਆ। ਆਪ ਮਹਾਨ ਤੱਪਸਵੀ ਸਨ। ਆਪਨੇ ਪੰਜਾਬ, ਹਰਿਆਣਾ, ਦਿਲੀ, ਰਾਜਸਥਾਨ ਵਿੱਚ ਪ੍ਰਚਾਰ ਕੀਤਾ।

# ਮੁਨੀ ਸ੍ਰੀ ਸਾਲਗ ਰਾਮ ਜੀ

ਆਪਦਾ ਜਨਮ ਧੂਰੀ ਦੇ ਨਜਦੀਕ ਭੱਦਲਵੜ ਵਿਖੇ ਲਾਲਾ ਕਾਲੂ ਰਾਮ ਦੇ ਘਰ ਸੰ: 1924 ਨੂੰ ਹੋਇਆ। 6 ਸਾਲ ਦੀ ਉਮਰ ਵਿਚ ਪਿੰਡ ਦੇ ਸਕੂਲ ਵਿਚ ਪੜਨ ਬੈਠ ਗਏ। ਪਰ ਆਪ ਬਚਪਨ ਵਿਚ ਧਰਮ ਅਹਿੰਸਕ ਸਨ। ਕੋਈ ਘੋੜੇ ਜਾਂ ਬਲਦ ਨੂੰ ਮਾਰਦਾ

ਤਾਂ ਆਪ ਤੜਫ ਉਠਦੇ ਸਨ ।

ਇਕਵਾਰ ਧੂਰੀ ਦੇ ਇਕ ਬ੍ਰਾਹਮਣ ਨਾਲ ਆਪਦੀ ਦੋਸਤੀ ਹੋ ਗਈ । ਆਪਨੇ ਅਪਣੇ ਦੋਸਤ ਤੋਂ ਜੋਤਸ਼ ਵਿਦਿਆ ਸਿਖ ਲਈ ਸੀ । ਮਾਤਾ ਪਿਤਾ ਤੇ ਲੱਖ ਆਖਣ ਤੇ ਵੀ ਆਪ ਵਿਆਹ ਲਈ ਤਿਆਰ ਨਾ ਹੋਏ ।

## ਵੈਰਾਗ ਦਾ ਕਾਰਣ

ਇਕ ਵਾਰ ਆਪ ਅਪਣੇ ਭਰਾ ਨਾਲ ਭੱਦਲ ਵੱੜ ਆ ਰਹੇ ਸਨ । ਰਸਤੇ ਵਿਚ ਚਿਤਾ ਜਲ ਰਹੀ ਸੀ । ਦੋਵੇਂ ਭਰਾ ਘਬਰਾ ਗਏ । ਸ੍ਰੀ ਸਾਲਗਰਾਮ ਪ੍ਰਭੂ ਦਾ ਨਾਂ ਜਪਣ ਲਗਾ । ਆਪਦਾ ਭਰਾ ਗਸ਼ ਖਾ ਕੇ ਗਿਰ ਪਿਆ ਅਤੇ ਕੁਝ ਦਿਨਾਂ ਵਾਅਦ ਮਰ ਗਿਆ । ਆਪਦਾ ਦੂਸਰਾ ਭਰਾ ਅਚਾਨਕ ਬੀਮਾਰ ਹੋ ਗਿਆ ਅਤੇ ਉਹ ਵੀ ਮਰ ਗਿਆ ।

ਇਨ੍ਹਾਂ ਘਟਨਾਵਾਂ ਨੇ ਆਪਦੇ ਦਿਲ ਦਿਮਾਗ ਤੇ ਡੂੰਘਾ ਅਸਰ ਪਾਇਆ । ਆਪਨੂੰ ਜਨਮ ਮਰਨ ਦਾ ਭੇਦ ਸਮਝ ਆ ਗਿਆ । ਆਪਨੇ 19 ਸਾਲ ਦੀ ਉਮਰ ਵਿਚ ਬਾਬਾ ਜੈ ਰਾਮ ਦਾਸ ਪਾਸੋਂ ਸੰ: 1946 ਨੂੰ ਖਰੜ (ਜਿਲਾ ਰੋਪੜ) ਵਿਖੇ ਸਾਧੂ ਦੀਖਿਆ ਗ੍ਰਹਿਣ ਕੀਤੀ ।

ਆਪਨੇ ਜੈਨ ਸਮਾਜ ਨੂੰ ਮਹਾਨ ਅਚਾਰਿਆ ਆਤਮਾ ਰਾਮ ਜੀ ਵਰਗਾ ਚੇਲਾ ਦਿੱਤਾ, ਆਪਦਾ ਸਵਰਗਵਾਸ ਸੰ: 1996 ਨੂੰ ਹੋ ਗਿਆ ।

# ਅਚਾਰੀਆ ਸ੍ਰੀ ਵਿਜੇ ਵੱਲਭ ਸੂਰੀ

ਆਪ ਤਪਾ ਗੱਛ ਮੂਰਤੀ ਪੂਜਕ ਫਿਰਕੇ ਦੇ ਮਹਾਨ ਅਚਾਰੀਆ ਹੋਏ ਹਨ । ਆਪ ਦਾ ਜਨਮ ਸੰ: 1927 ਕੱਤਕ ਭਾਈ ਦੂਜ ਨੂੰ ਬੜੌਦਾ ਵਿਖੇ ਹੋਇਆ । ਆਪ ਦੇ ਪਿਤਾ ਦੀਪ ਚੰਦ ਅਤੇ ਮਾਂ ਇੱਛਾ ਬਾਈ ਸੀ । ਆਪ ਦੇ ਮਾਤਾ ਪਿਤਾ ਨੇ ਆਪ ਦਾ ਨਾਂ ਛਗਨ ਲਾਲ ਰਖਿਆ ।

17 ਸਾਲ ਦੀ ਭਰੀ ਜਵਾਨੀ ਵਿਚ ਆਪ ਨੇ ਰਾਧਨਪੁਰ (ਗੁਜਰਾਤ) ਵਿਖੇ ਅਚਾਰੀਆ ਵਿਜੈ ਨੰਦ (ਆਤਮਾ ਰਾਮ ਜੀ) ਕੋਲੋਂ ਤਪਾ ਗੱਛ ਦੀ ਮੁਨੀ ਦੀਖਿਆ ਧਾਰਨ ਕੀਤੀ । ਆਪ ਨੇ ਸਾਧੂ ਬਣਦਿਆਂ ਹੀ ਜੈਨ ਅਤੇ ਅਜੈਨ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ । ਆਪ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ, ਰਾਜਸਥਾਨੀ, ਪੰਜਾਬੀ ਭਾਸ਼ਾਂਵਾਂ ਦੇ ਚੰਗੇ ਜਾਣਕਾਰ ਸਨ । ਆਪ ਦੇ ਉਪਦੇਸ਼ ਦੀ ਭਾਸ਼ਾ ਗੁਜਰਾਤੀ ਅਤੇ ਹਿੰਦੀ ਸੀ । ਆਪ ਦਾ ਪ੍ਰਚਾਰ ਖੇਤਰ ਜ਼ਿਆਦਾ ਪੰਜਾਬ ਹੀ ਸੀ ।

ਅਚਾਰੀਆ ਵਿਜੈ ਵੱਲਭ ਮਹਾਨ ਸਮਾਜ ਸੁਧਾਰਕ, ਸਿਖਿਆ ਪ੍ਰਸਾਰਕ ਹੋਏ ਹਨ। ਆਪ ਨੇ ਜੈਨ ਏਕਤਾ ਲਈ ਤਨ ਅਤੇ ਮਨ ਨਾਲ ਕੰਮ ਕੀਤਾ। ਆਪ ਜੀ ਦੀ ਪ੍ਰੇਰਣਾ ਨਾਲ 3 ਕਾਲੇਜ, 7 ਸਕੂਲ, 7 ਧਾਰਮਿਕ ਪਾਠਸ਼ਾਲਾਵਾਂ, 6 ਜੈਨ ਲਾਈਬ੍ਰੇਰੀਆਂ, 6 ਵਾਚਨ ਲਿਆ ਅਤੇ 2 ਜੈਨ ਗੁਰੂਕੁਲਾਂ ਦਾ ਨਿਰਮਾਨ ਹੋਇਆ। ਆਪ ਦੀਆਂ ਪ੍ਰਸਿੱਧ ਸੰਸਥਾਵਾਂ ਵਿਚੋਂ ਸ੍ਰੀ ਮਹਾਵੀਰ ਜੈਨ ਵਿਦਿਆਲਿਆ ਬੰਬਈ ਅਤੇ ਸ੍ਰੀ ਆਤਮਾ ਨੰਦ ਜੈਨ ਗੁਰੂ ਕੁਲ ਗੁਜਰਾਂਵਾਲਾ ਪ੍ਰਸਿੱਧ ਹਨ। ਆਪ ਇਸਤਰੀ ਸਿਖਿਆ ਦੇ ਬਹੁਤ ਹਿਮਾਇਤੀ ਸਨ। ਛੂਆਛੂਤ, ਸ਼ਰਾਬਬੰਦੀ, ਖੱਦਰ ਪ੍ਰਚਾਰ ਨੂੰ ਲੈ ਕੇ ਆਪ ਗਾਂਧੀ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ। ਆਪ ਕਾਂਗਰਸ, ਖਿਲਾਫ਼ਤ ਅੰਦੋਲਨ ਦੇ ਮਹਾਨ ਹਿਮਾਇਤੀ ਸਨ। ਆਪ ਨੇ ਹਿੰਦੂ ਮੁਸਲਮਾਨ ਏਕਤਾ ਲਈ ਅਜੇਹਾ ਕੰਮ ਕੀਤਾ ਕਿ ਆਪ ਨੂੰ ਲੋਕ ਪੰਜਾਬ ਕੇਸਰੀ ਆਖਣ ਲੱਗ ਪਏ। ਆਪ ਨੇ ਅਨੇਕਾਂ ਗ੍ਰੰਥ, ਕਵਿਤਾਵਾਂ, ਭਜਨ, ਪੂਜਾ ਵਿਧੀਆਂ ਨੂੰ ਲਿਖ ਕੇ ਜੈਨ ਧਰਮ ਦਾ ਪ੍ਰਚਾਰ ਕੀਤਾ। 1947 ਦੇ ਦੰਗਿਆਂ ਸਮੇਂ ਆਪ ਨੇ ਗੁਜਰਾਂਵਾਲੇ ਦੀ ਜੈਨ ਬਿਰਾਦਰੀ ਨਾਲ ਕਾਫ਼ਲੇ ਦੀ ਸ਼ਕਲ ਵਿਚ ਕੂਚ ਕੀਤਾ, ਜਦੋਂ ਕਿ ਸਰਕਾਰ ਨੇ ਆਪ ਲਈ ਹਵਾਈ ਜਹਾਜ਼ ਦਾ ਇੰਤਜ਼ਾਮ ਕਰ ਦਿੱਤਾ ਸੀ। ਆਪ ਨੇ ਜੈਨ ਸੰਘ ਨੂੰ ਪ੍ਰਮੁਖ ਰਖਿਆ ਅਤੇ ਹਜ਼ਾਰਾਂ ਕਰਾਵਾਂ ਨਾਲ ਸਹੀ ਸਲਾਮਤ ਭਾਰਤ ਪਰਤੇ।

ਆਪ ਮਹਾਨ ਸ਼ਾਸਤਰਆਰਥੀ ਸਨ। ਆਪਨੇ ਅਪਣੇ ਗਿਆਨ ਰਾਹੀਂ ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ ਵਿਚ ਜੈਨ ਧਰਮ ਦਾ ਨਾਂ ਰੋਸ਼ਨ ਕੀਤਾ। ਆਪ ਦੀ ਪ੍ਰੇਰਣਾ ਨਾਲ 5 ਧਰਮਸ਼ਾਲਾਵਾਂ 11 ਜੈਨ ਉਪਾਸਰੇ (ਭਵਨ) ਦਾ ਨਿਰਮਾਨ ਹੋਇਆ। ਆਪ ਨੇ ਅਨੇਕਾਂ ਵਾਰ ਜੈਨ ਤੀਰਥ ਦੀ ਯਾਤਰਾ ਕੀਤੀ। ਕਾਂਗੜਾ ਤੀਰਥ ਨੂੰ ਪ੍ਰਕਾਸ਼ ਵਿਚ ਲਿਆਉਣ ਦਾ ਸੇਹਰਾ ਆਪ ਦੇ ਸਿਰ ਹੈ। ਆਪ ਨੇ ਸਮਾਨਾ, ਲਾਹੌਰ, ਸਾਢੌਰਾ, ਖਾਨਕ ਡੋਗਰਾ, ਕਸੂਰ, ਰਾਏਕੋਟ, ਹੁਸ਼ਿਆਰਪੁਰ, ਫ਼ਾਜ਼ਿਲਕਾ, ਸਿਆਲਕੋਟ, ਬਿਨੌਲੀ ਅਤੇ ਬੜੌਤ ਵਿਖੇ ਜੈਨ ਮੰਦਰਾਂ ਅਤੇ ਮੂਰਤੀਆਂ ਦੀ ਸਥਾਪਨਾ ਕੀਤੀ। ਆਪ ਨੂੰ ਸੰ: 1981 ਵਿਚ ਅਚਾਰੀਆ ਪਦਵੀ ਮਿਲੀ। ਸੰ: 1974 ਵਿਚ ਆਪ ਨੇ ਪਾਟਨ ਦੇ ਅਕਾਲ ਪੀੜਤਾਂ ਦੀ ਮਦਦ ਲਈ ਫ਼ੰਡ ਸਥਾਪਿਤ ਕੀਤਾ।

ਸੰ: 2010 ਵਿਚ ਬੰਬਈ ਵਿਚ ਸਹਧਰਮੀਆਂ (ਜੈਨ) ਲਈ ਇਕ ਫ਼ੰਡ ਕਾਇਮ ਕੀਤਾ। ਇਸ ਫ਼ੰਡ ਰਾਹੀਂ ਅਨੇਕਾਂ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਮਿਲਿਆ।

ਆਪ ਦਾ ਸਵਰਗਵਾਸ ਸਾਵਨ 11 ਸੰ: 2010 ਨੂੰ ਬੰਬਈ ਵਿਖੇ ਹੋਇਆ। ਇਥੇ ਹੀ ਆਪ ਦੀ ਸਮਾਧੀ ਹੈ। ਆਪ ਇਕ ਮਹਾਨ ਦੇਸ਼-ਭਗਤ ਸਨ। ਪੰ: ਮੋਤੀ ਲਾਲ ਨੇਹਰੂ, ਪੰ: ਮਦਨ ਮੋਹਨ ਮਾਲਵੀਆ, ਵਲਭ ਭਾਈ ਪਟੇਲ ਅਤੇ ਮੋਰਾਰ ਜੀ ਦੇਸਾਈ ਆਪ ਤੋਂ ਮਹਾਨ ਪ੍ਰਭਾਵਿਤ ਸਨ। ਅਨੇਕਾਂ ਰਾਜੇ ਮਹਾਰਾਜੇ ਅਤੇ ਰਾਜਕੁਮਾਰਾਂ ਨੇ ਆਪ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਮਾਸ ਅਤੇ ਸ਼ਿਕਾਰ ਛੱਡ ਦਿੱਤਾ।

# ਅਚਾਰੀਆ ਸਮੁਦਰ ਵਿਜੈ ਜੀ

ਆਪ ਅਚਾਰੀਆ ਸ੍ਰੀ ਵੱਲਭ ਵਿਜੈ ਤੋਂ ਬਾਅਦ ਉਨ੍ਹਾਂ ਦੀ ਗੱਦੀ ਤੇ ਵਿਰਾਜਮਾਨ ਹੋਏ। ਆਪ ਦਾ ਜਨਮ ਮੱਘਰ ਸੁਦੀ 11 ਸੰ: 1948 ਨੂੰ ਪਾਲੀ ਨਗਰ ਰਾਜਸਥਾਨ ਵਿਖੇ ਹੋਇਆ। ਆਪ ਦੇ ਪਿਤਾ ਸੇਠ ਸ਼ੋਭਾਚੰਦ ਅਤੇ ਮਾਤਾ ਧਾਰਨੀ ਦੇਵੀ ਸੀ। ਉਨ੍ਹਾਂ ਬਾਲਕ ਦਾ ਨਾਂ ਸੁਖਰਾਜ ਰਖਿਆ। ਸੰ: 1967 ਫਗੁਣ ਵਦਿ 7 ਨੂੰ 19 ਸਾਲ ਦੀ ਉਮਰ ਵਿਚ ਆਪ ਨੇ ਸ੍ਰੀ ਵਿਜੈ ਵੱਲਭ ਸੂਰੀ ਦੇ ਚੇਲੇ ਉਪਾਧਿਆਏ ਸ੍ਰੀ ਸੋਹਨ ਵਿਜੈ ਤੋਂ ਜੈਨ ਮੁਨੀ ਦੀਖਿਆ ਗ੍ਰਹਿਣ ਕੀਤੀ।

ਸੰ: 2009 ਮਾਘ ਸੁਦੀ 5 ਨੂੰ ਆਪ ਨੂੰ ਅਚਾਰੀਆ ਪਦਵੀ ਮਿਲੀ। ਆਪ ਮਹਾਨ ਗੁਰੂ ਭਗਤ, ਗਰੀਬਾਂ ਦੇ ਹਮਦਰਦ ਅਤੇ ਚਮਤਕਾਰੀ ਸਾਧੂ ਸਨ। ਆਪ ਨੇ ਜੈਨ ਏਕਤਾ ਲਈ ਆਪਣਾ ਸਭ ਕੁਝ ਵਾਰ ਦਿੱਤਾ। ਆਪ ਨੂੰ ਚਾਰੇ ਜੈਨ ਸਮਾਜਾਂ ਵਲੋਂ ਜਿਨ-ਸ਼ਾਸਨ-ਰਤਨ ਦੀ ਪਦਵੀ ਦਿੱਤੀ ਗਈ। ਆਪ ਵੀ ਅਚਾਰੀਆ ਵਿਜੈ ਵੱਲਭ ਦੀ ਤਰ੍ਹਾਂ ਮਹਾਨ ਸਮਾਜ ਸੁਧਾਰਕ, ਮਹਾਨ ਸਿਖਿਆ ਪ੍ਰਸਾਰਕ ਮੁਨੀ ਸਨ। ਆਪ ਜੀ ਦੀ ਕਿਰਪਾ ਨਾਲ ਪੰਜਾਬ ਸਰਕਾਰ ਵਲੋਂ ਸਕੂਲ ਦੇ ਬਚਿਆਂ ਨੂੰ ਅੰਡਾ ਦੇਣ ਦੀ ਸਕੀਮ ਠੱਪ ਕਰਨੀ ਪਈ। ਆਪ ਨੇ ਭਾਰਤ, ਚੀਨ ਯੁਧ ਸਮੇਂ ਜੈਨ ਸਮਾਜ ਨੂੰ ਹਰ ਪੱਖੋਂ ਭਾਰਤ ਸਰਕਾਰ ਦੀ ਭਰਪੂਰ ਮਦਦ ਕਰਨ ਦੀ ਪ੍ਰੇਰਣਾ ਕੀਤੀ।

ਆਪ ਦਾ ਸਵਰਗਵਾਸ ਸੰ: 2034 ਜੇਠ ਵਦਿ 8 ਨੂੰ ਮੁਰਾਦਾਬਾਦ ਵਿਖੇ ਹੋਇਆ।

# ਅਚਾਰੀਆ ਸ੍ਰੀ ਕਾਂਸ਼ੀ ਰਾਮ ਜੀ

ਆਪ ਦਾ ਜਨਮ ਮਸਹੂਰ (ਪਾਕਿਸਤਾਨ) ਵਿਖੇ ਸੰ: 1941 ਹਾੜ ਕ੍ਰਿਸ਼ਨਾ 11 ਨੂੰ ਹੋਇਆ। ਆਪਣੇ ਪਿਤਾ ਸ੍ਰੀ ਗੋਬਿੰਦ ਸ਼ਾਹ ਅਤੇ ਮਾਤਾ ਸ੍ਰੀਮਤੀ ਰਾਧੇ ਦੇਵੀ ਸੀ।

ਤਪੱਸਵੀ ਸ੍ਰੀ ਗੈਂਡੇ ਰਾਏ ਜੀ ਮਹਾਰਾਜ ਨੇ ਇਨ੍ਹਾਂ ਦੇ ਮਹਾਪੁਰਸ਼ ਹੋਣ ਬਾਰੇ ਪਹਿਲਾਂ ਹੀ ਆਖ ਦਿੱਤਾ ਸੀ। ਸੰ: 1960 ਮੱਘਰ ਕ੍ਰਿਸ਼ਨਾ 7 ਨੂੰ ਕਾਂਧਲਾ (ਉਤਰ ਪ੍ਰਦੇਸ਼) ਵਿਖੇ ਅਚਾਰੀਆ ਸੋਹਨ ਲਾਲ ਤੋਂ ਦੀਖਿਆ ਗ੍ਰਹਿਣ ਕੀਤੀ। ਫੱਗੁਣ ਸ਼ੁਕਲਾ 6 ਸੰ: 1969 ਨੂੰ ਆਪ ਨੂੰ ਅੰਮ੍ਰਿਤਸਰ ਵਿਖੇ ਯੁਵਾ ਅਚਾਰੀਆ ਪਦਵੀ ਮਿਲੀ।

ਸੰ: 1992 ਫੱਗੁਣ ਸ਼ੁਕਲਾ 2 ਨੂੰ ਸਮੁਚੇ ਜੈਨ ਸੰਘ ਨੇ ਆਪ ਨੂੰ ਅਚਾਰੀਆ ਪਦਵੀ ਦਿੱਤੀ। ਆਪ ਜੈਨ ਏਕਤਾ ਦੇ ਮਹਾਨ ਸਮਰਥਕ ਸਨ। ਆਪ ਆਖਦੇ ਸਨ ਸਾਨੂੰ ਨਾਰੰਗੀ ਨਹੀਂ, ਸਗੋਂ ਖਰਬੂਜ਼ਾ ਬਨਣਾ ਚਾਹੀਦਾ ਹੈ। ਨਾਰੰਗੀ ਬਾਹਰੋਂ ਇਕ ਦਿਖਾਈ ਦਿੰਦੀ ਹੈ।

ਪਰ ਖੋਲਣ ਤੋਂ ਬਾਅਦ ਬਹੁਤ ਹਿਸਿਆਂ ਵਿਚ ਵੰਡ ਜਾਂਦੀ ਹੈ। ਖਰਬੂਜ਼ਾ ਬਾਹਰੋਂ ਭਾਵੇਂ ਅੱਡ ਵਿਖਾਈ ਦੇਵੇ, ਪਰ ਅੰਦਰੋਂ ਇਕ ਹੁੰਦਾ ਹੈ। ਜੈਨ ਫਿਰਕੇ ਖਰਬੂਜੇ ਹਨ। ਨਾਰੰਗੀ ਵਾਲੀ ਸਾਨੂੰ ਕੋਈ ਗੱਲ ਨਹੀਂ ਕਰਨੀ ਚਾਹੀਦੀ ਤਦ ਹੀ ਜੈਨ ਧਰਮ ਉਨਤੀ ਕਰ ਸਕਦਾ ਹੈ।" ਆਪ ਦੇ ਪ੍ਰਮੁਖ ਚੇਲਿਆਂ ਵਿਚੋਂ ਪ੍ਰਵਰਤਕ ਸ੍ਰੀ ਸ਼ੁਕਲਚੰਦ ਜੀ ਮਹਾਰਾਜ ਸਨ ਜਿਨ੍ਹਾਂ ਹਿੰਦੀ ਵਿਚ ਅਨੇਕਾਂ ਜੈਨ ਗ੍ਰੰਥ ਲਿਖੇ। ਜਿਨ੍ਹਾਂ ਵਿਚ ਇਨ੍ਹਾਂ ਰਾਹੀਂ ਲਿਖੀ ਜੈਨ ਰਮਾਇਣ ਅਤੇ ਜੈਨ ਮਹਾਭਾਰਤ ਪ੍ਰਸਿਧ ਹੈ। ਸ੍ਰੀ ਸ਼ੁਕਲ ਚੰਦ ਜੀ ਦੇ ਚੇਲੇ ਸ੍ਰੀ ਮਹਿੰਦਰ ਮੁਨੀ ਜੀ ਸਨ। ਜਿਨ੍ਹਾਂ ਦਾ ਸਮਾਰਕ ਮਾਲੇਰ ਕੋਟਲੇ ਵਿਖੇ ਹੈ। ਸ੍ਰੀ ਮਹਿੰਦਰ ਮੁਨੀ ਜੀ ਦੇ ਪ੍ਰਮੁਖ ਸ਼ਿਸ਼ ਸ੍ਰੀ ਸੁਮਨ ਮੁਨੀ ਜੀ ਮਹਾਰਾਜ ਹਨ। ਆਪ ਹਿੰਦੀ, ਅੰਗਰੇਜ਼ੀ, ਪੰਜਾਬੀ, ਗੁਜਰਾਤੀ, ਰਾਜਸਥਾਨੀ, ਪ੍ਰਾਕ੍ਰਿਤ, ਪਾਲੀ, ਸੰਸਕ੍ਰਿਤ ਭਾਸ਼ਾਵਾਂ ਦੇ ਮਹਾਨ ਜਾਨਕਾਰ ਹਨ। ਉਨ੍ਹਾਂ ਜੈਨ ਧਰਮ ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਆਪ ਮਹਾਨ ਜੈਨ ਇਤਿਹਾਸਕਾਰ ਹਨ। ਆਪ ਨੇ ਅਨੇਕਾਂ ਪੁਰਾਤਨ ਗ੍ਰੰਥਾਂ ਦੀ ਸਾਰ ਸੰਭਾਲ ਕੀਤੀ ਹੈ।

ਅਚਾਰੀਆ ਕਾਂਸ਼ੀ ਰਾਮ ਜੀ ਮਹਾਰਾਜ ਦਾ ਸਵਰਗਵਾਸ ਸੰ: 2002 ਜੇਠ ਕ੍ਰਿਸ਼ਨਾ 8 ਨੂੰ ਹੋਇਆ।

# ਅਚਾਰੀਆ ਵਿਜੇਂਦਰਦਿਨ ਸੂਰੀ ਜੀ

ਆਪ ਸ਼ਵੇਤਾਂਬਰ ਤਪਾਗੱਛ ਦੇ ਵਰਤਮਾਨ ਜੈਨ ਅਚਾਰੀਆ ਹਨ। ਆਪ ਦਾ ਜਨਮ ਗੁਜਰਾਤ ਦੇ ਬੜੋਲਾ ਜ਼ਿਲੇ ਦੇ ਪਿੰਡ ਸਾਲਪੁਰ ਵਿਖੇ ਹੋਇਆ। ਆਪ ਜਾਤ ਦੇ ਪਰਮਾਰ ਖਤਰੀ ਹਨ। ਆਪ ਦੇ ਪਿਤਾ ਗੋਪਾਲ ਸਿੰਘ ਅਤੇ ਮਾਤਾ ਸ਼੍ਰੀਮਤੀ ਸਨ। ਆਪ ਦਾ ਜਨਮ ਸੰ: 1990 ਕੱਤਕ ਵਦਿ ਨੂੰ ਹੋਇਆ। ਆਪ ਦਾ ਬਚਪਨ ਦਾ ਨਾਂ ਮੋਹਨ ਭਾਈ 12 ਸਾਲ ਦੀ ਉਮਰ ਵਿਚ ਆਪ ਦੇ ਮਾਤਾ ਪਿਤਾ ਸਵਰਗ ਸਿਧਾਰ ਗਏ। ਆਪ ਦਾ ਪਾਲਣ ਪੋਸ਼ਣ ਆਪ ਦੇ ਚਾਚੇ ਨੇ ਕੀਤਾ। ਆਪ ਨੇ ਸਕੂਲੀ ਪੜ੍ਹਾਈ ਦੇ ਨਾਲ ਨਾਲ ਜੈਨ ਧਰਮ ਦਾ ਅਧਿਐਨ ਕੀਤਾ। ਸੰ: 1998 ਫੱਗੁਨ ਸ਼ੁਕਲਾ 5 ਨੂੰ 18 ਸਾਲ ਦੀ ਉਮਰ ਵਿਚ ਆਪ ਨੇ ਅਚਾਰੀਆ ਵਿਜੈ ਵੱਲਭ ਦੇ ਪੋਤੇ ਚੇਲੇ ਮੁਨੀ ਵਿਨੇ ਵਿਜੈ ਤੋਂ ਜੈਨ ਸਾਧੂ ਜੀਵਨ ਅੰਗੀਕਾਰ ਕੀਤਾ ਅਤੇ ਆਪ ਦਾ ਨਾਂ ਇੰਦਰ ਵਿਜੇ ਮੁਨੀ ਪਿਆ।

ਆਪ ਜੀ ਨੇ ਅਚਾਰੀਆ ਵਿਜੈ ਵੱਲਭ ਸੂਰੀ ਤੋਂ ਲਗਾਤਾਰ 6 ਸਾਲ ਜੈਨ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਅਚਾਰੀਆ ਜੀ ਦੇ ਸਵਰਗਵਾਸ ਤੋਂ ਬਾਅਦ ਆਪ ਨੂੰ ਅਚਾਰੀਆ ਸਮੁੰਦਰ ਵਿਜੇ ਜੀ ਦੀ ਸੇਵਾ ਕਰਨ ਦਾ ਸੁਭਾਗ ਮਿਲਿਆ। ਆਪ ਜੀ ਦੀ ਧਰਮ ਪ੍ਰਚਾਰ ਸ਼ਕਤੀ ਵਿਸ਼ਾਲ ਹੈ। ਆਪ ਨੇ ਪਰਮਾਰ ਜਾਤੀ ਦੇ 5000 ਵਿਅਕਤੀ ਨੂੰ ਜੈਨ ਧਰਮ ਵਿਚ ਸ਼ਾਮਲ ਕੀਤਾ।

ਸੰ: 2027 ਮਾਘ ਵਦੀ 5 ਨੂੰ ਆਪ ਨੂੰ ਬੰਬਈ ਵਿਖੇ ਅਚਾਰੀਆ ਪਦਵੀ ਪ੍ਰਦਾਨ ਕੀਤੀ ਗਈ। ਆਪ ਅਚਾਰੀਆ ਸਮੁਦਰ ਵਿਜੇ ਦੀ ਸਵਰਗਵਾਸ ਹੋਣ ਤਕ ਸੇਵਾ ਕਰਦੇ ਰਹੇ। ਆਪ ਨੇ ਅਨੇਕਾਂ ਜੈਨ ਮੰਦਰ ਬਨਵਾਏ ਹਨ। ਅਨੇਕਾਂ ਪੁਰਾਣੇ ਮੰਦਰਾਂ ਦੀ ਮੁਰੰਮਤ ਕਰਵਾਈ ਹੈ। ਅਜ ਕਲ ਆਪ ਗੁਜਰਾਤ ਵਿਖੇ ਧਰਮ ਪ੍ਰਚਾਰ ਕਰ ਰਹੇ ਹਨ। ਆਪ ਜੈਨ ਏਕਤਾ ਦੇ ਕੱਟੜ ਸਮਰਥਕ ਅਤੇ ਸਮਾਜਿਕ ਬੁਰਾਈਆਂ ਵਿਰੁਧ ਲੜਨ ਵਾਲੇ ਅਚਾਰੀਆ ਹਨ।

# ਅਚਾਰੀਆ ਵਿਜੈ ਕਮਲ ਸੂਰੀ

ਆਪ ਬ੍ਰਾਹਮਣ ਜਾਤੀ ਨਾਲ ਸਬੰਧਿਤ ਸਨ। ਪਹਿਲਾਂ ਆਪ ਉਤਰਾਧ ਲੌਂਕਾ-ਗੱਛ ਪ੍ਰੰਪਰਾ ਦੀ ਸਰਸਾ ਦੀ ਗੱਦੀ ਦੇ ਪੂਜ ਸਨ। ਫੇਰ ਆਪ ਨੇ ਬਿਸ਼ਨ ਚੰਦ ਜੀ ਮਹਾਰਾਜ ਤੋਂ ਸਵੇਤਾਂਬਰ ਸਥਾਨਕ ਵਾਸੀ ਜੈਨ ਦੀਖਿਆ ਲਈ। ਆਪ ਬਿਸ਼ਨਚੰਦ ਆਦਿ 16 ਸਾਧੂਆਂ ਵਿਚੋਂ ਇਕ ਹਨ ਜਿਨ੍ਹਾਂ ਸਥਾਨਕਵਾਸੀ ਪਰੰਪਰਾ ਤਿਆਗ ਕੇ ਮੂਨੀ ਪਰੰਪਰਾ ਗ੍ਰਹਿਣ ਕੀਤੀ। ਆਪ ਮੁਨੀ ਬਿਸ਼ਨਚੰਦ ਦੇ ਚੇਲੇ ਸਨ। ਆਪ ਨੂੰ ਗੁਜਰਾਤ ਮੂਰਤੀ ਪੂਜਕ ਸੰਘ ਨੇ ਅਚਾਰੀਆ ਪਦਵੀ ਦਿੱਤੀ। ਆਪ ਨੇ ਅਚਾਰੀਆ ਸ੍ਰੀ ਵਿਜੈ ਨੰਦ ਜੀ ਦੀ ਗੁਜਰਾਂਵਾਲੇ ਵਿਖੇ ਸਮਾਧੀ ਦਾ ਨੀਂਹ ਪੱਥਰ ਰਖਵਾਇਆ ਸੀ। ਆਪ ਦੇ ਦੋ ਚੇਲੇ ਸਨ। (1) ਲਬਧੀ ਵਿਜੈ (2) ਵੀਰ ਵਿਜੈ। ਆਪ ਨੇ ਮੁਨੀ ਵੀਰ ਵਿਜੇ ਦੇ ਚੇਲੇ ਮੁਨੀ ਦਾਨ ਵਿਜੇ ਨੂੰ ਅਚਾਰੀਆ ਪਦਵੀ ਦਿੱਤੀ। ਆਪ ਦੇ ਚੇਲੇ ਅੱਜ ਕੱਲ ਗੁਜਰਾਤ ਵਿਚ ਘੁੰਮ ਰਹੇ ਹਨ।

# ਸਵਾਮੀ ਬਾਬਾ ਜੈ ਰਾਮ ਦਾਸ ਜੀ

ਆਪ ਦਾ ਜਨਮ ਪਿੰਡ ਰੂਪਾ ਹੇੜੀ ਵਿਖੇ ਸੰ: 1920 ਨੂੰ ਹੋਇਆ। ਆਪ ਦੇ ਪਿਤਾ ਸ੍ਰੀ ਨੌਲੱਖਾ ਮਲ ਅਤੇ ਮਾਤਾ ਸ੍ਰੀਮਤੀ ਭੋਲੀ ਦੇਵੀ ਸਨ। ਬਚਪਨ ਤੋਂ ਹੀ ਆਪ ਨੂੰ ਸੰਸਾਰ ਦੇ ਭੋਗਾਂ ਪ੍ਰਤੀ ਨਫ਼ਰਤ ਸੀ। 6 ਸਾਲ ਦੀ ਉਮਰ ਵਿਚ ਸਕੂਲ ਵਿਚ ਦਾਖਲ ਹੋਏ, ਆਪ ਦੇ ਘਰ ਵਾਲੇ ਆਪ ਦਾ ਵਿਆਹ ਕਰਨਾ ਚਾਹੁੰਦੇ ਸਨ। ਪਰ ਆਪ ਨੂੰ ਤਿਆਗ ਨਾਲ ਰੁਚੀ ਸੀ।

ਆਪ ਵੈਦਿਕ ਸਨਿਆਸੀ ਬਨ ਗਏ। ਜਿਥੇ ਸਾਰੇ ਲੋਕ ਆਪ ਨੂੰ ਬਾਬਾ ਜੀ ਆਖਦੇ ਸਨ। ਆਪ ਦੇ ਡੇਰੇ ਰਾਜਪੁਰੇ ਤੋਂ 2 ਮੀਲ ਦੂਰ ਮੀਲਪੁਰ ਵਿਖੇ ਸੀ। ਆਪ ਸਨਿਆਸੀ ਤਾਂ ਬਣ ਗਏ। ਪ੍ਰੰਤੂ ਆਪ ਨੇ ਸੱਚੇ ਗੁਰੂ ਦੀ ਭਾਲ ਜਾਰੀ ਰੱਖੀ। ਆਪ ਆਪਣੇ ਇਕ ਮਿੱਤਰ ਜੀਵਾਰਾਮ ਬ੍ਰਾਹਮਣ ਰਾਹੀਂ ਜੈਨ ਸਾਧੂਆਂ ਦੇ ਸੰਪਰਕ ਵਿਚ ਆਏ।

ਆਪ ਨੇ ਸ੍ਰੀ ਗਣਪਤ ਰਾਏ ਜੀ ਮਹਾਰਾਜ ਪਾਸੋਂ ਸੰ: 1944 ਵਿਚ ਮਾਛੀਵਾੜੇ ਵਿਖੇ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਸਾਧੂ ਬਨਣ ਤੋਂ ਪਹਿਲਾਂ ਆਪ ਨੇ ਆਪਣਾ ਡੇਰਾ ਆਪਣੇ ਇਕ ਸੰਨਿਆਸੀ ਨੂੰ ਸੰਭਾਲ ਦਿੱਤਾ।

ਆਪ ਮਹਾਨ ਤਪਸਵੀ, ਬੁਢੇ ਅਤੇ ਨਵੇਂ ਸਾਧੂਆਂ ਦੀ ਸੇਵਾ ਕਰਦੇ ਸਨ। ਉਸ ਸਮੇਂ ਕੋਈ ਛਾਪਾਖਾਨਾ ਨਹੀਂ ਸੀ। ਆਪ ਸ਼ਾਸਤਰਾਂ ਦੀਆਂ ਨਕਲਾਂ ਕਰਕੇ ਸਾਧੂਆਂ ਨੂੰ ਭੇਟ ਕਰਦੇ ਸਨ। ਆਪ ਦੀ ਲਿਖਾਈ ਵੀ ਬਹੁਤ ਸੁੰਦਰ ਸੀ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਮਹਾਨ ਆਤਮਾਵਾਂ ਨੇ ਸਾਧੂ ਧਰਮ ਗ੍ਰਹਿਣ ਕੀਤਾ।

ਅੰਤ 70 ਸਾਲ ਦੀ ਉਮਰ ਵਿਚ ਆਪ ਜੀ ਦਾ ਸਵਰਗਵਾਸ ਹੋ ਗਿਆ। ਆਪ ਦੇ ਦੋ ਚੇਲੇ ਸਨ। (1) ਸ੍ਰੀ ਸਾਲਗਰਾਮ (2) ਸ੍ਰੀ ਗੋਵਿੰਦ ਰਾਮ।

# ਮੁਨੀ ਸ੍ਰੀ ਸਾਲਗ ਰਾਮ ਜੀ

ਆਪ ਦਾ ਜਨਮ ਧੂਰੀ ਦੇ ਨਜ਼ਦੀਕ ਭੱਦਲਵੱਡ ਵਿਖੇ ਸ੍ਰੀ ਕਾਲੂ ਰਾਮ ਦੇ ਘਰ ਸੰ: 1924 ਨੂੰ ਹੋਇਆ। 6 ਸਾਲ ਦੀ ਉਮਰ ਵਿਚ ਪਿੰਡ ਦੇ ਸਕੂਲ ਵਿਚ ਪੜ੍ਹਨ ਬੈਠ ਗਏ। ਪਰ ਆਪ ਬਚਪਨ ਵਿਚ ਪਰਮ ਅਹਿੰਸਕ ਸਨ। ਕੋਈ ਘੋੜੇ ਜਾਂ ਬਲਦ ਨੂੰ ਮਾਰਦਾ ਤਾਂ ਆਪ ਤੜਫ ਉਠਦੇ ਸਨ।

ਇਕ ਵਾਰ ਧੂਰੀ ਦੇ ਇਕ ਬ੍ਰਾਹਮਣ ਨਾਲ ਆਪ ਦੀ ਦੋਸਤੀ ਹੋ ਗਈ। ਆਪ ਨੇ ਆਪਣੇ ਦੋਸਤ ਤੋਂ ਜੋਤਸ਼ ਸਿੱਖ ਲਿਆ। ਮਾਤਾ ਪਿਤਾ ਦੇ ਲੱਖ ਆਖਣ ਤੇ ਵੀ ਆਪ ਵਿਆਹ ਲਈ ਤਿਆਰ ਨਾ ਹੋਏ।

## ਵੈਰਾਗ ਦਾ ਕਾਰਨ

ਇਕ ਵਾਰ ਆਪ ਆਪਣੇ ਭਰਾ ਨਾਲ ਭੱਦਲਵੱਡ ਆ ਰਹੇ ਸਨ। ਰਸਤੇ ਵਿਚ ਚਿਤਾ ਜਲ ਰਹੀ ਸੀ। ਦੋਵੇਂ ਭਰਾ ਘਬਰਾ ਗਏ। ਸ੍ਰੀ ਸਾਲਗ ਰਾਮ ਪ੍ਰਭੂ ਦਾ ਨਾਂ ਜਪਣ ਲੱਗਾ। ਆਪ ਦਾ ਭਰਾ ਗਸ਼ ਖਾ ਕੇ ਡਿਗ ਪਿਆ ਅਤੇ ਕੁਝ ਦਿਨਾਂ ਬਾਅਦ ਮਰ ਗਿਆ। ਆਪ ਦਾ ਦੂਸਰਾ ਭਰਾ ਅਚਾਨਕ ਬੀਮਾਰ ਹੋ ਗਿਆ ਅਤੇ ਉਹ ਵੀ ਮਰ ਗਿਆ। ਇਨ੍ਹਾਂ ਘਟਨਾਵਾਂ ਨੇ ਆਪ ਦੇ ਦਿਲ ਦਿਮਾਗ ਤੇ ਡੂੰਘਾ ਅਸਰ ਪਾਇਆ। ਆਪ ਨੂੰ ਜਨਮ ਮਰਨ ਦਾ ਭੇਦ ਸਮਝ ਆ ਗਿਆ। ਆਪ ਨੇ 19 ਸਾਲ ਦੀ ਉਮਰ ਵਿਚ ਆਪਣੇ ਬਾਬਾ ਜੈ ਰਾਮ ਦਾਸ ਪਾਸੋਂ ਸੰ: 1946 ਨੂੰ ਖਰੜ (ਜ਼ਿਲਾ ਰੋਪੜ) ਵਿਖੇ ਸਾਧੂ ਦੀਖਿਆ ਗ੍ਰਹਿਣ ਕੀਤੀ।

ਆਪ ਨੇ ਜੈਨ ਸਮਾਜ ਨੂੰ ਮਹਾਨ ਅਚਾਰੀਆ ਆਤਮਾ ਰਾਮ ਜੀ ਵਰਗਾ ਚੇਲਾ ਦਿੱਤਾ। ਆਪ ਦਾ ਸਵਰਗਵਾਸ 1996 ਨੂੰ ਹੋ ਗਿਆ।

# ਅਚਾਰੀਆ ਅਮੋਲਕ ਰਿਸ਼ੀ ਜੀ

ਰਿਸ਼ੀ ਫ਼ਿਰਕੇ ਦੇ ਇਸ ਮਹਾਨ ਅਚਾਰੀਆ ਦਾ ਜਨਮ ਸੰ: 1934 ਨੂੰ ਭੂਪਾਲ ਵਿਖੇ ਹੋਇਆ। ਪਿਤਾ ਸ਼੍ਰੀ ਕਸਤੂਰ ਚੰਦ ਅਤੇ ਮਾਤਾ ਹੁਲਾਸੀ ਬਾਈ ਸੀ। ਬਚਪਨ ਵਿਚ ਆਪ ਜੀ ਦੀ ਮਾਤਾ ਦਾ ਸਵਰਗ ਵਾਸ ਹੋ ਗਿਆ। ਬਾਪ ਤੇ ਪੁੱਤਰ ਨੇ ਜੈਨ ਸਾਧੂ ਬਨਣ ਦਾ ਫ਼ੈਸਲਾ ਕਰ ਲਿਆ ਆਪ ਨੇ ਸੰ: 1944 ਵਿਚ ਮੁਨੀ ਧਰਮ ਗ੍ਰਹਿਣ ਕੀਤਾ। ਆਪ ਨੇ ਅਚਾਰੀਆ ਰਤਨ ਰਿਸ਼ੀ ਜੀ ਮਹਾਰਾਜ ਤੋਂ ਜੈਨ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਆਪ 7 ਸਾਲ ਜੈਨ ਆਗਮ ਅਭਿਆਸ ਕਰਦੇ ਰਹੇ। ਸੰ: 1989 ਨੂੰ ਆਪ ਨੂੰ ਰਿਸ਼ੀ ਫ਼ਿਰਕੇ ਦਾ ਅਚਾਰੀਆ ਬਣਾਇਆ ਗਿਆ।

ਆਪ ਨੇ ਜੈਨ ਇਤਿਹਾਸ ਦਾ ਅਜੇਹਾ ਕਾਰਨਾਮਾ ਕਰ ਵਿਖਾਇਆ ਜੋ ਨਾ ਪਹਿਲਾਂ ਕਿਸੇ ਨੇ ਕੀਤਾ ਸੀ ਅਤੇ ਨਾ ਹੁਣ ਤਕ ਕਿਸੇ ਨੇ ਕੀਤਾ ਸੀ। ਆਪ ਨੇ ਸਿਕੰਦਰਾਬਾਦ ਵਿਚ ਰਹਿ ਕੇ 32 ਸ਼ਾਸਤਰਾਂ ਦਾ ਹਿੰਦੀ ਅਨੁਵਾਦ 3 ਸਾਲ ਵਿਚ ਸੰਪੂਰਨ ਕੀਤਾ। ਇਹ ਅਨੁਵਾਦ ਬਹੁਤ ਹੀ ਸਰਲ ਹੈ। ਪ੍ਰਾਕ੍ਰਿਤ ਨਾ ਜਾਨਣ ਵਾਲਾ ਬੜੇ ਅਰਾਮ ਨਾਲ ਇਹ ਅਨੁਵਾਦ ਸਮਝ ਸਕਦਾ ਹੈ। ਆਪ ਦੇ ਇਹ ਸ਼ਾਸ਼ਤਰ ਇਕ ਹੀ ਭਗਤ ਨੇ ਛਪਵਾ ਕੇ ਮੁਫ਼ਤ ਵੰਡ ਦਿੱਤੇ।

ਆਪ ਨੇ 70 ਗ੍ਰੰਥ ਹਿੰਦੀ ਵਿਚ ਲਿਖੇ। ਜਿਨ੍ਹਾਂ ਵਿਚ ਜੈਨ ਤੱਤਵ ਪ੍ਰਕਾਸ਼ ਪ੍ਰਮੁਖ ਹੈ। ਆਪ ਦੇ ਗ੍ਰੰਥਾਂ ਦਾ ਅਨੁਵਾਦ ਗੁਜਰਾਤੀ, ਮਰਾਠੀ, ਕੰਨੜ ਅਤੇ ਉਰਦੂ ਭਾਸ਼ਾ ਵਿਚ ਵੀ ਮਿਲਦਾ ਹੈ। ਬੁੜ੍ਹਾਪੇ ਵਿਚ ਆਪ ਨੇ ਪੰਜਾਬ ਦੇ ਭਿੰਨ ਭਿੰਨ ਸਥਾਨਾਂ ਤੇ ਧਰਮ ਪ੍ਰਚਾਰ ਕੀਤਾ। ਸੰ: 1992 ਵਿਚ ਆਪ ਦਿੱਲੀ ਚੌਮਾਸੇ ਲਈ ਪਹੁੰਚੇ। ਪੰਜਾਬ, ਹਰਿਆਣੇ ਦੇ ਲੋਕ ਆਪ ਦੇ ਦਰਸ਼ਨਾਂ ਲਈ ਖਾਨ ਦੇਸ਼ ਤਕ ਪਹੁੰਚੇ। ਸੰ: 1993 ਵਿਚ ਆਪਦਾ ਸਵਰਗ-ਵਾਸ ਹੋ ਗਿਆ।

ਆਪ ਦਾ ਜਨਮ ਗੁਜਰਾਂਵਾਲੇ ਦੇ ਕਰੀਬ ਭਖੜਿਆਂ ਵਾਲੀ ਵਿਖੇ ਇਕ ਸੁਨਿਆਰ ਦੇ ਘਰ ਹੋਇਆ। ਆਪ ਦੇ ਪਿਤਾ ਸ਼੍ਰੀ ਦੌਲਤ ਰਾਮ ਜੀ ਸਨ। ਜਿਥੇ ਆਪ ਜੀ ਦਾ ਜਨਮ ਸੰ: 1937 ਕੱਤਕ ਸੁਕਲਾ ਨੂੰ ਹੋਇਆ। ਬਚਪਨ ਦਾ ਨਾਂ ਲਛਮਨ ਦਾਸ ਸੀ। ਆਪ ਦੇ ਪਿਤਾ ਦੇ ਇਕ ਜੈਨ ਮਿੱਤਰ ਸਨ ਭਗਤ ਬੁੱਦਾਮੱਲ। ਛੋਟੀ ਉਮਰ ਵਿਚ ਹੀ ਆਪ ਨੂੰ ਜੈਨ ਸਾਧੂਆਂ ਨੂੰ ਸੁਨਣ ਦਾ ਸੁਭਾਗ ਮਿਲਿਆ। ਇਨ੍ਹਾਂ ਸਮੇਂ ਆਪ ਜੀ ਦੇ ਪਿਤਾ ਦਾ ਸਵਰਗ-ਵਾਸ ਹੋ ਗਿਆ। ਆਪ ਨੂੰ ਸੰਸਾਰ ਅਸਾਰ ਜਾਪਣ ਲੱਗਾ। ਸੰ: 1953 ਨੂੰ ਅਚਾਰੀਆ ਵਿਜੈ ਵੱਲਭ ਸੂਰੀ ਦਾ ਆਪ ਨੂੰ ਸੰਪਰਕ ਪ੍ਰਾਪਤ ਹੋਇਆ। ਸੰ: 1954 ਵੈਸਾਖ ਸੁਕਲਾ 8 ਨੂੰ ਆਪ ਨੇ ਸ਼੍ਰੀ ਵਿਜੈ ਵੱਲਭ ਸੂਰੀ ਤੋਂ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਉਸ ਸਮੇਂ ਸ਼੍ਰੀ ਵਿਜੈ ਵੱਲਭ ਨਾਰੋਵਾਲ ਜ਼ਿਲਾ ਸਿਆਲਕੋਟ ਵਿਖੇ ਵਿਰਾਜਮਾਨ ਸਨ। ਆਪ ਦਾ

ਨਾਂ ਲਛਮਨਦਾਸ ਤੋਂ ਮੁਨੀ ਲਲਿਤ ਵਿਜੈ ਰਖਿਆ ਗਿਆ। ਆਪ ਨੇ ਸੰਸਕ੍ਰਿਤ ਪ੍ਰਾਕ੍ਰਿਤ ਅਤੇ ਗੁਜਰਾਤੀ ਜੈਨ ਅਤੇ ਅਜੈਨ ਸਾਹਿਤ ਦਾ ਡੂੰਘਾ ਅਧਿਐਨ ਕੀਤਾ।

ਸੰ: 1993 ਵੈਸਾਖ ਸੁਕਲਾ ਨੂੰ ਆਪ ਨੂੰ ਅਚਾਰੀਆ ਪਦਵੀ ਮਿਲੀ। ਆਪ ਨੇ ਅਨੇਕਾਂ ਵਿਦਿਅਕ ਸੰਸਥਾਵਾਂ ਦਾ ਨਿਰਮਾਨ ਕੀਤਾ। ਇਨ੍ਹਾਂ ਵਿਚ ਗੁਜਰਾਂਵਾਲੇ ਵਿਖੇ ਜੈਨ ਗੁਰੂਕੁਲ ਦੀ ਸਥਾਪਨਾ ਪ੍ਰਮੁਖ ਹੈ। ਆਪ ਨੇ ਅਨੇਕਾਂ ਮੰਦਰਾਂ ਦੀ ਤੀਰਥ ਯਾਤਰਾ ਕੀਤੀ।

ਆਪ ਨੇ 5 ਪ੍ਰਮੁਖ ਗ੍ਰੰਥ ਲਿਖੇ ਹਨ (1) ਮਹਾਵੀਰ ਸੰਦੇਸ਼ (2) ਸ਼੍ਰੀ ਕੁਮਾਰ ਪਾਲ ਚਰਿਤਰ (3) ਸ਼੍ਰੀ ਹੀਰਾ ਵਿਜੈ ਚਰਿਤਰ (4) ਸ਼੍ਰੀ ਕਲਪ ਸੂਤਰ ਹਿੰਦੀ ਟੀਕਾ।

ਸੰ: 2006 ਮਾਘ ਸੁਦਿ 9 ਨੂੰ ਧੁਡਾਲ ਪਿੰਡ ਵਿਚ ਆਪ ਦਾ ਸਵਰਗਵਾਸ ਹੋ ਗਿਆ।

ਆਪ ਦਾ ਸਮਾਰਕ ਫਾਲਨਾ ਵਿਖੇ ਬਨਾਇਆ ਗਿਆ ਹੈ।

# ਉਪਾਧਿਆਏ ਸ਼੍ਰੀ ਸੋਹਨ ਵਿਜੈ ਜੀ

ਆਪ ਦਾ ਜਨਮ ਸੰ: 1938 ਮਾਘ ਸੁਦੀ 3 ਨੂੰ ਜੰਮੂ ਵਿਖੇ ਹੋਇਆ। ਆਪ ਦੇ ਬਜ਼ੁਰਗਾਂ ਦੀ ਕਸ਼ਮੀਰ ਰਾਜ ਵਿਚ ਬਹੁਤ ਚੰਗੀ ਸਥਿਤੀ ਸੀ। ਆਪ ਦਾ ਨਾਂ ਬਸਤਾ ਮਲ ਸੀ। ਪਿਤਾ ਦਾ ਨਾਂ ਨਿਹਾਲ ਚੰਦ ਅਤੇ ਮਾਤਾ ਸ਼੍ਰੀਮਤੀ ਉਨਤੀ ਦੇਵੀ ਜੀ ਸਨ।

ਆਪ ਬਾਲ ਬ੍ਰਹਮਚਾਰੀ ਸਨ। ਸੰ: 1960 ਭਾਦੋਂ ਸੁਦੀ 13 ਨੂੰ 22 ਸਾਲ ਦੀ ਉਮਰ ਵਿਚ ਆਪ ਨੇ ਜੈਨ ਸਥਾਨਕਵਾਸੀ ਮੁਨੀ ਸ਼੍ਰੀ ਗੈਂਡੇ ਮਲ ਜੀ ਤੋਂ ਸਾਧੂ ਦੀਖਿਆ ਗਹਿਣ ਕੀਤੀ। ਪਰ 4 ਮਹੀਨੇ ਬਾਅਦ ਆਪ ਨੇ ਸ਼ਵੇਤਾਂਬਰ ਮੂਰਤੀ ਪੂਜਕ ਦੀਖਿਆ ਗ੍ਰਹਿਣ ਕਰ ਲਈ। ਆਪ ਦੇ ਗੁਰੂ ਸ਼੍ਰੀ ਵਿਜੈ ਵੱਲਭ ਸਨ। ਆਪ ਜੈਨ ਅਤੇ ਅਜੈਨ ਸ਼ਾਸਤਰਾਂ ਦੇ ਮਹਾਨ ਗਿਆਨੀ ਸਨ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਸਮਾਜ ਸੁਧਾਰ ਦੇ ਕੰਮ ਹੋਏ। ਆਪ ਨੇ ਵੇਸ਼ਿਆ ਨਾਚ, ਬਾਲ ਵਿਆਹ, ਬੁੱਢਾ ਵਿਆਹ, ਮਰਨ ਸਮੇਂ ਹੰਗਾਮਾ ਆਦਿ ਰਸਮਾਂ ਦੇ ਖਿਲਾਫ਼ ਕ੍ਰਾਂਤੀ ਕਾਰੀ ਅਵਾਜ਼ ਉਠਾਈ। ਆਪ ਮਹਾਨ ਧਰਮ ਪ੍ਰਚਾਰਕ ਸਨ। ਆਪ ਦੀ ਪ੍ਰੇਰਣਾ ਨਾਲ ਕਈ ਕਸਾਈਆਂ ਨੇ ਆਪਣਾ ਧੰਦਾ ਤਕ ਛੱਡ ਦਿੱਤਾ।

ਆਪ ਨੇ ਸ਼੍ਰੀ ਆਤਮਾਨੰਦ ਜੈਨ ਮਹਾਸਭਾ ਪੰਜਾਬ ਦੀ ਨੀਂਹ ਰੱਖੀ। ਆਪ ਜੈਨ ਏਕਤਾ ਦੇ ਮਹਾਨ ਹਾਮੀ ਸਨ। ਆਪ ਦਾ ਸਵਰਗਵਾਸ ਸੰ: 1982 ਨੂੰ ਗੁਜਰਾਂਵਾਲੇ ਵਿਖੇ ਹੋਇਆ।

# ਅਚਾਰੀਆ ਵਿਜੇ ਪ੍ਰਕਾਸ਼ਾਨੰਦ

ਸੰ: 1968 ਫਾਲਗੁਣ ਸੁਦੀ 3 ਨੂੰ ਸਿਰੋਹੀ ਜਿਲੇ ਦੇ ਜੜੋਲੀ ਪਿੰਡ ਵਿਚ ਆਪ ਦਾ ਜਨਮ ਹੋਇਆ। ਆਪ ਦੇ ਪਿਤਾ ਸ਼੍ਰੀ ਤਾਰਾਚੰਦ ਅਤੇ ਮਾਤਾ ਸੁਮਤੀ ਦੇਵੀ ਸੀ। ਸੰ: 2001 ਚੇਤ ਵਦੀ 6 ਨੂੰ 32 ਸਾਲ ਦੀ ਉਮਰ ਵਿਚ ਆਪ ਨੇ ਮੁਨੀ ਲਲਿਤ ਵਿਜੈ ਤੋਂ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਦਾ ਪਹਿਲਾ ਨਾਂ ਹਜ਼ਾਰੀ ਮਲ ਸੀ। ਮੁਨੀ ਪਦਮ ਵਿਜੈ ਜੀ ਆਪ ਦੇ ਸੰਸਾਰੀ ਪੱਖੋਂ ਸੱਕੇ ਭਰਾ ਸਨ ਜਿਨ੍ਹਾਂ 40 ਤੋਂ ਵੀ ਜ਼ਿਆਦਾ ਜੈਨ ਗ੍ਰੰਥਾਂ ਦਾ ਅਨੁਵਾਦ, ਸੰਪਾਦਨ ਅਤੇ ਲੇਖਨ ਦਾ ਕੰਮ ਕੀਤਾ।

ਆਪ ਨੇ ਪ੍ਰਸਿੱਧ ਇਤਿਹਾਸਕਾਰ ਅਤੇ ਜੈਨ ਵਿਦਵਾਨ ਸ਼੍ਰੀ ਹੀਰਾ ਲਾਲ ਦੁਗੜ ਤੋਂ ਸ਼ਵੇਤਾਂਬਰ ਦਿਗੰਬਰ ਜੈਨ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਮਹਾਨ ਤਪੱਸਵੀ, ਯੋਗੀ ਅਤੇ ਸਮਾਜ ਸੁਧਾਰਕ ਸਨ। ਸੰ: 2031 ਵਿਚ ਹਸਤਨਾਪੁਰ ਤੀਰਥ ਵਿਖੇ ਆਪ ਨੂੰ ਅਚਾਰੀਆ ਪਦਵੀ ਪ੍ਰਾਪਤ ਹੋਈ। ਆਪ ਨੇ ਅਨੇਕਾਂ ਜੈਨ ਤੀਰਥਾਂ ਦੀ ਸਾਰ ਸੰਭਾਲ ਦਾ ਕੰਮ ਅਪਣੀ ਪ੍ਰੇਰਣਾ ਨਾਲ ਕਰਵਾਇਆ। ਆਪ ਨੇ ਅਨੇਕਾਂ ਜੈਨ ਮੰਦਰਾਂ ਵਿਚ ਨਵੀਆਂ ਮੂਰਤੀਆਂ ਦੀ ਸਥਾਪਨਾ, ਗਰੀਬਾਂ ਦੀ ਮਦਦ ਲਈ ਫੰਡ ਕਾਇਮ ਕੀਤੇ।

ਸੰ: 2032 ਨੂੰ ਆਪ ਦਾ ਸਵਰਗਵਾਸ ਸੂਰਤ ਸ਼ਹਿਰ ਦੇ ਕਰੀਬ ਹੋ ਗਿਆ।

# ਅਚਾਰੀਆ ਸ਼੍ਰੀ ਕੈਲਾਸ਼ ਸਾਗਰ ਸੂਰੀ

ਆਪ ਦਾ ਜਨਮ 1972 ਮੱਘਰ ਸੁਦੀ 15 ਜਗਰਾਵਾਂ ਵਿਖੇ ਅਰੋੜਾ ਸਥਾਨਕਵਾਸੀ ਜੈਨ ਪਰਿਵਾਰ ਦੇ ਲਾਲਾ ਗੰਗਾਰਾਮ ਹਲਵਾਈ ਦੇ ਪੁਤਰ ਸ਼੍ਰੀ ਰਾਮਕ੍ਰਿਸ਼ਨ ਦੇ ਘਰ ਹੋਇਆ। ਆਪ ਦੀ ਮਾਤਾ ਸ਼੍ਰੀਮਤੀ ਰਾਮਰੱਖੀ ਸੀ।

ਬਚਪਨ ਵਿਚ ਆਪ ਦਾ ਨਾਂ ਕਾਂਸ਼ੀ ਰਾਮ ਸੀ। ਆਪ ਨੇ ਐਮ. ਡੀ. ਕਾਲੇਜ ਵਿਚੋਂ ਐਫ. ਏ. ਅਤੇ ਲਾਹੌਰ ਦੇ ਐਸ. ਡੀ. ਕਾਲੇਜ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ। ਉਸ ਸਮੇਂ ਆਪ ਦੀ ਦੋਸਤੀ ਸ਼੍ਰੀ ਸੁਸ਼ੀਲ ਕੁਮਾਰ ਜੀ ਨਾਂ ਦੇ ਬ੍ਰਾਹਮਣ ਨਾਲ ਪੈ ਗਈ। ਦੋਹਾਂ ਨੇ ਮੁਨੀ ਬਨਣ ਦਾ ਫੈਸਲਾ ਕੀਤਾ। ਕਾਂਸ਼ੀ ਰਾਮ ਮੁਨੀ ਸ਼੍ਰੀ ਕੁੰਦਨ ਲਾਲ ਕੋਲ ਸਾਧੂ ਬਨਣਾ ਚਾਹੁੰਦਾ ਸੀ ਅਤੇ ਸ਼੍ਰੀ ਸੁਸ਼ੀਲ ਕੁਮਾਰ ਸ਼੍ਰੀ ਛੋਟੇ ਲਾਲ ਜੀ ਮਹਾਰਾਜ ਕੋਲ। ਸ਼੍ਰੀ ਸੁਸ਼ੀਲ ਕੁਮਾਰ ਨੂੰ ਘਰ ਵਾਲਿਆਂ ਤੋਂ ਸਾਧੂ ਬਨਣ ਦੀ ਆਗਿਆ ਮਿਲ ਗਈ ਜੋਕਿ ਅਜਕਲ ਅੰਤਰ ਰਾਸ਼ਟਰੀਆ ਅਰਹੰਤ ਸੰਘ ਦੇ ਅਚਾਰੀਆ ਹਨ। ਜਿਨ੍ਹਾਂ ਸੰਸਾਰ ਵਿਚ ਜੈਨ ਧਰਮ ਦੇ ਅਨੇਕਾਂ ਕੇਂਦਰ ਖੋਲੇ ਹਨ। ਪਰ ਕਾਂਸ਼ੀ ਰਾਮ ਨੂੰ ਇਜਾਜ਼ਤ ਨਾ ਮਿਲੀ। ਘਰ ਵਾਲਿਆਂ ਕਾਂਸ਼ੀ ਰਾਮ ਦੀ ਸ਼ਾਦੀ ਰਾਮਪੁਰਾ ਫੂਲ ਦੀ ਸ਼ਾਂਤੀ

ਦੇਵੀ ਨਾਲ ਕਰ ਦਿਤੀ। ਆਪ ਦੇ ਇਕ ਪੁੱਤਰੀ ਪੈਦਾ ਹੋਈ। ਸ਼ਾਦੀ ਸਮੇਂ ਆਪ ਦੀ ਉਮਰ 16 ਸਾਲ ਦੀ ਸੀ। ਆਪ ਨੇ 7 ਸਾਲ ਸੰਸਾਰਿਕ ਸੁਖ ਭੋਗੇ।

2 ਜਨਵਰੀ 1938 (ਸੰ: 1994) ਨੂੰ ਆਪ ਘਰ ਵਾਲਿਆਂ ਨੂੰ ਦੱਸੇ ਬਿਨਾ ਬੰਬਈ ਪਹੁੰਚ ਗਏ। ਤਪਗੱਛੀ ਅਚਾਰੀਆ ਸ੍ਰੀ ਜਿਤੇਂਦਰ ਸਾਗਰ ਕੋਲ ਆਪ ਨੇ ਅਹਿਮਦਾਬਾਦ ਵਿਖੇ ਦੀਖਿਆ ਗ੍ਰਹਿਣ ਕੀਤੀ। ਆਪ ਦਾ ਨਾਂ ਅਨੰਦ ਸਾਗਰ ਪਿਆ। ਆਪਨੇ ਸਾਧੂ ਬਨਣ ਤੋਂ 10 ਮਹੀਨੇ ਬਾਅਦ ਮੁਨੀ ਸ੍ਰੀ ਕੁੰਦਨਲਾਲ ਜੀ ਨੂੰ ਇਸ ਦੀ ਸੂਚਨਾ ਜਗਰਾਵਾਂ ਵਿਖੇ ਦਿੱਤੀ।

ਆਪ ਦੇ ਪਿਤਾ ਅਤੇ ਪਤਨੀ ਆਪ ਨੂੰ ਅਹਿਮਦਾਬਾਦ ਤੋਂ ਮਜਬੂਰ ਕਰਕੇ ਵਾਪਸ ਲੈ ਗਏ।

ਪਰ 4 ਮਹੀਨੇ ਬਾਅਦ ਆਪ ਫੇਰ ਭਜ ਗਏ। ਆਪ ਨੇ ਸ੍ਰੀ ਹੇਮਚੰਦ ਸਾਗਰ ਤੋਂ ਦੀਖਿਆ ਲਈ। ਆਪ ਦਾ ਨਾਂ ਕੈਲਾਸ਼ ਸਾਗਰ ਪਿਆ।

ਆਪ ਨੂੰ ਸੰ: 202? ਦੀ ਮੱਘਰ ਵਦਿ 11 ਨੂੰ ਸਰਹੰਦ ਵਿਖੇ ਅਚਾਰੀਆ ਪਦਵੀ ਦਿੱਤੀ ਗਈ। ਆਪ ਦੀ ਪ੍ਰੇਰਨਾ ਨਾਲ ਗੁਜਰਾਤ ਦੇ ਅਨੇਕਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਧਰਮਸ਼ਾਲਾ, ਧਾਰਮਿਕ ਸਕੂਲ, ਉਪਾਸਰੇ, ਜੈਨ ਮੰਦਰਾਂ ਦਾ ਨਿਰਮਾਣ ਹੋਇਆ ਹੈ। ਆਪ ਨੇ ਸੈਂਕੜੇ ਜੈਨ ਮੂਰਤੀਆਂ ਦੀ ਪ੍ਰਤਿਸ਼ਠਾ ਕਰਵਾਈ ਹੈ। ਆਪ ਦੇ ਚੇਲਿਆਂ ਦੀ ਗਿਣਤੀ 30 ਹੈ। ਆਪ ਨੇ ਮਹਿਸਾਨਾ ਵਿਖ ਭਗਵਾਨ ਸਮਿੰਦਰ ਸਵਾਮੀ ਦਾ ਵਿਸ਼ਾਲ ਜੈਨ ਮੰਦਰ ਬਣਵਾਇਆ ਹੈ ਜੋ ਕਿ ਇਕ ਤੀਰਥ ਹੈ। ਇਨ੍ਹਾਂ ਦੀ ਮੂਰਤੀ 14½" ਉੱਚੀ 23 ਟਨ ਸੰਗਮਰਮਰ ਦੀ ਬਣੀ ਹੈ। ਇਸ ਮੰਦਰ ਨਾਲ 65 ਕਮਰਿਆਂ ਵਾਲੀ ਧਰਮਸ਼ਾਲਾ, ਸੈਨੀਟੋਰੀਅਮ, ਭੋਜਨਸ਼ਾਲਾ, ਗਰੀਬਾਂ ਲਈ ਆਸ਼ਰਮ, ਪਾਠਸ਼ਾਲਾਵਾਂ ਵੀ ਬਣੀ ਹੈ।

ਆਪ ਦੇ ਬੜੇ ਭਰਾ ਸ੍ਰੀ ਵੀਰਚੰਦ ਨੇ ਗਣੀ ਸ੍ਰੀ ਜੈ ਵਿਜੈ ਪਾਸੋਂ ਸੰ: 2035 ਨੂੰ ਦੀਖਿਆ ਗ੍ਰਹਿਣ ਕੀਤੀ।

# ਮੁਨੀ ਸ੍ਰੀ ਗਣਪਤ ਰਾਏ ਜੀ

ਆਪ ਅਚਾਰੀਆ ਸ੍ਰੀ ਮੋਤੀਰਾਮ ਜੀ ਦੇ ਪ੍ਰਮੁਖ ਚੇਲੇ ਸਨ। ਆਪਦਾ ਜਨਮ ਸਿਆਲਕੋਟ ਜ਼ਿਲੇ ਦੇ ਪਸਰੂਰ ਕਸਬੇ ਵਿਚ ਸੰ: 1906 ਭਾਦੋਂ ਕ੍ਰਿਸ਼ਨਾ 3 ਨੂੰ ਲਾਲਾ ਗੁਰਦਾਸ ਮਲ ਦੇ ਘਰ ਹੋਇਆ। ਆਪ ਦੀ ਮਾਤਾ ਸ੍ਰੀਮਤੀ ਗੌਰਾਂ ਦੇਵੀ ਜੈਨ ਧਰਮ ਦੇ ਡੂੰਘੇ ਸੰਸਕਾਰਾਂ ਵਿਚ ਰੰਗੀ ਹੋਈ ਸੀ। ਮਾਤਾ ਪਿਤਾ ਦਾ ਅਸਰ ਪੁਤਰ ਤੇ ਹੋਣਾ ਸੁਭਾਵਿਕ ਹੈ। ਆਪ 4 ਭਰਾ ਅਤੇ 3 ਭੈਣਾਂ ਸਨ। ਸੰ: 1924 ਵਿਚ ਆਪ ਦਾ ਵਿਆਹ ਹੋ ਗਿਆ।

ਆਪ ਸਰਾਫ਼ੀ ਦਾ ਕੰਮ ਕਰਦੇ ਸਨ। ਆਪ ਆਪਣੇ ਕੰਮ ਵਿਚ ਬਹੁਤ ਮਸ਼ਹੂਰ ਸਨ। ਹਮੇਸ਼ਾ ਧਾਰਮਿਕ ਕ੍ਰਿਆਵਾਂ ਪ੍ਰਤੀ ਆਪ ਦਾ ਧਿਆਨ ਲੱਗਿਆ ਰਹਿੰਦਾ ਸੀ।

## ਵੈਰਾਗ ਦਾ ਕਾਰਣ

ਇਕ ਵਾਰ ਆਪ ਨਾਰੋਵਾਲ ਤੋਂ ਵਾਪਸ ਪਸਰੂਰ ਆ ਰਹੇ ਸਨ। ਰਾਹ ਵਿਚ ਨਦੀ ਚਲਦੀ ਸੀ। ਉਸ ਸਮੇਂ ਇਸ ਨਦੀ ਨੂੰ ਪਾਰ ਲਗਾਉਣ ਦਾ ਕੰਮ ਇਕ ਆਦਮੀ ਕਰਦਾ ਸੀ। ਉਸ ਪਾਸ ਕੋਈ ਕਿਸ਼ਤੀ ਨਹੀਂ ਸੀ। ਆਪ ਅਤੇ ਦੋ ਮਨੁਖ ਕੇਵਟ ਦੇ ਸਹਾਰੇ ਨਦੀ ਪਾਰ ਕਰਨ ਲੱਗੇ। ਨਦੀ ਦੇ ਵਿਚਕਾਰ ਪਹੁੰਚੇ ਤਾਂ ਨਦੀ ਵਿਚ ਹੜ ਆ ਗਿਆ। ਖੇਵਟ ਨੇ ਜਾਨ ਬਚਾਉਣ ਲਈ ਤਿੰਨਾਂ ਨੂੰ ਨਦੀ ਵਿਚ ਛੱਡ ਦਿੱਤਾ। ਆਪ ਨੇ ਉਸ ਸਮੇਂ ਪ੍ਰਤਿਗਿਆ ਕੀਤੀ ਕਿ ਜੇ ਮੈਂ ਨਦੀ ਤੋਂ ਪਾਰ ਹੋ ਗਿਆ ਤਾਂ ਸਾਧੂ ਬਣ ਜਾਵਾਂਗਾ। ਖੁਸ਼-ਕਿਸਮਤੀ ਨਾਲ ਆਪ ਦੀ ਜਾਨ ਬਚ ਗਈ। ਦੋਵੇਂ ਆਦਮੀ ਨਦੀ ਦੇ ਹੜ ਵਿਚ ਵਹਿ ਗਏ। ਆਪ ਨੂੰ ਸਾਧੂ ਬਨਣ ਦੀ ਆਗਿਆ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਈ। ਆਪ ਸੰ: 1933 ਮੱਘਰ ਸੁਕਲਾ 5 ਨੂੰ ਸ਼੍ਰੀ ਦਲੇ ਰਾਇ, ਸ਼੍ਰੀ ਸ਼ਿਵ ਦਿਆਲ, ਸ਼੍ਰੀ ਸੋਹਨ ਲਾਲ ਨਾਲ ਪੂਜ ਅਚਾਰੀਆ ਸ਼੍ਰੀ ਅਮਰ ਸਿੰਘ ਦੇ ਚੇਲੇ ਬਣੇ।

ਪੂਜ ਅਮਰ ਸਿੰਘ ਜੀ ਨੇ ਆਪ ਨੂੰ ਪੂਜ ਮੋਤੀ ਰਾਮ ਜੀ ਕੋਲ ਸ਼ਾਸਤਰ ਸਿੱਖਣ ਲਈ ਭੇਜ ਦਿਤਾ। ਆਪ ਨੇ ਪੰਜਾਬ, ਹਰਿਆਣਾ ਜੰਮੂ ਕਸ਼ਮੀਰ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ। ਸੰ: 1953 ਤੋਂ 1958 ਤਕ ਆਪ ਲੁਧਿਆਣੇ ਰਹੇ। ਆਪ ਨੇ ਪਟਿਆਲਾ ਵਿਖੇ ਅਚਾਰੀਆ ਸੋਹਨ ਲਾਲ ਜੀ ਨੂੰ ਅਚਾਰੀਆ ਪਦਵੀ ਪ੍ਰਦਾਨ ਕੀਤੀ।

ਆਪ ਨੇ ਲੁਧਿਆਣੇ ਵਿਖੇ ਜੈਨ ਕੰਨਿਆ ਪਾਠਸ਼ਾਲਾ ਦੀ ਸਥਾਪਨਾ ਕੀਤੀ। ਆਪ ਮਹਾਨ ਤਪੱਸਵੀ ਅਤੇ ਧਰਮ ਪ੍ਰਚਾਰਕ ਸਨ।

ਸੰ: 1988 ਜੇਠ ਕ੍ਰਿਸ਼ਨਾ 2 ਨੂੰ ਆਪ ਦਾ ਸਵਰਗਵਾਸ ਲੁਧਿਆਣਾ ਵਿਖੇ ਹੋਇਆ।

# ਅਚਾਰੀਆ ਸ਼੍ਰੀ ਆਤਮਾ ਰਾਮ ਜੀ

ਅਚਾਰੀਆ ਸ਼੍ਰੀ ਆਤਮਾਰਾਮ ਜੀ ਦਾ ਖਿਆਲ ਆਉਂਦੇ ਹੀ ਪ੍ਰਾਚੀਨ ਅਚਾਰੀਆ ਸੰਮਤ ਭੱਦਰ, ਸ਼੍ਰੀ ਕਾਕਾ ਅਚਾਰੀਆ, ਸ਼੍ਰੀ ਅਭੈ ਦੇਵ ਸੂਰੀ, ਅਚਾਰੀਆ ਹੇਮਚੰਦਰ ਜੀ ਦਾ ਧਿਆਨ ਆ ਜਾਂਦਾ ਹੈ। ਪੰਜਾਬ ਦੀ ਧਰਤੀ ਨੂੰ ਇਹ ਸੁਭਾਗ ਹਾਸਲ ਹੈ ਕਿ ਉਸ ਨੇ 20 ਜੈਨ ਆਗਮਾਂ ਦੇ ਟੀਕਾਕਾਰ ਅਤੇ 60 ਗ੍ਰੰਥਾਂ ਦੇ ਹਿੰਦੀ ਲੇਖਕ ਨੂੰ ਪੈਦਾ ਕੀਤਾ, ਜਿਸ ਨੇ ਆਪਣੇ ਦੇਸ਼ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਅਤੇ ਵਿਦੇਸ਼ੀ ਧਰਮਾਂ ਨੂੰ ਆਪਣੇ ਗਿਆਨ, ਸੰਯਮ ਅਤੇ ਚਾਰਿੱਤਰ ਰਾਹੀਂ ਪ੍ਰਭਾਵਿਤ ਕੀਤਾ।

ਆਪ ਦਾ ਜਨਮ ਪੰਜਾਬ ਦੇ ਜ਼ਿਲੇ ਜਾਲੰਧਰ ਦੇ ਰਾਹੋਂ ਕਸਬੇ ਵਿਚ ਚੋਪੜਾ ਖਤਰੀ ਪ੍ਰਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਸ੍ਰੀ ਮਨਸਾ ਰਾਮ ਅਤੇ ਮਾਤਾ ਪਰਮੇਸ਼ਰੀ ਦੇਵੀ ਸੀ। ਆਪ ਦਾ ਜਨਮ ਸੰਮਤ 1939 ਭਾਦੋਂ ਨੂੰ ਹੋਇਆ। ਛੋਟੀ ਉਮਰ ਵਿਚ ਆਪ ਦੇ ਮਾਤਾ ਪਿਤਾ ਦਾ ਸਵਰਗਵਾਸ ਹੋ ਗਿਆ। ਕੁਝ ਸਮੇਂ ਆਪ ਦਾ ਪਾਲਨ ਪੋਸ਼ਨ ਆਪ ਦੀ ਦਾਦੀ ਨੇ ਕੀਤਾ ਪਰ ਕੁਝ ਸਮੇਂ ਬਾਅਦ ਦਾਦੀ ਜੀ ਦਾ ਸਵਰਗਵਾਸ ਹੋ ਗਿਆ। ਛੋਟੀ ਉਮਰ ਵਿਚ ਹੀ ਆਪ ਨੂੰ ਸੰਸਾਰ ਦੀ ਅਸਲੀਅਤ ਦਾ ਪਤਾ ਲਗ ਗਿਆ। ਆਪ ਨੂੰ ਸ੍ਰੀ ਸੋਹਨਲਾਲ ਵਕੀਲ ਰਾਹੀਂ ਅਚਾਰੀਆ ਮੋਤੀਰਾਮ ਜੀ ਦੇ ਭਾਸ਼ਨ ਸੁਨਣ ਦਾ ਅਵਸਰ ਮਿਲਿਆ।

ਸੰ: 1951 ਹਾੜ ਸੁਕਲਾ 2 ਨੂੰ ਆਪ ਨੇ ਛੱਤ ਬਨੂੜ (ਪਟਿਆਲਾ) ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਦੇ ਗੁਰੂ ਸ੍ਰੀ ਸਾਲਗ ਰਾਮ ਜੀ ਸਨ। ਆਪਦੇ ਵਿਦਿਆ ਗੁਰੂ ਅਚਾਰੀਆ ਸ੍ਰੀ ਮੋਤੀ ਰਾਮ ਜੀ ਸਨ। ਆਪ ਨੇ ਬੜੀ ਛੋਟੀ ਉਮਰ ਵਿਚ ਹੀ ਜੈਨ ਬੁਧ ਅਤੇ ਵੈਦਿਕ ਸਾਹਿਤ ਦਾ ਅਧਿਐਨ ਕਰ ਲਿਆ। ਅਧਿਐਨ ਦੇ ਨਾਲ ਨਾਲ ਆਪ ਧਿਆਨ ਅਤੇ ਤਪੱਸਿਆ ਵੀ ਕਰਦੇ ਸਨ। ਆਪ ਨੇ ਅਧਿਐਨ ਕੀਤਾ ਹੀ ਨਹੀਂ ਸਗੋਂ ਇਸ ਨੂੰ ਪ੍ਰਚਾਰਿਆ ਵੀ।

ਆਪ ਇਕ ਮਹਾਨ ਦੇਸ਼ ਭਗਤ ਸਨ। ਆਪ ਤੋਂ ਪ੍ਰਭਾਵਿਤ ਹੋਣ ਵਾਲਿਆਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ੍ਰੀ ਸਤਪਾਲ ਮਿੱਤਲ ਅਤੇ ਭੀਮ ਸੈਨ ਸੱਚਰ ਪ੍ਰਮੁਖ ਹਨ। ਭਾਰਤ ਦੀ ਅਜ਼ਾਦੀ ਬਾਰੇ ਭਵਿਖ-ਵਾਣੀ ਆਪ ਨੇ 13 ਸਾਲ ਪਹਿਲਾਂ ਕਰ ਦਿਤੀ ਸੀ।

ਆਪ ਨੇ ਜੈਨ ਸਾਹਿਤ ਦਾ ਤੁਲਨਾਤਮਕ ਅਧਿਐਨ ਕੀਤਾ। ਆਪ ਹਿੰਦੀ ਭਾਸ਼ਾ ਵਿਚ ਸ਼ਾਸਤਰਾਂ ਦੀ ਟੀਕਾ ਕਰਨ ਵਾਲੇ ਮਹਾਨ ਟੀਕਾਕਾਰ ਹੋਏ ਹਨ। ਇੰਨੀ ਵਿਸ਼ਾਲ ਟੀਕਾ ਨਾ ਅਜ ਤਕ ਕਿਸੇ ਨੇ ਕੀਤੀ ਹੈ ਅਤੇ ਨਾ ਹੀ ਹੁਣ ਮਿਲਦੀ ਹੈ। ਇਕੱਲੇ ਉਤਰਾਧਿਐਨ ਸੂਤਰ ਨੂੰ 3 ਵਿਸ਼ਾਲ ਭਾਗਾਂ ਵਿਚ ਲਾਹੌਰ ਤੋਂ ਛਪਵਾਇਆ।

ਆਪ ਦੇ ਪ੍ਰਸਿੱਧ ਗ੍ਰੰਥਾਂ ਵਿਚੋਂ ਇਕ ਹੈ **ਤੱਤਵਾਰਥ ਜੈਨ ਆਗਮ ਸਮਨਵਯ**। ਇਸ ਗ੍ਰੰਥ ਨੇ ਭਾਰਤ ਦੇ ਵਿਦਵਾਨਾਂ ਦਾ ਹੀ ਨਹੀਂ ਸਗੋਂ ਅਮਰੀਕਾ, ਇੰਗਲੈਂਡ, ਚੇਕੋਸਲਵਾਕੀਆ, ਰੂਸ, ਪੋਲੈਂਡ ਅਤੇ ਜਰਮਨੀ ਦੇ ਵਿਦਵਾਨਾਂ ਤਕ ਆਪ ਨੂੰ ਮਸ਼ਹੂਰ ਕੀਤਾ। ਆਪ ਨੇ ਅਰਧ ਮਾਗਧੀ ਕੋਸ਼ ਦੇ ਇਕ ਭਾਗ ਦੀ ਤਿਆਰੀ ਵਿਚ ਪੂਰਨ ਹਿੱਸਾ ਪਾਇਆ। ਇਸ ਕੋਸ਼ ਦਾ ਸੰਕਲਨ ਸ਼ਤਾਵਧਾਨੀ ਸ੍ਰੀ ਰਤਨ ਚੰਦਰ ਜੀ ਮਹਾਰਾਜ ਸਨ। ਆਪ ਦੀ ਲੇਖਣੀ ਨਿਰਪੱਖ, ਤੁਲਨਾਤਮਕ ਵਿਆਖਿਆ ਭਰਪੂਰ ਅਤੇ ਫ਼ਿਰਕਾਪਰਸਤੀ ਤੋਂ ਪਰੇ ਸੀ ਇਹੋ ਕਾਰਨ ਹੈ ਕਿ ਆਪ ਦੇ ਗ੍ਰੰਥਾਂ ਨੂੰ ਜੈਨੀਆਂ ਦੇ ਸਾਰੇ ਫ਼ਿਰਕੇ ਇੱਜ਼ਤ ਤੇ ਮਾਨ ਨਾਲ ਪੜ੍ਹਦੇ ਹਨ।

ਵਿਦੇਸ਼ੀ ਵਿਦਵਾਨ ਡਾ: ਬੁਲਹਰ ਨੇ ਆਪ ਨੂੰ ਚਲਦੀ ਫਿਰਦੀ ਯੂਨੀਵਰਸਿਟੀ ਆਖਿਆ। ਡਾ: ਐਲਸੋਤਰਵ ਨੇ ਇਕ ਸਾਲ ਲੁਧਿਆਨਾ ਰਹਿ ਕੇ ਆਪ ਪਾਸੋਂ ਜੈਨ ਧਰਮ ਦਾ ਅਧਿਐਨ ਕੀਤਾ।

ਸੰ: 1968 ਨੂੰ ਆਪ ਨੂੰ ਸ਼ਵੇਤਾਂਬਰ ਸਥਾਨਕ ਵਾਸੀ ਜੈਨ ਸੰਘ ਪੰਜਾਬ ਦਾ ਉਪਾਧਿਆਏ ਪਦਵੀ ਪ੍ਰਾਪਤ ਹੋਈ।

ਸੰ: 1991 ਦਿਲੀ ਵਿਖੇ ਆਪ ਨੂੰ "ਜੈਨ ਧਰਮ ਦਿਵਾਕਰ" ਦੀ ਪਦਵੀ ਨਾਲ ਵਿਭੂਸ਼ਿਤ ਕੀਤਾ। ਸੰ: 1993 ਵਿਚ ਸਿਆਲਕੋਟ ਵਿਖੇ ਆਪ ਨੂੰ ਸਾਹਿਤ-ਰਤਨ ਦੀ ਪਦਵੀ ਪ੍ਰਾਪਤ ਹੋਈ ਇਥੇ ਹੀ ਆਪ ਨੇ ਨੰਦੀ ਸੂਤਰ ਦੀ ਹਿੰਦੀ ਵਿਆਖਿਆ ਸੰਪੂਰਨ ਕੀਤੀ।

ਸੰ: 2003 ਚੇਤਰ ਸ਼ੁਕਲਾ 13 ਨੂੰ ਮਹਾਵੀਰ ਜਯੰਤੀ ਨੂੰ ਆਪ ਨੂੰ ਪੰਜਾਬ ਦਾ ਅਚਾਰੀਆ ਪਦ ਪ੍ਰਾਪਤ ਕੀਤਾ ਗਿਆ। ਆਪਨੇ ਅਚਾਰੀਆ ਬਣਦੇ ਹੀ ਸਾਧੂ ਸਾਧਵੀਆਂ ਦੀ ਪੜ੍ਹਾਈ ਅਤੇ ਜੈਨ ਏਕਤਾ ਲਈ ਕੰਮ ਆਰੰਭ ਕੀਤਾ। ਸਥਾਨਕਵਾਸੀ ਸਾਧੂਆਂ ਤੋਂ ਛੁਟ ਮੂਰਤੀ ਪੂਜਕ ਸਾਧਵੀ ਸ੍ਰੀ ਮਿਰਗਾਵਤੀ ਜੀ ਮਹਾਰਾਜ ਵੀ ਆਪ ਕੋਲ ਕਈ ਵਾਰ ਸ਼ਾਸਤਰਾਂ ਸਬੰਧੀ ਜਾਨਕਾਰੀ ਲੈਂਦੇ ਸਨ। ਆਪ ਤੋਂ ਪਹਿਲਾਂ ਸਥਾਨਕਵਾਸੀ ਪ੍ਰਾਕ੍ਰਿਤ ਭਾਸ਼ਾ ਤੋਂ ਛੁਟ ਹੋਰ ਭਾਸ਼ਾ ਪੜ੍ਹਨਾ, ਸ਼ਾਸਤਰ ਛਪਾਉਣਾ ਚੰਗਾ ਨਹੀਂ ਸਮਝਦੇ ਸਨ। ਆਪ ਨੇ ਜਿੱਥੇ ਵਿਸ਼ਾਲ ਸਾਹਿਤ ਤਿਆਰ ਕਰਵਾ ਕੇ ਜੈਨੀਆਂ ਨੂੰ ਮਹਾਨ ਦੇਨ ਦਿਤੀ ਉਥੇ ਸਥਾਨਕਵਾਸੀ ਸਾਧੂਆਂ ਨੂੰ ਵਿਆਕਰਨ, ਚੂਰਣੀ, ਭਾਸ਼ਾ ਪੜ੍ਹਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਆਪਣੇ ਗ੍ਰੰਥਾਂ ਵਿਚ ਆਪਨੇ ਇਨ੍ਹਾਂ ਗ੍ਰੰਥਾਂ ਦੇ ਹਵਾਲੇ ਵੀ ਦਿੱਤੇ ਹਨ।

ਸੰ: 2009 ਅਕਸ਼ੈ ਤੀਜ ਨੂੰ ਸਾਧੜੀ ਨਗਰ ਵਿਚ ਵਿਸ਼ਾਲ ਸਥਾਨਕਵਾਸੀ ਸਾਧੂਆਂ ਦਾ ਸਮੇਲਨ ਹੋਇਆ। ਉਸ ਸਮੇਂ ਸਥਾਨਕਵਾਸੀਆਂ ਦੇ ਅਨੇਕਾਂ ਅਚਾਰੀਆ ਸ਼ਾਮਲ ਹੋਏ। ਪਰ ਆਪ ਬੁਢਾਪੇ ਕਾਰਨ ਸ਼ਾਮਲ ਨਾ ਹੋ ਸਕੇ। ਸਾਰੇ ਅਚਾਰੀਆਂ ਨੇ ਜੈਨ ਸੰਘ ਦੀ ਏਕਤਾ ਲਈ ਅਚਾਰੀਆ ਪਦਵੀ ਦਾ ਤਿਆਗ ਕਰ ਦਿੱਤਾ। ਸਭ ਦੀ ਇਕੋ ਮੰਗ ਸੀ ਕਿ ਸਾਰੇ ਫਿਰਕੇ ਦਾ ਇਕ ਅਚਾਰੀਆ ਹੋਵੇ। ਸਾਰੇ ਅਚਾਰੀਆਂ ਨੇ ਆਪ ਦੀ ਨਿਰਪੱਖਤਾ, ਵਿਦਵਾਨਤਾ ਅਤੇ ਬ੍ਰਹਮਚਰਯ ਤੋਂ ਪ੍ਰਭਾਵਿਤ ਹੋਕੇ ਆਪ ਅਖਿਲ ਭਾਰਤੀ ਸਥਾਨਕਵਾਸੀ ਜੈਨ ਸ਼੍ਰਮਣ ਸੰਘ ਦਾ ਪਹਿਲਾ ਅਚਾਰੀਆ ਨਿਯੁਕਤ ਕੀਤਾ। ਇਸ ਘਟਨਾ ਤੋਂ ਅਚਾਰੀਆ ਆਤਮਾ ਰਾਮ ਜੀ ਦੇ ਵਿਸ਼ਾਲ ਤੇ ਬਹੁਮੁਖੀ ਚਾਰਿਤਰ ਦਾ ਪਤਾ ਲਗਦਾ ਹੈ। ਇਸ ਨਾਲ ਪੰਜਾਬ ਦਾ ਸਿਰ ਉੱਚਾ ਹੋਇਆ। ਆਪ ਪੰਜਾਬ ਦੇ ਲੱਖਾਂ ਉਪਾਸਕਾਂ ਦੇ ਮੁਖੀ ਬਣ ਗਏ। ਆਪਨੇ ਇਸ ਪ੍ਰਧਾਨ ਅਚਾਰੀਆ ਦੀ ਪਦਵੀ ਨੂੰ ਜੀਵਨ ਦੇ ਆਖਰੀ

ਸਮੇਂ ਤਕ ਨਿਭਾਇਆ । ਜੈਨ ਏਕਤਾ ਲਈ ਆਪ ਨੇ ਸਭ ਕੁਝ ਨਿਛਾਵਰ ਕੀਤਾ । ਮੂਰਤੀ-ਪੂਜਕ ਅਚਾਰੀਆ ਸ੍ਰੀ ਸਮੁਦਰ ਵਿਜੈ ਨਾਲ ਆਪ ਦੇ ਸਬੰਧ ਭਰਾਵਾਂ ਵਾਲੇ ਸਨ ।

ਆਪ ਦਾ ਜੀਵਨ ਚਮਤਕਾਰੀ ਘਟਨਾਵਾਂ ਦਾ ਭੰਡਾਰ ਹੈ । ਆਪ ਨੇ ਕਨੇਡਾ ਦੇ ਡਾਕਟਰ ਵਰਜਨ ਨੂੰ ਲੁਧਿਆਣਾ ਬੈਠੇ ਬੈਠੇ ਉਸ ਦੇ ਘਰ ਦਾ ਨਕਸ਼ਾ ਦੱਸ ਦਿਤਾ ਸੀ । ਅਪਰੇਸ਼ਨ ਸਮੇਂ ਆਪ ਨੇ ਕੋਈ ਦਵਾਈ ਨਾ ਸੁੰਘਨ ਦੀ ਸ਼ਰਤ ਰੱਖੀ । ਕਸੂਰ ਵਿਖੇ ਯੋਗ ਦੇ ਬਲ ਰਾਹੀਂ ਇੰਗਲੈਂਡ ਵਿਚ ਬੈਠਾ ਹੁਕਮ ਚੰਦ ਕੀ ਕਰ ਰਿਹਾ ਹੈ ਇਹ ਦਸ ਦਿਤਾ । ਆਪ ਦੀਆਂ ਅਨੇਕਾਂ ਭਵਿਖ ਵਾਣੀਆਂ ਅਜ ਵੀ ਪੁਰਾਣੇ ਲੋਕਾਂ ਤੋਂ ਸੁਨਣ ਤੋਂ ਮਿਲਦੀਆਂ ਹਨ । ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੂੰ ਨਵੀਂ ਪ੍ਰੇਰਣਾ ਮਿਲੀ । ਭੈਣ ਦੇਵਕੀ ਦੇਵੀ ਜੈਨ ਨੇ ਆਪਣਾ ਜੀਵਨ ਬ੍ਰਹਮਚਰਜ ਦਾ ਵਰਤ ਲੈ ਕੇ ਸਿਖਿਆ ਦੇ ਖੇਤਰ ਵਿਚ ਮਹਾਨ ਕੰਮ ਕੀਤਾ । ਆਪ ਦੀ ਪ੍ਰੇਰਣਾ ਨਾਲ ਲੁਧਿਆਣਾ ਨਿਵਾਸੀ ਲਾਲਾ ਨੌਹਰੀਆ ਮਲ ਨੇ ਆਪਣਾ ਸਾਰਾ ਬਾਗ ਦਾਨ ਕਰ ਦਿਤਾ । ਸਾਧਵੀਆਂ ਲਈ ਨਵਾਂ ਉਪਾਸਰਾ ਤਿਆਰ ਕਰਵਾਇਆ ।

ਕੈਂਸਰ ਵਰਗੇ ਰੋਗਾਂ ਵਿਚ ਵੀ ਆਪ ਸ਼ਾਂਤ ਰਹਿੰਦੇ ਸਨ । ਆਪ ਨੇ ਗਿਆਨ ਦੀ ਖਾਤਰ ਮੁਨੀ ਹੋਣਾ ਸਵੀਕਾਰ ਕਰ ਲਿਆ । ਆਪ ਨੂੰ 32 ਸ਼ਾਸਤਰ ਜ਼ਬਾਨੀ ਯਾਦ ਸਨ । ਇਕ ਵਾਰ ਆਪ ਨੇ ਹਜ਼ਾਰ ਸ਼ਲੋਕਾਂ ਦਾ ਸੰਸਕ੍ਰਿਤ ਗ੍ਰੰਥ ਇਸ ਲਈ ਯਾਦ ਕਰ ਲਿਆ ਕਿ ਗ੍ਰੰਥ ਦੇ ਮਾਲਕ ਨੇ ਆਪ ਨੂੰ ਇਹ ਪੁਸਤਕ ਇਕ ਦਿਨ ਲਈ ਹੀ ਦਿਤੀ ਸੀ ।

ਸੰ: 2018 ਨੂੰ ਕੈਂਸਰ ਦੇ ਰੋਗ ਨੇ ਆਪ ਨੂੰ ਤਿੰਨ ਮਹੀਨੇ ਘੇਰੀ ਰਖਿਆ । 30 ਜਨਵਰੀ 1962 ਦੀ ਅੱਧੀ ਰਾਤ ਨੂੰ ਆਪ ਦਾ ਸਵਰਗਵਾਸ ਲੁਧਿਆਣੇ ਵਿਖੇ ਹੋ ਗਿਆ । ਆਪ ਦੇ ਅੰਤ ਸਮੇਂ 71 ਸਾਧੂ ਅਤੇ 40 ਸਾਧਵੀਆਂ ਸਮੇਤ ਲੱਖਾਂ ਉਪਾਸਕ ਹਾਜ਼ਰ ਸਨ । ਆਪ ਦਾ ਸਮਾਰਕ ਲਾਲਾ ਨੌਹਰੀਆ ਮਲ ਜੈਨ ਦੇ ਬਾਗ ਲੁਧਿਆਣੇ ਵਿਖੇ ਹੈ ।

ਆਪ ਦੀ ਯਾਦ ਵਿਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਚੰਡੀਗੜ੍ਹ ਵਿਚ ਅਨੇਕਾਂ ਸਮਾਰਕ ਹਨ । ਆਪ ਦੀ ਕ੍ਰਿਪਾ ਕਾਰਨ ਅੱਜ ਲੁਧਿਆਣਾ ਦੇ ਲੱਖਾਂ ਜੈਨ ਸ਼ਰਨਾਰਥੀ ਖੁਸ਼ਹਾਲ ਹਨ ।

# ਅਚਾਰੀਆ ਅਨੰਦ ਰਿਸ਼ੀ ਜੀ ਮਹਾਰਾਜ

ਆਪ ਅਚਾਰੀਆ ਆਤਮਾ ਰਾਮ ਜੀ ਦੇ ਸਵਰਗਵਾਸ ਤੋਂ ਬਾਅਦ ਸਥਾਨਕਵਾਸੀ ਸ਼੍ਰਮਣ ਸੰਘ ਦੇ ਦੂਸਰੇ ਅਚਾਰੀਆ ਹਨ। ਆਪ ਦਾ ਜਨਮ ਮਹਾਰਾਸ਼ਟਰ ਦੇ ਅਹਿਮਦ-ਨਗਰ ਦੇ ਕੋਲ ਚਿਚੋਲੀ ਪਿੰਡ ਵਿਚ ਸੰ: 1957 ਨੂੰ ਹੋਇਆ। ਪਿਤਾ ਸ਼੍ਰੀ ਦੀਪ ਚੰਦ ਅਤੇ ਮਾਤਾ ਹੁਲਾਸੀ ਬਾਈ ਸੀ। ਆਪ ਦੇ ਬੜੇ ਭਰਾ ਉੱਤਮ ਚੰਦ ਸਨ। ਆਪ ਦਾ ਨਾਂ ਨੇਮ ਚੰਦ ਸੀ।

ਬਚਪਨ ਵਿਚ ਪਿਤਾ ਜੀ ਦਾ ਦੇਹਾਂਤ ਹੋ ਗਿਆ। ਆਪ ਦੀ ਮਾਤਾ ਨੇ ਆਪ ਦਾ ਪਾਲਨ ਪੋਸ਼ਨ ਜੈਨ ਸੰਸਕਾਰਾਂ ਹੇਠ ਕੀਤਾ। ਮਾਤਾ ਜੀ ਖੁਦ ਵੀ ਸੱਚੀ ਜੈਨ ਧਰਮ ਉਪਾਸਕਾ ਸਨ। ਆਪ ਨੇ ਅਚਾਰੀਆ ਰਤਨ ਰਿਸ਼ੀ ਜੀ ਤੋਂ ਜੈਨ ਤੱਤਵ ਗ੍ਰੰਥਾਂ ਦਾ ਅਧਿਐਨ ਕੀਤਾ।

ਸੰ: 1990 ਨੂੰ ਮੱਘਰ ਸ਼ੁਕਲਾ 9 ਨੂੰ ਆਪ ਨੇ ਅਚਾਰੀਆ ਰਤਨ ਰਿਸ਼ੀ ਜੀ ਤੋਂ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ।

ਸਾਧੂ ਬਣਦੇ ਹੀ ਆਪ ਨੇ ਵਿਆਕਰਣ, ਛੰਦ, ਸਮਰਿਤੀ, ਕਾਵਯਅਨੁਸ਼ਾਸਨ ਆਦਿ ਉਚ ਕੋਟੀ ਦੇ ਸੰਸਕ੍ਰਿਤ ਸਾਹਿਤ ਦਾ ਅਧਿਐਨ ਕੀਤਾ। ਆਪ ਨੇ ਆਗਮਾਂ ਦਾ ਗਿਆਨ ਹਾਸਲ ਕਰਨ ਦੇ ਨਾਲ ਨਾਲ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਗੁਜਰਾਤੀ, ਫਾਰਸੀ, ਰਾਜ-ਸਥਾਨੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਸਾਹਿਤ ਦਾ ਅਧਿਐਨ ਕੀਤਾ। ਮਰਾਠੀ ਆਪ ਦੀ ਮਾਤ ਭਾਸ਼ਾ ਸੀ। ਆਪ ਨੂੰ ਗਾਣ ਕਲਾ ਵਿਚ ਪ੍ਰਵੀਨਤਾ ਹਾਸਲ ਹੈ।

ਆਪ ਉਪਾਧਿਆਇ, ਯੁਵਾ ਅਚਾਰੀਆ, ਪ੍ਰਧਾਨ ਅਚਾਰੀਆ, ਮੰਤਰੀ, ਪ੍ਰਧਾਨ ਮੰਤਰੀ ਪਦਵੀ ਧਾਰਨ ਕਰ ਚੁੱਕੇ ਹਨ। ਦੱਖਣ ਭਾਰਤ ਆਪ ਦਾ ਘਰ ਹੈ। ਪਰ 1965 ਵਿਚ ਆਪ ਨੇ ਰਾਜਸਥਾਨ, ਗੁਜਰਾਤ, ਪੰਜਾਬ, ਹਰਿਆਣਾ, ਮਧਪ੍ਰਦੇਸ਼, ਜੰਮੂ ਕਸ਼ਮੀਰ, ਅਤੇ ਦਿੱਲੀ ਖੇਤਰਾਂ ਵਿਚ ਧਰਮਪ੍ਰਚਾਰ ਕੀਤਾ। ਆਪ ਨੇ ਪ੍ਰਾਚੀਨ ਸਾਹਿਤ ਦੀ ਰੱਖਿਆ ਹੀ ਨਹੀਂ ਕੀਤੀ ਸਗੋਂ ਉਸ ਨੂੰ ਛਪਵਾਇਆ ਵੀ ਹੈ। ਆਪ ਨੇ ਅਨੇਕਾਂ ਸਿਖਿਆ ਸੰਸਥਾਵਾਂ ਦੀ ਨੀਂਹ ਰੱਖੀ। ਇਨ੍ਹਾਂ ਵਿਚ ਜੈਨ ਪਾਥਰਡੀ ਬੋਰਡ ਜੈਨ ਯੂਨੀਵਰਸਟੀ ਹੈ। ਇਥੋਂ ਹਜ਼ਾਰਾਂ ਸਾਧੂ, ਸਾਧਵੀ, ਉਪਾਸਕ ਅਤੇ ਉਪਾਸਿਕਾ ਤਿਆਰ ਹੋ ਕੇ ਜੈਨ ਧਰਮ ਦਾ ਪ੍ਰਚਾਰ ਕਰਦੇ ਹਨ। ਆਪ ਦੇ ਉਪਦੇਸ਼ਾਂ ਦੇ ਕਈ ਭਾਗ ਹਨ।

## ਆਨੰਦ ਪ੍ਰਵਚਨ

ਆਨੰਦ ਪ੍ਰਵਚਨ ਨਾਂ ਹੇਠ ਛਪ ਚੁਕੇ ਹਨ। ਆਪਦੀ ਹਿਦਾਇਤ ਹੇਠ ਸੁਧਰਮਾ ਨਾਂ ਦਾ ਮਾਸਿਕ ਅਖਬਾਰ ਛਪਦਾ ਹੈ।

ਆਪ ਬਾਲ ਬ੍ਰਹਮਚਾਰੀ, ਮਹਾਨ ਚਮਤਕਾਰੀ, ਜੈਨ ਏਕਤਾ ਦੇ ਹਾਮੀ ਹਨ। 1974 ਵਿਚ ਆਪ ਭਾਰਤ ਸਰਕਾਰ ਵਲੋਂ ਬਣਾਈ ਗਈ 2500 ਮਹਾਵੀਰ ਨਿਰਵਾਨ ਸ਼ਤਾਬਦੀ ਸਮਿਤੀ ਦੇ ਪ੍ਰਮੁਖ ਮਹਿਮਾਨ ਸਨ। ਆਪ ਨੂੰ ਰਾਸ਼ਟਰ ਸੰਤ ਵਜੋਂ ਸਨਮਾਨਿਆ ਗਿਆ ਹੈ। ਆਪ ਜ਼ਾਤਪਾਤ, ਛੂਆਛੂਤ, ਦਹੇਜ, ਸ਼ਰਾਬ ਵਰਗੇ ਨਸ਼ਿਆਂ ਵਿਰੁਧ ਪ੍ਰਚਾਰ ਕਰ ਰਹੇ ਹਨ। ਆਪ ਅਚਾਰੀਆ ਆਤਮਾ ਰਾਮ ਜੀ ਮਹਾਰਾਜ ਦੀ ਤਰ੍ਹਾਂ ਸਾਧੂ, ਸਾਧਵੀਆਂ ਨਾਲ ਪ੍ਰੇਮ ਕਰਦੇ ਹਨ ਅਤੇ ਉਨ੍ਹਾਂ ਦੀ ਸਮਸਿਆਵਾਂ ਨੂੰ ਸਮਝਦੇ ਹਨ। ਅਜ ਕਲ ਆਪ ਬੁਢਾਪਾ ਆ ਜਾਣ ਤੇ ਵੀ ਦੱਖਣ ਭਾਰਤ ਵਿਚ ਧਰਮ ਪ੍ਰਚਾਰ ਕਰ ਰਹੇ ਹਨ।

# ਉਪਪ੍ਰਵਰਤਕ ਪੰਡਤ ਸ਼੍ਰੀ ਹੇਮਚੰਦ ਜੀ

ਆਪ ਅਚਾਰੀਆ ਆਤਮਾ ਰਾਮ ਜੀ ਮਹਾਰਾਜ ਦੇ ਪ੍ਰਮੁਖ ਚੇਲਿਆਂ ਵਿਚੋਂ ਇਕ ਸਨ। ਆਪ ਦਾ ਜਨਮ ਪਿੰਡ ਰਾਮਪੁਰ ਜ਼ਿਲਾ ਲੁਧਿਆਣਾ ਦੇ ਲਾਲਾ ਰੌਣਕ ਰਾਮ ਦੇ ਘਰ ਸੰ: 1958 ਪੋਹ ਨੂੰ ਹੋਇਆ। ਮਾਤਾ ਰਤਨਾ ਦੇਵੀ ਜੈਨ ਸੰਸਕਾਰਾਂ ਵਿਚ ਰੰਗੀ ਹੋਈ ਸੀ। ਆਪ 5 ਭੈਣਾਂ 2 ਭਰਾ ਸਨ। ਆਪ ਦਾ ਘਰ ਦਾ ਨਾਂ ਹੰਸ ਰਾਜ ਸੀ। ਆਪ ਨੇ ਪਿੰਡ ਦੇ ਸਕੂਲ ਤੋਂ ਅਠਵੀਂ ਤਕ ਪੜ੍ਹਾਈ ਕੀਤੀ। ਸਕੂਲ ਵਿਚ ਆਪ ਹਮੇਸ਼ਾ ਪਹਿਲੇ ਦਰਜੇ ਤੇ ਰਹੇ। ਸੰ: 1975 ਨੂੰ ਅਚਾਰੀਆ ਆਤਮਾਰਾਮ ਜੀ ਦੇ ਪ੍ਰਮੁਖ ਚੇਲੇ ਸ਼੍ਰੀ ਖਜ਼ਾਨਚੰਦ ਜੀ ਰਾਮਪੁਰ ਪਧਾਰੇ। ਆਪ ਨੇ 18 ਦਿਨ ਸ਼੍ਰੀ ਖਜ਼ਾਨ ਚੰਦ ਜੀ ਦਾ ਭਾਸ਼ਨ ਸੁਣਿਆ। 18 ਸਾਲ ਦੀ ਉਮਰ ਵਿਚ ਆਪ ਲਧਿਆਣੇ ਆ ਗਏ ਪਰ ਘਰ ਵਾਲਿਆਂ ਨੇ ਮੁਨੀ ਦੀਖਿਆ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ। ਪਰ ਆਪ ਦਾ ਵੈਰਾਗ ਤਾ ਮਜੀਠੀ ਰੰਗ ਦਾ ਸੀ। ਆਖਰ ਘਰ ਵਾਲਿਆਂ ਨੇ ਆਗਿਆ ਦੇ ਦਿਤੀ। ਆਪ ਬਾਬਾ ਜੈ ਰਾਮ ਜੀ ਦੀ ਸੇਵਾ ਵਿਚ ਰਹੇ। ਆਪ ਨੂੰ ਲੁਧਿਆਣੇ-ਫਿਲੌਰ ਦੇ ਵਿਚਕਾਰ ਸਾਧੂ ਦੀਖਿਆ ਦਿਤੀ ਗਈ। ਆਪ ਹੰਸਰਾਜ ਤੋਂ ਹੇਮਰਾਜ ਬਣ ਗਏ। ਆਪ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਮਹਾਨ ਵਿਦਵਾਨ ਬਣ ਗਏ। ਅਨੇਕਾਂ ਸਾਧੂ, ਸਾਧਵੀਆਂ ਨੇ ਆਪ ਕੋਲੋਂ ਵਿਆਕਰਨ ਦੀ ਸਿਖਿਆ ਹਾਸਲ ਕੀਤੀ। ਆਪ ਨੇ ਪ੍ਰਸਿਧ ਜੈਨ ਵਿਦਵਾਨ ਪੰ: ਵੇਚਰ ਦਾਸ ਜੀ ਤੋਂ ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਦੇ ਨਾਲ ਜੈਨ ਸ਼ਾਸਤਰਾਂ ਦਾ ਅਭਿਆਸ ਕੀਤਾ।

ਸੰ: 1993 ਵਿਚ ਹੁਸ਼ਿਆਰਪੁਰ ਜੈਨ ਸੰਘ ਨੇ ਆਪ ਜੀ ਨੂੰ "ਸੰਸਕ੍ਰਿਤ-ਪ੍ਰਾਕ੍ਰਿਤ ਵਿਸ਼ਾਰਦ" ਦੀ ਪਦਵੀ ਦਿੱਤੀ। ਆਪਨੇ 'ਪ੍ਰਸ਼ਨ ਵਿਆਕਰਨ' ਅਤੇ 'ਸੂਤਰ ਕ੍ਰਿਤਾਂਗ ਸੂਤਰ' ਤੇ ਵਿਸ਼ਾਲ ਹਿੰਦੀ ਟੀਕਾਵਾਂ ਲਿਖੀਆਂ ਜੋ ਆਪਦੇ ਪ੍ਰਮੁਖ ਚੇਲੇ ਪ੍ਰਵਰਤਕ

ਭੰਡਾਰੀ ਸ੍ਰੀ ਪਦਮਚੰਦ ਜੀ ਦੀ ਪ੍ਰੇਰਣਾ ਨਾਲ ਛਪਿਆ ਹੈ ।

ਆਪ ਦਾ ਸਵਰਗਵਾਸ 11 ਜਨਵਰੀ 1983 ਦੀ ਰਾਤ ਨੂੰ ਲੁਧਿਆਣੇ ਵਿਖੇ ਹੋਇਆ ।

# ਸ਼ਾਂਤ ਮੂਰਤੀ ਉਤਰੀ ਭਾਰਤ ਪ੍ਰਵਰਤਕ ਸ੍ਰੀ ਸ਼ਾਂਤੀ ਸਵਰੂਪ ਜੀ ਮਹਾਰਾਜ

ਉਪਾਧਿਆਇ ਸ੍ਰੀ ਫੂਲਚੰਦ ਜੀ ਮਹਾਰਾਜ ਦੇ ਸਵਰਗਵਾਸ ਤੋਂ ਬਾਅਦ ਆਪ ਉੱਤਰ ਭਾਰਤ ਸਥਾਨਕਵਾਸੀ ਸ਼੍ਰਮਣ ਸੰਘ ਦੇ ਪ੍ਰਵਰਤਕ ਹਨ । ਆਪ ਦਾ ਜਨਮ ਅਮੀ ਨਗਰ ਸਰਾਏ (ਯੁਖੀਂ) ਜ਼ਿਲਾ ਮੇਰਠ ਵਿਖੇ ਸੰ: 1972 ਵੈਸਾਖ ਸੁਕਲਾ 13 ਨੂੰ ਯਾਦਵ ਕੁਲ ਵਿਚ ਸ੍ਰੀ ਖੂਬ ਸਿੰਘ ਜਿਮੀਂਦਾਰ ਦੇ ਘਰ ਹੋਇਆ । ਆਪ ਜੀ ਦੀ ਮਾਤਾ ਚਨੀ ਦੇਵੀ ਸੀ । ਆਪ ਜੀ ਦੇ ਪਿਤਾ ਅਚਾਰੀਆ ਸ੍ਰੀ ਸੋਹਨ ਦੇ ਚੇਲੇ ਮੁਨੀ ਸ੍ਰੀ ਦੀਪਚੰਦ ਕੋਲ ਸਾਧੂ ਬਣ ਗਏ । ਫੂਲ ਚੰਦ ਅਤੇ ਸ਼ਾਂਤੀ ਸਵਰੂਪ ਜੋ ਸੰਸਾਰਿਕ ਪੱਖੋਂ ਆਪ ਦੇ ਪੁੱਤਰ ਸਨ । ਆਪ ਦੇ ਨਾਲ ਹੀ ਸਨ । ਸ੍ਰੀ ਫੂਲਚੰਦ ਨੇ ਸੰ: 1984 ਨੂੰ ਪੱਟੀ ਵਿਖੇ ਤਪੱਸਵੀ ਸ੍ਰੀ ਗੇਂਡੇ ਰਾਏ ਦੀ ਕ੍ਰਿਪਾ ਨਾਲ ਮੁਨੀ ਦੀਪ ਚੰਦ ਤੋਂ ਦੀਖਿਆ ਗ੍ਰਹਿਣ ਕੀਤੀ ।

ਸ੍ਰੀ ਸ਼ਾਂਤੀ ਸਵਰੂਪ ਜੀ ਮਹਾਰਾਜ ਦੇ ਗੁਰੂ ਤਪੱਸਵੀ ਸ੍ਰੀ ਨਿਹਾਲ ਚੰਦ ਜੀ ਸਨ । ਸਾਧੂ ਬਨਣ ਤੋਂ ਪਹਿਲਾਂ ਆਪ ਨੇ 9 ਸਾਲ ਸ੍ਰੀ ਮਹਾਵੀਰ ਜੈਨ ਮਹਾਵਿਦਿਆਲਿਆ ਵਿਚ ਜੈਨ ਧਰਮ ਦਾ ਅਧਿਐਨ ਕੀਤਾ । ਆਪ ਪੰਜਾਬ ਮਹਾ ਸਭਾ ਕਪੂਰਥਲਾ ਅਤੇ ਫੇਰ ਅਜਮੇਰ ਸਾਧੂ ਸਮੇਲਣ ਵਿਚ ਸ਼ਾਮਲ ਹੋਏ । ਆਪ ਨੇ ਅਨੇਕਾਂ ਇਤਹਾਸਕ ਸਥਾਨਾਂ ਦੀ ਯਾਤਰਾ ਕੀਤੀ । ਸੰ: 1992 ਮੱਘਰ ਸ਼ੁਕਲਾ 11 ਨੂੰ ਆਪ ਜੈਨ ਸਾਧੂ ਬਣ ਗਏ ।

ਆਪ ਮਹਾਨ ਸਾਮਰਆਰਥੀ ਹਨ । ਪਰ ਜੈਨ ਏਕਤਾ ਲਈ ਆਪ ਦੇ ਦਿੱਲ ਵਿਚ ਜੋ ਤੜਪ ਸੀ ਉਹ ਉਨ੍ਹਾਂ ਕੋਲ ਬੈਠਣ ਵਾਲਾ ਹੀ ਜਾਣਦਾ ਹੈ । ਆਪ ਮਹਾਨ ਯੋਗੀ ਸਨ ।

1947 ਸਮੇਂ ਜਦੋਂ ਲੱਖਾਂ ਲੋਕਾਂ ਨੂੰ ਪਾਕਿਸਤਾਨ ਛਡਨਾ ਪਿਆ ਤਾਂ ਮਾਲੇਰਕੋਟਲਾ ਵਿਖੇ ਵਿਰਾਜਮਾਨ ਸਨ । ਆਪ ਨੇ ਘਬਰਾਏ ਹੋਏ ਜੈਨਾਂ ਨੂੰ ਹੌਸਲਾ ਦਿੱਤਾ । ਮਾਲੇਰਕੋਟਲੇ ਦੇ ਨਵਾਬ ਆਪ ਤੋਂ ਬਹੁਤ ਪ੍ਰਭਾਵਿਤ ਸਨ ।

1948 ਵਿਚ ਆਪ ਮੇਰਠ ਪਧਾਰੇ । ਹਜ਼ਾਰਾਂ ਜੈਨ ਨਰਨਾਰਥੀ ਜਗ੍ਹਾ ਜਗ੍ਹਾ ਰੁਲ ਰਹੇ ਸਨ । ਆਪ ਦੇ ਹਿਰਦੇ ਨੂੰ ਡੂੰਘੀ ਚੋਟ ਪੁੱਜੀ । ਆਪ ਨੇ ਲੋਕਾਂ ਨੂੰ ਪ੍ਰੇਰਣਾ ਦੇ ਕੇ

ਮੇਰਠ ਵਿਚ ਜੈਨ ਨਗਰ ਦੀ ਸਥਾਪਨਾ ਕੀਤੀ। ਅੱਜ ਇਸ ਨਗਰ ਵਿਚ ਦੋ ਜੈਨ ਸਥਾਨਕ, ਦੋ ਹਸਪਤਾਲ, ਲਾਇਬਰੇਰੀ, ਸ਼੍ਰੀ ਮਹਾਵੀਰ ਸ਼ਿਕਸ਼ਾ ਸਦਨ, ਇੰਟਰ ਕਾਲੇਜ, ਜੈਨ ਧਰਮਸ਼ਾਲਾ ਅਤੇ ਤੱਪਸਵੀ ਨਿਹਾਲ ਚੰਦ ਪਾਰਕ ਆਦਿ ਸੰਸਥਾਵਾਂ ਕੰਮ ਕਰ ਰਹੀਆਂ ਹਨ। ਮੇਰਠ ਦੇ ਸਾਰੇ ਹਿੱਸਿਆਂ ਵਿਚੋਂ ਜੈਨ ਨਗਰ ਦਾ ਆਪਣਾ ਸਥਾਨ ਹੈ। ਇਸ ਕਾਲੋਨੀ ਵਿਚ ਪਾਕਿਸਤਾਨੋਂ ਆਏ ਪੰਜਾਬੀ ਜੈਨ ਸ਼ਰਨਾਰਥੀ ਰਹਿ ਰਹੇ ਹਨ। ਆਪ ਨੇ ਅਨੇਕਾਂ ਖਤਰੀਆਂ ਨੂੰ ਜੈਨ ਧਰਮ ਵਿਚ ਸ਼ਾਮਲ ਕੀਤਾ। ਆਪ ਦੇ ਪ੍ਰਮੁਖ ਚੇਲੇ ਹਨ ਸ਼੍ਰੀ ਸੁਮਤੀ ਪ੍ਰਕਾਸ਼ ਜੀ। ਜਿਨ੍ਹਾਂ 19 ਵਿਅਕਤੀਆਂ ਨੂੰ ਸਾਧੂ ਦੀਖਿਆ ਦਿੱਤੀ ਹੈ ਉਨ੍ਹਾਂ ਵਿਚੋਂ ਜ਼ਿਆਦਾ ਨੇਪਾਲ ਦੇ ਹਨ। ਸਾਰੇ ਚੇਲੇ ਪ੍ਰਾਕ੍ਰਿਤ, ਸੰਸਕ੍ਰਿਤ, ਹਿੰਦੀ, ਅਗਰੇਜ਼ੀ ਅਤੇ ਨੇਪਾਲੀ ਦਾ ਚੰਗਾ ਗਿਆਨ ਰਖਦੇ ਹਨ। ਆਪ ਮਨੋਸਾਧਕ ਅਤੇ ਘੋਰ ਤਪਸਵੀ ਸਨ। ਸਵੇਰੇ 3 ਵਜੇ ਤੋਂ ਲੈ ਕੇ 9.30 ਵਜੇ ਤਕ ਹਰ ਰੋਜ਼ ਧਿਆਨ ਸਮਾਧੀ ਕਰਦੇ ਸਨ। 10 ਤੋਂ 11.30 ਤਕ ਲੋਕਾਂ ਦੇ ਧਰਮ-ਸਬੰਧੀ ਪ੍ਰਸ਼ਨਾਂ ਦਾ ਉੱਤਰ ਦਿੰਦੇ ਸਨ। 11.30 ਤੋਂ 3 ਵਜੇ ਤਕ ਮਨੋ ਵਰਤ ਚਲਦਾ ਸੀ। 3 ਤੋਂ 4 ਵਜੇ ਤਕ ਫੇਰ ਪ੍ਰਸ਼ਨ ਉਤਰ ਦਾ ਪ੍ਰੋਗ੍ਰਾਮ ਚਲਦਾ ਸੀ। ਰਾਤ ਨੂੰ 9-10 ਤਕ ਫੇਰ ਧਿਆਨ ਚਲਦਾ ਸੀ। ਆਪ ਮਹਾਨ ਸਮਾਜ ਸੁਧਾਰਕ ਅਤੇ ਧਰਮ ਪ੍ਰਚਾਰਕ ਸਨ। ਆਪ ਦੇ ਇਨ੍ਹਾਂ ਗੁਣਾਂ ਕਾਰਨ ਹੀ ਆਪ ਨੂੰ ਅਚਾਰੀਆ ਆਨੰਦ ਰਿਸ਼ੀ ਜੀ ਨ ਉੱਤਰ ਭਾਰਤ ਪ੍ਰਵਰਤਕ ਪਦਵੀ ਪ੍ਰਦਾਨ ਕੀਤੀ।

## ਸ਼੍ਰੀ ਫੂਲ ਚੰਦ (ਕਰਾਚੀ ਵਾਲੇ)

ਆਪ ਦਾ ਜਨਮ ਵਿਕਰਮ ਸੰ: 1952 ਚੇਤ ਸੁਦੀ 10 ਵਾਲੇ ਦਿਨ ਭਾਡਲਾ ਸੋਭਾਨਾ (ਬੀਕਾਨੇਰ—ਰਾਜਸਥਾਨ) ਵਿਖੇ ਠਾਕੁਰ ਟੇਕ ਸਿੰਘ ਦੇ ਘਰ ਹੋਇਆ। ਆਪ ਦੀ ਮਾਤਾ ਦਾ ਨਾਂ ਹੁਲਾਸ ਕੰਵਰ ਸੀ। ਸਿਰਫ ਪੰਜ ਸਾਲ ਦੀ ਉਮਰ ਵਿਚ ਆਪ ਤਪਸਵੀ ਸ਼੍ਰੀ ਫ਼ਕੀਰ ਚੰਦ ਜੀ ਮਹਾਰਾਜ ਦੇ ਚਰਨਾਂ ਵਿਚ ਆ ਗਏ। ਸ਼ੁਰੂ ਵਿਚ ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਪੂਜ ਸ਼੍ਰੀ ਨਾਥੂ ਰਾਮ ਜੀ ਕੋਲ ਕੀਤਾ। 16 ਸਾਲ ਦੀ ਉਮਰ ਵਿਚ ਪੋਹ ਵਦੀ 11 ਸੰ: 1968 ਨੂੰ ਆਪ ਨੇ ਖਾਨਪੁਰ ਕਲਾਂ (ਹਰਿਆਣਾ) ਵਿਖੇ ਜੈਨ ਮੁਨੀ ਦੀਖਿਆ ਗ੍ਰਹਿਣ ਕੀਤੀ।

ਸਾਧੂ ਬਨਣ ਤੋਂ ਬਾਅਦ ਆਪ ਨੇ ਉਰਦੂ, ਅਰਬੀ, ਫਾਰਸੀ ਭਾਸ਼ਾਵਾਂ ਦਾ ਅਧਿਐਨ ਕੀਤਾ। ਆਪ ਨੇ ਅਪਣੇ ਸਮੇਂ ਫੈਲੀ ਬਾਲ ਵਿਵਾਹ, ਛੂਆ ਛੂਤ, ਮਾਸਾਹਾਰ, ਬਲੀ ਪ੍ਰਥਾ ਨੂੰ ਰੋਕਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਪਸ਼ੂਆਂ ਦੀ ਰੱਖਿਆ ਲਈ ਅਨੇਕਾਂ ਸੰਸਥਾਵਾਂ ਦਾ ਨਿਰਮਾਣ ਕੀਤਾ। ਪੂਜ ਫੂਲਚੰਦ ਜੀ ਮਹਾਰਾਜ ਉਤਰ ਪੂਰਬ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਜਾਣਕਾਰ ਸਨ। ਆਪ ਨੇ ਕਸ਼ਮੀਰ ਤੋਂ ਕਰਾਚੀ

ਤਕ ਲੰਬਾ ਸਫ਼ਰ ਕੀਤਾ। ਆਪ ਪਸ਼ੂ ਬਲੀ ਰੋਕਣ ਲਈ ਝਰੀਆ (ਬਿਹਾਰ) ਪੁਜੇ। ਸੰ: 1992 ਵਿਚ ਜਗਰਾਵਾਂ ਤੋਂ ਕੂਲ ਤਕ 500 ਮੀਲ ਦੇ ਸਫ਼ਰ ਵਿਚ ਹਜ਼ਾਰਾਂ ਆਦਮੀਆਂ ਨੂੰ ਪਾਪਾਂ ਦਾ ਜੀਵਨ ਛੱਡਣ ਦੀ ਪ੍ਰੇਰਣਾ ਦਿਤੀ। ਸੰ: 2000 ਵਿਚ ਬੰਗਾਲ ਦੇ ਅਕਾਲ ਪੀੜਤਾਂ ਦੀ ਸਹਾਇਤਾ ਲਈ ਕਾਫ਼ੀ ਧਨ ਇਕੱਠਾ ਕਰਕੇ ਪਹੁੰਚਾਇਆ। ਆਪ ਮਹਾਨ ਦੇਸ਼ਭਗਤ, ਲੇਖਕ, ਉਪਦੇਸ਼ਕ ਅਤੇ ਕਵੀ ਸਨ। ਆਪ ਮਹਾਰਾਸ਼ਟਰ ਵਿਖੇ ਵੀ ਧਰਮ ਪ੍ਰਚਾਰ ਹਿਤ ਘੁੰਮੇ।

ਆਪ ਨੇ ਸਾਧੜੀ ਅਤੇ ਭੀਨਾਸਰ ਦੇ ਸਮੇਲਨ ਵਿਚ ਹਿਸਾ ਲਿਆ। ਵਾਪਸ ਆ ਕੇ ਆਪ ਗੁੜਗਾਂਵ ਰਹੇ।

ਗੁੜਗਾਂਵ ਵਿਖੇ ਸ਼੍ਰੀ ਸੂਤਰ ਆਗਮ ਸਮਿਤੀ ਬਨਾਈ। ਆਪ ਨੇ ਸੁਤ੍ਰਾਆਗਮੇ ਸਿਰਲੇਖ ਹੇਠ ਸ਼੍ਰੀ ਸ਼ਵੇਤਾਂਬਰ ਸਥਾਨਕ ਵਾਸੀ ਰਾਹੀਂ ਮਾਨਤਾ ਪ੍ਰਾਪਤ 32 ਸ਼ਾਸਤਰਾਂ ਦੀਆਂ ਦੋ ਜਿਲਦਾਂ ਵਿਚ ਸੰਪਾਦਨ ਕੀਤਾ। ਇਸੇ ਸੰਪਾਦਨ ਨੇ ਆਪ ਨੂੰ ਦੁਨੀਆ ਦੇ ਵਿਦਵਾਨਾਂ ਵਿਚ ਫੈਲਾ ਦਿਤਾ। ਫ਼ੇਰ ਆਪ ਨੇ ਇਨ੍ਹਾਂ ਸ਼ਾਸਤਰਾਂ ਦਾ "ਅੱਥਾਗਮੇ" ਸਿਰ-ਲੇਖ ਹੇਠ ਹਿੰਦੀ ਅਨੁਵਾਦ ਛਪਵਾਇਆ। ਜਿਸ ਵਿਚ 11 ਅੰਗਾਂ ਦਾ ਅਨੁਵਾਦ 13 ਜਿਲਦਾਂ ਵਿਚ ਹੈ। ਕਸ਼ਮੀਰ ਤੋਂ ਕਰਾਚੀ ਤਕ ਯਾਤਰਾ ਦਾ ਸਾਰਾ ਵਰਨਣ ਮਹਾਰਾਜ ਦੀ ਡਾਇਰੀ ਉਨ੍ਹਾਂ ਦੇ ਪ੍ਰਸਿੱਧ ਸ਼ਿਸ਼ ਸੁਮਿਤ ਭਿੱਖੂ ਨੇ ਲਿਖੀ। ਮਹਾਰਾਜ ਨੇ ਹੋਰ ਅਨੇਕਾਂ ਹਿੰਦੀ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਗ੍ਰੰਥ ਆਪ ਲਿਖੇ। 25 ਜਨਵਰੀ 1974 ਨੂੰ ਆਪ ਦੇ ਇਸ ਸ਼ਿਸ਼ ਦਾ ਸਵਰਗਵਾਸ ਹੋ ਗਿਆ। ਇਸ ਯੋਗ ਸ਼ਿਸ਼ ਦਾ ਗ਼ਮ ਮਹਾਰਾਜ ਸਹਾਰ ਨਾ ਸਕੇ। 29 ਜਨਵਰੀ 1975 ਨੂੰ ਦਿਲੀ ਵਿਖੇ ਆਪ ਦਾ ਸਵਰਗਵਾਸ ਸਮਾਧੀ ਮਰਨ ਰਾਹੀਂ ਹੋਇਆ। ਆਪ ਦੇ ਹੋਰ ਪ੍ਰਸਿਧ ਗ੍ਰੰਥ ਹਨ ਵੀਰ ਸਤੁਤੀ, ਗਲਪਕੁਸੁਮਕੋਰਨ, ਨਵ ਪਦਾਰਥ, ਗਿਆਨ ਸਾਰ ਹਨ। ਆਪ ਦੀ ਯਾਦ ਵਿਚ ਇਕ ਲਾਇਬਰੇਰੀ ਆਪ ਜੀ ਦੇ ਸ਼ਿਸ਼ ਸ਼੍ਰੀ ਪ੍ਰੇਮਸੁਖ ਜੀ ਦੀ ਪ੍ਰੇਰਣਾ ਨਾਲ ਬਣ ਚੁਕੀ ਹੈ। ਬਾਕੀ ਰਹਿੰਦਾ ਅਣਛਪਿਆ ਸਾਹਿਤ ਵੀ ਗੁੜਗਾਵਾਂ ਵਿਖੇ ਛਪ ਰਿਹਾ ਹੈ। ਆਪ ਜੈਨ ਏਕਤਾ ਦੇ ਪ੍ਰਤੀਕ ਸਨ। ਆਪ ਅਪਣੇ ਆਪ ਨੂੰ ਭਗਵਾਨ ਮਹਾਵੀਰ ਦਾ ਸ਼ਿਸ਼ ਆਖਦੇ ਸਨ।

# ਪ੍ਰਵਰਤਕ ਸ਼੍ਰੀ ਪਿਰਥੀ ਚੰਦਰ ਜੀ ਮਹਾਰਾਜ

## (ਮਨੋਹਰ ਫ਼ਿਰਕਾ)

ਆਪ ਦਾ ਜਨਮ ਸੰ: 1940 ਨੂੰ ਸ਼੍ਰੀ ਸੁਖ ਰਾਮ ਜੀ ਅਤੇ ਮਾਤਾ ਸਿਣਗਾਰੀ ਦੇ ਘਰ ਨਾਰਨੋਲ ਵਿਖੇ ਹੋਇਆ। ਆਪ ਜਾਤ ਤੋਂ ਜਾਟ ਸਨ। ਖੇਤੀ ਆਪ ਦਾ ਘਰੇਲੂ ਧੰਦਾ ਸੀ। ਨਾਰਨੋਲ ਦੇ ਇਕ ਜੈਨ ਪਰਿਵਾਰ ਨਾਲ ਆਪ ਜੀ ਦੇ ਪਰਿਵਾਰ ਦੇ ਚੰਗੇ

ਸੰਬੰਧ ਸਨ। ਇਸ ਕਾਰਨ ਸ੍ਰੀ ਸੁਖਰਾਮ ਜੀ ਜੈਨ ਸਾਧੂਆਂ ਦੀ ਸੇਵਾ ਭਗਤੀ ਕਰਦੇ ਸਨ।

ਛੋਟੀ ਉਮਰ ਵਿਚ ਆਪ ਨੂੰ ਮਨੋਹਰ ਸਥਾਨਕ ਵਾਸੀ ਜੈਨ ਫ਼ਿਰਕੇ ਦੇ ਸਾਧੂ ਸ੍ਰੀ ਮੋਤੀ ਰਾਮ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੂੰ ਸੰਸਾਰ ਦੇ ਸੁਖ ਆਰਾਮ ਬੇਕਾਰ ਜਾਪਣ ਲਗ ਪਏ। ਮਨ ਵਿਚ ਵੈਰਾਗ ਜਾਗ ਪਿਆ। ਸੰ: 1957 ਫਗੁਣ ਪੂਰਨਮਾਸ਼ੀ ਨੂੰ ਮਹਿੰਦਰ ਗੜ੍ਹ ਵਿਖੇ ਆਪ ਨੇ ਸ੍ਰੀ ਮੰਗਲ ਸੈਨ ਤੋਂ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਦਾ ਨਾਂ ਬਦਲ ਕੇ ਪਿਰਥੀ ਸਿੰਘ ਤੋਂ ਪਿਰਥੀ ਚੰਦਰ ਕਰ ਦਿਤਾ।

ਸਾਧੂ ਬਣਦੇ ਸਾਰ ਹੀ ਆਪ ਨੇ ਜੈਨ ਅਤੇ ਅਜੈਨ ਧਾਰਮਿਕ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਵਿਆਕਰਨ, ਕੋਸ਼, ਨਿਆਏ, ਕਾਵਯ ਆਦਿ ਸਾਹਿਤ ਦੇ ਆਪ ਮਹਾਨ ਪੰਡਿਤ ਬਣ ਗਏ। ਇਸ ਕਾਰਨ ਆਪ ਨੂੰ ਪੰਡਿਤ ਪਦਵੀ ਪ੍ਰਦਾਨ ਕੀਤੀ ਗਈ। ਸੈਂਕੜੇ ਵਿਦਿਆਰਥੀਆਂ ਨੇ ਆਪ ਤੋਂ ਇਹ ਵਿਸ਼ੇ ਪੜ੍ਹੇ।

ਆਪ ਬਹੁਤ ਹੀ ਸਰਲ ਆਤਮਾ ਸਨ। ਆਪ ਦੇ ਉਪਦੇਸ਼ ਬੜੀ ਸਰਲ ਭਾਸ਼ਾ ਵਿਚ ਹੁੰਦੇ ਸਨ। ਆਪ ਨੇ ਅਪਣੇ ਸਮੇਂ ਦੇ ਅਨੇਕਾਂ ਵਿਦਵਾਨਾਂ ਨਾਲ ਸ਼ਾਸਤਰਆਰਥ ਕਰਕੇ ਅਪਣੀ ਬੁੱਧੀ ਦਾ ਸਬੂਤ ਦਿਤਾ। ਆਪ ਮਹਾਨ ਕਵੀ ਸਨ।

ਸੰ: 1992 ਵਿਚ ਆਪ ਅਪਣੇ ਫ਼ਿਰਕੇ ਦੇ ਅਚਾਰੀਆ ਚੁਣੇ ਗਏ। ਪਰ ਆਪ ਜੈਨ ਏਕਤਾ ਵਿਚ ਬਹੁਤ ਵਿਸ਼ਵਾਸ ਰਖਦੇ ਸਨ। ਸੰ: 1990 ਦੇ ਸਾਧੂ ਸੰਮੇਲਣ ਅਜਮੇਰ ਵਿਖੇ ਆਪ ਨੇ ਆਪਣੇ ਵਿਚ ਰਖੇ। ਸੰ: 2009 ਨੂੰ ਸਾਦੜੀ (ਰਾਜਸਥਾਨ) ਵਿਖੇ ਹੋਏ ਸਮੇਲਣ ਵਿਚ ਆਪ ਨੇ ਅਪਣੀ ਮਹਾਨਤਾ ਦਾ ਸਬੂਤ ਦਿੰਦੇ ਹੋਏ ਅਚਾਰੀਆ ਪਦਵੀ ਤਿਆਗ ਦਿਤੀ। ਉਸ ਸਮੇਂ ਸਾਰੇ ਅਚਾਰੀਆਂ ਨੇ ਇਕ ਅਚਾਰੀਆ ਹੇਠ ਰਹਿਣ ਦਾ ਫੈਸਲਾ ਕੀਤਾ। ਉਹ ਅਚਾਰੀਆ ਸਨ ਰਾਹੋਂ ਨਿਵਾਸੀ ਅਚਾਰੀਆ ਸ੍ਰੀ ਆਤਮਾ ਰਾਮ ਜੀ। ਪਰ ਆਪ ਦੀ ਮਹਾਨਤਾ ਨੂੰ ਵੇਖਦਿਆਂ ਸਾਦੜੀ ਸਮੇਲਣ ਵਿਖੇ ਆਪ ਨੂੰ ਉੱਤਰ ਪ੍ਰਦੇਸ਼ ਦੇ ਮੰਤਰੀ ਪ੍ਰਵਰਤਕ ਪਦ ਦਿਤਾ ਗਿਆ, ਜਿਸ ਨੂੰ ਆਪ ਨੇ ਅਪਣੇ ਅੰਤਮ ਸਮੇਂ ਤਕ ਨਿਭਾਇਆ।

ਆਪ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਹਿਮਾਚਲ, ਉਤਰ ਪ੍ਰਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਜੈਨ ਧਰਮ ਦਾ ਨਾਂ ਰੋਸ਼ਨ ਕੀਤਾ। ਆਪ ਦੇ ਪ੍ਰਮੁਖ ਚੇਲਿਆਂ ਵਿਚੋਂ ਹਨ ਉਪਾਧਿਆਇ ਸ੍ਰੀ ਅਮਰ ਮੁਨੀ ਜੀ ਮਹਾਰਾਜ, (ਆਪ ਬਾਰੇ ਅੱਗੇ ਲਿਖਿਆ ਜਾਵੇਗਾ) ਆਪ ਨੇ ਜੀਵਨ ਦੇ 27 ਸਾਲ ਆਗਰੇ ਵਿਚ ਗੁਜ਼ਾਰੇ।

92 ਸਾਲ ਦੀ ਉਮਰ ਵਿਚ 22 ਜਨਵਰੀ 1976 ਨੂੰ ਆਪ ਦਾ ਸਵਰਗਵਾਸ ਆਗਰਾ ਵਿਖੇ ਹੋ ਗਿਆ।

# ਤਪੱਸਵੀ ਸ੍ਰੀ ਮਾਇਆ ਰਾਮ ਜੀ

ਆਪ ਦਾ ਜਨਮ ਬੜੌਦਾ (ਹਰਿਆਣਾ) ਦੇ ਨੰਬਰਦਾਰ ਚੌਧਰੀ ਜਗਤ ਰਾਮ ਅਤੇ ਸੋਭਾ ਵਤੀ ਦੇ ਘਰ ਸੰ; 1911 ਸੋਮਵਾਰ ਹਾੜ ਵਦਿ 2 ਨੂੰ ਹੋਇਆ। ਆਪ ਜੱਟ ਪਰਿਵਾਰ ਨਾਲ ਸੰਬੰਧਿਤ ਸਨ। ਆਪ ਦੇ ਪਿੰਡ ਵਿਚ ਅਕਸਰ ਜੈਨ ਸਾਧੂ ਅਤੇ ਸਾਧਵੀਆਂ ਦਾ ਪਧਾਰਨਾ ਰਹਿੰਦਾ ਸੀ। ਛੋਟੀ ਉਮਰ ਵਿਚ ਆਪ ਨੇ ਜੈਨ ਮੁਨੀਆਂ ਕੋਲੋਂ ਅਖਰੀ ਸਿਖਿਆ ਦੇ ਨਾਲ ਨਾਲ ਜੈਨ ਤਤਵ ਗਿਆਨ ਸਿਖਿਆ ਸਿਖ ਲਈ। ਬਚਪਨ ਵਿਚ ਹੀ ਆਪ ਨੂੰ ਵੈਰਾਗ ਜਾਗ ਪਿਆ। ਆਪ ਨੂੰ ਸੰਸਾਰ ਦੇ ਸਾਰੇ ਸੁਖ ਅਸਾਰ ਲੱਗੇ। ਬਚਪਨ ਵਿਚ ਹੀ ਆਪ ਦਾ ਬੜਾ ਭਰਾ ਦਾ ਸਵਰਗਵਾਸ ਹੋ ਗਿਆ। ਜਿਸ ਨਾਲ ਵੈਰਾਗ ਦਾ ਰੰਗ ਹੋਰ ਗੂਹੜਾ ਹੋ ਗਿਆ।

ਸੰ: 1934 ਮਾਘ ਸ਼ੁਕਲਾ 6 ਨੂੰ ਪੂਜ ਹਰਨਾਮ ਦਾਸ ਕੋਲ ਪਟਿਆਲੇ ਵਿਖੇ ਸਾਧੂ ਬਣੇ। ਆਪ ਨੇ ਸਾਧੂ ਬਨਣ ਤੋਂ 12 ਸਾਲ ਪਹਿਲਾਂ ਹੀ ਗੁਰੂ ਦੇ ਚਰਨਾਂ ਵਿਚ ਰਹਿ ਕੇ ਸ਼ਾਸਤਰਾਂ ਦਾ ਅਧਿਐਨ ਕੀਤਾ।

ਸਾਧੂ ਬਣਦੇ ਸਾਰ ਹੀ ਆਪ ਨੇ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ, ਮੱਧ ਪ੍ਰਦੇਸ਼ ਤਕ ਜੈਨ ਧਰਮ ਦਾ ਪ੍ਰਚਾਰ ਕੀਤਾ।

ਆਪ ਨੇ ਅਪਣੇ ਸਮੇਂ ਫੈਲੀਆਂ ਬੁਰਾਈਆਂ ਦਾ ਧਿਆਨ ਆਮ ਲੋਕਾਂ ਤਕ ਪਹੁੰਚਾਇਆ। ਆਪ ਦੀ ਪਰੰਪਰਾ ਵਿਚੋਂ ਮਹਾਨ ਆਤਮਾ ਪੰਜਾਬ ਕੇਸਰੀ ਸ਼੍ਰੀ ਪ੍ਰੇਮ ਚੰਦ ਜੀ ਮਹਾਰਾਜ ਅਤੇ ਸੁਦਰਸ਼ਨ ਮੁਨੀ ਜੀ ਹਨ।

ਆਪ ਦਾ ਸਵਰਗਵਾਸ ਸੰ: 1968 ਵਿਚ ਭਿਵਾਨੀ (ਹਰਿਆਨੇ) ਵਿਖੇ ਹੋਇਆ। ਆਪ ਦਾ ਜੀਵਨ ਅਨੇਕਾਂ ਚਮਤਕਾਰੀ ਘਟਨਾਵਾਂ ਨਾਲ ਭਰਿਆ ਪਿਆ ਹੈ।

# ਵਿਆਖਿਆਨ ਵਾਚਸਪਤਿ ਸ੍ਰੀ ਮਦਨ ਲਾਲ ਜੀ

ਆਪ ਭਗਵਾਨ ਮਹਾਵੀਰ ਦੇ ਮਹਾਨ ਸਪੂਤ ਹੋਏ ਹਨ ਜਿਨ੍ਹਾਂ ਨੂੰ ਸਾਰਾ ਪੰਜਾਬ ਵਿਆਖਿਆਨ ਵਾਚਸਪਤਿ ਦੇ ਰੂਪ ਵਿਚ ਜਾਣਦਾ ਹੈ।

ਆਪ ਦਾ ਜਨਮ ਰਾਜਪੁਰ (ਰੋਹਤਕ) ਦੇ ਲਾਲਾ ਮੁਰਾਰੀ ਲਾਲ ਜੀ ਅਤੇ ਮਾਤਾ ਗੇਂਦਾ ਬਾਈ ਦੇ ਘਰ ਸੰ: 1952 ਫਗੁਣ ਸ਼ੁਕਲਾ 9 ਨੂੰ ਹੋਇਆ। 7 ਸਾਲ ਦੀ ਉਮਰ ਵਿਚ ਆਪ ਦੇ ਮਾਤਾ ਜੀ ਸਵਰਗ ਸਿਧਾਰ ਗਏ। ਆਪ ਦੇ ਬਚਪਨ ਦਾ ਨਾਂ ਮੌਜੀ ਰਾਮ ਸੀ।

ਸੰ: 1977 ਭਾਦੋਂ ਕ੍ਰਿਸ਼ਨਾ 10 ਨੂੰ ਪਿੰਡ ਵਾਮਨੌਲੀ ਵਿਖੇ ਸ੍ਰੀ ਨਾਥੂ ਰਾਮ ਜੀ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਦੀਖਿਆ ਤੋਂ ਬਾਅਦ ਸ਼ਾਸਤਰ ਪੜ੍ਹਾਈ, ਧਰਮ ਪ੍ਰਚਾਰ ਸਵਰਗਵਾਸ ਤਕ ਜਾਰੀ ਰਿਹਾ।

27-6-63 ਨੂੰ ਜੰਡਿਆਲਾ ਵਿਖੇ ਲੰਬੀ ਬਿਮਾਰੀ ਤੋਂ ਬਾਅਦ ਆਪ ਜੀ ਦਾ ਸਵਰਗਵਾਸ ਹੋ ਗਿਆ।

# ਸ਼੍ਰੀ ਸੁਦਰਸ਼ਨ ਮੁਨੀ ਜੀ ਮਹਾਰਾਜ

ਆਪ ਦੀ ਸ਼ਿਸ਼ ਪਰੰਪਰਾ ਬਹੁਤ ਵਿਸ਼ਾਲ ਹੈ। ਆਪ ਦਾ ਜਨਮ 4 ਅਪਰੈਲ 1923 ਨੂੰ ਰੋਹਤਕ ਵਿਖੇ ਲਾਲਾ ਚੰਦਗੀ ਰਾਮ ਅਤੇ ਮਾਤਾ ਸੁੰਦਰੀ ਦੇਵੀ ਦੇ ਘਰ ਹੋਇਆ। 18 ਜਨਵਰੀ 1942 ਨੂੰ ਆਪ ਸੰਗਰੂਰ ਵਿਖੇ ਜੈਨ ਸਾਧੂ ਬਣੇ। ਆਪ ਸ਼ਾਸਤਰਾਂ ਦੇ ਮਹਾਨ ਜਾਣਕਾਰ ਅਤੇ ਧਰਮ ਪ੍ਰਚਾਰਕ ਹਨ। ਆਪ ਦੀ ਸਾਧੂ ਪਰੰਪਰਾ ਬਹੁਤ ਵਿਸ਼ਾਲ ਹੈ।

# ਪੰਜਾਬ ਕੇਸਰੀ ਸ਼੍ਰੀ ਪ੍ਰੇਮ ਚੰਦ ਜੀ ਮਹਾਰਾਜ

ਆਪ ਸ਼ਵੇਤਾਂਬਰ ਜੈਨ ਸਥਾਨਕਵਾਸੀ ਫ਼ਿਰਕੇ ਦੇ ਹੀ ਨਹੀਂ ਸਗੋਂ ਮਾਨਵਤਾ ਅਤੇ ਭਗਵਾਨ ਮਹਾਵੀਰ ਦੇ ਸਿਧਾਂਤਾਂ ਦੇ ਪ੍ਰਚਾਰਕ ਸਨ।

ਆਪ ਦਾ ਜਨਮ ਸੈਣੀ ਜੱਟ ਪਰਿਵਾਰ ਵਿਚ ਸੰ: 1957 ਸਾਵਨ ਸ਼ੁਕਲਾ ਪੂਰਨ-ਮਾਸ਼ੀ ਨੂੰ ਰਿਆਸਤ ਨਾਹਨ (ਹਿਮਾਚਲ ਪ੍ਰਦੇਸ਼) ਦੇ ਕਰੀਬ ਪਿੰਡ ਤਾਰੂਵਾਲ ਵਿਖੇ ਚੌਧਰੀ ਗੈਂਦਾ ਰਾਮ ਦੇ ਘਰ ਹੋਇਆ। ਆਪ ਦੇ ਬਜ਼ੁਰਗਾਂ ਦੀ ਸੰਪਤੀ ਨਾਹਨ ਅਤੇ ਨਾਲਾਗੜ੍ਹ ਤਹਿਸੀਲਾਂ ਤਕ ਫ਼ੈਲੀ ਹੋਈ ਸੀ। ਬਚਪਨ ਵਿਚ ਆਪ ਦਾ ਨਾਂ ਬਾਬੂ ਰਾਮ ਸੀ।

ਇਕ ਵਾਰ ਕਿਸੇ ਕੰਮ ਲਈ ਸਤਲੁਜ ਦੇ ਕਿਨਾਰੇ ਵਸੇ ਰੋਪੜ ਸ਼ਹਿਰ ਵਿਖੇ ਜੈਨ ਉਪਾਸਕ ਲਾਲਾ ਲਛਮਣ ਦਾਸ ਦੇ ਘਰ ਠਹਿਰੇ। ਉਸ ਸਮੇਂ ਉਥੇ ਬਾਲ ਬ੍ਰਹਮਚਾਰੀ ਸ੍ਰੀ ਵਿਰਧੀਚੰਦ ਜੀ ਮਹਾਰਾਜ, ਸ੍ਰੀ ਕੰਵਰ ਸੈਨ ਜੀ ਅਤੇ ਸ੍ਰੀ ਮਾਮ ਚੰਦ ਜੀ ਮਹਾਰਾਜ ਚੌਮਾਸਾ ਲਈ ਠਹਿਰੇ ਹੋਏ ਸਨ। ਮਹਾਨ ਤਪਸਵੀ ਸ੍ਰੀ ਗੋਵਿੰਦ ਰਾਮ ਜੀ ਬੁਢਾਪੇ ਕਾਰਨ ਟਿਕੇ ਹੋਏ ਸਨ। ਆਪ ਨੂੰ ਸਾਰੇ ਮਹਾਤਮਾਵਾਂ ਦੇ ਦਰਸ਼ਨ ਅਤੇ ਉਪਦੇਸ਼ ਦਾ ਲਾਭ ਪ੍ਰਾਪਤ ਹੋਇਆ। ਆਪ ਦੇ ਮਨ ਵਿਚ ਜੈਨ ਸੰਤ ਦੇ ਤਪ ਤਿਆਗ ਦੀ ਛਾਪ ਲਗ ਗਈ। ਆਪ ਦੇ ਮਨ ਵਿਚ ਵੈਰਾਗ ਦੀ ਜੋਤ ਜਗ ਪਈ।

ਸਿਰਫ਼ $14\frac{1}{2}$ ਸਾਲ ਦੀ ਉਮਰ ਵਿਚ ਆਪ ਤਪਸਵੀ ਸ੍ਰੀ ਮਾਇਆ ਰਾਮ ਜੀ ਦੀ

ਪਰੰਪਰਾ ਦੇ ਮਹਾਨ ਸਾਧੂ ਵਿਰਧੀ ਚੰਦ ਜੀ ਦੇ ਚੇਲੇ ਬਣ ਗਏ। ਆਪ ਦਾ ਨਵਾਂ ਨਾਂ ਪ੍ਰੇਮ ਮੁਨੀ ਰਖਿਆ ਗਿਆ। ਆਪ ਦੀ ਪਰੰਪਰਾ ਬਾਰੇ ਪਿੱਛੇ ਜ਼ਿਕਰ ਕਰ ਦਿਤਾ ਗਿਆ ਹੈ। ਸਾਧੂ ਬਣਦੇ ਸਾਰ ਹੀ ਆਪ ਨੇ ਜੈਨ ਸ਼ਾਸਤਰਾਂ ਦਾ ਅਧਿਐਨ, ਅਜੈਨ ਸ਼ਾਸਤਰਾਂ ਦਾ ਤੁਲਨਾਤਮਕ ਅਧਿਐਨ, ਨਿਆਏ ਇਤਿਹਾਸ, ਵਿਆਕਰਣ ਆਦਿ ਪੜ੍ਹਨਾ ਸ਼ੁਰੂ ਕੀਤਾ। ਆਪ ਅਨੇਕਾਂ ਭਾਸ਼ਾਵਾਂ ਦੇ ਜਾਨਕਾਰ ਮਹਾਨ ਤਪਸਵੀ ਸਨ।

ਆਪ ਪਹਿਲੇ ਜੈਨ ਸੰਤ ਸਨ ਜਿਨ੍ਹਾਂ ਜੈਨ ਧਰਮ ਨੂੰ ਜੈਨ ਸਥਾਨਕ ਦੀ ਚਾਰ ਦੀਵਾਰੀ ਤੋਂ ਬਾਹਰ, ਜਨ ਸਭਾਵਾਂ ਦਾ ਰੂਪ ਦਿੱਤਾ। ਆਪ ਦੀ ਸਭਾ ਵਿਚ ਹਰ ਜਾਤਿ, ਧਰਮ ਦੇ ਲੋਕ ਖੁਲੇ ਮੈਦਾਨ ਵਿਚ ਭਾਸ਼ਣ ਸੁਣਦੇ ਅਤੇ ਧਰਮ ਚਰਚਾ ਕਰਦੇ। ਜਲਦੀ ਹੀ ਆਪ ਦੇ ਉਪਦੇਸਾਂ ਦੀ ਧੁੰਮ ਸਾਰੇ ਭਾਰਤ ਵਰਸ਼ ਵਿਚ ਫੈਲ ਗਈ। ਧਾਰਮਿਕ ਮੱਠ ਤੋਂ ਬਾਹਰ ਨਿਕਲ ਕੇ ਉਪਦੇਸ਼ ਕਰਨਾ ਕੋਈ ਘਟ ਕ੍ਰਾਂਤੀਕਾਰੀ ਕਦਮ ਨਹੀਂ ਸੀ। ਸੰ: 1991 ਵਿਚ ਆਪ ਅਜਮੇਰ ਸਾਧੂ ਸਮੇਲਨ ਵਿਚ ਵੀ ਪਧਾਰੇ ਸਨ ਜਿੱਥੇ ਆਪ ਜੀ ਦੀ ਮੁਲਾਕਾਤ 32 ਸ਼ਾਸਤਰਾਂ ਦੇ ਅਨੁਵਾਦਕ ਸ੍ਰੀ ਅਮੋਲਕ ਰਿਸ਼ੀ ਸ਼ਤਾਵਧਾਨੀ ਸ੍ਰੀ ਰਤਨ ਚੰਦ ਜੀ ਮਹਾਰਾਜ, ਪੂਜ ਕਾਂਸ਼ੀ ਰਾਮ ਜੀ ਮਹਾਰਾਜ ਨਾਲ ਹੋਈ। ਆਪ ਨੇ ਜੈਨ ਧਰਮ ਦੇ ਪ੍ਰਚਾਰ ਤੋਂ ਛੁੱਟ ਸਮਾਜਿਕ ਬੁਰਾਈਆਂ ਅਤੇ ਸ਼ੁਧ ਖਾਨ ਪਾਨ ਤੇ ਅਪਣੇ ਭਾਸ਼ਨਾਂ ਵਿਚ ਜ਼ੋਰ ਦਿਤਾ। ਜਗ੍ਹਾ ਜਗ੍ਹਾ ਪ੍ਰੇਮ ਵੈਜੀਟੇਰੀਅਨ ਸੋਸਾਇਟੀਆਂ, ਲਾਇਬਰੇਰੀਆਂ ਆਪ ਦੀ ਪ੍ਰੇਰਣਾ ਦਾ ਫਲ ਹਨ। ਆਪ ਨੇ ਆਰੀਆ ਸਮਾਜੀਆਂ, ਸਨਾਤਨ ਧਰਮੀਆਂ, ਈਸਾਈਆਂ ਪਾਰਸੀਆਂ ਨਾਲ ਕਈ ਜਗ੍ਹਾ ਧਰਮ ਚਰਚਾਵਾਂ ਕੀਤੀਆਂ। ਆਪ ਨੂੰ ਅਚਾਰੀਆ ਕਾਂਸ਼ੀ ਰਾਮ ਜੀ ਨੇ ਸੰ: 1997 ਨੂੰ ਜੈਨ ਵਿਭੂਸ਼ਨ ਦੀ ਪਦਵੀ ਦਿੱਤੀ, ਉਸ ਸਮੇਂ ਆਪ ਗੁਜਰਾਂਵਾਲੇ ਸਨ। ਗੁਜਰਾਂਵਾਲੇ ਤੋਂ ਵਿਹਾਰ ਕਰਕੇ ਆਪ ਲਾਹੌਰ ਪਧਾਰੇ। ਇਥੇ ਮਹਾਸ਼ਾ ਖੁਸ਼ਹਾਲ ਚੰਦ ਜੀ (ਸ੍ਰੀ ਯਸ਼ ਮਿਲਾਪ ਦੇ ਪਿਤਾ ਜਾਲੰਧਰ) ਆਪਨੂੰ ਮਿਲਨ ਆਏ। ਉਨ੍ਹਾਂ ਆਪ ਨੂੰ ਬੇਨਤੀ ਕੀਤੀ ਕਿ ਅਸੀਂ ਪਾਕਿਸਤਾਨ ਦੀ ਯੋਜਨਾ ਦਾ ਵਿਰੋਧ ਕਰਨ ਲਈ ਇਕੱਠ ਕਰ ਰਹੇ ਹਾਂ ਆਪ ਜ਼ਰੂਰ ਪਧਾਰੋ। ਮਹਾਸ਼ਾ ਜੀ ਦੀ ਅਰਜ਼ ਮੰਨ ਕੇ ਆਪ ਨੇ ਗੁਰੂਦਤ ਭਵਨ ਦੇ ਮੈਦਾਨ ਵਿਚ 40 ਹਜਾਰ ਦੇ ਇਕੱਠ ਨੂੰ ਦੇਸ਼ ਭਗਤੀ ਅਤੇ ਧਰਮ ਦਾ ਉਪਦੇਸ਼ ਦਿੱਤਾ।

ਫੇਰ ਆਪ ਨੇ ਸਿਆਲਕੋਟ ਵਿਖੇ ਹਸਪਤਾਲ ਅਤੇ ਮਹਿਲਾ ਸਮਾਜ ਨਾਂ ਦੀ ਸੰਸਥਾ ਦੀ ਨੀਂਹ ਰੱਖੀ। ਪ੍ਰੇਮ ਵੈਜੀਟੇਰੀਅਨ ਸੋਸਾਇਟੀ ਹਰ ਪ੍ਰਕਾਰ ਦੇ ਸ਼ਾਕਾਹਾਰੀਆਂ ਦਾ ਮਹਾਨ ਧਾਰਮਿਕ ਇਕੱਠ ਸੀ ਜਿਸ ਦਾ ਕੋਈ ਵੀ ਸ਼ਾਕਾਹਾਰੀ ਮੈਂਬਰ ਬਣ ਸਕਦਾ ਸੀ। ਪਟਿਆਲੇ ਦੇ ਲਾਲਾ ਰੋਸ਼ਨ ਲਾਲ ਇਸ ਦੇ ਪ੍ਰਧਾਨ ਬਣੇ। ਬੰਗਾਲ ਅਕਾਲ ਪੀੜਤਾਂ ਦੀ ਇਸ ਸੰਸਥਾ ਨੇ ਕਾਫੀ ਮਦਦ ਕੀਤੀ। ਪਿਛਲੇ 25 ਸਾਲਾਂ ਤੋਂ ਮਾਲੇਰਕੋਟਲੇ ਵਿਖੇ ਅੱਖਾਂ ਦੇ ਕੈਂਪ ਇਹ ਸੰਸਥਾ ਲਗਵਾ ਰਹੀ ਹੈ। 1947 ਵਿਚ ਮਹਾਰਾਜ ਸ੍ਰੀ ਜੀ ਦੀ ਪ੍ਰੇਰਣਾ

ਨਾਲ ਪਾਕਿਸਤਾਨ ਦੇ ਸ਼ਰਨਾਰਥੀਆਂ ਦੀ ਮਦਦ ਕੀਤੀ ਗਈ। ਸੰ: 2002 ਨੂੰ ਆਪ ਨੂੰ ਉਪਾਧਿਆਇ ਪਦਵੀ ਨਾਲ ਸੰਮਾਨਿਤ ਕੀਤਾ ਗਿਆ। ਆਪ ਉੱਤਰ ਭਾਰਤ ਪਰਵਰਤਕ ਵੀ ਰਹੇ। ਸੰ: 2009 ਦਾ ਚੌਮਾਸਾ ਰਤਲਾਮ, 2010 ਦਾ ਬੰਬਈ, 2011 ਦਾ ਰਾਜਕੋਟ, 2012 ਦਾ ਜੋਧਪੁਰ, 2013 ਦਾ ਵਿਆਵਰ ਕਰਦੇ ਹੋਏ ਦਿੱਲੀ ਰਾਹੀਂ 2015 ਨੂੰ ਜਾਲੰਧਰ ਪੁੱਜੇ।

ਆਪ ਦੇ ਜੀਵਨ ਦਾ ਆਖ਼ਰੀ ਸਮਾਂ ਜ਼ਿਆਦਾ ਤਰ ਜਾਲੰਧਰ ਅਤੇ ਦਿੱਲੀ ਵਿਖੇ ਬੀਤਿਆ। ਆਖਰ 8 ਜਨਵਰੀ 1974 ਨੂੰ ਜੈਨ ਜਗਤ ਦਾ ਇਹ ਮਹਾਨ ਸਿਤਾਰਾ ਦੇਵਲੋਕ ਪਧਾਰ ਗਿਆ। ਆਪ ਦੇ ਸੱਕੇ ਭਰਾ ਸ਼੍ਰੀ ਤੁਲਸੀ ਰਾਮ ਜੀ ਆਪ ਨਾਲ ਸਾਧੂ ਬਣੇ ਸਨ।

# ਸ਼੍ਰੀ ਰਾਮ ਸਵਰੂਪ ਜੀ ਮਹਾਰਾਜ

ਆਪ ਦਾ ਜਨਮ ਚੇਤ ਸੁਦੀ 2 ਸੰ: 1942 ਨੂੰ ਗਾਜ਼ੀਆਬਾਦ (ਮੇਰਠ) ਦੇ ਕਰੀਬ ਬ੍ਰਾਹਮਣਾਂ ਕੀ ਛਜਾਰਸੀ ਪਿੰਡ ਵਿਚ ਹੋਇਆ। ਆਪ ਗੌੜ ਬ੍ਰਾਹਮਣ ਸਨ। ਆਪ ਦੇ ਪਿਤਾ ਸ਼੍ਰੀ ਗੰਗਾ ਸਹਾਏ ਅਤੇ ਮਾਤਾ ਸ਼੍ਰੀਮਤੀ ਪਾਪੋ ਦੇਵੀ ਸੀ। ਛੋਟੀ ਉਮਰ ਵਿਚ ਆਪ ਦੇ ਮਾਤਾ ਪਿਤਾ ਦਾ ਸਵਰਗਵਾਸ ਹੋ ਗਿਆ। ਆਪ ਦਾ ਪਾਲਨ ਪੋਸ਼ਨ ਸ਼ਾਹਦਰਾ (ਦਿੱਲੀ) ਵਿਖੇ ਨਾਨਕੇ ਘਰ ਹੋਇਆ। ਆਪ 600 ਬਿਘੇ ਜ਼ਮੀਨ ਦੇ ਮਾਲਕ ਸਨ ਪਰ ਬਚਪਨ ਵਿਚ ਮਾਂ ਪਿਉ ਦੇ ਵਿਯੋਗ ਨੇ ਆਪ ਨੂੰ ਮੁਨੀ ਦੀਖਿਆ ਵਲ ਲੈ ਆਉਂਦਾ।

ਆਪ ਦੀ ਜੈਨ ਮੁਨੀਆਂ ਨਾਲ ਮੁਲਾਕਾਤ 12 ਸਾਲ ਦੀ ਉਮਰ ਵਿਚ ਦਿੱਲੀ ਵਿਖੇ ਹੋਈ। ਆਪ ਉਸ ਸਮੇਂ ਤਕ ਅਨਪੜ੍ਹ ਸਨ। ਸੰ: 1954 ਪੋਹ ਵਦੀ 10 ਨੂੰ ਆਪ ਗਣਾਵਛੇਦਕ ਸ਼੍ਰੀ ਲਾਲ ਚੰਦ ਜੀ ਮਹਾਰਾਜ ਤੋਂ ਮੁਨੀ ਦੀਖਿਆ ਗ੍ਰਹਿਣ ਕੀਤੀ। ਪਰ ਆਪ ਦੇ ਗੁਰੂ ਸ਼੍ਰੀ ਲਛਮੀ ਚੰਦ ਜੀ ਸਨ ਜੋ ਕੁਝ ਸਮਾਂ ਬਾਅਦ ਸਥਾਨਕਵਾਸੀ ਸਾਧੂ ਭੇਸ ਤਿਆਗ ਕੇ ਮੂਰਤੀ ਪੂਜਕ ਜੈਨ ਸਾਧੂ ਬਣ ਗਏ। ਆਪ ਦੇ ਚਾਚਾ ਆਪ ਨੂੰ ਲਾਲਚ ਦੇ ਕੇ ਸਾਧੂਪੁਣਾ ਛੱਡਣ ਲਈ ਆਏ ਤਾਂ ਆਪ ਨੇ ਸਾਫ਼ ਇਨਕਾਰ ਕਰ ਦਿੱਤਾ।

ਆਪ ਨੇ ਰਾਜਸਥਾਨ ਦੇ ਰਾਜਿਆਂ, ਸਾਹੂਕਾਰਾਂ ਅਤੇ ਰਾਜਕੁਮਾਰਾਂ ਨੂੰ ਬਹੁਤ ਪ੍ਰਭਾਵਤ ਕੀਤਾ। ਆਪ ਕੁਝ ਸਮੇਂ ਬਾਅਦ ਹੀ ਸ਼ਾਸਤਰਾਂ ਦੇ ਮਹਾਨ ਜਾਨਕਾਰ, ਚਮਤਕਾਰੀ, ਸਮਾਜ ਸੁਧਾਰਕ ਸੰਤ ਬਣ ਗਏ। ਮਹਾਰਾਜਾ ਨਾਭਾ ਵੀ ਆਪ ਦੀ ਬੁਧੀ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਿਆ। ਆਪ ਨੇ ਜਾਤਪਾਤ, ਛੂਆਛੂਤ ਵਿਰੁਧ ਸਖਤ ਅਵਾਜ ਉਠਾਈ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੇ ਮਾਸ, ਸ਼ਰਾਬ ਆਦਿ ਬੁਰਾਈਆਂ

ਨੂੰ ਛਡਿਆ। ਆਪ ਨੇ ਕਈ ਜੈਨ ਵਿਦਿਆ ਕੇਂਦਰ ਸਥਾਪਿਤ ਕੀਤੇ। ਆਪ ਨੇ ਮਾਲੇਰ-ਕੋਟਲੇ ਵਿਖੇ ਇਕ ਯਤੀਮ ਖਾਨਾ ਵੀ ਸਥਾਪਿਤ ਕੀਤਾ ਜੋ ਕਿ ਪ੍ਰਬੰਧਕੀ ਕਾਰਣ ਠੀਕ ਨਾ ਹੋਣ ਕਾਰਨ ਨਾ ਚਲ ਸਕਿਆ। ਆਪ ਨੇ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਖੇਤਰਾਂ ਵਿਚ ਜਾ ਕੇ ਜੈਨ ਧਰਮ ਦਾ ਪ੍ਰਚਾਰ ਕੀਤਾ। ਆਪ ਪੰਜਾਬ, ਰਾਜਸਥਾਨ, ਯੂ.ਪੀ., ਮੱਧ ਪ੍ਰਦੇਸ਼, ਹਰਿਆਣਾ ਅਤੇ ਦਿਲੀ ਖੇਤਰਾਂ ਵਿਚ ਪ੍ਰਚਾਰ ਕੀਤਾ।

ਆਪ ਦਾ ਸਵਰਗਵਾਸ ਨਾਭਾ ਵਿਖੇ ਹੋਇਆ ਜਿਥੇ ਆਪ ਜੀ ਦੀ ਸਮਾਧੀ ਅਤੇ ਸ੍ਰੀ ਰਾਮ ਸਵਰੂਪ ਜੈਨ ਹਾਈ ਸਕੂਲ ਹੈ। ਆਪ ਮਹਾਨ ਸ਼ਾਸਤਰਆਰਥੀ ਵਿਦਵਾਨ ਸਨ।

# ਪਨਿਆਸ ਸ੍ਰੀ ਜੈ ਵਿਜੈ ਜੀ ਗਣੀ

ਆਪ ਦਾ ਜਨਮ ਸੰ: 1971 ਨੂੰ ਸਿਆਨੀ ਜ਼ਿਲਾ ਹੁਸ਼ਿਆਰਪੁਰ ਵਿਖੇ ਇਕ ਸ਼ਵੇਤਾਂਬਰ ਜੈਨ ਮੂਰਤੀ ਪੂਜਕ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਲਾਲਾ ਰਾਮ ਚੰਦ ਅਤੇ ਮਾਤਾ ਸ੍ਰੀਮਤੀ ਦਰੋਪਤੀ ਦੇਵੀ ਸੀ। ਆਪ ਦਾ ਨਾਂ ਤੀਰਥਰਾਮ ਰਖਿਆ ਗਿਆ। ਆਪ ਤਿੰਨ ਭਰਾ ਸਨ। ਆਪ ਕਪੜੇ ਦਾ ਕੰਮ ਕਰਦੇ ਸਨ। ਆਪ ਦੀ ਸ਼ਾਦੀ ਇਕ ਖੁਸ਼ਹਾਲ ਪ੍ਰਵਾਰ ਵਿਚ ਹੋਈ। ਆਪ ਦੀ ਪਤਨੀ ਤੋਂ ਆਪ ਦੇ ਦੋ ਪੁੱਤਰ ਅਤੇ ਇਕ ਲੜਕੀ ਨੇ ਜਨਮ ਲਿਆ।

ਪਿਛਲੇ ਜਨਮ ਦੇ ਪੁੰਨ ਕਾਰਨ ਆਪ ਨੇ ਸ਼ਵੇਤਾਂਬਰ ਜੈਨ ਤਪਾਗੱਛ ਅਚਾਰੀਆ ਸ੍ਰੀ ਵਿਜੈ ਵੱਲਭ ਤੋਂ ਸੰ: 2003 ਵਿਚ ਮੁਨੀ ਦੀਖਿਆ ਗ੍ਰਹਿਣ ਕੀਤੀ। ਆਪ ਦਾ ਮੁਨੀ ਨਾਂ ਜੈ ਵਿਜੈ ਹੈ। ਆਪ ਹਿੰਦੀ, ਗੁਜਰਾਤੀ, ਉਰਦੂ, ਫ਼ਾਰਸੀ, ਅੰਗਰੇਜ਼ੀ, ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾਵਾਂ ਦੇ ਚੰਗੇ ਜਾਨਕਾਰ ਹਨ। ਆਪ ਦਾ ਵਿਆਖਿਆਨ ਹਮੇਸ਼ਾ ਸਿਧੀ ਸਾਦੀ ਪੰਜਾਬੀ ਵਿਚ ਹੁੰਦਾ ਹੈ। ਆਪ ਗਰੀਬਾਂ ਦੇ ਸੱਚੇ ਹਮਦਰਦ ਹਨ। ਗ਼ਰੀਬਾਂ, ਵਿਧਵਾਵਾਂ ਅਤੇ ਅਨਾਥਾਂ ਦੇ ਆਪ ਮਸੀਹਾ ਹਨ। ਆਪ ਉਚ, ਨੀਚ, ਜਾਤ ਪਾਤ ਅਤੇ ਫ਼ਿਰਕਾਪਰਸਤੀ ਤੋਂ ਪਰੇ ਹਨ। ਜੈਨ ਸਿਧਾਂਤ ਆਪ ਦੀ ਜਿੰਦ ਜਾਨ ਹਨ। ਆਪ ਦੇ ਪਰਿਵਾਰ ਵਿਚੋਂ 8 ਵਿਅਕਤੀ ਸਾਧੂ ਬਨੇ ਹਨ। ਮੁਨੀ ਲਾਭ ਵਿਜੈ (ਚਾਚਾ) ਪਨਿਆਸ ਬਲਵੰਤ ਵਿਜੈ (ਭਾਣਜਾ), ਸ੍ਰੀ ਸ਼ਾਂਤੀ ਵਿਜੈ (ਭਣੋਈਆ) ਸ਼ਾਧਵੀ ਪ੍ਰਵੀਨ ਸ੍ਰੀ (ਸਪੁੱਤਰੀ), ਸਾਧਵੀ ਚਿੰਤਾ ਮਣੀ (ਭੈਣ), ਸਾਧਵੀ ਸ੍ਰੀ ਚਿਦਾਨੰਦ (ਭੈਣ) ਸਾਧਵੀ ਚਿਤਰਜਣਮੀ, (ਭਾਣਜੀ) ਸਾਧਵੀ ਲਾਭਸੀ (ਤਾਈ)।

ਆਪ ਦੇ ਦੋ ਚੇਲੇ ਹਨ ਕਣਕ ਵਿਜੈ ਅਤੇ ਸ੍ਰੀਚੰਦ ਵਿਜੈ।

ਆਪ ਪਿੰਡ ਪਿੰਡ ਵਿਚ ਜੈਨ ਧਰਮ ਅਤੇ ਮਹਾਵੀਰ ਦਾ ਸੰਦੇਸ਼ ਫੈਲਾ ਰਹੇ ਹਨ। ਆਪ ਸੁਭਾਅ ਤੋਂ ਬਹੁਤ ਨਰਮ ਹਨ।

# ਗਣੀ ਜਨਕ ਵਿਜੈ ਜੀ ਮਹਾਰਾਜ

ਪ੍ਰਸਿਧ ਗਾਂਧੀਵਾਦੀ ਸ੍ਰੀ ਜਨਕ ਵਿਜੈ ਜੀ ਦਾ ਜਨਮ ਸੰ: 1982 ਜੇਠ 2 ਨੂੰ ਭੜੌਚ ਦੇ ਕੋਲ ਜਬੂਸਰ ਵਿਚ ਹੋਇਆ। ਪਿਤਾ ਜੀ ਡਾਗ ਭਾਈ ਅਤੇ ਮਾਤਾ ਸ੍ਰੀਮਤੀ ਤਾਰਾ ਭੈਣ ਸਨ। ਆਪ ਨੇ 18 ਸਾਲ ਦੀ ਉਮਰ ਵਿਚ ਸੰਸਾਰ ਦੇ ਸੁਖਾਂ ਨੂੰ ਠੋਕਰ ਮਾਰ ਕੇ ਮੁਨੀ ਸ੍ਰੀ ਚਤੁਰ ਵਿਜੈ ਤੋਂ ਸਾਧੂ ਦੀਖਿਆ ਗ੍ਰਹਿਣ ਕੀਤੀ। ਕੁਝ ਸਮੇਂ ਬਾਅਦ ਆਪ ਜੀ ਦੇ ਗੁਰੂ ਦਾ ਸਵਰਗਵਾਸ ਹੋ ਗਿਆ। ਆਪ ਅਚਾਰੀਆ ਸ੍ਰੀ ਵਿਜੈ ਵਲਭ ਜੀ ਮਹਾਰਾਜ ਕੋਲ ਆ ਗਏ। ਇਥੇ ਆਪ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਗੁਜਰਾਤੀ, ਵਿਆਕਰਨ, ਆਗਮ, ਕਾਵਯ ਅਤੇ ਦਰਸ਼ਨ ਸ਼ਾਸਤਰ ਦਾ ਅਧਿਐਨ ਕੀਤਾ।

ਆਪ ਇਕ ਮਹਾਨ ਸਿਖਿਆ ਸ਼ਾਸਤਰੀ, ਜੈਨ ਏਕਤਾ ਦੇ ਪ੍ਰਤੀਕ, ਸਮਾਜ ਸੁਧਾਰਕ ਸੰਤ ਹਨ। ਆਪ ਨੇ ਸ੍ਰੀ ਆਤਮਾਨੰਦ ਜੈਨ ਮਹਾਸਭਾ ਪੰਜਾਬ ਅਤੇ ਸਥਾਨਕ ਵਾਸੀ ਜੈਨ ਸ਼ਵੇਤਾਂਬਰ ਕਾਨਫਰੰਸ ਨੂੰ ਕਾਫ਼ੀ ਚੰਗੀ ਦਿਸ਼ਾ ਪ੍ਰਦਾਨ ਕੀਤੀ ਹੈ। ਆਪ ਨੇ ਸਮਾਜ ਸੁਧਾਰ ਹਿੰਦ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿਚ ਕਈ ਕੈਂਪ ਲਗਾਏ ਹਨ। ਆਪ ਨੇ 600 ਅਜੇਹੇ ਪਿੰਡਾਂ ਵਿਚ ਮਾਸ ਅਤੇ ਸ਼ਰਾਬ ਵਿਰੁਧ ਅੰਦੋਲਣ ਚਲਾਇਆ ਜਿਥੇ ਜੈਨ ਧਰਮ ਨੂੰ ਕੋਈ ਜਾਣਦਾ ਵੀ ਨਹੀਂ ਸੀ।

ਆਪ ਸਾਰੇ ਧਰਮਾਂ ਦੀ ਏਕਤਾ ਵਿਚ ਵਿਸ਼ਵਾਸ ਰਖਦੇ ਹਨ। 1974 ਵਿਚ ਭਗਵਾਨ ਮਹਾਵੀਰ ਦੇ ਨਿਰਵਾਨ ਸ਼ਤਾਬਦੀ ਕਮੇਟੀ ਵਿਚ ਆਪ ਨੇ ਵਧ ਚੜ੍ਹ ਕੇ ਭਾਗ ਲਿਆ। ਆਪ ਦੇ ਯਤਨਾਂ ਕਾਰਨ ਸਮਾਜ ਨੂੰ ਇਕ ਗ੍ਰੰਥ, ਇਕ ਝੰਡਾ ਅਤੇ ਇਕ ਨਿਸ਼ਾਨ ਪ੍ਰਾਪਤ ਹੋਇਆ। ਆਪ ਅਚਾਰੀਆ ਸ੍ਰੀ ਸਮੁਦਰ ਵਿਜੈ ਜੀ ਮਹਾਰਾਜ ਦੇ ਪ੍ਰਤਿਨਿਧ ਵਜੋਂ ਭਾਰਤ ਸਰਕਾਰ ਵਲੋਂ ਸਥਾਪਿਤ ਨਿਰਵਾਨ ਸ਼ਤਾਬਦੀ ਦਾ ਕੰਮ ਕਰਦੇ ਰਹੇ। ਪੰਜਾਬ ਤੇ ਆਪ ਦੇ ਬਹੁਤ ਉਪਕਾਰ ਹਨ।

# ਵਿਦਿਆ-ਪ੍ਰਸਾਰਕ ਮੁਨੀ ਸ੍ਰੀ ਖਜ਼ਾਨ ਚੰਦ ਜੀ

ਆਪ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦੇ ਪ੍ਰਮੁਖ ਚੇਲਿਆਂ ਵਿਚੋਂ ਸਨ। ਆਪ ਦਾ ਜਨਮ ਇਕ ਲਖਪਤਿ ਘਰਾਨੇ ਵਿਚ ਸੰ: 1940 ਮਾਘ ਸੁਦੀ 4 ਨੂੰ ਹੋਇਆ। ਆਪ ਜੀ ਦੇ ਪਿਤਾ ਸ੍ਰੀ ਮੋਹਨ ਸ਼ਾਹ ਅਤੇ ਮਾਤਾ ਸ੍ਰੀਮਤੀ ਗਣੇਸ਼ੀ ਬਾਈ ਸੀ। ਬਚਪਨ ਤੋਂ ਹੀ ਆਪ ਧਾਰਮਿਕ ਵਿਰਤੀ ਦੇ ਧਨੀ ਸਨ। ਆਪ ਦਾ ਪਰਿਵਾਰ ਇਕ ਆਦਰਸ਼ ਜੈਨ ਪਰਿਵਾਰ ਸੀ। ਇਹੋ ਕਾਰਨ ਸੀ ਕਿ 19 ਸਾਲ ਦੀ ਉਮਰ ਵਿਚ ਆਪ ਨੂੰ ਜੈਨ ਮੁਨੀ ਬਨਣ ਦਾ ਵਿਚਾਰ ਆਇਆ। ਆਪ ਨੂੰ ਇਹ ਸੰਸਾਰਿਕ ਸੁਖ ਝੂਠੇ ਅਤੇ ਨਾਸ਼ਵਾਨ ਜਾਪਦੇ

ਸਨ। ਘਰ ਵਾਲੇ ਆਪ ਨੂੰ ਸ਼ਾਦੀ ਦੇ ਬੰਧਨ ਵਿਚ ਫਸਾਨਾ ਚਾਹੁੰਦੇ ਸਨ ਪਰ ਆਪ ਅਡੋਲ ਰਹੇ। ਆਪ ਨੇ ਸਾਧੂ ਬਨਣ ਤੋਂ ਪਹਿਲਾਂ ਹੀ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦਾ ਬਹੁਤ ਵਾਰ ਧਰਮ ਉਪਦੇਸ਼ ਸੁਣਿਆ ਸੀ। ਆਖਰ ਘਰ ਵਾਲਿਆਂ ਨੇ ਆਪ ਨੂੰ ਬਹੁਤ ਡਰਾਇਆ, ਧਮਕਾਇਆ ਅਤੇ ਮਾਰ ਕੁਟ ਕੀਤੀ ਪਰ ਆਪ ਨੂੰ ਤੈ ਅਪਣੇ ਆਤਮ-ਕਲਿਆਨ ਦੀ ਫਿਕਰ ਸੀ। ਆਖਰ ਘਰ ਵਾਲੇ ਹਾਰ ਗਏ। ਸੰ: 1960 ਫਗੁਣ ਸੁਦਿ 3 ਨੂੰ ਗੁਜਰਾਂਵਾਲਾ ਵਿਖੇ ਆਪ ਨੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਕੋਲੋਂ ਸਾਧੂ ਦੀਖਿਆ ਗ੍ਰਹਿਣ ਕੀਤੀ।

ਆਪ ਦੀ ਬੁਧੀ ਤੇਜ਼ ਅਤੇ ਨਿਰਮਲ ਸੀ। ਥੁੜ ਸਮੇਂ ਵਿਚ ਹੀ ਆਪ ਨੇ ਸਾਰੇ ਜੈਨ ਆਗਮਾਂ ਦਾ ਸੂਖਮ ਅਧਿਐਨ ਕਰ ਲਿਆ। ਆਪ ਅਪਣੇ ਗੁਰੂਦੇਵ ਦੀ ਇਜਾਜ਼ਤ ਨਾਲ ਅੱਡ ਧਰਮ ਪ੍ਰਚਾਰ ਕਰਨ ਲੱਗੇ। ਆਪ ਨੇ ਜੈਨ ਸਮਾਜ ਵਿਚ ਫੈਲੇ ਪਾਖੰਡ ਵਿਰੁਧ ਸਖਤ ਅਵਾਜ਼ ਉਠਾਈ। ਉਸ ਸਮੇਂ ਕੁਝ ਲੋਕ ਜੈਨ ਭਵਨਾਂ (ਸਥਾਨਕਾਂ) ਦੀ ਸਖਤ ਵਿਰੋਧਤਾ ਕਰਦੇ ਸਨ। ਇਸਤਰੀ ਨੂੰ ਪੜ੍ਹਾਨਾ ਪਾਪ ਸਮਝਦੇ ਸਨ। ਆਪ ਨੇ ਸਾਧੂ ਜੀਵਨ ਦੇ 42 ਸਾਲ ਇਨ੍ਹਾਂ ਬੁਰਾਈਆਂ ਦੇ ਖ਼ਿਲਾਫ਼ ਲੜਦੇ ਗੁਜ਼ਾਰੇ। ਆਪ ਨੂੰ ਬਹੁਤ ਕਸ਼ਟਾਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਪਰੰਤੂ ਕੁਝ ਸਮੇਂ ਬਾਅਦ ਹੀ ਸਮਾਜ ਨੂੰ ਨਵੀਂ ਜਾਗਰਿਤੀ ਮਿਲੀ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੇ ਸਮਾਜ ਬੁਰਾਈਆਂ ਦਾ ਤਿਆਗ ਕੀਤਾ। ਮਾਸ, ਸ਼ਰਾਬ, ਜੂਆ ਛਡਿਆ। ਆਪ ਪੰਜਾਬ ਵਿਚ ਜੈਨ ਭਵਨ ਬਣਾਉਣ ਦੀ ਪ੍ਰੇਰਣਾ ਦੇਣ ਵਾਲੇ ਪਹਿਲੇ ਸੰਤ ਸਨ। ਆਪ ਤੋਂ ਪਹਿਲਾਂ ਸਥਾਨਕਵਾਸੀ ਸਾਧੂ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ।

ਆਪ ਦੇ ਪ੍ਰਚਾਰ ਦੇ ਕੇਂਦਰ ਫਰੀਦਕੋਟ, ਪਟਿਆਲਾ, ਅੰਬਾਲਾ, ਰੋਪੜ, ਖਰੜ, ਕਸੂਰ, ਸੁਨਾਮ, ਲਾਹੌਰ, ਲੁਧਿਆਣਾ, ਰਾਏਕੋਟ, ਮੋਰੰਡਾ,ਰਾਵਲਪਿੰਡੀ, ਜ਼ੀਰਾ, ਬਰਨਾਲਾ, ਜੇਜੋਂ, ਨਾਭਾ, ਮਾਲੇਰਕੋਟਲਾ, ਬੁਢਲਾਡਾ ਬਠਿੰਡਾ, ਮੁਕੇਰੀਆਂ, ਰੋਹਤਾਸ, ਧੂਰੀ, ਮੋਗਾ ਆਦਿ ਸ਼ਹਿਰ ਪ੍ਰਮੁਖ ਹਨ। ਨਾਭਾ ਦਰਬਾਰ ਦੇ ਮੰਤਰੀ ਸਰਦਾਰ ਗੁਰਦਿਆਲ ਸਿੰਘ, ਰਘੁਵੀਰ ਸਿੰਘ ਅਪਣੇ ਛੋਟੇ ਬੜੇ ਅਹਿਲਕਾਰਾਂ ਨਾਲ ਆਪ ਦਾ ਉਪਦੇਸ਼ ਸੁਨਣ ਆਉਂਦੇ ਸਨ। ਆਪ ਫ਼ਿਰਕਾਪਰਸਤੀ ਤੋਂ ਪਰੇ ਸਨ। ਛੂਆ ਛੂਤ ਅਤੇ ਜ਼ਾਤਪਾਤ ਵਿਰੁਧ ਆਪਨੇ ਜ਼ੋਰਦਾਰ ਅਵਾਜ਼ ਉਠਾਈ। ਆਪ ਨੇ ਰਾਵਲਪਿੰਡੀ ਵਿਖੇ ਇਕ ਪ੍ਰਾਇਮਰੀ ਅਤੇ ਇਕ ਹਾਈ ਸਕੂਲ ਖੁਲਵਾਇਆ। ਆਪ ਜੀ ਦੀ ਪ੍ਰੇਰਣਾ ਨਾਲ ਲੁਧਿਆਣਾ, ਬੁਢਲਾਡਾ, ਮਾਨਸਾ, ਰਾਵਲਪਿੰਡੀ ਵਿਖੇ ਲੜਕਿਆਂ ਦੇ ਸਕੂਲ ਦੀ ਸਥਾਪਨਾ ਕੀਤੀ। ਆਪ ਜੀ ਦੀ ਪ੍ਰੇਰਣਾ ਨਾਲ ਬਠਿੰਡਾ, ਲੁਧਿਆਣਾ, ਕਸੂਰ, ਲਾਹੌਰ, ਗੁਜਰਾਂਵਾਲਾ, ਜੇਹਲਮ, ਧੂਰੀ, ਮੁਕਤਸਰ, ਮਲੋਟ, ਅਬੋਹਰ, ਗਿਦੜਬਾਹਾ, ਡਬਵਾਲੀ, ਸੰਗਰੀਆ, ਰਣੀਆਂ, ਸਰਸਾ, ਸਰਦੂਲਗੜ੍ਹ, ਰੋੜੀ, ਕਾਲਾਂਵਾਲੀ, ਰਾਮਾ ਮੰਡੀ, ਖੇਓਵਾਲੀ, ਮੋਗਾ, ਬਰਨਾਲਾ,

ਅੰਬਾਲਾ ਸ਼ਹਿਰ ਅਤੇ ਅੰਬਾਲਾ ਛਾਉਣੀ ਵਿਖੇ ਜੈਨ ਸਥਾਨਕ ਬਣੇ, ਪੁਰਾਣਿਆਂ ਦੀ ਮੁਰੰਮਤ ਲਈ ਫੰਡ ਇਕੱਠੇ ਕੀਤੇ ਗਏ। ਕਈ ਸ਼ਹਿਰਾਂ ਵਿਚ ਜੈਨ ਵਿਦਿਆ ਲਈ ਸਕੂਲ ਖੋਲੇ ਗਏ। ਇਨ੍ਹਾਂ ਦਾ ਭਾਵ ਬੱਚਿਆਂ ਵਿਚ ਧਾਰਮਿਕ ਸੰਸਕਾਰ ਪੈਦਾ ਕਰਨਾ ਸੀ।

ਆਪ ਦੇ ਦੋ ਪ੍ਰਮੁਖ ਚੇਲੇ ਸਨ ਉਪਾਧਿਆਇ ਸ਼੍ਰੀ ਫੂਲ ਚੰਦ ਜੀ ਮਹਾਰਾਜ, (2) ਆਤਮ ਨਿਧੀ ਮੁਨੀ ਸ਼੍ਰੀ ਤਿਰਲੋਕ।

ਆਪ ਦਾ ਸਵਰਗਵਾਸ ਸੰ: 2002 ਜੇਠ ਵਦੀ 4 ਨੂੰ ਪਸਰੂਰ ਵਿਖੇ ਹੋ ਗਿਆ।

## ਪਰਮ ਸ਼੍ਰਧੇਯ ਪੰਜਾਬ ਪ੍ਰਵਰਤਕ ਉਪਾਧਿਆਇ ਸ਼੍ਰਮਣ

# ਸ਼੍ਰੀ ਫੂਲ ਚੰਦਰ ਜੀ ਮਹਾਰਾਜ

ਆਪ ਸ਼ਵੇਤਾਂਬਰ ਜੈਨ ਸਥਾਨਕ ਵਾਸੀ ਸ਼੍ਰਮਣ ਸੰਘ ਦੇ ਪਹਿਲੇ ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੇ ਪੋਤੇ ਚੇਲੇ ਸਨ। ਆਪ ਦਾ ਜਨਮ ਸੰ: 1969 ਚੇਤਰ ਨੂੰ ਪੰ: ਮੰਗਲਾਨੰਦ ਅਤੇ ਮਾਤਾ ਬਸੰਤ ਕਲੀ ਦੇ ਘਰ ਹਿਮਾਚਲ ਪ੍ਰਦੇਸ਼ ਦੇ ਇਕ ਨਿੱਕੇ ਜਿਹੇ ਪਿੰਡ ਸਿੰਗੜਾ ਵਿਖੇ ਹੋਇਆ। ਬਚਪਨ ਵਿਚ ਆਪ ਦਾ ਨਾਂ ਰਾਧਾ ਕ੍ਰਿਸ਼ਨ ਸੀ।

ਆਪ ਦੇ ਘਰ ਵਾਲੇ ਖੇਤੀ ਵੀ ਕਰਦੇ ਹਨ। ਬਚਪਨ ਵਿਚ ਹੀ ਅਪ ਜੀ ਦੀ ਮਾਤਾ ਦਾ ਦੇਹਾਂਤ ਆਪ ਦੇ ਵੈਰਾਗ ਦਾ ਕਾਰਣ ਬਣਿਆ। ਇਕ ਵਾਰ ਆਪ ਸ਼੍ਰੀ ਵਿਸ਼ੰਬਰ ਦਾਸ ਨਾਲ ਜੈਨ ਸਾਧੂਆਂ ਦੇ ਦਰਸ਼ਨ ਕਰਨ ਲਈ ਸੰਗਰੂਰ ਆਏ। ਇਥੇ ਆਪ ਸ਼੍ਰੀ ਖਜਾਨ ਚੰਦ ਜੀ ਮਹਾਰਾਜ ਤੋਂ ਬਹੁਤ ਪ੍ਰਭਾਵਿਤ ਹੋਏ। ਆਪ ਅਪਣੇ ਗੁਰੂਦੇਵ ਨ ਲ 8 ਮਹੀਨੇ ਵੈਰਾਗੀ ਅਵਸਥਾ ਵਿਚ ਰਹੇ।

ਸੰ: 1987 ਨੂੰ ਕ੍ਰਿਸ਼ਨਾ 12 ਵਾਲੇ ਦਿਨ ਧੂਰੀ ਦੇ ਨਜ਼ਦੀਕ ਭਦਲਵੱਡ ਪਿੰਡ ਵਿਚ ਮੁਨੀ ਸ਼੍ਰੀ ਖਜ਼ਾਨਚੰਦ ਜੀ ਨੇ ਆਪ ਨੂੰ ਸਾਧੂ ਦੀਖਿਆ ਦਿਤੀ। ਆਪ ਦਾ ਨਾਂ ਮੁਨੀ ਫੂਲਚੰਦ ਰਖਿਆ ਗਿਆ। ਆਪ ਮਹਾਨ ਯੋਗੀ, ਧਿਆਨੀ, ਗਿਆਨੀ ਅਤੇ ਤਪਸਵੀ ਸਨ। ਸੰ: 1988 ਤੋਂ 2001 ਤਕ ਅਪਣੇ ਗੁਰੂ ਦੇਵ ਦੀ ਸੇਵਾ ਵਿਚ ਰਹੇ। 16 ਸਾਲ 16 ਗਜ਼ ਕਪੜਾ ਪਹਿਨਣ ਦੀ ਕਠੋਰ ਮਰਿਆਦਾ ਨਿਭਾਈ। 5 ਸਾਲ ਦਿਨ ਵਿਚ ਦੋ ਵਾਰ ਪਾਣੀ ਗ੍ਰਹਿਣ ਕਰਨ ਦਾ ਵਚਨ ਨਿਭਾਇਆ। 2 ਸਾਲ ਦੋ ਰੋਟੀਆਂ ਦੇ ਸਹਾਰੇ ਬਿਤਾਏ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਉਰਦੂ, ਫ਼ਾਰਸੀ, ਹਿੰਦੀ, ਪੰਜਾਬੀ, ਗੁਜਰਾਤੀ ਅਤੇ ਰਾਜਸਥਾਨੀ ਭਾਸ਼ਾਵਾਂ ਦੇ ਉਚ ਕੋਟੀ ਦੇ ਵਿਦਵਾਨ ਸਨ। ਆਪ ਨੇ ਸ਼ਹਿਰਾਂ ਤੋਂ ਛੁੱਟ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ ਅਤੇ ਉਤਰ ਪ੍ਰਦੇਸ਼ ਦੇ ਛੋਟੇ ਛੋਟੇ ਪਿੰਡਾਂ ਵਿਚ ਜੈਨ ਧਰਮ

ਦੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਸੰ: 2002 ਵਿਚ ਆਪ ਨੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਤੋਂ ਜੈਨ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ।

ਸੰ: 2008 ਵਿਚ ਆਪ ਨੇ ਅਪਣੇ ਨਾਂ ਪਿੱਛੇ ਸ਼੍ਰਮਣ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਬੰਬਈ ਵਿਚ ਛਪਣ ਵਾਲੇ "ਜੈਨ ਸਿੱਧਾਂਤ" ਗੁਜਰਾਤੀ ਅਖਬਾਰ ਵਿਚ ਆਪ ਦੇ ਲੇਖ ਛਪਣ ਲੱਗੇ ਜੋ ਬਹੁਤ ਪਸੰਦ ਕੀਤੇ ਗਏ। ਅਖਬਾਰ ਦੇ ਸੰਪਾਦਕ ਨੇ ਆਪਦੇ ਨਾਂ ਨਾਲ ਯੋਗਨਿਸ਼ਟ ਸ਼ਬਦ ਦੀ ਪਦਵੀ ਜੋੜ ਦਿੱਤੀ। ਉਸੇ ਸਾਲ ਸੈਲਾਣਾ (ਮੱਧ ਪ੍ਰਦੇਸ਼) ਦੇ ਸਮਿਅਕ ਦਰਸ਼ਨ ਅਖਬਾਰ ਵਿਚ ਆਪ ਨੇ ਅਪਣੀ ਕਲਮ ਦੀ ਧਾਕ ਸਾਰੇ ਭਾਰਤ ਵਿਚ ਜਮਾ ਦਿਤੀ। ਸੰ: 2009 ਵਿਚ ਆਪ ਨੇ ਰੋਜ਼ਾਨਾ ਇਕ ਘੰਟਾ ਕਾਯੋਤਸਰਗ ਨਾਮਕ ਤਪ ਕਰਨਾ ਸ਼ੁਰੂ ਕੀਤਾ। 5 ਸਾਲ ਸ਼ੀਰਸ਼ ਆਸਨ ਲਗਾਉਂਦੇ ਰਹੇ। ਸੰ: 2010 ਨੂੰ ਆਪ ਨੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦਵਾਰਾ ਅਨੁਵਾਦਿਤ ਸ੍ਰੀ ਵਿਪਾਕ ਸੂਤਰ ਦੀ ਭੂਮਿਕਾ ਕਰਮ ਮੀਮਾਂਸਾ ਸਿਰਲੇਖ ਹੇਠ ਲਿਖੀ। ਜਿਸ ਨੂੰ ਸੁਣ ਅਚਾਰੀਆ ਸ੍ਰੀ ਬਹੁਤ ਹੀ ਪ੍ਰਸੰਨ ਹੋਏ।

ਸੰ: 2015 ਵਿਚ ਆਪ ਨੂੰ ਅਧਿਆਤਮਕ ਯੋਗੀ ਦੀ ਪਦਵੀ ਪ੍ਰਾਪਤ ਹੋਈ।

ਸੰ: 2018 ਵਿਚ ਆਪ ਦਾ ਚੌਮਾਸਾ ਲੁਧਿਆਣੇ ਵਿਚ ਸੀ। ਜਨਵਰੀ ਦਾ ਮਹੀਨਾ ਸੀ। ਅਚਾਰੀਆ ਸ੍ਰੀ ਆਤਮਾ ਰਾਮ ਜੀ ਬੀਮਾਰ ਸਨ। ਉਨ੍ਹਾਂ ਅਪਣੀ ਅੰਤਮ ਇੱਛਾ ਜ਼ਾਹਿਰ ਕਰਦੇ ਹੋਏ ਕਿਹਾ, "ਫੂਲ ਚੰਦ ! ਮੈਂ ਜ਼ਿੰਦਗੀ ਵਿਚ ਸਾਰੇ ਸ਼ਾਸਤਰਾਂ ਦੀ ਟੀਕਾ ਕਰਕੇ ਛਪਾਉਣਾ ਚਾਹੁੰਦਾ ਸੀ ਪਰ ਉਮਰ ਸਾਥ ਨਹੀਂ ਦੇ ਰਹੀ। ਮੈਂ ਜੈਨ ਧਰਮ ਦੀ ਜੋ ਸੇਵਾ ਕਰਨੀ ਸੀ ਕਰ ਲਈ। ਬਾਕੀ ਮੈਂ ਅਪਣਾ ਕੰਮ ਤੈਨੂੰ ਸੰਭਾਲਦਾ ਹਾਂ। ਮੇਰੇ ਕੀਤੇ ਸ਼ਾਸਤਰਾਂ ਦੇ ਅਨੁਵਾਦ ਦਾ ਸੰਪਾਦਨ ਕਰਕੇ ਤੂੰ ਹੀ ਛਪਾਉਣੇ ਹਨ।" ਆਪ ਨੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਦੀ ਆਗਿਆ ਨੂੰ ਸਿਰ ਮੱਥੇ ਨਿਭਾਉਣ ਲਈ ਅਪਣਾ ਸਾਰਾ ਜੀਵਨ ਕੁਰਬਾਨ ਕਰ ਦਿਤਾ। ਆਪ ਨੇ 2500ਵੇਂ ਨਿਰਵਾਨ ਮਹੋਤਸਵ ਦੇ ਮੌਕੇ ਤੇ ਸਥਾਨਾਂਗ ਸੂਤਰ ਛਪਵਾਇਆ। ਅਚਾਰੀਆ ਸ੍ਰੀ ਆਤਮਾ ਰਾਮ ਜੀ ਦੇ ਪੁਰਾਣੇ ਸ਼ਾਸਤਰ ਸ੍ਰੀ ਉਤਰਾਧਿਐਨ (ਭਾਗ 3) ਦਸ਼ਵੈਕਾਲਿਕ ਵੀ ਖਤਮ ਹੋ ਗਏ ਸਨ। ਉਨ੍ਹਾਂ ਨੂੰ ਨਵੇਂ ਸਿਰੇ ਤੋਂ ਛਪਵਾਉਣ ਦਾ ਕੰਮ ਪੰ: ਤਿਲਕ ਧਰ ਸ਼ਾਸਤਰੀ ਦੇ ਸਹਿਯੋਗ ਨਾਲ ਪੂਰਾ ਕੀਤਾ।

ਆਪ ਨੇ ਖੁਦ ਵੀ ਸ੍ਰੀ ਉਤਰਾਧਿਐਨ ਸੂਤਰ ਦਾ ਹਿੰਦੀ ਅਨੁਵਾਦ ਵਿਆਖਿਆ ਸਮੇਤ ਕੀਤਾ ਜੋ ਆਪ ਦੇ ਸਵਰਗਵਾਸ ਤੋਂ ਬਾਅਦ ਹੀ ਛਪ ਸਕਿਆ। ਆਪ ਨੇ 9 ਗ੍ਰੰਥਾਂ ਦੀ ਰਚਨਾ ਕੀਤੀ। ਅਚਾਰੀਆ ਸ੍ਰੀ ਆਤਮਾ ਰਾਮ ਜੀ ਮ: ਦੀ ਯਾਦ ਨੂੰ ਸਥਿਰ ਕਰਨ ਲਈ ਆਤਮ-ਰਸ਼ਮੀ ਨਾਂ ਦੀ ਮਾਸਿਕ ਪਤ੍ਰਿਕਾ ਜਾਰੀ ਕੀਤੀ ਜਿਸ ਵਿਚ ਮੁਖ ਲੇਖ ਆਪ

ਦਾਨੀ। ਇਹ ਪਤ੍ਰਿਕਾ ਪੰ: ਤਿਲਕ ਧਰ ਸ਼ਾਸਤ੍ਰੀ ਦੀ ਅਗਵਾਈ ਹੇਠ ਮਹਾਨ ਪਤ੍ਰਿਕਾ ਬਣ ਗਈ ਹੈ।

23 ਮਾਰਚ 1974 ਨੂੰ ਚੰਡੀਗੜ੍ਹ ਵਿਖੇ ਆਪ ਨੂੰ ਉੱਤਰ ਭਾਰਤ ਪ੍ਰਵਰਤਕ ਦੀ ਪਦਵੀ ਪ੍ਰਾਪਤ ਹੋਈ। ਇਹ ਚੰਡੀਗੜ੍ਹ ਦੇ ਇਤਿਹਾਸ ਦਾ ਮਹਾਨ ਇਕੱਠ ਸੀ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ, ਸ਼੍ਰੀ ਮਹਾਵੀਰ ਜੈਨ ਸੰਘ, 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੇ ਪ੍ਰੇਰਕ ਰਹੇ ਹਨ। ਆਪ ਜੀ ਦੀ ਪ੍ਰੇਰਣਾ ਨਾਲ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਖੇ ਅਚਾਰੀਆ ਸ਼੍ਰੀ ਆਤਮਾ ਰਾਮ ਜੈਨ ਭਾਸ਼ਨ ਮਾਲਾ ਚਾਲੂ ਕੀਤੀ ਗਈ। ਇਹ ਭਾਸ਼ਨਮਾਲਾ ਜੈਨ ਚੇਅਰ ਦਾ ਅੰਗ ਹੈ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਜੈਨ ਵਿਦਵਾਨਾਂ ਨੂੰ ਉਤਸ਼ਾਹ ਮਿਲਦਾ ਸੀ। ਆਪ ਨੇ ਸ਼੍ਰੀ ਮੁਰਾਰ ਜੀ ਡਿਸ ਈ, ਪ੍ਰਕਾਸ਼ ਸਿੰਘ ਬਾਦਲ, ਸਰਦਾਰੀ ਲਾਲ ਕਪੂਰ, ਜੋਗਿੰਦਰ ਪਾਲ ਪਾਂਡੇ, ਗਿਆਨੀ ਜ਼ੈਲ ਸਿੰਘ ਨੂੰ ਆਪਣੇ ਉਪਦੇਸ਼ਾਂ ਰਾਹੀਂ ਪ੍ਰਭਾਵਿਤ ਕੀਤਾ। ਅਨੇਕਾਂ ਜੈਨ ਵਿਦਵਾਨ ਆਪ ਕੋਲ ਸ਼ੰਕਾ ਦਾ ਨਿਵਾਰਨ ਕਰਨ ਲਈ ਆਏ। ਉਨ੍ਹਾਂ ਵਿਚੋਂ ਜਰਮਨ ਵਿਦਵਾਨ ਡਾ: ਮੈਟੇ ਡਾ: ਐਲ. ਐਮ. ਜੋਸ਼ੀ, ਡਾ: ਵੀ ਭੱਟ, (ਪਛਮੀ ਜਰਮਨੀ) ਅਤੇ ਡਾ: ਐਸ. ਐਨ. ਸਿਨਹਾ ਦੇ ਨਾਂ ਪ੍ਰਸਿਧ ਹਨ। ਆਪ ਜੈਨ ਏਕਤਾ ਦੇ ਕਟੜ ਹਾਮੀ ਸਨ। ਸ਼ਵੇਤਾਂਬਰ ਮੂਰਤੀ ਪੂਜਕ ਅਚਾਰੀਆ ਸ਼੍ਰੀ ਸਮੁਦਰ ਵਿਜੈ ਜੀ ਮਹਾਰਾਜ ਦਾ ਆਪ ਨੇ ਲੁਧਿਆਣਾ ਪਧਾਰਨ ਤੇ ਨਿੱਘਾ ਸਵਾਗਤ ਕੀਤਾ।

ਸੰ 2033 ਵਿਚ ਆਪ ਨੂੰ ਅਚਾਰੀਆ ਆਨੰਦ ਰਿਸ਼ੀ ਜੀ ਮਹਾਰਾਜ ਨੇ ਉਪਾਧਿਅ ਇਜਿਹਾ ਮਹਾਨ ਪਦ ਦਿੱਤਾ। ਆਪ ਨੇ ਦੋਹਾਂ ਪਦਵੀਆਂ ਨੂੰ ਕਿਸੇ ਮੋਹ ਤੋਂ ਦੂਰ ਰਹਿ ਕੇ ਨਿਭਾਇਆ। ਆਪ ਮਹਾਨ ਸਿਖਿਅਕ, ਸਮਾਜ ਸੁਧਾਰਕ ਅਤੇ ਜੈਨ ਏਕਤਾ ਦੇ ਹਾਮੀ ਸਨ। 25ਵੀਂ ਨਿਰਵਾਨ ਸ਼ਤਾਬਦੀ ਸਮੇਂ ਅਨੇਕਾਂ ਸੰਸਥਾਵਾਂ ਦੀ ਸਥਾਪਨਾ ਆਪ ਦੀ ਪ੍ਰੇਰਣਾ ਨਾਲ ਹੋਈ।

ਅੰਤ ਸਮੇਂ ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੇ ਚੇਲੇ ਸ਼੍ਰੀ ਰਤਨ ਮੁਨੀ ਜੀ ਆਪ ਦੀ ਤਨ ਮਨ ਤੋਂ ਸੇਵਾ ਕਰਦੇ ਰਹੇ। ਸ਼੍ਰੀ ਰਤਨ ਮੁਨੀ ਜੀ ਸੈਂਕੜੇ ਮੁਨੀਆਂ ਦੀ ਸੇਵਾ ਕਰਨ ਵਾਲੇ ਸੇਵਕ ਤਾਂ ਹਨ ਪਰ ਸੰਸਕ੍ਰਿਤ, ਪ੍ਰਾਕ੍ਰਿਤ, ਉਰਦੂ, ਫ਼ਾਰਸੀ, ਗੁਜਰਾਤੀ, ਰਾਜਸਥਾਨੀ ਅਤੇ ਹਿੰਦੀ ਭਾਸ਼ਾਵਾਂ ਦੇ ਮਹਾਨ ਵਿਦਵਾਨ ਹਨ। 17 ਜੂਨ 1982 ਨੂੰ ਆਪ ਇਸ ਭੌਤਕ ਸ਼ਰੀਰ ਨੂੰ ਛੱਡ ਕੇ ਸਵਰਗਪੁਰੀ ਪਧਾਰ ਗਏ। ਆਪ ਦਾ ਦੇਵਲੋਕ ਗਮਨ ਪੰਜਾਬ ਦੇ ਸਮੁਚੇ ਜੈਨ ਸੰਘ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

# ਸਵਾਮੀ ਸ਼੍ਰੀ ਧਨੀ ਰਾਮ ਜੀ ਮਹਾਰਾਜ

ਆਪ ਦਾ ਜਨਮ ਸੰ: 1937 ਅਸੂ ਸੁਦੀ 10 ਨੂੰ ਲਾਲਾ ਦੁਨੀ ਚੰਦ ਅਤੇ ਸ਼੍ਰੀਮਤੀ ਗੰਗਾ ਦੇਵੀ ਦੇ ਘਰ ਹੋਇਆ। ਆਪ ਪੱਟੀ (ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਆਪ ਦੇਕੁਲ 6 ਭਰਾ ਇਕ ਭੈਣ ਸਨ। ਆਪ ਜੀ ਦੀ ਮਾਤਾ ਅਤੇ ਭੈਣ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ। ਸ਼੍ਰੀ ਧਨੀ ਰਾਮ ਜੀ ਵੀ 15 ਸਾਲ ਦੀ ਉਮਰ ਵਿਚ ਸਵਾਮੀ ਸ਼ਿਵਦਿਆਲ ਜੀ ਮਹਾਰਾਜ ਕੋਲ ਸਾਧੂ ਬਣ ਗਏ। ਸਵਾਮੀ ਸ਼ਿਵਦਿਆਲ ਜੀ ਪੂਜ ਸ਼੍ਰੀ ਸੋਹਨ ਲਾਲ ਜੀ ਮਹਾਰਾਜ ਦੇ ਗੁਰੂ ਭਰਾ ਸਨ। ਦੋਹਾਂ ਦੇ ਗੁਰੂ ਸ਼੍ਰੀ ਧਰਮ ਚੰਦ ਸਨ। ਸਵਾਮੀ ਧਨੀ ਰਾਮ ਜੀ ਨੇ ਸੰ: 1952 ਹਾੜ ਸੁਦੀ 5 ਨੂੰ ਦੀਖਿਆ ਗ੍ਰਹਿਣ ਕੀਤੀ।

ਸੰ: 1952 ਤੋਂ 1964 ਤਕ ਆਪ ਨੇ ਭਾਰਤ ਦੇ ਭਿੰਨ ਭਿੰਨ ਹਿੱਸਿਆਂ ਵਿਚ ਭਗਵਾਨ ਮਹਾਵੀਰ ਦੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਆਪ ਸੰਸਕ੍ਰਿਤ, ਪ੍ਰਾਕ੍ਰਿਤ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ, ਕਵੀ ਅਤੇ ਤਿਆਗੀ ਸਨ। ਆਪ ਨੇ ਉਸ ਸਮੇਂ ਫੈਲੀਆਂ ਸਮਾਜਕ ਬੁਰਾਈਆਂ ਪ੍ਰਤਿ ਸਮਾਜ ਦਾ ਧਿਆਨ ਖਿਚਿਆ।

ਆਪ ਮਹਾਨ ਕ੍ਰਾਂਤੀਕਾਰੀ ਸਮਾਜ ਸੁਧਾਰਕ ਸਨ। ਸੰ: 1970 ਨੂੰ ਆਪ ਨੇ ਜੈਨ ਸੁਮਤਿ ਮਿਤਰ ਮੰਡਲ ਦੀ ਸਥਾਪਨਾ ਕੀਤੀ। ਆਪ ਨੇ ਹਿੰਦੀ ਭਾਸ਼ਾ ਸਿਖਾਉਣ ਦਾ ਇੰਤਜ਼ਾਮ ਇਸ ਸੰਸਥਾ ਰਾਹੀਂ ਕੀਤਾ।

ਸੰ: 1930 ਦੀ ਮਹਾਵੀਰ ਜੈਅੰਤੀ ਨੂੰ ਜੈਨ ਸਮਾਜ ਦੇ ਬਹੁਪੱਖੀ ਵਿਕਾਸ ਨੂੰ ਮੁਖ ਰਖਦਿਆਂ ਆਪ ਨੇ ਸ਼੍ਰੀ ਜਿਨੇਂਦਰ ਗੁਰੂਕੁਲ ਦੀ ਸਥਾਪਨਾ ਕੀਤੀ। ਉਸ ਸਮੇਂ ਆਪ ਨੇ ਅਪਣੇ ਚੇਲੇ ਕ੍ਰਿਸ਼ਨ ਚੰਦਰ ਅਚਾਰੀਆ ਨਾਲ ਮੂੰਹ ਪੱਟੀ ਦਾ ਤਿਆਗ ਕਰ ਦਿਤਾ।

**12-5-62 ਨੂੰ ਆਪ ਦਾ ਸਵਰਗਵਾਸ ਪੰਚਕੂਲੇ ਵਿਖੇ ਹੋਇਆ।**

★

# ਅਚਾਰੀਆ ਸ਼੍ਰੀ ਤੁਲਸੀ ਗਣੀ ਜੀ

ਅਣੂਵਰਤ ਅੰਦੋਲਨ ਦਾ ਧਿਆਨ ਆਉਂਦੇ ਹੀ ਅਚਾਰੀਆ ਸ਼੍ਰੀ ਤੁਲਸੀ ਜੀ ਦਾ ਧਿਆਨ ਆ ਜਾਂਦਾ ਹੈ। ਜਿਨ੍ਹਾਂ ਨੇ ਅਪਣਾ ਧਰਮ ਜੈਨ ਧਰਮ ਤਕ ਹੀ ਨਹੀਂ ਸਗੋਂ ਆਮ ਲੋਕਾਂ ਦਾ ਧਰਮ ਬਣਾ ਦਿੱਤਾ ਹੈ। ਆਪ ਨੇ ਜੈਨ ਧਰਮ ਦੇ ਪ੍ਰਚਾਰ ਵਿਚ ਹਰ ਪੱਖੋਂ ਹਿਸਾ ਪਾਇਆ ਹੈ। ਆਪ ਇਕ ਮਹਾਨ ਦਾਰਸ਼ਨਿਕ, ਸੰਤ ਅਤੇ ਕਵੀ ਹਨ। ਆਪ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਰਾਜਸਥਾਨੀ, ਅਪਭਰੰਸ਼ ਦਾ ਡੂੰਘਾ ਅਧਿਐਨ ਆਪ ਹੀ ਨਹੀਂ ਕੀਤਾ ਸਗੋਂ ਕਰਵਾਇਆ ਵੀ ਹੈ। ਆਪ ਇਸ ਸਮੇਂ ਤੇਰਾਪੰਥ ਸੰਘ ਦੇ 9ਵੇਂ ਅਚਾਰੀਆ ਹਨ। ਆਪ ਨੇ ਬੜੀ ਛੋਟੀ ਉਮਰ ਵਿਚ ਇਹ ਪਦ ਗ੍ਰਹਿਣ ਕੀਤਾ। ਤੇਰਾ ਪੰਥ ਸੰਘ ਵਿਚ ਲੋੜ

ਅਨੁਸਾਰ ਵਿਦਿਆ ਦਾ ਪ੍ਰਬੰਧ ਸਾਧੂਆਂ ਅਤੇ ਗ੍ਰਹਿਸਥਾਂ ਦੋਹਾਂ ਲਈ ਕੀਤਾ। ਇਸ ਦਾ ਸਬੂਤ ਜੈਨ ਵਿਸ਼ਵ ਭਾਰਤੀ ਲਾਡਨੂ ਹੈ ਜੋ ਆਪ ਦੇ ਜਨਮ ਸਥਾਨ ਉਪਰ ਸਥਾਪਿਤ ਅੰਤਰ-ਰਾਸ਼ਟਰੀ ਸਤਰ ਦਾ ਸ਼ੋਧ ਸੰਸਥਾਨ, ਧਿਆਨ ਕੇਂਦਰ, ਸੇਵਾ ਕੇਂਦਰ, ਜੈਨ ਧਰਮ ਦੇ ਪ੍ਰਚਾਰ ਦਾ ਆਧੁਨਿਕ ਕੇਂਦਰ ਹੈ। ਇਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਚੰਗਾ ਇੰਤਜ਼ਾਮ ਹੈ।

ਜੈਨ ਸ਼ਾਸਤਰ ਦੀ ਤੁਲਨਾਤਮਕ ਅਧਿਐਨ ਲਈ ਆਪ ਨੇ 20 ਸਾਲ ਤੋਂ ਕੰਮ ਜਾਰੀ ਕਰ ਰਖਿਆ ਹੈ। ਸਿੱਟੇ ਵਜੋਂ ਆਪ ਦੀ ਕਿਰਪਾ ਨਾਲ ਜੈਨ ਸ਼ਾਸਤਰਾਂ ਦਾ ਵਿਦਵਾਨਾਂ ਵਿਚ ਸਨਮਾਨ ਹੈ। ਆਪ ਨੇ ਬੜੀ ਮੇਹਨਤ ਨਾਲ ਅਪਣੇ ਸਾਧੂ ਸਾਧਵੀਆਂ ਨੂੰ ਪੜ੍ਹਾਇਆ ਹੈ, ਵਿਦਵਾਨ ਬਣਾ ਕੇ ਅਣੂਵਰਤ ਦਾ ਸੰਦੇਸ਼ ਦੇਣ ਲਈ ਪਿੰਡ ਪਿੰਡ ਭੇਜ ਦਿੱਤਾ ਹੈ। ਜੈਨ ਧਿਆਨ ਵਿਧੀ ਪਰੇਕਸ਼ਾਂ ਰਾਹੀਂ ਜੈਨ ਸਾਧਨਾ ਪਰੰਪਰਾ ਫਿਰ ਜਾਗ੍ਰਿਤ ਹੋਈ ਹੈ। ਆਪ ਨੇ ਸੰਸਕ੍ਰਿਤ, ਹਿੰਦੀ, ਰਾਜਸਥਾਨੀ ਵਿਚ 100 ਦੇ ਕਰੀਬ ਪੁਸਤਕਾਂ ਲਿਖੀਆਂ ਹਨ। ਆਪਦਾ ਜਨਮ ਭਾਈ ਦੂਜ ਨੂੰ ਹੋਇਆ। ਆਪਨੇ ਅਚਾਰੀਆ ਕਾਲੂ ਗਣੀ ਜੀ ਤੋਂ ਦੀਖਿਆ ਹਾਸਲ ਕੀਤੀ। ਤੇਰਾਪੰਥ ਸੰਪਰਦਾਏ ਵਿਚ ਸਭ ਤੋਂ ਲੰਬਾ ਧਰਮ ਪ੍ਰਚਾਰ ਆਪ ਨੇ ਕੀਤਾ ਹੈ। ਆਪ ਲੋਕਾਂ ਨੂੰ ਚਾਰਿਤਰਵਾਨ ਬਨਾਉਣ ਵਿਚ ਲਗੇ ਹਨ। ਜੈਨ ਧਰਮ ਦੇ ਵਿਸ਼ਵ ਪ੍ਰਚਾਰ ਲਈ ਆਪ ਨੇ ਸ਼੍ਰਮਣ ਸੰਘ ਦੀ ਸਥਾਪਨਾ ਕੀਤੀ ਜੋ ਕਿ ਧਰਮ ਪ੍ਰਚਾਰ ਹਿੱਤ ਵਿਦੇਸ਼ਾਂ ਵਿਚ ਘੁੰਮਦਾ ਹੈ।

ਆਪ ਜੀ ਦੀ ਮਾਤਾ, ਭਰਾ ਅਤੇ ਭੈਣ ਨੇ ਵੀ ਜੈਨ ਸਾਧੂ ਜੀਵਨ ਗ੍ਰਹਿਣ ਕੀਤਾ।

ਤੇਰਾ ਪੰਥ ਦੇ ਸਾਰੇ ਸਾਧੂ, ਸਾਧਵੀ ਆਪ ਦੇ ਹੁਕਮ ਹੇਠ ਰਹਿ ਕੇ ਅਪਣਾ ਸਾਧੂ ਜੀਵਨ ਵਿਅਤੀਤ ਕਰਦੇ ਹਨ। ●

# ਯੁਵਾ ਅਚਾਰੀਆ ਸ੍ਰੀ ਮਹਾ ਪ੍ਰਗਿਆ

## (ਨਥ ਮਲ ਜੀ)

ਆਪ ਅਚਾਰੀਆ ਤੁਲਸੀ ਜੀ ਦੇ ਬਾਅਦ ਅਗਲੇ ਗੱਦੀ ਦੇ ਮਾਲਕ ਹਨ। ਆਪ ਦਾ ਜਨਮ ਮਾਤਾ ਬਾਲੂ ਜੀ ਅਤੇ ਪਿਤਾ ਤੋਲਾ ਰਾਮ ਦੇ ਘਰ ਵਿਚ ਹੋਇਆ।

ਆਪਨੇ ਭਰੀ ਜਵਾਨੀ ਵਿਚ ਸਰਦਾਰ ਸ਼ਹਿਰ ਵਿਖੇ ਸਾਧੂ ਜੀਵਨ ਗ੍ਰਹਿਣ ਕੀਤਾ। ਹੁਣ ਤਕ ਅਚਾਰੀਆ ਤੁਲਸੀ ਜੀ ਦੇ ਸਾਰੇ ਕੰਮਾਂ ਦੇ ਪ੍ਰਮੁਖ ਰਹੇ ਹਨ। ਆਪ ਭਾਰਤੀ ਅਤੇ ਪਛਮੀ ਦਰਸ਼ਨ ਦੇ ਮਹਾਨ ਵਿਆਖਿਆਕਾਰ ਹਨ। ਜੈਨ ਦਰਸ਼ਨ ਦੇ ਆਪ ਗਿਣੇ ਚੁਣੇ ਦਾਰਸ਼ਨਿਕ, ਇਤਿਹਾਸਕਾਰ ਅਤੇ ਕਵੀ ਹਨ। ਆਪ ਮਹਾਨ ਯੋਗੀ ਹਨ। ਆਪ ਨੇ ਜੈਨ ਧਰਮ ਦੀ ਪ੍ਰਾਚੀਨ ਪਰੰਪਰਾ ਨੂੰ ਵਿਗਿਆਨਕ ਢੰਗ ਨਾਲ ਜ਼ਿੰਦਾ ਕਰਕੇ ਆਪਨੇ ਲੋਕਾਂ

ਤਕ ਪਹੁੰਚਾਇਆ ਹੈ। ਆਪ ਨੇ ਧਿਆਨ ਸਾਹਿਤ ਤੇ 25, ਭਿੰਨ ਭਿੰਨ ਵਿਸ਼ਿਆਂ ਤੇ 100 ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਕੁਝ ਦਾ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਵੀ ਹੋ ਚੁਕਿਆ ਹੈ। ਜੈਨ ਸ਼ਾਸਤਰਾਂ ਦੇ ਆਪ ਮਹਾਨ ਟੀਕਾਕਾਰ ਹਨ। ਸਾਰੇ ਸ਼ਾਸਤਰਾਂ ਵਿਚ ਆਪ ਪਾਠਾਂ ਨੂੰ ਸ਼ੁਧ ਕਰਨ ਦਾ ਕੰਮ ਕਰਦੇ ਰਹੇ ਹਨ। ਸਿੱਟੇ ਵਜੋਂ 11 ਅੰਗ ਸ਼ੁਧ ਰੂਪ ਵਿਚ ਛਪ ਚੁਕੇ ਹਨ। 12 ਉਪਾਂਗ ਪ੍ਰੈਸ ਵਿਚ ਹਨ। ਜੈਨ ਵਿਸ਼ਵ ਕੋਸ਼ ਦੇ ਆਪ ਸੰਪਾਦਕ ਹਨ। ਜੋ ਅਚਾਰੀਆ ਜੀ ਦਾ ਸਾਰਾ ਸਾਹਿਤ ਰਾਜਸਥਾਨੀ ਵਿਚ ਸੰਪਾਦਨ ਕਰਕੇ ਛਪਾਉਣ ਦਾ ਸੁਭਾਗ ਵੀ ਆਪ ਨੂੰ ਹਾਸਲ ਹੈ। ਆਪ ਦੇ ਸਾਰੇ ਕੰਮ ਵਿਚ ਪ੍ਰਮੁਖ ਸਹਿਯੋਗੀ ਸੰਤ ਹਨ ਮੁਨੀ ਦੁਲਹੇ ਰਾਜ। ਆਪ ਵਡਿਆਈ ਦੀ ਭਾਵਨਾ ਤੋਂ ਪਰੇ ਹੋ ਕੇ ਕੰਮ ਕਰਦੇ ਹਨ।

ਜੈਨ ਏਕਤਾ ਵਿਚ ਆਪ ਦਾ ਪੂਰਾ ਵਿਸ਼ਵਾਸ ਹੈ ਇਸ ਲਈ ਆਪ ਨੇ ਕਾਫ਼ੀ ਕੰਮ ਕੀਤਾ ਹੈ। ਆਪ ਜੈਨ ਦਰਸ਼ਨ ਦੇ ਵਿਦਵਾਨ ਹੋਣ ਕਾਰਨ ਅਨੇਕਾਂ ਸੰਸਥਾਵਾਂ ਦੇ ਪ੍ਰਾਣਦਾਤਾ ਹਨ। ਅਨੇਕਾਂ ਪਤ੍ਰਿਕਾਵਾਂ ਵਿਚ ਆਪ ਦੇ ਲੇਖ ਛਪਦੇ ਹਨ।

ਆਪ ਦੇ ਸਾਹਿਤ ਦਾ ਕਈ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁਕਾ ਹੈ।

# ਮੁਨੀ ਸ਼੍ਰੀ ਦੁਲਹ ਰਾਜ ਜੀ

ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਪਾਲੀ ਭਾਸ਼ਾਵਾ ਦੇ ਮਹਾਨ ਵਿਦਵਾਨ, ਇਤਿਹਾਸਕਾਰ, ਬਹੁਪੱਖੀ ਸ਼ਖਸੀਅਤ ਦੇ ਮਾਲਕ ਮੁਨੀ ਦੁਲਹ ਰਾਜ ਅਚਾਰੀਆ ਤੁਲਸੀ ਦੇ ਪ੍ਰਮੁਖ ਚੇਲੇ ਅਤੇ ਯੁਵਾ ਅਚਾਰੀਆ ਸ਼੍ਰੀ ਨਥ ਮਲ ਜੀ ਦੇ ਖਾਸ ਸਾਹਿਤ ਸਹਿਯੋਗੀ ਹਨ। ਸ਼੍ਰੀ ਨਥ ਮਲ ਜੀ ਦਾ ਧਿਆਨ ਸਾਹਿਤ, ਜੈਨ ਸ਼ਾਸਤਰਾਂ ਦਾ ਸੰਪਾਦਨ ਆਪ ਨੇ ਹੀ ਕੀਤਾ ਹੈ। ਪਰ ਆਪ ਬਾਲਕ ਸੁਭਾਵ ਦੇ ਸੰਤ ਹਨ। ਹਰ ਪ੍ਰਸ਼ਨ ਦਾ ਉੱਤਰ ਹੱਸ ਕੇ ਦੇਣਾ ਜਾਣਦੇ ਹਨ। "ਭਰਤ ਬਾਹੁਬਲੀ ਮਹਾਕਾਵਯਮ" ਨਾਂ ਦੀ ਅਗਿਆਤ ਸੰਸਕ੍ਰਿਤ ਮਹਾਕਾਵਿ ਦਾ ਆਪ ਨੇ ਅਨੁਵਾਦ ਸੰਪਾਦਨ ਕੀਤਾ ਹੈ। ਆਪ ਨੇ ਅਨੇਕਾਂ ਗ੍ਰੰਥ ਸੰਸਕ੍ਰਿਤ ਵਿਚ ਆਪ ਵੀ ਲਿਖੇ ਹਨ ਅਤੇ ਲਿਖ ਰਹੇ ਹਨ। ਅਚਾਰੀਆ ਤੁਲਸੀ ਜੀ ਦੇ ਸੰਪਾਦਕ ਮੰਡਲ ਦੇ ਆਪ ਪ੍ਰਮੁਖ ਸੰਤ ਹਨ। ਲੇਖਕ ਵਰਗ ਨੂੰ ਬਹੁਤ ਕਰੀਬ ਰਹਿ ਕੇ ਆਪ ਦੀ ਵਿਦਵੱਤਾ ਜਾਨਣ ਦਾ ਮੌਕਾ ਮਿਲਿਆ ਹੈ।

## ਮੁਨੀ ਸ਼੍ਰੀ ਹਨੂਮਾਨ ਜੀ ਮਹਾਰਾਜ

ਆਪ ਦਾ ਜਨਮ ਰਾਜਸਥਾਨ ਵਿਖੇ ਇਕ ਪਿੰਡ ਵਿਚ ਹੋਇਆ। ਛੋਟੀ ਉਮਰ ਵਿਚ ਆਪ ਅਚਾਰੀਆ ਤੁਲਸੀ ਜੀ ਕੋਲ ਸਾਧੂ ਬਣੇ। ਸੰਸਕ੍ਰਿਤ ਤੇ ਪ੍ਰਾਕ੍ਰਿਤ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਬਾਅਦ ਆਪ ਅਣੂਵ੍ਰਤ ਦੇ ਪ੍ਰਚਾਰ ਲਈ ਪੰਜਾਬ ਆਏ। ਲੇਖਕ ਨੂੰ ਸਭ ਤੋਂ ਪਹਿਲਾਂ ਆਪ ਜੀ ਦੀ ਪੁਸਤਕ "ਇਕ ਸਮੱਸਿਆ ਇਕ ਹੱਲ" ਦਾ ਪੰਜਾਬੀ ਅਨੁਵਾਦ ਕਰਨ ਦਾ ਮੌਕਾ ਮਿਲਿਆ।

## ਤਪੱਸਵੀ ਸ਼੍ਰੀ ਰਾਵਤ ਮੱਲ ਜੀ ਮਹਾਰਾਜ

ਪੰਜਾਬ ਦੇ ਵਰਤਮਾਨ ਖੇਤਰ ਵਿਚ ਜੈਨ ਧਰਮ ਅਤੇ ਅਚਾਰੀਆ ਤੁਲਸੀ ਜੀ ਦਾ ਸੁਨੇਹਾ ਪਹੁੰਚਾਣ ਵਾਲੇ ਮੁਨੀ ਸ਼੍ਰੀ ਰਾਵਤ ਮੱਲ ਜੀ ਸਨ। ਆਪ ਮਹਾਨ ਤਪੱਸਵੀ, ਮਿਠ-ਬੋਲੜੇ ਸਨ। ਆਪ ਦੀ ਲਿਖਿਤ ਬਹੁਤ ਸੁੰਦਰ ਸੀ। ਆਪ ਨੇ ਅਚਾਰੀਆ ਤੁਲਸੀ ਜੀ ਦੀ ਆਗਿਆ ਹੇਠ ਸਾਰੇ ਭਾਰਤ ਦਾ ਪੈਦਲ ਸਫ਼ਰ ਧਰਮ ਪ੍ਰਚਾਰ ਹਿੱਤ ਕੀਤਾ। ਦੇਹ ਦੇ ਕਸ਼ਟਾਂ ਦੀ ਪਰਵਾਹ ਨਾ ਕਰਦੇ ਹੋਏ, ਆਪ ਨੇ ਧਰਮ ਪ੍ਰਚਾਰ ਨੂੰ ਪ੍ਰਮੁਖਤਾ ਦਿੱਤੀ। ਆਪ ਦੇ ਸਿੱਟੇ ਵਜੋਂ ਧੂਰੀ, ਸੁਨਾਮ, ਸੰਗਰੂਰ ਵਿਖੇ ਤੇਰਾਪੰਥ ਫਿਰਕੇ ਦਾ ਬਹੁਤ ਪ੍ਰਚਾਰ ਹੋਇਆ। ਆਪ ਦੀ ਪ੍ਰੇਰਣਾ ਨਾਲ ਲੇਖਕ ਪਰਿਵਾਰ ਜੈਨ ਧਰਮ ਪ੍ਰਤਿ ਕਾਫ਼ੀ ਖਿੱਚ ਪ੍ਰਾਪਤ ਕਰ ਸਕਿਆ।

## ਮੁਨੀ ਸ਼੍ਰੀ ਜੈ ਚੰਦ ਜੀ ਮਹਾਰਾਜ

ਆਪ ਮਹਾਨ ਧਰਮ ਪ੍ਰਚਾਰਕ, ਜੈਨ ਏਕਤਾ ਦੇ ਪ੍ਰਤੀਕ ਹਨ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੇ ਆਪ ਤੇਰਾ ਪੰਥ ਫ਼ਿਰਕੇ ਵਲੋਂ ਸਰਕਾਰੀ ਮਹਿਮਾਨ ਸਨ। ਆਪ ਨੇ ਅਣੂਵਰਤ ਤੇ ਭਗਵਾਨ ਮਹਾਵੀਰ ਦੀ ਸਿਖਿਆ ਲੋਕਾਂ ਨੂੰ ਸਰਲ ਅਤੇ ਸੁਚੱਜੇ ਢੰਗ ਨਾਲ ਸਮਝਾਈਆ। ਲੇਖਕਾਂ ਨੂੰ ਲੰਬੇ ਸਮੇਂ ਤੋਂ ਆਪ ਦੇ ਚਰਨਾਂ ਵਿਚ ਬੈਠ ਕੇ ਸ਼ਾਸਤਰ ਦੇ ਅਰਥ ਜਾਨਣ ਦਾ ਮੌਕਾ ਮਿਲਿਆ। ਆਪ ਸ਼ਾਸਤਰਾਂ ਦੇ ਮਹਾਨ ਵਿਦਵਾਨ, ਲੇਖਕ ਅਤੇ ਧਰਮ ਪ੍ਰਚਾਰਕ ਹਨ। ਆਪ ਅਨੇਕਾਂ ਭਾਸ਼ਾਵਾਂ ਬੋਲ, ਪੜ੍ਹ ਅਤੇ ਲਿਖ ਸਕਦੇ ਹਨ। ਗੁਰੂ ਆਗਿਆ ਹੀ ਆਪ ਦਾ ਧਰਮ ਹੈ। ਧਰਮ ਅਤੇ ਸੰਘ ਪ੍ਰਤਿ ਆਪ ਦਾ ਜੀਵਨ ਸਮਰਪਿਤ ਹੈ। ਆਪ ਕੋਲ ਅਭਿਮਾਨ ਭੁਲ ਕੇ ਵੀ ਨਹੀਂ ਆਉਂਦਾ। ਲੇਖਕ ਪਰਿਵਾਰ ਤੇ ਆਪ ਦੇ ਮਹਾਨ ਉਪਕਾਰ ਹਨ। ਅਸੀਂ ਆਪ ਕੋਲ ਬੈਠ ਕੇ ਅਨੇਕਾਂ ਜੈਨ ਸ਼ਾਸਤਰਾਂ ਦਾ ਸਾਰ ਸਮਝਿਆ ਹੈ।

# ਸ਼੍ਰੀ ਅਮੋਲਕ ਚੰਦ ਜੀ ਮਹਾਰਾਜ

ਸ਼ਵੇਤਾਂਬਰ ਤੇਰਾਪੰਥੀ ਜੈਨ ਫਿਰਕੇ ਦੇ ਪ੍ਰਮੁਖ ਸੰਤ ਸ਼੍ਰੀ ਅਮੋਲਕ ਚੰਦ ਜੀ ਮਹਾਰਾਜ ਉਨ੍ਹਾਂ ਪ੍ਰਮੁਖ ਸੰਤਾਂ ਵਿਚੋਂ ਹਨ ਜਿਨ੍ਹਾਂ ਪੰਜਾਬ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਧਰਮ ਪ੍ਰਚਾਰ ਕੀਤਾ।

ਸੰਨ 1947 ਵਿਚ ਦੰਗਿਆਂ ਸਮੇਂ ਆਪ ਦਾ ਚੌਮਾਸਾ ਲਾਹੌਰ ਸੀ। ਪਰ ਅਚਾਰੀਆ ਵਿਜੇ ਵੱਲਭ ਸੂਰੀ ਦੀ ਮਦਦ ਨਾਲ ਆਪ ਇਸ ਸੰਕਟ ਤੋਂ ਪਾਰ ਭਾਰਤ ਪਹੁੰਚ ਗਏ। ਆਪ ਪੰਜਾਬੀ ਹਿੰਦੀ, ਗੁਜਰਾਤੀ, ਅੰਗਰੇਜ਼ੀ, ਫ਼ਾਰਸੀ, ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਰਾਜ-ਸਥਾਨੀ ਭਾਸ਼ਾਵਾਂ ਬੋਲ ਹੀ ਨਹੀਂ ਸਕਦੇ ਸਗੋਂ ਉਨ੍ਹਾਂ ਵਿਚ ਕਵਿਤਾਵਾਂ ਵੀ ਲਿਖਦੇ ਹਨ। ਅੰਗਰੇਜ਼ੀ ਭਾਸ਼ਾ ਵਿਚ ਕਵਿਤਾ ਲਿਖਣ ਵਾਲੇ ਆਪ ਇਕੋ ਇਕ ਜੈਨ ਕਵੀ ਹਨ। ਆਪ ਦਾ ਪ੍ਰਚਾਰ ਖੇਤਰ ਸਾਰਾ ਭਾਰਤ ਵਰਸ਼ ਹੈ।

# ਮਹਾਨ ਤਿਆਗੀ ਸ਼੍ਰੀ ਵਰਧਮਾਨ ਜੀ ਮਹਾਰਾਜ

ਅਚਾਰੀਆ ਤੁਲਸੀ ਜੀ ਦੇ ਇਕ ਪ੍ਰਸਿੱਧ ਚੇਲੇ ਹਨ ਸ਼੍ਰੀ ਮੁਨੀ ਵਰਧਮਾਨ ਜੀ। ਆਪ ਦਾ ਜਨਮ ਸਥਾਨ ਗੁਜਰਾਤ ਵਿਖੇ ਹੈ। ਪਰ ਬਹੁਤ ਹੀ ਛੋਟੀ ਉਮਰ ਵਿਚ ਲੱਖਾਂ ਦੀ ਸੰਪੱਤੀ ਛੱਡ ਕੇ ਆਪ ਜੈਨ ਮੁਨੀ ਬਣੇ। ਗੁਰੂ ਪਰੰਪਰਾ ਤੋਂ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਆਪ ਰਾਜਸਥਾਨੀ, ਗੁਜਰਾਤੀ, ਪੰਜਾਬੀ, ਮਰਾਠੀ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾਵਾਂ ਵਿਚ ਚੰਗਾ ਉਪਦੇਸ਼ ਦੇ ਸਕਦੇ ਹਨ। ਸਾਦਗੀ ਅਤੇ ਤਿਆਗ ਦੇ ਮਹਾਨ ਪੁੰਜ ਹਨ। ਲੇਖਕਾਂ ਨੂੰ ਅਪਣੇ ਸਮਾਜਿਕ ਅਤੇ ਲੇਖਣ ਕੰਮ ਵਿਚ ਉਪਰੋਕਤ ਮੁਨੀ ਮਹਾਰਾਜ ਤੋਂ ਡੂੰਘੀ ਸਹਾਇਤਾ ਮਿਲੀ ਹੈ। ਵਰਤਮਾਨ ਪੰਜਾਬ ਦੀਆਂ ਮੰਡੀਆਂ ਵਿਚ ਆਪ ਰਾਹੀਂ ਅਨੂਵਰਤ ਅੰਦੋਲਨ ਅਤੇ ਜੈਨ ਧਰਮ ਦਾ ਪ੍ਰਚਾਰ ਹੋਇਆ। ਆਪਨੇ ਪੰਜਾਬ, ਜੰਮੂ ਕਸ਼ਮੀਰ, ਹਰਿਆਣਾ ਆਦਿ ਦੇ ਪਿੰਡਾਂ ਵਿਚ ਬਹੁਤ ਹੀ ਸਾਦੇ ਢੰਗ ਨਾਲ ਜਨ ਸੰਪਰਕ ਰਾਹੀਂ ਲੋਕਾਂ ਨੂੰ ਬੁਰਾਈਆਂ ਤੋਂ ਬਚਾ ਕੇ ਉੱਤਮ ਜ਼ਿੰਦਗੀ ਦਾ ਰਾਹ ਦਸਿਆ। ਆਪ ਦਰਸ਼ਨ, ਤਰਕ ਅਤੇ ਵਿਆਕਰਨ ਆਦਿ ਗ੍ਰੰਥਾਂ ਦੇ ਚੰਗੇ ਜਾਣਕਾਰ ਹਨ। ਸ਼ਾਸਤਰਾਂ ਦੇ ਅਨੁਵਾਦ ਵਿਚ ਲੇਖਕਾਂ ਨੇ ਕਈ ਵਾਰ ਅਪਣੇ ਪ੍ਰਸ਼ਨਾਂ ਦੇ ਉੱਤਰ ਆਪ ਤੋਂ ਪ੍ਰਾਪਤ ਕੀਤੇ ਹਨ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੇ ਸ਼ਵੇਤਾਂਬਰ ਤੇਰਾਪੰਥ ਜੈਨ ਫ਼ਿਰਕਾ ਗ੍ਰਹਿਣ ਕੀਤਾ।

ਅੱਜ ਕਲ ਆਪ ਅਚਾਰੀਆ ਤੁਲਸੀ ਜੀ ਦੇ ਹੁਕਮ ਅਨੁਸਾਰ ਗੁਜਰਾਤ ਵਿਚ ਘੁੰਮ ਰਹੇ ਹਨ।

## ਉੱਤਰ ਭਾਰਤ ਪ੍ਰਵਰਤਕ, ਮਹਾਨ ਯੋਗੀ

# ਭੰਡਾਰੀ ਸ਼੍ਰੀ ਪਦਮ ਚੰਦਰ ਜੀ ਮਹਾਰਾਜ

ਪੰਜਾਬ ਵਿਚ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੇ ਪ੍ਰੇਰਣਾ ਸੰਸਥਾਪਕ, ਜੈਨ ਸ਼ਾਸਤਰਾਂ ਦੇ ਮਹਾਨ ਪ੍ਰਚਾਰਕ, ਨਿਮਰਤਾ ਦੀ ਮੂਰਤੀ ਭੰਡਾਰੀ ਸ਼੍ਰੀ ਪਦਮ ਚੰਦਰ ਜੀ ਦਾ ਜਨਮ ਸੰ: 1974 ਦੁਸਹਿਰੇ ਵਾਲੇ ਦਿਨ ਪਿੰਡ ਹਲਾਲ ਪੁਰ ਵਿਖੇ ਸੇਠ ਗਣੇਸ਼ੀ ਮਲ ਅਤੇ ਮਾਤਾ ਸੁਖਦੇਵੀ ਦੀ ਕੁਖੋਂ ਹੋਇਆ। ਆਪ ਦੀ ਮੁੱਢਲੀ ਪੜ੍ਹਾਈ ਪਰੰਪਰਾਗਤ ਢੰਗ ਨਾਲ ਹੋਈ। ਸੰ: 1991 ਮਾਘ ਵਦਿ 5 ਨੂੰ ਰਾਮਪੁਰ (ਮਲੌਦ) ਵਿਖੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਦੇ ਪ੍ਰਮੁਖ ਚੇਲੇ ਸੰਸਕ੍ਰਿਤ ਵਿਸ਼ਾਰਦ ਪੰਡਤ ਰਤਨ ਸ੍ਰੀ ਹੇਮ ਚੰਦਰ ਜੀ ਕੋਲ ਸਾਧੂ ਬਣੇ। ਆਪ ਵੀ ਸ਼੍ਰੀ ਰਤਨ ਮੁਨੀ ਜੀ ਦੀ ਤਰ੍ਹਾਂ ਸੇਵਾ ਅਤੇ ਗਿਆਨ ਦਾ ਇਕੱਠਾ ਸਵਰੂਪ ਹਨ। ਆਪ ਨੂੰ ਬਾਬਾ ਜੈ ਰਾਮ ਦਾਸ, ਅਚਾਰੀਆ ਆਤਮਾ ਰਾਮ, ਉਪਾਧਿਆਇ ਅਮਰ ਮੁਨੀ ਆਦਿ-ਪ੍ਰਮੁਖ ਸਾਧੂਆਂ ਦੀ ਸੇਵਾ ਕਰਨ ਦਾ ਸੁਭਾਗ ਹਾਸਲ ਹੋਇਆ। ਆਪ ਨੇ ਸਮਾਜ ਨੂੰ ਹਰਿਆਣਾ ਕੇਸਰੀ ਸ਼੍ਰੀ ਅਮਰ ਮੁਨੀ ਜੀ ਵਰਗਾ ਸਾਧੂ ਪ੍ਰਦਾਨ ਕੀਤਾ। ਆਪ ਜੀ ਗੁਰੂ ਦੇ ਸਵਰਗਵਾਸ ਬਾਅਦ ਆਪ ਸਮਾਜ ਦੀ ਪ੍ਰਮੁਖ ਪਦਵੀ ਉਪਪ੍ਰਵਰਤਕ ਤੇ ਸੁਸ਼ੋਭਿਤ ਹੋਏ। ਨਿਰਵਾਨ ਸ਼ਤਾਬਦੀ ਸਮੇਂ ਆਪ ਦੀ ਪ੍ਰੇਰਣਾ ਨਾਲ ਅਨੇਕਾਂ ਪਿਛੜੇ ਖੇਤਰਾਂ ਵਿਚ ਜੈਨ ਸਥਾਨਕ, ਜੈਨ ਧਰਮਸ਼ਾਲਾਵਾਂ ਸਥਾਪਿਤ ਹੋਈਆਂ। ਆਪ ਦੀ ਪ੍ਰੇਰਣਾ ਨਾਲ ਸਭ ਤੋਂ ਪਹਿਲਾਂ ਕੁਝ ਜੈਨ ਸਾਹਿਤ ਦਾ ਪੰਜਾਬੀ ਅਨੁਵਾਦ ਵੀ ਛਪਿਆ। ਇਸ ਕਾਰਨ ਆਪ ਤੇ ਸਾਧਵੀ ਸਵਰਨ ਕਾਂਤਾ ਜੀ ਮਹਾਰਾਜ ਪੰਜਾਬੀ ਜੈਨ ਸਾਹਿਤ ਦੇ ਮਹਾਨ ਪ੍ਰੇਰਕ ਹਨ। ਆਪ ਦੇ ਪ੍ਰਚਾਰ ਖੇਤਰਾਂ ਵਿਚ ਜਿਥੇ ਦਿੱਲੀ ਵਰਗੇ ਵੱਡੇ ਸ਼ਹਿਰ ਹਨ ਉਥੇ ਕੁਰੂਖੇਤਰ, ਪਦਮ ਪੁਰ, ਨਿਹਾਲਸਿੰਘ ਵਾਲਾ, ਮਾਨਸਾ, ਜੈਤੋਂ, ਬਠਿੰਡਾ, ਰਾਮ ਪੁਰਾ ਫੂਲ ਪ੍ਰਮੁਖ ਹਨ।

ਪ੍ਰਵਰਤਕ ਸ਼ਾਂਤੀ ਸਵਰੂਪ ਜੀ ਦੇ ਸਵਰਗਵਾਸ ਬਾਅਦ ਆਪ ਨੂੰ ਆਪ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਉੱਤਰ ਭਾਰਤ ਦੀ ਪ੍ਰਵਰਤਕ ਪਦਵੀ ਪ੍ਰਦਾਨ ਕੀਤੀ। ਆਪ ਦੀ ਮਹਾਨਤਾ ਕਿਸੇ ਅੱਖਰਾਂ ਦੀ ਮੁਹਤਾਜ ਨਹੀਂ। ਆਪ ਉਰਦੂ, ਫ਼ਾਰਸੀ, ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਪੰਜਾਬੀ ਦੇ ਚੰਗੇ ਵਿਦਵਾਨ ਹਨ। ਆਪ ਨੇ ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਹਿਮਾਚਲ, ਰਾਜਸਥਾਨ ਦੀ ਧਰਤੀ ਨੂੰ ਪਵਿਤਰ ਕੀਤਾ ਹੈ। ਸ਼੍ਰਮਣ ਸੰਘ ਵਿਚ ਆਪ ਦਾ ਪ੍ਰਮੁਖ ਸਥਾਨ ਹੈ। ਆਪ ਰਾਹੀਂ ਪੰਜਾਬੀ ਵਿਚ 6 ਪੁਸਤਕਾਂ; 3 ਆਗਮਾਂ (ਸ਼ਾਸਤਰਾਂ) ਦੇ ਅਨੁਵਾਦ, 2 ਹਿੰਦੀ ਪੁਸਤਕਾਂ ਛਪੀਆਂ ਹਨ। ਆਪਨੇ ਪੰਜਾਬੀ ਯੂਨੀਵਰਸਟੀ ਦੀ ਜੈਨ ਚੇਅਰ ਨੂੰ ਸੈਂਕੜੇ ਹੀ ਮੌਲਿਕ ਗ੍ਰੰਥ ਭੇਟ ਕਰਵਾਏ ਹਨ। ਸਮਾਜ ਵਿਚ ਫੈਲੀਆਂ ਬੁਰਾਈਆਂ ਪ੍ਰਤਿ ਆਪ ਹਮੇਸ਼ਾ ਚੇਤੰਨ ਰਹਿੰਦੇ ਹਨ। ਪੁਰਾਣੇ ਸ਼ਾਸਤਰਾਂ ਦੀ ਸੰਭਾਲ

ਅਤੇ ਪੁਰਾਣੇ ਗ੍ਰੰਥਾਂ ਦਾ ਪ੍ਰਕਾਸ਼ਨ ਹੀ ਆਪ ਦਾ ਉੱਦੇਸ਼ ਰਿਹਾ ਹੈ। ਆਪ ਜੀ ਨੇ ਲੇਖਕਾਂ ਦੇ ਹਰ ਪ੍ਰਕਾਸ਼ਨ ਨੂੰ ਸਹਿਯੋਗ ਅਤੇ ਆਸ਼ੀਰਵਾਦ ਦਿੱਤਾ ਹੈ।

ਆਪ ਜੀ ਦੇ ਇਕ ਚੇਲੇ ਸ੍ਰੀ ਸਵਰਨ ਮੁਨੀ ਜੀ ਹਨ ਜੋ ਡਬਲ ਐਮ. ਏ. ਹਨ ਅਤੇ ਸਵਾਧਿਆਇ ਅਤੇ ਭਾਸ਼ਨ ਕਲਾ ਵਿਚ ਪ੍ਰਵੀਨ ਹਨ। ਆਪ ਨੂੰ ਪ੍ਰਵਰਤਕ ਪਦਵੀ 30 ਮਾਰਚ 1986 ਨੂੰ ਅੰਬਾਲਾ ਵਿਖੇ 200 ਸਾਧੂ ਸਾਧਵੀ ਦੇ ਇਕੱਠ ਵਿਚ ਦਿੱਤੀ ਗਈ।

## ਆਤਮ-ਕੁਲ ਕਮਲ-ਦਿਵਾਕਰ ਵਿਦਵਦ-ਰਤਨ

# ਸ੍ਰੀ ਰਤਨ ਮੁਨੀ ਜੀ ਮਹਾਰਾਜ

ਆਪ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦੇ ਵਿਦਵਾਨ ਚੇਲੇ ਹਨ। ਆਪ ਦਾ ਜਨਮ ਹਮੀਰਪੁਰ (ਹਿਸਾਚਲ ਪ੍ਰਦੇਸ਼) ਵਿਚ ਬ੍ਰਾਹਮਣ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਰਵਾਲੂ ਰਾਮ ਜੀ ਅਤੇ ਮਾਤਾ ਸ਼੍ਰੀਮਤੀ ਕਾਰਜੂ ਦੇਵੀ ਸੀ।

ਆਪਨੇ ਸਾਵਨ ਸ਼ੁਕਲਾ ਪ੍ਰਤਿਪਦ ਸੰ: 1995 ਨੂੰ ਅਚਾਰੀਆ ਆਤਮਾ ਰਾਮ ਜੀ ਮ. ਹੱਥੋਂ ਦੀਖਿਆ ਲਈ। ਜਨਮ ਜਾਤ ਸ਼ੁਧ ਸੰਸਕਾਰਾਂ ਅਤੇ ਮਹਾਨ ਗੁਰੂ ਕਾਰਨ ਆਪ ਜਲਦੀ ਹੀ ਜੈਨ ਸ਼ਾਸਤਰਾਂ ਦੇ ਜਾਨਕਾਰ ਹੋ ਗਏ। ਆਪ ਨੇ ਹਿੰਦੀ, ਪੰਜਾਬੀ, ਅੰਗਰੇਜ਼ੀ, ਉਰਦੂ, ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ, ਰਾਜਸਥਾਨੀ ਅਤੇ ਦਿਗੰਬਰ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਆਪ ਨੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਦੀ ਹੀ ਸੇਵਾ ਨਹੀਂ ਕੀਤੀ ਸਗੋਂ ਹਰ ਬਿਰਧ ਸਾਧੂ, ਸਾਧਵੀ ਦੀ ਸੇਵਾ ਕੀਤੀ ਹੈ। ਆਪ ਜੈਨ ਸਮਾਜ ਦੇ ਨੰਦੀ ਸੇਨ ਮੁਨੀ ਵਰਗੇ ਤਪਸਵੀ, ਗਿਆਨੀ ਅਤੇ ਸੇਵਕ ਹਨ।

ਉਪਾਧਿਆਇ ਸ੍ਰੀ ਫੂਲਚੰਦ ਜੀ ਮਹਾਰਾਜ ਭਾਵੇਂ ਆਪਦੇ ਗੁਰੂ ਭਾਈ ਸ੍ਰੀ ਖ਼ਜ਼ਾਨ ਚੰਦ ਜੀ ਮਹਾਰਾਜ ਦੇ ਚੇਲੇ ਸਨ ਪਰ ਆਪ ਨੇ ਉਨ੍ਹਾਂ ਦੀ ਸ਼ਰੀਰਕ ਹੀ ਨਹੀਂ ਸਾਹਿਤ ਰਚਨਾ ਵਿਚ ਡੂੰਘੀ ਸੇਵਾ ਕੀਤੀ। ਆਪਨੇ **ਦਸ਼ ਸ਼ਰੁਤ ਸਕੰਧ** ਨਾਂ ਦੇ ਇਕ ਅਗਿਆਤ ਸ਼ਾਸਤਰ ਦਾ ਸੰਪਾਦਨ ਕੀਤਾ ਹੈ। ਇਸ ਦੀ ਇਕੋ ਪ੍ਰਤਿਲਿਪਿ ਅਚਾਰੀਆ ਆਤਮਾ ਰਾਮ ਸ਼ਾਸਤਰ ਭੰਡਾਰ ਵਿਚ ਹੈ ਜੋ 500 ਸਾਲ ਪੁਰਾਣੀ ਹੈ। ਇਸ ਗ੍ਰੰਥ ਦੀ ਹੋਰ ਨਕਲ ਕਿਸੇ ਭੰਡਾਰ ਵਿਚ ਨਹੀਂ ਮਿਲਦੀ।

ਆਪ ਬੜੇ ਮਿਠ ਬੋਲੜੇ, ਧਰਮ ਪ੍ਰਸਾਰਕ, ਤਪੱਸਵੀ, ਅਨੁਸ਼ਾਸਨ ਵਿਚ ਵਿਸ਼ਵਾਸ ਰਖਣ ਵਾਲੇ ਹਨ। ਆਪ ਦੇ ਦੋ ਸ਼ਿਸ਼ ਹਨ ਸ੍ਰੀ ਪਰਮੇਸ਼ ਮੁਨੀ ਅਤੇ ਸ੍ਰੀ ਭਗਤ ਰਾਮ ਜੀ ਮਹਾਰਾਜ।

## ਉਤਕਲ ਕੇਸਰੀ ਤੱਤਵ ਚਿੰਤਕ ਵਿਦਿਆ ਵਿਸ਼ਾਰਦ, ਸ਼ਾਂਤ ਮੂਰਤੀ

# ਉਪਾਧਿਆਇ ਸ਼੍ਰੀ ਮਨੋਹਰ ਮੁਨੀ ਜੀ ਮਹਾਰਾਜ

ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੇ ਇਕ ਹੋਰ ਚੇਲੇ ਹਨ ਸ਼੍ਰੀ ਮਨੋਹਰ ਮੁਨੀ ਜੀ। ਆਪ ਪਹਿਲੇ ਪੰਜਾਬੀ ਸੰਤ ਹਨ ਜਿਨ੍ਹਾਂ ਜੰਮੂ ਕਸ਼ਮੀਰ, ਪੰਜਾਬ, ਹਰਿਆਣਾ, ਹਿਮਾਚਲ, ਉੱਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਬਿਹਾਰ, ਉੜੀਸਾ, ਤਾਮਿਲ ਨਾਡੂ, ਕਰਨਾਟਕ, ਮਧ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਜਿਹੇ ਦੂਰ ਦੁਰਾਡੇ ਪਿੰਡਾਂ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ ਹੈ। ਉੜੀਸਾ ਵਿਚ 2200 ਸਾਲ ਬਾਅਦ ਜਾਣ ਵਾਲੇ ਆਪ ਪਹਿਲੇ ਜੈਨ ਸਾਧੂ ਹਨ। ਆਪ ਨੇ ਬੱਚਿਆਂ ਵਿਚ ਬਾਲ-ਸੰਸਕਾਰ ਭਰਨ ਲਈ ਅਚਾਰੀਆ ਸ਼੍ਰੀ ਆਤਮਾ ਰਾਮ ਜੈਨ ਸਿਖਿਆ ਬੋਰਡ ਦੀ ਸਥਾਪਨਾ ਕੀਤੀ ਹੈ। ਜਿਨ੍ਹਾਂ ਦੀ ਪ੍ਰੀਖਿਆਵਾਂ ਰਾਹੀਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਜੈਨ ਧਰਮ ਦੀ ਸਿਖਿਆ ਹਾਸਲ ਕਰਦੇ ਹਨ।

ਆਪ ਦਾ ਜਨਮ ਸੰ: 1983 ਭਾਦੋਂ ਸ਼ੁਕਲਾ 5 ਨੂੰ ਕਸੂਰ ਦੇ ਇਕ ਮਸ਼ਹੂਰ ਜੈਨ ਘਰਾਨੇ ਵਿਚ ਹੋਇਆ। ਆਪ ਦੇ ਪਿਤਾ ਸ਼੍ਰੀ ਬਸੰਤ ਰਾਏ ਅਤੇ ਮਾਤਾ ਸ਼੍ਰੀਮਤੀ ਮਾਇਆ ਦੇਵੀ ਸਨ। ਆਪ ਨੇ ਇੰਟਰ ਤਕ ਪੜ੍ਹਾਈ ਕੀਤੀ ਪਰ ਆਪ ਨੂੰ ਸੰਸਾਰ ਨਾਲ ਕੋਈ ਮੋਹ ਨਹੀਂ ਸੀ। ਸੋ ਆਪ ਨੇ ਸੰ: 2005 ਫਗੁਣ ਸ਼ੁਕਲਾ 5 ਨੂੰ ਲੁਧਿਆਣਾ ਵਿਖੇ ਅਚਾਰੀਆ ਆਤਮਾ ਰਾਮ ਜੀ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ। ਪ੍ਰਵਰਤਕ ਸ਼੍ਰੀ ਸ਼ਾਂਤੀ ਸਵਰੂਪ ਜੀ ਦੇ ਨਾਲ ਆਪ ਨੂੰ ਵੀ ਉਪਾਧਿਆਇ ਪਦਵੀ ਦਿਤੀ ਗਈ।

ਆਪ ਦਾ ਜੀਵਨ ਬਹੁਤ ਹੀ ਸੰਜਮੀ ਅਤੇ ਪ੍ਰਭਾਵਕਾਰੀ ਹੈ। ਆਪ ਸਾਧੂ, ਸਾਧਵੀਆਂ ਉਪਾਸਕ, ਉਪਾਸਿਕਾਵਾਂ ਨੂੰ ਸ਼ਾਸਤਰ ਪੜ੍ਹਾਉਂਦੇ ਹਨ। ਆਪ ਦਾ ਵਿਆਖਿਆਨ ਮਨੋਹਰ ਹੈ। ਆਪ ਮਹਾਨ ਲੇਖਕ ਹਨ। ਬੱਚਿਆਂ ਦੀ ਮਨੋ ਵੈਗਿਆਨਿਕ ਸਥਿਤੀ ਨੂੰ ਸਮਝਦੇ ਹੋਏ, ਆਪ ਨੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਆਪ ਦੀ ਪੁਸਤਕ **ਪਗੋਂ ਕੇ ਸਹਾਰੇ** ਆਪ ਦਾ ਸਫ਼ਰਨਾਮਾ ਹੈ ਜਿਸ ਦੇ 5 ਭਾਗ ਹਨ। ਆਪ ਚੰਗੇ ਅਧਿਆਪਕ ਹਨ। ਆਪ ਨੂੰ ਭਾਰਤ ਦੀਆਂ ਸਾਰੀਆਂ ਪ੍ਰਮੁਖ ਭਾਸ਼ਾਵਾਂ ਤੇ ਅਧਿਕਾਰ ਹਾਸਲ ਹੈ। ਆਪ ਨੇ ਭਗਵਾਨ ਮਹਾਵੀਰ ਦੀ 25ਵੀਂ ਨਿਰਵਾਨ ਸ਼ਤਾਬਦੀ ਦੇ ਮੌਕੇ ਤੇ ਅਹਿੰਸਾ ਸਤੂਪ ਦਾ ਨਿਰਮਾਨ ਕਰਕੇ ਕਟਕ (ਉੜੀਸਾ) ਵਿਖੇ ਸਥਾਪਿਤ ਕਰਵਾਇਆ।

ਅਜ ਕਲ ਆਪ ਫੇਰ ਪੰਜਾਬ ਵਿਚ ਧਰਮ ਪ੍ਰਚਾਰ ਕਰ ਰਹੇ ਹਨ।

卐

# ਜੈਨ ਭੂਸ਼ਨ ਸ੍ਰੀ ਗਿਆਨ ਮੁਨੀ ਜੀ ਮਹਾਰਾਜ

ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦੇ ਆਪ ਪ੍ਰਮੁਖ ਚੇਲੇ ਹਨ। ਆਪ ਇਕ ਮਹਾਨ ਸ਼ਾਸਤਰਕਾਰ, ਲੇਖਕ, ਕਵਿ ਅਤੇ ਵਕਤਾ ਹਨ।

ਆਪ ਦਾ ਜਨਮ ਸੰ: 1979 ਵੈਸਾਖ ਸ਼ੁਕਲਾ 3 ਨੂੰ ਸਾਹੋਕੇ (ਜ਼ਿਲਾ ਸੰਗਰੂਰ) ਵਿਖੇ ਲਾਲਾ ਗੋਖਾ ਰਾਮ ਦੇ ਘਰ ਹੋਇਆ। ਆਪ ਦੀ ਮਾਤਾ ਸ੍ਰੀਮਤੀ ਮਨਸਾ ਦੇਵੀ ਇਕ ਪਵਿਤਰ ਧਾਰਮਿਕ ਖਿਆਲਾਂ ਦੀ ਮਾਲਕ ਸਨ। ਬਚਪਨ ਵਿਚ ਆਪ ਦਾ ਨਾਂ ਆਤਮਾ ਰਾਮ ਸੀ। ਜਦੋਂ ਆਪ 8 ਸਾਲ ਦੇ ਹੋਏ ਆਪ ਦੇ ਮਾਤਾ ਪਿਤਾ ਲੁਧਿਆਣੇ ਆ ਗਏ। ਇਥੇ ਹੀ ਆਪ ਅਚਾਰੀਆ ਆਤਮਾ ਰਾਮ ਜੀ ਅਤੇ ਉਨ੍ਹਾਂ ਦੇ ਗੁਰੂ ਸ੍ਰੀ ਸਾਲਗ ਰਾਮ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਏ। ਸ੍ਰੀ ਸਾਲਗ ਰਾਮ ਜੀ ਮਹਾਰਾਜ ਆਪ ਦੇ ਪਿਤਾ ਦੇ ਦੂਰ ਦੇ ਰਿਸ਼ਤੇ ਤੋਂ ਤਾਇਆ ਜੀ ਸਨ।

ਸੰ: 1993 ਵੈਸਾਖ ਸ਼ੁਕਲਾ 13 ਨੂੰ ਆਪ ਨੇ ਰਾਵਲਪਿੰਡੀ ਵਿਖੇ ਅਚਾਰੀਆ ਆਤਮਾਰਾਮ ਜੀ ਮਹਾਰਾਜ ਤੋਂ ਜੈਨ ਮੁਨੀ ਦੀਖਿਆ ਗ੍ਰਹਿਣ ਕੀਤੀ। ਸਾਧੂ ਬਣ ਕੇ ਆਪਨੇ ਹਿੰਦੀ, ਪੰਜਾਬੀ, ਉਰਦੂ, ਫ਼ਾਰਸੀ, ਰਾਜਸਥਾਨੀ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਆਪ ਨੇ ਅਜ ਤਕ 2 ਸ਼ਾਸਤਰਾਂ ਦਾ ਹਿੰਦੀ ਅਨੁਵਾਦ ਕੀਤਾ ਹੈ ਅਤੇ 20 ਸੁਤੰਤਰ ਗ੍ਰੰਥ ਲਿਖੇ ਹਨ। ਆਪ ਨੇ ਉਰਦੂ ਭਾਸ਼ਾ ਵਿਚ ਵੀ 4 ਗ੍ਰੰਥ ਲਿਖੇ ਹਨ। ਅਜ ਕਲ ਉਰਦੂ ਭਾਸ਼ਾ ਵਿਚ ਲਿਖਣ ਵਾਲੇ ਆਪ ਹੀ ਇਕ ਲੇਖਕ ਹਨ। ਆਪਨੇ ਅਚਾਰੀਆ ਹੇਮਚੰਦਰ ਜੀ ਦੇ ਪ੍ਰਾਕ੍ਰਿਤ ਵਿਅਕਰਨ ਦੀ ਸੰਸਕ੍ਰਿਤ ਹਿੰਦੀ ਵਿਚ ਵਿਸ਼ਾਲ ਟੀਕਾ ਕੀਤੀ ਹੈ। ਜੋ ਦੋ ਗ੍ਰੰਥਾਂ ਵਿਚ ਪੂਰੀ ਹੁੰਦੀ ਹੈ।

ਆਪ ਲਗਾਤਾਰ ਗਿਆਨ, ਧਿਆਨ, ਜਪ ਅਤੇ ਤਪ ਵਿਚ ਲੱਗੇ ਰਹਿੰਦੇ ਹਨ। ਆਪ ਨੇ ਜੈਨ ਧਰਮ ਦੇ ਪ੍ਰਚਾਰ ਦੇ ਲਈ ਨਵੇਂ ਕੇਂਦਰ ਸਥਾਪਿਤ ਕੀਤੇ ਹਨ ਜਿਨ੍ਹਾਂ ਵਿਚੋਂ ਮੁਹਾਲੀ, ਖਰੜ, ਫਿਲੌਰ ਅਤੇ ਰਾਹੋਂ ਦੇ ਨਾਂ ਪ੍ਰਸਿੱਧ ਹਨ। ਰਾਹੋਂ ਦੇ ਇਤਿਹਾਸਿਕ ਮਕਾਨ ਨੂੰ ਆਪ ਨੇ ਅਚਾਰੀਆ ਆਤਮਾ ਰਾਮ ਸਮਾਰਕ ਦਾ ਦਰਜਾ ਦਿੱਤਾ ਹੈ। ਆਪ ਨੇ ਦਿੱਲੀ ਵਿਖੇ ਅਚਾਰੀਆ ਆਤਮਾ ਰਾਮ ਜੈਨ ਸ਼ਿਕਸ਼ਾ ਸਮਿਤੀ ਦੀ ਸਥਾਪਨਾ ਕੀਤੀ। ਇਸ ਤੋਂ ਛੁੱਟ ਅਨੇਕਾਂ ਲੋਕ ਉਪਕਾਰੀ ਅਤੇ ਧਰਮ ਪ੍ਰਚਾਰ ਦੇ ਕੰਮਾਂ ਵਿਚ ਆਪ ਜੁਟੇ ਹੋਏ ਹਨ।

ਆਪ ਦੀ ਪ੍ਰੇਰਣਾ ਨਾਲ ਅਨੇਕਾਂ ਲੋਕਾਂ ਨੇ ਮਾਸ ਤੇ ਸ਼ਰਾਬ ਵਰਗੀਆਂ ਬੁਰਾਈਆਂ ਤੋਂ ਛੁਟਕਾਰਾ ਪਾਇਆ। ਆਪ ਅਚਾਰੀਆ ਸ੍ਰੀ ਆਤਮਾਰਾਮ ਜੀ ਮ. ਦੇ ਸਹਾਇਕ ਵਜੋਂ ਕੰਮ ਕਰਦੇ ਰਹੇ। ਰਾਹੋਂ ਸ੍ਰੀ ਸੰਘ ਨੇ ਆਪ ਦੇ ਕੰਮਾਂ ਤੋਂ ਖੁਸ਼ ਹੋ ਕੇ ਆਪ ਨੂੰ ਪੰਜਾਬ ਕੇਸਰੀ, ਜੈਨ ਭੂਸ਼ਨ ਅਤੇ ਵਿਆਖਿਆਨ ਦਿਵਾਕਰ ਦੀਆਂ ਪਦਵੀਆਂ ਦਿੱਤੀਆਂ ਹਨ।

# ਆਤਮ ਨਿਧੀ ਸ਼੍ਰੀ ਤਰਲੋਕ ਮੁਨੀ ਜੀ ਮਹਾਰਾਜ

●

ਆਪ ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੇ ਚੇਲੇ ਸ਼੍ਰੀ ਖ਼ਜ਼ਾਨ ਚੰਦ ਜੀ ਮਹਾਰਾਜ ਦੇ ਸ਼ਿਸ਼ ਹਨ। ਆਪ ਦਾ ਜਨਮ ਹਾੜਵਦਿ 3 ਸੰ: 1976 ਨੂੰ ਪਿੰਡ ਖਰੋਦੀ ਦੇ ਸ਼੍ਰੀ ਮੁੰਸ਼ੀ ਰਾਮ ਅਤੇ ਮਾਤਾ ਧਨਵੰਤੀ ਦੇ ਘਰ ਹੋਇਆ। ਆਪ ਨੇ ਐਫ਼. ਏ. ਤਕ ਸਿਖਿਆ ਹਾਸਲ ਕੀਤੀ। ਚੇਤ ਵਦੀ 3 ਸੰ: 1992 ਨੂੰ ਆਪ ਨੇ ਸੰਸਾਰਿਕ ਸੁਖਾਂ ਨੂੰ ਠੋਕਰ ਮਾਰ ਕੇ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪਨੇ ਅਚਾਰੀਆ ਸ਼੍ਰੀ ਆਤਮਾਰਾਮ ਜੀ ਮਹਾਰਾਜ ਤੋਂ ਜੈਨ ਗ੍ਰੰਥਾਂ ਦਾ ਸੂਖਮ ਅਧਿਐਨ ਕੀਤਾ।

ਆਪ ਮਹਾਨ ਕਰਮ ਯੋਗੀ ਹਨ। 'ਆਤਮ ਨਿਧੀ' ਆਪ ਦਾ ਵਿਸ਼ੇਸ਼ਨ ਹੈ। ਆਪ **ਆਰੀਆ ਸੰਸਕਾਰ** ਨਾਂ ਦੇ ਸਪਤਾਹਿਕ ਜੈਨ ਪੱਤਰ ਦਾ 25 ਸਾਲਾਂ ਤੋਂ ਸੰਪਾਦਨ ਕਰ ਰਹੇ ਹਨ। ਆਪ ਨੇ ਜੈਨ ਸ਼ਾਸਤਰ ਉਤਰਾਧਿਐਨ ਤੇ ਸੂਖਮ ਕੰਮ ਕੀਤਾ। ਆਪ ਨੇ ਪੀ. ਏ. ਜੈਨ ਸ਼ੋਧ ਸੰਸਥਾਨ ਹੋਸ਼ਿਆਰਪੁਰ ਦੀ ਸਥਾਪਨਾ ਕੀਤੀ ਜੋ ਹੁਣ ਤਕ 16 ਕਿਤਾਬਾਂ ਛਪਵਾ ਚੁਕਾ ਹੈ। ਆਪ ਸ਼੍ਰੀ 12 ਭਾਸ਼ਾਵਾਂ ਦੇ ਜਾਨਕਾਰ ਹਨ।

ਗਰੀਬਾਂ, ਮਜਦੂਰਾਂ ਦੇ ਪ੍ਰਤਿ ਆਪ ਦੇ ਮਨ ਵਿਚ ਬਹੁਤ ਹੀ ਤਰਸ ਹੈ। ਪੂਜ ਖ਼ਜ਼ਾਨ ਚੰਦ ਜੀ ਮਹਾਰਾਜ ਦੀ ਯਾਦ ਨੂੰ ਸਦੀਵੀ ਰਖਣ ਲਈ ਆਪ ਨੇ ਇਕ ਟਰਸਟ ਦੀ ਸਥਾਪਨਾ ਕੀਤੀ ਹੈ ਜੋ ਲੁਧਿਆਣਾ ਵਿਖੇ ਮਜ਼ਦੂਰ ਬੱਚਿਆਂ ਦੇ ਲਈ ਪ੍ਰਾਇਮਰੀ ਸਕੂਲ ਚਲਾ ਰਿਹਾ ਹੈ। ਇਹ ਸਕੂਲ ਨਹੀਂ ਸਗੋਂ ਆਸ਼ਰਮ ਹੈ। ਇਥੇ ਬੱਚੇ ਨੂੰ ਵਰਦੀ, ਖੁਰਾਕ ਅਤੇ ਪੁਸਤਕਾਂ ਟਰਸਟ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਆਪ ਅਨੇਕਾਂ ਭਾਸ਼ਾਵਾਂ ਦੇ ਜਾਨਕਾਰ, ਤਪੱਸਵੀ ਮੁਨੀ ਹੀ ਨਹੀਂ ਸਗੋਂ ਜੈਨ ਤੇ ਅਜੈਨ ਸਾਹਿਤ ਦੇ ਤੁਲਨਾਤਮਕ ਅਧਿਐਨ ਵਿਚ ਮਹਾਰਤ ਰਖਦੇ ਹਨ। ਲੇਖਕਾਂ ਨੂੰ ਆਪ ਤੋਂ ਬਹੁਤ ਕੁਝ ਸਿਖਣ ਦਾ ਮੌਕਾ ਮਿਲਿਆ ਹੈ। ਆਪ ਦੀ ਪ੍ਰੇਰਣਾ ਨਾਲ ਸ਼੍ਰੀ ਖਜਾਨ ਚੰਦ ਸ਼ਤਾਵਦੀ ਸਮੇਂ ਲੇਖਕਾਂ ਦਾ ਗੋਲਡ ਮੈਡਲ ਰਾਹੀਂ ਸਨਮਾਨ ਵੀ ਕੀਤਾ ਸੀ। ✶

# ਤਪਸਵੀ ਸ੍ਰੀ ਸਹਿਜ ਮੁਨੀ ਜੀ ਮਹਾਰਾਜ

ਆਪ ਦਾ ਜਨਮ ਲਹਿਲ ਕਲਾਂ ਵਿਖੇ ਲਾਲਾ ਬਾਬੂ ਰਾਮ ਜੀ ਦੇ ਘਰ ਹੋਇਆ। ਸੰ: 2010 ਕੱਤਕ ਸ਼ੁਕਲਾ 10 ਨੂੰ ਆਪ ਦੀ ਦੀਖਿਆ ਮੂਨਕ ਵਿਖੇ ਹੋਈ। ਆਪ ਨੇ ਤਪਸਵੀ ਫ਼ਕੀਰ ਚੰਦ ਜੀ ਅਤੇ ਸ੍ਰੀ ਟੇਕ ਚੰਦ ਜੀ ਮਹਾਰਾਜ ਦੀ ਅੰਤਮ ਸਮੇਂ ਤਕ ਸੇਵਾ ਕੀਤੀ ਹੈ। ਆਪ 90 ਦਿਨ ਤਕ ਦੀ ਲੰਬੀ ਲਗਾਤਾਰ ਤਪਸਿਆ ਗਰਮ ਪਾਣੀ ਦੇ ਅਧਾਰ ਤੇ ਕਰ ਚੁਕੇ ਹਨ। ਅਚਾਰੀਆ ਆਨੰਦ ਰਿਸ਼ੀ ਜੀ ਨੇ ਆਪ ਨੂੰ ਜੈਨ-ਰਤਨ ਦੀ ਪਦਵੀ ਪ੍ਰਦਾਨ ਕੀਤੀ ਹੈ।

●

# ਤਪੱਸਵੀ ਸ੍ਰੀ ਨੇਮ ਚੰਦ ਜੀ ਮਹਾਰਾਜ

ਆਪ ਦਾ ਜਨਮ ਚੌਥਕਾ ਵਰਵਾੜਾ (ਰਾਜਸਥਾਨ) ਵਿਖੇ ਸੰ: 1976 ਜੇਠ 14 ਨੂੰ ਲਾਲਾ ਦੇਵੀ ਲਾਲ ਅਤੇ ਮਾਤਾ ਭੂਰਾ ਦੇਵੀ ਦੇ ਘਰ ਹੋਇਆ। ਆਪ ਨੇ ਅਪਣੀ ਮਾਤਾ ਨਾਲ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਸ੍ਰੀ ਰਾਮ ਸਿੰਘ ਜੀ ਮਹਾਰਾਜ ਕੋਲ ਸੰ: 1993 ਮੱਘਰ ਕ੍ਰਿਸ਼ਨਾ 5 ਨੂੰ ਸਾਧੂ ਬਣੇ। ਆਪ ਦੀ ਮਾਤਾ ਸਾਧਵੀ ਜਸਵੰਤੀ ਕੋਲ ਦੀਖਿਆ ਲੈ ਕੇ ਸਾਧਵੀ ਬਣੇ। ਆਪ ਮਹਾਨ ਧਰਮ ਪ੍ਰਚਾਰਕ ਹਨ। ਆਪ ਨੇ ਸਾਰੇ ਉੱਤਰ ਭਾਰਤ, ਮੱਧ ਪ੍ਰਦੇਸ਼ ਤਕ ਭਗਵਾਨ ਮਹਾਵੀਰ ਦਾ ਸੁਨੇਹਾ ਪਹੁੰਚਾਇਆ ਹੈ।

●

# ਸ੍ਰੀ ਜਿਤੇਂਦਰ ਵਿਜੈ ਜੀ ਮਹਾਰਾਜ

ਆਪ ਅਚਾਰੀਆ ਜਨਕ ਵਿਜੈ ਜੀ ਦੇ ਮਸ਼ਹੂਰ ਸ਼ਿਸ਼ ਹਨ। ਆਪ ਦਾ ਜਨਮ 12 ਨਵੰਬਰ 1917 ਨੂੰ ਲਾਲਾ ਮੋਤੀ ਲਾਲ ਅਤੇ ਮਾਤਾ ਅੱਕੀ ਦੇਵੀ ਦੇ ਘਰ ਗੁਜਰਾਂਵਾਲੇ ਵਿਖੇ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਅੰਗਰੇਜ਼ੀ, ਹਿੰਦੀ, ਗੁਜਰਾਤੀ, ਰਾਜਸਥਾਨੀ ਭਾਸ਼ਾਵਾਂ ਦੇ ਉੱਘੇ ਜਾਨਕਾਰ ਹਨ। ਆਪ ਦੀ ਦੀਖਿਆ ਰਾਣੀ ਗਾਉਂ (ਮਾਰਵਾੜ) ਵਿਖੇ ਸਨ 1956 ਨੂੰ ਹੋਈ। ਆਪ ਨੇ ਅਨੇਕਾਂ ਵਾਰ ਜੈਨ ਤੀਰਥਾਂ ਦਾ ਭ੍ਰਮਣ ਕੀਤਾ। ਆਪ ਦਾ ਜੈਨ ਜੋਤਸ਼ ਤੇ ਕਾਫ਼ੀ ਅਧਿਕਾਰ ਹੈ।

●

# ਮਹਾਨ ਕ੍ਰਾਂਤੀਕਾਰੀ ਸ੍ਰੀ ਕ੍ਰਿਸ਼ਨ ਚੰਦਰ ਅਚਾਰੀਆ

ਸ੍ਰੀ ਜਿਨੇਂਦਰ ਗੁਰੂ ਕੁਲ ਪੰਚਕੂਲਾ ਦੇ ਸੰਸਥਾਪਕ ਮਹਾਨ ਕਰਮ ਯੋਗੀ ਸ੍ਰੀ ਕ੍ਰਿਸ਼ਨ ਚੰਦਰ ਜੀ ਦਾ ਜਨਮ ਸੰ: 1899 ਵਿਚ ਸਨੌਰ (ਪਟਿਆਲਾ) ਵਿਖੇ ਹੋਇਆ। ਆਪ ਦਾ ਪਰਿਵਾਰ ਸਿੱਖ ਕੰਬੋਜ ਪਰਿਵਾਰ ਸੀ। 15 ਸਾਲ ਦੀ ਉਮਰ ਵਿਚ ਹੀ ਆਪ ਲਾਲਾ ਬਾਂਕੇ ਰਾਮ ਨਾਲ ਰਾਵਲਪਿੰਡੀ ਸਵਾਮੀ ਧਨੀ ਰਾਮ ਜੀ ਮਹਾਰਾਜ ਦੇ ਚਰਨਾਂ ਵਿਚ ਪਹੁੰਚ ਗਏ। ਆਪ ਉਸ ਸਮੇਂ ਤਕ ਬਿਲਕੁਲ ਅਨਪੜ੍ਹ ਸਨ। ਆਪ ਦੇ ਗੁਰੂ ਸ੍ਰੀ ਸ਼ਿਵ ਦਿਆਲ ਜੀ ਮਹਾਰਾਜ ਸਨ। ਸਵਾਮੀ ਧਨੀ ਰਾਮ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਆਪ ਨੇ ਵਿਦਿਆ ਅਧਿਐਨ ਸ਼ੁਰੂ ਕੀਤਾ। ਆਪਨੇ ਸੰਸਕ੍ਰਿਤ ਭਾਸ਼ਾ ਦੀ ਅਚਾਰੀਆ ਪ੍ਰੀਖਿਆ ਪਾਸ ਕੀਤੀ।

ਉਸ ਸਮੇਂ ਆਰੀਆ ਸਮਾਜ ਵਾਲੇ ਡੀ. ਏ. ਵੀ. ਸੰਸਥਾਵਾਂ ਦਾ ਜਾਲ ਵਿਛਾ ਰਹੇ ਸਨ। ਗੁਰੂ ਕੁਲ ਦੇ ਨਾਂ ਹੇਠ ਧਰਮ ਪ੍ਰਚਾਰ ਵੀ ਕਰ ਰਹੇ ਸਨ। ਦੋਵੇਂ ਗੁਰੂ ਅਤੇ ਚੇਲੇ ਦੇ ਮਨਾਂ ਵਿਚ ਜਿਨੇਂਦਰ ਗੁਰੂਕੁਲ ਦੀ ਯੋਜਨਾ ਤਿਆਰ ਹੋਈ। ਇਹ ਯੋਜਨਾ ਮਾਲੇਰ ਕੋਟਲੇ ਵਿਖੇ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਦੀ ਹਜ਼ੂਰੀ ਵਿਚ ਤਿਆਰ ਹੋਈ। ਸੰ: 1925 ਵਿਚ ਇਹ ਯੋਜਨਾ ਤਿਆਰ ਹੋਈ। ਗੁਰੂਕੁਲ ਲਈ ਕੁਰੂਖੇਤਰ ਅਤੇ ਚੰਡੀਗੜ੍ਹ ਕੋਲ ਖੜਗ ਮੰਗੋਲੀ ਪਿੰਡ ਵਿਖੇ ਜ਼ਮੀਨ ਪ੍ਰਾਪਤ ਹੋ ਗਈ। ਕੁਰੂਖੇਤਰ ਵਾਲੀ ਜ਼ਮੀਨ ਲਾਲਾ ਨੌਰਾਤਾ ਰਾਮ ਅਤੇ ਖੜਗ ਮੰਗੋਲੀ ਵਾਲੀ ਜ਼ਮੀਨ ਪਿੰਡ ਦੀ ਵਿਧਵਾ ਕਿਰਪਾ ਦੇਵੀ ਨੇ ਦਿਤੀ। ਇਸ ਜਮੀਨ ਕੋਲ ਪੰਜ ਛੋਟੇ ਛੋਟੇ ਨਾਲੇ ਵਹਿ ਰਹੇ ਸਨ। ਇਸ ਲਈ ਇਸ ਨੂੰ ਪੰਚਕੂਲਾ ਦਾ ਨਾਂ ਸ੍ਰੀ ਕ੍ਰਿਸ਼ਨ ਚੰਦਰ ਜੀ ਮਹਾਰਾਜ ਨੇ ਦਿਤਾ।

21 ਫਰਵਰੀ 1929 ਨੂੰ ਮਹੇਂਦਰ ਗੜ੍ਹ ਦੇ ਪ੍ਰਸਿੱਧ ਅਤੇ 32 ਸ਼ਾਸਤਰਾਂ ਨੂੰ ਛਪਵਾ ਕੇ ਦਾਨ ਕਰਨ ਵਾਲੇ ਲਾਲਾ ਜਵਾਲਾ ਪ੍ਰਸਾਦ ਨੇ ਗੁਰੂਕੁਲ ਦੀ ਨੀਂਹ ਰਖੀ। ਗੁਰੂਕੁਲ ਨੂੰ ਚਲਾਉਣ ਲਈ ਕਿਸੇ ਮਹਾਪੁਰਸ਼ ਦੀ ਜ਼ਰੂਰਤ ਸੀ। ਆਪ ਨੇ ਆਪ ਦੇ ਗੁਰੂ ਸਵਾਮੀ ਸ੍ਰੀ ਧਨੀ ਰਾਮ ਜੀ ਮਹਾਰਾਜ ਸੰ: 1930 ਨੂੰ ਮੁਖ ਪੱਟੀ ਮਾਲੇਰਕੋਟਲੇ ਵਿਖੇ ਤਿਆਗ ਕੇ ਮਹਾਨ ਕੁਰਬਾਨੀ ਕੀਤੀ।

ਸੰ: 1932 ਵਿਚ ਆਪ ਸ਼ਾਂਤੀ ਨਿਕੇਤਨ ਵਿਖੇ ਉੱਚ ਸਿੱਖਿਆ ਲਈ ਪਧਾਰੇ। ਆਪ ਦੀ ਮੁਲਾਕਾਤ ਰਵਿੰਦਰ ਨਾਥ ਟੈਗੋਰ ਨਾਲ ਹੋਈ।

ਸੰ: 1936 ਵਿਚ ਸੇਠ ਹਰਜਸ ਰਾਏ ਅਤੇ ਸੇਠ ਰਤਨ ਚੰਦ ਜੈਨ ਨੇ ਪਾਰਸ਼ਵ ਨਾਥ ਜੈਨ ਵਿਦਿਆ ਆਸ਼ਰਮ ਦੀ ਨੀਂਹ ਹਿੰਦੂ ਯੂਨੀਵਰਸਟੀ ਵਿਖੇ ਰਖੀ। ਆਪ ਨੇ ਇਸ ਸੰਸਥਾਨ ਦਾ ਕੰਮ ਸੰਭਾਲਿਆ। 1940 ਵਿਚ ਆਪ ਫੇਰ ਪੰਚਕੂਲੇ ਗੁਰੂਕੁਲ ਵਿਖੇ ਆ ਗਏ।

ਸੰ: 1946 ਤੋਂ 1964 ਤਕ ਆਪ ਪਾਰਸ਼ ਨਾਥ ਜੈਨ ਵਿਦਿਆ ਆਸ਼ਰਮ ਦੇ ਪੀ. ਐਚ.-ਡੀ. ਵਿਦਿਆਰਥੀਆਂ ਨੂੰ ਜੈਨ ਸ਼ੋਧ ਵਿਚ ਮਦਦ ਕਰਦੇ ਰਹੇ। ਉਸ ਸਮੇਂ ਆਪ ਸ਼੍ਰਮਣ ਨਾਮਕ ਜੈਨ ਪਤ੍ਰਿਕਾ ਦੇ ਸੰਪਾਦਕ ਰਹੇ।

ਸੰ: 1962 ਵਿਚ ਸਵਾਮੀ ਸ਼੍ਰੀ ਧਨੀ ਰਾਮ ਜੀ ਮਹਾਰਾਜ ਸਵਰਗਵਾਸ ਹੋ ਗਏ। ਸੰ: 1964 ਵਿਚ ਆਪ ਗੁਰੂਕੁਲ ਦੀ ਦੇਖ ਰੇਖ ਕਰਦੇ ਰਹੇ। ਆਪ ਨੇ ਅਪਣੀ ਸਾਰੀ ਲਾਇਬਰੇਰੀ ਅਚਾਰੀਆ ਸ਼੍ਰੀ ਆਨੰਦ ਰਿਸ਼ੀ ਜੀ ਮਹਾਰਾਜ ਨੂੰ ਭੇਟ ਕਰ ਦਿਤੀ। ਭਾਰਤ ਦਾ ਸ਼ਾਇਦ ਹੀ ਕੋਈ ਜੈਨ ਸਮਾਰੋਹ ਹੋਵੇ ਜਿਥੇ ਕ੍ਰਿਸਨ ਚੰਦਰ ਅਚਾਰੀਆ ਨਾ ਪਹੁੰਚੇ ਹੋਣ। ਲੇਖਕਾਂ ਨੂੰ ਕਈ ਵਾਰ ਆਪ ਕੋਲੋਂ ਸਿਖਣ ਦਾ ਮੌਕਾ ਮਿਲਿਆ ਹੈ।

ਦਿਸੰਬਰ 1985 ਨੂੰ ਆਪ ਦਾ ਸਵਰਗਵਾਸ ਚੰਡੀਗੜ੍ਹ ਵਿਖੇ ਹੋ ਗਿਆ। ਆਪ ਮਹਾਨ ਪ੍ਰਭੂ ਭਗਤ ਅਤੇ ਦੇਸ਼ ਭਗਤ ਸਨ।





ਆਧੁਨਿਕ ਜੈਨ ਸਾਧਵੀ ਪਰੰਪਰਾ ਦੀਆਂ

# ਕੁਝ ਪ੍ਰਸਿਧ ਪੰਜਾਬੀ ਸਾਧਵੀਆਂ

164-2

# ਪ੍ਰਵਰਤਨੀ ਮਹਾਸਾਧਵੀ ਸ਼੍ਰੀ ਪਾਰਵਤੀ ਜੀ ਮਹਾਰਾਜ

ਆਧੁਨਿਕ ਜੈਨ ਸਾਧਵੀ ਪਰੰਪਰਾ ਵਿਚ ਪ੍ਰਮੁਖ ਸਥਾਨ ਮਹਾਸਾਧਵੀ ਸ਼੍ਰੀ ਪਾਰਵਤੀ ਜੀ ਮਹਾਰਾਜ ਅਤੇ ਸਾਧਵੀ ਸ਼੍ਰੀ ਖੂਬਾਂ ਜੀ ਦੇ ਸਾਧਵੀ ਪਰਿਵਾਰ ਦਾ ਹੈ। ਕਈ ਸਾਧਵੀਆਂ ਦੀ ਪਰੰਪਰਾ ਬੜੀ ਕੋਸ਼ਿਸ਼ ਕਰਨ ਦੇ ਬਾਵਜੂਦ ਨਹੀਂ ਮਿਲ ਸਕੀ।

ਮਹਾਸਾਧਵੀ ਸ਼੍ਰੀ ਪਾਰਵਤੀ ਜੀ ਮਹਾਰਾਜ ਦਾ ਜਨਮ ਸੰ: 1911 ਨੂੰ ਉੱਤਰ ਪ੍ਰਦੇਸ਼ ਦੇ ਲੁਹਾਰੂ ਪਿੰਡ ਵਿਚ ਹੋਇਆ। ਆਪ ਦੇ ਪਿਤਾ ਸ੍ਰੀ ਬਲਦੇਵ ਸਿੰਘ ਜੀ ਮਾਤਾ ਧਨਵੰਤੀ ਪਿੰਡ ਦੀ ਮਸ਼ਹੂਰ ਹਸਤੀ ਸਨ। ਛੋਟੀ ਉਮਰ ਵਿਚ ਹੀ ਆਪ ਦਾ ਆਗਰੇ ਵਿਖੇ ਅਪਣੇ ਪਿਤਾ ਨਾਲ ਆਉਣਾ ਹੋਇਆ। ਉਥੇ ਜੈਨ ਸਾਧਵੀਆਂ ਅਤੇ ਮੁਨੀਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਆਪ ਨੇ ਸਾਧਵੀ ਦੀਖਿਆ ਗ੍ਰਹਿਣ ਕੀਤੀ।

ਸਾਧਵੀ ਬਣਦੇ ਸਾਰ ਹੀ ਆਪ ਨੇ ਜੈਨ ਅਤੇ ਅਜੈਨ ਗ੍ਰੰਥਾਂ ਦਾ ਤੁਲਨਾਤਮਕ ਅਧਿਐਨ ਕੀਤਾ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਰਾਜਸਥਾਨੀ, ਉਰਦੂ, ਫ਼ਾਰਸੀ, ਅਰਬੀ, ਪੰਜਾਬੀ, ਅੰਗਰੇਜ਼ੀ ਅਤੇ ਗੁਜਰਾਤੀ ਸਾਹਿਤ ਦੇ ਉੱਘੇ ਵਿਦਵਾਨ ਸਨ। ਉਹ ਜ਼ਮਾਨਾ ਸੀ ਜਦੋਂ ਭਾਰਤ ਵਿਚ ਇਸਤਰੀ ਦੀ ਹਾਲਤ ਬਹੁਤ ਹੀ ਤਰਸ ਯੋਗ ਸੀ। ਬਾਲ ਵਿਆਹ, ਪਰਦਾ, ਜਾਤ ਪਾਤ, ਛੂਆਛੂਤ, ਸ਼ਰਾਬ, ਮਾਸ ਅਤੇ ਅਗਿਆਨਤਾ ਦਾ ਬੋਲ-ਬਾਲਾ ਸੀ। ਅਜੇਹੇ ਸਮੇਂ ਹੀ ਭਾਰਤ ਦੇ ਧਾਰਮਿਕ ਜਗਤ ਵਿਚ ਆਰੀਆ ਸਮਾਜ, ਸਨਾਤਨ ਧਰਮ ਸਭਾ, ਦੇਵ ਸਮਾਜ ਆਦਿ ਸੰਸਥਾਵਾਂ ਧਰਮ ਚਰਚਾ ਲਈ ਹਮੇਸ਼ਾ ਮੈਦਾਨ ਵਿਚ ਤਿਆਰ ਰਹਿੰਦੀਆਂ ਸਨ। ਖਾਸ ਤੌਰ ਤੇ ਆਰੀਆ ਸਮਾਜ ਦਾ ਪੰਜਾਬ ਵਿਚ ਪ੍ਰਭਾਵ ਕਾਫ਼ੀ ਵਧ ਰਿਹਾ ਸੀ। ਅਜੇਹੀਆਂ ਸਥਿਤੀਆਂ ਤੋਂ ਛੁੱਟ ਜੈਨ ਸਮਾਜ ਖੁਦ ਅਗਿਆਨਤਾ ਵਿਚ ਡੁੱਬਾ ਸੀ। ਮਹਾਸਾਧਵੀ ਸ਼੍ਰੀ ਪਾਰਵਤੀ ਜੀ ਮਹਾਰਾਜ ਨੇ ਸ਼ਵੇਤਾਂਬਰ ਸਥਾਨਕ ਵਾਸੀ ਦੀਖਿਆ ਗ੍ਰਹਿਣ ਕਰਕੇ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ ਵਿਚ ਅਨੇਕਾਂ ਧਰਮ ਚਰਚਾਵਾਂ ਕੀਤੀਆਂ। ਇਨ੍ਹਾਂ ਧਰਮ ਚਰਚਾਵਾਂ ਤੋਂ ਆਪ ਦੀ ਯੋਗਤਾ ਦਾ ਭਲੀ ਭਾਂਤੀ ਪਤਾ ਲਗਦਾ ਹੈ। ਸ਼ਾਇਦ 2500 ਸਾਲ ਦੇ ਜੈਨ ਇਤਿਹਾਸ ਵਿਚ ਕੋਈ ਖੁਲੀ ਧਰਮ ਚਰਚਾ ਕਰਨ ਵਾਲੀ ਸਾਧਵੀ ਪੈਦਾ ਹੋਈ ਹੋਵੇ। ਆਪ ਮਹਾਨ ਕ੍ਰਾਂਤੀਕਾਰੀ ਸਾਧਵੀ ਸਨ। ਆਪ ਨੇ ਲਾਹੌਰ ਵਿਖੇ ਆਰੀਆ ਸਮਾਜੀਆਂ ਦੇ ਪ੍ਰਸ਼ਨਾਂ ਦੇ ਉੱਤਰ ਦਿਤੇ। ਆਪ ਸੰ: 1924 ਵਿਚ ਸਾਧਵੀ ਬਣੇ। ਫੇਰ ਧਰਮ ਅਧਿਐਨ ਲਈ ਪੰਜਾਬ ਪਧਾਰੇ।

ਆਪ ਹਿੰਦੀ ਭਾਸ਼ਾ ਦੀ ਪਹਿਲੀ ਜੈਨ ਇਸਤਰੀ ਲੇਖਿਕਾ ਸਨ। ਭਾਵੇਂ ਆਪ ਦੇ ਲਿਖੇ ਕਾਫ਼ੀ ਗ੍ਰੰਥਾਂ ਦਾ ਉਰਦੂ ਵਿਚ ਵੀ ਅਨੁਵਾਦ ਹੋਇਆ। ਆਪ ਨੇ ਅਪਣੇ ਜੀਵਨ ਵਿਚ 25 ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ 15 ਕਵਿਤਾ ਰੂਪ ਵਿਚ ਹਨ। ਆਪ ਨੇ ਅਪਣਾ ਧਰਮ ਪ੍ਰਚਾਰ ਮਹਿਲ ਤੋਂ ਝੌਂਪੜੀ ਤਕ ਕੀਤਾ।

ਆਪ ਦਾ ਸਵਰਗਵਾਸ ਸੰ: 1951 ਚੇਤਰ 11 ਨੂੰ ਜਾਲੰਧਰ ਵਿਖੇ ਹੋਇਆ। ਆਪ ਦੀਆਂ ਮੁਖ ਚਾਰ ਚੇਲੀਆਂ ਸਨ। ਸ਼੍ਰੀ ਜੀਤੀ ਜੀ (ਸੰ: 1936) ਸ਼੍ਰੀ ਕਰਮੋਂ ਜੀ (ਸੰ: 1938) ਸ਼੍ਰੀ ਭਗਵਾਨ ਦੇਵੀ (ਸੰ: 1943) ਸ਼੍ਰੀ ਰਾਜਮਤੀ (1949)।

ਸ਼੍ਰੀ ਆਸਾ ਦੇਵੀ ਅੰਮ੍ਰਿਤਸਰ ਵਿਚ ਆਪ ਕੋਲ ਸੰ: 1936 ਮਘਰ ਸ਼ੁਕਲਾ 2 ਨੂੰ ਸਾਧਵੀ ਬਣੀ।

ਸਾਧਵੀ ਸ਼੍ਰੀ ਨਿਹਾਲੀ ਆਪ ਦੀ ਇਕ ਹੋਰ ਪ੍ਰਸਿਧ ਚੇਲੀ ਸੀ, ਜੋ ਆਸ਼ਾ ਦੇਵੀ ਦੇ ਨਾਲ ਹੀ ਜਾਲੰਧਰ ਵਿਖੇ ਸਾਧਵੀ ਬਨੀ। ਆਪ ਦਾ ਨਾਉਂ ਨੰਦ ਕੌਰ ਵੀ ਮਿਲਦਾ ਹੈ।

# ਸਾਧਵੀ ਸ਼੍ਰੀ ਮਥੁਰਾ ਦੇਵੀ ਜੀ ਮਹਾਰਾਜ

ਆਪ 'ਪੁਰ' ਪਿੰਡ ਜ਼ਿਲਾ ਰੋਹਤਕ ਦੀ ਨਿਵਾਸੀ ਸੀ। ਜੈਨ ਮੁਨੀ ਸ਼੍ਰੀ ਭਾਗ ਮਲ ਆਪ ਦੇ ਚਾਚੇ ਦੇ ਸਪੁੱਤਰ ਸਨ। ਆਪ ਨੇ ਸੰ: 1960 ਨੂੰ ਕਾਂਧਲਾ ਵਿਖੇ ਅਚਾਰੀਆ ਸ਼੍ਰੀ ਕਾਂਸ਼ੀ ਰਾਮ ਜੀ ਮਹਾਰਾਜ ਨਾਲ ਸਾਧਵੀ ਦੀਖਿਆ ਲਈ। ਆਪ ਦਾ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਹੈ। ਆਪ ਦਾ ਸਵਰਗਵਾਸ ਸੰ: 2003 ਕੱਤਕ ਸ਼ੁਕਲਾ 7 ਨੂੰ ਬੁਢਲਾਢੇ ਵਿਖੇ ਹੋਇਆ। ਆਪ ਦੀਆਂ ਚਾਰ ਪ੍ਰਮੁਖ ਚੇਲੀਆਂ ਸਨ। (1) ਸਤਿਆ ਵਤੀ ਜੀ (2) ਮਹਾਨ ਸ਼੍ਰੀ ਜੀ (3) ਸ਼੍ਰੀ ਰਾਜ ਮਤੀ ਜੀ (4) ਸ਼੍ਰੀ ਸੁੰਦਰੀ ਜੀ।

# ਸਾਧਵੀ ਸ਼੍ਰੀ ਸੁੰਦਰੀ ਜੀ ਮਹਾਰਾਜ

ਆਪ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਵਿਚ ਪ੍ਰਚਾਰ ਕਰਨ ਵਾਲੀ ਮਹਾਨ ਸਾਧਵੀ ਹਨ। ਆਪ ਦਾ ਜਨਮ ਸੰ: 1981 ਵਿਚ ਪਿੰਡ ਰਾਜਪੁਰਾ (ਜ਼ਿਲਾ ਸੋਨੀਪਤ) ਵਿਖੇ ਹੋਇਆ। ਸੰ: 1996 ਨੂੰ ਆਪ ਨੇ ਮਹਾਸਾਧਵੀ ਸ਼੍ਰੀ ਮਥੁਰਾ ਦੇਵੀ ਕੋਲੋਂ ਜੈਨ ਦੀਖਿਆ ਸੁਨਾਮ ਵਿਖੇ ਗ੍ਰਹਿਣ ਕੀਤੀ। ਆਪ ਜੈਨ ਅਜੈਨ ਗ੍ਰੰਥਾਂ ਦੀ ਮਹਾਨ ਵਿਦਵਾਨ ਸਾਧਵੀ ਹਨ। ਆਪ ਦੇ ਸਾਧਵੀ ਪਰਿਵਾਰ ਵਿਚ 13 ਸਾਧਵੀਆਂ ਧਰਮ ਪ੍ਰਚਾਰ ਕਰ ਰਹੀਆਂ ਹਨ।

# ਸਾਧਵੀ ਸ਼੍ਰੀ ਚੰਦਾ ਜੀ ਮਹਾਰਾਜ

ਆਪ ਦਾ ਜਨਮ ਵਿ. ਸੰ: 1933 ਨੂੰ ਸ਼੍ਰੀ ਖੁਮਾਨ ਸਿੰਘ ਅਤੇ ਸ਼੍ਰੀਮਤੀ ਹਰਸੁਕੁਮਰ ਦੇ ਘਰ ਆਗਰੇ ਵਿਖੇ ਹੋਇਆ। ਆਪ ਨੇ ਸੰ: 1948 ਫਗੁਣ ਸ਼ੁਕਲਾ 3 ਨੂੰ ਕਰਨਾਲ ਵਿਖੇ ਸਾਧਵੀ ਜੀਵਨ ਗ੍ਰਹਿਣ ਕੀਤਾ।

ਆਪ ਮਹਾਨ ਵਿਦਵਾਨ ਸਾਧਵੀ ਸਨ। ਆਪ ਨੇ ਅਨੇਕਾਂ ਧਰਮ ਚਰਚਾਵਾਂ ਕਰ ਕੇ ਜੈਨ ਧਰਮ ਦਾ ਪ੍ਰਚਾਰ ਕੀਤਾ। ਆਪ ਪ੍ਰਵਰਤਨੀ ਰਾਜਮਤੀ ਜੀ ਦੀ ਆਗਿਆ ਵਿਚ ਸੰ: 1956 ਵਿਚ ਆਏ। ਆਪ ਦਾ ਸਵਰਗਵਾਸ ਸੰ: 2009 ਸਾਵਣ ਸ਼ੁਕਲਾ 15 ਨੂੰ ਹੋਇਆ। ਆਪ ਦੀਆਂ 3 ਪ੍ਰਮੁਖ ਚੇਲੀਆਂ ਸਨ। (1) ਸ਼੍ਰੀ ਦੇਵਕੀ ਜੀ (2) ਸ਼੍ਰੀ ਧਨ ਦੇਵੀ ਜੀ (3) ਸ਼੍ਰੀ ਮਥੁਰਾ ਜੀ।

# ਮਹਾਸਾਧਵੀ ਸ਼੍ਰੀ ਭਗਵਾਨ ਦੇਵੀ ਜੀ ਮਹਾਰਾਜ

ਸਾਧਵੀ ਸ਼੍ਰੀ ਭਗਵਾਨ ਦੇਵੀ ਜੀ ਦਾ ਜਨਮ ਸੰ: 1921 ਨੂੰ ਰਾਧਾ ਕ੍ਰਿਸ਼ਨ ਜੀ ਦੇ ਘਰ ਹੋਇਆ। ਆਪਦਾ ਪਰਿਵਾਰ ਇਕ ਮਸ਼ਹੂਰ ਜੈਨ ਘਰਾਨਾ ਸੀ। ਆਪ ਜੀ ਦੀ ਸ਼ਾਦੀ ਸਮਾਨੇ ਵਿਖੇ ਹੋਈ। ਪਰ ਬਦਕਿਸਮਤੀ ਨਾਲ ਆਪ ਛੇਤੀ ਹੀ ਵਿਧਵਾ ਹੋ ਗਏ। ਉਸ ਸਮੇਂ ਆਪ ਦੇ ਇਕ ਪੁਤਰੀ ਵੀ ਹੋਈ। ਨੌਕਰ ਨੇ ਲਾਲਚ ਵਸ਼ ਆਪ ਦੀ ਛੋਟੀ ਜੇਹੀ ਪੁਤਰੀ ਨੂੰ ਮਾਰ ਦਿੱਤਾ। ਭਗਵਾਨ ਦੇਵੀ ਨੂੰ ਸੰਸਾਰ ਦੇ ਸੁਖ ਅਸਾਰ ਜਾਪਣ ਲਗੇ। ਇਕ ਵਾਰ ਪ੍ਰਵਰਤਨੀ ਸ੍ਰੀ ਪਾਰਵਤੀ ਜੀ ਮਹਾਰਾਜ ਮਾਛੀਵਾੜੇ ਪਧਾਰੇ। ਉਨ੍ਹਾਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋਕੇ ਸੰ: 1943 ਜੇਠ ਸ਼ੁਕਲਾ 10 ਨੂੰ ਆਪ ਸਾਧਵੀ ਬਣੇ।

ਆਪ ਦਾ ਸਵਰਗਵਾਸ ਸੰ: 1962 ਨੂੰ ਗੁਜਰਾਂਵਾਲੇ ਵਿਖੇ ਹੋਇਆ। ਆਪ ਨੇ 19 ਸਾਲ ਜੈਨ ਧਰਮ ਦਾ ਪ੍ਰਚਾਰ ਭਾਰਤ ਦੇ ਭਿੰਨ ਭਿੰਨ ਹਿੱਸਿਆਂ ਵਿਚ ਕੀਤਾ। ਆਪ ਦੀਆਂ 4 ਚੇਲੀਆਂ ਸਨ (1) ਸ਼੍ਰੀ ਮਥੁਰਾ ਜੀ ਮਹਾਰਾਜ (2) ਪੂਰਨ ਦੇਵੀ ਜੀ ਮਹਾਰਾਜ (3) ਦਰੋਪਦਾ ਜੀ ਮਹਾਰਾਜ (4) ਲਕਸ਼ਮੀ ਦੇਵੀ ਜੀ ਮਹਾਰਾਜ।

# ਮਹਾਸਾਧਵੀ ਸ਼੍ਰੀ ਦਰੋਪਦਾ ਜੀ ਮਹਾਰਾਜ

ਆਪ ਸ਼੍ਰੀ ਭਗਵਾਨ ਦੇਵੀ ਜੀ ਮਹਾਰਾਜ ਦੀ ਪ੍ਰਮੁਖ ਚੇਲੀ ਸਨ। ਆਪ ਦਾ ਜਨਮ ਅੰਬਾਲੇ ਦੇ ਪ੍ਰਸਿਧ ਜੈਨ ਉਪਾਸਕ ਲਾਲਾ ਮੇਲਾ ਰਾਮ ਅਤੇ ਸ਼੍ਰੀਮਤੀ ਜਮਨਾ ਦੇਵੀ ਦੇ ਘਰ ਸੰ: 1934 ਮਾਘ ਕ੍ਰਿਸ਼ਨਾ 7 ਨੂੰ ਹੋਇਆ। ਆਪ ਨੇ ਸਕੂਲ ਵਿਚ ਉਸ ਸਮੇਂ ਅਨੁਸਾਰ ਸਿਖਿਆ ਗ੍ਰਹਿਣ ਕੀਤੀ। ਆਪ ਦੀ ਸ਼ਾਦੀ 11 ਸਾਲ ਦੀ ਉਮਰ ਵਿਚ ਹੋਈ।

ਇਕ ਵਾਰ ਆਪ ਨੂੰ ਅੰਬਾਲੇ ਵਿਚ ਹੀ ਜੈਨ ਸਾਧਵੀਆਂ ਦੇ ਸੰਪਰਕ ਅਤੇ ਭਾਸ਼ਨ ਸੁਨਣ ਦਾ ਮੌਕਾ ਮਿਲਿਆ। ਆਪ ਦੇ ਉੱਪਰ ਵੈਰਾਗ ਦਾ ਰੰਗ ਚੜ੍ਹ ਗਿਆ। ਪਰੰਪਰਾ ਅਨੁਸਾਰ ਆਪ ਨੇ ਗੁਰੂਆਂ ਦੇ ਚਰਨਾਂ ਵਿਚ ਰਹਿ ਕੇ ਮੁਢਲੀ ਧਾਰਮਿਕ ਸਿਖਿਆ ਗ੍ਰਹਿਣ ਕੀਤੀ।

ਸੰ: 1953 ਫਗੁਣ ਸੁਦੀ ਪੂਰਨਮਾਸ਼ੀ ਨੂੰ ਅਚਾਰੀਆ ਸ਼੍ਰੀ ਮੋਤੀ ਰਾਮ ਜੀ ਮਹਾਰਾਜ ਦੀ ਛਤਰ ਛਾਇਆ ਵਿਚ ਘਰ ਬਾਰ ਤਿਆਗ ਕੇ ਆਪ ਸਾਧਵੀ ਬਣੇ। ਸਾਧਵੀ ਬਣਦੇ ਸਾਰ ਹੀ ਲੰਬੀ ਤਪੱਸਿਆ ਅਤੇ ਵਿਦਿਆ ਅਧਿਐਨ ਸ਼ੁਰੂ ਕੀਤਾ। ਆਪ ਦੀ ਪ੍ਰੇਰਣਾ ਨਾਲ ਅਨੇਕਾਂ ਸ਼ਿਕਾਰੀਆਂ ਨੇ ਸ਼ਿਕਾਰ ਛਡਿਆ। ਕਸਾਈਆਂ ਨੇ ਅਪਣਾ ਧੰਦਾ ਛੱਡ ਕੇ ਖੇਤੀ ਕਰਨੀ ਸ਼ੁਰੂ ਕਰ ਦਿਤੀ। ਪਸ਼ੂ ਬਲੀ ਅਤੇ ਮਾਸਾਹਾਰ ਦਾ ਪ੍ਰਚਾਰ ਘਟਿਆ।

ਸ਼੍ਰੀ ਦਰੋਪਦਾ ਜੀ ਮਹਾਰਾਜ ਦਾ ਸਵਰਗਵਾਸ ਅੰਬਾਲੇ ਵਿਖੇ ਸੰ: 1990 ਨੂੰ ਹੋਇਆ। ਆਪ ਦੀਆਂ 4 ਪ੍ਰਮੁਖ ਚੇਲੀਆਂ ਸਨ। (1) ਸ਼੍ਰੀ ਸੋਮਾ ਜੀ (2) ਸ਼੍ਰੀ ਧਨ ਦੇਵੀ ਜੀ (3) ਸ਼੍ਰੀ ਹੰਸਾ ਜੀ (4) ਸ਼੍ਰੀ ਮੋਹਨ ਦੇਵੀ ਜੀ ਮਹਾਰਾਜ।

# ਸਾਧਵੀ ਸ਼੍ਰੀ ਮੋਹਨ ਦੇਵੀ ਜੀ ਮਹਾਰਾਜ

ਸਾਧਵੀ ਸ਼੍ਰੀ ਮੋਹਨ ਦੇਵੀ ਜੀ ਮਹਾਰਾਜ ਦਾ ਜਨਮ ਸੰ: 1937 ਕੱਤਕ ਕ੍ਰਿਸ਼ਨਾ ਦਸ਼ਮੀ ਨੂੰ ਦਿਲੀ ਵਿਖੇ ਹੋਇਆ। ਆਪ ਦੇ ਪਿਤਾ ਸ਼੍ਰੀ ਕਾਲੂ ਮਲ ਜੈਨ ਅਤੇ ਮਾਤਾ ਗੈਂਦਾ ਦੇਵੀ ਜੀ ਸਨ। ਜੈਨ ਸੰਸਕਾਰ ਬਚਪਨ ਵਿਚ ਆਪ ਵਿਚ ਸਨ। ਆਪ ਨੇ ਛੋਟੀ ਜਿਹੀ ਉਮਰ ਵਿਚ 6 ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ। ਆਪ ਨੇ 8ਵੀਂ ਤਕ ਸਿਖਿਆ ਹਾਸਲ ਕੀਤੀ।

ਸੰ: 1946 ਵਿਚ ਆਪ ਦੀ ਸ਼ਾਦੀ ਹੋਈ। ਆਪ ਦੇ ਸਸੁਰਾਲ ਬਹੁਤ ਅਮੀਰ ਸਨ। 14 ਸਾਲ ਦੀ ਉਮਰ ਵਿਚ ਆਪ ਦੇ ਪਤੀ ਜਗਨਨਾਥ ਦਾ ਸਵਰਗਵਾਸ ਹੋ ਗਿਆ। ਹੁਣ ਆਪ ਸਹੁਰੇ ਘਰ ਰਹਿ ਕੇ ਧਰਮ ਧਿਆਨ ਦੇ ਸਹਾਰੇ ਜੀਵਨ ਗੁਜ਼ਾਰਨ ਲੱਗੇ।

20 ਸਾਲ ਦੀ ਉਮਰ ਵਿਚ ਆਪ ਨੂੰ ਪ੍ਰਵਰਤਨੀ ਸ਼੍ਰੀ ਪਾਰਵਤੀ ਜੀ ਮਹਾਰਾਜ ਦਾ ਉਪਦੇਸ਼ ਸੁਨਣ ਦਾ ਮੌਕਾ ਮਿਲਿਆ। ਆਪ ਦੇ ਨਾਲ ਉਨ੍ਹਾਂ ਦੀ ਚੇਲੀ ਦਰੋਪਦਾ ਜੀ ਮਹਾਰਾਜ ਵੀ ਸਨ।

ਘਰ ਵਾਲਿਆਂ ਦੇ ਸਖਤ ਵਿਰੋਧ, ਲਾਲਚ ਦੇ ਬਾਵਜੂਦ ਆਪ ਨੇ ਸੰ: 1970 ਪੋਹ ਕ੍ਰਿਸ਼ਨਾ 5 ਨੂੰ ਸਾਧਵੀ ਦੀਖਿਆ ਸ਼੍ਰੀ ਦਰੋਪਦਾ ਜੀ ਮਹਾਰਾਜ ਤੋਂ ਗ੍ਰਹਿਣ ਕੀਤੀ। ਸਾਧਵੀ ਬਣਦੇ ਸਾਰ ਹੀ ਆਪ ਨੇ ਜੈਨ ਅਤੇ ਅਜੈਨ ਗ੍ਰੰਥਾਂ ਦਾ ਤੁਲਨਾਤਮਕ ਅਧਿਐਨ ਕੀਤਾ। ਆਪ ਜੀ ਦੀ ਸਾਧਵੀ ਪਰੰਪਰਾ ਵਿਸ਼ਾਲ ਹੈ। ਆਪ ਨੇ ਜੈਨ ਏਕਤਾ, ਸ਼ਾਕਾਹਾਰ ਅਤੇ ਜੈਨ ਵਿਦਿਆ ਦੇ ਖੇਤਰ ਵਿਚ ਅਨੇਕਾਂ ਮਹੱਤਵਪੂਰਨ ਕੰਮ ਕੀਤੇ। ਆਪ ਨੇ ਅਨੇਕਾਂ

ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦਾ ਨਿਰਮਾਨ ਸਮਾਜ ਤੇ ਲੋਕ ਹਿਤ ਵਿਚ ਕੀਤਾ।

29 ਨਵੰਬਰ 1966 ਨੂੰ ਆਪ ਜੀ ਦਾ ਸਵਰਗਵਾਸ ਦਿੱਲੀ ਵਿਖੇ ਹੋਇਆ। ਆਪ ਦਾ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਹੈ।

# ਸਾਧਵੀ ਸ਼੍ਰੀ ਜਗਦੀਸ਼ ਮਤੀ ਜੀ ਮਹਾਰਾਜ

ਆਪ ਇਸ ਖੇਤਰ ਵਿਚ ਧਰਮ ਨੂੰ ਫੈਲਾਉਣ ਵਾਲੀ ਮਹਾਨ ਸਾਧਵੀ ਹਨ। ਆਪ ਦਾ ਜਨਮ ਸੰਨ 1921 ਨੂੰ ਅਲਵਰ (ਰਾਜਸਥਾਨ) ਵਿਖੇ ਹੋਇਆ। 9 ਸਾਲ ਦੀ ਉਮਰ ਵਿਚ ਆਪ ਜੈਨ ਸਾਧਵੀ ਬਣੇ। ਪਰੰਪਰਾ ਅਨੁਸਾਰ ਜੈਨ ਸ਼ਾਸਤਰਾਂ ਦਾ ਅਧਿਐਨ ਕੀਤਾ। ਆਪ ਮਹਾਨ ਤਪੱਸਵਿਨੀ ਹਨ। ਆਪ ਨੇ ਅਪਣਾ ਹੀ ਨਹੀਂ ਸਗੋਂ ਲੱਖਾਂ ਭੁੱਲੇ ਭਟਕੇ ਜੀਵਾਂ ਨੂੰ ਰਾਹ ਵਿਖਾਇਆ ਹੈ। ਆਪ ਕੋਲ 16 ਸਾਧਵੀਆਂ ਰਹਿ ਕੇ ਆਤਮ ਕਲਿਆਨ ਅਤੇ ਧਰਮ ਪ੍ਰਚਾਰ ਕਰ ਰਹੀਆਂ ਹਨ।

# ਸਾਧਵੀ ਸ਼੍ਰੀ ਸੁਭਾਸ਼ ਵਤੀ ਜੀ ਮਹਾਰਾਜ

ਆਪਨੇ ਅਪਣੀ ਸਪੁਤ੍ਰੀ ਸਮੇਤ ਸਾਧਵੀ ਸਤਿਆ ਵਤੀ ਕੋਲੋਂ ਦੀਖਿਆ ਗ੍ਰਹਿਣ ਕੀਤੀ। ਆਪ ਦੀ ਯੋਗ ਮਹਾਨ ਸਪੁਤਰੀ ਸਾਧਵੀ ਸ਼੍ਰੀ ਪ੍ਰਵੇਸ਼ ਕੁਮਾਰੀ ਜੀ ਮਹਾਰਾਜ ਮਹਾਨ ਵਿਦਵਾਨ ਸਨ ਜੋ ਹੁਣ ਸਵਰਗਵਾਸ ਹੋ ਚੁਕੇ ਹਨ। ਆਪ ਦਾ ਸਾਧਵੀ ਪਰਿਵਾਰ ਕਾਫ਼ੀ ਵਿਦਵਾਨ ਅਤੇ ਧਰਮ ਪ੍ਰਚਾਰਕ ਹੈ। ਆਪ ਸ਼ਾਸਤਰਾਂ ਦੀ ਮਹਾਨ ਜਾਨਕਾਰ ਧਰਮ ਪ੍ਰਚਾਰਕ ਹਨ। ਆਪ ਨੇ ਅਪਣਾ ਧਰਮ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਅਤੇ ਰਾਜਸਥਾਨ ਨੂੰ ਬਣਾਇਆ ਹੈ। ਆਪ ਅਜ ਕਲ ਬੁਢਾਪੇ ਕਾਰਨ ਦਿੱਲੀ ਵਿਰਾਜਮਾਨ ਹਨ।

# ਸਾਧਵੀ ਸ਼੍ਰੀ ਸੀਤਾ ਜੀ ਮਹਾਰਾਜ

ਆਪ ਦਾ ਜਨਮ ਗੁਜਰਾਂਵਾਲੇ ਵਿਖੇ ਹੋਇਆ। ਬੜੀ ਛੋਟੀ ਉਮਰ ਵਿਚ ਆਪ ਨੇ ਜੈਨ ਸਾਧਵੀ ਦੀਖਿਆ ਗ੍ਰਹਿਣ ਕੀਤੀ। ਜੈਨ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਆਪ ਨੇ ਅਪਣਾ ਗਿਆਨ ਸਾਰੇ ਸੰਸਾਰ ਨੂੰ ਵੰਡਿਆ ਹੈ। ਆਪ ਚੰਗੀ ਲੇਖਿਕਾ, ਵਕਤਾ ਅਤੇ ਕਵੀ ਹਨ।

# ਮਹਾਸਾਧਵੀ ਸ੍ਰੀ ਕੈਲਾਸ਼ ਵਤੀ ਜੀ ਮਹਾਰਾਜ

ਪੰਜਾਬ ਦੀ ਧਰਤੀ ਜੈਨ ਧਰਮ ਅਤੇ ਭਗਵਾਨ ਮਹਾਵੀਰ ਦੀਆਂ ਸਿਖਿਆਵਾਂ ਫੈਲਾਉਣ ਵਾਲੀ ਸਾਧਵੀ ਸ੍ਰੀ ਕੈਲਾਸ਼ ਵਤੀ ਜੀ ਮਹਾਰਾਜ ਦਾ ਜਨਮ ਸੰ: 1930 ਨੂੰ ਚੌਧਰੀ ਮਾੜੂ ਰਾਮ ਜੈਨ ਅਤੇ ਮਾਤਾ ਭੂਲਾ ਦੇਵੀ ਜੈਨ ਹਿਸਾਰ ਨਿਵਾਸੀ ਦੇ ਘਰ ਹੋਇਆ। ਸ਼ੁਭ ਕਰਮਾਂ ਸਦਕਾ ਆਪ ਨੂੰ ਬਚਪਨ ਵਿਚ ਧਰਮ ਦੀ ਲਗਨ ਲਗ ਪਈ। ਆਪ ਨੇ ਸੰਸਾਰਿਕ ਭੋਗਾਂ ਨੂੰ ਠੋਕਰ ਮਾਰ ਕੇ 14 ਸਾਲ ਦੀ ਉਮਰ ਵਿਚ ਸਾਧਵੀ ਦੀਖਿਆ ਗ੍ਰਹਿਣ ਕੀਤੀ। ਆਪ ਨੇ ਅਪਣਾ ਧਰਮ ਪ੍ਰਚਾਰ ਖੇਤਰ ਸਾਰਾ ਪੰਜਾਬ, ਉੱਤਰ ਪ੍ਰਦੇਸ਼, ਹਰਿਆਣਾ, ਜੰਮੂ ਕਸ਼ਮੀਰ ਅਤੇ ਮੱਧ ਪ੍ਰਦੇਸ਼ ਨੂੰ ਬਣਾਇਆ। ਆਪ ਜੈਨ ਸ਼ਾਸਤਰਾਂ ਦੇ ਉੱਘੇ ਵਿਦਵਾਨ ਹਨ। ਆਪ ਨੇ ਕਈ ਕਵਿਤਾਵਾਂ ਅਤੇ ਭਜਨ ਲਿਖੇ ਹਨ। ਗਰੀਬਾਂ ਦੀ ਮਦਦ ਲਈ ਆਪ ਦੀ ਪ੍ਰੇਰਣਾ ਨਾਲ ਮਹਾਸਤੀ ਧਨ ਦੇਵੀ ਜੈਨ ਫ਼ਰੀ ਹਸਪਤਾਲ ਫ਼ਰੀਦਕੋਟ ਵਿਖੇ ਕੰਮ ਕਰ ਰਿਹਾ ਹੈ।

ਆਪ ਦੀ ਚੇਲੀ ਪ੍ਰਮੁਖ ਸਾਧਵੀ ਓਮ ਪ੍ਰਭਾ ਜੀ ਮਹਾਨ ਵਿਦਵਾਨ ਅਤੇ ਕਾਫ਼ੀ ਭਾਸ਼ਾਵਾਂ ਦੇ ਜਾਨਕਾਰ ਹਨ।

# ਜੈਨ ਸਾਧਵੀ ਸ੍ਰੀ ਸ਼ਸ਼ੀ ਕਾਂਤਾ ਜੀ ਮਹਾਰਾਜ

ਆਪ ਜੀ ਦਾ ਜਨਮ ਪਿੰਡ ਦੇਹਰ ਮੋਣੀ ਜ਼ਿਲਾ ਕਰਨਾਲ ਵਿਖੇ ਸੰਨ 1936 ਨੂੰ ਲਾਲਾ ਮਾਈਪਨ ਦੇ ਘਰ ਹੋਇਆ। ਪਿਛਲੇ ਜਨਮ ਦੇ ਸ਼ੁਭ ਕਰਮਾਂ ਸਦਕਾ ਆਪ ਨੇ ਸਾਧਵੀ ਸ਼੍ਰੀਮਤੀ ਜੀ ਕੋਲੋਂ ਜੈਨ ਸਾਧਵੀ ਦੀਖਿਆ ਗ੍ਰਹਿਣ ਕੀਤੀ। ਆਪ ਨੇ ਜੰਮੂ ਕਸ਼ਮੀਰ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ ਹੈ। ਆਪ ਦਾ ਸਾਧਵੀ ਪਰਿਵਾਰ ਵਿਸ਼ਾਲ ਹੈ।

# ਜੈਨ ਸਾਧਵੀ ਸ੍ਰੀ ਜਿਨੇਸ਼ਵਰੀ ਜੀ ਮਹਾਰਾਜ

ਆਪ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਦੇ ਸਾਧਵੀ ਪਰਿਵਾਰ ਨਾਲ ਸੰਬੰਧਿਤ ਮਹਾਨ ਤਪਸਵਿਨੀ ਸਾਧਵੀ ਹਨ। ਆਪ ਦਾ ਜਨਮ ਪਿੰਡ ਦਹਿਮੀ (ਜ਼ਿਲਾ ਗੁੜਗਾਓਂ) ਵਿਖੇ ਸੰਨ 1920 ਨੂੰ ਹੋਇਆ। ਆਪ ਨੇ ਸੰ: 1934 ਨੂੰ ਜੈਨ ਸਾਧਵੀ ਜੀਵਨ ਗ੍ਰਹਿਣ ਕੀਤਾ। ਆਪ ਜੈਨ ਸ਼ਾਸਤਰਾਂ ਦੀ ਮਹਾਨ ਜਾਨਕਾਰ ਹਨ। ਬੜੇ ਭੋਲੇ ਅਤੇ ਵਿਰਕਤ ਆਤਮਾ ਜੀਵ ਦੇ ਦਰਸ਼ਨ ਬਹੁਤ ਹੀ ਦੁਰਲਭ ਹਨ।

# ਸਾਧਵੀ ਸ਼੍ਰੀ ਸਰਿਤਾ ਜੀ ਮਹਾਰਾਜ

ਆਪ ਮਹਾਨ ਸਾਧਵੀ ਸ਼ਸ਼ੀ ਕਾਂਤਾ ਜੀ ਦੀ ਚੇਲੀ ਹਨ। ਆਪ ਹਿੰਦੀ ਸੰਸਕ੍ਰਿਤ ਦੀ ਐਮ. ਏ. ਹਨ। ਸ਼ਾਸਤਰਾਂ ਦੀ ਜਾਨਕਾਰ ਹਨ। ਆਪ ਦਾ ਜਨਮ ਪਿੰਡ ਜ਼ਾਲਮ ਖੇੜੀ (ਹਿਸਾਰ) ਵਿਖੇ ਸੰ: 1951 ਨੂੰ ਹੋਇਆ। ਆਪ 16 ਫ਼ਰਵਰੀ 1963 ਨੂੰ ਜੈਨ ਸਾਧਵੀ ਬਣੇ। ਆਪ ਦਾ ਪ੍ਰਚਾਰ ਖੇਤਰ ਵਿਸ਼ਾਲ ਹੈ।

### ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ-ਰਤਨ

# ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ

## ਅਤੇ ਉਨ੍ਹਾਂ ਦਾ ਸਾਧਵੀ ਪਰਿਵਾਰ

ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਕਿਸੇ ਇਕ ਜੀਵ ਦਾ ਨਾਂ ਨਹੀਂ ਸਗੋਂ ਇਕ ਵਿਚਾਰ, ਇਕ ਪਰੰਪਰਾ ਅਤੇ ਇਕ ਸੰਸਥਾ ਦਾ ਨਾਂ ਹੈ। ਇਕ ਪੁਸਤਕ ਦੀ ਲੇਖਿਕਾ ਦੇ ਜੀਵਨ ਨੂੰ ਨਵਾਂ ਮੋੜ ਦੇਣ ਵਾਲੀ ਇਸ ਮਹਾਨ ਸਾਧਵੀ ਦਾ ਗੁਣ ਗਾਉਣ ਲਈ ਬ੍ਰਹਸਪਤੀ ਵੀ ਅਸਮਰਥ ਹੈ। ਫੇਰ ਵੀ ਅਪਣੀ ਗੁਰੂਣੀ ਦੇ ਜੀਵਨ ਦੀ ਸੰਖੇਪ ਜਾਣ-ਕਾਰੀ ਦੇ ਰਹੇ ਹਾਂ।

ਲਾਹੌਰ ਦੇ ਜੈਨ ਸਮਾਜ ਵਿਚ ਇਕ ਪ੍ਰਸਿਧ ਘਰਾਨਾ ਲਾਲਾ ਖ਼ਜ਼ਾਨ ਚੰਦ ਜੀ ਦਾ ਰਿਹਾ ਹੈ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਦੁਰਗਾ ਦੇਵੀ ਜੈਨ ਦੀ ਕੁਖੋਂ 26 ਜਨਵਰੀ 1929 ਨੂੰ ਆਪ ਦਾ ਜਨਮ ਹੋਇਆ। ਬਚਪਨ ਤੋਂ ਹੀ ਆਪ ਨੂੰ ਸੰਸਾਰ ਦੇ ਸੁਖ ਅਸਾਰ ਜਾਪਣ ਲੱਗੇ। ਆਪ ਨੇ ਮਹਾਸਾਧਵੀ ਪ੍ਰਵਰਤਨੀ ਸ਼੍ਰੀ ਪਾਰਵਤੀ ਜੀ ਮਹਾਰਾਜ ਦੇ ਦਰਸ਼ਨ ਕੀਤੇ। ਫੇਰ ਵੈਰਾਗ ਜਾਗ ਪਿਆ। ਸੰਸਾਰ ਦੇ ਸਾਰੇ ਭੋਗਾਂ ਨੂੰ ਠੋਕਰ ਮਾਰ ਕੇ ਆਪ ਨੇ ਸਾਧਵੀ ਬਨਣ ਦਾ ਨਿਰਨਾ ਕੀਤਾ। ਘਰ ਵਾਲਿਆਂ ਦੇ ਸਾਰੇ ਲਾਲਚ ਅਤੇ ਡਰ ਆਪ ਨੂੰ ਅਪਣੇ ਇਰਾਦੇ ਤੋਂ ਨਾ ਹਿਲਾ ਸਕੇ। ਆਪ ਦਾ ਪਹਿਲਾ ਨਾਂ ਲੱਜਾਵਤੀ ਸੀ। ਸੱਚਮੁਚ ਆਪ ਜੈਨ ਸਮਾਜ ਦੀ ਲਾਜ ਹਨ। ਫੇਰ ਆਪ ਜੀ ਨੂੰ ਮਹਾਨ ਸਾਧਵੀ ਸ਼੍ਰੀ ਰਾਜ ਮਤੀ ਜੀ ਮਹਾਰਾਜ ਦਾ ਸਹਿਯੋਗ ਪ੍ਰਾਪਤ ਹੋਇਆ।

27 ਅਕਤੂਬਰ ਸੰਨ 1947 ਨੂੰ ਜਾਲੰਧਰ ਛਾਉਣੀ ਵਿਖੇ ਆਪ ਸਾਧਵੀ ਬਣੇ। ਆਪ ਨੇ ਬੀ. ਏ. ਪਾਸ ਕੀਤੀ। ਬਚਪਨ ਵਿਚ ਆਪ ਨੇ ਹਿੰਦੀ, ਉਰਦੂ, ਅੰਗਰੇਜ਼ੀ, ਪੰਜਾਬੀ ਅਤੇ ਫ਼ਾਰਸੀ ਪੁਸਤਕਾਂ ਦਾ ਅਧਿਐਨ ਕੀਤਾ। ਆਪ ਨੇ ਸਾਧਵੀ ਬਣਦੇ ਸਾਰ ਹੀ ਗਿਆਨ, ਧਿਆਨ, ਤਪੱਸਿਆ ਅਤੇ ਸੇਵਾ ਦੀ ਇਕ ਸਾਰ ਅਰਾਧਨਾ ਕੀਤੀ। ਜੈਨ ਅਤੇ ਅਜੈਨ ਗ੍ਰੰਥਾਂ ਦਾ ਅਧਿਐਨ ਵਿਦਵਾਨ ਮੁਨੀਰਾਜ ਅਤੇ ਸਾਧਵੀਆਂ ਤੋਂ ਕੀਤਾ। ਇਹ

ਅਧਿਐਨ ਹੁਣ ਤਕ ਜਾਰੀ ਹੈ ਅਤੇ ਹਮੇਸ਼ਾ ਜਾਰੀ ਰਹੇਗਾ। ਸੇਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਤਪੱਸਿਆ, ਜਾਪ, ਧਿਆਨ ਹਰ ਸਮੇਂ ਜਾਰੀ ਰਹਿੰਦਾ ਹੈ। ਗਰੀਬ, ਯਤੀਮ ਦੁਖਿਆਰੇ ਹਰ ਸਮੇਂ ਆਪ ਦੇ ਚਰਨਾਂ ਵਿਚ ਬੈਠ ਕੇ ਅਧਿਆਤਮਿਕ ਆਨੰਦ ਮਾਣਦੇ ਹਨ। ਮਹਾਰਾਜ ਸ਼੍ਰੀ ਦੇ ਕੰਮਾਂ, ਸੰਸਥਾਵਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਅਪਣੇ 15 ਸਾਲ ਦੇ ਅਨੁਭਵ ਦੇ ਅਧਾਰ ਤੇ ਅਸੀਂ ਜਾਣਦੇ ਹਾਂ ਕਿ ਆਪ ਸਪਸ਼ਟ ਵਕਤਾ, ਮਹਾਨ ਖੋਜੀ ਅਤੇ ਇਤਿਹਾਸਕਾਰ ਹਨ। ਪੂਜ ਅਮਰ ਸਿੰਘ ਜੀ ਮਹਾਰਾਜ ਬਾਰੇ ਸਾਮਗਰੀ ਇਕੱਠੀ ਕਰਨ ਵਿਚ ਆਪ ਨੇ ਸ਼੍ਰੀ ਸੁਮਨ ਮੁਨੀ ਜੀ ਮਹਾਰਾਜ ਦੀ ਬਹੁਤ ਮਦਦ ਕੀਤੀ। ਆਪ ਅਗਿਆਨਤਾ ਦੂਰ ਕਰਨ ਲਈ ਲਾਇਬਰੇਰੀਆਂ, ਧਰਮਸ਼ਾਲਾਵਾਂ, ਸਾਹਿਤ-ਪ੍ਰਕਾਸ਼ਨ, ਧਾਰਮਿਕ ਸਾਮਗਰੀ ਰਾਹੀਂ ਧਰਮ ਪ੍ਰਚਾਰ ਕੀਤਾ ਹੈ। ਇਨ੍ਹਾਂ ਤੋਂ ਛੁੱਟ ਜਾਤਪਾਤ, ਦਹੇਜ ਪ੍ਰਥਾ, ਛੂਆਛੂਤ ਅਤੇ ਅਗਿਆਨਤਾ ਦਾ ਨਾਸ਼ ਕਰਨ ਲਈ ਆਪ ਹਮੇਸ਼ਾ ਤਿਆਰ ਰਹਿੰਦੇ ਹਨ। ਆਪ ਖਾਲੀ ਉਪਦੇਸ਼ ਵਿਚ ਹੀ ਨਹੀਂ ਕੁਝ ਕਰਨ ਵਿਚ ਵੀ ਵਿਸ਼ਵਾਸ ਰਖਦੇ ਹਨ। ਆਪ ਨੇ ਅਨੇਕਾਂ ਸ਼ਾਸਤਰ ਭੰਡਾਰਾਂ ਦੀ ਸੰਭਾਲ ਅਤੇ ਸੂਚੀਆਂ ਦਾ ਕੰਮ ਕੀਤਾ ਹੈ। ਆਪ ਰਾਹੀਂ ਲਿਖਿਆ ਗ੍ਰੰਥ **ਨਿਰਵਾਨ ਪਥਿਕ** ਆਪ ਦੀ ਭਰਪੂਰ ਖੋਜ ਦਾ ਪਰਿਚਾਇਕ ਹੈ।

25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ ਦੀ ਆਪ ਸਰਕਾਰੀ ਮਹਿਮਾਨ ਹਨ। ਆਪ ਦੀ ਪ੍ਰੇਰਣਾ ਅਤੇ ਦੇਖ ਰੇਖ ਵਿਚ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ ਮਾਲੇਰਕੋਟਲਾ ਪੰਜਾਬੀ ਵਿਚ ਪਹਿਲੀ ਵਾਰ ਜੈਨ ਗ੍ਰੰਥਾਂ ਦਾ ਅਨੁਵਾਦ ਅਤੇ 16 ਗ੍ਰੰਥ ਛਾਪ ਚੁਕੀ ਹੈ। 4 ਗ੍ਰੰਥ ਪ੍ਰਕਾਸ਼ਨ ਅਧੀਨ ਹਨ। ਆਪ ਜੈਨ ਏਕਤਾ ਦੇ ਮਹਾਨ ਪ੍ਰਤੀਕ ਹਨ। ਆਪ ਨੇ ਭਗਵਾਨ ਮਹਾਵੀਰ ਦੇ ਅਨੇਕਾਂਤਵਾਦ ਸਿੱਧਾਂਤ ਰਾਹੀਂ ਜੀਵਨ ਦੇ ਹਰ ਮਸਲੇ ਦਾ ਹਲ ਲਭਿਆ ਹੈ। ਮਹਾਸਾਧਵੀ ਪ੍ਰਵਰਤਨੀ ਸ਼੍ਰੀ ਪਾਰਵਤੀ ਜੀ ਮਹਾਰਾਜ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਅਪਣੀ ਪ੍ਰੇਰਣਾ ਰਾਹੀਂ ਇੰਟਰਨੇਸ਼ਨਲ ਪਾਰਵਤੀ ਜੈਨ ਐਵਾਰਡ ਦੀ ਸਥਾਪਨਾ ਕੀਤੀ ਗਈ। ਜੋ ਜੈਨ ਧਰਮ, ਅਹਿੰਸਾ, ਕਲਾ ਅਤੇ ਇਤਿਹਾਸ ਤੇ ਲਿਖੀ ਪੁਸਤਕ ਜਾਂ ਵਿਦਵਾਨ ਨੂੰ ਸਾਲ ਵਿਚ ਇਕ ਵਾਰ ਦਿਤਾ ਜਾਂਦਾ ਹੈ। ਆਪ ਨੇ ਅਪਣਾ ਸਾਰਾ ਸ਼ਾਸਤਰ-ਭੰਡਾਰ ਜੈਨ ਚੇਅਰ ਪੰਜਾਬੀ ਯੂਨੀਵਰਸਟੀ ਨੂੰ ਦਾਨ ਕਰ ਦਿਤਾ। ਜਿਸ ਲਈ ਸੈਨੇਟ ਨੇ ਆਪ ਦਾ ਧੰਨਵਾਦ ਕੀਤਾ ਸੀ। 15 ਫ਼ਰਵਰੀ 1986 ਨੂੰ ਜੈਨ ਚੇਅਰ ਪੰਜਾਬੀ ਯੂਨੀਵਰਸਟੀ ਪਟਿਆਲਾ ਵਲੋਂ ਆਪ ਨੂੰ ਜਿਨ ਸ਼ਾਸਨ ਪ੍ਰਭਾਵਿਕਾ ਦੀ ਪਦਵੀ ਦਿੱਤੀ ਗਈ। ਇਕ ਅਭਿਨੰਦਨ ਪੱਤਰ ਦਿਤਾ ਗਿਆ। ਆਪ ਨੂੰ ਅਚਾਰੀਆ ਆਤਮਾ ਰਾਮ ਜੈਨ ਭਾਸ਼ਨ ਮਾਲਾ ਲਈ ਬੁਲਾਇਆ ਗਿਆ ਸੀ। ਇਸ ਭਾਸ਼ਨ ਮਾਲਾ ਵਿਚ ਆਪ ਨੇ ਅਨੇਕਾਂ ਵਿਦਵਾਨਾਂ ਦੇ ਪ੍ਰਸ਼ਨਾਂ ਦੇ ਉੱਤਰ ਦਿਤੇ। ਆਪ ਖ਼ੁਦ ਹੀ ਵਿਦਵਾਨ ਨਹੀਂ ਸਗੋਂ ਆਪ ਨੇ ਕਈ ਵਿਦਵਾਨ ਤਿਆਰ ਵੀ ਕੀਤੇ ਹਨ। ਇਸ ਕਲਮ ਦੇ ਦੋਵੇਂ ਲੇਖਕ ਆਪ ਦੀ ਕਿਰਪਾ

ਸਦਕਾ ਹੀ ਪੰਜਾਬੀ ਵਿਚ ਲਿਖ ਰਹੇ ਹਨ। ਸ੍ਰੀ ਉੱਤਰਾਧਿਐਨ ਸੂਤਰ, ਸ੍ਰੀ ਉਪਾਸਕ ਦਸ਼ਾਂਗ ਸੂਤਰ ਦਾ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਅਨੁਵਾਦ ਭਗਵਾਨ ਮਹਾਵੀਰ ਦਾ ਜੀਵਨ ਚਾਰਿਤਰ ਆਪ ਦੀ ਪ੍ਰੇਰਨਾ ਤੇ ਆਸ਼ੀਰਵਾਦ ਨਾਲ ਛਪੇ ਹਨ। ਇਹ ਕੰਮ ਜੈਨ ਇਤਿਹਾਸ ਦੇ 2500 ਸਾਲਾਂ ਵਿਚ ਪਹਿਲੀ ਵਾਰ ਹੀ ਹੋਇਆ ਹੈ।

ਗ਼ਰੀਬਾਂ ਨੂੰ ਮੁਫ਼ਤ ਕਿਤਾਬਾਂ, ਕਪੜੇ ਅਤੇ ਮਰੀਜ਼ਾਂ ਲਈ ਦਵਾਈਆਂ ਦਾ ਇੰਤਜ਼ਾਮ ਆਪ ਦੀ ਪ੍ਰੇਰਨਾ ਨਾਲ ਹੁੰਦਾ ਰਹਿੰਦਾ ਹੈ। ਆਪ ਜੈਨ ਸ਼ਾਸਤਰ ਅਨੁਸਾਰ ਉਪਪ੍ਰਵਰਤਨੀ ਹਨ। ਸਮਾਜ ਅਤੇ ਖ਼ਾਸ ਤੌਰ ਤੇ ਪੰਜਾਬੀ ਜੈਨ ਸਮਾਜ ਨੂੰ ਜੈਨ ਇਤਿਹਾਸਕਾਰਾਂ, ਲੇਖਕਾਂ ਨੂੰ ਆਪ ਤੋਂ ਬਹੁਤ ਹੀ ਉਮੀਦਾਂ ਹਨ। ਆਪ ਦਾ ਅਪਣਾ ਧਰਮ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਅਤੇ ਰਾਜਸਥਾਨ ਹੈ।

## ਸਾਧਵੀ ਪਰਿਵਾਰ

ਮਹਾਰਾਜ ਸ੍ਰੀ ਦੇ ਸਾਧਵੀ ਪਰਿਵਾਰ ਵਿਚ ਇਕ ਤੋਂ ਇਕ ਹੋਣਹਾਰ, ਪੜ੍ਹੀਆਂ ਲਿਖੀਆਂ ਸਾਧਵੀਆਂ ਹਨ, ਜੋ ਅਪਣੀ ਗੁਰੂਣੀ ਦੇ ਹੁਕਮ ਅਨੁਸਾਰ ਜੀਵਨ ਕਲਿਆਣ ਕਰ ਰਹੀਆਂ ਹਨ।

ਸਾਧਵੀ ਸ੍ਰੀ ਰਾਜਕੁਮਾਰੀ ਜੀ ਗੁਜਰਾਂਵਾਲੇ ਨਿਵਾਸੀ ਸ੍ਰੀ ਖੈਰਾਇਤੀ ਰਾਮ ਮਾਤਾ ਦੁਰਗਾ ਦੇਵੀ ਦੀ ਸਪੁਤਰੀ ਹਨ। ਆਪ ਦਾ ਜਨਮ ਸੰਨ 1931 ਨੂੰ ਹੋਇਆ। ਸਾਧਵੀ ਦੀਖਿਆ ਜਾਲੰਧਰ ਵਿਖੇ 1950 ਨੂੰ ਹੋਈ। ਆਪ ਪ੍ਰਭਾਕਰ ਪਾਸ ਹਨ।

ਸਾਧਵੀ ਸੁਧਾ ਜੀ ਪੱਟੀ ਨਿਵਾਸੀ ਲਾਲਾ ਤਿਰਲੋਕ ਚੰਦ ਜੀ ਅਤੇ ਮਾਤਾ ਕੌਸ਼ਲਿਆ ਦੀ ਸਪੁਤਰੀ ਹਨ। ਆਪ ਦਾ ਜਨਮ 1943 ਅਤੇ ਦੀਖਿਆ 1965 ਨੂੰ ਕੈਥਲ ਵਿਖੇ ਹੋਈ। ਆਪ ਬੀ. ਏ. ਪਾਸ ਹਨ।

ਸਾਧਵੀ ਸ੍ਰੀ ਵੀਰਕਾਂਤਾ ਜੀ ਦਾ ਜਨਮ ਲਾਹੌਰ ਵਿਖੇ ਲਾਲਾ ਜਗਦੀਸ਼ ਰਾਏ ਅਤੇ ਮਾਤਾ ਵਿਮਲਾ ਦੇਵੀ ਦੀ ਕੁਖੋਂ ਹੋਇਆ। ਆਪ ਐਫ. ਏ. ਪਾਸ ਹਨ। ਸੰਨ 1967 ਵਿਚ ਆਪ ਨੇ ਅੰਬਾਲੇ ਵਿਖੇ ਸਾਧਵੀ ਜੀਵਨ ਗ੍ਰਹਿਣ ਕੀਤਾ।

ਸਾਧਵੀ ਕਮਲੇਸ਼ ਜੀ ਲਾਲਾ ਚਿਰੰਜੀ ਲਾਲ ਅਤੇ ਮਾਤਾ ਸੁੰਦਰੀ ਜੀ ਦੀ ਸਪੁਤਰੀ ਹਨ। ਆਪ ਦਾ ਜਨਮ 16 ਨਵੰਬਰ 1946 ਨੂੰ ਅੰਬਾਲੇ ਵਿਖੇ ਹੋਇਆ। 26 ਮਾਰਚ 1970 ਨੂੰ ਆਪ ਅੰਬਾਲੇ ਵਿਖੇ ਸਾਧਵੀ ਬਣੇ। ਆਪ ਵੀ ਬੀ. ਏ. ਪਾਸ ਹਨ।

ਸਾਧਵੀ ਸ੍ਰੀ ਵਿਜੈ ਜੀ ਦਾ ਜਨਮ ਰੋਪੜ ਵਿਖੇ ਲਾਲਾ ਅਮਰ ਚੰਦ ਅਤੇ ਮਾਤਾ ਰਾਜ ਕੁਮਾਰੀ ਦੀ ਕੁਖੋਂ 14 ਫ਼ਰਵਰੀ 1952 ਨੂੰ ਹੋਇਆ। 28 ਜਨਵਰੀ 1974 ਨੂੰ

ਆਪ ਰੋਪੜ ਵਿਖੇ ਸਾਧਵੀ ਬਣੇ ।

ਸਾਧਵੀ ਸ਼੍ਰੀ ਚੰਦਰ ਪ੍ਰਭਾ ਜੀ ਅੰਬਾਲਾ ਨਿਵਾਸੀ ਲਾਲਾ ਰਾਮ ਕਿਸ਼ਨ ਅਤੇ ਸ਼੍ਰੀਮਤੀ ਸ਼ਕੁੰਤਲਾ ਜੀ ਦੇ ਘਰ 6 ਅਕਤੂਬਰ 1954 ਨੂੰ ਹੋਇਆ। ਆਪ ਨੇ ਰੋਪੜ ਵਿਖੇ 28 ਜਨਵਰੀ 1974 ਨੂੰ ਸਾਧਵੀ ਜੀਵਨ ਗ੍ਰਹਿਣ ਕੀਤਾ।

ਸਾਧਵੀ ਸੰਤੋਸ਼ ਜੀ ਬਲਾਚੌਰ ਨਿਵਾਸੀ ਸ਼੍ਰੀ ਦਰਸ਼ਨ ਲਾਲ ਜੀ ਅਤੇ ਮਾਤਾ ਸਰਸਵਤੀ ਦੀ ਯੋਗ ਸਪੁਤਰੀ ਹਨ। ਆਪ ਦਾ ਜਨਮ 27 ਨਵੰਬਰ 1950 ਨੂੰ ਹੋਇਆ।

ਸਾਧਵੀ ਕਿਰਣ ਜੀ ਅੰਬਾਲਾ ਨਿਵਾਸੀ ਲਾਲਾ ਅਮਰ ਕੁਮਾਰ ਅਤੇ ਮਾਤਾ ਰਾਜ-ਕੁਮਾਰੀ ਦੀ ਸਪੁਤਰੀ ਹਨ। ਆਪ ਦਾ ਜਨਮ 10 ਦਿਸੰਬਰ 1960 ਨੂੰ ਅਤੇ ਦੀਖਿਆ 31 ਮਈ 1979 ਨੂੰ ਬੰਗਾ ਵਿਖੇ ਹੋਈ।

ਸਾਧਵੀ ਸ਼ਰੇਸ਼ਠਾ ਜੀ ਸੰਸਾਰਿਕ ਪੱਖੋਂ ਸਾਧਵੀ ਚੰਦਰ ਪ੍ਰਭਾ ਦੀ ਸੱਕੀ ਭੈਣ ਹਨ। ਆਪ ਦਾ ਜਨਮ 11 ਸਤੰਬਰ 1961 ਅਤੇ ਦੀਖਿਆ 11 ਫਰਵਰੀ 1984 ਨੂੰ ਅੰਬਾਲੇ ਵਿਖੇ ਹੋਈ।

ਸਾਧਵੀ ਵੀਣਾ ਜੀ ਹਨੂਮਾਨ ਗੜ੍ਹ ਦੇ ਲਾਲਾ ਵਿਦਿਆ ਰਤਨ ਜੈਨ ਅਤੇ ਮਾਤਾ ਤ੍ਰਿਸ਼ਲਾ ਦੀ ਸਪੁਤਰੀ ਹਨ। ਆਪ ਦਾ ਜਨਮ 28 ਜਨਵਰੀ 1965 ਅਤੇ ਦੀਖਿਆ ਹਨੂਮਾਨਗੜ੍ਹ ਵਿਖੇ 22 ਅਪਰੈਲ 1984 ਨੂੰ ਹੋਈ।

ਸਾਧਵੀ ਸਮਤਾ ਜੀ ਵੀ ਚੰਦਰ ਪ੍ਰਭਾ ਜੀ ਤੇ ਸਰੇਸ਼ਟਾ ਜੀ ਦੀ ਹੀ ਸੱਕੀ ਭੈਣ ਹਨ। ਆਪ ਦਾ ਜਨਮ 3 ਅਪਰੈਲ 1966 ਨੂੰ ਹੋਇਆ। ਆਪ ਦੀ ਦੀਖਿਆ 30 ਅਪਰੈਲ 1986 ਨੂੰ ਅੰਬਾਲੇ ਵਿਖੇ ਹੋਈ। ਇਸ ਇਕੱਠ ਵਿਚ 206 ਦੇ ਕਰੀਬ ਸਾਧੂ ਸਾਧਵੀਆਂ ਨੇ ਭਾਗ ਲਿਆ ਸੀ।

# ਸਾਧਵੀ ਸ਼੍ਰੀ ਰਾਜੇਸ਼ਵਰੀ ਜੀ ਮਹਾਰਾਜ

## (ਜੰਮੂ ਵਾਲੇ)

ਮਹਾਸਾਧਵੀ ਸ਼੍ਰੀ ਰਾਜੇਸ਼ਵਰੀ ਦੇਵੀ ਜੰਮੂ ਵਾਲੇ ਮਹਾਨ ਜੈਨ ਪ੍ਰਚਾਰਕ ਸਾਧਵੀ ਹਨ। ਆਪ ਦੀ ਦੀਖਿਆ ਛੋਟੀ ਉਮਰ ਵਿਚ ਦਿੱਲੀ ਵਿਖੇ ਹੋਈ।

ਆਪ ਸੰਸਕ੍ਰਿਤ ਪ੍ਰਾਕ੍ਰਿਤ, ਹਿੰਦੀ, ਗੁਜਰਾਤੀ, ਪੰਜਾਬੀ ਭਾਸ਼ਾਵਾਂ ਦੇ ਮਹਾਨ ਵਿਦਵਾਨ ਹਨ। ਜੈਨ ਅਤੇ ਅਜੈਨ ਸਾਹਿਤ ਦੇ ਆਪ ਮਹਾਨ ਦਾਰਸ਼ਨਿਕ ਹਨ। ਆਪ ਦਾ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਹੈ। ਆਪ ਦਾ ਸ਼ਿਸ਼ ਪਰਿਵਾਰ ਆਪ ਦੇ ਪ੍ਰਚਾਰ ਵਿਚ ਹਿੱਸਾ ਪਾ ਰਿਹਾ ਹੈ।

# ਸਾਧਵੀ ਸ੍ਰੀ ਅਭੈ ਕੁਮਾਰੀ ਜੀ ਮਹਾਰਾਜ

ਸਾਧਵੀ ਸ੍ਰੀ ਅਭੈ ਕੁਮਾਰੀ ਜੀ ਪੰਜਾਬ ਦੀ ਮਹਾਨ ਸਾਧਵੀ ਹਨ। ਆਪਨੇ ਸੰਸਾਰਿਕ ਸੁਖਾਂ ਨੂੰ ਠੋਕਰ ਮਾਰ ਕੇ ਸੰਸਾਰ ਦੇ ਭਲੇ ਲਈ ਜੈਨ ਸਾਧਵੀ ਦੀਖਿਆ ਗ੍ਰਹਿਣ ਕੀਤੀ। ਆਪ ਜੀ ਦਾ ਸਾਧਵੀ ਪਰਿਵਾਰ ਵਿਦਵਾਨ ਹੈ। ਆਪ ਨੇ ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਤੋਂ ਸ਼ਾਸਤਰਾਂ ਦਾ ਅਧਿਐਨ ਕੀਤਾ। ਆਪ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ ਵਿਚ ਅਪਣਾ ਧਰਮ ਪ੍ਰਚਾਰ ਕੀਤਾ ਹੈ। ਲੇਖਕਾਂ ਨੂੰ ਆਪ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਪਰ ਪੰਜਾਬ ਦਾ ਪ੍ਰਚਾਰ ਖੇਤਰ ਵਿਸ਼ਾਲ ਹੈ। ਆਪ ਦਾ ਜਨਮ ਸੰ: 1993 ਸਾਵਨ ਸ਼ੁਕਲਾ 7 ਅਤੇ ਦੀਖਿਆ ਸੰ: 2003 ਚੇਤਰ ਸ਼ੁਕਲਾ 13 ਹੈ। ਆਪ ਦੇ ਪਿਤਾ ਲਾਲਾ ਮੁੰਸ਼ੀ ਰਾਮ ਅਤੇ ਮਾਤਾ ਸ਼੍ਰੀਮਤੀ ਭਾਗਵੰਤੀ ਜੀ ਸਨ। ਆਪ ਜੀ ਦੀ ਭੈਣ ਸ਼੍ਰੀਮਤੀ ਸਵਿਤਰੀ ਜੀ ਨੇ ਆਪ ਨਾਲ ਦੀਖਿਆ ਗ੍ਰਹਿਣ ਕੀਤੀ।

# ਸਾਧਵੀ ਸ਼੍ਰੀ ਹੁਕਮੀ ਦੇਵੀ ਜੀ ਮਹਾਰਾਜ

ਮਹਾਨ ਲੇਖਕ ਅਤੇ ਕਵੀ ਸਾਧਵੀ ਸ਼੍ਰੀ ਹੁਕਮੀ ਦੇਵੀ ਜੀ ਮਹਾਰਾਜ ਕੇਵਲੀ ਜੀ ਦੀਆਂ ਪ੍ਰਮੁਖ ਚੇਲੀਆਂ ਵਿਚੋਂ ਇਕ ਹਨ। ਆਪ ਦਾ ਜਨਮ ਨਿਸੋਲੀ (ਜ਼ਿਲਾ ਮੇਰਠ) ਦੇ ਲਾਲਾ ਪ੍ਰਭੂ ਦਿਆਲ ਅਤੇ ਸ਼੍ਰੀਮਤੀ ਭਗਵਾਨ ਦੇਵੀ ਦੇ ਘਰ ਹੋਇਆ। ਛੋਟੀ ਉਮਰ ਵਿਚ ਆਪ ਦੇ ਮਾਤਾ ਜੀ ਦਾ ਸਵਰਗਵਾਸ ਹੋ ਗਿਆ। ਆਪ ਨੂੰ ਸਾਧਵੀ ਪਾਨ ਕੁੰਵਰ ਜੀ ਦੇ ਉਪਦੇਸ਼ ਸੁਨਣ ਦਾ ਮੌਕਾ ਮਿਲਿਆ।

ਸੰ· 1983 ਮਾਘ ਪੂਰਨਮਾਸ਼ੀ ਵਾਲੇ ਦਿਨ ਆਪ ਨੇ ਦਮੋਲੀ ਵਿਖੇ ਦੀਖਿਆ ਗ੍ਰਹਿਣ ਕੀਤੀ।

ਆਪ ਨੇ ਸ਼ਾਸਤਰ ਅਧਿਐਨ ਮਹਾਸਾਧਵੀ ਸ਼੍ਰੀ ਮੋਹਨ ਦੇਵੀ ਜੀ ਮਹਾਰਾਜ ਕੋਲੋਂ ਕੀਤਾ। ਆਪ ਨੇ ਪ੍ਰਾਚੀਨ ਪ੍ਰੰਪਰਾ ਨੂੰ ਧਿਆਨ ਵਿਚ ਰਖਦੇ ਹੋਏ ਅਨੇਕਾਂ ਢਾਲ ਚਪਾਈ ਦੀ ਰਚਨਾ ਕੀਤੀ।

ਇਨ੍ਹਾਂ ਢਾਲਾਂ ਵਿਚੋਂ (1) **ਸ਼੍ਰੀ ਸੁਰਿੰਦਰ ਕੁਮਾਰ ਦੀ ਢਾਲ** (2) **ਸ਼੍ਰੀ ਸੂਰੀਆ ਪ੍ਰੇਮ ਦੀ ਢਾਲ** (3) **ਅਮਰ ਸੇਨ ਵੀਰ ਦੀ ਢਾਲ** ਆਦਿ ਅਨੇਕਾਂ ਢਾਲਾਂ ਪ੍ਰਸਿਧ ਹਨ।

——

# ਮਹਾਸਾਧਵੀ ਸ਼੍ਰੀ ਸ਼ਿਮਲਾ ਜੀ ਮਹਾਰਾਜ

ਆਪ ਦਾ ਜਨਮ ਸਮਾਨਾ ਵਿਖੇ ਲਾਲਾ ਲਭੂ ਰਾਮ ਅਤੇ ਮਾਤਾ ਮਾਨਵਤੀ ਦੇ ਘਰ ਹੋਇਆ। ਸ਼ੁਭ ਕਰਮਾਂ ਦੇ ਸਿੱਟੇ ਵਜੋਂ ਵੈਸਾਖ ਸ਼ੁਕਲਾ 3 ਸੰ: 2019 ਨੂੰ ਆਪ ਜੈਨ ਸਾਧਵੀ ਬਣੇ। ਆਪ ਨੇ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ। ਆਪ ਮਹਾਨ ਲੇਖਕ, ਭਿੰਨ ਭਿੰਨ ਭਾਸ਼ਾਵਾਂ ਦੇ ਜਾਨਕਾਰ ਅਤੇ ਉੱਘੇ ਧਰਮ ਪ੍ਰਚਾਰਕ ਹਨ।

# ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ

## (ਸਾਬਨ ਵਾਲੇ)

ਆਪ ਦਾ ਜਨਮ ਲਾਹੌਰ ਵਿਖੇ ਲਾਲਾ ਲੱਧਾ ਮਲ ਤੇ ਮਾਤਾ ਸਰਸਵੀ ਦੇ ਘਰ ਸੰ: 1988 ਮਾਘ ਕ੍ਰਿਸ਼ਨਾ 7 ਨੂੰ ਹੋਇਆ। ਆਪ ਦੀ ਦੀਖਿਆ ਵੀ ਸੰਨ 1947 ਨੂੰ ਜਿਨਸ਼ਾਸ਼ਨ ਪ੍ਰਭਾਵਿਕਾ ਸ਼੍ਰੀ ਸਵਰਨ ਕਾਂਤਾ ਜੀ ਦੇ ਨਾਲ ਹੀ ਹੋਈ। ਆਪ ਦੀ ਉਮਰ ਵੀ ਜਿਨਸ਼ਾਸਨ ਪ੍ਰਭਾਵਿਕਾ ਸ਼੍ਰੀ ਸਵਰਨ ਕਾਂਤਾ ਜੀ ਦੇ ਬਰਾਬਰ ਹੈ। ਆਪ ਦਾ ਪ੍ਰਚਾਰ ਖੇਤਰ ਪੰਜਾਬ, ਹਰਿਆਣਾ, ਦਿੱਲੀ ਹੈ।

# ਸਾਧਵੀ ਸ਼੍ਰੀ ਕੌਸ਼ਲਿਆ ਜੀ ਮਹਾਰਾਜ

ਆਪ ਦਾ ਜਨਮ ਵੀ ਲਾਹੌਰ ਵਿਖੇ ਲਾਲਾ ਖੈਰਾਇਤੀ ਰਾਮ ਤੇ ਮਾਤਾ ਤਾਰਾ ਦੇਵੀ ਦੇ ਘਰ ਸੰ: 1985 ਨੂੰ ਹੋਇਆ। ਆਪ ਨੇ ਸੰ: 2000 ਨੂੰ ਪਟਿਆਲੇ ਵਿਖੇ ਜੈਨ ਸਾਧਵੀ ਜੀਵਨ ਗ੍ਰਹਿਣ ਕੀਤਾ। ਆਪ ਅਨੇਕਾਂ ਭਾਸ਼ਾਵਾਂ ਤੇ ਜੈਨ ਅਜੈਨ ਗ੍ਰੰਥਾਂ ਦੇ ਮਹਾਨ ਵਿਦਵਾਨ ਹਨ।

# ਸਾਧਵੀ ਸ਼੍ਰੀ ਕੇਸਰਾ ਜੀ ਮਹਾਰਾਜ

ਆਪ ਦਾ ਜਨਮ ਸੰ: 1983 ਨੂੰ ਪੁਰਪਾਚੀ (ਸੋਨੀਪਤ) ਵਿਖੇ ਪਿਤਾ ਕੇਵਲ ਰਾਮ ਅਤੇ ਮਾਤਾ ਛੋਟੀ ਦੇਵੀ ਦੀ ਕੁੱਖੋਂ ਹੋਇਆ। ਆਪ ਨੇ ਪੰਜਾਬ ਵਿਚ ਹੀ ਨਹੀਂ ਦੂਰ ਦੁਰਾਡੇ ਦੇਸ਼ ਦੇ ਕਈ ਹਿੱਸਿਆਂ ਵਿਚ ਧਰਮ ਪ੍ਰਚਾਰ ਕੀਤਾ ਹੈ। ਆਪ ਅਨੇਕਾਂ ਭਾਸ਼ਾਵਾ ਦੀ ਵਿਦਵਾਨ ਸਾਧਵੀ ਹਨ। ਆਪ ਨੇ ਸੰ: 1995 ਨੂੰ ਸਾਵਨ ਦੇ ਮਹੀਨੇ ਸਾਧਵੀ ਮੋਹਨ ਦੇਵੀ ਤੋਂ ਦੀਖਿਆ ਗ੍ਰਹਿਣ ਕੀਤੀ।

# ਸਾਧਵੀ ਸ਼੍ਰੀ ਸ਼ਿਮਲਾ ਜੀ ਮਹਾਰਾਜ

ਆਪਦਾ ਜਨਮ ਅਬੋਹਰ ਵਿਖੇ ਸੰਨ 1942 ਨੂੰ ਲਾਲਾ ਖ਼ੁਸ਼ੀ ਰਾਮ ਜੈਨ ਅਤੇ ਮਾਤਾ ਵਿਦਿਆ ਵਤੀ ਦੇ ਘਰ ਹੋਇਆ। ਆਪ ਨੇ ਸ਼ੁਰੂ ਦੀ ਸਿਖਿਆ ਘਰੋਂ ਹਾਸਲ ਕੀਤੀ। ਆਪ ਦਾ ਪਰਿਵਾਰ ਇਕ ਖੁਸ਼ਹਾਲ ਪਰਿਵਾਰ ਹੈ। ਆਪ ਦੀ ਦੀਖਿਆ ਅਬੋਹਰ ਵਿਖੇ 2 ਮਈ 1971 ਨੂੰ ਸਾਧਵੀ ਸ਼੍ਰੀ ਸੀਤਾ ਜੀ ਮਹਾਰਾਜ ਕੋਲ ਹੋਈ।

# ਸਾਧਵੀ ਸ਼੍ਰੀ ਸੁਨੀਤਾ ਜੀ ਮਹਾਰਾਜ

ਆਪ ਜੈਨ ਸਾਧਵੀ ਮਹਾਨ ਆਤਮਾ ਸ਼੍ਰੀ ਸੁਮਿਤਰਾ ਜੀ ਮਹਾਰਾਜ ਦੀ ਯੋਗ ਚੇਲੀ ਹਨ। ਆਪ ਦਾ ਜਨਮ ਮੋਗਾ ਵਿਖੇ ਲਾਲਾ ਜਗਦੀਸ਼ ਲਾਲ ਅਤੇ ਮਾਤਾ ਪ੍ਰਕਾਸ਼ ਵਤੀ ਦੇ ਘਰ ਹੋਇਆ। 1975 ਵਿਚ ਆਪ ਨੇ ਸੰਸਾਰ ਦੇ ਪ੍ਰਾਪਤ ਸੁੱਖਾਂ ਨੂੰ ਠੋਕਰ ਮਾਰ ਕੇ ਜੈਨ ਸਾਧਵੀ ਦੀਖਿਆ ਗ੍ਰਹਿਣ ਕੀਤੀ। ਆਪ ਨੇ ਸੰਸਕ੍ਰਿਤ ਵਿਚ ਐਮ. ਏ. ਕਰਕੇ ਪੰਜਾਬੀ ਯੂਨੀਵਰਸਟੀ ਪਟਿਆਲੇ ਦੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਆਪ ਯੂਨੀਵਰਸਟੀ ਦੀ ਗੋਲਡ ਮੈਡਲਿਸਟ ਇਕੋ ਇਕ ਸਾਧਵੀ ਹਨ। ਅਜ ਕਲ ਆਪ ਪੀ.-ਐਚ. ਡੀ. ਕਰ ਰਹੇ ਹਨ।

# ਸਾਧਵੀ ਸ਼੍ਰੀ ਹੇਮਕੁੰਵਰ ਜੀ ਮਹਾਰਾਜ

ਸਾਧਵੀ ਸ਼੍ਰੀ ਹੇਮਕੁੰਵਰ ਜੀ ਦਾ ਜਨਮ ਰਾਮਾ ਮੰਡੀ ਦੇ ਇਕ ਖੁਸ਼ਹਾਲ ਪਰਿਵਾਰ ਵਿਚ ਹੋਇਆ। ਆਪ ਨੇ ਪੰਜਾਬ ਤੋਂ ਛੁੱਟ ਰਾਜਸਥਾਨ ਅਤੇ ਜੰਗਲ ਦੇਸ਼ ਨੂੰ ਪਵਿਤਰ ਕੀਤਾ ਹੈ। ਆਪ ਦਾ ਅਧਿਐਨ ਵਿਸ਼ਾਲ ਹੈ। ਅਨੇਕਾਂ ਕਠਿਨਾਈਆਂ ਦੇ ਬਾਵਜੂਦ ਆਪ ਭਗਵਾਨ ਮਹਾਵੀਰ ਦੀਆਂ ਸਿਖਿਆਵਾਂ ਆਮ ਲੋਕਾਂ ਤਕ ਪਹੁੰਚਾ ਰਹੇ ਹਨ।

# ਜੈਨ ਸਾਧਵੀ ਸ਼੍ਰੀ ਮੋਹਨ ਕੁਮਾਰੀ ਜੀ ਮਹਾਰਾਜ

## (ਤਾਰਾ ਨਗਤ)

ਆਪ ਮਹਾਨ ਸਾਧਵੀ ਅਤੇ ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲੀ ਸਾਧਵੀ ਹਨ। ਚੰਗੀ ਸੂਖਮ ਲਿਪਿਕਾਰ, ਕਵਿ, ਅਨੇਕਾਂ ਭਾਸ਼ਾਵਾਂ ਦੇ ਜਾਨਕਾਰ ਹਨ। ਆਪ ਨੇ ਅਨੇਕਾਂ ਪਰਿਵਾਰਾਂ ਨੂੰ ਘਰ ਘਰ ਘੁੰਮ ਕੇ ਭਗਵਾਨ ਮਹਾਵੀਰ ਦਾ ਸੁਨੇਹਾ ਪਹੁੰਚਾਇਆ। ਅਪਣੇ ਗੁਰੂ ਅਚਾਰੀਆ ਤੁਲਸੀ ਜੀ ਮਹਾਰਾਜ ਦੇ ਅਣੂਵਰਤ ਸੁਨੇਹੇ ਨੂੰ ਸਾਰੇ ਭਾਰਤ ਵਰਸ਼

ਤਕ ਪਹੁੰਚਾਇਆ। ਲੇਖਕ ਵਰਗ ਨੂੰ ਤੇਰਾਪੰਥੀ ਸਾਧਵੀਆਂ ਤੋਂ ਸਭ ਤੋਂ ਪਹਿਲਾਂ ਆਪ ਕੋਲੋਂ ਸ਼ਾਸਤਰ ਗਿਆਨ ਸੁਨਣ ਦਾ ਮੌਕਾ ਮਿਲਿਆ। ਆਪ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ ਦੀ ਸਰਕਾਰੀ ਮਹਿਮਾਨ ਮੈਂਬਰ ਹਨ। ਆਪ ਦਾ ਜਨਮ ਸਥਾਨ ਤਾਰਾ ਨਗਰ ਰਾਜਸਥਾਨ ਹੈ। ਆਪ ਅਜ ਕਲ ਮੱਧ ਪ੍ਰਦੇਸ਼ ਵਿਚ ਘੁੰਮ ਰਹੇ ਹਨ। ਆਪ ਨੇ ਕਰੋੜਾਂ ਦੀ ਸੰਪਤੀ ਛੱਡ ਕੇ ਤਿਆਗ ਦਾ ਮਾਰਗ ਗ੍ਰਹਿਣ ਕੀਤਾ। ਆਪ ਮਹਾਨ ਤਪੱਸਵੀ ਹਨ।

### ਮਹਾਨ ਇਤਿਹਾਸਕਾਰ ਘੋਰ ਤਪਸਵਿਨੀ ਸ਼ਰਧੇਯ

## ਸਾਧਵੀ ਸ਼੍ਰੀ ਸੰਘਮਿੱਤਰਾ ਜੀ ਮਹਾਰਾਜ

ਵਰਤਮਾਨ ਸਮੇਂ ਵਿਚ ਜੈਨ ਇਤਿਹਾਸ ਅਤੇ ਜੈਨ ਧਰਮ ਦੇ ਤੁਲਨਾਤਮਕ ਅਧਿਐਨ ਦੇ ਖੇਤਰ ਵਿਚ ਸਾਧਵੀ ਸੰਘ ਮਿੱਤਰਾ ਦਾ ਨਾਂ ਪ੍ਰਮੁਖ ਹੈ। ਆਪ ਅਨੇਕਾਂ ਭਾਸ਼ਾਵਾ ਦੀ ਜਾਣਕਾਰ, ਜੈਨ ਏਕਤਾ ਦੀ ਪ੍ਰਤੀਕ, ਬੜੇ ਕੋਮਲ ਸਭਾਓ ਦੀ ਸਾਧਵੀ ਹਨ। ਤੇਰਾਪੰਥੀ ਜੈਨ ਸੰਘ ਵਿਚ ਆਪ ਦਾ ਪ੍ਰਮੁਖ ਸਥਾਨ ਹੈ। ਹਰ ਮਹੀਨੇ ਅਨੇਕ ਜੈਨ ਅਤੇ ਅਜੈਨ ਪਤ੍ਰਿਕਾਵਾਂ ਵਿਚ ਆਪ ਦੇ ਲੇਖ ਛਪਦੇ ਰਹਿੰਦੇ ਹਨ। ਆਪ ਮਹਾਨ ਚਿਤਰਕਾਰ ਅਤੇ ਅਨੇਕਾਂ ਭਾਸ਼ਾਵਾਂ ਵਿਚ ਕਵਿਤਾਵਾਂ ਲਿਖਣ ਵਿਚ ਵੀ ਆਪਨੂੰ ਮਹਾਰਤ ਹਾਸਲ ਹੈ। ਆਪ ਨੇ ਜੈਨ ਏਕਤਾ ਨੂੰ ਪ੍ਰਮੁਖ ਰਖਦਿਆਂ ਹੋਇਆਂ ਇਕ ਮਹਾਨ ਗ੍ਰੰਥ ਹਿੰਦੀ ਵਿਚ ਲਿਖਿਆ, ਜਿਸ ਵਿਚ ਜੈਨ ਧਰਮ ਦੇ ਸਾਰੇ ਫ਼ਿਰਕਿਆਂ ਦੇ ਨਵੇਂ ਅਤੇ ਪੁਰਾਤਨ ਅਚਾਰੀਆਂ ਦਾ ਜੀਵਨ ਬੜੇ ਇਤਿਹਾਸਕ ਢੰਗ ਨਾਲ ਲਿਖਿਆ ਗਿਆ ਹੈ। ਇਸ ਪ੍ਰਸ਼ੰਸਾ ਯੋਗ ਕਿਤਾਬ ਦਾ ਨਾਂ ਹੈ "ਜੈਨ ਧਰਮ ਕੇ ਜਯੋਤੀਧਰ ਅਚਾਰੀਆ"।

## ਸਾਧਵੀ ਸ਼੍ਰੀ ਕਮਲ ਸ਼੍ਰੀ ਜੀ ਮਹਾਰਾਜ

ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲੀਆਂ ਪ੍ਰਮੁਖ ਸਾਧਵੀਆਂ ਵਿਚੋਂ ਸ਼੍ਰੀ ਕਮਲ ਸ਼੍ਰੀਜੀ ਦਾ ਅਪਣਾ ਸਥਾਨ ਹੈ। ਆਪ ਅਚਾਰੀਆ ਤੁਲਸੀ ਜੀ ਮਹਾਰਾਜ ਦੀ ਚੇਲੀ ਹੋਣ ਦੇ ਨਾਤੇ ਅਣੂਵਰਤ, ਜੈਨ ਧਰਮ ਦਾ ਪ੍ਰਚਾਰ ਲੋਕਾਂ ਦੀ ਆਮ ਭਾਸ਼ਾ ਵਿਚ ਕਰਨ ਵਿਚ ਮਾਹਰ ਹਨ।

ਇਸ ਪੁਸਤਕ ਦੇ ਲੇਖਕਾਂ ਪ੍ਰਤਿ ਆਪ ਦਾ ਆਸ਼ੀਰਵਾਦ ਹਮੇਸ਼ਾ ਰਿਹਾ ਹੈ। ਆਪ ਦੀਆਂ ਅਨੇਕਾਂ ਪੁਸਤਕਾਂ ਛਪ ਚੁਕੀਆਂ ਹਨ ਜੋ ਆਪ ਦੀ ਵਿਦਵੱਤਾ ਦਾ ਪ੍ਰਤੀਕ ਹਨ। ਧੂਰੀ ਚੌਮਾਸੇ ਵਿਖੇ ਦੋਵੇਂ ਲੇਖਕਾਂ ਨੂੰ ਸਾਧਵੀ ਜੀ ਕੋਲੋਂ ਕਾਫ਼ੀ ਤੱਤਵ ਗਿਆਨ

ਸਿੱਖਣ ਦਾ ਮੌਕਾ ਮਿਲਿਆ। ਆਪ ਦੇ ਸੁਝਾਵਾਂ ਨਾਲ ਜੈਨ ਏਕਤਾ ਦੀ ਭਾਵਨਾ ਨੂੰ ਕਾਫੀ ਬਲ ਮਿਲਿਆ। ਆਪ ਦਾ ਗਲਾ ਬਹੁਤ ਹੀ ਸੁਰੀਲੀ ਅਵਾਜ਼ ਦਾ ਮਾਲਕ ਹੈ। ਆਪ ਨੇ ਅਨੇਕਾਂ ਭਾਸ਼ਾਵਾਂ ਦਾ ਗਿਆਨ ਗਰੂ ਅਚਾਰੀਆ ਸ਼੍ਰੀ ਤੁਲਸੀ ਜੀ ਮਹਾਰਾਜ ਤੋਂ ਪ੍ਰਾਪਤ ਕੀਤਾ ਹੈ। ਆਪ ਨੇ ਕਰੋੜਾਂ ਦੀ ਸੰਪੱਤੀ ਤਿਆਗ ਕੇ ਭਗਵਾਨ ਮਹਾਵੀਰ ਰਾਹੀਂ ਦੱਸਿਆ ਸਾਧੂ ਜੀਵਨ ਗ੍ਰਹਿਣ ਕੀਤਾ।

# ਸਾਧਵੀ ਦੇਵ ਸ਼੍ਰੀ ਜੀ ਮਹਾਰਾਜ

ਮੂਰਤੀ ਪੂਜਕ ਸਾਧਵੀਆਂ ਸੰ: 1951 ਨੂੰ ਅਚਾਰੀਆ ਵਿਜੈ ਨੰਦਜੀ ਦੇ ਦਰਸ਼ਨਾਂ ਨੂੰ ਆਈਆਂ। ਉਸ ਸਮੇਂ ਅਚਾਰੀਆ ਜੀ ਜੀਰੇ ਵਿਖੇ ਸਨ। ਉਸ ਸਮੇਂ ਇਨ੍ਹਾਂ ਸਾਧਵੀਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਇਕ ਸ਼੍ਰਾਵਿਕਾ ਸ਼੍ਰੀਮਤੀ ਜੀਵਾ ਬਾਈ ਨੇ ਸਾਧਵੀ ਬਨਣ ਦਾ ਫੈਸਲਾ ਕੀਤਾ। ਆਪ ਨੂੰ ਦੀਖਿਆ ਦੀ ਆਗਿਆ ਲੈਂਣ ਵਿਚ ਸਹੁਰੇ ਤੇ ਪੇਕੇ ਦੋਹਾਂ ਪਾਸਿਓਂ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ, ਪਰ ਆਪ ਦੇ ਦ੍ਰਿੜ੍ਹ ਇਰਾਦੇ ਨੂੰ ਵੇਖ ਕੇ ਆਪ ਨੂੰ ਆਗਿਆ ਮਿਲ ਗਈ। ਸਾਧਵੀ ਬਣ ਕੇ ਆਪ ਨੇ ਵਿਆਕਰਣ, ਸੰਸਕ੍ਰਿਤ, ਪ੍ਰਾਕ੍ਰਿਤ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ।

ਆਪ ਨੇ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਗੁਜਰਾਤ ਵਿਖੇ ਜੈਨ ਧਰਮ ਦਾ ਪ੍ਰਚਾਰ ਕੀਤਾ। ਆਪ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ 3 ਗੁਜਰਾਤੀ ਇਸਤਰੀਆਂ ਸਾਧਵੀਆਂ ਬਣ ਗਈਆਂ। ਆਪ ਨੇ ਸਾਰੇ ਬੜੇ ਬੜੇ ਜੈਨ ਤੀਰਥਾਂ ਦੀ ਯਾਤਰਾ ਕੀਤੀ। ਸੰ: 1997 ਵਿਚ ਗੁਜਰਾਂਵਾਲੇ ਵਿਖੇ ਆਪ ਨੂੰ ਪ੍ਰਵਰਤਨੀ ਪਦਵੀ ਹਾਸਲ ਹੋਈ। ਆਪ ਨੇ ਸ਼੍ਰੀ ਆਤਮਾਨੰਦ ਜੈਨ ਗੁਰੂਕੁਲ ਗੁਜਰਾਂਵਾਲੇ ਦੇ ਨਿਰਮਾਣ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਪਾਕਿਸਤਾਨ ਬਨਣ ਸਮੇਂ ਆਪ ਨੂੰ ਅਨੇਕਾਂ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ। ਆਪ ਸਮੁਚੇ ਸੰਘ ਨਾਲ ਗੁਜਰਾਂਵਾਲੇ ਤੋਂ ਲਾਹੌਰ ਪਹੁੰਚ ਗਈਂ।

ਸੰ: 2004 ਅਸੂ ਸੁਦੀ 6 ਨੂੰ ਆਪ ਦਾ ਸਵਰਗਵਾਸ ਹੋ ਗਿਆ।

ਆਪ ਮਹਾਨ ਤਪੱਸਵਿਨੀ, ਧਰਮ ਪ੍ਰਚਾਰਿਕਾ ਅਤੇ ਸ਼ਾਸਤਰਾਂ ਦੀ ਜਾਣਕਾਰ ਸਨ।

# ਜੈਨ ਸਾਧਵੀ ਸ਼ੀਲ ਸ੍ਰੀ ਜੀ ਮਹਾਰਾਜ

ਆਪ ਦਾ ਜਨਮ ਸੰ: 1950 ਨੂੰ ਰਾਣਪਰਦਾ (ਸੌਰਾਸ਼ਟਰ) ਵਿਖੇ ਹੋਇਆ। ਮਾਤਾ ਪਿਤਾ ਨੇ ਆਪ ਜੀ ਦਾ ਨਾਂ ਸ਼ਿਵਕੁੰਵਰ ਵੈਨ ਰਖਿਆ। ਛੋਟੀ ਉਮਰ ਵਿਚ ਹੀ ਆਪ ਦੀ

ਸ਼ਾਦੀ ਸ਼੍ਰੀ ਡੂੰਗਰਮੀ ਭਾਈ ਸੰਘਵੀ ਨਾਲ ਹੋਈ। 2 ਪੁਤਰ ਅਤੇ ਦੋ ਪੁਤਰੀਆਂ ਪੈਦਾ ਹੋਈਆਂ। ਪਰ ਇਕ ਪੁੱਤਰ, ਇਕ ਪੁਤਰੀ ਅਤੇ ਪਤੀ ਮੌਤ ਦਾ ਸ਼ਿਕਾਰ ਹੋ ਗਏ। ਆਪ ਪੇਕੇ ਘਰ ਆ ਗਏ। ਉਸ ਸਮੇਂ ਪੁੱਤਰ ਦੀ ਉਮਰ 16 ਸਾਲ ਦੀ ਸੀ, ਜੋ ਬਾਅਦ ਵਿਚ ਮੌਤ ਦਾ ਸ਼ਿਕਾਰ ਹੋ ਗਿਆ। ਇਕ ਭਾਨੂਮਤੀ ਪੁੱਤਰੀ ਹੀ ਸਹਾਰਾ ਬਚੀ ' ਇਨ੍ਹਾਂ ਹਾਲਤਾਂ ਨੇ ਆਪ ਨੂੰ ਸੰਸਾਰ ਦੀ ਸੱਚੀ ਤਸਵੀਰ ਦਿਖਾ ਦਿੱਤੀ। ਸੰ: 1995 ਵਿਚ ਆਪ ਨੇ ਸ਼ਤਰੁੰਜੈ ਤੀਰਥ ਵਿਖੇ ਪੰਜਾਬ ਤਪਾਗੱਛ ਦੀ ਪਰਵਰਤਨੀ ਦੇਵ ਸ਼੍ਰੀ ਕੋਲੋਂ ਪੁਤਰੀ ਸਮੇਤ ਦੀਖਿਆ ਗ੍ਰਹਿਣ ਕੀਤੀ। ਆਪ ਦਾ ਨਾਂ ਸ਼ੀਲ ਸ਼੍ਰੀ ਰਖਿਆ ਗਿਆ। ਪੁਤਰੀ ਪ੍ਰਸਿਧ ਸਾਧਵੀ ਸ਼੍ਰੀ ਮਿਰਗਾਵਤੀ ਜੀ ਹਨ।

ਆਪ ਨੇ ਸਮੁੱਚੇ ਭਾਰਤ ਵਰਸ਼ ਵਿਚ ਭਗਵਾਨ ਮਹਾਵੀਰ ਦੇ ਆਦਰਸ਼ਾਂ ਦਾ ਪ੍ਰਚਾਰ ਕੀਤਾ। ਆਪ ਦਾ ਸਵਰਗਵਾਸ 2024 ਮਾਘ ਕ੍ਰਿਸ਼ਨਾ 4 ਨੂੰ 74 ਸਾਲ ਦੀ ਉਮਰ ਵਿਚ ਹੋ ਗਿਆ।

## ਜੈਨ ਸਾਧਵੀ ਮਹੱਤਰਾ ਸ਼੍ਰੀ ਮਿਰਗਾਵਤੀ ਜੀ ਮਹਾਰਾਜ

ਆਪ ਦਾ ਜਨਮ ਸੰ: 1982 ਚੇਤ ਸ਼ੁਕਲਾ 7 ਨੂੰ ਰਾਜਕੋਟ ਦੇ ਨਜ਼ਦੀਕ ਸਰਪਾਰ ਵਿਖੇ ਹੋਇਆ। ਬਚਪਨ ਦਾ ਨਾਂ ਭਾਨੂਮਤੀ ਸੀ। 13 ਸਾਲ ਦੀ ਉਮਰ ਵਿਚ ਆਪ ਨੇ ਅਪਣੀ ਮਾਤਾ ਕੋਲੋਂ ਸਾਧਵੀ ਜੀਵਨ ਗ੍ਰਹਿਣ ਕੀਤਾ।

ਸਾਧਵੀ ਬਣਦੇ ਸਾਰ ਹੀ ਆਪ ਨੇ ਜੈਨ ਅਤੇ ਅਜੈਨ ਦਰਸ਼ਨ ਗ੍ਰੰਥਾਂ, ਇਤਿਹਾਸ, ਪੁਰਾਤੱਤਵ ਦਾ ਡੂੰਘਾ ਅਧਿਐਨ ਕੀਤਾ। ਅਪਣੀ ਗੁਰੂਣੀ ਨਾਲ ਤੀਰਥ ਯਾਤਰਾ ਅਤੇ ਧਰਮ ਪ੍ਰਚਾਰ ਕੀਤਾ। ਸਮਾਜਿਕ ਬੁਰਾਈਆਂ, ਇਸਤਰੀ ਸਿਖਿਆ, ਗਰੀਬਾਂ ਦੀ ਮਦਦ ਲਈ ਆਪ ਹਮੇਸ਼ਾ ਅੱਗੇ ਨਜ਼ਰ ਆਉਂਦੇ ਹਨ।

ਆਪ ਦੇ ਉਪਕਾਰ ਕਾਰਨ ਪੁਰਾਤਨ ਕਾਂਗੜੇ ਤੀਰਥ ਦਾ ਉੱਧਾਰ ਹੋਇਆ। ਜੈਨ ਸਮਾਜ ਨੂੰ ਭਾਰਤ ਸਰਕਾਰ ਨੇ ਇਸ ਤੀਰਥ ਦੀ ਪੂਜਾ ਭਗਤੀ ਦਾ ਅਖ਼ਤਿਆਰ ਦਿੱਤਾ। ਆਪ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਭਾਰਤ ਸਰਕਾਰ ਦੀ ਮੁਖ ਅਤਿਥੀ ਹਨ। ਜੈਨ ਏਕਤਾ ਦਾ ਪ੍ਰਤੀਕ ਵੱਲਭ ਸਮਾਰਕ ਦਿੱਲੀ ਆਪ ਦੀ ਪ੍ਰੇਰਣਾ ਦਾ ਜਿਉਂਦਾ ਜਾਗਦਾ ਸਬੂਤ ਹੈ। ਜੋ 100 ਬਿਘਾ ਜ਼ਮੀਨ ਉੱਪਰ ਉਸਾਰੀ ਅਧੀਨ ਹੈ। ਇਕੱਲੇ ਬੀ. ਐਲ. ਇਨਸਟੀਚੀਊਟ ਆਫ਼ ਇੰਡੋਲੋਜੀ ਨੇ 31 ਲੱਖ ਇਸ ਦੇ ਭਵਨ ਨਿਰਮਾਨ ਲਈ ਦਿੱਤਾ। ਆਪ ਦੀ ਪ੍ਰੇਰਣਾ ਨਾਲ ਪਾਕਿਸਤਾਨ ਵਿਚ ਰਹਿ ਗਏ ਸ਼ਾਸਤਰ ਵਾਪਸ ਭਾਰਤ ਆ ਗਏ। ਇਥੇ ਹੀ ਬਸ ਨਹੀਂ ਸਮੁੱਚੇ ਭਾਰਤ ਦੇ ਸ਼ਾਸਤਰ ਭੰਡਾਰ ਕਾਫ਼ੀ ਗਿਣਤੀ ਵਿਚ ਦਿੱਲੀ ਪੁੱਜ ਚੁਕੇ ਹਨ।

ਆਪ ਨੇ ਅਚਾਰੀਆ ਆਤਮਾਰਾਮ ਜੀ,ਪੰ: ਸੁਖ ਲਾਲ ਸੰਦਾਨੀ, ਦਲਸੁਖ ਮਾਲਵਨੀਆ, ਆਗਮ ਪ੍ਰਭਾਕਰ ਪੁਨ ਵਿਜੈ ਅਤੇ ਜਿਨ ਵਿਜੈ ਜਿਹੇ ਵਿਦਵਾਨਾਂ ਤੋਂ ਸ਼ਾਸਤਰ ਗਿਆਨ ਪ੍ਰਾਪਤ ਕੀਤਾ। ਆਪ ਅਨੇਕਾਂ ਭਾਸ਼ਾਵਾਂ ਦੀ ਜਾਣਕਾਰ ਹਨ। ਆਪ ਦੀਆਂ ਦੋ ਚੇਲੀਆਂ ਸੁਜੇਸ਼ਟਾ ਅਤੇ ਸੁਵਰਤਾ ਵੀ ਆਪ ਦੇ ਅਧਿਐਨ ਵਿਚ ਸ਼ਾਮਲ ਹਨ। ਅਜ ਕੱਲ ਆਪ ਵੱਲਭ ਸਮਾਰਕ ਵਰਗੀ ਵਿਸ਼ਾਲ ਯੋਜਨਾ ਪੂਰੀ ਕਰਕੇ ਅਚਾਰੀਆ ਵਿਜੈ ਵੱਲਭ ਦਾ ਸੁਪਨਾ ਸਾਕਾਰ ਕਰ ਰਹੇ ਹਨ।

# ਸਾਧਵੀ ਆਨੰਦ ਸ੍ਰੀ ਜੀ ਮਹਾਰਾਜ

ਮੁਲਤਾਨ ਨਿਵਾਸੀ ਸ਼੍ਰੀ ਲੂਣਕਰਨ ਅਤੇ ਸ਼੍ਰੀ ਪ੍ਰੇਮਾ ਬਾਈ ਦੇ ਘਰ ਸੰ: 1971 ਨੂੰ ਉੱਤਮ ਬਾਈ ਨਾਂ ਦੀ ਕੰਨਿਆ ਦਾ ਜਨਮ ਹੋਇਆ। ਜੋ 11 ਸਾਲ ਦੀ ਉਮਰ ਵਿਚ ਗੁਜਰਾਂਵਾਲੇ ਦੇ ਲਾਲਾ ਹੀਰਾ ਲਾਲ ਨਾਲ ਸ਼ਾਦੀ ਹੋ ਗਈ। ਅਚਾਰੀਆ ਸ਼੍ਰੀ ਵਿਜੈ ਵੱਲਭ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਸੰ: 2001 ਮਾਘ ਸੁਦੀ 6 ਨੂੰ ਆਪ ਨੇ ਅਪਣੀ ਮਾਤਾ ਸਮੇਤ ਦੀਖਿਆ ਲਈ। ਤਪਾ ਗੱਛ ਵਿਚ ਮਾਤਾ ਸਾਧਵੀ ਹਿਤ ਸ਼੍ਰੀ ਦੀ ਚੇਲੀ ਬਨੀ। ਪੁਤਰੀ ਦਾ ਨਾਂ ਜਸਵੰਤ ਸ਼੍ਰੀ ਰਖਿਆ ਗਿਆ। ਸੰ: 2010 ਜੇਠ ਸੁਦੀ 6 ਨੂੰ 39 ਸਾਲ ਦੀ ਉਮਰ ਵਿਚ ਪਾਟਣ ਵਿਖੇ ਆਪ ਦਾ ਸਵਰਗਵਾਸ ਹੋ ਗਿਆ।

# ਸਾਧਵੀ ਸ਼੍ਰੀ ਜਸਵੰਤ ਸ਼੍ਰੀ ਜੀ ਮਹਾਰਾਜ

ਆਪ ਦਾ ਜਨਮ ਗੁਜਰਾਂਵਾਲੇ ਦੇ ਸ਼੍ਰੀ ਹੀਰਾ ਲਾਲ ਦੇ ਘਰ ਸੰ: 1992 ਨੂੰ ਅੱਤਰਾ ਦੇਵੀ (ਉੱਤਮ ਬਾਈ) ਦੀ ਕੁਖੋਂ ਹੋਇਆ। ਬਚਪਨ ਦਾ ਨਾਂ ਚੰਦ ਰਾਨੀ ਸੀ। ਆਪ ਦੇ ਦੋ ਭਾਈ ਅਤੇ ਦੋ ਭੈਣਾਂ ਹੋਰ ਸਨ। ਆਪ ਨੇ 10 ਸਾਲ ਦੀ ਉਮਰ ਵਿਚ ਆਪਣੀ ਮਾਤਾ ਦੇ ਨਾਲ ਸਾਧਵੀ ਜੀਵਨ ਗ੍ਰਹਿਣ ਕੀਤਾ। ਆਪ ਦੀ ਦੀਖਿਆ ਸੰ: 2001 ਮੱਘਰ ਸੁਦੀ 6 ਨੂੰ ਸ਼ਤਰੁੰਜੈ ਵਿਖੇ ਹੋਈ। ਸਾਧਵੀ ਬਨਣ ਤੋਂ ਬਾਅਦ ਆਪ ਨੇ ਜੈਨ ਅਤੇ ਅਜੈਨ ਸਾਹਿਤ ਦਾ ਅਧਿਐਨ ਭਾਰਤ ਦੇ ਮਹਾਨ ਵਿਦਵਾਨਾਂ ਤੋਂ ਕੀਤਾ। ਆਪ ਨੇ ਕਈ ਵਾਰ ਜੈਨ ਤੀਰਥਾਂ ਦੀ ਯਾਤਰਾ ਕੀਤੀ। ਆਪ ਨੇ ਜੈਨ ਏਕਤਾ ਲਈ ਬਹੁਤ ਕੰਮ ਕੀਤਾ। ਆਪ ਨੇ ਇਕੋ ਮੰਚ ਤੋਂ ਤਿੰਨ ਫ਼ਿਰਕਿਆਂ ਦੇ ਨਾਲ ਇਕੱਠਾ ਉਪਦੇਸ਼ ਕਰਕੇ ਏਕਤਾ ਨੂੰ ਮਜ਼ਬੂਤ ਕੀਤਾ।

ਆਪ ਨੇ ਧਰਮ ਪ੍ਰਚਾਰ ਤੋਂ ਇਲਾਵਾ ਸਮਾਜ ਸੁਧਾਰ ਦੇ ਅਨੇਕਾਂ ਕੰਮ ਕੀਤੇ ਹਨ।

# ਸਾਧਵੀ ਸ਼੍ਰੀ ਪ੍ਰੀਆ ਦਰਸ਼ਨਾ ਸ਼੍ਰੀ ਜੀ ਮਹਾਰਾਜ

ਆਪ ਗੁਜਰਾਂਵਾਲੇ ਨਿਵਾਸੀ ਲਾਲਾ ਮਨੋਹਰ ਲਾਲ ਅਤੇ ਤਿਲਕ ਸੁੰਦਰੀ ਜੀ ਦੀ ਸਪੁੱਤਰੀ ਅਤੇ ਸਾਧਵੀ ਸ਼੍ਰੀ ਜਸਵੰਤ ਸ਼੍ਰੀ ਜੀ ਮਹਾਰਾਜ ਦੀ ਵਿਦਵਾਨ ਚੇਲੀ ਹਨ। ਆਪ ਦਾ ਜਨਮ ਸੰ: 1991 ਨੂੰ ਹੋਇਆ। ਅੱਜ ਕੱਲ ਆਪ ਦਾ ਪਰਿਵਾਰ ਅੰਬਾਲੇ ਆ ਗਿਆ ਹੈ। ਆਪ ਦਾ ਸਾਧਵੀ ਬਨਣ ਤੋਂ ਪਹਿਲਾਂ ਦਾ ਨਾਂ ਪਦਮਾ ਦੇਵੀ ਸੀ। ਆਪ ਨੇ ਮੈਟ੍ਰਿਕ, ਪ੍ਰਭਾਕਰ ਪਾਸ ਕਰਕੇ ਅੰਬਾਲਾ ਵਿਖੇ ਜੈਨ ਸਕੂਲ ਵਿਚ ਨੌਕਰੀ ਕੀਤੀ। ਘਰ ਵਿਚ ਰਹਿ ਕੇ ਬੀ. ਏ. ਦੀ ਡਿਗਰੀ ਹਾਸਲ ਕੀਤੀ। ਘਰ ਵਾਲਿਆਂ ਦੇ ਲੱਖਾਂ ਰੁਕਾਵਟਾਂ ਪਾਉਣ ਦੇ ਬਾਵਜੂਦ ਵੈਰਾਗ ਦੇ ਫੈਸਲੇ ਤੇ ਦ੍ਰਿੜ੍ਹ ਰਹੀਂ। ਆਪ ਨੇ ਪੰ: ਹੀਰਾ ਲਾਲ ਦੁਗੜ ਕੋਲੋਂ ਜੈਨ ਸ਼ਾਸਤਰਾਂ ਦਾ ਡੂੰਘਾ ਅਧਿਐਨ ਕੀਤਾ।

ਅਤੇ 24 ਨਵੰਬਰ 1960 ਨੂੰ ਆਪ ਦੀ ਦੀਖਿਆ ਅਚਾਰੀਆ ਵਿਜੈ ਸਮੁਦਰ ਸੂਰੀ ਹੱਥੋਂ ਸੰਪੰਨ ਹੋਈ। ਆਪ ਨੇ ਅਪਣੀ ਗੁਰੂਣੀ ਦੇ ਕਦਮ ਤੇ ਚਲ ਕੇ ਜੈਨ ਏਕਤਾ ਨੂੰ ਕਾਫੀ ਮਜ਼ਬੂਤ ਕੀਤਾ ਹੈ। ●

# ਸਾਧਵੀ ਸ਼੍ਰੀ ਪ੍ਰਗੁਣਾ ਸ਼੍ਰੀ ਜੀ ਮਹਾਰਾਜ

ਆਪ ਪੱਟੀ ਨਿਵਾਸੀ ਲਾਲਾ ਮਥੁਰਾ ਦਾਸ ਅਤੇ ਗੰਗਾ ਦੇਵੀ ਦੀ ਸਪੁਤਰੀ ਹਨ। ਆਪ ਦਾ ਜਨਮ 21 ਸਿਤੰਬਰ 1947 ਨੂੰ ਹੋਇਆ। ਆਪ ਦਾ ਨਾਂ ਸੁਭਾਸ਼ ਰਾਨੀ ਸੀ। 4 ਫਰਵਰੀ 1965 ਨੂੰ 17 ਸਾਲ ਦੀ ਉਮਰ ਵਿਚ ਆਪ ਸ਼੍ਰੀ ਜਸਵੰਤ ਸ਼੍ਰੀ ਜੀ ਮਹਾਰਾਜ ਦੀ ਚੇਲੀ ਬਣੀਂ।

ਆਪ ਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਜੈਨ ਅਜੈਨ ਗ੍ਰੰਥਾਂ ਦਾ ਵਿਸ਼ਾਲ ਅਧਿਐਨ ਕੀਤਾ ਹੈ। ●

# ਸਾਧਵੀ ਸ਼੍ਰੀ ਪ੍ਰੀਆਧਰਮਾ ਜੀ ਮਹਾਰਾਜ

## ਅਤੇ

# ਸਾਧਵੀ ਸ਼੍ਰੀ ਪ੍ਰੀਆਰਤਨਾ ਜੀ ਮਹਾਰਾਜ

ਆਪ ਜੰਡਿਆਲਾ ਗੁਰੂ ਨਿਵਾਸੀ ਲਾਲਾ ਕਿਸ਼ੋਰੀ ਲਾਲ ਅਤੇ ਕਮਲਾ ਦੇਵੀ ਦੀ ਸਪੁੱਤਰੀ ਹਨ। ਆਪ ਦਾ ਜਨਮ ਸੰ: 2015 ਨੂੰ ਹੋਇਆ। ਆਪ ਦਾ ਨਾਂ ਨੂਤਨ ਬਾਲਾ ਸੀ। ਦਸਵੀਂ ਪੂਰੀ ਕਰਕੇ 14 ਅਕਤੂਬਰ 1974 ਨੂੰ ਆਪ ਸਾਧਵੀ ਬਣੀਂ। ਆਪ ਨੇ

ਅਪਣੀ ਗੁਰੂਣੀ ਦੇ ਨਾਲ ਹੀ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ ਹੈ। ਆਪ ਦੀ ਸੱਕੀ ਭੈਣ ਸਰੋਜ ਬਾਲਾ ਵੀ ਸੰ: 2035 ਨੂੰ ਗੁਜਰਾਤ ਦੇ ਸੇਰਸਾ ਵਿਖੇ ਸਾਧਵੀ ਬਣ ਗਈਂ। ਸਰੋਜ ਬਾਲਾ ਦਾ ਨਾਂ ਸਾਧਵੀ ਸ਼੍ਰੀ ਪ੍ਰਿਆ ਰਤਨਾ ਸ਼੍ਰੀ ਰਖਿਆ ਗਿਆ। ●

# ਸਾਧਵੀ ਸ਼੍ਰੀ ਹਰਸ਼ਪ੍ਰਭਾ ਸ਼੍ਰੀ ਜੀ ਮਹਾਰਾਜ

ਫ਼ਰੀਦਕੋਟ ਨਿਵਾਸੀ ਲਾਲਾ ਨਰਪਤ ਰਾਏ ਅਤੇ ਚਨਣ ਦੇਵੀ ਦੀ ਸਪੁੱਤਰੀ ਦਾ ਜਨਮ 19 ਅਕਤੂਬਰ 1947 ਨੂੰ ਹੋਇਆ। ਆਪ ਦੇ ਦੋ ਭਾਈ ਮਾਲੇਰ ਕੋਟਲਾ ਆ ਗਏ। ਆਪ ਦਾ ਨਾਂ ਕਮਲੇਸ਼ ਕਾਂਤਾ ਸੀ। ਆਪ ਨੇ ਸਾਧਵੀ ਜਸਵੰਤ ਸ਼੍ਰੀ ਤੋਂ 5 ਅਕਤੂਬਰ 1970 ਨੂੰ ਗਵਾਲੀਅਰ ਵਿਖੇ ਜੈਨ ਦੀਖਿਆ ਗ੍ਰਹਿਣ ਕੀਤੀ। ਆਪ ਨੇ ਘਰ ਵਿਚ ਰਹਿ ਕੇ ਮੈਟ੍ਰਿਕ ਤਕ ਸਿਖਿਆ ਹਾਸਲ ਕੀਤੀ।

# ਸਾਧਵੀ ਯਸ਼ਪ੍ਰਭਾ ਸ਼੍ਰੀ ਜੀ ਮਹਾਰਾਜ
## ਅਤੇ
# ਸਾਧਵੀ ਨਿਰਮਲਾ ਸ਼੍ਰੀ ਜੀ ਮਹਾਰਾਜ

ਆਪ ਗੁਜਰਾਤੀ ਸਾਧਵੀਆਂ ਹਨ ਪਰ ਪੰਜਾਬੀ ਤਪਾਗੱਛ ਦੇ ਅਚਾਰੀਆ ਸ਼੍ਰੀ ਸਮੁਦਰ ਵਿਜੇ ਜੀ ਮਹਾਰਾਜ ਦੀ ਆਗਿਆ ਨਾਲ ਪੰਜਾਬ, ਹਰਿਆਣਾ ਧਰਮ ਪ੍ਰਚਾਰ ਲਈ ਘੁੰਮਿਆ। ਸਾਧਵੀ ਸ਼੍ਰੀ ਯਸ਼ ਪ੍ਰਭਾ ਦਾ ਸਵਰਗਵਾਸ ਹੋ ਚੁਕਿਆ ਹੈ। ਨਿਰਮਲਾ ਸ਼੍ਰੀ ਮਹਾਨ ਵਿਦਵਾਨ, ਕਈ ਭਾਸ਼ਾਵਾਂ ਦੀ ਜਾਣਕਾਰ ਸਾਧਵੀ ਹਨ। ਚੰਗੀ ਹਿੰਦੀ, ਗੁਜਰਾਤੀ ਤੇ ਰਾਜਸਥਾਨੀ ਵਿਚ ਭਾਸ਼ਨ ਕਰ ਸਕਦੇ ਹਨ। ਆਪ ਨੇ ਮਾਲੇਰ ਕੋਟਲਾ ਵਿਖੇ ਚਤੁਰਮਾਸ ਕਰਕੇ ਆਮ ਲੋਕਾਂ ਨੂੰ ਕਾਫ਼ੀ ਲਾਭ ਪਹੁੰਚਾਇਆ। ਆਪ ਨੇ ਜੰਮੂ ਤਕ ਧਰਮ ਪ੍ਰਚਾਰ ਕੀਤਾ। ਆਪ ਨੇ ਅਨੇਕਾਂ ਵਾਰ ਅਪਣੇ ਧਰਮ ਪਰਿਵਾਰ ਨਾਲ ਤੀਰਥ ਯਾਤਰਾ ਕੀਤੀ ਹੈ।

# ਸਾਧਵੀ ਸ੍ਰੀ ਉਮਰਾਓ ਕੁੰਵਰ ਜੀ ਮਹਾਰਾਜ

ਆਪ ਦਾ ਜਨਮ ਸੰ: 1979 ਭਾਦੋਂ 7 ਨੂੰ ਦਾਦੀਆ ਪਿੰਡ (ਕਿਸ਼ਨ ਰਾਜ) ਵਿਖੇ ਹੋਇਆ। ਆਪ ਨੇ ਸੰ: 1994 ਨੂੰ ਨੋਖਾ ਵਿਧ ਸਾਧਵੀ ਸ੍ਰੀ ਸਰਦਾਰ ਕੁੰਵਰ ਤੋਂ ਦੀਖਿਆ ਗ੍ਰਹਿਣ ਕੀਤੀ।

ਆਪ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਗੁਜਰਾਤੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੇ ਉੱਘੇ ਵਿਦਵਾਨ ਹਨ। ਆਪ ਨੇ ਭਾਰਤੀ ਅਤੇ ਵਿਦੇਸ਼ੀ ਦਰਸ਼ਨਾਂ ਦਾ ਅਧਿਐਨ ਕੀਤਾ ਹੈ। ਆਪ ਨੇ ਰਾਜਸਥਾਨ, ਪੰਜਾਬ, ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿਖੇ ਜੈਨ ਧਰਮ ਦਾ ਪ੍ਰਚਾਰ ਕੀਤਾ। ਆਪ ਦੀਆਂ 15 ਪੁਸਤਕਾਂ ਹਿੰਦੀ ਭਾਸ਼ਾ ਵਿਚ ਛਪ ਚੁਕੀਆਂ ਹਨ। ਇਨ੍ਹਾਂ ਵਿਚੋਂ ਨੰਦੀ ਸੂਤਰ ਦਾ ਨਾਂ ਪ੍ਰਸਿਧ ਹੈ।

# ਜੈਨ ਸਾਧਵੀ ਸ੍ਰੀ ਮਹਿੰਦਰਾ ਜੀ ਮਹਾਰਾਜ

ਆਪ ਸ੍ਰਮਣੀ ਸੰਘ ਦੀ ਪ੍ਰਮੁਖ ਜੈਨ ਸਾਧਵੀ ਹਨ। ਆਪ ਦਾ ਜਨਮ ਇਕ ਅਮੀਰ ਘਰਾਨੇ ਵਿਚ ਹੋਇਆ। ਛੋਟੀ ਉਮਰ ਵਿਚ ਸੰਸਾਰਿਕ ਸੁਖਾਂ ਨੂੰ ਤਿਆਗ ਕੇ ਆਪ ਨੇ ਜੈਨ ਸਾਧਵੀ ਮਾਰਗ ਗ੍ਰਹਿਣ ਕੀਤਾ। ਆਪ ਨੇ ਸਕੂਲੀ ਸਿਖਿਆ ਪੂਰੀ ਕਰਕੇ ਜੈਨ ਗ੍ਰੰਥਾਂ ਦਾ ਅਧਿਐਨ ਗੁਰੂ ਪਰੰਪਰਾ ਅਨੁਸਾਰ ਕੀਤਾ। ਆਪ ਕਈ ਭਾਸ਼ਾਵਾਂ ਦੇ ਜਾਨਕਾਰ ਹਨ। ਆਪ ਨੇ ਪੰਜਾਬ, ਹਰਿਆਣਾ, ਜਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਦਿਲੀ ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ ਹੈ। ਆਪ ਦੀ ਪ੍ਰਸਿੱਧ ਚੇਲੀ ਜਨਕ ਕੁਮਾਰੀ ਜੀ ਹਨ ਜੋ ਜੈਨ ਦਰਸ਼ਨ ਅਤੇ ਇਤਹਾਸ ਵਿਚ ਪ੍ਰਵੀਨ ਹਨ।

# ਜੈਨ ਸਾਧਵੀ ਸ੍ਰੀ ਕੁਸਮ ਲਤਾ ਜੀ ਮਹਾਰਾਜ

ਪੰਜਾਬ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲੀ ਇਕ ਮਹਾਨ ਸਾਧਵੀ ਸ੍ਰੀ ਕੁਸਮਲਤਾ ਜੀ ਮਹਾਰਾਜ ਦਾ ਪ੍ਰਮੁਖ ਟੋਲਾ ਹੈ। ਆਪ ਨਾਲ ਸਾਧਵੀ ਸ੍ਰੀ ਅਰਚਨਾ ਜੀ ਆਦਿ ਉਪਾਧਿਆਇ ਸ੍ਰੀ ਮਨੋਹਰ ਮੁਨੀ ਜੀ ਤੋਂ ਸ਼ਾਸਤਰ ਅਧਿਐਨ ਕਰ ਰਹੀਆਂ ਹਨ। ਆਪਦਾ ਜ਼ਿਆਦਾ ਸਮਾਂ ਦਿਲੀ, ਹਰਿਆਣੇ ਵਿਖੇ ਬੀਤਿਆ ਹੈ। ਅਜ ਕਲ ਆਪ ਪੰਜਾਬ ਦੇ ਭਿੰਨ ਭਿੰਨ ਹਿੱਸਿਆਂ ਵਿਚ ਘੁਮ ਕੇ ਭਗਵਾਨ ਮਹਾਵੀਰ ਅਤੇ ਸੱਚ ਦਾ ਸੰਦੇਸ਼ ਫੈਲਾ ਰਹੇ ਹਨ।

# ਮਾਤਾ ਗਿਆਨ ਮਤੀ ਜੀ ਮਹਾਰਾਜ

ਆਪ ਦਿਗੰਬਰ ਸੰਪਰਦਾਏ ਦੀ ਪ੍ਰਸਿਧ ਜੈਨ ਸਾਧਵੀ ਹਨ। ਆਪ ਨੇ ਸਾਰੇ ਭਾਰਤ ਵਰਸ਼ ਵਿਚ ਧਰਮ ਪ੍ਰਚਾਰ ਕੀਤਾ। ਆਪ ਨੇ ਹਿੰਦੀ ਆਦਿ ਭਾਸ਼ਾ ਵਿਚ 100 ਤੋਂ ਜ਼ਿਆਦਾ ਗ੍ਰੰਥਾਂ ਦੀ ਰਚਨਾ ਕੀਤੀ ਹੈ। ਆਪ ਦਾ ਪ੍ਰਚਾਰ ਖੇਤਰ ਹਰਿਆਣਾ, ਦਿਲੀ ਉੱਤਰ ਪ੍ਰਦੇਸ਼ ਹੈ। ਆਪ ਨੇ ਹਸਤਨਾਪੁਰ ਵਿਖੇ ਜੰਬੂਦੀਪ ਨਾਂ ਦੇ ਤੀਰਥ ਦੀ ਰਚਨਾ ਜੈਨ ਭੂਗੋਲ ਅਨੁਸਾਰ ਕੀਤੀ ਹੈ ਜੋ ਕਿ ਭਾਰਤ ਦੇ ਵੇਖਣ ਯੋਗ ਤੀਰਥਾਂ ਵਿਚੋਂ ਇਕ ਹੈ।

★






# ਨਵੀਂ ਜੈਨ ਪਰੰਪਰਾ

# ਨਵੀਂ ਜੈਨ ਪਰੰਪਰਾ

ਭਗਵਾਨ ਮਹਾਵੀਰ ਤੋਂ ਲੈ ਕੇ ਹੁਣ ਤਕ ਜੈਨ ਪਰੰਪਰਾ ਵਿਚ ਅਨੇਕਾਂ ਨਵੇਂ ਫ਼ਿਰਕੇ ਜਨਮ ਲੈਂਦੇ ਰਹੇ ਹਨ। ਉਨ੍ਹਾਂ ਫ਼ਿਰਕਿਆਂ ਦੇ ਜਨਮ ਦਾ ਅਧਾਰ ਕੁਝ ਬਾਹਰਲੀਆਂ ਪਰੰਪਰਾਵਾਂ ਹਨ। ਸਾਰੇ ਸਾਧੂ ਅਪਣੇ ਆਪ ਨੂੰ ਜੈਨ ਸ਼ਾਸਤਰਾਂ ਅਨੁਸਾਰ ਮੰਨਦੇ ਆ ਰਹੇ ਹਨ। ਭਗਵਾਨ ਮਹਾਵੀਰ ਸਮੇਂ ਭਗਵਾਨ ਪਾਰਸ਼ ਨਾਥ ਦੀ ਪਰੰਪਰਾ ਦੇ ਕਪੜਿਆਂ ਵਾਲੇ ਸਾਧੂਆਂ ਦਾ ਵਿਸ਼ਾਲ ਸੰਘ ਸੀ। ਜਦੋਂ ਕਿ ਭਗਵਾਨ ਮਹਾਵੀਰ ਦੇ ਜ਼ਿਆਦਾ ਸਾਧੂ ਕਪੜੇ ਤੋਂ ਰਹਿਤ ਸਨ। ਇਹ ਪ੍ਰਮਾਣ ਪ੍ਰਾਚੀਨ ਜੈਨ ਆਗਮ ਸ਼੍ਰੀ ਉੱਤਰਾਧਿਐਨ ਸੂਤਰ, ਭਗਵਤੀ ਸੂਤਰ ਵਿਚ ਆਮ ਮਿਲਦਾ ਹੈ। ਇਹੋ ਪਰੰਪਰਾਵਾਂ ਅੱਗੇ ਚਲ ਕੇ ਸ਼ਵੇਤਾਂਬਰ ਤੇ ਦਿਗੰਬਰ ਅਖਵਾਈਆਂ। ਪਰ ਇਨ੍ਹਾਂ ਦਾ ਅਧਾਰ ਪਹਿਲਾਂ ਮੌਜੂਦ ਸੀ। ਇਸੇ ਪ੍ਰਕਾਰ ਸ਼ਵੇਤਾਂਬਰ ਫ਼ਿਰਕੇ ਦੇ ਤਿੰਨ ਫ਼ਿਰਕੇ ਹਨ (1) ਮੂਰਤੀ ਪੂਜਕ (2) ਸਥਾਨਕ ਵਾਸੀ (3) ਤੇਰਾ ਪੰਥੀ। ਪਹਿਲੇ ਦੋ ਫ਼ਿਰਕੇ ਆਪਣਾ ਸੰਬੰਧ ਭਗਵਾਨ ਮਹਾਵੀਰ ਦੀ ਪੁਰਾਤਨ ਪਰੰਪਰਾ ਨਾਲ ਜੋੜਦੇ ਹਨ।

20ਵੀਂ ਸਦੀ ਵਿਚ ਜਿਥੇ ਵਿਗਿਆਨ ਨੇ ਹਰ ਪੱਖੋਂ ਤਰੱਕੀ ਕੀਤੀ ਹੈ ਉਥੇ ਧਰਮ ਨੇ ਵਿਗਿਆਨ ਦੇ ਪ੍ਰਚਾਰ ਮਾਧਿਅਮਾਂ ਨਾਲ ਰੇਡੀਓ, ਟੈਲੀਵੀਜ਼ਨ ਤੇ ਸਮਾਚਾਰ ਪੱਤਰਾਂ ਨੂੰ ਅਪਨਾਇਆ ਹੈ। ਕਾਫ਼ੀ ਸਮੇਂ ਤੋਂ ਕੁਝ ਪੜ੍ਹੇ ਲਿਖੇ ਜੈਨ ਮੁਨੀਆਂ ਦੇ ਮਨ ਵਿਚ ਜੈਨ ਧਰਮ ਦੇ ਵਿਦੇਸ਼ਾਂ ਵਿਚ ਪ੍ਰਚਾਰ ਲਈ ਤੜਫ ਸੀ। ਕੁਝ ਪ੍ਰਾਚੀਨ ਪਰੰਪਰਾਵਾਂ ਕਾਰਨ ਇਹ ਸਭ ਅਸੰਭਵ ਜਾਪਦਾ ਸੀ, ਪਰ ਕੁਝ ਵਿਦਵਾਨ ਸਾਧੂ, ਸਾਧਵੀਆਂ ਨੇ ਭਗਵਾਨ ਮਹਾਵੀਰ ਦੇ 2500 ਸਾਲਾ ਨਿਰਵਾਨ ਸਮੇਂ ਇਹ ਅਨੁਭਵ ਕੀਤਾ ਕਿ ਜੈਨ ਧਰਮ ਨੂੰ ਭਾਰਤ ਦੀਆਂ ਹੱਦਾਂ ਤੋਂ ਦੂਰ ਪਹੁੰਚਾਣਾ ਚਾਹੀਦਾ ਹੈ। ਇਨ੍ਹਾਂ ਮੁਨੀਆਂ ਦਾ ਆਖਣਾ ਸੀ ਕਿ ਜੈਨ ਧਰਮ ਵਿਚ ਸਵਾਰੀ ਇਸ ਕਰਕੇ ਮਨ੍ਹਾ ਹੈ ਕਿਉਂਕਿ ਇਸ ਨਾਲ ਮਨੁੱਖ ਤੇ ਪਸ਼ੂ ਨੂੰ ਕਸ਼ਟ ਪਹੁੰਚਦਾ ਹੈ। ਪੁਰਾਤਨ ਕਾਲ ਤੋਂ ਜੈਨ ਸਾਧੂ ਕਿਸ਼ਤੀ ਵਿਚ ਬੈਠਦੇ ਰਹੇ ਹਨ। ਕਿਸ਼ਤੀ ਦੀ ਯਾਤਰਾ ਦੋਸ਼ਪੂਰਨ ਨਹੀਂ ਤਾਂ ਹਵਾਈ ਜਹਾਜ਼, ਕਾਰ, ਰੇਲ ਗੱਡੀ ਦੀ ਕਿਵੇਂ ਹੋ ਸਕਦੀ ਹੈ। ਦੂਸਰਾ ਇਨ੍ਹਾਂ ਮੁਨੀਆਂ ਦਾ ਤਰਕ ਸੀ ਕਿ ਪ੍ਰਾਚੀਨ ਕਾਲ ਵਿਚ ਪਿੰਡਾਂ ਵਿਚ ਆਮ ਜੈਨ ਰਹਿੰਦੇ ਸਨ ਜਿਸ ਲਈ ਪ੍ਰਚਾਰ ਕਰਨਾ ਸੁਖਾਲਾ ਸੀ, ਹੁਣ ਜੈਨ ਲੋਕ ਸ਼ਹਿਰਾਂ ਵਿਚ ਆ ਗਏ ਹਨ। ਪਿੰਡਾਂ ਵਿਚ ਸ਼ੁਧ ਆਹਾਰ ਦੇਣ ਵਾਲੇ ਅਤੇ ਅਹਾਰ ਵਿਧੀ ਜਾਨਣ ਵਾਲੇ ਘੱਟ ਹਨ (3) ਇਨ੍ਹਾਂ ਮੁਨੀਆਂ ਦੀ ਇਕ ਦਲੀਲ ਇਹ ਵੀ ਸੀ ਕਿ

ਅੱਜ ਕਲ ਸਾਧਵੀਆਂ ਲਈ ਪੈਦਲ ਚਲਨਾ ਖਤਰੇ ਤੋਂ ਖਾਲੀ ਨਹੀਂ। ਇਸ ਨਾਲ ਸਮਾਂ ਬਰਬਾਦ ਹੁੰਦਾ ਹੈ। ਗ੍ਰਹਿਸਥ (ਉਪਾਸਕ) ਕੋਲ ਵੀ ਸਾਧੂਆਂ ਨਾਲ ਚਲਨ ਅਤੇ ਉਨ੍ਹਾਂ ਦੀ ਸਾਰ ਸੰਭਾਲ ਦਾ ਸਮਾਂ ਨਹੀਂ। ਇਨ੍ਹਾਂ ਮੁਨੀਆਂ ਤੋਂ ਪਹਿਲਾਂ 19ਵੀਂ ਸਦੀ ਵਿਚ ਅਚਾਰੀਆ ਵਿਜੈਨੰਦ ਜੀ ਦੀ ਪ੍ਰੇਰਣਾ ਨਾਲ ਵੀਰ ਰਾਘਵਚੰਦ ਗਾਂਧੀ ਵਿਦੇਸ਼ਾਂ ਵਿਚ ਧਰਮ ਪ੍ਰਚਾਰ ਲਈ ਗਏ ਸਨ। ਦਿਗੰਬਰ ਜੈਨ ਚੰਪਤ ਰਾਏ ਵੀ ਇੰਗਲੈਂਡ ਵਿਚ ਇਸ ਸਦੀ ਵਿਚ ਪ੍ਰਚਾਰ ਕਰਦੇ ਰਹੇ ਹਨ।

ਇਨ੍ਹਾਂ ਕਾਰਣਾਂ ਕਰਕੇ ਕੁਝ ਜੈਨ ਮੁਨੀਆਂ ਨੇ ਪੈਦਲ ਦੀ ਥਾਂ ਹਵਾਈ ਜਹਾਜ਼ ਵਿਚ ਜਾਂ ਕਾਰ ਰਾਹੀਂ ਸਫ਼ਰ ਕਰਕੇ ਧਰਮ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਬਨੇ ਇਸ ਮੁਨੀ ਸੰਘ ਦਾ ਨਾਂ ਅਰਿਹੰਤ ਸੰਘ ਹੈ।

ਹਜ਼ਾਰਾਂ ਵਿਦੇਸ਼ੀ ਇਸ ਸੰਘ ਦੇ ਮੈਂਬਰ ਹਨ। 58 ਦੇ ਕਰੀਬ ਸਥਾਈ ਜਾਂ ਅਸਥਾਈ ਕੇਂਦਰ ਦੁਨੀਆਂ ਦੇ ਭਿੰਨ ਭਿੰਨ ਭਾਗਾਂ ਵਿਚ ਜੈਨ ਧਰਮ ਦਾ ਪ੍ਰਚਾਰ ਕਰ ਰਹੇ ਹਨ। ਇਸ ਪ੍ਰਕਾਰ ਤੇਰਾਪੰਥ ਸੰਘ ਵਿਚ ਕੁਝ ਸਾਧੂਆਂ ਨੇ ਨਵ ਤੇਰਾਪੰਥ ਸੰਘ ਦੀ ਸਥਾਪਨਾ ਕੀਤੀ ਹੈ।

ਤੇਰਾਪੰਥ ਦੇ ਸੰਸਥਾਪਕ ਅਚਾਰੀਆ ਭਿਖਨ ਤੋਂ ਇਨ੍ਹਾਂ ਦੀਆਂ ਕੁਝ ਮਾਨਤਾਵਾਂ ਬਿਲਕੁਲ ਵੱਖ ਹਨ ਪਰ ਇਹ ਮੁਨੀ ਸਵਾਰੀ ਨਹੀਂ ਕਰਦੇ। ਅਚਾਰੀਆ ਤੁਲਸੀ ਨੇ ਵੀ ਧਰਮ ਪ੍ਰਚਾਰ ਲਈ ਸ਼੍ਰਮਣੀ ਨਾਂ ਦੀ ਸੰਸਥਾ ਬਣਾਈ ਹੈ ਜੋ ਸਾਧੂ ਤੇ ਗ੍ਰਹਿਸਥ ਦੇ ਵਿਚਕਾਰ ਦੀ ਪ੍ਰਚਾਰਕ ਸੰਸਥਾ ਹੈ ਇਸ ਤੋਂ ਛੁੱਟ ਅਨੇਕਾਂ ਯਤੀ ਭਟਾਰਕ ਵੀ ਹੁਣ ਵਿਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਜਾਂਦੇ ਹਨ। ਜਿਨ੍ਹਾਂ ਵਿਚੋਂ ਅਚਾਰੀਆ ਸ਼੍ਰੀ ਜਿਨ ਚੰਦਰ ਸੂਰੀ, ਅਭੈ ਸਾਗਰ ਸੂਰੀ, ਭਟਾਰਕ ਸਵਾਮੀ ਚਾਰੂ ਕੀਰਤੀ ਗੁਰੂਦੇਵ ਚਿੱਤਰ ਭਾਣੂ ਦੇ ਨਾਂ ਪ੍ਰਸਿਧ ਹਨ। ਅਜ ਕੱਲ ਕਈ ਪ੍ਰਸਿਧ ਸਾਧੂ ਜਿਵੇਂ ਡਾ: ਮੁਨੀ ਨਗਰਾਜ ਜੋ ਕਿ ਸਵਾਰੀ ਕਰਦੇ ਹਨ। ਪਰ ਇਨ੍ਹਾਂ ਨਾਲ 4 ਸਾਧੂ ਹੀ ਹਨ। ਕੁਲ ਮਿਲਾਕੇ ਇਨ੍ਹਾਂ ਸਾਧੂਆਂ ਵਿਚ ਕੁਝ ਗੱਲਾਂ ਸਾਂਝੀਆ ਜ਼ਰੂਰ ਹਨ। (1) ਜੈਨ ਏਕਤਾ ਦਾ ਪ੍ਰਚਾਰ ਕਰਨਾ (2) ਜੈਨ ਉਪਾਸਕਾਂ ਨੂੰ ਸੰਸਾਰ ਪੱਧਰ ਤੇ ਸੰਗਠਿਤ ਕਰਨਾ (3) ਜੈਨ ਦਰਸ਼ਨ ਅਤੇ ਇਤਿਹਾਸ ਦਾ ਪ੍ਰਚਾਰ ਕਰਨਾ।

ਭਾਵੇਂ ਇਨ੍ਹਾਂ ਧਰਮ ਪ੍ਰਚਾਰਕ ਮੁਨੀਆਂ ਤੇ ਸਾਧਵੀਆਂ ਦੀ ਗਿਣਤੀ ਘੱਟ ਹੈ ਪਰ ਇਹ ਸਾਰੇ ਸਾਧੂ ਬਹੁਤ ਹੀ ਉੱਚ ਕੋਟੀ ਦੇ ਵਿਦਵਾਨ ਹਨ। ਜੈਨ ਸਮਾਜ ਵਿਚ ਕਈ ਪੱਖੋਂ ਇਨ੍ਹਾਂ ਦਾ ਵਿਰੋਧ ਹੈ। ਪਰ ਅਸੀਂ ਇਥੇ ਇਨ੍ਹਾਂ ਦੇ ਵਿਰੋਧ ਜਾਂ ਹੱਕ ਵਿਚ ਨਹੀਂ ਲਿਖਣਾ ਚਾਹੁੰਦੇ। ਸਾਡਾ ਉੱਦੇਸ਼ ਇਨ੍ਹਾਂ ਮੁਨੀਆਂ ਬਾਰੇ ਜਾਨਕਾਰੀ ਦੇਣਾ ਹੈ। ਨਵੀਂ

ਪਰੰਪਰਾਵਾਂ ਦੇ ਸਾਧੂਆਂ ਦਾ ਝੁਕਾਵ ਮੂਰਤੀ ਪੂਜਾ, ਧਿਆਨ ਅਤੇ ਯੋਗ ਜੈਨ ਤੱਤਵਾਂ ਦੇ ਪ੍ਰਚਾਰ ਪ੍ਰਸਾਰ ਵੱਲ ਹੈ ਕਿਉਂਕਿ ਕਈ ਸਾਧੂ ਮੂਰਤੀ ਪੂਜਾ ਨਾਲ ਸੰਬੰਧਿਤ ਨਾ ਹੋਣ ਦੇ ਬਾਵਜੂਦ ਜੈਨ ਏਕਤਾ ਨੂੰ ਪ੍ਰਮੁਖ ਰਖਦੇ ਹਨ। ਮੂਰਤੀ ਪੂਜਕਾਂ ਦੇ ਚਿੰਨ੍ਹਾਂ ਤੇ ਚਲਦੇ ਹਨ। ਪਰ ਇਨ੍ਹਾਂ ਸਾਰੇ ਸਾਧੂਆਂ ਦੇ ਭੇਸ ਅਪਣੇ ਪੁਰਾਣੇ ਪਰੰਪਰਾਵਾਂ ਵਾਲੇ ਹਨ। ਕਿਸੇ ਨੇ ਕੋਈ ਭੇਸ ਨਹੀਂ ਪਰਿਵਰਤਨ ਕੀਤਾ।

# ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ

ਵੀਰਾਇਤਨ ਵਰਗੀ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਦੇ ਸੰਸਥਾਪਕ, 100 ਤੋਂ ਜ਼ਿਆਦਾ ਹਿੰਦੀ ਪੁਸਤਕਾਂ ਦੇ ਲੇਖਕ ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ ਦਾ ਜਨਮ ਅੱਜ ਤੋਂ 84 ਸਾਲ ਪਹਿਲਾਂ ਨਾਰਨੌਲ ਵਿਖੇ ਹੋਇਆ। ਆਪ ਦੇ ਗੁਰੂ ਸ਼੍ਰੀ ਪਿਰਥੀ ਰਾਜ ਜੀ ਮਹਾਰਾਜ ਸਨ। ਛੋਟੀ ਉਮਰ ਵਿਚ ਹੀ ਆਪ ਨੇ ਅਪਣੇ ਗੁਰੂ ਅਤੇ ਬੜੇ ਸੰਤਾਂ ਤੋਂ ਜੈਨ ਆਗਮ, ਸ਼ਾਸਤਰ, ਟੀਕਾ, ਨਿਰਯੁਕਤੀ ਦਾ ਡੂੰਘਾ ਅਧਿਐਨ ਕੀਤਾ। ਆਪ ਅਪਣੇ ਮਨੋਹਰ ਫ਼ਿਰਕੇ ਦੇ ਅਚਾਰੀਆ ਬਣੇ। ਪਰ ਜਦ ਸਾਧੜੀ ਵਿਚ ਸ਼੍ਰਮਣ ਸੰਘ ਇਕ ਹੋਇਆ, ਤਾਂ ਆਪ ਨੂੰ ਆਪ ਦੀ ਯੋਗਤਾ ਨੂੰ ਧਿਆਨ ਵਿਚ ਰਖਦੇ ਹੋਏ, ਉਪਾਧਿਆਇ ਪਦਵੀ ਦਿੱਤੀ ਗਈ। ਆਪ ਨੇ ਜੈਨ ਅਤੇ ਅਜੈਨ ਦਰਸ਼ਨ, ਪਰੰਪਰਾ, ਇਤਿਹਾਸ ਅਤੇ ਪੁਰਾਤਨ ਦਾ ਡੂੰਘਾ ਅਧਿਐਨ ਕੀਤਾ। ਆਪ ਮਹਾਨ ਯੋਗੀ, ਤਪੱਸਵੀ, ਧਿਆਨ ਪਰੰਪਰਾ ਦੇ ਮਾਹਿਰ, ਲੇਖਕ ਤੇ ਕਵਿ ਹਨ। 84 ਸਾਲ ਦੀ ਉਮਰ ਦੇ ਬਾਵਜੂਦ ਆਪ ਦੇ ਵਿਚਾਰ ਬਿਲਕੁਲ ਨਵੇਂ ਹਨ। ਆਪ ਨੂੰ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗਵਾਸੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਰਾਸ਼ਟਰ ਸੰਤ ਦੀ ਪਦਵੀ ਦਿੱਤੀ।

ਆਪ ਨੇ ਅਪਣਾ ਜ਼ਿਆਦਾ ਸਮਾਂ ਗੁਰੂ ਸੇਵਾ ਵਿਚ ਆਗਰੇ ਗੁਜ਼ਾਰਿਆ। ਜਿੱਥੇ ਆਪ ਨੇ ਸਨਮਤਿ ਗਿਆਨ ਪੀਠ ਰਾਹੀਂ ਸਾਹਿਤ ਦੀ ਰਚਨਾ ਕੀਤੀ। ਆਪ ਮਹਾਨ ਦੇਸ਼ ਭਗਤ ਹਨ। ਆਪ ਨੇ "ਭਾਰਤ ਛੱਡੋ" ਅੰਦੋਲਨ ਵਿਚ ਅਨੇਕਾਂ ਦੇਸ਼ ਭਗਤ ਤਿਆਰ ਕੀਤੇ। ਖਾਦੀ ਪ੍ਰਚਾਰ, ਅਛੂਤ-ਉਧਾਰ, ਜੈਨ ਏਕਤਾ, ਸਪਸ਼ਟ ਵਾਦਿਤਾ ਪੱਖੋਂ ਮਹਾਤਮਾ ਗਾਂਧੀ ਨੇ ਆਪ ਦੀ ਬਹੁਤ ਪ੍ਰਸ਼ੰਸਾ ਕੀਤੀ। ਆਪ ਦੀ ਦੋ ਵਾਰ ਗਾਂਧੀ ਜੀ ਨਾਲ ਦਿੱਲੀ ਹਰੀਜਨ ਬਸਤੀ ਵਿਚ ਮੁਲਾਕਾਤ ਵੀ ਹੋਈ। ਦੇਸ਼ ਦੇ ਹਰ ਪ੍ਰਮੁਖ ਨੇਤਾ ਆਪ ਕੋਲ ਆਸ਼ੀਰਵਾਦ ਲਈ ਆਉਂਦੇ ਰਹਿੰਦੇ ਹਨ। ਵੀਰਾਇਤਨ ਲੋਕ ਸੇਵਾ, ਜੈਨ ਵਿਦਿਆ ਅਤੇ ਕਲਾ ਦਾ ਰਾਜਗ੍ਰਹਿ ਵਿਖੇ ਜਿਉਂਦਾ ਜਾਗਦਾ ਉਦਾਹਰਨ ਹੈ। ਆਪ ਨੇ ਸਭ ਤੋਂ ਪਹਿਲਾਂ ਜੈਨ ਸਾਧੂਆਂ ਲਈ ਸਵਾਰੀ ਖੋਲੀ। ਆਪ ਰੇਲ ਗੱਡੀ ਵਿਚ ਬੈਠ ਕੇ ਆਗਰੇ ਆਏ। ਸੋ ਸਭ ਤੋਂ ਪਹਿਲਾਂ ਇਕ ਪੰਜਾਬੀ ਜੈਨ ਮੁਨੀ ਨੂੰ ਜੈਨ ਧਰਮ ਵਿਚ

ਕ੍ਰਾਂਤੀ ਲਿਆਉਣ ਦਾ ਸੇਹਰਾ ਮਿਲਦਾ ਹੈ। ਆਪ ਦਾ ਪ੍ਰਚਾਰ ਖੇਤਰ ਸਾਰਾ ਭਾਰਤ ਵਰਸ਼ ਹੈ। 32 ਸਾਲਾਂ ਤੋਂ ਸ਼੍ਰੀ ਅਮਰ ਭਾਰਤੀ ਰਾਹੀਂ ਆਪ ਅਪਣੇ ਵਿਚਾਰਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਆਪ ਦੇ ਵਿਚਾਰ ਤਰਕਪੂਰਨ ਅਤੇ ਜੈਨ ਸ਼ਾਸਤਰ ਅਨੁਸਾਰ ਹੁੰਦੇ ਹਨ। ਵਿਰੋਧੀ ਸੰਤ ਵੀ ਕਈ ਵਾਰ ਆਪ ਦੇ ਤਰਕ ਨੂੰ ਮੰਨਦੇ ਹਨ। ਆਪ ਦਾ ਗਲਾ ਬਹੁਤ ਸੁਰੀਲਾ ਹੈ। 84 ਸਾਲ ਦੀ ਉਮਰ ਵਿਚ ਵੀ ਆਪ ਛੋਟੇ ਸਾਧੂ ਸਾਧਵੀਆਂ ਨੂੰ ਸ਼ਾਸਤਰ ਪੜ੍ਹਾਉਂਦੇ ਹਨ।

ਅਰਹਤ ਸੰਘ ਦੀ ਸਥਾਪਨਾ ਆਪ ਨੇ ਹੀ ਕੀਤੀ ਜਿਸ ਨੇ ਕੁਝ ਪਰਿਵਰਤਨ ਕਰਕੇ ਜੈਨ ਧਰਮ ਲੋਕਾਂ ਤਕ ਪਹੁੰਚਾਇਆ। ਆਪ ਦੀ ਪ੍ਰੇਰਣਾ ਨਾਲ ਭਾਰਤੀ ਹੀ ਨਹੀਂ ਅਨੇਕਾਂ ਵਿਦੇਸ਼ੀ ਵੀ ਜੈਨ ਧਰਮ ਗ੍ਰਹਿਣ ਕਰ ਰਹੇ ਹਨ। ਆਪ ਅਨੇਕਾਂ ਭਾਸ਼ਾਵਾਂ ਦੇ ਜਾਨਕਾਰ ਹਨ। ਆਵਸ਼ਿਅਕ ਚੂਰਨੀ ਨਾਂ ਦੀ ਪੁਸਤਕ ਨੇ ਆਪ ਦਾ ਨਾਂ ਦੁਨੀਆ ਵਿਚ ਪ੍ਰਸਿੱਧ ਕਰ ਦਿੱਤਾ। ਵੀਰਾਇਤਨ ਵਿਚ ਸਾਧਵੀ ਚੰਦਨਾ ਸਮੇਤ ਅਨੇਕਾਂ ਸਾਧੂ ਤੇ ਸਾਧਵੀਆਂ ਜੈਨ ਧਰਮ ਦਾ ਪ੍ਰਚਾਰ ਕਰ ਰਹੇ ਹਨ। ਵੀਰਾਇਤਨ ਉਸ ਸ਼ਹਿਰ ਵਿਚ ਹੈ ਜਿਥੇ ਭਗਵਾਨ ਮਹਾਵੀਰ ਅਨੇਕਾਂ ਵਾਰ ਆਏ ਅਤੇ ਉਨ੍ਹਾਂ 14 ਚੌਮਾਸੇ ਕੀਤੇ। **ਅਰਹਤ ਸੰਘ ਦੇ ਸਾਰੇ ਸਾਧੂ** ਆਪ ਨੂੰ ਅਪਣਾ ਪ੍ਰਮੁਖ ਮੰਨਦੇ ਹਨ। ਹਾਲਾਂਕਿ ਅਰਹਤ ਸੰਘ ਦੇ ਅਚਾਰੀਆ ਸ਼੍ਰੀ ਸੁਸ਼ੀਲ ਮੁਨੀ ਜੀ ਹਨ। ਆਪ ਦੇ ਪਰਿਵਾਰ ਵਿਚ 25 ਦੇ ਕਰੀਬ ਸਾਧੂ ਸਾਧਵੀਆਂ ਧਰਮ ਪ੍ਰਚਾਰ ਕਰ ਰਹੇ ਹਨ। ਵਿਸ਼ਵ-ਕੇਸਰੀ ਸ਼੍ਰੀ ਵਿਮਲ ਮੁਨੀ ਜੀ ਮਹਾਰਾਜ ਵੀ ਅਪਣੇ 2 ਸਾਧੂਆਂ ਦੇ ਪਰਿਵਾਰ ਨਾਲ ਅਤੇ ਰੰਗ ਮੁਨੀ, ਈਸ਼ਵਰ ਮੁਨੀ ਆਦਿ ਮਾਰਵਾੜੀ ਸਾਧੂ ਵੀ ਆਪ ਦੇ ਹੁਕਮ ਹੇਠ ਰਹਿ ਕੇ ਧਰਮ ਪ੍ਰਚਾਰ ਕਰਦੇ ਹਨ। ਆਪ ਦੇ ਪ੍ਰਸਿਧ ਚੇਲੇ ਸ਼੍ਰੀ ਵਿਜੈ ਮੁਨੀ ਸ਼ਾਸਤਰੀ ਜੀ ਹਨ। ਇਸ ਤੋਂ ਛੁੱਟ ਕੀਰਤੀ ਮੁਨੀ ਅਤੇ ਰਮੇਸ਼ ਮੁਨੀ ਪੰਡਤ ਹੇਮਰਾਜ ਸਵਰਗਵਾਸੀ ਸ਼੍ਰੀ ਪ੍ਰੇਮ ਚੰਦ ਜੀ ਮਹਾਰਾਜ ਆਪ ਜੀ ਦੀ ਪਰੰਪਰਾ ਨਾਲ ਸੰਬੰਧਿਤ ਸਨ। ਧਾਰਮਿਕ ਪ੍ਰਚਾਰ ਕਰਨ ਵਾਲੀਆਂ ਸਾਧਵੀਆਂ ਵਿਚੋਂ ਸਾਧਵੀ ਚੰਦਨਾ ਆਦਿ ਸਾਧਵੀਆਂ ਦਾ ਟੋਲਾ ਅਤੇ ਸਾਧਵੀ ਡਾਕਟਰ ਸਾਧਨਾ ਜੈਨ ਦੇ ਨਾਂ ਪ੍ਰਸਿਧ ਹਨ, ਜੋ ਦੇਸ਼ ਅਤੇ ਵਿਦੇਸ਼ਾਂ ਵਿਚ ਧਰਮ ਪ੍ਰਚਾਰ ਕਰ ਰਹੀਆਂ ਹਨ।

# ਵਿਸ਼ਵ ਕੇਸਰੀ ਸ਼੍ਰੀ ਵਿਮਲ ਮਨੀ ਜੀ ਮਹਾਰਾਜ

ਆਪ ਉਪ ਪ੍ਰਵਰਤਕ ਸ਼੍ਰੀ ਜਗਦੀਸ਼ ਮੁਨੀ ਜੀ ਮਹਾਰਾਜ ਦੇ ਪ੍ਰਮੁਖ ਸ਼ਿਸ਼ ਹਨ। ਆਪ ਮਹਾਨ ਚਾਰਿੱਤਰ ਆਤਮਾ, ਸਿਖਿਆ ਸ਼ਾਸਤਰੀ, ਸਮਾਜ ਸੁਧਾਰਕ, ਲੇਖਕ, ਕਵਿ ਹੀ ਨਹੀਂ ਸਗੋਂ ਕ੍ਰਾਂਤੀਕਾਰੀ ਮਹਾਤਮਾ ਹਨ।

ਆਪ ਦਾ ਜਨਮ ਸੰ: 1981 ਭਾਦੋਂ 7 ਨੂੰ ਪਿੰਡ ਕੁੱਪ ਕਲਾਂ ਜ਼ਿਲਾ ਸੰਗਰੂਰ

ਤਹਿਸੀਲ ਮਾਲੇਰਕੋਟਲਾ ਵਿਖੇ ਪੰ: ਸ਼੍ਰੀ ਦੇਵ ਰਾਜ ਅਤੇ ਮਾਤਾ ਸ਼੍ਰੀ ਗੰਗਾ ਦੇਵੀ ਦੇ ਘਰ ਹੋਇਆ। ਬਚਪਨ ਵਿਚ ਆਪ ਦਾ ਨਾਂ ਬਿਹਾਰੀ ਲਾਲ ਰਖਿਆ ਗਿਆ। ਸ਼ੁਰੂ ਦੀ ਸਿਖਿਆ ਆਪ ਨੇ ਸੰਸਕ੍ਰਿਤ ਪਾਂਠਸ਼ਾਲਾ ਮਾਲੇਰ ਕੋਟਲਾ ਵਿਖੇ ਹਾਸਲ ਕੀਤੀ।

ਆਪ ਜੀ ਦੇ ਪਿੰਡ ਜੈਨ ਸਾਧੂਆਂ ਦਾ ਪਧਾਰਨਾ ਹੁੰਦਾ ਰਹਿੰਦਾ ਸੀ, ਜਿਸ ਦਾ ਬਾਲਕ ਬਿਹਾਰੀ ਤੇ ਡੂੰਘਾ ਅਸਰ ਪਿਆ। ਇਕ ਵਾਰ ਆਪ ਜੀ ਦੇ ਗੁਰੂ ਸ਼੍ਰੀ ਜਗਦੀਸ਼ ਮੁਨੀ ਜੀ ਮਹਾਰਾਜ ਕੁੱਪ ਪਧਾਰੇ। ਉਸ ਸਮੇਂ ਆਪ ਦੀ ਉਮਰ ਸਿਰਫ਼ 14 ਸਾਲ ਦੀ ਸੀ। ਆਪ ਦੇ ਸ਼ੁਭ ਕਰਮ ਦਾ ਉਦੈ ਹੋਇਆ।

ਆਪ 14 ਸਾਲ ਦੀ ਉਮਰ ਵਿਚ ਇਕੱਲੇ ਹੀ ਸਿਆਲਕੋਟ ਗੁਰੂ ਚਰਨਾਂ ਵਿਚ ਪੁੱਜ ਗਏ ਪਰ ਮਾਤਾ ਪਿਤਾ ਦੀ ਇਜਾਜ਼ਤ ਤੋਂ ਬਿਨਾ ਕਿਸੇ ਨੂੰ ਸਾਧੂ ਜਾਂ ਸਾਧਵੀ ਬਨਾਉਣਾ ਜੈਨ ਧਰਮ ਦੇ ਖਿਲਾਫ਼ ਹੈ। ਇਸ ਲਈ ਗੁਰੂ ਜੀ ਆਪ ਨੂੰ ਸਾਧੂ ਬਨਾਉਣ ਨੂੰ ਤਿਆਰ ਨਾ ਹੋਏ। ਉਧਰ ਘਰ ਵਾਲੇ ਆਪ ਨੂੰ ਟੋਲਦੇ ਸਿਆਲਕੋਟ ਆ ਪੁੱਜੇ। ਉਨ੍ਹਾਂ ਦੇ ਲੱਖ ਡਰ ਜਾਂ ਸੰਸਾਰਿਕ ਲਾਲਚ ਵੀ ਆਪ ਨੂੰ ਡਿਗਾ ਨਾ ਸੱਕੇ। ਉਨ੍ਹਾਂ ਨੂੰ ਆਪ ਦੇ ਇਰਾਦੇ ਅੱਗੇ ਝੁਕਨਾ ਪਿਆ।

ਆਖਰ ਸੰ: 1996 ਮਾਘ 18 ਨੂੰ ਸਿਆਲਕੋਟ ਵਿਖੇ ਬਾਲਕ ਬਿਹਾਰੀ ਲਾਲ ਦੀ ਜੈਨ ਸਾਧੂ ਦੀਖਿਆ ਹੋਈ। ਆਪ ਦਾ ਨਾਂ ਸ਼੍ਰੀ ਵਿਮਲ ਮੁਨੀ ਰਖਿਆ ਗਿਆ। ਆਪ ਨੇ ਛੋਟੀ ਉਮਰ ਵਿਚ ਹੀ ਜੈਨ ਅਤੇ ਅਜੈਨ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਤੋਂ ਛੁੱਟ ਵਿਆਕਰਨ, ਕੋਸ਼, ਨਿਆਏ, ਤਰਕ ਸ਼ਾਸਤਰਾਂ ਦਾ ਅਧਿਐਨ ਕੀਤਾ।

ਆਪ ਸ਼ੁਰੂ ਤੋਂ ਹੀ ਜਨਮ ਕਵਿ ਹਨ। ਚੰਗੇ ਗਲੇ ਦੀਆਂ ਧੁਨਾਂ ਸਦਕਾ ਆਪ ਦੇ ਭਜਨਾਂ ਦੇ ਕੈਸਟ ਅਤੇ ਵੀਡੀਓ ਕੈਸਟ ਤਿਆਰ ਹੋ ਚੁਕੇ ਹਨ।

ਆਪ ਨੇ ਅਨੇਕਾਂ ਜਗ੍ਹਾ ਧਰਮ ਚਰਚਾਵਾਂ ਕੀਤੀਆਂ ਹਨ। ਅੰਮ੍ਰਿਤਸਰ ਵਿਖੇ ਆਪ ਨੇ ਜਗਤਗੁਰੂ ਸ਼ੰਕਰਾਚਾਰੀਆ ਜੀ ਮਹਾਰਾਜ ਨਾਲ ਵੀ ਧਰਮ ਚਰਚਾ ਕੀਤੀ। ਆਪ ਨੇ ਹਰ ਪ੍ਰਕਾਰ ਦੇ ਪਾਖੰਡ, ਅੰਧ ਵਿਸ਼ਵਾਸ, ਭ੍ਰਿਸ਼ਟਾਚਾਰ, ਗ਼ਲਤ ਪਰੰਪਰਾਵਾਂ ਦੀ ਸਖਤ ਵਿਰੋਧਤਾ ਕੀਤੀ। ਆਪ ਨੇ ਇਨ੍ਹਾਂ ਵਿਰੁਧ ਇਕ ਅੰਦੋਲਨ ਛੇੜ ਰਖਿਆ ਹੈ।

ਅੱਜ ਜੰਮੂ, ਉਧਮਪੁਰ, ਪਠਾਨਕੋਟ, ਜਾਲੰਧਰ, ਜਗਰਾਵਾਂ ਅਤੇ ਕੁੱਪ ਕਲਾਂ ਵਿਚ ਅਨੇਕਾਂ ਵਿਦਿਅਕ, ਧਾਰਮਿਕ ਸੰਸਥਾਵਾਂ ਆਪ ਦੀ ਪ੍ਰੇਰਣਾ ਨਾਲ ਕੰਮ ਕਰ ਰਹੀਆਂ ਹਨ। ਆਪ ਨੂੰ ਪਹਿਲਾਂ ਪੰਜਾਬ ਕੇਸਰੀ ਦੀ ਪਦਵੀ ਹਾਸਲ ਸੀ ਹੁਣ ਵਿਸ਼ਵ ਕੇਸਰੀ ਦੀ ਪਦਵੀ ਹਾਸਲ ਹੈ। ਆਪ ਦੇ ਭਗਤਾਂ ਵਿਚ ਮਜ਼ਦੂਰ, ਹਰੀਜਨ, ਗਰੀਬ, ਯਤੀਮ ਅਤੇ ਵਿਧਵਾਵਾਂ ਵੀ ਹਨ। ਜਿਨ੍ਹਾਂ ਦੇ ਕਲਿਆਨ ਲਈ ਆਪ ਨੇ ਅਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਆਪ ਸੱਚੇ ਵੀਤਰਾਗੀ ਹਨ। ਸੱਚ ਦੇ ਉਪਾਸਕ ਹਨ। ਹਮੇਸ਼ਾ

ਹੱਸਦੇ ਰਹਿਣ ਵਾਲੇ ਚੇਹਰੇ ਦਾ ਨਾਂ ਵਿਮਲ ਮੁਨੀ ਹੈ। ਪੰਜਾਬ ਅਤੇ ਜੰਮੂ ਕਸ਼ਮੀਰ ਦਾ ਸ਼ਾਇਦ ਹੀ ਕੋਈ ਰਾਜਨੈਤਿਕ ਨੇਤਾ ਹੋਵੇ ਜੋ ਆਪ ਦੇ ਦਰਬਾਰ ਵਿਚ ਨਾ ਆਇਆ ਹੋਵੇ। ਆਪ ਦੇ ਦਿਲ ਵਿਚ ਹਰ ਧਰਮ ਲਈ ਸਨਮਾਨ ਹੈ ਪਰ ਜੈਨ ਧਰਮ ਦੀ ਆਲੋਚਨਾ ਦਾ ਉੱਤਰ ਦੇਣ ਵਿਚ ਆਪ ਪ੍ਰਮੁਖ ਮਹਾਤਮਾ ਹਨ। ਚੰਡੀਗੜ੍ਹ ਦਾ ਜੈਨ ਸਥਾਨਕ ਆਪ ਦੀ ਪ੍ਰੇਰਣਾ ਦਾ ਫਲ ਹੈ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸਮੇਂ ਆਪ ਨੇ ਅਨੇਕਾਂ ਕੰਮ ਕੀਤੇ। ਜਗਰਾਵਾਂ ਦਾ ਸਨਮਤੀ ਗਵਰਨਮੈਂਟ ਸਾਇੰਸ ਕਾਲੇਜ ਆਪ ਦੀ ਮੇਹਨਤ ਦਾ ਸਿੱਟਾ ਹੈ। ਆਪ ਨੇ ਹਜ਼ਾਰਾਂ ਭਜਨ ਲਿਖੇ ਹੀ ਨਹੀਂ, ਗਾਏ ਵੀ ਹਨ। ਸ਼੍ਰੀ ਵਿਮਲ ਮੁਨੀ ਜੀ ਮਹਾਰਾਜ ਆਧੁਨਿਕ ਜੈਨ ਮੁਨੀ ਪਰੰਪਰਾ ਦੇ ਪ੍ਰਮੁਖ ਸਾਧੂ ਹਨ। ਆਪ ਅੱਜ ਕੱਲ ਉਪਾਧਿਆਇ ਅਮਰ ਮੁਨੀ ਜੀ ਮਹਾਰਾਜ ਦੀ ਆਗਿਆ ਹੇਠ ਅਪਣੇ ਸਾਥੀ ਸ਼੍ਰੀ ਦਰਸ਼ਨ ਮੁਨੀ ਅਤੇ ਰਾਮ ਮੁਨੀ ਨਾਲ ਕੰਮ ਕਰ ਰਹੇ ਹਨ।

ਆਪ ਦੇ ਪ੍ਰਮੁਖ ਭਗਤਾਂ ਵਿਚ ਦੇਸ਼ਭਗਤ ਸ਼: ਗੰਡਾ ਸਿੰਘ ਦਾ ਨਾਂ ਖਾਸ ਹੈ ਜਿਨ੍ਹਾਂ ਅਪਣੀ ਹੀ ਨਹੀਂ ਸਗੋਂ ਸਾਰੇ ਪਿੰਡ ਦੀ ਪੰਚ ਇਤੀ ਜ਼ਮੀਨ ਆਪ ਰਾਹੀਂ ਬਣਾਏ ਸਕੂਲ ਦੇ ਨਾਂ ਲਗਵਾ ਦਿੱਤੀ। ਆਪ ਦੇ ਪ੍ਰਮੁਖ ਭਗਤਾਂ ਵਿਚ ਬਖਸ਼ੀ ਗੁਲਾਮ ਮੁਹੱਮਦ, ਸ਼ੇਖ ਅਬਦੁਲਾ, ਸ਼੍ਰੀ ਜੀ. ਐਮ. ਸ਼ਾਹ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਲਛਮਨ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ ਦੇ ਨਾਂ ਪ੍ਰਸਿਧ ਹਨ ਜੋ ਕਈ ਵਾਰ ਆਪ ਦੇ ਚਰਨਾਂ ਵਿਚ ਪਹੁੰਚੇ ਹਨ। ਪਾਕਿਸਤਾਨ ਬਨਣ ਤੋਂ ਬਾਅਦ ਆਪ ਪਹਿਲੇ ਜੈਨ ਮੁਨੀ ਸਨ ਜੋ ਪੈਦਲ ਕਸ਼ਮੀਰ ਦੇ ਅਮਰਨਾਥ ਇਲਾਕੇ ਤਕ ਗਏ ਸਨ।

ਅੱਜ ਕੱਲ ਆਪ ਸ਼੍ਰਾਵਕ ਧਰਮ ਦਾ ਪ੍ਰਚਾਰ ਕਰ ਰਹੇ ਹਨ। ਆਪ ਹਰੀਜਨਾਂ ਵਿਚ ਰਹਿ ਕੇ ਉਨ੍ਹਾਂ ਦਾ ਜੀਵਨ-ਸੁਧਾਰ ਕਰ ਰਹੇ ਹਨ। ਅੱਜ ਅਨੇਕਾਂ ਨਵੇਂ ਲੋਕ ਆਪ ਦੀ ਪ੍ਰੇਰਣਾ ਨਾਲ ਜੈਨ ਬਣੇ ਹਨ। ਆਪ ਇਸ ਯੁਗ ਦੇ ਮਹਾਨ ਪ੍ਰਭਾਵਕ ਸੰਤ ਹਨ। ਲੇਖਕਾਂ ਨੇ ਬਚਪਨ ਤੋਂ ਹੀ ਆਪ ਤੋਂ ਬਹੁਤ ਕੁਝ ਸਿਖਿਆ ਹੈ। ਅੱਜਕੱਲ ਆਪ ਦੀ ਪ੍ਰੇਰਣਾ ਨਾਲ **ਗੁਣ-ਸਥਾਨ** ਹਿੰਦੀ ਪਤ੍ਰਿਕਾ ਛਪ ਰਹੀ ਹੈ। ਰੂਪ ਵਿਖੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਭਦੇਵ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਰਿਸ਼ਭਾਆਯਤਨ ਨਾਂ ਦੀ ਵਿਸ਼ਾਲ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦਾ ਨਿਰਮਾਨ ਵਿਚਾਰ ਅਧੀਨ ਹੈ।

## ਡਾ: ਮੁਨੀ ਸ਼੍ਰੀ ਨਗਰਾਜ ਜੀ ਮਹਾਰਾਜ

ਆਪ ਅਚਾਰੀਆ ਤੁਲਸੀ ਦੇ ਸਹਿਯੋਗੀ ਸੰਤ ਹਨ। ਪੰਜਾਬ ਵਿਚ ਆਪ ਨੇ ਅਪਣੇ ਸਾਥੀ ਮੁਨੀ ਮਹਿੰਦਰ ਕੁਮਾਰ ਜੀ ਨਾਲ ਕਾਫ਼ੀ ਪ੍ਰਚਾਰ ਕੀਤਾ। ਆਪ ਨੇ ਅਣੂਵਰਤ ਅਤੇ ਹੋਰ ਵਿਸ਼ਿਆਂ ਤੇ 100 ਦੇ ਕਰੀਬ ਪੁਸਤਕਾਂ ਲਿਖੀਆਂ। ਆਗਮ ਅਤੇ ਤ੍ਰਿਪਿਟਕ ਨਾਂ ਦੇ ਗ੍ਰੰਥਾਂ ਕਾਰਣ ਆਪ ਨੂੰ ਕਾਨਪੁਰ ਯੂਨੀਵਰਸਟੀ ਨੇ ਡੀ. ਲਿਟ ਦੀ ਡਿਗਰੀ ਦਿੱਤੀ।

ਜੋ ਕਿਸੇ ਜੈਨ ਮੁਨੀ ਲਈ ਪਹਿਲਾ ਮੌਕਾ ਸੀ। ਆਪ ਨੇ ਅਭਿਧਾਨ ਰਾਜਿੰਦਰ ਕੋਸ਼ ਵਿਸ਼ਾਲ ਗ੍ਰੰਥ ਦੀ ਭੂਮਿਕਾ ਲਿਖੀ। ਆਪ ਅੱਜ ਕੱਲ ਤੇਰਾਪੰਥ ਭਾਰਤੀ ਨਾਂ ਦੀ ਪਤ੍ਰਿਕਾ ਰਾਹੀਂ ਧਰਮ ਪ੍ਰਚਾਰ ਕਰ ਰਹੇ ਹਨ। ਆਪ ਸਵਾਰੀ ਰਾਹੀਂ ਸਫ਼ਰ ਕਰਦੇ ਹਨ।

———

## ਅਰਿਹੰਤ ਸੰਘ ਦੇ ਜੈਨ ਅਚਾਰੀਆ

# ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ

ਅਚਾਰੀਆ ਸੁਸ਼ੀਲ ਕੁਮਾਰ ਜੀ ਦਾ ਨਾਂ ਕਿਸੇ ਜਾਨਕਾਰੀ ਦਾ ਮੁਹਤਾਜ ਨਹੀਂ। ਉਹ ਸਮੁੱਚੇ ਜੈਨ ਸਮਾਜ ਦੇ ਨਹੀਂ, ਮਨੁੱਖਤਾ ਵਿਚ ਵਿਸ਼ਵਾਸ ਰਖਣ ਵਾਲੇ, ਦੇਸ਼ ਏਕਤਾ ਵਿਚ ਪ੍ਰਮੁਖ ਰੋਲ ਕਰਨ ਵਾਲੇ ਪਰਮ ਧਾਰਮਿਕ ਅਚਾਰੀਆ ਹਨ। ਜੈਨ ਸਮਾਜ ਵਿਚ ਉਹ ਪਹਿਲੇ ਕ੍ਰਾਂਤੀਕਾਰੀ ਜੈਨ ਮੁਨੀ ਹਨ ਜਿਨ੍ਹਾਂ ਪੱਛਮ ਨੂੰ ਜੈਨ ਧਰਮ ਦੀ ਵਾਕਫ਼ੀਅਤ ਹੀ ਨਹੀਂ ਦਿੱਤੀ ਸਗੋਂ ਹਜ਼ਾਰਾਂ ਵਿਦੇਸ਼ੀਆਂ ਨੂੰ ਜੈਨ ਧਰਮ ਵਿਚ ਦੀਖਿਅਤ ਕੀਤਾ ਹੈ।

ਵਿਸ਼ਵ ਧਰਮ ਸੰਮੇਲਨ, ਵਿਸ਼ਵ ਅਹਿੰਸਾ ਸੰਘ, ਵਿਸ਼ਵ ਅਰਿਹੰਤ ਸੰਘ, ਇੰਟਰ-ਨੇਸ਼ਨਲ ਮਹਾਵੀਰ ਜੈਨ ਮਿਸ਼ਨ, ਅਹਿੰਸਾ ਇੰਟਰਨੈਸ਼ਨਲ, ਅਹਿੰਸਾ ਬਿਹਾਰ, ਅਹਿੰਸਾ ਆਸ਼ਰਮ, ਅਹਿੰਸਾ ਜੈਨ ਯੂਨੀਵਰਸਟੀ, ਭਗਵਾਨ ਮਹਾਵੀਰ ਸੰਸਕ੍ਰਿਤ ਕੇਂਦਰੀਆ ਵਿਦਿਆ ਪੀਠ, ਅਹਿੰਸਾ ਆਯੁਰਵੈਦਿਕ ਕਾਲੇਜ ਅਤੇ ਸੰਸਾਰ ਵਿਚ ਜੈਨ ਧਰਮ ਪ੍ਰਚਾਰ ਦੇ 58 ਕੇਂਦਰਾਂ ਦੇ ਸੰਸਥਾਪਕ ਅਚਾਰੀਆ ਸ੍ਰੀ ਸੁਸ਼ੀਲ ਕੁਮਾਰ ਦਾ ਜਨਮ 15 ਜੂਨ 1926 ਨੂੰ ਸ਼ਿਕੋਹ ਗੜ੍ਹ (ਪਿੰਡ ਸੁਸ਼ੀਲ ਗੜ੍ਹ) ਜ਼ਿਲਾ ਗੁੜਗਾਓਂ ਵਿਖੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਆਪ ਦੇ ਮਾਤਾ ਭਾਰਤੀ ਦੇਵੀ ਅਤੇ ਪਿਤਾ ਸੁਨੇਹਗ ਸਿੰਘ ਜੀ ਸਨ।

8 ਸਾਲ ਦੀ ਉਮਰ ਵਿਚ ਹੀ ਆਪ ਨੇ ਸੰਸਾਰ ਦੇ ਬੰਧਨ ਤਿਆਗ ਕੇ ਅਪਣੇ ਗੁਰੂ ਸ੍ਰੀ ਛੋਟੇ ਲਾਲ ਜੀ ਮਹਾਰਾਜ ਕੋਲ ਆ ਗਏ। ਸ਼ੁਰੂ ਵਿਚ ਸਾਧੂ ਬਨਣ ਯੋਗ ਸਿਧਾਂਤਾਂ ਅਤੇ ਸੰਸਕ੍ਰਿਤ ਭਾਸ਼ਾ ਦਾ ਅਧਿਐਨ ਮਾਲੇਰ ਕੋਟਲੇ, ਅਹਿਮਦਗੜ੍ਹ, ਜਗਰਾਵਾਂ ਅਤੇ ਰਾਏਕੋਟ ਵਿਖੇ ਕੀਤਾ। 20 ਅਪਰੈਲ 1942 ਨੂੰ ਆਪ ਤਪੱਸਵੀ ਰੂਪ ਚੰਦ ਜੀ ਮਹਾ-ਰਾਜ ਪਰੰਪਰਾ ਦੇ ਸਾਧੂ ਸ੍ਰੀ ਛੋਟੇ ਲਾਲ ਜੀ ਮਹਾਰਾਜ ਕੋਲ ਸਾਧੂ ਬਣ ਗਏ।

ਸਾਧੂ ਬਨਣ ਤੋਂ ਬਾਅਦ ਉਨ੍ਹਾਂ ਹਿੰਦੀ ਦੀਆਂ ਕਵੀ ਪ੍ਰੀਖਿਆਵਾਂ ਤੋਂ ਲੈ ਕੇ ਸ਼ਾਸਤਰੀ, ਸਾਹਿਤ ਰਤਨ ਅਤੇ ਅਚਾਰੀਆ ਤਕ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਦੌਰਾਨ ਆਪ ਨੇ ਜੈਨ ਸ਼ਾਸਤਰ, ਵਿਆਕਰਨ, ਨਿਆਏ, ਯੋਗ, ਧਿਆਨ, ਮੰਤਰ ਸ਼ਾਸਤਰ ਦਾ ਡੂੰਘਾ ਅਧਿਐਨ ਕੀਤਾ।

ਆਪ ਦੀਆਂ ਯੋਗਤਾਵਾਂ ਤੋਂ ਖੁਸ਼ ਹੋ ਕੇ ਸਥਾਨਕ ਵਾਸੀ ਸਮਾਜ ਨੇ ਆਪ ਨੂੰ ਉਪ-ਪ੍ਰਵਰਤਕ ਦੀ ਪਦਵੀ ਦਿੱਤੀ। ਆਪ ਚੰਗੇ ਕਵਿ, ਲੇਖਕ ਅਤੇ ਇਤਿਹਾਸਕਾਰ ਹਨ, ਆਪ ਦੀ ਯੋਗਤਾ ਆਪ ਰਾਹੀਂ ਲਿਖੀਆਂ ਪੁਸਤਕਾਂ **ਜੈਨ ਧਰਮ** ਅਤੇ ਜੈਨ ਧਰਮ ਦਾ ਇਤਿਹਾਸ ਹਨ। ਆਪ ਨੇ ਅੰਗਰੇਜ਼ੀ ਭਾਸ਼ਾ ਦਾ ਐਫ. ਏ. ਤਕ ਦਾ ਅਧਿਐਨ ਕੀਤਾ। ਇਸ ਤੋਂ ਛਟ ਆਪ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ, ਰਾਜਸਥਾਨੀ, ਅੰਗਰੇਜ਼ੀ ਭਾਸ਼ਾਵਾਂ ਦੇ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਹੈ। ਆਪ ਨੇ ਅਹਿੰਸਾ ਦੀ ਸਹੀ ਵਿਆਖਿਆ ਦੁਨੀਆ ਨੂੰ ਦਿਤੀ ਹੈ। ਲੱਖਾਂ ਵਿਰੋਧਾਂ ਦੇ ਬਾਵਜੂਦ ਆਪ ਨੇ ਜੈਨ ਧਰਮ ਦਾ ਪ੍ਰਚਾਰ ਮੱਧ ਪ੍ਰਦੇਸ਼, ਬਿਹਾਰ, ਬੰਗਾਲ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਤਾਮਿਲਨਾਡੂ ਤਕ ਕੀਤਾ।

ਆਪ ਨੇ ਗੁੜਗਾਉਂ ਵਿਖੇ ਡੂੰਘਾ ਮਾਤਾ ਦੇ ਮੰਦਰ ਅਤੇ ਹਜ਼ਾਰਾਂ ਸੂਰਾਂ ਦੀ ਬਲੀ ਬੰਦ ਕਰਵਾਈ। ਇਹ ਆਪ ਦੀ ਮਹਾਨ ਪ੍ਰੇਰਣਾ ਦਾ ਫਲ ਸੀ। ਮਨੁੱਖੀ ਭਾਈਚਾਰੇ ਅਤੇ ਅਹਿੰਸਾ ਦੇ ਸਿਧਾਂਤਾਂ ਨੂੰ ਅਸਲੀ ਰੂਪ ਦੇਣ ਲਈ ਆਪ ਨੇ ਵਿਸ਼ਵ ਧਰਮ ਸਮੇਲਨ ਨਾਂ ਦੀ ਸੰਸਥਾ ਕਾਇਮ ਕੀਤੀ। ਜਿਸ ਦੇ ਪਹਿਲੇ ਪ੍ਰਧਾਨ ਪ੍ਰਸਿੱਧ ਸੰਤ ਕ੍ਰਿਪਾਲ ਸਿੰਘ ਜੀ ਸਨ। ਅਜ ਕਲ ਇਹ ਸੰਸਥਾ 6 ਕਾਨਫਰੰਸਾਂ ਭਾਰਤ ਦੇ ਬੜੇ ਸ਼ਹਿਰਾਂ ਵਿਚ ਕਰ ਚੁਕੀ ਹੈ ਜਿਸ ਵਿਚ ਭਾਰਤ ਤੋਂ ਛੁਟ 40 ਦੇਸ਼ਾਂ ਦੇ ਨੁਮਾਇੰਦੇ ਹਿੱਸਾ ਲੈ ਚੁਕੇ ਹਨ। 1974 ਵਿਚ ਭਾਰਤ ਸਰਕਾਰ ਨੂੰ ਭਗਵਾਨ ਮਹਾਵੀਰ ਦੇ 2500 ਸਾਲਾ ਨਿਰਵਾਨ ਸ਼ਤਾਬਦੀ ਲਈ ਪ੍ਰੇਰਣਾ ਦੇਣ ਵਾਲੇ ਆਪ ਹੀ ਸਨ। ਆਪ ਦੀ ਹਿਮਤ ਨਾਲ ਜੈਨ ਸਮਾਜ ਦਾ ਇਕ ਝੰਡਾ, ਇਕ ਨਿਸ਼ਾਨ ਅਤੇ ਇਕ ਗ੍ਰੰਥ ਤਿਆਰ ਹੋਇਆ। ਇਹ ਕੰਮ 2500 ਸਾਲਾਂ ਵਿਚ ਪਹਿਲੀ ਵਾਰ ਹੋਇਆ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਤੋਂ ਲੈ ਕੇ ਸਾਰੇ ਪ੍ਰਧਾਨ ਮੰਤਰੀ ਆਪ ਸ਼੍ਰੀ ਦੇ ਆਸ਼ੀਰਵਾਦ ਅਤੇ ਸਲਾਹ ਲਈ ਆਉਂਦੇ ਹਨ। ਧਾਰਮਿਕ ਖੇਤਰ ਵਿਚ ਜੈਨ ਸਾਧੂਆਂ ਤੋਂ ਛੁਟ ਚਾਰੇ ਸ਼ੰਕਰਾਚਾਰੀਆ, ਸੰਤ ਕ੍ਰਿਪਾਲ ਸਿੰਘ, ਰੋਮਨ ਪੋਪ, ਰੂਸ ਦੇ ਮੁਸਲਿਮ ਧਾਰਮਿਕ ਨੇਤਾ ਆਪ ਦੇ ਪ੍ਰੇਮੀ ਹਨ। ਪੋਪ ਆਪ ਦੇ ਸਵਾਗਤ ਲਈ ਖੁਦ ਹੇਠਾਂ ਆਏ ਸਨ।

ਨਿਰਵਾਨ ਸ਼ਤਾਬਦੀ ਜੈਨੀਆਂ ਦੇ ਇਤਿਹਾਸ ਦਾ ਕ੍ਰਾਂਤੀਕਾਰੀ ਯੁਗ ਸੀ। ਇਸ ਕ੍ਰਾਂਤੀ ਦੇ ਕਈ ਨੇਤਾ ਸਨ, ਪਰ ਸਭ ਤੋਂ ਉਪਰਲਾ ਨਾਂ ਅਚਾਰੀਆ ਸੁਸ਼ੀਲ ਕੁਮਾਰ ਦਾ ਨਾਂ ਹੈ। ਆਪ ਨੇ ਜੈਨ ਪ੍ਰਾਚੀਨ ਪਦ-ਯਾਤਰਾ ਪਰੰਪਰਾ ਨੂੰ ਤਿਆਗ ਕੇ ਵਿਦੇਸ਼ਾਂ ਵਿਚ ਧਰਮ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। 1977 ਵਿਚ ਆਪਨੇ ਇੰਟਰਨੈਸ਼ਨਲ ਮਹਾਵੀਰ ਜੈਨ ਮਿਸ਼ਨ ਦੀ ਸਥਾਪਨਾ ਕੀਤੀ। ਜੋ ਅਮਰੀਕਾ, ਕਨੇਡਾ, ਇੰਗਲੈਂਡ, ਭਾਰਤ , ਨੇਪਾਲ, ਜਰਮਨੀ, ਜਾਪਾਨ ਆਦਿ ਪ੍ਰਮੁਖ ਦੇਸ਼ਾਂ ਵਿਚ ਕਈ ਜੈਨ ਧਰਮ ਪ੍ਰਚਾਰ ਕੇਂਦਰ ਚਲਾ ਰਿਹਾ ਹੈ। ਇਸ ਵਿਚ ਜੈਨ ਧਰਮ, ਯੋਗ, ਮੰਤਰ ਸ਼ਾਸਤਰ ਦੇ ਅਧਿਐਨ ਦੇ ਨਾਲ ਨਾਲ

ਸੰਸਾਰ ਦੇ ਸਾਰੇ ਧਰਮਾਂ ਦਾ ਤੁਲਨਾਤਮਕ ਅਧਿਐਨ ਕਰਾਇਆ ਜਾਂਦਾ ਹੈ। ਇਥੋਂ ਇਕ ਅੰਗਰੇਜ਼ੀ ਰਸਾਲਾ ਵੀ ਨਿਕਲਦਾ ਹੈ।

3 ਅਕਤੂਬਰ 1981 ਨੂੰ ਪਹਿਲੀ ਇੰਟਰਨੈਸ਼ਨਲ ਜੈਨ ਕਾਨਫਰੰਸ ਯੂ. ਐਨ. ਓ. ਪਲਾਜ਼ਾ ਵਿਖੇ ਹੋਈ। ਤੀਸਰੀ ਕਾਨਫਰੰਸ ਵਿਚ ਲੇਖਕਾਂ ਨੂੰ ਹਿੱਸਾ ਲੈਣ ਦਾ ਮੌਕਾ ਮਿਲਿਆ ਸੀ। ਅਚਾਰੀਆ ਸੁਸ਼ੀਲ ਕੁਮਾਰ ਸੰਸਾਰ ਦੇ ਪਹਿਲੇ ਧਾਰਮਿਕ ਨੇਤਾ ਹਨ ਜਿਨ੍ਹਾਂ ਨੂੰ ਯੂ. ਐਨ. ਓ. ਵਿਖੇ ਭਗਵਾਨ ਮਹਾਵੀਰ ਦੇ ਸੰਦੇਸ਼ ਸਾਰੀ ਦੁਨੀਆ ਨੂੰ ਸੁਨਾਉਣ ਦਾ ਮੌਕਾ ਮਿਲਿਆ। ਆਪ ਨੇ ਅਪਣੀਆਂ ਸਾਰੀਆਂ ਸੰਸਥਾਵਾਂ ਦੇ ਹੈਡ ਕੁਆਟਰ ਨਿਊ ਜਰਸੀ ਵਿਖੇ ਸਿਧਾਚਲ ਨਾਂ ਦੇ ਸਥਾਨ ਨੂੰ ਬਨਾਇਆ ਹੈ। ਵਿਦੇਸ਼ਾਂ ਵਿਚ ਆਪ ਅੰਗਰੇਜ਼ੀ ਵਿਚ ਹੀ ਬੋਲਦੇ ਹਨ। ਆਪ ਜੈਨ ਸਾਧੂ ਨਿਯਮ ਅਨੁਸਾਰ ਹਮੇਸ਼ਾ ਧਰਮ ਪ੍ਰਚਾਰ ਹਿਤ ਘੁਮਦੇ ਰਹਿਨੇ।

ਅਜ ਸੰਸਾਰ ਦੇ 10 ਲਖ ਵਿਦੇਸ਼ੀ ਜੈਨੀ ਆਪ ਨੂੰ ਅਪਣਾ ਧਰਮ ਗੁਰੂ ਮੰਨਦੇ ਹਨ। ਅਜ ਦੁਨੀਆਂ ਦੇ ਨਕਸ਼ੇ ਤੇ ਜੋ ਜੈਨ ਧਰਮ ਹੈ ਉਸ ਦਾ ਸੇਹਰਾ ਇਸ ਪੰਜਾਬੀ ਸੰਤ ਨੂੰ ਹੀ ਹੈ। ਆਪ ਮਾਨ ਅਪਮਾਨ ਤੋਂ ਦੂਰ ਖੁਸ਼-ਤਬੀਅਤ ਸੰਤ ਹਨ। ਗਰੀਬਾਂ ਦੇ ਮਸੀਹਾ ਹਨ। ਜਾਤ ਪਾਤ, ਛੂਆਛੂਤ, ਦਹੇਜ, ਗਊ ਹਤਿਆ ਵਿਰੁਧ ਪ੍ਰਥਾ ਲਈ ਆਪ ਨੇ ਬੜੇ ਬੜੇ ਅੰਦੋਲਨਾਂ ਵਿਚ ਸਫਲਤਾ ਹਾਸਲ ਕੀਤੀ ਹੈ। ਆਪ 20ਵੀਂ ਸਦੀ ਦੇ ਅਚਾਰੀਆ ਹੇਮ ਚੰਦਰ ਹਨ। ਅਚਾਰੀਆ ਹੇਮਚੰਦਰ ਨੇ ਅਪਣਾ ਅਸਰ ਰਸੂਖ ਵਰਤ ਕੇ ਜੈਨ ਧਰਮ ਨੂੰ 18 ਦੇਸ਼ਾਂ ਵਿਚ ਫੈਲਾਇਆ ਸੀ। ਲੇਖਕਾਂ ਪ੍ਰਤਿ ਮਹਾਰਾਜ ਸ੍ਰੀ ਦਾ ਖਾਸ ਪ੍ਰੇਮ ਹੈ। ਇਸ ਦਾ ਪ੍ਰਮੁਖ ਕਾਰਣ ਸਾਡਾ ਸ਼ਹਿਰ ਹੈ ਜਿਸ ਦੇ ਗਲੀ ਮੁਹੱਲਿਆਂ ਵਿਚ ਆਪ ਦਾ ਬਚਪਨ ਬੀਤਿਆ। ਆਪ ਨੂੰ ਇਸ ਸ਼ਹਿਰ ਨਾਲ ਇਸ ਕਾਰਨ ਵੀ ਪਿਆਰ ਹੈ ਕਿ ਇਥੇ ਸ਼੍ਰੀ ਰੂਪ ਚੰਦ ਜੀ ਮਹਾਰਾਜ ਦਾ ਘਰ ਹੈ।

ਆਪ ਦੀ ਕ੍ਰਿਪਾ ਸਦਕਾ ਸਾਡੇ ਕਈ ਪੰਜਾਬੀ ਪ੍ਰਕਾਸ਼ਨਾਂ ਦਾ ਵਿਮੋਚਨ ਦਿੱਲੀ ਵਿਖੇ ਆਪ ਦੀ ਛਤਰ ਛਾਇਆ ਹੇਠ ਹੋਇਆ ਹੈ। ਆਪ ਦੀ ਕ੍ਰਿਪਾ ਨਾਲ ਅਨੇਕਾਂ ਵਿਦੇਸ਼ੀ ਜੈਨ ਭਗਤਾਂ ਨਾਲ ਸਾਡੀ ਵਾਕਫ਼ੀਅਤ ਹੋਈ ਹੈ।

ਆਪਦੇ ਨਾਲ ਸ਼੍ਰੀ ਸੁਭਾਗ ਮੁਨੀ ਜੀ, ਸ਼੍ਰੀ ਅਮਰੇਂਦਰ ਮੁਨੀ, ਸ਼੍ਰੀ ਧਰਮ ਕੀਰਤੀ ਜੀ, ਸ਼੍ਰੀ ਕਸਤੂਰ ਮੁਨੀ ਜੀ ਅਤੇ ਸ਼੍ਰੀ ਦਿਨੇਸ਼ ਮੁਨੀ ਜੀ ਵੀ ਵਿਦੇਸ਼ਾਂ ਵਿਚ ਆਪ ਨਾਲ ਧਰਮ ਪ੍ਰਚਾਰ ਕਰ ਰਹੇ ਹਨ। ਸਾਰੇ ਸਾਧੂ ਪੁਰਾਤਨ ਪੰਜਾਬ ਨਾਲ ਸੰਬੰਧਿਤ ਹਨ। ਆਪ ਦੇ ਧਰਮ ਪ੍ਰਚਾਰ ਵਿਚ ਕਈ ਹੋਰ ਭਾਰਤੀ ਜੈਨ ਯਤੀ ਆਪ ਦੀ ਮਦਦ ਕਰਦੇ ਹਨ। ਅਜ ਵਿਦੇਸ਼ਾਂ ਵਿਚ ਅਨੇਕਾਂ ਜੈਨ ਧਰਮ ਨਾਲ ਸੰਬੰਧਿਤ ਆਸ਼ਰਮ, ਮੰਦਰ, ਦਾਦਾਵਾੜੀਆਂ ਆਪ ਦੀ ਪ੍ਰੇਰਣਾ ਨਾਲ ਸਥਾਪਿਤ ਹੋ ਚੁਕੀਆਂ ਹਨ। ਆਪ ਅਤੇ ਆਪ ਦੇ ਸਾਥੀਆਂ ਦਾ ਜੈਨ ਸੰਸਾਰ ਪ੍ਰਤਿ ਖਾਸ ਉਪਕਾਰ ਹੈ। ਰਾਜੀਵ ਲੌਂਗੋਵਾਲ ਸਮਝੌਤੇ ਦੇ ਵਿਚ ਪ੍ਰਮੁਖ ਹਿੱਸਾ ਪੌਣ ਖ਼ਾਤਰ ਲੌਂਗੋਵਾਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## ਨਵ ਤੇਰਾਪੰਥ ਦੇ ਕੁਝ ਮਸ਼ਹੂਰ ਧਰਮ ਪ੍ਰਚਾਰਕ ਸਾਧੂ ਸਾਧਵੀ

# ਸੰਘ ਪ੍ਰਮੁਖ ਸ੍ਰੀ ਚੰਦਨ ਮਲ ਜੀ

ਆਪ ਭਾਰਤੀ ਭਾਸ਼ਾਵਾਂ ਦੇ ਪ੍ਰਮਖ ਜਾਨਕਾਰ ਜੈਨ ਸੰਤ ਹਨ। ਆਪ ਮਹਾਨ ਕਵਿ ਲੇਖਕ ਅਤੇ ਧਰਮ-ਪ੍ਰਚਾਰਕ ਹਨ। ਜੈਨ ਧਰਮ ਵਿਚ ਦੋ ਹੀ ਚੰਦਨ ਮੁਨੀ ਹਨ ਇਕ ਸਥਾਨਕ ਵਾਸੀ ਅਤੇ ਇਕ ਨਵ ਤੇਰਾਪੰਥ ਫ਼ਿਰਕੇ ਦੇ ਪ੍ਰਮੁਖ। ਦੋਵੇਂ ਹੀ ਚੰਗੇ ਕਵਿ ਹਨ।

ਅਜ ਤੋਂ ਤਕਰੀਬਨ 58 ਸਾਲ ਪਹਿਲਾਂ 9 ਸਾਲ ਦੀ ਉਮਰ ਵਿਚ ਅਪਣੇ ਬੜੇ ਭਰਾ ਸ੍ਰੀ ਧਨਰਾਜ ਅਤੇ ਭੈਣ ਦੀਪਾ ਜੀ ਨਾਲ ਅਚਾਰੀਆ ਕਾਲੂ ਗਣੀ ਕੋਲ ਸਾਧੂ ਬਣੇ। ਆਪ ਦੇ ਪਿਤਾ ਸ੍ਰੀ ਕੇਵਲ ਚੰਦ (ਬਾਲਕ ਵਿਚ ਮੁਨੀ ਸਿਰਸਾ ਦੇ ਰਹਿਣ ਵਾਲੇ ਸਨ। ਅੱਜ ਸ਼ਵੇਤਾਂਬਰ ਤੇਰਾਪੰਥ ਦਾ ਪ੍ਰਚਾਰ ਕਰਨ ਵਾਲਿਆਂ ਵਿਚ ਆਪ ਦਾ ਨਾਂ ਪ੍ਰਮੁਖ ਹੈ। ਆਪ ਨੇ ਪੰਜਾਬ ਦੀਆਂ ਮੰਡੀਆਂ ਵਿਚ ਨਵੇਂ ਜੈਨ ਬਨਾਏ। ਕੁਝ ਸਮਾਂ ਪਹਿਲਾਂ ਆਪ ਅਚਾਰੀਆ ਸ੍ਰੀ ਤੁਲਸੀ ਜੀ ਮਹਾਰਾਜ ਨਾਲ ਵਿਚਾਰਕ ਮਤਭੇਦ ਹੋਣ ਕਾਰਨ ਅਲਗ ਹੋ ਗਏ।

ਆਪ ਨੇ ਸੰਸਕ੍ਰਿਤ, ਹਿੰਦੀ, ਪ੍ਰਾਕ੍ਰਿਤ, ਗੁਜਰਾਤੀ, ਪੰਜਾਬੀ ਭਾਸ਼ਾਵਾਂ ਵਿਚ ਅਨੇਕਾਂ ਹੀ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਅਜ ਤਕ 21 ਛਪ ਚੁਕੀਆਂ ਹਨ। ਆਪ ਅਜ ਕਲ ਨਵ ਤੇਰਾ ਪੰਥ ਦੇ ਸੰਘ ਪ੍ਰਮੁਖ ਹਨ ਜੋ ਕਿ ਅਚਾਰੀਆ ਵਰਗਾ ਦਰਜਾ ਹੈ। ਆਪ ਮਹਾਨ ਕ੍ਰਾਂਤੀਕਾਰੀ ਸਮਾਜ ਸੁਧਾਰਕ ਅਤੇ ਸ਼ਾਸਤਰਾਂ ਦੇ ਜਾਨਕਾਰ ਸੰਤਾਂ ਵਿਚੋਂ ਇਕ ਹਨ। ਆਪ ਨੇ ਜੈਨ ਏਕਤਾ ਲਈ ਜੈਨ ਸੰਗਮ ਨਾਂ ਦੀ ਸੰਸਥਾ ਕਾਇਮ ਕੀਤੀ ਹੈ।

# ਤਪੱਸਵੀ ਸ੍ਰੀ ਧਨ ਰਾਜ ਜੀ ਮਹਾਰਾਜ

ਆਪ ਸ੍ਰੀ ਚੰਦਨ ਮਲ ਦੇ ਸਕੇ ਭਰਾ ਹਨ। ਆਪ 60 ਸਾਲ ਸਾਧੂ ਪੁਣੇ ਦੇ ਪੂਰੇ ਕਰ ਚੁਕੇ ਹਨ। ਆਪ ਨੇ ਵੀ ਬੁਢਾਪੇ ਦੀ ਪਰਵਾਹ ਨਾ ਕਰਦੇ ਹੋਏ ਇਸ ਨਵੇਂ ਪੰਥ ਨੂੰ ਗ੍ਰਹਿਣ ਕੀਤਾ। ਆਪ ਵੀ ਅਨੇਕਾਂ ਭਾਸ਼ਾਵਾਂ ਦੇ ਜਾਣਕਾਰ, ਪ੍ਰਚਾਰਕ ਅਤੇ ਸਮਾਜ-ਸੁਧਾਰਕ ਹਨ। ਆਪ ਦੀਆਂ ਭਿੰਨ ਭਿੰਨ ਭਾਸ਼ਾਵਾਂ ਅਤੇ ਵਿਸ਼ਿਆਂ ਤੇ 22 ਪੁਸਤਕਾਂ ਛਪ ਚੁਕੀਆਂ ਹਨ। ਕਈ ਪ੍ਰਕਾਸ਼ਨ ਅਧੀਨ ਹਨ। ਆਪ ਅਚਾਰੀਆ ਸ੍ਰੀ ਤੁਲਸੀ ਜੀ ਮਹਾ-ਰਾਜ ਦੇ ਨਾਲ ਹੀ ਅਧਿਐਨ ਕਰਦੇ ਰਹੇ ਹਨ।

# ਸ਼੍ਰੀ ਰੂਪ ਚੰਦ ਜੀ ਮਹਾਰਾਜ

ਆਪ ਨਵ ਤੇਰਾਪੰਥ ਦੇ ਸੰਸਥਾਪਕਾਂ ਵਿਚੋਂ ਪ੍ਰਮੁਖ ਹਨ। ਆਪ ਦਾ ਜਨਮ ਸੰ: 1996 ਭਾਦੋਂ ਸ਼ੁਕਲਾ 9 ਨੂੰ ਸਰਦਾਰ ਸ਼ਹਿਰ ਰਾਜਸਥਾਨ ਵਿਖੇ ਹੋਇਆ। ਸੰ: 2009 ਕੱਤਕ ਕ੍ਰਿਸ਼ਨਾ 9 ਨੂੰ ਆਪ ਤੇਰਾਪੰਥੀ ਸਾਧੂ ਬਣੇ। ਆਪ ਭਾਰਤੀ ਭਾਸ਼ਾਵਾਂ ਤੋਂ ਛੁੱਟ ਅਨੇਕਾਂ ਵਿਦੇਸ਼ੀ ਭਾਸ਼ਾਵਾਂ ਦੇ ਵਿਦਵਾਨ ਹਨ। ਆਪ ਨੇ ਸਮੁੱਚੇ ਭਾਰਤ ਤੋਂ ਛੁਟ ਨੇਪਾਲ ਵਿਚ ਕਈ ਵਾਰ ਧਰਮ ਪ੍ਰਚਾਰ ਕੀਤਾ ਹੈ। ਆਪ ਦੀਆਂ 14 ਰਚਨਾਵਾਂ ਹਿੰਦੀ, ਬੰਗਲਾ, ਕੰਨੜ ਆਦਿ ਭਾਸ਼ਾਵਾਂ ਵਿਚ ਛਪ ਚੁਕੀਆਂ ਹਨ। ਚੋਟੀ ਦੇ ਨੇਤਾ ਆਪ ਤੋਂ ਪ੍ਰੇਰਣਾ ਲੈਣ ਆਉਂਦੇ ਹਨ। ਬੀ. ਬੀ. ਸੀ. ਰੇਡੀਓ ਤੋਂ ਆਪ ਦੇ ਕਈ ਪ੍ਰੋਗਰਾਮ ਪ੍ਰਸਾਰਿਤ ਹੋ ਚੁਕੇ ਹਨ।

ਹੋਰ ਸੰਤਾਂ ਵਿਚ ਮੁਨੀ ਝੂਮਰ ਮਲ, ਮੁਨੀ ਸੋਹਨ ਲਾਲ, ਮੁਨੀ ਮਨਕ ਕੁਮਾਰ' ਸ਼੍ਰੀ ਪ੍ਰਕਾਸ਼ ਮੁਨੀ, ਮੁਨੀ ਕ੍ਰਾਂਤੀ ਕੁਮਾਰ, ਮੁਨੀ ਵੀਰ ਵਿਜੈ ਦੇ ਨਾਂ ਪ੍ਰਸਿਧ ਹਨ। ਸਾਰੇ ਸਾਧੂ ਚੰਗੇ ਵਿਦਵਾਨ ਅਤੇ ਧਰਮ ਪ੍ਰਚਾਰਕ ਹਨ।

——

# ਨਵ ਤੇਰਾਪੰਥ ਦਾ ਸਾਧਵੀ ਫ਼ਿਰਕਾ

ਨਵ ਤੇਰਾ ਪੰਥ ਵਿਚ ਕਾਫੀ ਵਿਦਵਾਨ ਸਾਧਵੀਆਂ ਸ਼ਾਮਲ ਹਨ। ਜਿਨ੍ਹਾਂ ਸਮੁੱਚੇ ਭਾਰਤ ਵਿਚ ਧਰਮ ਪ੍ਰਚਾਰ ਕੀਤਾ ਹੈ। ਇਨ੍ਹਾਂ ਵਿਚੋਂ ਕੁਝ ਸਾਧਵੀਆਂ ਦੀ ਜਾਣਕਾਰੀ ਦੇ ਰਹੇ ਹਾਂ।

# ਸੰਘ ਪ੍ਰਮੁਖਾ ਪ੍ਰਵਰਤਨੀ ਸ਼੍ਰੀ ਮੰਜੂਲਾ ਸ਼੍ਰੀ ਜੀ

ਆਪ ਜੈਨ ਸਮਾਜ ਦੀ ਮਹਾਨ ਸਾਧਵੀ ਹਨ। ਤੇਰਾਪੰਥ ਪ੍ਰਮੁਖ ਸਾਧਵੀ ਕਣਕ ਪ੍ਰਭਾ ਦੀ ਭੈਣ ਹਨ। ਆਪ ਦਾ ਜਨਮ ਲਾਡਨੂ ਵਿਖੇ ਹੋਇਆ। 15 ਸਾਲ ਦੀ ਉਮਰ ਵਿਚ ਸੰਸਾਰਿਕ ਸੁਖਾਂ ਨੂੰ ਤਿਆਗ ਕੇ ਜੈਨ ਧਰਮ ਦਾ ਸਾਧਵੀ ਮਾਰਗ ਗ੍ਰਹਿਣ ਕੀਤਾ। ਆਪ ਨੇ ਬਹੁਤ ਭਾਸ਼ਾਵਾਂ ਦਾ ਅਧਿਐਨ ਕੀਤਾ ਹੈ। ਆਪ ਮਹਾਨ ਲੇਖਿਕਾ ਹਨ। ਆਪ ਨੇ ਪੰਜਾਬ ਵਿਚ ਅਚਾਰੀਆ ਸ਼੍ਰੀ ਤੁਲਸੀ ਜੀ ਮਹਾਰਾਜ ਦੇ ਸਮੇਂ ਕਾਫੀ ਪ੍ਰਚਾਰ ਪ੍ਰਸਾਰ ਦਾ ਕੰਮ ਕੀਤਾ। ਆਪ ਕਸ਼ਮੀਰ ਤਕ ਗਏ। ਆਪ ਦੀਆਂ ਭਿੰਨ ਭਿੰਨ ਵਿਸ਼ਿਆਂ ਤੇ 7 ਪੁਸਤਕਾਂ ਛਪ ਚੁਕੀਆਂ ਹਨ।

# ਕੁਝ ਪ੍ਰਮੁਖ ਨਵ ਤੇਰਾ ਪੰਥ ਸਾਧਵੀਆਂ

## ਸਾਧਵੀ ਸ੍ਰੀ ਮੰਜੂ ਸ੍ਰੀ ਜੀ ਮਹਾਰਾਜ

ਸਾਧਵੀ ਸ੍ਰੀ ਮੰਜੂ ਸ੍ਰੀ ਜੀ ਨੇ 13 ਸਾਲ ਦੀ ਉਮਰ ਵਿਚ ਅਚਾਰੀਆ ਸ੍ਰੀ ਤੁਲਸੀ ਜੀ ਮਹਾਰਾਜ ਤੋਂ ਦੀਖਿਆ ਗ੍ਰਹਿਣ ਕੀਤੀ ਸੀ। ਸਾਧਵੀ ਚਾਂਦ ਕੁਮਾਰੀ ਜੀ ਆਪ ਦੀ ਸਕੀ ਭੈਣ ਹਨ। ਲੇਖਕਾਂ ਨੂੰ ਆਪ ਦੇ ਸੰਪਰਕ ਤੋਂ ਕਾਫ਼ੀ ਗਿਆਨ ਪ੍ਰਾਪਤ ਹੋਇਆ ਹੈ।

## ਸਾਧਵੀ ਸ੍ਰੀ ਦੀਪਾ ਜੀ ਮਹਾਰਾਜ

ਸਾਧਵੀ ਦੀਪਾ ਜੀ ਡੂਗਰਗੜ੍ਹ ਨਿਵਾਸੀ ਹਨ। ਪਤੀ ਦੇ ਸਵਰਗਵਾਸ ਹੋਣ ਕਾਰਣ ਆਪ 34 ਸਾਲ ਪਹਿਲਾਂ ਸਾਧਵੀ ਬਣੇ। ਆਪ ਨੇ ਸਾਧਵੀ ਸ੍ਰੀ ਮੰਜੂ ਸ੍ਰੀ ਤੋਂ ਸ਼ਾਸਤਰਾਂ ਦਾ ਗਿਆਨ ਹਾਸਲ ਕੀਤਾ।

## ਸਾਧਵੀ ਸ੍ਰੀ ਸਮਤਾ ਜੀ ਮਹਾਰਾਜ

ਸਾਧਵੀ ਸ੍ਰੀ ਸਮਤਾ ਜੀ ਨਵੀਂ ਦੀਖਿਆ ਲੈਣ ਵਾਲੀ ਪਹਿਲੀ ਨਵ ਤੇਰਾਪੰਥ ਸਾਧਵੀ ਹਨ। ਆਪ ਹਨੂਮਾਨ ਗੜ੍ਹ ਨਿਵਾਸੀ ਹਨ।

## ਸਾਧਵੀ ਸ੍ਰੀ ਮੋਹਨਾ ਜੀ ਮਹਾਰਾਜ

ਸਾਧਵੀ ਸ੍ਰੀ ਮੋਹਨਾ ਜੀ ਤੇਰਾ ਪੰਥ ਦੇ ਯੁਵਾ ਅਚਾਰੀਆ ਦੇ ਚਾਚੇ ਦੀ ਲੜਕੀ ਹਨ। ਆਪ ਨੇ ਸਾਧਵੀ ਸ੍ਰੀ ਦੀਪਾ ਜੀ ਮਹਾਰਾਜ ਤੋਂ ਤੱਤਵ ਗਿਆਨ ਹਾਸਲ ਕੀਤਾ। ਆਪ ਨੇ ਧਰਮ ਪ੍ਰਚਾਰ ਵਿਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ।

## ਸਾਧਵੀ ਸ੍ਰੀ ਜਤਨ ਕੁਮਾਰੀ ਜੀ ਮਹਾਰਾਜ

ਸਾਧਵੀ ਜਤਨ ਕੁਮਾਰੀ ਚੂਰੂ ਨਿਵਾਸੀ ਹਨ। 12 ਸਾਲ ਦੀ ਉਮਰ ਵਿਚ ਆਪ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ।

## ਸਾਧਵੀ ਸ੍ਰੀ ਸੁਮੰਗਲ ਜੀ ਮਹਾਰਾਜ

ਸਾਧਵੀ ਸ੍ਰੀ ਸੁਮੰਗਲ ਜੀ, ਸਾਧਵੀ ਸ੍ਰੀ ਜਤਨ ਕੁਮਾਰੀ ਜੀ ਦੀ ਸਕੀ ਭੈਣ ਹਨ। ਆਪ ਦੇ ਭਰਾ ਜੈਨ ਧਰਮ ਦੇ ਪ੍ਰਸਿਧ ਲੇਖਕ ਤੇ ਸੰਪਾਦਕ ਸ੍ਰੀ ਸ੍ਰੀ ਚੰਦ ਜੀ ਸੁਰਾਨਾ 'ਸਰਸ'

ਹਨ ਜਿਨ੍ਹਾਂ 100 ਤੋਂ ਜ਼ਿਆਦਾ ਗ੍ਰੰਥਾਂ ਦਾ ਸੰਪਾਦਨ, ਲੇਖਨ ਕੀਤਾ ਹੈ, ਕਈ ਗ੍ਰੰਥਾਂ ਦਾ ਕਰ ਰਹੇ ਹਨ। ਆਪ 25 ਸਾਲ ਤੋਂ ਧਰਮ ਪ੍ਰਚਾਰ ਕਰ ਰਹੇ ਹਨ।

## ਸਾਧਵੀ ਭਾਵਨਾ ਸ਼੍ਰੀ ਜੀ ਮਹਾਰਾਜ

ਸਾਧਵੀ ਭਾਵਨਾ ਸ਼੍ਰੀ ਜੀ ਵੀ ਦਾਸਰ ਨਿਵਾਸੀ ਹਨ। ਪਤੀ ਦੀ ਮੌਤ ਤੋਂ ਬਾਅਦ ਆਪ ਨਵ ਤੇਰਾ ਪੰਥ ਸਾਧਵੀ ਬਣੇ ਹਨ।

ਸਾਧਵੀ ਕਣਕ ਲਤਾ ਕਲਕੱਤਾ ਨਿਵਾਸੀ ਹਨ। ਸਾਧਵੀ ਊਸ਼ਾ ਕੁਮਾਰੀ ਸਾਂਡਵਾ ਨਿਵਾਸੀ ਹਨ। ਸਾਧਵੀ ਕੁਸਮ ਰੇਖਾ ਸਰਦਾਰ ਸ਼ਹਿਰ ਦੇ ਰਹਿਣ ਵਾਲੇ ਹਨ।

ਪ੍ਰਿਆ ਦਰਸ਼ਨਾ ਗਵਾਲੀਅਰ ਦੇ ਇੰਦਰਚੰਦ ਜੀ ਦੀ ਸਪੁੱਤਰੀ ਹਨ। ਆਪ ਬੀ.ਏ. ਪਾਸ ਹਨ। ਸ਼੍ਰੀ ਧਨ ਰਾਜ ਜੀ ਅਤੇ ਸ਼੍ਰੀ ਚੰਦਨ ਮਲ ਜੀ ਦੀ ਆਪ ਸਕੀ ਭਤੀਜੀ ਹਨ।

ਸਾਧਵੀ ਸ਼੍ਰੀ ਮਹਿਮਾ ਸ਼੍ਰੀ ਜੀ ਮਹਾਰਾਸ਼ਟਰ ਦੇ ਪਟੇਲ ਪਰਿਵਾਰ ਨਾਲ ਸੰਬੰਧਿਤ ਹਨ।

ਸਾਰੀਆਂ ਸਾਧਵੀਆ ਚੰਗੀਆਂ ਭਾਸ਼ਨ ਕਾਰ ਹਨ, ਲੇਖਕ ਅਤੇ ਕਵਿ ਹਨ। ਕਈ ਸਾਧਵੀਆਂ ਚਿਤਰਕਾਰ ਹਨ। ਕਈ ਸਾਧਵੀਆਂ ਸੂਖਮ ਲਿਪਿਕਾਰ ਹਨ।

(ਸਮੋਸਰਨ ਤੋਂ ਧਨਵਾਦ ਸਹਿਤ)





# ਕੁਝ ਪ੍ਰਸਿੱਧ ਪੰਜਾਬੀ ਜੈਨ
# ਉਪਾਸਕ, ਲੇਖਕ, ਕਵਿ, ਦਾਨੀ
# ਅਤੇ ਦੇਸ਼ ਭਗਤ

# ਕੁਝ ਪ੍ਰਸਿਧ ਪੰਜਾਬੀ ਜੈਨ ਲੇਖਕ

ਇਸ ਅਧਿਐਨ ਵਿਚ ਅਸੀਂ ਪੰਜਾਬ ਨਾਲ ਸੰਬੰਧਿਤ ਪ੍ਰਸਿਧ ਗ੍ਰਹਿਸਥ ਜੈਨ ਲੇਖਕਾਂ ਕਵੀਆਂ, ਧਰਮ ਪ੍ਰਚਾਰਕਾਂ, ਸਮਾਜ ਸੁਧਾਰਕਾਂ, ਦੇਸ਼ ਭਗਤਾਂ ਅਤੇ ਵਿਦਿਆ ਪ੍ਰਸਾਂਰਕਾਂ ਦਾ ਵਰਨਣ ਕਰਾਂਗੇ।

ਭਾਵੇਂ ਯਤੀਆਂ ਨੇ ਕਾਫ਼ੀ ਮਾਤਰਾ ਵਿਚ ਸੁਤੰਤਰ ਸਾਹਿਤ ਰਚਿਆ ਹੈ ਪਰ ਉਹ ਪ੍ਰਕਾਸ਼ ਵਿਚ ਨਹੀਂ ਆ ਸਕਿਆ। ਸ੍ਰੀ ਹੀਰਾ ਲਾਲ ਜੀ ਦੁਗੜ ਨੇ ਅਪਣੀ ਪੁਸਤਕ **'ਮਧ ਏਸ਼ੀਆ ਔਰ ਪੰਜਾਬ ਵਿਚ ਜੈਨ ਧਰਮ'** ਵਿਚ ਕੁਝ ਯਤੀਆਂ ਲੇਖਕਾਂ ਦੀਆਂ ਪਸਤਕਾਂ ਦੇ ਨਾਂ ਗਿਣਾਏ ਹਨ। ਅਸੀਂ ਉਨ੍ਹਾਂ ਮਹਾਨ ਯਤੀਆਂ ਦੇ ਨਾਂ ਹੀ ਦਰਜ ਕਰਦੇ ਹਾਂ ਜਿਨ੍ਹਾਂ ਪੰਜਾਬ ਦੀ ਧਰਤੀ ਤੇ ਬੈਠ ਕੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਹਿੰਦੀ ਵਿਚ ਸਾਹਿਤ ਲਿਖਿਆ। ਉਨ੍ਹਾਂ ਵਿਚੋਂ ਬੜਗੱਡ ਦੇ ਮੁਨੀ ਮਾਲ ਯਤੀ ਪ੍ਰਸਿਧ ਹਨ ਜਿਨ੍ਹਾਂ ਸਰਸੇ (ਸਰਸਵਤੀ ਪੱਤਨ) ਵਿਖੇ 35 ਗ੍ਰੰਥ ਲਿਖੇ। ਆਪ ਦਾ ਸਮਾਂ ਵਿਕਰਮ ਸੰ: 17ਵੀਂ ਸਦੀ ਦਾ ਹੈ। ਇਹ ਗੱਦੀ ਹਨੂਮਾਨ ਗੱਛ ਦੀ ਗੱਦੀ ਦੇ ਅਧੀਨ ਸੀ।

ਯਤੀ ਮੇਘ ਨੇ ਫਗਵਾੜੇ ਵਿਖੇ ਸੰ: 19ਵੀਂ ਸਦੀ ਵਿਚ ਮੇਘ ਵਿਨੋਦ, ਮੇਘ ਮਾਲਾ, ਗੋਪੀ ਚੰਦ ਕਥਾ, ਦਾਨਸ਼ੀਲ ਤਪ ਭਾਵਨਾ, ਚੌਵੀਸੀ, ਪਿੰਗਲ ਸ਼ਾਸਤਰ, ਮੇਘ ਵਿਲਾਸ, ਮੇਘ ਮਹੂਰਤ ਤੋਂ ਛੁਟ ਹੋਰ ਬਹੁਤ ਗ੍ਰੰਥ ਲਿਖੇ। ਯਤੀਆਂ ਦਾ ਸੁਤੰਤਰ ਸਾਹਿਤ ਸਾਨੂੰ ਜ਼ਿਆਦਾ ਪ੍ਰਾਪਤ ਨਹੀਂ ਹੋ ਸਕਿਆ। ਮੁਨੀਆਂ ਅਤੇ ਸਾਧਵੀਆਂ ਰਾਹੀਂ ਲਿਖੇ ਸਾਹਿਤ ਦਾ ਵਰਨਣ ਅਸੀਂ ਆਧੁਨਿਕ ਕਾਲ ਵਿਚ ਕਰ ਦਿਤਾ ਹੈ। ਕੁਝ ਪੁਰਾਤਨ ਦਿਗੰਬਰ ਉਪਾਸਕਾਂ ਦਾ ਵਰਨਣ ਵੀ ਆ ਚੁਕਾ ਹੈ।

# ਉਪਾਸਕ ਜੈਨ ਕਵਿ ਸ੍ਰੀ ਹਰਜਸ ਰਾਏ ਜੀ

ਆਪ ਕਸੂਰ ਦੇ ਰਹਿਣ ਵਾਲੇ ਸਨ। ਆਪ ਦੇ ਮਾਤਾ ਪਿਤਾ ਬਾਰੇ ਕੋਈ ਜਾਨਕਾਰੀ ਨਹੀਂ ਮਿਲਦੀ। ਪੰਡਤ ਹੀਰਾ ਲਾਲ ਦੁਗੜ ਆਪ ਦੀਆਂ ਚਾਰ ਰਚਨਾਵਾਂ (1) ਗੁਰੂ-ਗੁਣ ਰਤਨ ਮਾਲਾ (ਸੰ: 1864) (2) ਸ੍ਰੀ ਸੀਮੰਧਰ ਸਵਾਮੀ ਛੰਦ (1865) (3) ਦੇਵਾਧੀਦੇਵ ਰਚਨਾ (1865) (4) ਦੇਵ ਰਚਨਾ (1870)। ਕਵਿ ਦਾ ਅਪਣਾ ਗੁਰੂ ਮੁਨੀ ਸ੍ਰੀ ਨਾਗਰ ਮਲ ਜਾਪਦਾ ਹੈ ਪਰ ਆਪ ਦੀਆਂ ਰਚਨਾਵਾਂ ਸਮੁਚੇ ਸ਼ਵੇਤਾਂਬਰ ਫ਼ਿਰਕੇ ਵਿਚ ਰਮਾਇਣ ਵਾਂਗ ਪੜ੍ਹੀਆਂ ਅਤੇ ਪਵਿਤਰ ਸਮਝੀਆਂ ਜਾਂਦੀਆਂ ਹਨ। ਘਰ ਵਿਚ ਰਹਿ ਕੇ ਅਜੇਹਾ ਗਿਆਨ ਹਾਸਲ ਕਰਨਾ ਜੈਨ ਕਵਿ ਹਰਜਸ ਰਾਏ ਦਾ ਕਮਾਲ ਸੀ। ਆਪ ਦੀ ਰਚਨਾ ਕਵਿਤਾ ਪਖੋਂ, ਭਾਸ਼ਾ ਪਖੋਂ, ਛੰਦ ਅਤੇ ਅਲੰਕਾਰ ਪਖੋਂ ਸੰਪੂਰਨ ਹਨ। ਇਹ ਆਪ ਦੇ ਮਹਾਨ ਸ਼ਾਸਤਰ ਗਿਆਨ ਦੇ ਦਰਸ਼ਨ ਵੀ ਕਰਾਉਂਦੀਆਂ ਹਨ।

# ਸ੍ਰੀ ਸ਼ਾਂਤੀ ਲਾਲ ਜੀ ਨਾਹਰ

ਆਪ ਹੋਸ਼ਿਆਰ ਪੁਰ ਦੇ ਰਹਿਣ ਵਾਲੇ ਹਨ। ਆਪ ਨੇ ਕਾਂਗੜੇ ਤੀਰਥ ਦੀ ਸੇਵਾ ਕਰਕੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ। ਆਪ ਨੇ ਕਾਂਗੜੇ ਤੀਰਥ ਦਾ ਇਤਹਾਸ ਵੀ ਲਿਖਿਆ ਜੋ ਕਿ ਮਾਲੇਰ ਕੋਟਲੇ ਦੇ ਲਾਲਾ ਮੀਰੀ ਮਲ ਜੈਨ ਵਲੋਂ ਛਪਾਇਆ ਗਿਆ। ਛੋਟੀ ਜੇਹੀ ਪੁਸਤਕ ਆਪ ਦੀ ਵਿਦਵਾਨਤਾ ਨੂੰ ਜ਼ਾਹਰ ਕਰਦੀ ਹੈ।

# ਪੰ: ਹੀਰਾ ਲਾਲ ਦੁਗੜ

ਆਪ ਸ੍ਰੀ ਦੀਨਾ ਨਾਥ ਦੁਗੜ ਦੇ ਸਪੁਤਰ ਹਨ। ਪਾਕਿਸਤਾਨ ਤੋਂ ਬਾਅਦ ਦਿੱਲੀ ਰਹਿ ਰਹੇ ਹਨ। ਆਪਨੇ ਗੁਰੁਕੁਲ ਗੁਜਰਾਂਵਾਲੇ ਵਾਲੇ ਦੀ ਬਹੁਤ ਸੇਵਾ ਕੀਤੀ। ਆਪ ਸ਼ਾਸਤਰਾਂ ਦੇ ਗਿਆਨ ਤੋਂ ਛੁਟ ਵਿਆਕਰਨ, ਮੰਤਰ ਸ਼ਾਸਤਰ, ਜੋਤਿਸ਼ ਦੇ ਮਹਾਨ ਵਿਦਵਾਨ ਹਨ। ਸਾਧੂ ਸਾਧਵੀਆਂ ਨੂੰ ਸ਼ਾਸਤਰ ਬੜੇ ਪਿਆਰ ਨਾਲ ਪੜ੍ਹਾਉਂਦੇ ਹਨ। ਆਪ ਨੇ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਤੇ 33 ਗ੍ਰੰਥ ਹਿੰਦੀ ਭਾਸ਼ਾ ਵਿਚ ਲਿਖੇ ਹਨ। ਆਪ ਦੇ ਕੁਝ ਸੁਤੰਤਰ ਲੇਖ ਪਤ੍ਰਿਕਾਵਾਂ ਵਿਚ ਛਪਦੇ ਰਹਿੰਦੇ ਹਨ। ਅਜ ਕਲ ਆਪ ਜੈਨ ਮੰਤਰ ਸ਼ਾਸਤਰ 20 ਭਾਗਾਂ ਵਿਚ ਛਪਵਾ ਰਹੇ ਹਨ। ਇਨ੍ਹਾਂ ਵਿਚੋਂ 2 ਭਾਗ ਸਾਹਮਣੇ ਆ ਚੁਕੇ ਹਨ। ਆਪ ਦਾ ਪ੍ਰਸਿਧ ਗ੍ਰੰਥ **'ਮੱਧ ਏਸ਼ੀਆ ਔਰ ਪੰਜਾਬ ਮੇਂ ਜੈਨ ਧਰਮ'** ਹੈ ਜਿਸ ਵਿਚ ਆਪ ਦੇ ਗਿਆਨ ਸਮੁੰਦਰ ਦਾ ਪਤਾ ਲਗਦਾ ਹੈ।

# ਕਵਿ ਸ੍ਰੀ ਖੁਸ਼ੀ ਰਾਮ ਦੁਗੜ

ਕਵਿ ਸ੍ਰੀ ਖੁਸ਼ੀ ਰਾਮ ਦੁਗੜ ਗੁਜਰਾਂਵਾਲੇ ਦੇ ਰਹਿਣ ਵਾਲੇ ਸਨ। ਆਪ ਅਚਾਰੀਆ ਵਿਜੈ ਨੰਦ ਦੇ ਪਰਮ ਭਗਤ ਸਨ। ਆਪ ਨੇ ਹਿੰਦੀ ਭਾਸ਼ਾ ਨੂੰ ਤਕਰੀਬਨ 25 ਗ੍ਰੰਥ ਪ੍ਰਦਾਨ ਕੀਤੇ ਹਨ। ਇਨ੍ਹਾਂ ਗ੍ਰੰਥਾਂ ਦਾ ਸਮਾਂ ਸੰ: 1927 ਤੋਂ ਲੈ ਕੇ 1957 ਤਕ ਦਾ ਹੈ।

# ਜੈਨ ਕਵਿ ਸ੍ਰੀ ਚੰਦੂ ਲਾਲ ਜੀ

ਆਪ ਬ੍ਰਾਹਮਣ ਜਾਤੀ ਨਾਲ ਸੰਬੰਧਿਤ ਸਨ। ਆਪ ਨੇ ਅਨੇਕਾਂ ਹੀ ਕਵਿਤਾਵਾਂ, ਭਜਨ, ਬਾਰਹ ਮਾਸੇ ਲਿਖੇ ਹਨ ਪਰ ਦੁੱਖ ਦੀ ਗੱਲ ਹੈ ਇਨ੍ਹਾਂ ਦਾ ਸਹੀ ਢੰਗ ਨਾਲ ਸੰਗ੍ਰਹਿ ਨਹੀਂ ਹੋ ਸਕਿਆ। ਆਪ ਅਚਾਰੀਆ ਵਿਜੈ ਨੰਦ ਤੋਂ ਬਹੁਤ ਪ੍ਰਭਾਵਿਤ ਸਨ। ਆਪ ਦਾ

ਇਕ ਚੇਲਾ ਜੀਵਨ ਦਸਿਆ ਜਾਂਦਾ ਹੈ। ਆਪ ਦਾ ਜਨਮ ਮਾਲੇਰ ਕੋਟਲੇ ਵਿਖੇ ਹੋਇਆ। ਕਵਿ ਨੇ ਛੋਟੀਆਂ ਵੱਡੀਆਂ ਤਕਰੀਬਨ 172 ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚੋਂ 12 ਮਾਸਾ (ਨੇਮ ਗ਼ਜ਼ਲ) ਭਕਤੀ ਕਲਪ ਦਰੁਮ, ਚੌਵੀਸੀ ਮਸ਼ਹੂਰ ਹੈ। ਆਪ ਨੇ ਅਚਾਰੀਆ ਵਿਜੈ ਨੰਦ ਦਾ ਇਤਹਾਸਕ ਚਾਰਿਤਰ ਵੀ ਲਿਖਿਆ ਹੈ। ਆਪ ਦੇ ਤਿੰਨ ਗ੍ਰੰਥ ਮਾਲੇਰ-ਕੋਟਲਾ ਨਿਵਾਸੀ ਪੰਜਾਬੀ, ਹਿੰਦੀ, ਉਰਦੂ ਦੇ ਪ੍ਰਸਿਧ ਲੇਖਕ ਤੇ ਕਵਿ ਡਾ: ਨਰੇਸ਼ ਪੰਜਾਬ ਯੂਨੀਵਰਸਟੀ ਨੇ ਬੜੀ ਮੇਹਨਤ ਨਾਲ ਛਪਵਾਏ ਹਨ। ਮਾਲੇਰ ਕੋਟਲੇ ਦੇ ਆਮ ਲੋਕਾਂ ਨੂੰ ਸ੍ਰੀ ਚੰਦੂ ਲਾਲ ਦੇ ਭਜਨ ਯਾਦ ਹਨ। ਬਹੁਤ ਸਾਰੇ ਜੈਨ ਮੁਨੀਆਂ ਨੇ ਚੰਦੂ ਲਾਲ ਦੇ ਭਜਨਾਂ ਦਾ ਸੰਗ੍ਰਹਿ ਕੀਤਾ ਹੈ। ਆਪ ਅੱਖਾਂ ਤੋਂ ਅੰਨ੍ਹੇ ਹੋਣ ਦੇ ਬਾਵਜੂਦ ਹਰ ਪੂਜਾ ਪ੍ਰਤਿਸ਼ਠਾ ਵਿਚ ਹਿੱਸਾ ਲੈਂਦੇ ਸਨ।

# ਡਾ: ਸ਼੍ਰੀ ਬਨਾਰਸੀ ਦਾਸ ਜੀ ਜੈਨ

ਆਪ ਦਾ ਜਨਮ ਲੁਧਿਆਣੇ ਦੇ ਇਕ ਸੰਪੰਨ ਪਰਿਵਾਰ ਵਿਚ ਹੋਇਆ। ਆਪ ਨੂੰ ਬਚਪਨ ਵਿਚ ਹੀ ਜੈਨ ਸਾਧੂ ਸਾਧਵੀਆਂ ਦੇ ਸਤਿਸੰਗ ਦਾ ਅਵਸਰ ਪ੍ਰਾਪਤ ਹੋਇਆ। ਐਮ. ਏ. ਕਰਨ ਪਿੱਛੋਂ ਪੀ.-ਐਚ. ਡੀ. ਲਈ ਆਪ ਇੰਗਲੈਂਡ ਚਲੇ ਗਏ। ਉਥੇ ਆਪ ਦਾ ਜੀਵਨ ਭਾਰਤੀ ਸੰਸਕ੍ਰਿਤੀ ਵਿਚ ਰੰਗਿਆ ਹੋਇਆ ਸੀ। ਵਿਦੇਸ਼ ਵਿਚ ਰਹਿੰਦੇ ਹੋਏ ਆਪ ਸ਼ੁਧ ਸ਼ਾਕਾਹਾਰੀ ਰਹੇ। ਅਪਣਾ ਖਾਣਾ ਆਪ ਬਨਾਉਣਾ, ਭਾਰਤੀ ਕਪੜਿਆਂ ਵਿਚ ਰਹਿਣਾ, ਦੇਸ਼ ਪ੍ਰਤਿ ਅਤੇ ਸਮਾਜ ਪ੍ਰਤਿ ਕਰਤਵ ਦਾ ਆਪ ਨੂੰ ਹਮੇਸ਼ਾ ਧਿਆਨ ਰਿਹਾ।

ਆਪ ਨੇ ਲਾਹੌਰ ਓਰੀਐਂਟਲ ਕਾਲਜ ਵਿਚ ਪ੍ਰੋਫੈਸਰ ਵਜੋਂ ਨੌਕਰੀ ਸ਼ੁਰੂ ਕੀਤੀ। ਆਪ ਨੇ ਪੰਜਾਬ ਯੂਨੀਵਰਸਟੀ ਲਾਹੌਰ ਜੈਨ ਹੱਥਲਿਖਤ ਭੰਡਾਰ ਦੀ ਸੂਚੀ ਤਿਆਰ ਕੀਤੀ। ਇਸ ਤੋਂ ਛੁੱਟ ਆਪ ਨੇ ਪ੍ਰਾਕ੍ਰਿਤ ਭਾਸ਼ਾ ਲਿਖਣ ਵਾਲਿਆਂ ਲਈ ਕਈ ਕਿਤਾਬਾਂ ਤਿਆਰ ਕੀਤੀਆਂ।

# ਡਾ: ਐਲ. ਐਮ. ਜੋਸ਼ੀ

ਡਾ: ਜੋਸ਼ੀ ਦਾ ਜਨਮ ਜ਼ਿਲਾ ਗੋਰਖਪੁਰ ਦੇ ਕਰੀਬ ਇਕ ਪਿੰਡ ਵਿਚ ਹੋਇਆ। ਆਪ ਨੇ ਪਾਲੀ ਅਤੇ ਪੁਰਾਤਨ ਇਤਹਾਸ ਵਿਚ ਐਮ. ਏ. ਪਾਸ ਕੀਤੀ। ਫੇਰ ਆਪ ਨੇ ਬੁੱਧ ਦਰਸ਼ਨ ਦਾ ਅਧਿਐਨ ਕੀਤਾ। ਆਪ ਨੂੰ ਬੁੱਧ ਦਰਸ਼ਨ ਤੇ ਕੰਮ ਕਰਨ ਕਾਰਣ ਪੀ.-ਐਚ. ਡੀ. ਡਿਗਰੀ ਹਾਸਲ ਹੋਈ। ਆਪ ਨੇ ਅਮੇਰਿਕਾ ਵਿਚ ਅਧਿਆਪਨ ਦਾ ਕੰਮ ਸ਼ੁਰੂ ਕੀਤਾ।

1970 ਦੇ ਕਰੀਬ ਆਪ ਪੰਜਾਬੀ ਯੂਨੀਵਰਸਟੀ ਗੁਰੂ ਗੋਬਿੰਦ ਸਿੰਘ ਭਵਨ ਦੇ ਰੀਡਰ ਵਜੋਂ ਨਿਉਕਤ ਹੋਏ। ਆਪ ਨੂੰ ਸ਼੍ਰਮਣ ਸੰਸਕ੍ਰਿਤੀ, ਪੁਰਾਤੱਤਵ ਵਿਚ ਡੂੰਘੀ ਦਿਲਚਸਪੀ ਸੀ। ਆਪਨੇ ਜੈਨ ਚੇਅਰ ਦੀ ਸਥਾਪਨਾ ਵਿਚ ਤਨ, ਮਨ ਤੋਂ ਸਹਿਯੋਗ ਦਿਤਾ। ਆਪ ਧਰਮ ਸਿਖਿਆ ਵਿਭਾਗ ਦੇ ਮੁਖੀ ਬਣੇ। ਆਪ ਬੁੱਧ ਵਿਦਵਾਨ ਵਜੋਂ ਦੁਨੀਆ ਦੇ ਕਈ ਦੇਸ਼ਾਂ ਦਾ ਦੌਰਾ ਕੀਤਾ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਦੇ ਆਪ ਸਰਕਾਰੀ ਮੈਂਬਰ ਸਨ।

1984 ਨੂੰ ਆਪ ਦਾ ਸਵਰਗਵਾਸ ਦਿਲੀ ਵਿਖੇ ਹੋਇਆ। ਲੇਖਕਾਂ ਨੂੰ ਸ਼੍ਰੀ ਉੱਤਰਾਧਿਐਨ ਸੂਤਰ ਦੇ ਪੰਜਾਬੀ ਅਨੁਵਾਦ ਦੀ ਪ੍ਰੇਰਣਾ ਆਪ ਵਲੋਂ ਮਿਲੀ। ਆਪ ਨੇ ਸ਼੍ਰੀ ਸ਼ਿਵ ਮੁਨੀ ਨੂੰ ਜੈਨ ਧਰਮ ਤੇ ਪੀ.-ਐਚ. ਡੀ. ਕਰਵਾਈ। ਆਪ ਦੇ ਕਈ ਲੇਖ ਜੈਨ ਕਲਾ ਤੇ ਇਤਹਾਸ ਸੰਬੰਧੀ ਛਪੇ ਹਨ।

## ਡਾ: ਸ਼੍ਰੀ ਸ਼ਿਵ ਮੁਨੀ ਜੀ ਮਹਾਰਾਜ

ਆਪ ਦਾ ਜਨਮ ਮਲੋਟ ਵਿਖੇ ਹੋਇਆ। ਆਪ ਨੇ ਅੰਗਰੇਜ਼ੀ ਅਤੇ ਫ਼ਿਲਾਸਫ਼ੀ ਵਿਚ ਐਮ. ਏ. ਪਾਸ ਕੀਤੀ। ਆਪ ਨੇ ਸੰਸਾਰ ਦੇ ਕਈ ਦੇਸ਼ਾਂ ਦਾ ਦੌਰਾ ਕੀਤਾ। ਸੰਸਾਰ ਦੇ ਸੁਖ ਆਪ ਨੂੰ ਧਰਮ ਦੇ ਰਾਹ ਤੋਂ ਨਾ ਰੋਕ ਸਕੇ। 29 ਸਾਲ ਦੀ ਉਮਰ ਵਿਚ ਆਪ ਨੇ ਅਪਣੀ ਭੈਣ ਨਾਲ ਲੱਖਾਂ ਦੀ ਜਾਇਦਾਦ ਛੱਡ ਕੇ ਜੈਨ ਸਾਧੂ ਦੀਖਿਆ ਗ੍ਰਹਿਣ ਕੀਤੀ। ਆਪ ਦੇ ਗੁਰੂ ਸ਼੍ਰੀ ਗਿਆਨ ਮੁਨੀ ਜੀ ਹਨ। ਆਪ ਨੇ ਅਪਣੇ ਗੁਰੂ ਤੋਂ ਸ਼ਾਸਤਰਾਂ ਦਾ ਅਧਿਐਨ ਕੀਤਾ।

ਲੇਖਕਾਂ ਨੂੰ ਆਪ ਤੋਂ ਬਹੁਤ ਕੁਝ ਸਿਖਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਡਾਕਟਰ ਐਲ. ਐਮ. ਜੋਸ਼ੀ ਕੋਲੋਂ ਮੁਕਤੀ ਸਿਧਾਂਤ ਤੇ ਪੀ.-ਐਚ. ਡੀ. ਕੀਤੀ। ਆਪ ਪਹਿਲੇ ਪੀ.-ਐਚ. ਡੀ. ਸੰਤ ਹਨ।

ਅਜ ਕਲ ਆਪ ਸ਼੍ਰਮਣ ਸੰਘ ਦੇ 5 ਪ੍ਰਮੁਖ ਸਾਧੂਆਂ ਵਿਚੋਂ ਇਕ ਹਨ। ਆਪ ਗਿਆਨ, ਧਿਆਨ ਅਤੇ ਸਾਦਗੀ ਦੇ ਪੁੰਜ ਹਨ।

## ਡਾ: ਸ਼੍ਰੀ ਵੀ. ਭੱਟ

ਆਪ ਦਾ ਜਨਮ ਗੁਜਰਾਤ ਰਾਜ ਵਿਖੇ ਹੋਇਆ। ਆਪ ਸੰਸਾਰ ਦੀਆਂ ਕਈ ਭਾਸ਼ਾਵਾਂ ਦੇ ਜਾਨਕਾਰ ਹਨ। ਆਪ ਨੇ ਪੀ.-ਐਚ. ਡੀ. ਪੱਛਮ ਜ਼ਰਮਨੀ ਵਿਦਵਾਨ ਡਾਕਟਰ ਕਲਾਸ਼ ਬਰੂਨ ਤੋਂ ਕੀਤੀ। ਆਪ ਪੁਰਾਤਨ ਭਾਸ਼ਾਵਾਂ ਦੇ ਕਾਫ਼ੀ ਮਾਹਰ ਹਨ। ਆਪ ਨੇ ਜਰਮਨ, ਅੰਗਰੇਜ਼ੀ, ਹਿੰਦੀ, ਗੁਜਰਾਤੀ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚ ਅਨੇਕਾਂ

ਸ਼ੋਧ ਲਿਖੇ ਹਨ ਜੋ ਸੰਸਾਰ ਦੀਆਂ ਭਿੰਨ ਭਿੰਨ ਪਤ੍ਰਿਕਾਵਾਂ ਵਿਚ ਛਪਦੇ ਰਹਿੰਦੇ ਹਨ। ਆਪ ਨੂੰ ਸੰਸਾਰ ਦੇ ਸਾਰੇ ਭਾਰਤੀ ਵਿਸ਼ਿਆਂ ਦੇ ਵਿਦਵਾਨ ਜਾਣਦੇ ਹਨ। ਆਪ ਜੈਨ ਚੇਅਰ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਪਹਿਲੇ ਮੁਖੀ ਹਨ। ਆਪ ਨੂੰ ਪਹਿਲਾ ਇੰਟਰਨੇਸ਼ਨਲ ਪਾਰਵਤੀ ਜੈਨ ਐਵਾਰਡ ਮਿਲਿਆ। ਆਪ ਮਹਾਨ ਸ਼ੋਧ ਕਰਤਾ ਤੇ ਮੇਹਨਤੀ ਹਨ। ਲੇਖਕਾਂ ਦੀਆਂ ਕਈ ਪੁਸਤਕਾਂ ਦੀ ਭੂਮਿਕਾ ਆਪ ਵਲੋਂ ਲਿਖੀ ਗਈ ਹੈ।

# ਸ਼੍ਰੀ ਤਿਲਕ ਧਰ ਸ਼ਾਸਤਰੀ

ਸ਼੍ਰੀ ਤਿਲਕ ਧਰ ਜੀ ਸ਼ਾਸਤਰੀ ਮਾਸਿਕ ਹਿੰਦੀ ਆਤਮ ਰਸ਼ਮੀ ਦੇ ਸੰਪਾਦਕ ਦੇ ਰੂਪ ਵਿਚ ਸਾਰੇ ਉੱਤਰ ਭਾਰਤ ਵਿਚ ਪ੍ਰਸਿਧ ਹਨ। ਆਪ ਸ਼੍ਰੀ ਦਾ ਜਨਮ ਸੰ: 1977 ਨੂੰ ਪੱਛਮੀ ਪਾਕਿਸਤਾਨ ਦੇ ਪ੍ਰਸਿਧ ਸ਼ਹਿਰ ਭੇਰਾਂ ਦੇ ਬ੍ਰਾਹਮਣ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਸ਼੍ਰੀ ਹਰੀ ਰਾਮ ਜੀ ਸ਼ਰਮਾ ਅਤੇ ਮਾਤਾ ਸ਼੍ਰੀ ਕਰਮ ਦੇਵੀ ਧਾਰਮਿਕ ਵਿਚਾਰਾਂ ਦੇ ਧਨੀ ਸਨ।

ਆਪ ਨੇ 20 ਸਾਲ ਦੀ ਉਮਰ ਵਿਚ ਸ਼ਾਸਤਰੀ ਦੀ ਪ੍ਰੀਖਿਆ ਪਾਸ ਕੀਤੀ। ਸ਼ਾਸਤਰੀ ਕਰਨ ਤੋਂ ਬਾਅਦ ਆਪ ਦਿਲੀ ਤੋਂ ਛਪਣ ਵਾਲੀ **ਮਾਨਵ ਧਰਮ** ਨਾਮ ਪਤ੍ਰਿਕਾ ਦੇ ਸੰਪਾਦਕ ਰਹੇ। ਆਪ ਨੇ ਪ੍ਰਸਿਧ ਪੁਰਾਤਨ ਇਤਹਾਸਕਾਰ ਡਾ: ਵਾਸੁਦੇਵ ਸ਼ਰਨ ਅਗਰਵਾਲ ਨਾਲ ਬਨਾਰਸ ਵਿਖੇ **ਹਿੰਦੀ ਉਤਪੱਤੀ ਸ਼ਬਦ ਕੋਸ਼** ਲਈ 4 ਸਾਲ ਕੰਮ ਕੀਤਾ। ਉਸੇ ਸਮੇਂ ਆਪ ਨੇ ਪ੍ਰਾਕ੍ਰਿਤ, ਪਾਲੀ ਭਾਸ਼ਾਵਾਂ ਦਾ ਅਧਿਐਨ ਅਤੇ ਜੈਨ ਸਾਹਿਤ ਦਾ ਵੀ ਅਧਿਐਨ ਕੀਤਾ।

ਆਪ ਦੀਆਂ ਹੁਣ ਤਕ 12 ਰਚਨਾਵਾਂ ਅਤੇ ਤਕਰੀਬਨ 200 ਲੇਖ ਜੈਨ ਧਰਮ ਸੰਬੰਧੀ ਪ੍ਰਕਾਸ਼ਿਤ ਹੋ ਚੁਕੇ ਹਨ। ਆਪ ਇਕ ਮਹਾਨ ਕਵਿ ਹਨ। ਆਪ ਦਾ ਲਿਖਿਆ ਭਕਤਾਂਮਰ ਸਤੋਤਰ ਦਾ ਕਵਿਤਾ ਅਨੁਵਾਦ ਜੈਨ ਸਮਾਜ ਦੇ ਘਰ ਘਰ ਵਿਚ ਸ਼ਰਧਾ ਨਾਲ ਪੜ੍ਹਿਆ ਜਾਂਦਾ ਹੈ। ਆਪ ਨੇ ਅਨੇਕਾਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਕਵਿਤਾਵਾਂ ਦਾ ਹਿੰਦੀ ਭਾਸ਼ਾ ਵਿਚ ਕਵਿਤਾਨੁਵਾਦ ਕੀਤਾ ਹੈ। ਆਪ ਨੇ ਪ੍ਰਸਿਧ ਜੈਨ ਆਗਮ ਸ਼੍ਰੀ ਉੱਤਰਾਧਿਐਨ ਸੂਤਰ ਦਾ ਸੰਪਾਦਨ ਵੀ ਕੀਤਾ ਹੈ। ਸਥਾਨਾਂਗ ਸੂਤਰ, ਅੰਤਕ੍ਰਿਤਾਂਗ ਸੂਤਰ ਦੇ ਸੰਪਾਦਨ ਵਿਚ ਆਪ ਨੇ ਪ੍ਰਵਰਤਕ ਸ਼੍ਰਮਣ ਸ਼੍ਰੀ ਫੂਲ ਚੰਦ ਜੀ ਮਹਾਰਾਜ ਦਾ ਸਹਿਯੋਗ ਦਿਤਾ। ਆਪ ਆਤਮ ਰਸ਼ਮੀ ਤੋਂ ਛੁੱਟ ਵਿਜੈਨੰਦ ਅਤੇ ਉਸ਼ਾ ਕਿਰਨ ਦੇ ਸੰਪਾਦਨ ਵਿਚ ਵੀ ਹਿਸਾ ਵਟਾ ਰਹੇ ਹਨ। ਲੇਖਕਾਂ ਨਾਲ ਆਪ ਨੇ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤਿ ਪੰਜਾਬ ਦੇ ਪ੍ਰਮੁਖ ਸਲਾਹਕਾਰ ਅਤੇ ਪੰਜਾਬ ਸਰਕਾਰ ਦੀ ਕਮੇਟੀ ਦੇ ਮੈਂਬਰ ਰੂਪ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ।

# ਸ੍ਰੀ ਕਾਂਸ਼ੀ ਰਾਮ ਚਾਵਲਾ ਐਡਵੋਕੇਟ

ਆਪ ਲੁਧਿਆਣਾ ਨਿਵਾਸੀ ਪ੍ਰਸਿਧ ਵਕੀਲ ਹਨ। ਆਪ ਨੇ ਅਹਿੰਸਾ ਦਾ ਸਬਕ ਅਚਾਰੀਆ ਸ੍ਰੀ ਆਤਮਾ ਰਾਮ ਜੀ ਮਹਾਰਾਜ ਤੋਂ ਸਿਖਿਆ। ਆਪ ਨੇ ਕਾਫ਼ੀ ਜੈਨ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਨੇ ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਭਿੰਨ ਭਿੰਨ ਵਿਸ਼ਿਆਂ ਤੇ ਕਈ ਕਿਤਾਬਾਂ ਲਿਖੀਆਂ। ਪਰ ਉਨ੍ਹਾਂ ਵਿਚੋਂ ਸਭ ਤੋਂ ਵਧੀਆ ਆਪਦਾ ਉਰਦੂ ਭਾਸ਼ਾ ਵਿਚ ਲਿਖਿਆ "ਭਗਵਾਨ ਮਹਾਵੀਰ" ਜੀਵਨ ਚਾਰਿਤਰ ਹੈ। ਜਿਸਦੇ ਕਈ ਐਡੀਸ਼ਨ ਨਿਕਲ ਚੁਕੇ ਹਨ। ਇਹ ਉਰਦੂ ਭਾਸ਼ਾ ਵਿਚ ਲਿਖਿਆ ਇਕੋ ਇਕ ਜੀਵਨ ਚਾਰਿਤਰ ਹੈ। ਆਪ ਨੇ ਸ਼ਾਕਾਹਾਰ ਤੇ ਨੈਤਿਕ ਜੀਵਨ ਸੰਬੰਧੀ ਕਈ ਪੁਸਤਕਾਂ ਲਿਖੀਆਂ।

# ਪ੍ਰੋਫੈਸਰ ਪਰਿਥਵੀ ਰਾਜ ਜੈਨ

ਆਪ ਅੰਬਾਲਾ ਨਿਵਾਸੀ ਹਨ। ਆਪ ਨੇ ਜੈਨ ਧਰਮ ਸੰਬੰਧੀ ਬਨਾਰਸ ਹਿੰਦੂ ਯੂਨੀਵਰਸਟੀ ਵਿਚ ਰਹਿ ਕੇ ਪੀ.-ਐਚ. ਡੀ. ਦਾ ਕੰਮ ਸੰਪੂਰਨ ਕੀਤਾ। ਆਪ ਨੇ ਜੈਨ ਵਿਸ਼ਿਆਂ ਤੇ ਅਨੇਕਾਂ ਪੁਸਤਕਾਂ ਹਿੰਦੀ ਤੇ ਅੰਗਰੇਜ਼ੀ ਵਿਚ ਛਪ ਚੁਕੀਆਂ ਹਨ। ਪ੍ਰਾਕ੍ਰਿਤ ਭਾਸ਼ਾ ਸੰਬੰਧੀ ਆਪ ਦਾ ਕੰਮ ਵਰਨਣ ਯੋਗ ਹੈ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸਮਿਤਿ ਪੰਜਾਬ ਸਰਕਾਰ ਦੇ ਆਪ ਮੈਂਬਰ ਹਨ। ਅਜ ਕਲ ਸਾਧੂ ਸਾਧਵੀਆਂ ਆਪ ਦੇ ਗਿਆਨ ਦਾ ਲਾਭ ਉਠਾ ਰਹੀਆਂ ਹਨ।

# ਡਾ: ਸ਼ਕਤੀ ਧਰ ਜੀ ਸ਼ਰਮਾ

ਜੈਨ ਜਿਉਤਸ਼ ਦੇ ਮਾਹਰ ਸੰਸਾਰ ਪ੍ਰਸਿਧ ਡਾਕਟਰ ਸ਼ਕਤੀ ਧਰ ਸ਼ਰਮਾ ਪ੍ਰਸਿਧ ਰਾਜ ਜਿਉਤਸ਼ੀ, ਪੰਡਤ ਮੁਕੰਦ ਵੱਲਭ ਦੇ ਸਪੁਤਰ, ਕਰਾਲੀ ਪੰਚਾਂਗ ਦੇ ਨਿਰਮਾਤਾ ਅਤੇ ਅਨੇਕ ਜਿਉਤਸ਼ ਗ੍ਰੰਥਾਂ ਦੇ ਰਚਇਤਾ ਹਨ। ਆਪ ਨੇ 3 ਵਿਦਿਆਰਥੀਆਂ ਨੂੰ ਜੈਨ ਜਿਉਤਸ਼, ਗਣਿਤ ਤੇ ਪੀ.-ਐਚ. ਡੀ. ਕਰਵਾਈ ਹੈ। ਸੂਰਜ ਪ੍ਰਗਪਤੀ ਜੇਹੇ ਔਖੇ ਜੈਨ ਸ਼ਾਸਤਰ ਤੇ ਸੰਸਕ੍ਰਿਤ ਅਤੇ ਅੰਗਰੇਜ਼ੀ ਵਿਚ ਟੀਕਾ ਲਿਖੀ ਹੈ। ਆਪ ਅਪਣੇ ਵਿਸ਼ੇ ਪ੍ਰਤਿ ਸਮਰਪਿਤ ਹਨ। ਜੈਨ ਜਿਉਤਸ਼ ਸੰਬੰਧੀ ਆਪ ਦੇ ਅਨੇਕਾਂ ਲੇਖ ਦੁਨੀਆ ਦੇ ਭਿੰਨ ਭਿੰਨ ਰਸਾਲਿਆਂ ਵਿਚ ਛਪੇ ਹਨ।

# ਕਵਿ ਸ੍ਰੀ ਸ਼ੇਰੂ ਰਾਮ

ਆਪ ਮਹਾਨ ਪੰਜਾਬੀ ਭਾਸ਼ਾ ਦੇ ਕਵਿ ਸਨ। ਸ਼ਾਸਤਰਾਂ ਦੇ ਉਘੇ ਜਾਣਕਾਰ ਸਨ। ਆਪ ਦਾ ਇਕ ਭਜਨ ਤਾਂ ਹਰ ਸੰਤ ਨੂੰ ਯਾਦ ਹੈ ਜੋ ਆਪ ਨੇ ਸ਼ਾਂਤੀ ਨਾਥ ਭਗਵਾਨ ਦੀ ਸਤੁਤੀ ਵਿਚ ਲਿਖਿਆ। ਆਪ ਅਚਾਰੀਆ ਮੋਤੀ ਲਾਲ ਦੇ ਸਮੇਂ ਹੋਏ। ਆਪ ਦਾ ਜਨਮ ਲੁਧਿਆਣੇ ਵਿਖੇ ਹੋਇਆ।

## ਡਾ: ਸੱਜਨ ਸਿੰਘ ਲਿਸ਼ਕ

ਆਪ ਜ਼ਿਲਾ ਸੰਗਰੂਰ ਦੇ ਪਿੰਡ ਕਾਂਜਲਾ ਨਿਵਾਸੀ ਹਨ। ਆਪ ਨੇ ਡਾ: ਸ਼ਕਤੀ ਧਰ ਸ਼ਰਮਾ ਤੋਂ ਜੈਨ ਅਤੇ ਹਿੰਦੂ ਜੋਤਸ਼ ਦਾ ਡੂੰਘਾ ਅਧਿਐਨ ਕੀਤਾ। ਆਪ ਨੇ ਐਮ. ਐਸ. ਸੀ. ਕਰਨ ਤੋਂ ਬਾਅਦ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ ਤੇ ਬੰਗਾਲੀ ਭਾਸ਼ਾਵਾਂ ਸਿਖੀਆਂ। ਕਿਉਂਕਿ ਇਨ੍ਹਾਂ ਭਾਸ਼ਾਵਾਂ ਦੇ ਗਿਆਨ ਤੋਂ ਬਿਨਾ ਸ਼ਾਸਤਰਾਂ ਦਾ ਅਧਿਐਨ ਮੁਸ਼ਕਿਲ ਸੀ। ਆਪ ਨੂੰ ਪੀ.-ਐਚ. ਡੀ. ਦੀ ਪ੍ਰੇਰਣਾ ਜੈਨ ਮੁਨੀ ਸ਼੍ਰੀ ਸ਼ਾਂਤੀ ਰਿਸ਼ੀ ਤੋਂ ਮਿਲੀ। ਆਪ ਨੇ ਜੈਨ ਐਸਟਰਮਨੀ ਨਾਂ ਦਾ ਥੀਸਸ ਪੂਰਾ ਕਰਕੇ ਪੰਜਾਬੀ ਵਿਸ਼ਵ ਵਿਦਿਆਲੇ ਤੋਂ ਪੀ.-ਐਚ. ਡੀ. ਹਾਸਲ ਕੀਤੀ। ਆਪ ਦਾ ਅਨੇਕਾਂ ਜੈਨ ਸਾਧੂਆਂ, ਵਿਦਵਾਨਾਂ ਤੇ ਉਪਾਸਕਾਂ ਨਾਲ ਸੰਬੰਧ ਹੈ ਜਿਸ ਵਿਚ ਅਚਾਰੀਆ ਸ਼੍ਰੀ ਤੁਲਸੀ ਜੀ ਮਹਾ-ਰਾਜ, ਮਾਤਾ ਗਿਆਨ ਮਤੀ ਜੀ, ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਅਤੇ ਸਾਧਵੀ ਮਿਰਗਾਵਤੀ ਜੀ ਦੇ ਨਾਂ ਪ੍ਰਸਿਧ ਹਨ।

## ਪੁਰਸ਼ੋਤਮ ਜੈਨ ਰਵਿੰਦਰ ਜੈਨ ਮਾਲੇਰਕੋਟਲਾ

ਅਪਣੇ ਬਾਰੇ ਲਿਖਣਾ ਕਾਫ਼ੀ ਮੁਸ਼ਕਿਲ ਹੈ ਫੇਰ ਵੀ ਪਾਠਕਾਂ ਨੂੰ ਬੇਨਤੀ ਹੈ ਕਿ ਸਾਡੇ ਬਾਰੇ ਪੁਸਤਕ ਦੇ ਸ਼ੁਰੂ ਵਿਚ ਪੰਡਿਤ ਤਿਲਕ ਧਰ ਸ਼ਾਸਤਰੀ ਸੰਪਾਦਕ ਆਤਮ ਰਸ਼ਮੀ ਵਲੋਂ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਜਾਣਕਾਰੀ ਵਜੋਂ ਇੰਨਾ ਲਿਖਣਾ ਕਾਫ਼ੀ ਹੈ ਕਿ ਸਾਡਾ ਜੀਵਨ ਜੈਨ ਏਕਤਾ ਪ੍ਰਤਿ ਸਮਰਪਿਤ ਹੈ। ਪੰਜਾਬੀ ਵਿਚ ਪਹਿਲੀ ਵਾਰ ਅਨੁਵਾਦ, ਸੰਪਾਦਨ ਅਤੇ ਲੇਖਕ ਬਨਣ ਦਾ ਸੁਭਾਗ ਵੀ ਸਾਨੂੰ ਮਿਲਿਆ ਹੈ। ਲਿਖਣ ਦੀ ਪ੍ਰੇਰਣਾ ਭੰਡਾਰੀ ਪਦਮ ਚੰਦਰ ਜੀ, ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਸਵਰਨ ਕਾਂਤਾ ਜੀ ਮਹਾਰਾਜ, ਸ਼੍ਰੀ ਜੈ ਚੰਦ ਜੀ ਮਹਾਰਾਜ, ਸ਼੍ਰੀ ਵਰਧਮਾਨ ਜੀ ਮਹਾਰਾਜ, ਸ਼੍ਰੀ ਰਾਵਤ ਮੱਲ ਜੀ ਮਹਾਰਾਜ, ਉਪਾਧਿਆਇ ਸ਼੍ਰੀ ਅਮਰ ਮੁਨੀ ਜੀ ਮਹਾਰਾਜ, ਸ਼੍ਰੀ ਵਿਮਲ ਮੁਨੀ ਜੀ ਮਹਾਰਾਜ ਆਦਿ ਪ੍ਰਮੁਖ ਮੁਨੀਰਾਜਾਂ ਤੋਂ ਮਿਲੀ ਹੈ। ਹੁਣ ਤਕ ਛੋਟੀਆਂ ਬੜੀਆਂ 16 ਕਿਤਾਬਾਂ ਛਪੀਆਂ ਹਨ ਜਿਨ੍ਹਾਂ ਵਿਚੋਂ ਸ਼੍ਰੀ ਉੱਤਰਾਧਿਐਨ ਸੂਤਰ ਅਤੇ ਭਗਵਾਨ ਮਹਾਵੀਰ ਨੂੰ ਕਾਫ਼ੀ ਸ਼ੁਹਰਤ ਮਿਲੀ ਹੈ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ, ਜੈਨ ਚੇਅਰ ਦੇ ਅਸੀਂ ਸੰਸਥਾਪਕ ਵਜੋਂ ਜਾਨੇ ਜਾਂਦੇ ਹਾਂ। ਨਿਰਵਾਨ ਸ਼ਤਾਬਦੀ ਸਮੇਂ ਜੈਨ ਏਕਤਾ ਲਈ ਚੰਗਾ ਸਮਾਂ ਮਿਲਿਆ। ●

# ਸੇਠ ਹੁਕਮ ਚੰਦ ਜੈਨ

ਸੇਠ ਹੁਕਮ ਚੰਦ ਜੈਨ ਮਹਾਨ ਧਾਰਮਿਕ, ਸਮਾਜਿਕ ਅਤੇ ਕ੍ਰਾਂਤੀਕਾਰੀ ਨੇਤਾ ਹੋਏ ਹਨ। ਆਪ ਦਾ ਜਨਮ ਹਾਂਸੀ ਦੇ ਪ੍ਰਸਿਧ ਜੈਨ ਪਰਿਵਾਰ ਵਿਚ ਹੋਇਆ। ਬਚਪਨ ਵਿਚ ਆਪ ਨੇ ਯੋਗ ਸਿਖਿਆ ਹਾਸਲ ਕੀਤੀ। ਫੇਰ ਘਰੇਲੂ ਕੰਮ ਕਾਜ ਵਿਚ ਜੁਟ ਗਏ।

ਆਪ ਦੀ ਮੁਲਾਕਾਤ ਆਖ਼ਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨਾਲ ਹੋਈ। ਸਿੱਟੇ ਵਜੋਂ ਆਪ ਨੇ 1857 ਦੀ ਆਜ਼ਾਦੀ ਦੀ ਲੜਾਈ ਵਿਚ ਤਨ ਮਨ ਧਨ ਸਭ ਕੁਝ ਭਾਰਤ ਲਈ ਸਮਰਪਣ ਕਰ ਦਿਤਾ। ਬਦਕਿਸਮਤੀ ਨਾਲ ਭਾਰਤੀ ਇਹ ਲੜਾਈ ਹਾਰ ਗਏ। ਲਾਲਾ ਹੁਕਮ ਚੰਦ ਜੀ ਨੂੰ ਕੈਦ ਕਰ ਲਿਆ ਗਿਆ। ਅੰਗਰੇਜ਼ਾਂ ਨੇ ਆਪ ਦੀ ਕਰੋੜਾਂ ਦੀ ਜਾਇਦਾਦ ਜ਼ਬਤ ਕਰ ਲਈ। ਆਪ ਨੂੰ ਦੇਸ਼ ਭਗਤੀ ਦੀ ਸਜ਼ਾ ਸਖਤ ਮਿਲੀ। ਅੰਗਰੇਜ਼ਾਂ ਨੇ ਆਪ ਨੂੰ ਹਾਂਸੀ ਵਿਖੇ ਫਾਂਸੀ ਚੜ੍ਹਾ ਦਿਤਾ।

# ਸ਼੍ਰੀ ਅਰਜੁਣ ਦਾਸ ਸੇਠੀ

ਸ਼੍ਰੀ ਅਰਜੁਣ ਦਾਸ ਸੇਠੀ ਦਾ ਜਨਮ 9 ਸਿਤੰਬਰ 1880 ਨੂੰ ਅਜਮੇਰ ਵਿਖੇ ਹੋਇਆ। ਆਪ ਮਹਾਨ ਕ੍ਰਾਂਤੀਕਾਰੀ ਦੇਸ਼ਭਗਤ ਸਨ। ਆਪ ਨੇ ਸਾਰਾ ਜੀਵਨ ਪੰਜਾਬ ਵਿਚ ਗੁਜ਼ਾਰਿਆ। 1919 ਦੇ ਰੌਲਟ ਐਕਟ ਵਿਰੁਧ ਅੰਦੋਲਨ ਵਿਚ ਜ਼ਬਰਦਸਤ ਹਿਸਾ ਲਿਆ। ਆਪ ਦੇ ਕਈ ਸ਼ਗਿਰਦ ਦੇਸ਼ਭਗਤਾਂ ਨੂੰ ਫਾਂਸੀ ਹੋਈ ਜਿਨ੍ਹਾਂ ਵਿਚ ਸ਼੍ਰੀ ਮੋਤੀ ਚੰਦ ਜੈਨ ਦਾ ਨਾਂ ਮਸ਼ਹੂਰ ਹੈ। ਆਪ ਨੇ ਅਨੇਕ ਜੈਨ ਆਸ਼ਰਮਾਂ ਅਤੇ ਜੈਨ ਅਖ਼ਬਾਰਾਂ ਰਾਹੀਂ ਧਰਮ ਪ੍ਰਚਾਰ ਕੀਤਾ। ਆਪ ਜੀ ਦੀ ਗਾਂਧੀ ਜੀ ਨਾਲ ਅਨੇਕਾਂ ਵਾਰ ਮੁਲਾਕਾਤ ਹੋਈ। ਅਜਮੇਰ ਵਿਖੇ ਗਾਂਧੀ ਜੀ ਖ਼ੁਦ ਆਪ ਨੂੰ ਮਿਲਨ ਆਏ। 19(0)7 ਵਿਚ ਆਪ ਨੇ ਜੈਨ ਵਰਧਮਾਨ ਵਿਦਿਆਲੇ ਦੀ ਸਥਾਪਨਾ ਕੀਤੀ। ਆਪ ਨੇ ਸਰਕਾਰੀ ਨੌਕਰੀ ਛੱਡ ਦਿਤੀ। ਆਪ ਨੇ ਅਪਣਾ ਆਖਰੀ ਸਮਾਂ ਅਰਬੀ ਫ਼ਾਰਸੀ ਪੜ੍ਹਾਉਣ ਵਿਚ ਗੁਜ਼ਾਰਿਆ। 22 ਦਿਸੰਬਰ 1941 ਨੂੰ ਆਪ ਦਾ ਸਵਰਗਵਾਸ ਹਿਸਾਰ ਵਿਖੇ ਹੋਇਆ। ਆਪ ਨੇ ਅਪਣੇ ਸਮੇਂ ਦੇ ਸਾਰੇ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਕੰਮ ਕੀਤਾ।

ਹੋਸ਼ਿਆਰ ਪੁਰ ਵਿਚ ਇਕ ਜੈਨ ਪਰਿਵਾਰ ਮਹਿਮੀ ਨਾਂ ਨਾਲ ਮਸ਼ਹੂਰ ਹੈ। ਇਹ ਲੋਕ ਹਰਿਆਣੇ ਦੇ ਮਹਿਮੀ ਪਿੰਡ ਦੇ ਵਸਿੰਦੇ ਸਨ। 1857 ਦੇ ਗ਼ਦਰ ਵਿਚ ਡੂੰਘਾ ਹਿਸਾ ਲੈਣ ਕਾਰਨ ਇਨ੍ਹਾਂ ਨੂੰ ਅਪਣਾ ਖਾਨਦਾਨੀ ਪਿੰਡ, ਜਾਇਦਾਦ ਦਾ ਤਿਆਗ ਕਰਨਾ ਪਿਆ। ਅੰਗਰੇਜ਼ਾਂ ਨੇ ਇਸ ਪਿੰਡ ਦੇ ਵਸਨੀਕਾਂ ਤੇ ਬੇਹਦ ਜ਼ੁਲਮ ਕੀਤੇ।

# ਸ਼੍ਰੀ ਸੰਤ ਰਾਮ ਜੈਨ

ਸ਼੍ਰੀ ਸੰਤ ਰਾਮ ਜੈਨ ਦਾ ਜਨਮ 13 ਮਾਘ ਸੰ: 1952 ਨੂੰ ਸੁਨਾਮ ਦੇ ਪ੍ਰਸਿਧ ਦੇਸ਼ਭਗਤ ਘਰਾਨੇ ਵਿਚ ਹੋਇਆ। ਆਪ ਦਾ ਸਬੰਧ ਪ੍ਰਜਾਮੰਡਲ ਨਾਲ ਸੀ ਜੋ ਰਿਆਸਤਾਂ ਦੇ ਰਜਵਾੜਿਆਂ ਵਿਰੁਧ ਲੜਾਈ ਕਰਦਾ ਸੀ। ਮਹਾਰਾਜਾ ਪਟਿਆਲਾ ਨੇ ਸੁਨਾਮ ਵਿਖੇ ਆਪ ਦੇ ਬਜ਼ੁਰਗਾਂ ਦੀਆਂ ਹਵੇਲੀਆਂ ਨਿਲਾਮ ਕਰਵਾ ਦਿਤੀਆਂ, ਪਰ ਆਪ ਨੇ ਅੰਗਰੇਜ਼ ਜਾਂ ਮਹਾਰਾਜਾ ਕਿਸੇ ਦੀ ਅਧੀਨਗੀ ਸਵੀਕਾਰ ਨਾ ਕੀਤੀ। ਆਪ ਦੀਆਂ ਨੀਲਾਮ ਹਵੇਲੀਆਂ ਸੁਨਾਮ ਵਿਚ ਮਲਕਾਨ ਮੁਹੱਲੇ ਵਿਚ ਮੌਜੂਦ ਹਨ। ਆਪ ਦਾ ਸੰਪਰਕ ਗਾਂਧੀ ਜੀ ਨਾਲ ਹੋਇਆ। ਆਪ ਕਈ ਵਾਰ ਜੇਲ ਗਏ। ਆਪ ਮਹਾਨ ਤਿਆਗੀ ਸਨ। ਆਜ਼ਾਦੀ ਤੋਂ ਬਾਅਦ ਪਹਿਲੀ ਪੇਪਸੂ ਮਨਿਸਟਰੀ ਸਮੇਂ ਆਪ ਨੇ ਮੰਤਰੀ ਬਨਣ ਤੋਂ ਇਨਕਾਰ ਕਰ ਦਿਤਾ ਸੀ। ਆਪ ਦਾ ਸਵਰਗਵਾਸ 16 ਦਿਸੰਬਰ 1980 ਨੂੰ ਬਠਿੰਡੇ ਵਿਖੇ ਹੋਇਆ।

# ਸ਼੍ਰੀ ਟੇਕ ਚੰਦ ਜੈਨ

ਸਿਆਲ ਕੋਟ ਦੇ ਪ੍ਰਸਿਧ ਜੈਨ ਘਰਾਣੇ ਵਿਚ ਸ਼੍ਰੀ ਟੇਕ ਚੰਦ ਜੈਨ ਦਾ ਅਪਣਾ ਸਥਾਨ ਸੀ। ਆਪ ਦੇ ਬਾਬਾ, ਪਿਤਾ ਅਤੇ ਖੁਦ ਆਪ ਸਿਆਲ ਕੋਟ ਮਿਊਂਸਪਿਲ ਕਮੇਟੀ ਦੇ ਕਮਿਸ਼ਨਰ ਸਨ। ਆਪ ਦੋ ਵਾਰ ਜੇਲ ਗਏ। 1909 ਅਤੇ 1928 ਦੀਆਂ ਜੈਨ ਕਾਨਫਰੰਸਾਂ ਵਿਚ ਆਪ ਨੇ ਅਹਿਮ ਰੋਲ ਕੀਤਾ। ਆਪ ਨੇ ਅਸਹਿਯੋਗ ਅੰਦੋਲਨ ਦਵਾਰਾ ਵਿਦੇਸ਼ੀ ਵਸਤਾਂ ਦੀ ਹੋਲੀ ਜਲਾਈ। ਆਪ ਦੂਸਰੀ ਵਾਰ ਇਕ ਸਾਲ ਲਈ ਫੇਰ ਜੇਲ ਗਏ ਜਿਥੇ ਆਪ ਦੀ ਮੁਲਾਕਾਤ ਖ਼ਾਨ ਅਬਦੁਲਗ਼ਫਾਰ ਖ਼ਾਂ ਨਾਲ ਹੋਈ। ਦੂਸਰੀ ਵਾਰ ਜੇਲ ਜਾਣ ਦਾ ਕਾਰਨ ਗੋਲ ਮੇਜ਼ ਕਾਨਫਰੰਸ ਦਾ ਫ਼ੇਲ ਹੋਣਾ ਸੀ। ਗਾਂਧੀ ਜੀ 1921 ਵਿਚ ਸਿਆਲਕੋਟ ਵਿਖੇ ਆਪ ਦੇ ਘਰ ਪਧਾਰੇ ਸਨ। ਸੰਨ 1935 ਵਿਚ ਆਪ ਦੀ ਸੇਹਤ ਬਹੁਤ ਖ਼ਰਾਬ ਹੋ ਗਈ ਜਿਸ ਕਾਰਨ ਆਪ ਦਾ ਸਵਰਗਵਾਸ ਮੇਰਠ ਵਿਖੇ ਹੋਇਆ।

# ਲਾਲਾ ਅਮਰ ਚੰਦ ਜੈਨ

ਆਪ ਦਾ ਜੀਵਨ ਦੇਸ਼ ਦੀ ਆਜ਼ਾਦੀ ਨਾਲ ਸੰਬੰਧਿਤ ਹੈ। ਆਪ ਨੇ ਦੇਸ਼ ਦੀ ਆਜ਼ਾਦੀ ਲਈ ਰਿਆਸਤੀ ਪ੍ਰਜਾਮੰਡਲ ਵਿਚ ਸ਼ਾਮਲ ਹੋ ਕੇ ਹਿਸਾ ਪਾਇਆ। ਆਪ ਦਾ ਜਨਮ ਮਾਲੇਰ ਕੋਟਲਾ ਵਿਖੇ ਹੋਇਆ। ਆਪ ਮਾਲੇਰ ਕੋਟਲਾ ਜੈਨ ਸਮਾਜ ਦੇ ਪ੍ਰਮੁੱਖ ਹਨ। ਆਪ ਅਨੇਕਾਂ ਵਾਰ ਜੇਲ ਗਏ। ਆਪ ਨੇ ਕੋਈ ਸਰਕਾਰੀ ਅਹੁਦਾ ਨਹੀਂ ਲਿਆ। ਆਪ ਅਜ ਕਲ ਮਾਲੇਰਕੋਟਲਾ ਵਿਖੇ ਰਹਿ ਰਹੇ ਹਨ।

# ਸ਼੍ਰੀ ਮੁਨਸ਼ੀ ਰਾਮ ਜੈਨ

ਆਪ ਦਾ ਜਨਮ ਸਿਆਲਕੋਟ ਵਿਖੇ ਹੋਇਆ। ਆਪ ਦਾ ਸੰਬੰਧ ਗਾਂਧੀ ਜੀ ਅਤੇ ਕਾਂਗਰਸ ਦੇ ਅੰਦੋਲਨਾਂ ਨਾਲ ਰਿਹਾ। ਅਜ ਕਲ ਆਪ ਮੋਦੀਨਗਰ ਵਿਖੇ ਰਹਿ ਰਹੇ ਹਨ। ਆਪ ਲਾਹੌਰ ਕਾਂਗਰਸ ਨਾਲ ਸੰਬੰਧਿਤ ਸਨ।

# ਸ਼੍ਰੀ ਮੇਲੀ ਰਾਮ ਜੀ ਜੈਨ

ਆਪ ਕੁਰਕਸ਼ੇਤਰ ਨਿਵਾਸੀ ਮਹਾਨ ਦੇਸ਼ਭਗਤ ਸਨ। ਆਪ ਦਾ ਸਾਰਾ ਪਰਿਵਾਰ ਹੀ ਦੇਸ਼ ਦੀ ਆਜ਼ਾਦੀ ਨਾਲ ਸੰਬੰਧਿਤ ਰਿਹਾ ਹੈ। ਆਪ ਦਾ ਸੰਬੰਧ ਕਾਂਗਰਸ ਨਾਲ ਅਤੇ ਗਾਂਧੀ ਜੀ ਨਾਲ ਰਿਹਾ ਹੈ।

# ਸ਼੍ਰੀ ਸ਼ਾਮ ਲਾਲ ਜੈਨ ਐਡਵੋਕੇਟ

ਆਪ ਦਾ ਜਨਮ ਰੋਹਤਕ ਵਿਖੇ ਹੋਇਆ। ਆਪ ਨੇ ਭਗਵਾਨ ਮਹਾਵੀਰ ਦੇ ਸਿਧਾਂਤਾਂ ਦਾ ਪਾਲਨ ਕਰਦੇ ਹੋਏ ਗਾਂਧੀ ਜੀ ਦੇ ਅਸਹਿਯੋਗ ਅੰਦੋਲਨ ਵਿਚ ਹਿਸਾ ਲਿਆ। ਆਪ ਦਾ ਕਾਰ-ਖੇਤਰ ਪ੍ਰਮੁਖ ਰੂਪ ਵਿਚ ਲਾਹੌਰ ਕਾਂਗਰਸ ਰਿਹਾ। ਆਪ ਕਈ ਵਾਰ ਜੇਲ ਗਏ।

# ਸ਼੍ਰੀਮਤੀ ਲੇਖ ਵਤੀ ਜੈਨ

ਆਪ ਦਾ ਪੰਜਾਬ ਜੈਨ ਸੁਤੰਤਰਤਾ ਸੰਗਰਾਮੀਆਂ ਵਿਚ ਪ੍ਰਮੁਖ ਸਥਾਨ ਰਿਹਾ ਹੈ। ਆਪ ਨੇ ਸਾਰੀ ਜ਼ਿੰਦਗੀ ਕਾਂਗਰਸ ਅਤੇ ਗਾਂਧੀ ਜੀ ਦੇ ਅੰਦੋਲਨ ਵਿਚ ਹਿਸਾ ਲਿਆ। ਆਪ ਨੇ ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਕੰਮ ਕੀਤਾ।

# ਸ਼੍ਰੀਮਤੀ ਓਮ ਪ੍ਰਭਾ ਜੈਨ

ਆਪ ਸੰਸਾਰ ਦੀ ਪਹਿਲੀ ਇਸਤਰੀ ਖ਼ਜ਼ਾਨਾ ਮੰਤਰੀ ਦੇ ਰੂਪ ਵਿਚ ਜਾਣੇ ਜਾਂਦੇ ਰਹੇ। ਆਪ ਦਾ ਜੀਵਨ ਸਮਾਜ, ਧਾਰਮਿਕ ਅਤੇ ਦੇਸ਼ ਭਗਤੀ ਦਾ ਖੇਤਰ ਵਿਸ਼ਾਲ ਸੀ। ਆਪ ਹਰਿਆਣਾ ਦੀ ਰਾਜਨੀਤੀ ਦੇ ਪ੍ਰਮੁਖ ਅੰਗ ਸਨ। ਆਪ ਆਲ ਇੰਡੀਆ ਸ਼ਵੇਤਾਂਬਰ ਸਥਾਨਕਵਾਸੀ ਜੈਨ ਕਾਨਫਰੰਸ ਨਾਲ ਸੰਬੰਧਿਤ ਰਹੇ ਸਨ।

# ਸ਼੍ਰੀ ਬੰਸੀ ਲਾਲ ਜੈਨ

ਸ਼੍ਰੀ ਬੰਸੀ ਲਾਲ ਜੈਨ ਹੋਸ਼ਿਆਰਪੁਰ ਨਿਵਾਸੀ ਸਨ। ਆਪ ਦੀ ਸਾਰੀ ਜ਼ਿੰਦਗੀ ਕਾਂਗਰਸ, ਗਾਂਧੀ ਅਤੇ ਜੈਨ ਧਰਮ ਲਈ ਸਮਰਪਿਤ ਰਹੀ। ਆਪ ਮਸ਼ਹੂਰ ਦੇਸ਼ ਭਗਤ ਹਨ। ਕਾਫ਼ੀ ਸਮਾਂ ਆਪ ਨੇ ਦੇਸ਼ ਲਈ ਮੁਸੀਬਤਾਂ ਝਲੀਆਂ।

# ਸ਼੍ਰੀ ਜੰਗੀਰੀ ਮਲ ਜੈਨ

ਆਪ ਦਾ ਜਨਮ ਪਿੰਡ ਅਖਾੜਾ ਵਿਖੇ ਹੋਇਆ। ਆਪ ਕਾਂਗਰੇਸ ਅਤੇ ਗਾਂਧੀ ਜੀ ਦੇ ਭਿੰਨ ਭਿੰਨ ਪ੍ਰੋਗਰਾਮਾਂ ਨਾਲ ਸੰਬੰਧਿਤ ਰਹੇ।

# ਲਾਲਾ ਤਿਲਕ ਚੰਦ ਜੀ ਜੈਨ

## (ਗੁਜਰਾਂਵਾਲੀਆ)

ਸੁਤੰਤਰਤਾ ਸੰਗਰਾਮੀ ਸ਼੍ਰੀ ਤਿਲਕ ਚੰਦ ਜੀ ਜੈਨ ਦਾ ਜਨਮ ਗੁਜਰਾਂਵਾਲਾ ਨਿਵਾਸੀ ਲਾਲਾ ਫਗੂ ਮਲ ਜੈਨ ਦੇ ਘਰ ਹੋਇਆ। ਆਪ ਦੇ ਪਿਤਾ ਬਰਤਨਾਂ ਦਾ ਵਿਉਪਾਰ ਕਰਦੇ ਸਨ। ਆਪ ਦੇ ਪਿਤਾ ਗੁਜਰਾਂਵਾਲਾ ਸਮਾਜ ਦੇ ਧਰਮ ਸੇਵਾ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਆਪ ਬਚਪਨ ਤੋਂ ਹੀ ਦੇਸ਼ ਭਗਤ ਸਨ। ਆਪ ਪੰਜਾਬ ਕਾਂਗਰੇਸ ਦੇ ਮਹਾਮੰਤਰੀ ਅਤੇ ਗੁਜਰਾਂਵਾਲੇ ਸ਼ਹਿਰ ਦੇ ਕਾਉਂਸਲਰ ਵੀ ਰਹੇ। ਭਾਰਤੀ ਆਜ਼ਾਦੀ ਨਾਲ ਸ਼ੰਬੰਧਿਤ ਹਰ ਲਹਿਰ ਵਿਚ ਆਪ ਨੇ ਵਧ ਚੜ੍ਹ ਕੇ ਹਿਸਾ ਲਿਆ। ਆਪ ਨੂੰ ਮਹਾਤਮਾ ਗਾਂਧੀ ਜ਼ੀ ਦੀ ਪ੍ਰੇਰਣਾ ਨਾਲ ਉਨ੍ਹਾਂ ਦੇ ਅੰਦੋਲਨਾਂ ਵਿਚ ਹਿਸਾ ਲੈਣ ਕਾਰਨ ਬਹੁਤ ਵਾਰ ਜਲ ਜਾਨਾ ਪਿਆ। ਆਪ ਦੀ ਸਚਾਈ ਬਾਰੇ ਇਕ ਕਹਾਣੀ ਮਸ਼ਹੂਰ ਹੈ ਕਿ ਇਕ ਵਾਰ ਆਪ ਨੂੰ ਕਿਸੇ ਗਵਾਹੀ ਤੇ ਜਾਣਾ ਪਿਆ। ਅੰਗਰੇਜ਼ ਮਜਿਸਟਰੇਟ ਨੇ ਆਪ ਦੀ ਗਵਾਹੀ ਜਾਨ ਕੇ, ਬਿਨਾ ਬਿਆਨ ਲਏ ਕੇਸ ਉਸ ਆਦਮੀ ਦੇ ਹੱਕ ਵਿਚ ਕਰ ਦਿਤਾ, ਜਿਸ ਦੀ ਆਪਨੇ ਗਵਾਹੀ ਦੇਨੀ ਸੀ। ਆਪ ਜੈਨ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਸਮਾਜਿਕ ਕੰਮਾਂ ਵਿਚ ਹਿੱਸਾ ਲੈਂਦੇ ਰਹੇ।

ਆਪ ਅਜ਼ਾਦੀ ਦੀ ਲੜਾਈ ਲੜਦੇ ਹੋਏ ਸੰਨ 1944 ਨੂੰ ਸ਼ਹੀਦੀ ਪਾ ਗਏ।

(ਜੈਨ ਉਪਾਸਕ ਅਤੇ ਦਾਨੀ)

# ਬ੍ਰਹਮਚਾਰੀ ਸ਼ੀਤਲ ਪ੍ਰਸਾਦ ਜੈਨ

ਪੰਜਾਬ ਵਿਚ ਦਿਗੰਬਰ ਜੈਨ ਫਿਰਕੇ ਦਾ ਪ੍ਰਚਾਰ ਕਰਨ ਵਾਲਿਆਂ ਵਿਚ ਬ੍ਰਹਮਚਾਰੀ ਸ਼ੀਤਲ ਪ੍ਰਸਾਦ ਜੈਨ ਦਾ ਅਪਣਾ ਸਥਾਨ ਹੈ। ਆਪ ਭਾਰਤੀ ਅਤੇ ਵਿਦੇਸ਼ੀ ਧਰਮਾਂ ਦੇ ਮਹਾਨ ਜਾਣਕਾਰ ਸਨ। ਆਪ ਨੇ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਤੇ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਕਈ ਗ੍ਰੰਥ ਲਿਖੇ ਹਨ। ਬੁੱਧ ਧਰਮ ਦਾ ਅਧਿਐਨ ਕਰਨ ਲਈ ਆਪ ਲੰਕਾ ਵਿਚ ਵੀ ਗਏ। ਆਪ ਤੁਲਨਾਤਮਕ ਧਾਰਮਿਕ ਅਧਿਐਨ ਵਿਚ ਵਿਸ਼ਵਾਸ ਰਖਦੇ ਸਨ।

# ਸੇਠ ਖ਼ਜ਼ਾਨ ਚੰਦ ਜੈਨ

ਆਪ ਲਾਹੌਰ ਦੇ ਜੈਨ ਪਰਿਵਾਰਾਂ ਵਿਚੋਂ ਇਕ ਸਿਰਕੱਢ ਸ਼੍ਰਾਵਕ ਸਨ। ਆਪ ਨੇ ਜੈਨ ਸਮਾਜ ਨੂੰ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਰੂਪ ਵਿਚ ਅਨਮੋਲ ਹੀਰਾ ਪ੍ਰਦਾਨ ਕੀਤਾ। ਸੇਠ ਜੀ ਅਪਣੀ ਨੇਕ ਚਲਨੀ, ਧਾਰ-ਮਿਕਤਾ ਕਾਰਨ ਸਾਰੇ ਲਾਹੌਰ ਜੈਨ ਸ਼ਮਾਜ ਵਿਚ ਪ੍ਰਸਿਧ ਸਨ।

ਆਪ ਦੀ ਧਰਮ ਪਤਨੀ ਸ਼੍ਰੀਮਤੀ ਦੁਰਗੀ ਦੇਵੀ ਆਪ ਦੇ ਨਾਲ ਧਰਮ ਪ੍ਰਚਾਰ ਵਿਚ ਬਰਾਬਰ ਦਾ ਹਿਸਾ ਵਟਾਉਂਦੇ ਸਨ। ਸ਼੍ਰੀ ਸਵਰਨ ਕਾਂਤਾ ਜੀ ਨੂੰ ਸਾਧਵੀ ਬਨਣ ਦੀ ਆਗਿਆ ਦੇ ਕੇ ਆਪ ਨੇ ਮਹਾਨ ਉਪਕਾਰ ਕੀਤਾ। ਲੇਖਕਾਂ ਵਲੋਂ ਸ਼੍ਰੀ ਉਪਾਸਕ ਦਸ਼ਾਂਗ ਸੂਤਰ ਦੇ ਪੰਜਾਬੀ ਅਨੁਵਾਦ ਦਾ ਸਾਰਾ ਖਰਚਾ ਸ਼੍ਰੀਮਤੀ ਦੁਰਗੀ ਦੇਵੀ ਨੇ ਦਿਤਾ ਸੀ। ਆਪ ਦਾ ਪਰਿਵਾਰ ਦਿਲੀ ਵਿਖੇ ਜੈਨ ਧਰਮ ਦੀ ਸੇਵਾ ਕਰ ਰਿਹਾ ਹੈ। ਸੇਠ ਖਜ਼ਾਨ ਚੰਦ ਜੈਨ ਨੇ ਅਪਣੇ 5 ਸਾਥੀਆਂ ਨਾਲ ਅਚਾਰੀਆ ਕਾਂਸ਼ੀਰਾਮ ਜੀ ਤੋਂ ਸ਼ਾਸਤਰਾਂ ਦਾ ਅਧਿਐਨ ਕੀਤਾ।

# ਸੇਠ ਨਾਥ ਰਾਮ ਜੈਨ

ਆਪ ਦਾ ਜੀਵਨ ਤਿਆਗ ਭਰਿਆ ਜੀਵਨ ਸੀ। ਆਪ ਨੇ ਕੁਨਰਾ ਵਿਖੇ ਰਹਿ ਕੇ ਧਾਰਮਿਕ ਜੀਵਨ ਵਤੀਤ ਕੀਤਾ। ਆਪ ਦਾ ਧਰਮ ਪ੍ਰਤਿ ਅਥਾਹ ਵਿਸ਼ਵਾਸ ਸੀ। ਇਕ ਵਾਰ ਆਪ ਨੂੰ ਚੋਟ ਲਗੀ। ਪਿੰਡ ਦੇ ਲੋਕਾਂ ਨੇ ਆਖਿਆ ਸ਼ਰਾਬ ਰਾਹੀਂ ਜ਼ਖ਼ਮ ਨੂੰ ਠੀਕ ਕਰ ਲਵੋਂ" ਆਪ ਨੇ ਇਹ ਤਕਲੀਫ਼ ਬਰਦਾਸ਼ਤ ਕਰ ਲਈ, ਪਰ ਅਪਣੇ ਸਿਧਾਂਤਾਂ ਤੇ ਅਡਿੱਗ ਰਹੇ। ਪਿੰਡ ਵਿਚ ਸਾਰੇ ਲੋਕ ਆਪ ਦਾ ਆਦਰ ਮਤਿਕਾਰ ਕਰਦੇ ਸਨ। ਇਸ ਕਾਰਣ ਆਪ ਅੰਤਮ ਸਮੇਂ ਅਪਣੇ ਖ਼ਾਨਦਾਨੀ ਪਿੰਡ ਵਿਚ ਰਹੇ। ਆਪ ਦਾ ਸਵਰਗਵਾਸ ਜਨਵਰੀ 1980 ਵਿਚ ਹੋਇਆ।

# ਬਾਬੂ ਸੂਰਜ ਭਾਨ ਜੈਨ ਵਕੀਲ

ਆਪ ਦਾ ਜਨਮ ਸੰ: 1870 ਵਿਚ ਹੋਇਆ। ਆਪ ਨੇ ਜ਼ਿਆਦਾ ਸਮਾਂ ਦੇਸ਼ਭਗਤੀ ਅਤੇ ਧਰਮ ਪ੍ਰਚਾਰ ਹਿੱਤ ਗੁਜ਼ਾਰਿਆ। ਆਪ ਨੇ ਕਈ ਜੈਨ ਅਖ਼ਬਾਰਾਂ ਦਾ ਸੰਪਾਦਨ ਕੀਤਾ ਜਿਨ੍ਹਾਂ ਦਾ ਸੰਬੰਧ ਦਿਗੰਬਰ ਫ਼ਿਰਕੇ ਨਾਲ ਸੀ। ਇਨ੍ਹਾਂ ਅਖ਼ਬਾਰਾਂ ਵਿਚ ਛਪੇ ਲੇਖ ਆਪ ਦੀ ਵਿਦਵੱਤਾ ਦੇ ਪ੍ਰਤੀਕ ਹਨ।

# ਲਾਲਾ ਜਗਨ ਨਾਥ ਜੈਨ

ਲਾਲਾ ਜਗਨ ਨਾਥ ਜੈਨ ਮਾਲੇਰ ਕੋਟਲਾ ਦੇ ਪ੍ਰਸਿਧ ਉਪਾਸਕ ਹੋਏ ਹਨ। ਆਪ ਨੇ ਵੀ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ ਦੇ ਸਰਕਾਰੀ ਮੈਂਬਰ ਸਨ। ਆਪ ਦਾ ਜੀਵਨ ਸੰਘਰਸ਼ ਪੂਰਨ ਸੀ। ਜਨਮ ਤੋਂ ਲੈ ਕੇ ਅੰਤਮ ਸਮੇਂ ਤਕ ਦੇਵ ਗੁਰੂ ਅਤੇ ਧਰਮ ਪ੍ਰਤਿ ਸੇਵਾ ਕਰਦੇ ਰਹੇ। ਲੇਖਕਾਂ ਨੂੰ ਬਚਪਨ ਵਿਚ ਧਾਰਮਿਕ ਸੰਸਕਾਰ ਆਪ ਤੋਂ ਪ੍ਰਾਪਤ ਹੋਏ ਸਨ। ਅਪਣੀ ਸਾਦਗੀ, ਦਾਨ, ਸ਼ੀਲ ਅਤੇ ਤਿਆਗ ਆਦਿ ਗੁਣਾਂ ਕਾਰਨ ਉਹ ਹਰ ਇਕ ਦਾ ਦਿਲ ਜਿੱਤ ਲੈਂਦੇ ਸਨ। ਅਚਾਰੀਆ ਸ਼੍ਰੀ ਰਤੀਰਾਮ ਸਮਾਰਕ ਦੀ ਆਪ ਨੇ ਬਹੁਤ ਸੇਵਾ ਕੀਤੀ।

# ਦਾਨਵੀਰ ਸੇਠ ਨੌਹਰੀਆ ਮਲ ਜੈਨ

ਅਚਾਰੀਆ ਸ਼੍ਰੀ ਆਤਮਾ ਰਾਮ ਜੀ ਦੇ ਪ੍ਰਮੁਖ ਭਗਤਾਂ ਵਿਚੋਂ ਲੁਧਿਆਣਾ ਨਿਵਾਸੀ ਲਾਲਾ ਨੌਹਰੀਆ ਮਲ ਜੈਨ ਦਾ ਪ੍ਰਮੁਖ ਨਾਂ ਹੈ। ਅਚਾਰੀਆ ਸ਼੍ਰੀ ਦੀ ਪ੍ਰੇਰਣਾ ਨਾਲ ਜਿਥੇ ਆਪ ਨੇ ਜੈਨ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਹਿਸਾ ਪਾਇਆ, ਉਥੇ ਵਿਦਿਆ ਖੇਤਰ ਵਿਚ ਵੀ ਆਪ ਪਿੱਛੇ ਨਹੀਂ ਰਹੇ। ਆਪ ਨੇ ਅਪਣਾ ਵਿਸ਼ਾਲ ਬਾਗ ਅਚਾਰੀਆ ਸ਼੍ਰੀ ਦੀ ਪ੍ਰੇਰਣਾ ਨਾਲ ਦਾਨ ਕਰ ਦਿਤਾ। ਅੱਜ ਇਸੇ ਬਾਗ ਵਿਚ ਸ਼੍ਰੀ ਨੌਹਰੀਆ ਮਲ ਜੈਨ ਹਾਈ ਸਕੂਲ, ਸ਼੍ਰੀ ਨੌਹਰੀਆ ਮਲ ਜੈਨ ਗਰਲ ਸਕੂਲਜ਼, ਅਚਾਰੀਆ ਆਤਮਾ ਰਾਮ ਸਮਾਰਕ ਸਥਾਪਿਤ ਹੈ। ਅਚਾਰੀਆ ਸ਼੍ਰੀ ਦੀ ਪ੍ਰੇਰਣਾ ਨਾਲ ਆਪ ਨੇ ਅਤੇ ਆਪ ਦੇ ਭਰਾ ਲਾਲਾ ਅਮਰਿਤਸਰੀਆ ਮਲ ਜੈਨ ਨੇ ਕਰਤਾਰਾਮ ਗਲੀ ਲੁਧਿਆਣੇ ਵਿਚ ਜੈਨ ਸਥਾਨਕ ਦੀ ਬਿਲਡਿੰਗ ਤਿਆਰ ਕਰਕੇ ਸਮਾਜ ਨੂੰ ਦਾਨ ਕੀਤੀ। ਆਪ ਦੀ ਸਪੁਤਰੀ ਸ਼੍ਰੀਮਤੀ ਰਘੋ ਦੇਵੀ ਜੈਨ ਧਰਮਪਤਨੀ ਸ਼੍ਰੀ ਵੇਦ ਪ੍ਰਕਾਸ਼ ਜੈਨ ਬਰਸੀ ਤਪ ਅਤੇ ਦਾਨ ਕਰਦੇ ਰਹਿੰਦੇ ਹਨ। ਸ਼੍ਰੀ ਵੇਦ ਪ੍ਰਕਾਸ਼ ਜੀ ਨੇ ਸ਼੍ਰੀ ਵੇਦ ਪ੍ਰਕਾਸ਼ ਜੈਨ ਫਰੀ ਹਸਪਤਾਲ ਨੌਹਰੀਆ ਮਲ ਬਾਗ ਦੀ ਸਥਾਪਨਾ ਕੀਤੀ।

# ਸੇਠ ਭੋਜ ਰਾਜ ਜੈਨ

ਭਗਵਾਨ ਮਹਾਵੀਰ ਦੇ 2500 ਸਾਲਾ ਨਿਰਵਾਨ ਮਹੋਤਸਵ ਦਾ ਖ਼ਿਆਲ ਆਉਂਦੇ ਹੀ ਸ੍ਰੀ ਭੋਜ ਰਾਜ ਜੈਨ ਬਠਿੰਡੇ ਵਾਲੇ ਦੀ ਯਾਦ ਉਭਰ ਆਉਂਦੀ ਹੈ। ਆਪ ਮਹਾਨ ਧਾਰਮਿਕ, ਦਾਨਵੀਰ ਸੰਘ ਰਤਨ ਸਨ। ਆਪ ਨੇ ਬਿਨਾ ਕਿਸੇ ਨਾਂ ਦੀ ਭਾਵਨਾ ਤੋਂ ਲੱਖਾਂ ਰੁਪਏ ਸਮਾਜ ਹਿਤ ਦਾਨ ਕੀਤੇ। ਆਪ ਪੰਜਾਬ ਦੇ ਕਪੜੇ ਦੇ ਮਸ਼ਹੂਰ ਵਿਉਪਾਰੀ ਹੀ ਨਹੀਂ ਸਗੋਂ ਅਨੇਕਾਂ ਸੰਸਥਾਵਾਂ, ਅਨਾਥਾਂ ਦੇ ਸਹਿਯੋਗੀ ਸਨ। ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ, ਪੰਜਾਬ ਸਰਕਾਰ, ਸ੍ਰੀ ਮਹਾਵੀਰ ਜੈਨ ਸੰਘ ਪੰਜਾਬ ਦੇ ਆਪ ਜ਼ਿੰਦਗੀ ਭਰ ਪ੍ਰਧਾਨ ਰਹੇ। ਬਠਿੰਡਾ ਦਾ ਜੈਨ ਸਥਾਨਕ ਆਪ ਦੇ ਸਹਿਯੋਗ ਦਾ ਪ੍ਰਤੀਕ ਹੈ। ਲੇਖਕਾਂ ਨਾਲ ਆਪ ਨੂੰ ਅੰਤ ਸਮੇਂ ਤਕ ਕੰਮ ਕਰਨ ਦਾ ਸੋਭਾਗ ਮਿਲਿਆ। ਆਪ ਇਸ ਸਦੀ ਦੇ ਜੈਨ ਸਮਾਜ ਦੇ ਰਾਜਾ ਭੋਜ ਸਨ। ਆਪ ਨੇ ਅਪਣੀ ਮੇਹਨਤ ਨਾਲ ਅਪਣਾ ਵਿਉਪਾਰ ਦਿਲੀ, ਬੰਬਈ ਅਤੇ ਅਹਿਮਦਾਬਾਦ ਤਕ ਵਧਾਇਆ। ਅਨੇਕਾਂ ਸੰਸਥਾਵਾਂ ਵਲੋਂ ਆਪ ਨੂੰ ਮਾਨ ਪੱਤਰ ਦਿਤੇ ਗਏ। ਅਪਣੇ ਕੰਮਾਂ ਨੂੰ ਅੰਤ ਸਮੇਂ ਆਪ ਨੇ ਭੋਜ ਰਾਜ ਜੈਨ ਚੈਰੀਟੇਬਲ ਟਰਸਟ ਬਣਾ ਕੇ ਹਮੇਸ਼ਾ ਲਈ ਅਮਰ ਕਰ ਦਿਤਾ। 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬਦੇ ਹਰ ਪ੍ਰਕਾਸ਼ਨ ਨੂੰ ਆਪ ਦਾ ਸਹਿਯੋਗ ਹਾਸਲ ਰਿਹਾ।

# ਕੁਝ ਪ੍ਰਸਿਧ ਦਾਨੀਆਂ ਦੇ ਸ਼ੁਭ ਨਾਂ

(1) ਸ਼੍ਰੀਮਤੀ ਮੋਹਨੀ ਦੇਵੀ ਓਸਵਾਲ ਕੈਂਸਰ ਰਿਸਰਚ ਹਸਪਤਾਲ ਲੁਧਿਆਣਾ ਦੇ ਸੰਸਥਾਪਕ ਸ੍ਰੀ ਵਿਦਿਆ ਸਾਗਰ ਜੈਨ ਲੁਧਿਆਣਾ। (2) ਸ੍ਰੀ ਲਛਮਣ ਦਾਸ ਓਸਵਾਲ ਲੁਧਿਆਣਾ (3) ਸ੍ਰੀ ਧਰਮ ਪਾਲ ਓਸਵਾਲ ਲੁਧਿਆਣਾ (4) ਸ੍ਰੀ ਰਾਮਜੀ ਦਾਸ ਜੈਨ ਮਾਲੇਰ ਕੋਟਲਾ (5) ਸ੍ਰੀ ਕਿਸ਼ੋਰ ਚੰਦ ਜੈਨ ਮਾਨਸਾ (6) ਸ੍ਰੀ ਮਨੀ ਲਾਲ ਜੈਨ ਲੁਧਿਆਣਾ ਸਟੀਲ ਰੋਲਿੰਗ ਮਿਲ ਲੁਧਿਆਣਾ (7) ਸ੍ਰੀ ਨੌਹਰੀਆ ਮਲ ਜੈਨ ਲੁਧਿਆਣਾ (8) ਸ੍ਰੀ ਭੋਜ ਰਾਜ ਜੈਨ ਬਠਿੰਡਾ

# ਨਿਰਵਾਨ ਸ਼ਤਾਬਦੀ ਕਮੇਟੀ ਦੇ

# ਕੁਝ ਅਭੁਲ ਸਹਿਯੋਗੀ

(1) ਸ਼੍ਰੀ ਭੋਜ ਰਾਜ ਜੈਨ ਬਠਿੰਡਾ।

(2) ਸ਼੍ਰੀ ਦੇਵੀ ਦਿਆਲ ਜੈਨ ਮਾਲੇਰ ਕੋਟਲਾ

(3) ਸ਼੍ਰੀ ਗਿਆਨ ਚੰਦ ਜੈਨ ਮਾਲੇਰ ਕੋਟਲਾ।

(4) ਸ਼੍ਰੀ ਓਮ ਪ੍ਰਕਾਸ਼ ਜੈਨ ਮਾਲੇਰ ਕੋਟਲਾ।

(5) ਡਾ. ਜੈ ਸੁਖ ਲਾਲ ਹੱਥੀ ਭੂਤਪੂਰਵ ਗਵਰਨਰ ਪੰਜਾਬ।

(6) ਪ੍ਰੋ. ਮੁਨੀ ਲਾਲ ਜੈਨ ਅੰਬਾਲਾ।

(7) ਡਾ. ਐਲ. ਐਮ. ਜੋਸ਼ੀ ਰੀਡਰ ਪੰਜਾਬੀ ਯੂਨੀਵਰਸਟੀ ਪਟਿਆਲਾ।

(8) ਸ਼੍ਰੀ ਮੂਲ ਚੰਦ ਜੈਨ ਸਪੁੱਤਰ ਡਾ. ਬਨਾਰਸੀ ਦਾਸ ਜੈਨ।

ਇਨ੍ਹਾਂ ਸਾਥੀਆਂ ਦੇ ਅਸੀਂ ਜੀਵਨ ਭਰ ਉਪਕਾਰੀ ਹਾਂ ਜਿਨ੍ਹਾਂ ਸਾਡੇ ਕੰਮ ਵਿਚ ਤਨ ਮਨ ਅਤੇ ਧਨ ਨਾਲ ਸਾਥ ਦਿਤਾ। ਵਰਤਮਾਨ ਰਾਸ਼ਟਰਪਤਿ ਗਿਆਨੀ ਜ਼ੈਲ ਸਿੰਘ ਜੀ ਅਤੇ ਪ੍ਰੋ. ਸੰਤ ਕੁਮਾਰ ਜੈਨ ਫਰੀਦਕੋਟ ਸੈਕਟਰੀ ਦੇ ਸਹਿਯੋਗ ਲਈ ਅਸ਼ੀਂ ਬੇਹਦ ਧੰਨਵਾਦੀ ਹਾਂ।



# ਪੰਜਾਬ ਵਿਚ ਰਚਿਤ ਕੁਝ ਪ੍ਰਸਿਧ ਜੈਨ ਗ੍ਰੰਥ

ਪੁਰਾਤਨ ਪੰਜਾਬ ਦੇ ਹਰ ਛੋਟੇ ਵੱਡੇ ਸ਼ਹਿਰ ਵਿਚ ਪੁਰਾਤਨ ਹੱਥ ਲਿਖਤ ਭੰਡਾਰ ਮਿਲਦੇ ਹਨ। ਜਿਨ੍ਹਾਂ ਵਿਚ ਜੈਨ ਸ਼ਾਸਤਰਾਂ ਤੋਂ ਛੁੱਟ, ਸੁਤੰਤਰ ਜੈਨ ਸਾਹਿਤ ਹਰ ਵਿਸ਼ੇ ਤੇ, ਸੰਸਕ੍ਰਿਤ, ਪ੍ਰਾਕ੍ਰਿਤ, ਰਾਜਸਥਾਨੀ, ਗੁਜਰਾਤੀ, ਅਪਭਰੰਸ਼, ਹਿੰਦੀ ਸਾਹਿਤ ਪ੍ਰਾਪਤ ਹੈ। ਕੁਝ ਪੁਰਾਤਨ ਭੰਡਾਰਾਂ ਦਾ ਸੰਗ੍ਰਹਿ ਪੰਜਾਬ ਯੂਨੀਵਰਸਟੀ ਲਾਹੌਰ ਵਿਖੇ ਡਾ: ਬਨਾਰਸੀ ਦਾਸ ਜੈਨ ਨੇ ਡਾ: ਬੂਹਲਰ ਦੀ ਅਗਵਾਈ ਹੇਠ ਕੀਤਾ ਸੀ। ਪੰਜਾਬ ਦੇ ਕੁਝ ਸਥਾਨਕ-ਵਾਸੀ ਭੰਡਾਰ ਅਜੇ ਵੀ ਜੈਨ ਮੁਨੀਆਂ ਅਤੇ ਸਥਾਨਕ ਬਿਰਾਦਰੀ ਦੀ ਦੇਖ ਰੇਖ ਵਿਚ ਕੰਮ ਕਰ ਰਹੇ ਹਨ। ਮੂਰਤੀ ਪੂਜਕ ਫ਼ਿਰਕੇ ਨੇ ਅਪਣੇ ਸਾਰੇ ਭੰਡਾਰ ਦਿਲੀ ਵਿਖੇ ਵੱਲਭ ਸਮਾਰਕ ਵਿਚ ਸੰਭਾਲ ਲਏ ਹਨ। ਅਸੀਂ ਇਹ ਸੂਚੀ ਵੱਲਭ ਸਮਾਰਕ ਅਤੇ ਨਿੱਜੀ ਅਧਾਰ ਤੇ ਦੇ ਰਹੇ ਹਾਂ।

| ਲੜੀ ਨੰ: | ਗ੍ਰੰਥ ਦਾ ਨਾਂ | ਕਵਿ ਜਾਂ ਲੇਖਕ | ਵਿ. ਸੰ. | ਸਥਾਨ |
|---|---|---|---|---|
| 1. | ਕਲਪ ਸੂਤਰ ਸਤਵਨ | ਕਲਿਆਣ ਲਾਭ | 1701 | ਮਰੋਟ |
| 2. | ਆਗਮ ਸਾਰ | ਦੇਵ ਚੰਦਰ ਉਪਾ. | 1776 | ਮਰੋਟ |
| 3. | ਨਵਤੱਤਵ ਪ੍ਰਕਰਣ ਭਾਸ਼ਾ ਬੰਧ | ਲਖਮੀ ਵੱਲਭ ਉਪਾ. | 1747 | ਹਿਸਾਰ |
| 4. | ਸਮਿਅਕਤਵ ਸਪਤਤੀ ਟੀਕਾ | ਸੰਘ ਤਿਲਕ ਸੂਰੀ | 1422 | ਸਿਰਸਾ |
| 5. | ਉਪਦੇਸ ਸਪਤਤਿਕਾ ਟੀਕਾ | ਖੇਮ ਰਾਜ | 1547 | ਹਿਸਾਰ |
| 6. | ਜੈਨ ਪ੍ਰਬੋਧ ਪ੍ਰਕਰਣ ਭਾਸ਼ਾ | ਵਿਦਿਆ ਕੀਰਤੀ | 1505 | ਹਿਸਾਰ |
| 7. | ਰੂਪਕ ਮਾਲਾ ਟੀਕਾ | ਚਾਰਿਤਰ ਸਿੰਘ | 1646 | ਅੰਬਾਲਾ |
| 8. | ਅਚਾਰ ਦਿਨਕਰ | ਵਰਧਮਾਨ ਸੂਰੀ | 1468 | ਨਾਦੌਨ |
| 9. | ਪ੍ਰਸ਼ਨੋਤਰ | ਜੈ ਸੋਮ ਉਪਾਧਿਆਇ | 1468 | ਲਾਹੌਰ |
| 10. | ਵਿਗੇਪਿਤ ਤਰਿਵੇਣੀ | ਜੈ ਸਾਗਰ | 1484 | ਮਲਿਕਾਵਾਹਨ |
| 11. | ਕਥਾ ਕੋਸ਼ | ਸਮੇਸੁੰਦਰ | 1667 | ਮਰੋਟ |
| 12. | ਵਿਵਿਧ ਤੀਰਥ ਕਲਪ | ਜਿਨ ਪ੍ਰਭ ਸੂਰੀ | 1389 | ਦਿਲੀ |
| 13. | ਕਾਤਤਵਿਭਰਮ ਵਿਰਤੀ | ਜਿਨ ਪ੍ਰਭ ਸੂਰੀ | 1355 | ਦਿਲੀ |
| 14. | ਕਵਿ ਵਿਨੋਦ | ਮਾਨ | 1745 | ਲਾਹੌਰ |

| | | | | |
|---|---|---|---|---|
| 15. | ਚਮਤਕਾਰੀ ਚਿੰਤਾਮਣੀ ਸਤਵਨ | ਮਤਿਸਾਰ | 18 ਸਦੀ | ਫ਼ਰੀਦਕੋਟ |
| 16. | ਅਮਰ ਸੇਨ ਚੌਪਾਈ | ਧਰਮਦਰਪਨ | 1724 | ਸਿਰਸਾ |
| 17. | ਆਤਮ ਕਰਨੀ ਸੰਵਾਦ | ਜਿਨਸਮੁਦਰ ਸੂਰੀ | 1711 | ਮੁਲਤਾਨ |
| 18. | ਆਗਮ ਨੰਦਨ ਪਦਮਾ-ਵਤੀ ਚੌਪਾਈ | ਦਿਆਸਾਗਰ | 1704 | ਮੁਲਤਾਨ |
| 19. | ਆਗਮ ਸ਼ੋਭਾ ਚੌਪਾਈ | ਸਾਧੂ ਕੀਰਤੀ | 1624 | ਦਿੱਲੀ |
| 20. | ਰਿਸ਼ੀਦਤਾ ਚੌਪਾਈ | ਗਿਆਨ ਚੰਦ | 17ਵੀਂ ਸਦੀ | ਮੁਲਤਾਨ |
| 21. | ਸੁਲਕ ਕੁਮਾਰ ਪ੍ਰਵਦ | ਪਦਮ ਰਾਜ | 1667 | ਮੁਲਤਾਨ |
| 22. | ਚੰਦਨ ਮਲੇਗਿਰੀ ਚੌਪਾਈ | ਕਲਿਆਨ ਕਲਸ਼ | 1704 | ਮਰੋਟ |
| 23. | ਚੰਦਨ ਮਲੇਗਿਰੀ ਚੌਪਾਈ | ਖੇਮ ਵਰਸ | 1693 | ਮਰੋਟ |
| 24. | ਚੰਪਕ ਚੌਪਾਈ | ਰੰਗ ਪ੍ਰਮੋਦ | 1715 | ਮੁਲਤਾਨ |
| 25. | ਜੰਬੂ ਸਵਾਮੀ ਚੌਪਾਈ | ਸੁਮਤੀ ਰੰਗ | 1729 | ਮੁਲਤਾਨ |
| 26. | ਗਿਆਨ ਕੋਲ ਚੌਪਾਈ | ਪਦਮ ਚੰਦ | 1714 | ਸਰਸਾ |
| | | ਸੁਮਤੀ ਰੰਗ | 1722 | ਮੁਲਤਾਨ |
| 27. | ਦਿਆਦੀਪਕਾ | ਧਰਮਮੰਦਰ | 1740 | ਮੁਲਤਾਨ |
| 28. | ਧਿਆਨ ਦੀਪਕਾ ਚੌਪਾਈ | ਦੇਵ ਚੰਦਰ | 1766 | ਮੁਲਤਾਨ |
| 29. | ਧਰਮ ਬੁਧੀ ਪਾਪ ਬੁਧੀ | ਲਾਭ ਦਰਪਨ | 1742 | ਮੁਲਤਾਨ |
| 30. | ਮੰਗਲ ਕਲਸ਼ | ਕਨਕ ਸੋਮ | 1649 | ਮੁਲਤਾਨ |
| 31. | ਮਿਰਗਾਪੁੱਤਰ ਚੌਪਾਈ | ਵਿਦਿਆ ਕੀਰਤੀ | 1667 | ਮੁਲਤਾਨ |
| 32. | ਕਰਮ ਚੰਦ ਕਾਵਯ | ਜੈ ਸੋਮ ਉਪਾਧਿਆਇ | 1650 | ਲਾਹੌਰ |
| 33. | ਮੋਹ ਵਿਵੇਕ ਰਾਮ | ਧਰਮ ਮੰਦਰ | 1741 | ਮੁਲਤਾਨ |
| 34. | ਮੋਹ ਵਿਵੇਕ ਰਾਮ | ਸੁਮਤੀ ਰੰਗ | 1722 | ਮੁਲਤਾਨ |
| 35. | ਹੰਸਰਾਜ ਬਹੁਰਾਜ ਪ੍ਰਬੰਧ | ਵਿਨੈ ਮੇਰੂ | 1669 | ਲਾਹੌਰ |
| 36. | ਹਰਿਵਲ ਚੌਪਾਈ | ਪੁਨੇ ਹਰਸ਼ | 1735 | ਸਿਰਸਾ |
| 37. | ਕ੍ਰਿਪਾਰਸ ਕੋਸ਼ | ਸ਼ਾਂਤੀ ਚੰਦਰ ਉਪਾ. | 1640 | ਲਾਹੌਰ |
| 38. | ਕਵਿ ਕ੍ਰਿਸ਼ਨ ਲਾਲ ਦੀਆਂ 3 ਰਚਨਾਵਾਂ | | 1651 | ਲਾਹੌਰ |
| 39. | 30 ਗ੍ਰੰਥਾਂ ਦੇ ਲੇਖਕ | ਭਗਵਤੀ ਦਾਸ | 1700 | ਅੰਬਾਲਾ |
| 40. | ਜਟਮਲ ਨਾਹਰ 3 ਕਿਤਾਬਾਂ | | 1680 | ਲਾਹੌਰ |
| 41. | ਤਿਰਲੋਕ ਦਰਸ਼ਨ | ਖੜਗਸੇਨ | 1713 | ਲਾਹੌਰ |

| | | | | |
|---|---|---|---|---|
| 42. | ਹਰਗਿਨਿਪਾਸ | ਹਰਿਤ ਯਤੀ | 1872 | ਅਮਿਰਤਸਰ |
| 43. | ਅਚਾਰੀਆ ਨੰਦ ਲਾਲ ਦੀਆਂ 16 ਰਚਨਾਵਾਂ | | 1906 | ਕਪੂਰਥਲਾ |
| 44. | 40 ਗ੍ਰੰਥਾ ਦੀ ਰਚਨਾ | ਕਵਿ ਮ | 17ਵੀਂ | ਸਰਸਾ |
| 45. | ਚਾਰ ਰਚਨਾਵਾਂ | ਕਵਿ ਹਰਜਸ ਰਾਏ ਨਾਹਰ | 1864 | |
| 46. | ਸੰਤੋਖ ਰਿਸ਼ੀ ਦੀ 3 ਰਚਨਾ | | 1800 | ਸੁਨਾਮ |
| 47. | ਕਾਲਕਾਠਾਰਾ ਕਥਾ | ਰੂਪ ਦੇਵ | 1907 | ਰਾਜਪੁਰਾ |
| 48. | ਗੀਤ ਨਰਪਾਨ ਕਥਾਨਕ | ਗੁਰਦਾਸ ਰਿਸ਼ੀ | 1617 | |
| 49. | ਮੰਡਲ ਵਿਚਾਰਕੁਲਰ | ਮੁਨੀ ਵਿਨੇ ਕਮਲ | 1652 | ਮੁਲਤਾਨ |
| 50. | ਦਰਵ ਪ੍ਰਕਾਸ਼ | ਵਿਨੇ ਕਮਲ | 1708 | ਮੁਲਤਾਨ |
| 51. | ਸਥਿਰਾਵਲੀ | ਭਵਾਨੀ ਦਾਸ | 18ਵੀਂ ਸਦੀ | ਸੁਨਾਮ |
| 52. | ਮੇਘ ਵਿਨੋਦ | ਯਤੀ ਰਾਮ ਚੰਦ | 1720 | ਬੰਨੂੰ |
| 53. | ਰਾਮ ਵਿਨੋਦ | ਯਤੀ ਰਾਮ ਚੰਦ | 1722 | |
| 54. | ਲੱਲਮ ਰਾਜ | ਯਤੀ ਗੰਗੂ | 1872 | ਅੰਮ੍ਰਿਤਸਰ |
| 55. | ਵੈਦ ਮਨੋਂਗ | ਨਯਨ ਸੁਖ | 1649 | ਸਰਹਿੰਦ |
| 56. | ਦਿਆਧਰਮ ਬਾਰਾ ਮਾਸ | ਸ਼ੇਰੂ ਰਾਮ | | ਲੁਧਿਆਣਾ |
| 57. | ਕਵਿ ਚੰਦੂ ਲਾਲ ਦੀਆਂ ਸੈਕੜੇ ਕਵਿਤਾਵਾਂ | | 1950 | ਮਾਲੇਰ ਕੋਟਲਾ |
| 58. | ਕਰਮ ਛਤੀਸੀ | ਸਮੇਸੁੰਦਰ | 1668 | ਮੁਲਤਾਨ |
| 59. | ਮੇਘ ਮੁਨੀ ਦੀਆਂ 9 ਤੋਂ ਜ਼ਿਆਦਾ ਰਚਨਾਵਾਂ | | 19ਵੀਂ ਸਦੀ | ਫਗਵਾੜਾ |
| 60. | ਸ਼੍ਰੀ ਅਮਰ ਮੁਨੀ ਪੰਜਾਬੀ | | 21ਵੀਂ ਸਦੀ | ਪਟਿਆਲਾ |

# ਜੈਨ ਪੁਰਾਤੱਤਵ ਕਲਾ



# ਅਤੇ ਸਮਾਰਕ

**ਹੜੱਪਾ**—ਪੱਛਮੀ ਪਾਕਿਸਤਾਨੀ ਪੰਜਾਬ ਵਿਚ ਇਹ ਸਿੰਧੂ ਘਾਟੀ ਦੀ ਸੱਭਿਅਤਾ ਦਾ ਪ੍ਰਮੁਖ ਕੇਂਦਰ ਹੈ। ਇਥੋਂ ਪ੍ਰਾਪਤ ਇਕ ਧੜ ਲੋਹਾਨੀਪੁਰ ਦੇ ਜੈਨ ਤੀਰਥੰਕਰ ਦੇ ਧੜ ਨਾਲ ਮਿਲਦਾ ਜੁਲਦਾ ਹੈ। ਇਹ ਸਭਿਅਤਾ ਈਸਵੀ ਤੋਂ 7000 ਸਾਲ ਪੁਰਾਣੀ ਹੈ। ਮੋਹੰਜੋਦੜੋ ਦੀਆਂ ਕਈ ਮੋਹਰਾਂ ਕਾਯੋਤਸਰਗ (ਜੈਨ ਧਿਆਨ ਦੀ ਮੁਦਰਾ) ਸਥਿਤੀ ਵਿਚ ਹਨ। ਕਈ ਭਾਰਤੀ ਅਤੇ ਵਿਦੇਸ਼ੀ ਲੇਖਕ ਇਨ੍ਹਾਂ ਮੋਹਰਾਂ ਦਾ ਜੈਨ ਧਰਮ ਨਾਲ ਸੰਬੰਧ ਜੋੜਦੇ ਹਨ ਕਿਉਂਕਿ ਜੈਨ ਧਰਮ ਵਿਚ ਧਿਆਨ ਦੀ ਪਰੰਪਰਾ ਭਾਰਤੀ ਧਰਮਾਂ ਨਾਲੋਂ ਪੁਰਾਤਨ ਹੈ।

**ਕਲਿਆਨ**—ਇਹ ਸਥਾਨ ਪਟਿਆਲੇ ਤੋਂ ਪੰਜ ਕਿਲੋ ਮੀਟਰ ਦੂਰੀ ਤੇ ਹੈ। ਇਥੇ ਪੁਰਾਤਤਵ ਵਿਭਾਗ ਦੇ ਇਕ ਕਰਮਚਾਰੀ ਸ੍ਰੀ ਯੋਗ ਰਾਜ ਸ਼ਰਮਾ ਨੇ ਕੁਝ ਜੈਨ ਮੂਰਤੀਆਂ ਦੇ ਟੁਕੜੇ ਇਕੱਠੇ ਕੀਤੇ। ਇਹ ਸਭ 8—9 ਸਦੀ ਦੀਆਂ ਕਾਲੇ ਪੱਥਰ ਦੀਆਂ ਹਨ। ਇਨ੍ਹਾਂ ਵਿਚੋਂ ਕੁਝ ਰਿਸ਼ਭ ਦੇਵ ਅਤੇ ਪਾਰਸ਼ ਨਾਥ ਦੀਆਂ ਪ੍ਰਤਿਮਾਵਾਂ ਸ਼ਵੇਤਾਂਬਰ ਰੂਪ ਵਿਚ ਹਨ। ਜਾਪਦਾ ਹੈ ਇਸ ਥਾਂ ਤੇ ਕਦੇ ਵਿਸ਼ਾਲ ਮੰਦਰ ਰਿਹਾ ਹੋਵੇਗਾ। ਇਹ ਜਗ੍ਹਾ ਖੁਦਾਈ ਭਾਲਦੀ ਹੈ। ਇਹ ਮੂਰਤੀਆਂ ਪੁਰਾਤੱਤਵ ਵਾਲਿਆਂ ਦੇ ਦਫਤਰ ਵਿਚ ਹਨ।

**ਖਿਜਰਾਵਾਦ**—ਇਹ ਸਥਾਨ ਰੋਪੜ ਦੇ ਕਰੀਬ ਹੈ। ਇਥੇ ਬ੍ਰਹਮ ਲਿਪਿ ਵਿਚ ਬਹੁਤ ਸਿਕੇ ਮਿਲੇ ਹਨ। ਇਕ ਸਿਰ ਰਹਿਤ ਮੂਰਤੀ ਭਗਵਾਨ ਮਹਾਵੀਰ ਦੀ ਹੈ ਜੋ ਮੋਤੀ ਬਾਗ ਪਟਿਆਲੇ ਵਿਖੇ ਪਈ ਹੈ। ਸਮਾਂ 8-9 ਸਦੀ ਹੈ।

**ਢੋਲਵਾਹਾ**—ਇਹ ਪਿੰਡ ਹੋਸ਼ਿਆਰਪੁਰ ਦੇ ਕਰੀਬ 37 ਮੀਲ ਹੈ। ਇਸ ਜਗ੍ਹਾ ਦਾ ਸੰਬੰਧ ਜੈਨ ਹਿੰਦੂ ਦੋਹਾਂ ਧਰਮਾਂ ਨਾਲ ਹੈ। ਇਕ ਚਹੁਮੁਖੀ ਮੂਰਤੀ ਪੁਰਾਤੱਤਵ ਵਿਭਾਗ ਕੋਲ ਹੈ ਜੋ ਆਠਵੀਂ ਸਦੀ ਤੋਂ ਪਹਿਲਾਂ ਦੀ ਜਾਪਦੀ ਹੈ।

**ਪੰਜੌਰ**—ਚੰਡੀਗੜ੍ਹ ਤੋਂ ਤਕਰੀਬਨ 20 ਕਿਲੋਮੀਟਰ ਪੰਜੌਰ ਨਾਂ ਕਸਬਾ ਜੈਨ ਗ੍ਰੰਥਾਂ ਵਿਚ ਪੰਚਪੁਰ, ਪਚਉਰ ਦੇ ਨਾਂ ਪ੍ਰਸਿਧ ਰਿਹਾ ਹੈ। ਇਥੇ ਹੀ ਗੁੱਗਾ ਮਾੜੀ ਕੋਲੋਂ ਜੈਨ ਤੀਰਥੰਕਰਾਂ ਦੀਆ ਖੰਡਿਤ ਮੂਰਤੀਆਂ ਪ੍ਰਾਪਤ ਹੋਈਆਂ ਹਨ। ਭਗਵਾਨ ਰਿਸ਼ਭ ਦੇਵ ਭਗਵਾਨ ਪਾਰਸ਼ ਨਾਥ ਅਤੇ ਪੰਜ ਤੀਰਥੀ ਦੀਆਂ ਕਈ ਮੂਰਤੀਆਂ ਹਨ। ਜ਼ਿਆਦਾ ਮੂਰਤੀਆਂ ਕੁਰੁਖੇਤਰ ਯੂਨੀਵਰਸਟੀ ਦੇ ਮਿਊਜ਼ੀਅਮ ਵਿਚ ਪਈਆਂ ਹਨ। ਇਕ ਵਿਸ਼ਾਲ ਮੂਰਤੀ ਚੰਡੀਗੜ੍ਹ ਵਿਖੇ ਹੈ। ਇਨ੍ਹਾਂ ਦਾ ਸਮਾਂ 8ਵੀਂ ਸਦੀ ਤੋਂ 12ਵੀਂ ਸਦੀ ਤਕ ਦਾ ਹੈ।

**ਚਕਰੇਸ਼ਵਰੀ ਦੇਵੀ ਤੀਰਥ**—ਇਹ ਤੀਰਥ ਵਰਤਮਾਨ ਪੰਜਾਬ ਦੇ ਸਹਿੰਦ ਕਸਬੇ ਦੇ ਬਾਹਰ ਹੈ। ਜੈਨ ਤੀਰਥੰਕਰ ਦੀ ਉਪਾਸਕ ਦੇਵੀ ਮਾਤਾ ਚਕਰੇਸ਼ਵਰੀ ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਨਾਲ ਸੰਬੰਧਿਤ ਹੈ। ਅਜ ਤੋਂ 600 ਸਾਲ ਪਹਿਲਾਂ

ਗੁਜਰਾਤ ਦੇ ਕੁਝ ਯਾਤਰੀ ਕਾਂਗੜੇ ਦੀ ਤੀਰਥ ਯਾਤਰਾ ਲਈ ਜਦ ਇਸ ਥਾਂ ਰਾਹੀਂ ਗੁਜ਼ਰੇ ਤਾਂ ਇਹ ਚਮਤਕਾਰੀ ਮੂਰਤੀ ਇਥੇ ਸਥਾਪਿਤ ਕੀਤੀ ਗਈ। ਹੁਣ ਇਸ ਤੀਰਥ ਦਾ ਵਿਕਾਸ ਪੰਜਾਬ ਸਰਕਾਰ ਅਤੇ ਜੈਨੀਆਂ ਦੇ ਸਮੂਹ ਉੱਦਮ ਨਾਲ ਹੋ ਰਿਹਾ ਹੈ। ਇਸ ਮੂਰਤੀ ਦੀ ਪੁਰਾਤਨਤਾ 8-9 ਸਦੀ ਤਕ ਹੋ ਸਕਦੀ ਹੈ ਕਿਉਂਕਿ ਖੰਡੇਲਵਾਲ ਜੈਨੀ 500 ਸਾਲ ਤੋਂ ਇਸ ਜਗ੍ਹਾ ਦੀ ਯਾਤਰਾ ਕਰਦੇ ਰਹੇ ਹਨ। ਇਹ ਯਾਤਰੀ ਮੂਰਤੀ ਨਾਲ ਲੈ ਕੇ ਆਏ ਸਨ।

**ਬਠਿੰਡਾ**—ਇਹ ਤ੍ਰਦੇ ਜੈਨ ਯਤੀਆਂ ਦੇ ਧਰਮ ਪ੍ਰਚਾਰ ਦਾ ਕੇਂਦਰ ਸੀ। ਇਥੋਂ ਪ੍ਰਾਪਤ ਭਗਵਾਨ ਨੇਮੀ ਨਾਥ ਅਤੇ ਸੰਭਵ ਨਾਥ ਦੀਆਂ ਮੂਰਤੀਆਂ 11 ਸਦੀਆਂ ਦੀਆਂ ਹਨ। ਇਹ ਸ੍ਰੀ ਹੰਸ ਰਾਜ ਬਾਗਲਾ ਦੇ ਫ਼ਾਰਮ ਤੋਂ ਪ੍ਰਾਪਤ ਹੋਈਆਂ ਸਨ। ਬਠਿੰਡਾ ਸਿਰਸਾ ਅਤੇ ਹਨੂਮਾਨ ਗੜ੍ਹ ਦੇ ਯਤੀਆਂ ਦਾ ਕੇਂਦਰ ਰਿਹਾ ਹੈ।

**ਸੁਨਾਮ**—ਸੁਨਾਮ ਭਾਰਤ ਦੇ ਪੁਰਾਤਨ ਸ਼ਹਿਰਾਂ ਵਿਚੋਂ ਇਕ ਹੈ। ਇਹ ਅੱਜ ਕਲ ਸੰਗਰੂਰ ਜ਼ਿਲੇ ਦਾ ਹਿੱਸਾ ਹੈ। ਪਹਿਲਾਂ ਇਹ ਪਟਿਆਲੇ ਸਟੇਟ ਵਿਚ ਸੀ। ਇਥੇ ਇਕ ਡੇਰੇ ਭਗਵੰਤ ਨਾਥ ਵਿਚ ਭਗਵਾਨ ਪਾਰਸ਼ ਨਾਥ ਦੀ 10 ਸਦੀ ਦੀ ਮੂਰਤੀ ਪਈ ਹੈ। 2 ਸਾਲ ਪਹਿਲਾਂ ਲੇਖਕਾਂ ਨੇ ਇਕ ਕਾਲੇ ਪੱਥਰ ਦੀ ਖੰਡਤ ਪਾਰਸ਼ ਨਾਥ ਦੀ ਮੂਰਤੀ ਵੇਖੀ ਸੀ ਪਰ ਹੁਣ ਇਹ ਉੱਥੇ ਨਹੀਂ ਸੀ। ਆਸ ਪਾਸ ਟੁੱਟੇ ਪਥਰਾਂ ਤੋਂ ਪਤਾ ਲਗਦਾ ਹੈ ਕਿ ਇਹ ਸਥਾਨ 8ਵੀਂ ਸਦੀ ਵਿਚ ਕੋਈ ਵਿਸ਼ਾਲ ਜੈਨ ਮੰਦਰ ਰਿਹਾ ਹੋਵੇਗਾ। ਉਸ ਦੀ ਮੂਰਤੀ ਹੁਣ ਬਾਬਾ ਪਾਰਸ਼ ਨਾਥ ਕਰਕੇ ਪੂਜੀ ਜਾਂਦੀ ਹੈ। ਇਹ ਮੂਰਤੀ ਤੇ ਕੋਈ ਚਿਤ੍ਰ ਨਹੀਂ। ਜਾਪਦਾ ਹੈ ਆਸ ਪਾਸ ਦਾ ਹਿੱਸਾ ਟੁੱਟ ਗਿਆ ਹੋਵੇ। ਇਥੇ ਪੂਜ ਮਹਾ-ਸਿੰਘ ਦੀ 200 ਸਾਲ ਪੁਰਾਣੀ ਸਮਾਧੀ ਹੈ।

**ਕੁਰੂਖੇਤਰ**—ਇਸ ਬਾਰੇ ਪੁਸਤਕ ਦੇ ਸ਼ੁਰੂ ਵਿਚ ਚਾਨਣਾ ਪਾਇਆ ਜਾ ਚੁਕਾ ਹੈ। ਭਗਵਾਨ ਮਹਾਵੀਰ ਸਮੇਂ ਇਸ ਦਾ ਨਾਂ ਥੁਨਾ ਜਾਂ ਸਥੁਨਾ ਸੀ ਜੋ ਸ਼ਿਵ ਮੰਦਰ ਕਾਰਨ ਥਾਣੇਸ਼ਵਰ ਅਖਵਾਇਆ। ਇਥੋਂ ਤੀਰਥੰਕਰ ਦਾ ਇਕ ਸਿਰ ਪ੍ਰਾਪਤ ਹੋਇਆ ਹੈ ਜੋ ਅਠਵੀਂ ਸਦੀ ਦਾ ਹੈ। ਇਹ ਜੈਨ ਯਤੀਆਂ ਦਾ ਪ੍ਰਚਾਰ ਕੇਂਦਰ ਰਿਹਾ ਹੈ। ਇਥੇ ਪੁਰਾਤਨ ਡੇਰਾ ਅਤੇ ਬਾਗ ਹੈ।

**ਅੰਬਾਲਾ**—ਇਹ ਹਰਿਆਣੇ ਦਾ ਪ੍ਰਸਿਧ ਕਸਬਾ ਹੈ। ਇਥੇ ਜੈਨੀਆਂ ਦੇ ਸਾਰੇ ਫ਼ਿਰਕੇ ਰਹਿੰਦੇ ਹਨ। ਸ਼ਵੇਤਾਂਬਰ ਮੰਦਰ ਦੀ ਖੁਦਾਈ ਸਮੇਂ ਸੰ: 1155 ਦੇ ਨੇਮੀਨਾਥ, ਸੰ: 1454 ਦੀ ਭਗਵਾਨ ਵਾਸੂਪੂਜ ਜੀ ਅਤੇ ਸੰ: 1455 ਦੀ ਪਦਮਾਵਤੀ ਪਾਰਸ਼ਨਾਥ ਪ੍ਰਾਪਤ ਹੋਏ। ਇਸ ਥਾਂ ਤੇ ਪ੍ਰਸਿਧ ਚਮਤਕਾਰੀ ਮਹਾਨ ਤਪੱਸਵੀ ਸ੍ਰੀ ਲਾਲ ਚੰਦ ਜੀ ਮਹਾਰਾਜ ਅਤੇ ਪੂਜ ਕਾਂਸੀ ਰਾਮ ਜੀ ਮਹਾਰਾਜ ਦਾ ਸਮਾਰਕ ਹੈ। ਛਾਵਨੀ ਵਿਚ ਦਿਗੰਬਰ ਜੈਨ ਸਮਾਜ ਦੇ ਦੋ ਪੁਰਾਤਨ ਮੰਦਰ ਹਨ।

**ਅਸਥਲਬੋਹਲ**—ਇਹ ਰੋਹਤਕ ਦੇ ਕਰੀਬ ਹੈ। ਇਥੋਂ ਸਨਿਆਸੀਆਂ ਦੇ ਮੱਠ ਵਿਚੋਂ ਵਿਸ਼ਾਲ ਅਤੇ ਪੁਰਾਤਨ ਜੈਨ ਮੂਰਤੀਆਂ ਪ੍ਰਾਪਤ ਹੋਈਆਂ ਹਨ। ਜਾਪਦਾ ਹੈ ਪਹਿਲਾਂ ਇਸ ਥਾਂ ਤੇ ਕੋਈ ਮੰਦਰ ਹੋਵੇਗਾ। ਸਾਰੀਆਂ ਮੂਰਤੀਆਂ ਸ਼ਵੇਤਾਂਬਰ ਅਤੇ 11ਵੀਂ ਸਦੀ ਦੇ ਕਰੀਬ ਦੀਆਂ ਹਨ।

**ਸਿਰਸਾ**—ਇਸ ਦੇ ਕਰੀਬ ਪਿੰਡ ਸਿਕੰਦਰਪੁਰ ਅਤੇ ਸਿਰਸਾ ਵਿਚ 9 ਤੋਂ 11 ਸਦੀਆਂ ਦੀਆਂ ਮੂਰਤੀਆਂ ਪ੍ਰਾਪਤ ਹੋਈਆਂ ਹਨ।

**ਨਾਰਨੌਲ**—ਇਸ ਥਾਂ ਤੋਂ 12 ਸਦੀਆਂ ਦੀ ਦੋ ਵਿਸ਼ਾਲ ਤੀਰਥੰਕਰ ਮੂਰਤੀਆਂ ਪ੍ਰਾਪਤ ਹੋਈਆਂ ਹਨ ਜੋ ਚੰਡੀਗੜ੍ਹ ਹਰਿਆਣੇ ਸਰਕਾਰ ਦੇ ਅਜਾਇਬ ਘਰ ਵਿਚ ਹਨ।

**ਜੀਂਦ**—ਇਹ ਪੈਪਸੂ ਦਾ ਹਿੱਸਾ ਸੀ। ਅੱਜ ਕੱਲ ਹਰਿਆਣੇ ਦਾ ਪ੍ਰਸਿਧ ਸ਼ਹਿਰ ਹੈ। ਇਥੋਂ ਪ੍ਰਾਪਤ ਜੈਨ ਮੂਰਤੀਆਂ 11-12 ਸਦੀ ਦੀਆਂ ਹਨ।

**ਮਾਲੇਰ ਕੋਟਲਾ**—ਜੈਨ ਧਰਮ ਅਤੇ ਸੰਸਕ੍ਰਿਤੀ ਦਾ ਪੁਰਾਤਨ ਕੇਂਦਰ ਹੈ। ਇਥੇ ਲੋਕਾਸਾਰ ਯਤੀਆਂ ਨਾਲ ਸੰਬੰਧਿਤ ਡੇਰਾ, ਮੰਦਰ, ਬਾਗ, ਹਵੇਲੀ ਅਤੇ ਹੋਰ ਜਾਇਦਾਦ ਸੀ। ਅਚਾਰੀਆ ਰਤੀ ਰਾਮ ਦੀ ਸੰ: 1894 ਵਿਚ ਬਣੀ ਸਮਾਧੀ ਇਸ ਸ਼ਹਿਰ ਤੇ ਜੈਨ ਧਰਮ ਦਸਦੀ ਹੈ।

**ਲੁਧਿਆਣਾ**—ਇਸ ਸ਼ਹਿਰ ਦਾ ਜੈਨ ਧਰਮ ਨਾਲ ਪੁਰਾਤਨ ਰਿਸ਼ਤਾ ਹੈ। ਜੈਨ ਯਤੀਆਂ ਨੇ ਅਨੇਕਾਂ ਧਰਮ ਪ੍ਰਚਾਰ ਦੇ ਕੰਮ ਇਸ ਸ਼ਹਿਰ ਵਿਚ ਕੀਤੇ। ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਦੀ ਜ਼ਿੰਦਗੀ ਦਾ ਕਾਫ਼ੀ ਹਿੱਸਾ ਇਥੇ ਗੁਜ਼ਰਿਆ ਹੈ। ਇਥੇ ਹੀ ਆਪ ਦਾ ਸਮਾਰਕ ਹੈ।

**ਤੋਸ਼ਾਮ**—ਇਹ ਹਿਸਾਰ ਪਾਸ ਛੋਟਾ ਜਿਹਾ ਕਸਬਾ ਹੈ। ਇਥੇ 9-10 ਸਦੀ ਦੇ ਜੈਨ ਤੀਰਥੰਕਰਾਂ ਦੀਆਂ ਮੂਰਤੀਆਂ ਦੇ ਹਿੱਸੇ ਮਿਲੇ ਹਨ। ਇਸ ਤੋਂ ਛੁੱਟ ਹਾਂਸੀ ਅਤੇ ਝੱਜਰ ਤੋਂ ਕਾਫ਼ੀ ਜੈਨ ਮੂਰਤੀਆਂ ਪ੍ਰਾਪਤ ਹੋਈਆਂ ਸਨ ਜੋ ਰਸਾਇਨਿਕ ਵਿਸ਼ਲੇਸ਼ਨ ਲਈ ਗਈਆਂ ਹਨ। ਇਨ੍ਹਾਂ ਪ੍ਰਤਿਮਾਵਾਂ ਦਾ ਸਮਾਂ ਪ੍ਰਤਿਹਾਰ ਰਾਜੇਆਂ ਦੇ ਸਮੇਂ ਦਾ ਹੈ।

**ਲਾਹੌਰ**—ਇਹ ਪੰਜਾਬ ਦੇ ਪੁਰਾਤਨ ਸ਼ਹਿਰਾਂ ਵਿਚੋਂ ਇਕ ਹੈ। ਇਸ ਸ਼ਹਿਰ ਨੇ ਰਾਮ ਰਾਜ ਤੋਂ ਮੁਗਲ ਰਾਜ ਵੇਖਿਆ। ਖਰਤਰ ਗੱਛ, ਤਪਾ ਗੱਛ ਅਤੇ ਲੋਕਾ ਗੱਛ ਦੇ ਅਨੇਕਾਂ ਮੁਨੀਆਂ ਅਤੇ ਸਾਧਵੀਆਂ ਦਾ ਪ੍ਰਚਾਰ ਕੇਂਦਰ ਰਿਹਾ ਹੈ। ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਜਨਮ ਭੂਮੀ ਹੈ। ਸ਼੍ਰੀ ਪਾਰਵਤੀ ਜੀ ਮਹਾਰਾਜ, ਪੂਜ ਅਮਰ ਸਿੰਘ ਜੀ ਦੀ ਕਰਮ ਭੂਮੀ ਹੈ।

●

(ਚੌਂਦਹ ਸ਼ੁਭ ਸੁਫਨੇ)



# ਦਿਗੰਵਰ ਜੈਨ

ਅਤੇ

# ਪੰਜਾਬ

A

# ਸ਼੍ਰੀ ਦਿਗੰਵਰ ਜੈਨ ਅਤੇ ਪੰਜਾਬ

ਜੈਨ ਧਰਮ ਦੇ ਦੋ ਪ੍ਰਸਿੱਧ ਫਿਰਕੇ ਹਨ। ਸ਼ਵੇਤਾਂਵਰ (ਚਿਟੇ ਕਪੜਿਆਂ ਵਾਲੇ) ਅਤੇ (2) ਦਿਗੰਵਰ (ਵਸਤਰ ਰਹਿਤ)। ਪਿਛਲੇ ਭਾਗ ਵਿਚ ਸਾਰੇ ਅਧਿਐਨ ਦਾ ਅਧਾਰ ਸ਼ਵੇਤਾਂਵਰ ਜੈਨ ਗ੍ਰੰਥ, ਆਗਮ, ਸ਼ਿਲਾਲੇਖ, ਪਟਾਵਲੀਆਂ ਰਹੇ। ਬਾਕੀ ਜਿਨ੍ਹਾਂ ਹੋਰ ਅਜੈਨ ਗ੍ਰੰਥਾਂ ਦੇ ਅਧਾਰ ਦੇ ਅਸਾਂ ਜੈਨ ਧਰਮ ਦੀ ਜਾਨਕਾਰੀ ਦਿੱਤੀ ਹੈ ਉਹ ਵੀ ਪੰਜਾਬ ਵਿਚ ਸ਼ਵੇਤਾਂਵਰ ਜੈਨ ਦੀ ਸਥਿਤੀ ਵਾਰੇ ਦਸਦੇ ਹਨ। ਸ਼ਵੇਤਾਂਵਰ ਆਗਮ ਸ਼੍ਰੀ ਉੱਤਰਾਧਿਐਨ ਸੂਤਰ ਵਿਚ ਸਪਸ਼ਟ ਲਿਖਿਆ ਹੈ "ਪਹਿਲੇ ਅਤੇ ਆਖਰੀ ਤੀਰਥੰਕਰ ਅਚੇਲ (ਵਸਤਰ ਰਹਿਤ ਧਰਮ ਦਾ ਉਪਦੇਸ਼ ਕਰਦੇ ਹਨ। ਦੂਸਰੇ ਤੀਰਥੰਕਰ ਤੋਂ 23ਵੇਂ ਤੀਰਥੰਕਰ ਸਚੇਲ (ਵਸਤਰ) ਸਹਿਤ ਧਰਮ ਦਾ ਉਪਦੇਸ਼ ਕਰਦੇ ਹਨ। ਵਸਤਰ ਰਹਿਤ ਧਰਮ ਦੀਆਂ ਬਹੁਤ ਹੀ ਕਠੋਰ ਧਾਰਮਿਕ ਮਰਿਆਦਾ ਹਨ। ਆਮ ਆਦਮੀ ਇਸਦਾ ਪਾਲਨ ਨਹੀਂ ਕਰ ਸਕਦਾ। ਸਾਰੇ ਤੀਰਥੰਕਰ ਵੀ ਜਿਨ ਕਲਪ (ਦਿਗੰਵਰ ਜਾਂ ਅਚੈਲ) ਹੁੰਦੇ ਹਨ। ਜਿਨ ਕਲਪ ਅਤੇ ਸਥਿਵਰ ਕਲਪ ਦਾ ਉਪਦੇਸ਼ ਤੀਰਥੰਕਰਾਂ ਨੇ ਕੀਤਾ ਹੈ। ਸ਼ਵੇਤਾਂਵਰ ਫਿਰਕੇ ਵਾਲੇ ਅਚਾਰਿਆ ਜੰਬੂ ਤੋਂ ਬਾਅਦ ਜਿਨ ਕਲਪ ਖਤਮ ਮਨਦੇ ਸਨ।

## ਦਿਗੰਵਰ ਸ਼ਵੇਤਾਂਵਰ ਮਤਭੇਦ

ਭਗਵਾਨ ਮਹਾਵੀਰ ਦੇ ਨਿਰਮਾਨ ਤੋਂ 160 ਸਾਲ ਬਾਅਦ ਅਚਾਰਿਆ ਭੱਦਰ ਵ ਹੂ ਦੇ ਸਮੇਂ ਇਹ ਮੱਤਭੇਦ ਸਾਹਮਣੇ ਆਏ। ਉਸ ਸਮੇਂ ਦੇਸ਼ ਵਿਚ 12-12 ਸਾਲ ਦੇ ਕਈ ਅਕਾਲ ਪਏ। ਜੈਨ ਲੋਕ ਪੰਜਾਬ, ਬਿਹਾਰ, ਬੰਗਾਲ ਆਦਿ ਦੇ ਪਵਿਤਰ ਤੀਰਥ ਸਥਾਨਾਂ ਨੂੰ ਛਡਕੇ ਗੁਜਰਾਤ ਅਤੇ ਦੱਖਨੀ ਭਾਰਤ ਵੱਲ ਆਉਣੇ ਸ਼ੁਰੂ ਹੋ ਗਏ। ਦਿਗੰਵਰ ਮਤ ਅਨੁਸਾਰ ਸ਼ਵੇਤਾਂਵਰ ਫਿਰਕੇ ਦੀ ਉਤਪੱਤੀ ਅਚਾਰਿਆ ਸਥੂਲ ਭੱਦਰ ਦੀ ਇਕ ਚੇਲੇ ਨੇ ਕੀਤੀ। ਜਦ ਕਿ ਸ਼ਵੇਤਾਂਵਰ ਪ੍ਰੰਪਰਾ ਅਨੁਸਾਰ ਦਿਗੰਵਰ ਫਿਰਕੇ ਦੀ ਉਤਪੱਤੀ ਸ਼ਿਵ ਕੋਟੀ ਨਾਂ ਦੇ ਸਾਧੂ ਨੇ ਕੀਤੀ ਜੋ ਕਿ ਪੁਰਾਤਨ ਪ੍ਰੰਪਰਾ ਨੂੰ ਫੇਰ ਜਿੰਦਾ ਕਰਨਾ ਚਾਹੁੰਦਾ ਸੀ ਪਰ ਉਸ ਸਮੇਂ ਜਿਨ ਕਲਪੀ ਦੀ ਪ੍ਰੰਪਰਾ ਪੂਰਨ ਖਤਮ ਹੋ ਚੁਕੀ ਸੀ। ਇਸ ਪ੍ਰਕਾਰ ਭਗਵਾਨ ਮਹਾਵੀਰ ਤੋਂ ਲੈਕੇ ਭਦਰਵਾਹੂ ਸਵਾਮੀ ਤੱਕ ਦਾ ਇਤਿਹਾਸ ਦੋਹਾਂ ਪ੍ਰੰਪਰਾ ਦਾ ਇਕ ਹੀ ਹੈ। ਬਾਅਦ ਵਿਚ ਕੁੱਝ ਬਾਹਰੀ ਮੱਤ ਭੇਦ ਸਾਹਮਣੇ ਆਏ ਜਿਨ੍ਹਾਂ ਵਿਚੋਂ ਸਭ ਤੋਂ

ਬੜਾ ਇਤਿਹਾਸਕ ਮਤਭੇਦ **ਪ੍ਰਾਚੀਨ ਪ੍ਰਾਕ੍ਰਿਤ ਅਰਧ ਮਾਗਧੀ** ਜੈਨ ਗ੍ਰੰਥਾਂ ਨੂੰ ਮਾਨਤਾ ਨਾ ਪ੍ਰਦਾਨ ਕਰਕੇ ਪੁਰਾਣੇ ਅਚਾਰਿਆਂ ਦੇ ਰਚੇ ਗ੍ਰੰਥਾਂ ਨੂੰ ਮਾਨਤਾ ਦੇਣਾ ਹੈ। ਇਨ੍ਹਾਂ ਗ੍ਰੰਥਾਂ ਦੀ ਭਾਸ਼ਾ ਸੰਸਕ੍ਰਿਤ, ਅਪਭਰੰਸ਼ ਅਤੇ ਸ਼ੌਰਸੇਨੀ ਪ੍ਰਾਕ੍ਰਿਤ ਹੈ। ਇਨ੍ਹਾਂ ਗ੍ਰੰਥਾਂ ਵਿਚ ਹਰ ਵਿਸ਼ੇ ਨਾਲ ਸੰਬੰਧਿਤ ਗ੍ਰੰਥ ਹਨ। ਪਰ ਦਿਗੰਵਰ, ਸ਼ਵੇਤਾਂਵਰ ਗ੍ਰੰਥਾਂ ਦੇ ਨਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਪ੍ਰਸਿਧ ਦਿਗੰਵਰ ਗ੍ਰੰਥਕਾਰ ਹਨ—

(1) ਕੁੰਦ ਕੁੰਦ ਅਚਾਰਿਆ, (2) ਸਮੰਤ ਭਦਰ। (3) ਪੁਸ਼ਪ ਦੰਤ (4) ਗੁਣ-ਭੱਦਰ, (5) ਸਕਲ ਕੀਰਤੀ।

**ਧਰਮ ਪ੍ਰਚਾਰਕ**—ਪੰਜਾਬ ਵਿੱਚ ਧਰਮ ਪ੍ਰਚਾਰ ਕਰਨ ਵਾਲੇ ਮੁਨੀਆਂ ਦੀ ਗਿਣਤੀ ਬਹੁਤ ਘੱਟ ਹੈ। ਉਸਦਾ ਮੁੱਖ ਕਾਰਣ ਹੈ ਪੰਜਾਬ ਦਾ ਭੋਜਨ। ਫੇਰ ਵੀ ਦਿਗੰਵਰ ਜੈਨ ਗ੍ਰੰਥਾਂ ਵਿਚ ਪੰਜਾਬ, ਕਸ਼ਮੀਰ, ਸਿੰਧ ਅਤੇ ਦਿੱਲੀ ਦਾ ਬਹੁਤ ਵਰਨਣ ਹੈ। ਵਰਤਮਾਨ ਪੰਜਾਬ, ਹਰਿਆਨਾ ਵਿਚ ਕਾਫੀ ਦਿਗੰਵਰ ਜੈਨ ਹਨ। ਦਿਗੰਵਰ ਧਰਮ ਦਾ ਪ੍ਰਮੁੱਖ ਅਧਾਰ ਰਹੇ ਹਨ। (1) ਭਟਾਰਕ, (2) ਆਮ ਪ੍ਰਚਾਰਕ।

ਦਿਗੰਵਰ ਜੈਨ ਗ੍ਰੰਥਾਂ ਅਨੁਸਾਰ ਭਗਵਾਨ ਮਹਾਵੀਰ ਨੇ ਪੰਜਾਬ, ਸਿੰਧ, ਗੰਧਾਰ, ਕਸ਼ਮੀਰ ਅਤੇ ਬਲੱਖ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ ਸੀ। ਹਿੰਦੂ ਪਦਮ ਪੁਰਾਣ ਵਿਚ ਇਕ ਦਿਗੰਵਰ ਜੈਨ ਮੁਨੀ ਦੀ ਬ੍ਰਾਹਮਣ ਨਾਲ ਧਾਰਮਿਕ ਚਰਚਾ ਦਾ ਜਿਕਰ ਹੈ। ਯੂਨਾਨੀ ਵਿਦਵਾਨ ਮੁਨੀ ਕਾਲਨਸ (ਕਲਿਆਨ) ਦਾ ਬਹੁੱਤ ਸਤਿਕਾਰ ਕਰਦੇ ਸਨ, ਜਿਸਨੂੰ ਸਿਕੰਦਰ ਆਪਣੇ ਨਾਲ ਲੈ ਗਿਆ ਸੀ।

ਪੰਜਾਬ ਨਾਲ ਸੰਬੰਧਿਤ ਇਕ ਸਿਲਾਲੇਖ ਸ਼੍ਰਮਣ ਬੇਲਗੋਲਾ (ਕਰਨਾਟਕ) ਵਿਚ ਹੈ ਜਿਸ ਵਿਚ ਅਚਾਰਿਆ ਸਮਤਭਦਰ ਸਮਾਂ ਈ. ਪੂਰਵ ਦੂਸਰੀ ਸਦੀ ਆਖਦਾ ਹੈ "ਪਹਿਲਾਂ ਮੈਂ ਪਾਟਲੀ ਪੁੱਤਰ (ਪਟਨੇ) ਵਿਖੇ ਸ਼ਾਸਤਰ ਆਰਥ (ਧਾਰਮਿਕ ਵਹਿਸ) ਵਿਚ ਨਾਦ ਬਜਾਇਆ। ਫੇਰ ਮਾਲਵਾ **ਸਿੰਧ** ਅਤੇ **ਠੱਕ** (ਅਟੱਕ ਪੰਜਾਬ), ਕਾਂਚੀਪੁਰ ਅਤੇ ਵਿਦਿਸ਼ਾ (ਭਿਲਸ ਮੱਧ ਪ੍ਰਦੇਸ਼) ਵਿੱਚ ਸ਼ਾਸਤਰ ਅਰਥ ਕਰਦਾ ਇਥੇ ਕਰਨਾਟਕ ਆ ਗਿਆ ਹਾਂ ਜਿਥੇ ਵਿਦਿਆ ਧਾਰਨ ਕਰਨ ਵਾਲੇ ਯੋਧਿਆਂ ਦੀ ਭੀੜ ਹੈ। ਹੇ ਰਾਜਨ ! ਮੈਂ ਧਾਰਮਿਕ ਚਰਚਾ ਕਰਨ ਦਾ ਇਛੁੱਕ ਹਾਂ। ਮੈਂ ਵਿਖਾਉਣਾ ਚਾਹੁੰਦਾ ਹਾਂ ਕਿ ਇਸ ਭੀੜ ਵਿੱਚ ਸ਼ੇਰ ਕਿਵੇਂ ਘੁਸਦਾ ਹੈ।"

ਉਪਰੋਕਤ ਅਚਾਰਿਆ ਦਿਗੰਵਰ ਵਿਚ ਹੀ ਨਹੀਂ ਸ਼ਵੇਤਾਂਵਰਾਂ ਵਿਚ ਵੀ ਆਦਰ ਨਾਲ ਸਤਿਕਾਰੇ ਜਾਂਦੇ ਹਨ। ਆਪਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚ ਅਨੇਕਾਂ ਗ੍ਰੰਥਾਂ ਦੇ ਲੇਖ ਲਿਖੇ ਸਨ। ਆਪ ਰਾਜੇ ਦੇ ਪੁੱਤਰ ਸਨ। ਆਪ ਦਾ ਪਹਿਲਾ ਨਾਂ ਸਾਂਤੀਵਰਮਨ ਸੀ

( ਅ

ਸ਼ਵੇਤਾਂਵਰ ਗ੍ਰੰਥਾਂ ਵਿਚ ਅਚਾਰਿਆ ਸ਼ਿਵ ਕੋਟੀ ਦਾ ਜਨਮ ਸਥਾਨ ਮਥਰਾ ਹੈ। ਆਪਦਾ ਪ੍ਰਚਾਰ ਖੇਤਰ ਸਾਰਾ ਰਾਜਸਥਾਨ, ਸਿੰਧ ਅਤੇ ਪੰਜਾਬ ਦਾ ਕੁੱਝ ਹਿੱਸਾ ਸੀ। ਵਿ: ਸੰ: 783 ਵਿੱਚ ਲਿਖੇ **ਆਦਿ ਪੁਰਾਣ** ਵਿਚ ਪੰਜਾਬ ਦੇ ਕੁੱਝ ਹਿਸਿਆਂ ਦਾ ਜਿਕਰ ਆਇਆ ਹੈ ਜੋ ਪਾਤੰਜਲੀ ਰਾਹੀ ਦੱਸੀ, ਭਾਰਤ ਦੀ ਭੂਗੋਲਿਕ ਸਥਿਤੀ ਨਾਲ ਮਿਲਦਾ ਹੈ।

## ਪੰਜਾਬ ਦੇ ਕੁੱਝ ਹਿੱਸੇ

(1) ਆਰਠ (ਅਟਕ ਦੇ ਕੋਲ ਦਰਿਆ ਸਿੰਧ ਦਾ ਇਲਾਕਾ) (2) ਉਨੀਕਰ (ਸ਼ੋਰ-ਕੋਟ ਜਿਲਾ ਝੰਗ, (3) ਕੰਬੋਜ (ਰਾਮਪੁਰ, ਰਾਜੋਰੀ), (4) ਕੁਰੂ (ਥਾਨੇਸਰ, ਹਿਸਾਰ ਤੇ ਮੇਰਠ ਜਿਲੇ), (5) ਕੇਕਯ (ਵਿਆਸ ਤੇ ਸਤਲੁਜ ਦੇ ਵਿੱਚਕਾਰਲਾ ਹਿਸਾ, ਜਿਸ ਵਿਚ ਸਾਹਪੁਰ ਗੁਜਰਾਤ ਤੇ ਜੇਹਲਮ ਜਿਲੇ ਆਉਂਦੇ ਹਨ। (6) ਗੰਧਾਰ (ਕਸ਼ਮੀਰ, ਪੰਜਾਬ ਦਾ ਕੁੱਝ ਹਿੱਸਾ, (7) ਭਦਰ—(ਰਾਵੀ, ਜੇਹਲਮ ਦੇ ਨਜਦੀਕ ਗੁਜਰਾਂਵਾਲੇ ਦਾ ਇਲਾਕਾ, (8) ਬਾਲਹਿਲ (ਵਿਆਸ ਅਤੇ ਸਤਲੁਜ ਵਿਚਕਾਰ, ਸਿੰਧ ਪਾਰ ਉੱਤਰ ਪਛਮ ਦਾ ਇਲਾਕਾ (9) ਸਿੰਧ (ਸਿੰਧ, ਰਾਜਸਥਾਨ ਅਤੇ ਵਰਤਮਾਨ ਪੰਜਾਬ ਦਾ ਕੁੱਝ ਭਾਗ, (10) ਸੌਵਿਰ (ਸਿੰਧ ਪਾਰ ਭੇਰਾ)

ਇਸ ਭੂਗੋਲਿਕ ਸਥਿਤੀ ਅਨੁਸਾਰ ਦਿਗੰਵਰ ਫਿਰਕਾ ਉਸ ਸਮੇਂ ਤੱਕ ਸਾਰੇ ਭਾਰਤ ਵਿੱਚ ਫੈਲ ਚੁੱਕਾ ਸੀ। ਪੰਜਾਬ ਇਕ ਪੁਰਾਤਨ ਜਾਤੀ ਦੇ ਅਗਰਵਾਲ ਨੇ ਵਿਕਰਮ ਸੰ: 77 ਨੂੰ ਲੋਹਿਤਾ ਅਚਾਰਿਆ ਤੋਂ ਅਗਰੋਹਾ ਜਾਂ ਆਗਰੇ ਵਿਖੇ ਜੈਨ ਧਰਮ ਗ੍ਰਹਿਣ ਕੀਤਾ। ਅੱਜ ਵੀ ਦਿਗੰਵਰ ਜੈਨਾਂ ਵਿਚ ਇਸ ਜਾਤੀ ਦੀ ਗਿਣਤੀ ਪ੍ਰਮੁੱਖ ਹੈ।

ਵਿ: ਸ: 9ਵੀਂ ਸਦੀ ਵਿਚ ਹੋਣ ਵਾਲੇ ਇਕ ਹੋਰ ਪ੍ਰਸਿਧ ਵਿਦਵਾਨ ਸਨ, ਪੁਸ਼ਪ-ਦੰਤ। ਜੋ ਅਪਭਰੰਸ ਭਾਸ਼ਾ ਦੇ ਮਹਾਨ ਲੇਖਕ ਤੇ ਕਵਿ ਸਨ। ਉਨ੍ਹਾ **ਜਸ਼ਹੁਰ ਚਰਿਉ** ਨਾਂ ਦੇ ਗ੍ਰੰਥਾਂ ਵਿਚ ਪੰਜਾਬ ਦੇ ਦਰਿਆਵਾਂ ਅਤੇ ਸ਼ਹਿਰਾਂ ਦਾ ਜਿਕਰ ਕੀਤਾ ਹੈ (ਵੇਖੋ ਜਸਹੁਰ ਚਰਿਉ ਦੀ ਭੂਮੀਕਾ ਭਾਰਤੀ ਗਿਆਨ ਪੀਠ ਦਿਲੀ)।

ਵਿ: ਸੰ: 10 ਸਦੀ ਵਿੱਚ ਗੁਣਧਰ ਕੀਰਤੀ ਨਾਂ ਦੇ ਅਚਾਰਿਆਂ ਰਾਹੀਂ ਹਿਸਾਰ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਮਿਲਦਾ ਹੈ।

ਵਿ. ਸੰ. 11 ਸਦੀ ਵਿਚ ਗੁਣਕਾਰ ਸੈਨ ਦੇ ਚੇਲੇ ਅਚਾਰਿਆ ਮਹ ਸੇਨ ਹੋਏ। ਆਪ ਸੰਸਕ੍ਰਿਤ ਦੇ ਮਹਾਨ ਲੇਖਕ ਸਨ ਆਪਨੇ **ਪਰਧੁਨ** ਚਾਰਿਤਰ ਦੀ ਰਚਨਾ ਕੀਤੀ।

ਸੰ: 1212 ਵਿਚ ਕਵਿ ਸ਼੍ਰੀਧਰ ਪੈਦਾ ਹੋਏ। ਆਪਦੇ ਪਿਤਾ ਬੁੱਧ ਗੋਲਹਾ ਅਤੇ ਮਾਤਾ ਵਿਲਹਾ ਦੇਵੀ ਸੀ। ਆਪਨੇ ਪੰਜਾਬ, ਸਿੰਧ ਤੋਂ ਛੁੱਟ ਨੇਪਾਲ, ਉਤਰਪ੍ਰਦੇਸ਼ ਧਰਮ ਪ੍ਰਚਾਰ ਕੀਤਾ ਆਪਦੇ ਦੋ ਅਣਛਪੇ ਗ੍ਰੰਥ ਮਿਲਦੇ ਹਨ।

ਜਦ ਸ਼ਵੇਤਾਂਵਰ ਫਿਰਕੇ ਵਿਚ ਯਤੀ ਪ੍ਰੰਪਰਾ ਚਾਲੂ ਹੋਈ, ਉਸੇ ਪ੍ਰੰਪਰਾ ਦਾ ਦੂਸਰਾ ਰੂਪ ਭਟਾਰੱਕ ਪ੍ਰੰਪਰਾ ਸੀ, ਇਸਦੀ ਉੱਤਪਤੀ ਸਥਾਨ ਦੱਖਣੀ ਭਾਰਤ ਸੀ। ਸੈਣਾ ਦੇ ਜ਼ੁਲਮਾਂ ਕਾਰਣ ਭਟਾਰਕ ਭੱਗਵੇ ਕਪੜੇ ਧਾਰਨ ਕਰਨ ਲਗ ਪਏ। ਬਾਕੀ ਉਪਕਰਨ ਇਹ ਦਿਗੰਵਰ ਸਾਧੂਆਂ ਵਾਲੇ ਰਖਦੇ ਸਨ। ਯੰਤਰ-ਮੰਤਰ, ਸਾਸਤਰ ਸੰਭਾਲ, ਨਵੇਂ ਮੰਦਰਾਂ ਦੀ ਉਸਾਰੀ, ਪੁਰਾਣੀਆਂ ਦੀ ਮੁਰੰਮਤ, ਲੋਕਾਂ ਵਿਚ ਧਰਮ ਪ੍ਰਚਾਰ, ਇਹ ਭਟਾਰਕਾਂ ਦੇ ਕੰਮ ਸਨ। ਕਈ ਭਟਾਰਕ ਤੇ ਲੋਕਾਂ ਦੀ ਲੜਾਈ ਝਗੜੀਆਂ ਦੇ ਫੈਸਲੇ ਅਹਿੰਸਕ ਢੰਗ ਨਾਲ ਕਰਾਉਂਦੇ ਸਨ। ਭਟਾਰਕ ਮੱਠ ਧਾਰੀ ਤਿਆਗੀ ਸਾਧੂ ਸਨ। ਪੰਜਾਬ ਵਿਚ ਭਟਾਰਕ ਦੀਆਂ ਗੱਦੀਆਂ ਮੁਸਲਮਾਨਾਂ ਦੇ ਰਾਜ ਸਮੇਂ ਕਾਇਮ ਹੋਈਆਂ। ਇਹ ਦੋ ਪ੍ਰਮੁੱਖ ਸਥਾਨ ਸਨ ਦਿੱਲੀ ਅਤੇ ਮੁਲਤਾਨ।

ਦਿਲੀ ਦੇ ਭਟਾਰਕਾਂ ਦਾ ਖੇਤਰ ਸਾਰਾ ਉੱਤਰ ਪੱਛਮੀ ਭਾਰਤ ਸੀ। ਮੁਲਤਾਨ ਦੀ ਗੱਦੀ ਬਿਲੋਚਸਤਾਨ ਦੇ ਖੇਤਰਾਂ ਤਕ ਧਰਮ ਪ੍ਰਚਾਰ ਕਰਦੀ ਸੀ। ਮੁਲਤਾਨ ਦੇ ਭਟਾਰਕਾਂ ਦਾ ਪੰਜਾਬ ਵਿਚ ਵੀ ਕਾਫੀ ਪ੍ਰਚਾਰ ਸੀ।

ਸੰ: 1296 ਤੋਂ 1310 ਤਕ ਭਟਾਰਕ ਪ੍ਰਭਾ ਚੰਦਰ ਦਿਲੀ ਗੱਦੀ ਤੇ ਬੈਠੇ। ਆਪ ਨੇ ਫਿਰੋਜਸ਼ਾਹ ਬਾਦਸ਼ਾਹ ਨੂੰ ਪ੍ਰਭਾਵਿਤ ਕੀਤਾ। ਆਪਨੇ ਹਰਿਆਨਾ, ਉੱਤਰ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਵਿੱਚ ਧਰਮ ਪ੍ਰਚਾਰ ਕੀਤਾ। ਆਪਦੇ ਚੇਲੇ ਪਦੱਮ ਨੰਦੀ ਮਹਾਨ ਧਰਮ ਪ੍ਰਚਾਰਕ ਸਨ। ਪਦਮ ਨੰਦੀ ਭਟਾਰਕ ਸਮੇਂ ਨਾਸੰਰਦੀਨ ਮੁਹਮਦ ਸ਼ਾਹ ਦਾ ਰਾਜ ਸੀ ਆਪ ਨੇ ਬਾਦਸ਼ਾਹ ਨੂੰ ਦਰਬਾਰ ਵਿਚ ਜਾ ਕੇ ਧਰਮ ਉਪਦੇਸ਼ ਦਿੱਤਾ।

ਮੁਹਮੱਦ ਤੁਗਲਕ ਦੇ ਸਮੇਂ ਪੰਜਾਬ, ਹਰਿਆਨਾ ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕਰਨ ਵਾਲੇ ਭਟਾਰਕ ਧਨਵਾਲ ਦਿਲੀ ਦੀ ਗੱਦੀ ਤੇ ਬੈਠੇ। ਆਪਦਾ ਜਨਮ ਪਲਹਣਪੁਰ ਵਿਖੇ ਮਾਤਾ ਮੁਹੜਾ ਦੇਵੀ, ਪਿਤਾ ਮੁਹੜ ਸਿੰਘ ਦੇ ਘਰ ਹੋਇਆ। ਇਹ ਉਹ ਸਮਾਂ ਹੈ ਜਦੋਂ ਮੁਸਲਮਾਨ ਬਾਦਸ਼ਾਹ ਮੂਰਤੀਆਂ ਤੇ ਮੰਦਰ ਤੋੜ ਰਹੇ ਸਨ। ਅਜੇਹੇ ਸਮੇਂ ਭਟਾਰਕ ਧਨਪਾਲ ਨੇ ਜੋਤਿਸ਼, ਯੋਗ, ਮੰਤਰ ਰਾਹੀਂ ਬਾਦਸ਼ਾਹ ਨੂੰ ਪ੍ਰਭਾਵਿਤ ਕਰਕੇ ਜੈਨ ਧਰਮ ਪ੍ਰਤਿ ਜਾਗਰਿਤ ਕੀਤਾ। ਬਾਦਸ਼ਾਹ ਵੀ ਅਕਬਰ ਬਾਦਸ਼ਾਹ ਦੀ ਤਰ੍ਹਾਂ ਧਰਮ ਚਰਚਾਵਾਂ ਕਰਵਾਉਣ ਲੱਗਾ। ਉਸਨੇ ਅੱਗੇ ਲਈ ਜੈਨ ਮੰਦਰ ਤੋੜਨੇ ਬੰਦ ਕਰਵਾ ਦਿਤੇ। ਬਾਦਸ਼ਾਹ ਦੀ ਆਗਿਆ ਨਾਲ ਆਪਨੇ ਦਿੱਲੀ, ਹਰਿਆਣਾ, ਆਗਰਾ ਤੇ ਮੇਰਠ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਕੀਤਾ। ਆਪ ਦੀ ਭਵਿਸ ਦਤ ਕਥਾ ਵਿਚ ਤਕਸ਼ੀਲਾ, ਹਸਤਨਾਪੁਰ ਦਾ ਵਰਨਣ ਹੈ।

ਵਿ: ਸੰ: 14-15 ਸਦੀ ਦਾ ਸਮਾਂ ਭਟਾਰਕ ਦਸ ਕੀਰਤੀ ਦਾ ਹੈ। ਆਪ ਸੰਸਕ੍ਰਿਤ

(ਸ

ਪ੍ਰਾਕ੍ਰਿਤ ਦੇ ਮਹਾਨ ਵਿਦਵਾਨ ਸਨ। ਆਪਦਾ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਸੀ। ਸੰ: 1507 ਵਿਚ ਭਟਾਰਕ ਸ਼੍ਰੀ ਜਿਨ ਚੰਦਰ ਦਿੱਲੀ ਵਿਖੇ ਪੈਦਾ ਹੋਏ।

ਭਟਾਰਕ ਸ਼੍ਰੀਧਰ ਪਹਿਲਾਂ ਦਾ ਜਨਮ ਦਿੱਲੀ ਵਿਖੇ ਬੁਧ ਗੋਲਹਾ ਅਤੇ ਮਾਤਾ ਵੀਲਹਾ ਦੇ ਘਰ ਹੋਇਆ ਸੀ। ਬਚਪਨ ਵਿੱਚ ਧਾਰਮਿਕ ਸੰਸਕਾਰਾਂ ਕਾਰਣ ਆਪ 9 ਸਾਲ ਦੀ ਉਮਰ ਵਿਚ ਭਟਾਰਕ ਬਣੇ। ਆਪਨੇ ਨਟੱਲ ਸਾਹ ਦੀ ਪ੍ਰੇਰਣਾ ਨਾਲ ਅਨੇਕਾਂ ਧਰਮ ਗ੍ਰੰਥਾਂ ਦੀ ਰਚਨਾ ਲੋਕ ਭਾਸ਼ਾ ਵਿਚ ਕੀਤੀ। ਆਪਦਾ ਪ੍ਰਚਾਰ ਖੇਤਰ ਹਰਿਆਣਾ, ਆਗਰਾ, ਦਿਲੀ ਮੇਰਠ, ਰਾਜਸਥਾਨ ਹੈ। ਆਪਦੇ ਅਨੇਕਾਂ ਗ੍ਰੰਥ ਭੰਡਾਰ ਵਿਚ ਮਿਲਦੇ ਹਨ। ਇਸੇ ਸਮੇਂ ਧਰਮ ਪ੍ਰਚਾਰ ਕਰਨ ਵਾਲੇ ਕਵਿ ਰਈਧੂ ਸਨ। ਆਪਦਾ ਜਨਮ ਗਵਾਲਿਅਰ ਵਿਖੇ ਹਰੀ ਸਿੰਘ ਅਤੇ ਮਾਤਾ ਸਵਿਤਰੀ ਦੇ ਘਰ ਹੋਇਆ। ਆਪਨੇ ਹਿਸਾਰ, ਰੋਹਤਕ, ਕੁਰੂਖੇਤਰ, ਪਾਨੀਪਤ, ਸੋਨੀਪਤ ਵਿਖੇ ਧਰਮ ਪ੍ਰਚਾਰ ਦੇ ਕੇਂਦਰ ਸਥਾਪਿਤ ਕੀਤੇ।

ਵਿ: ਸੰ: 1499 ਵਿਚ ਭਟਾਰਕ ਸ਼ਕਲਕੀਰਤੀ ਹੋਏ। ਆਪਦੇ ਗੁਰੂ ਦਾ ਨਾਂ ਰਤਨ ਕੀਰਤੀ ਸਨ, ਜੋ ਸੰ: 1375 ਨੂੰ ਦਿਲੀ ਦੀ ਗੱਦੀ ਤੇ ਬੈਠੇ ਸਨ। ਭਟਾਰਕ ਸਕਲਕੀਰਟੀ ਕਈ ਨਵੇਂ ਮੰਦਰ ਤੇ ਮੂਰਤੀਆਂ ਦੀ ਸਥਾਪਨਾ ਕੀਤੀ। ਆਪ ਰਾਹੀਂ ਕਈ ਸੰਸਕ੍ਰਿਤ ਭਾਸ਼ਾ ਵਿਚ ਰਚੇ ਗ੍ਰੰਥ ਮਿਲਦੇ ਹਨ। ਆਪ ਸੰ: 1499 ਵਿਚ ਈਡਰ ਵਿਖੇ ਗੱਦੀ ਤੇ ਬੈਠੇ। ਆਪਨੇ 6 ਹਿੰਦੀ ਗ੍ਰੰਥਾਂ ਦੀ ਰਚਨਾ ਵੀ ਕੀਤੀ। ਆਪਦੇ ਭਰਾ ਬ੍ਰਹਮ ਜਿਨਦਾਸ ਪ੍ਰਸਿਧ ਜੈਨ ਧਰਮ ਪ੍ਰਚਾਰਕ ਸਨ ਜਿਨ੍ਹਾਂ ਰਾਜਸਥਾਨੀ, ਗੁਜਰਾਤੀ ਅਤੇ ਹਿੰਦੀ ਭਾਸ਼ਾ ਵਿਚ ਕਈ ਗ੍ਰੰਥ ਲਿਖੇ। ਹਰਿਆਣਾ, ਦਿਲੀ ਅਤੇ ਮੇਰਠ ਦੇ ਇਲਾਕਿਆਂ ਵਿੱਚ ਆਪਨੇ ਧਰਮ ਪ੍ਰਚਾਰ ਕੀਤਾ।

ਸੰ: 1503 ਵਿੱਚ ਭਟਾਰਕ ਜਿਨ ਚੰਦਰ ਦਿੱਲੀ ਵਿਚ ਪੈਦਾ ਹੋਏ। ਆਪਨੇ 9 ਸਾਲ ਦੀ ਉਮਰ ਵਿਚ ਦੀਖਿਆ ਲਈ। ਆਪਨੇ ਰਾਜਸਥਾਨ, ਉਤਰਪ੍ਰਦੇਸ਼, ਪੰਜਾਬ ਅਤੇ ਦਿਲੀ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

ਸੰ: 1537—1597 ਵਿਚ ਪ੍ਰਸਿਧ ਜੈਨ ਕਵਿ ਬੂਢ ਰਾਜ ਨੇ ਅਨੇਕਾਂ ਜੈਨ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਦੀ ਰਚਨਾ ਦਾ ਸਥਾਨ ਹਿਸਾਰ, ਦਿਲੀ ਅਤੇ ਰਾਜਸਥਾਨ ਦੇ ਖੇਤਰ ਹਨ। ਕਵਿ ਮਣਿਕ ਰਾਜ ਦੇ ਗੁਰੂ ਪਦਮ ਨੰਦੀ ਸਨ। ਆਪਦਾ ਜਨਮ ਰੋਹਤਕ ਵਿਖੇ ਹੋਇਆ। ਆਪਨੇ ਅਪਭੰਰਸ ਭਾਸ਼ਾ ਵਿਚ 'ਅਮਰਸੈਣ ਚਰਿਉ" ਰਚਨਾ ਸੰ: 1576 ਚੇਤਸ਼ੁਦੀ ਸ਼ਨੀਵਾਰ ਨੂੰ ਸੋਨੀਪਤ ਵਿਖੇ ਕੀਤੀ, ਸੰ: 1587 ਨੂੰ ਆਪਦਾ ਸਵਰਗਵਾਸ ਦਿਲੀ ਵਿਖੇ ਹੋਇਆ।

ਬਾਦਸ਼ਾਹ ਸ਼ਾਹਜਹਾਂ ਦੇ ਸਮੇਂ ਕਵਿ ਸੁੰਦਰ ਦਾਸ ਨੇ ਹਰਿਆਣਾ, ਬਾਗੜ, ਦਿਲੀ

ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ। ਆਪਨੇ ਹਿੰਦੀ ਭਾਸ਼ਾ ਵਿੱਚ 4 ਗ੍ਰੰਥ ਲਿਖੇ। ਆਪਦਾ ਸਮਾਂ ਸੰ: 1675 ਸੀ।

ਸ਼ਾਹਜਹਾਂ ਅਤੇ ਜਹਾਂਗੀਰ ਦੋਹਾਂ ਦਾ ਇਕੱਠਾ ਰਾਜ ਵੇਖਣ ਵਾਲੇ ਭੈਯਾ ਭਗਵਤੀ ਦਾਸ ਦਾ ਜਨਮ ਅੰਬਾਲੇ ਦੇ ਕਰੀਬ ਬੂੜੀਆ ਵਿਖੇ ਹੋਇਆ। ਆਪਦੇ ਪਿਤਾ ਕ੍ਰਿਸ਼ਨਦਾਸ ਬੁਢਾਪੇ ਵਿਚ ਦਿਗੰਵਰ ਜੈਨ ਸਾਧੂ ਬਣ ਗਏ। ਜਨਮ ਜਾਤ ਸੰਸਕਾਰਾਂ ਕਾਰਣ ਆਪ ਦਿਲੀ ਆ ਗਏ। ਆਪਨੇ ਦਿੱਲੀ, ਆਗਰਾ, ਹਿਸਾਰ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ। ਆਪਦੇ ਗੁਰੂ ਮਹੇਂਦਰ ਸੇਨ ਸਨ ਆਪ ਗੁਰੂ ਦੇ ਸਵਰਗਵਾਸ ਤੇ ਦਿਲੀ ਦੀ ਭਟਾਰਕ ਗੱਦੀ ਤੇ ਬੈਠੇ। ਆਪਨੇ ਇਨ੍ਹਾਂ ਖੇਤਰਾਂ ਵਿਚ 25 ਹਿੰਦੀ ਗ੍ਰੰਥਾਂ ਦੀ ਰਚਨਾ ਕੀਤੀ।

ਸੰ: 17ਵੀਂ ਸਦੀ ਪਾਂਡੇ ਰੂਪ ਚੰਦ ਦਾ ਸਮਾਂ ਸੀ। ਆਪਦਾ ਜਨਮ ਕੂਰੁ ਦੇਸ਼ ਦੇ ਪਿੰਡ ਸਲੇਮਪੁਰ ਵਿਖੇ ਹੋਇਆ। ਸਵਰਗਵਾਸ ਸੰ. 1694 ਨੂੰ ਹੋਇਆ। ਆਪ ਪ੍ਰਸਿਧ ਜੈਨ ਕਵਿ ਬਨਾਰਸੀ ਦਾਸ ਨਾਲ ਸੰਬੰਧਿਤ ਸਨ। ਆਪਦਾ ਪ੍ਰਚਾਰ ਖੇਤਰ ਮੇਰਠ, ਹਰਿਆਨਾ ਤੇ ਦਿੱਲੀ ਸੀ। ਆਪਨੇ 7 ਹਿੰਦੀ ਗ੍ਰੰਥਾਂ ਦੀ ਰਚਨਾ ਕੀਤੀ।

ਪ੍ਰਸਿਧ ਜੈਨ ਕਵਿ ਬਨਾਰਸੀ ਦਾਸ, ਰਮਾਇਣ ਲੇਖਕ ਤੁਲਸੀ ਦਾਸ ਦੇ ਸਮਕਾਲੀ ਅਤੇ ਮਿਤਰ ਸਨ। ਆਪਦੇ **ਸਮੇਸਾਰ ਨਾਟਕ** ਦੀ ਮਾਨਤਾ ਜੈਨੀਆਂ ਵਿਚ ਰਮਾਇਣ ਦੀ ਤਰ੍ਹਾਂ ਹੈ। ਆਪਦਾ ਪਿਛੋਕੜ ਰੋਹਤਕ ਜਿਲੇ ਨਾਲ ਸੀ। ਆਪਦੇ ਬਜੁਰਗ ਕਾਰੋਬਾਰ ਕਾਰਣ ਆਗਰੇ ਵਿਖੇ ਆ ਗਏ। ਆਪਦੇ ਬਜੁਰਗ ਨਵਾਬ ਦੇ ਮੋਦੀ ਸਨ। ਸੰ: 1643 ਨੂੰ ਆਗਰੇ ਵਿਖੇ ਕਵਿ ਬਨਾਰਸੀ ਦਾਸ ਦਾ ਜਨਮ ਹੋਇਆ। ਆਪਦੇ ਦੋ ਵਿਆਹ ਹੋਏ 9 ਬੱਚੇ ਵੀ ਪੈਦਾ ਹੋਏ। ਸਾਰਾ ਪਰਿਵਾਰ ਮੌਤ ਦਾ ਸ਼ਿਕਾਰ ਹੋ ਗਿਆ। ਆਪਨੇ 50 ਗ੍ਰੰਥ ਹਿੰਦੀ ਜਗਤ ਨੂੰ ਦਿਤੇ। ਆਪਦਾ ਪ੍ਰਚਾਰ ਖੇਤਰ ਹਰਿਆਨਾ, ਦਿੱਲੀ ਅਤੇ ਉਤਰ-ਪ੍ਰਦੇਸ਼ ਸੀ। ਆਪਨੇ ਅਪਣੀ ਆਤਮ ਕਥਾ ਖੁੱਦ ਲਿਖੀ, ਜੋ ਕਿ ਸਭ ਤੋਂ ਪੁਰਾਤਨ ਆਤਮ ਕਥਾ ਮਨੀ ਜਾਂਦੀ ਹੈ। ਸੰ: 1705 ਤੋਂ 1728 ਤੱਕ ਦਾ ਸਮਾਂ ਜੈਨ ਕਵਿ ਮਨੋਹਰ ਦਾਸ ਦਾ ਹੈ, ਜਿਨ੍ਹਾਂ ਅਪਣੇ ਲਿਖੇ 6 ਹਿੰਦੀ ਗ੍ਰੰਥਾਂ ਰਾਹੀਂ ਜੈਨ ਦਰਸ਼ਨ ਦੀ ਜਾਨਕਾਰੀ ਕਰਾਈ।

ਆਪਦਾ ਪ੍ਰਚਾਰ ਖੇਤਰ ਹਰਿਆਣੇ ਦਾ ਹਿਸਾਰ ਜਿਲਾ ਅਤੇ ਆਗਰੇ ਦਾ ਖੇਤਰ ਰਿਹਾ ਹੈ। 1715 ਵਿਚ ਅਚਲ ਕੀਰਤੀ ਭਟਾਰਕ ਨੇ ਵੀ ਹਰਿਆਣਾ ਤੇ ਦਿੱਲੀ ਦੇ ਕੁੱਝ ਭਾਗਾਂ ਵਿਚ ਪ੍ਰਚਾਰ ਕੀਤਾ ਆਪਨੇ ਹਿੰਦੀ ਵਿਚ 6 ਗ੍ਰੰਥ ਲਿਖੇ।

ਸੰ: 1715 ਵਿਚ ਭੈਇਆ ਭਗਵਤੀ ਦਾਸ ਦਾ ਜਨਮ ਆਗਰੇ ਵਿਖੇ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਗੁਜਰਾਤੀ ਅਤੇ ਬੰਗਾਲੀ ਭਾਸ਼ਾ ਦੇ ਜਾਣਕਾਰ ਸਨ।

ਆਪਦਾ ਸਮਾਂ ਮੁਗਲ ਬਾਦਸ਼ਾਹ ਔਰੰਗਜੇਬ ਦਾ ਸਮਾਂ ਹੈ। ਆਪਨੇ ਹਿੰਦੀ ਭਾਸ਼ਾ ਵਿਰ 67 ਗ੍ਰੰਥਾਂ ਦੀ ਰਚਨਾ ਕੀਤੀ।

ਸੰ: 1733 ਵਿੱਚ ਪੂਜਾ ਅਤੇ ਭਜਨਾਂ ਦੇ ਲੇਖਕ ਧਾਨਤ ਰਾਏ ਹੋਏ। ਆਪਦੇ ਪਿਤਾ ਸਿਆਮਦਾਸ ਆਗਰੇ ਦੇ ਪ੍ਰਸਿਧ ਧਾਰਮਿਕ ਵਿਅਕਤੀ ਮਨੇ ਜਾਂਦੇ ਸਨ। ਆਪਨੇ ਬਚਪਨ ਵਿਚ ਧਾਰਮਿਕ ਸਿਖਿਆ ਤੋਂ ਛੁੱਟ ਉਰਦੂ ਫਾਰਸੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਹਿੰਦੀ ਭਾਸ਼ਾ ਵਿਰ ਆਪਨੇ 8 ਗ੍ਰੰਥ ਲਿਖੇ।

ਬਾਦਸ਼ਾਹ ਔਰੰਗਜ਼ੇਬ ਸਮੇਂ ਹਰਿਆਨੇ ਵਿਚ ਧਰਮ ਪ੍ਰਚਾਰ ਕਰਨ ਵਾਲੇ ਵਿਦਵਾਨ ਬਲਾਕੀ ਰਾਮ ਸਨ। ਆਪਦਾ ਸਮਾਂ 1737-1754 ਹੈ। ਆਪਨੇ 5 ਹਿੰਦੀ ਗ੍ਰੰਥਾਂ ਦੀ ਰਚਨਾ ਦਿਲੀ ਵਿਖੇ ਕੀਤੀ।

ਸੁਰਿੰਦਰ ਕੀਰਤੀ ਨਾ ਦੇ 4 ਭਟਾਰਕ ਮਿਲਦੇ ਹਨ। ਜਿਨ੍ਹਾਂ ਵਿਚੋਂ ਪਹਿਲੇ ਭਟਾਰਕ 1738 ਦੀ ਜੇਠ 11 ਨੂੰ ਦਿਲੀ ਵਾਲੀ ਗੱਦੀ ਤੇ ਬੈਠੇ। ਦੂਜੇ 2-3 ਵਾਰੇ ਕੁਝ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਚੌਥੇ ਭਟਾਰਕ ਸੰ: 1822 ਨੂੰ ਗਦੀ ਤੇ ਬੈਠੇ।

ਹੁਣ ਮੁਗਲ ਰਾਜ ਵਿਖਰ ਚੁੱਕਾ ਸੀ। ਅੰਗਰੇਜੀ ਕੰਪਨੀ ਦਾ ਰਾਜ ਫੈਲਣ ਲੱਗਾ। ਉਨ੍ਹਾਂ ਨੂੰ ਠੇਕੇਦਾਰੀ ਲਈ ਈਮਾਨਦਾਰ ਵਿਉਪਾਰੀ ਚਾਹੀਦੇ ਸਨ। ਸਿਟੇ ਵਜੋਂ ਉਸ ਸਮੇਂ ਹਰਿਆਨੇ ਤੱਕ ਸੀਮਤ ਦਿਗੰਵਰ ਜੈਨ ਪੰਜਾਬ ਦੇ ਬੜੇ ਸ਼ਹਿਰਾਂ ਵਿਚ ਫੈਲਣ ਲਗਾ। ਇਹ ਸ਼ਹਿਰ ਉਹੀ ਸਨ ਜਿਨ੍ਹਾਂ ਵਿਚ ਛਾਉਣੀਆਂ ਸਨ। ਇਨ੍ਹਾਂ ਲੋਕਾਂ ਨੇ ਵਿਉਪਾਰ ਦੇ ਨਾਲ-ਨਾਲ ਅਪਣਾ ਧਰਮ ਪ੍ਰਚਾਰ ਕਾਇਮ ਰਖਿਆ। ਨਵੇਂ ਮੰਦਰ ਬਣੇ। ਵਿਦਵਾਨ ਪੰਡਤਾਂ ਰਾਹੀਂ ਲੋਕਾਂ ਨੂੰ ਜੈਨ ਸਿਧਾਂਤ ਸਮਝਾਉਣ ਦਾ ਯੁਗ ਸ਼ੁਰੂ ਹੋਇਆ।

ਸੰ: 1857 ਦੀ ਅਜਾਦੀ ਦੀ ਲੜਾਈ ਤੋਂ ਬਾਅਦ ਕੁਝ ਨਵੇਂ ਫਿਰਕੇ ਪੈਦਾ ਹੋਏ। ਪੰਜਾਬ ਵਿਚ ਅੰਬਾਲਾ ਵਿਖੇ **ਜੈਨ ਸ਼ਾਸਤਰਾਰਥ** ਸਭਾ ਕਾਇਮ ਹੋਈ। ਇਨਾਂ ਕਈ ਸਥਾਨਾਂ ਤੋਂ ਆਰੀਆ ਸਮਾਜੀਆਂ ਨਾਲ ਧਰਮ ਚਰਚਾ ਕੀਤੀ। ਹੁਣ ਸਾਰੇ ਭਾਰਤ ਵਰਸ਼ ਵਿਚ ਦਿਗੰਵਰ ਫਿਰਕਾ ਫੈਲ ਚੁੱਕਾ ਹੈ। ਦਿਗੰਵਰ ਜੈਨ ਸਮਾਜ ਨੇ ਭਾਰਤ ਨੂੰ ਅਨੇਕਾਂ ਹੀ ਬਹੁਪਖੀ ਸ਼ਖਸਿਅਤਾਂ ਹਰ ਖੇਤਰ ਵਿੱਚ ਪ੍ਰਦਾਨ ਕੀਤੀਆਂ ਹਨ। ਜਿਨ੍ਹਾਂ ਵਿਚ ਕੁਝ ਦਾ ਵਰਨਣ ਆਧੁਨਿਕ ਯੁਗ ਵਿਚ ਦਿੱਤਾ ਜਾਵੇਗਾ।



# ਚਿਤ੍ਰਾਂ ਦੀ ਸੂਚੀ

(1) **ਕਲਿਆਣ** (ਗਿਲਾ ਪਟਿਆਲਾ)
- (i) **ਭਗਵਾਨ ਪਾਰਸ਼ ਨਾਥ**
- (ii) **ਭਗਵਾਨ ਰਿਸ਼ਵਦੇਵ** ਸਮਾਂ 8-9ਵੀਂ ਸਦੀ (ਟੂਕੜੇ)
- (iii) **ਭਗਵਾਨ ਰਿਸ਼ਵਦੇਵ** (ਸਿਰ ਰਹਿਤ) ਖਿਜਰਾਵਾਦ (ਰੋਪੜ)

(2) **ਭਗਵਾਨ ਮੰਹਾਵੀਰ** ਸਮਾ 8-9ਵੀਂ ਸਦੀ ਢੋਲਵਾਹਾ (ਹੋਸ਼ਿਆਰ ਪੁਰ)

(3) **ਚੋਮੁਖੀ ਤੀਰਥੰਕਰ ਮੂਰਤੀ** ਸਮਾ 7-8ਵੀਂ ਸਦੀ
(ਪੰਜਾਬ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

(4) **ਪੰਜੋਰ**
- (1) **ਭਗਵਾਨ ਰਿਸ਼ਵਦੇਵ**
- (2) **ਤੀਰਥੰਕਰ ਪੰਜੋਰ**

(ਕੁਰਖੇਤਰ ਯੂਨੀਵਰਸਟੀ ਦੇ ਇਤਿਹਾਸ ਵਿਭਾਗ ਤੋਂ ਧਨਵਾਦ ਸਹਿਤ ਪ੍ਰਾਪਤ)

(5) ਮਾਤਾ ਚਕਰੇਸ਼ਵਰੀ ਦੇਵੀ ਤੀਰਥ **ਪਿੰਡ ਅੱਤੇਵਾਲੀ** (ਸਰਹਿੰਦ)
**ਸ਼ਾਸਨ ਦੇਵੀ ਚਕਰੇਸ਼ਵਰੀ ਮਾਤਾ** ਸਮਾ 12-13ਵੀਂ ਸਦੀ
(ਸ੍ਰੀ ਭੋਜ ਰਾਜ ਜੈਨ ਪਟਿਆਲਾ ਤੋਂ ਧਨਵਾਦ ਸਹਿਤ ਪ੍ਰਾਪਤ)

(6) **ਬਠਿੰਡਾ**
**ਭਗਵਾਨ ਨੇਮੀ ਨਾਥ** ਸਮਾ 11-12ਵੀਂ ਸਦੀ ਸੰਗ ਮਰਮਰ

(7) **ਸੁਨਾਮ**
**ਭਗਵਾਨ ਪਾਰਸ਼ਨਾਥ ਜੀ** ਸਮਾ 9-10ਵੀਂ ਸਦੀ
(ਡੇਰਾ ਭਗਵੰਤ ਨਾਥ ਦੇ ਸਹਿਯੋਗ ਨਾਲ ਪ੍ਰਾਪਤ)

(8) **ਕੁਰੂਖੇਤਰ**
**ਤੀਰਥੰਕਰ ਸਿਰ** ਸਮਾਂ 9ਵੀਂ ਸਦੀ
(ਕੁਰੂਖੇਤਰ ਯੂਨੀਵਰਸਟੀ ਤੋਂ ਧਨਵਾਦ ਸਹਿਤ ਪ੍ਰਾਪਤ)

(9) **ਅੰਬਾਲਾ**
**ਸਮਾਧੀ ਪੂਜ ਸ਼੍ਰੀ ਲਾਲ ਚੰਦ ਜੀ ਮਹਾਰਾਜ**
**ਅਤੇ ਪੂਜ ਕਾਂਸ਼ੀ ਰਾਮ ਜੀ**

(10) **ਅਸਥਲਵੋਹਲ** (ਰੋਹਤਕ)

**ਭਗਵਾਨ ਪਾਰਸ਼ ਨਾਥ** ਸਮਾ 9-10ਵੀਂ ਸਦੀ (ਸ਼ਵੇਤਾਂਬਰ)

(11) **ਨਾਰਨੌਲ**

**ਤੀਰਥੰਕਰ ਚਾਮਰ ਯਤੀ** ਸਮਾ 10ਵੀਂ ਸਦੀ

(12) **ਜੀਂਦ**

**ਭਗਵਾਨ ਰਿਸ਼ਵ ਦੇਵ** ਸਮਾ 9ਵੀਂ ਸਦੀ

(ਹਰਿਆਣਾ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

(13) **ਮਾਲੇਰ ਕੋਟਲਾ**

**ਸਮਾਰਕ ਅਚਾਰੀਆ ਸ਼੍ਰੀ ਰਤੀ ਰਾਮ ਜੀ ਮਹਾਰਾਜ**

(14) **ਤੋਸ਼ਾਮ**

(1) **ਭਗਵਾਨ ਮੱਲੀ ਨਾਥ ਜੀ** ਸਮਾਂ 10ਵੀਂ ਸਦੀ

(2) **ਭਗਵਾਨ ਮੱਲੀ ਨਾਥ ਪੰਜਤੀਰਥੀ** 10ਵੀਂ ਸਦੀ

(15) **ਝੱਜਰ**

**ਸਿਰ ਤੀਰਥੰਕਰ** ਸਮਾ 10ਵੀਂ ਸਦੀ

(ਹਰਿਆਣਾ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

## ਕੁਝ ਹੋਰ ਚਿਤ੍ਰ

(16) (ੳ) ਸ਼ਾਹੀ ਹੁਕਮ-ਨਾਮਾ ਖਰਤਰਗੱਛ ਅਚਾਰੀਆ ਸ਼੍ਰੀ ਜਿਨ ਚੰਦਰ ਸੂਰੀ

(ਅ) ਫ਼ਰਮਾਨ ਸ਼ਾਹੀ ਤਪਾਗੱਛ ਅਚਾਰੀਆ ਸ਼੍ਰੀ ਹੀਰਾ ਵਿਜੈ ਸੂਰੀ

(17) (ੳ) ਕਾਂਗੜਾ ਦੇ ਕਿਲੇ ਵਿਚ ਸਥਾਪਿਤ ਭਗਵਾਨ ਰਿਸ਼ਵਦੇਵ

(ਅ) 22ਵੇਂ ਭਗਵਾਨ ਨੇਮੀ ਨਾਥ ਦੀ ਸ਼ਾਸਨ ਦੇਵੀ ਅੰਬਿਕਾ ਦੇਵੀ

(ੲ) ਵਿਗੱਪਤਿ ਤ੍ਰਿਵੇਣੀ ਗ੍ਰੰਥ ਦਾ ਪਹਿਲਾ ਤੇ ਆਖਰੀ ਪੰਨਾ

(18) ਸ਼ਾਹੀ ਫ਼ਰਮਾਨ ਤਪਾਗੱਛ ਅਚਾਰੀਆ ਸ਼੍ਰੀ ਹੀਰਾ ਵਿਜੈ ਸੂਰੀ

(ਕੁੱਝ ਹੋਰ ਹੁਕਮਨਾਮੇ ਮੁਗਲ ਬਾਦਸ਼ਾਹ ਸ਼ਾਹਜਹਾਂ ਅਤੇ ਜਹਾਂਗੀਰ ਨੇ ਜੈਨ ਅਚਾਰੀਆ ਨੂੰ ਦਿੱਤੇ ਸਨ ਜੋ ਕਿ ਮੱਧ ਏਸ਼ੀਆ ਵਿਚ ਜੈਨ ਧਰਮ ਲੇਖਕ ਪੰ: ਹੀਰਾ ਲਾਲ ਦੁੱਗੜ ਵਿਚ ਛਪ ਚੁੱਕੇ ਹਨ )



(ਚਿਤਰ ਨੰ: 1-i)

(1) ਭਗਵਾਨ ਪਾਰਸ਼ ਨਾਥ ਪਿੰਡ ਕਲਿਆਣ ਸਮਾ 8-9ਵੀਂ ਸਦੀ ਜ਼ਿਲਾ ਪਟਿਆਲਾ

(2) ਭਗਵਾਨ ਰਿਸ਼ਵਦੇਵ ਪਿੰਡ ਕਲਿਆਣ ਸਮਾ 8-9ਵੀਂ ਸਦੀ ਜ਼ਿਲਾ ਪਟਿਆਲਾ



(ਚਿਤਰ ਨੰ: 1-ii)

ਭਗਵਾਨ ਰਿਸ਼ਵਦੇਵ ਜੀ ਪਿੰਡ ਕਲਿਆਨ ਜ਼ਿਲਾ ਪਟਿਆਲਾ ਸ਼ਵੇਤਾਂਬਰ ਸਮਾ 8-9 ਸਦੀ
ਪੁਰਾਤੱਤਵ ਵਿਭਾਗ ਪੰਜਾਬ ਤੋਂ ਪ੍ਰਾਪਤ Pic-1



( ਚਿਤਰ ਨੰ: 2 )

ਭਗਵਾਨ ਮਹਾਵੀਰ ਖਿਜਰਾਬਾਦ ਸਮਾ 8-9ਵੀਂ ਸਦੀ

(ਪੰਜਾਬ ਸਰਕਾਰ ਮਿਊਜ਼ੀਅਮ ਪਟਿਆਲਾ ਤੋਂ ਪ੍ਰਾਪਤ)



(ਚਿਤਰ ਨੰ: 3)

ਚਹੁਮੁਖੀ ਤੀਰਥੰਕਰ ਮੂਰਤੀ;7-8ਵੀਂ ਸਦੀ ਢੋਲਵਾਹਾ ਜ਼ਿਲਾ ਹੋਸ਼ਿਆਰਪੁਰ

ਪੁਰਾਤੱਤਵ ਵਿਭਾਗ ਪੰਜਾਬ ਤੋਂ ਪ੍ਰਾਪਤ Pic.2



(ਚਿਤਰ ਨੰ: 4)
ਭਗਵਾਨ ਰਿਸ਼ਵ ਦੇਵ 9ਵੀਂ ਸਦੀ (ਪੰਜੌਰ)



(ਚਿਤਰ ਨੰ: 4)
ਤੀਰਥੰਕਰ ਪੰਜੌਰ 9ਵੀਂ ਸਦੀ
(ਕੁਰਖੇਤਰ ਯੂਨੀਵਰਸਟੀ ਮਿਊਜ਼ੀਅਮ ਤੋਂ ਧਨਵਾਦ ਸਹਿਤ)

Pic-3



(ਚਿਤਰ ਨੰ: 6)
ਭਗਵਾਨ ਨੇਮੀ ਨਾਥ
11-12ਵੀਂ ਸਦੀ
ਪੁਰਾਤਤਵ ਵਿਭਾਗ
ਪੰਜਾਬ ਤੋਂ ਪ੍ਰਾਪਤ



(ਚਿਤਰ ਨੰ: 5)
ਸ਼ਾਸਨ ਦੇਵੀ ਚਕਰੇਸ਼ਵਰੀ ਮਾਤਾ
ਪਿੰਡ ਅੱਤੇਵਾਲੀ (ਸਰਹਿੰਦ)

(ਸ੍ਰੀ ਭੋਜ ਰਾਜ ਜੈਨ ਪਟਿਆਲਾ
ਤੋਂ ਪ੍ਰਾਪਤ)

Pic-4



(ਚਿਤਰ ਨੰ: 7)
ਭਗਵਾਨ ਪਾਰਸ਼ਵ ਨਾਥ (ਡੇਰਾ ਭਗਵੰਤ ਨਾਥ) 9-10ਵੀਂ ਸਦੀ



(ਚਿਤਰ ਨੰ: 8)
ਸ਼੍ਰੀ ਤੀਰਥੰਕਰ-ਸਿਰ 9ਵੀਂ ਸਦੀ
(ਕੁਰੂਖੇਤਰ ਯੂਨੀਵਰਸਟੀ ਮਿਊਜ਼ੀਅਮ ਤੋਂ ਧਨਵਾਦ ਸਹਿਤ ਪ੍ਰਾਪਤ)

Pic-5



(ਚਿਤਰ ਨੰ: 9)
ਪੂਜ ਸ਼੍ਰੀ ਲਾਲ ਚੰਦ
ਜੀ ਮਹਾਰਾਜ ਦਾ
ਸਮਾਧਿ- ਸਥਲ
ਅੰਬਾਲਾ



(ਚਿਤਰ ਨੰ: 10)
ਭਗਵਾਨ ਪਾਰਸ਼ਵ ਨਾਥ ਸਮਾ 9-10 ਸਦੀ (ਅਸਥਲ ਵੋਹਲ) ਰੋਹਤਕ Pic-6



(ਚਿਤਰ ਨੰ: 11 ਕ)

ਤੀਰਥੰਕਰ ਚਾਮਰਯਤੀ ਨਾਰਨੌਲ 10ਵੀਂ ਸਦੀ

(ਹਰਿਆਣਾ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)



(ਚਿਤਰ ਨੰ: 11ਖ)

ਭਗਵਾਨ ਰਿਸ਼ਵ ਦੇਵ



(ਚਿਤਰ ਨੰ: 12)

ਭਗਵਾਨ ਰਿਸ਼ਭਦੇਵ (ਜੀਂਦ) 9ਵੀਂ ਸਦੀ

ਹਰਿਆਣਾ ਪੁਰਾਤੱਤਵ ਤੋਂ ਧੰਨਵਾਦ ਸਹਿਤ ਪ੍ਰਾਪਤ

Pic-7



(ਚਿਤਰ ਨੰ: 14-i)
ਭਗਵਾਨ ਮੱਲੀਨਾਥ (ਤੋਸ਼ਾਮ)10ਵੀਂ ਸਦੀ



(ਚਿਤਰ ਨੰ: 15)
ਤੀਰਥੰਕਰ ਸਿਰ (ਝੱਜਰ) ਅਨੁਮਾਨਤ 10ਵੀਂ ਸਦੀ



(ਚਿਤਰ ਨੰ: 14-ii)
ਭਗਵਾਨ ਮੱਲੀ ਨਾਥ
(ਹਰਿਆਣਾ ਪੁਰਾਤੱਤਵ ਵਿਭਾਗ ਤੋਂ ਪ੍ਰਾਪਤ) Pic-8



ਅਕਬਰ ਰਾਹੀਂ ਖਰਤਰ ਗੱਛ ਅਚਾਰੀਆ
ਸ਼੍ਰੀ ਜਿਨ ਚੰਦਰ ਸੂਰੀ ਨੂੰ ਦਿੱਤਾ ਫ਼ਰਮਾਨੇ-ਸ਼ਾਹੀ



ਤਪਾਗੱਛ ਅਚਾਰੀਆ ਸ਼੍ਰੀ ਹੀਰਾ ਵਿਜੈ
ਸੂਰੀ ਨੂੰ ਜੈਨ ਤੀਰਥਾਂ ਤੇ ਹਿੰਸਾ ਬੰਦ
ਕਰਵਾਉਣ ਸੰਬੰਧੀ ਫ਼ਰਮਾਨ ਸ਼ਾਹੀ

Pic-9

ਵਿਗੱਪਤੀ ਤ੍ਰਿਵੇਣੀ ਵਾਲੀ ਥਾਂ ਤੇ ਸਥਾਪਿਤ



ਕਾਂਗੜਾ ਦੇ ਕਿਲੇ ਵਿਚ ਭਗਵਾਨ ਰਿਸ਼ਵ ਦੇਵ ਦੀ
ਸੰ: 1466 ਦੀ ਮੂਰਤੀ



ਕਾਂਗੜੇ ਦੇ ਕਿਲ੍ਹੇ ਵਿਚ
22ਵੇਂ ਤੀਰਥੰਕਰ ਭਗਵਾਨ ਨੇਮੀ ਨਾਥ ਦੀ
ਸ਼ਾਸਨ ਦੇਵੀ ਅੰਬਿਕਾ ਦੇਵੀ Pic-10



ਵਿਗੱਪਤਿ ਤ੍ਰਿਵੇਣੀ ਗ੍ਰੰਥ ਦਾ ਪਹਿਲਾ ਤੇ ਆਖਰੀ ਪੰਨਾ

Pic-11



ਤਪਾਗੱਛ ਅਚਾਰੀਆ ਸ੍ਰੀ ਹੀਰਾ ਵਿਜੈ ਸੂਰੀ ਨੂੰ ਜੈਨ ਤੀਰਥਾਂ
ਤੇ ਹਿੰਸਾ ਬੰਦ ਕਰਵਾਉਣ ਸੰਬੰਧੀ ਫ਼ਰਮਾਨ ਸ਼ਾਹੀ
ਪ੍ਰਾਪਤ ਕਲਿਆਣ ਜ਼ੀ ਆਨੰਦ ਜੀ ਪੇੜ੍ਹੀ

Pic-12



ਸ਼੍ਰੀ ਰਤੀ ਰਾਮ ਜੀ ਮਹਾਰਾਜ ਦਾ ਸਮਾਧਿ-ਸਥਲ, ਮਾਲੇਰਕੋਟਲਾ

Pic-13



Pic-14

# 24ਵੇਂ ਤੀਰਥੰਕਰ



## ਵਰਧਮਾਨ ਭਗਵਾਨ ਮਹਾਵੀਰ

( 599-527 ਈ: ਪੂਰਵ )

# ਪੁਰਾਤਨ ਪੰਜਾਬ ਵਿਚ ਜੈਨ ਧਰਮ

ਅਤੇ

# ਭਗਵਾਨ ਮਹਾਵੀਰ ਪੁਸਤਕ ਦੀ ਪ੍ਰੇਰਿਕਾ



ਜੈਨ ਸਾਧਵੀ ਰਤਨ

## ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ

ਨੂੰ ਸਾਦਰ ਸਮਰਪਿਤ

ਅਰ੍ਹੰ

## ਪੁਰਾਤਨ ਪੰਜਾਬ ਵਿਚ

# ਜੈਨ ਧਰਮ



ਪ੍ਰੇਰਿਕਾ :

ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ

**ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ**

ਲੇਖਕ :

ਰਵਿੰਦਰ ਕੁਮਾਰ ਜੈਨ   ਪੁਰਸ਼ੋਤਮ ਜੈਨ

ਪ੍ਰਕਾਸ਼ਕ :

**ਪੱਚੀਸਵੀਂ ਮਹਾਵੀਰ ਨਿਰਵਾਨ ਸ਼ਤਾਵਦੀ**

ਸੰਯੋਜਿਕਾ ਸਮਿਤੀ, ਪੰਜਾਬ

ਵਿਮਲ ਕੋਲ ਡਿਪੂ, ਮਹਾਵੀਰ ਸਟਰੀਟ ਮਾਲੇਰ ਕੋਟਲਾ (ਸੰਗਰੂਰ)

# ਸਮੱਰਪਨ

ਭਗਵਾਨ ਮਹਾਵੀਰ ਦੀ ਸਾਧਵੀ ਪ੍ਰੰਪਰਾ ਦਾ ਆਦਰਸ਼ 25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਕਮੇਟੀ ਪੰਜਾਬ ਜੈਨ ਏਕਤਾ ਦੀ ਪ੍ਰਤੀਕ, ਇੰਟਰਨੇਸ਼ਨਲ ਪਾਰਵਤੀ ਜੈਨ ਐਵਾਰਡ ਅਤੇ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਿਕਾ ਪ੍ਰਸਿਧ ਇਤਿਹਾਸਕਾਰ, ਪੰਜਾਬੀ ਸਾਧਵੀ ਪ੍ਰੰਪਰਾ ਸ਼੍ਰੀ ਪਾਰਵਤੀ ਜੀ ਮਹਾਰਾਜ ਦੀ ਸ਼ਿਸ਼ ਪਰੰਪਰਾ ਨੂੰ ਅੱਗੇ ਤੋਰਨ ਵਾਲੀ, ਸ਼ਾਧਵੀ ਸ਼੍ਰੀ ਰਾਜਮਤੀ ਜੀ ਮਹਾਰਾਜ ਤੋਂ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਕੇ, ਲੇਖਕਾਂ ਦੀ ਜੀਵਨ ਨਿਰਮਾਤਾ ਗੁਰੁਣੀ, ਗਰੀਬਾਂ, ਮਜਲੂਮਾ, ਯਤੀਮਾਂ ਅਤੇ ਵਿਧਵਾਂ ਦੀ ਸਹਾਇਕ, ਸਮਾਜਿਕ ਬੁਰਾਇਆਂ ਪ੍ਰਤਿ ਜਾਗਰੂਕ, ਅਨੇਕਾਂ ਸੰਸਥਾਵਾਂ ਦੀ ਸੰਸਥਾਪਕ, ਅਨੇਕਾਂ ਭਾਸ਼ਾਵਾਂ ਦੀ ਵਿਦਵਾਨ, ਕਵਿ, ਲੇਖਿਕਾ ਸਾਧਵੀ ਰਤਨ ਜਿਨ ਸ਼ਾਸਨ ਪ੍ਰਭਾਵਿਕਾ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਸਮਰਪਣ : ਸੇਵਕ

—ਰਵਿੰਦਰ ਜੈਨ, ਪੁਰਸ਼ੋਤਮ ਜੈਨ

